


ਇਲਾਹੀ ਨਦਰ
ਦੇ ਪੈਂਡੇ
ਹਰਿੰਦਰ ਸਿੰਘ ਮਹਿਬੂਬ

ਗੁਰੂ ਨਾਨਕ-ਜੋਤਿ ਨੇ ਭੁੱਲੀ ਭਟਕੀ ਲੋਕਾਈ ਨੂੰ 'ਮਾਰਗ' ਦੀ ਸੋਝੀ ਬਖ਼ਸ਼ੀ ਤੇ 'ਜੀਅ-ਦਾਨ' ਦਿੱਤਾ। ਡੂੰਘੇ ਹਨੇਰਿਆਂ ਵਿਚ ਗ੍ਰਸਤ ਸੰਸਾਰ ਨੂੰ ਗੁਰੂ ਨਾਨਕ-ਜੋਤਿ ਦੁਆਰਾ ਪ੍ਰਕਾਸ਼ਮਾਨ ਕਰਨਾ ਵਿਸ਼ਵ ਦਾ ਇਕ ਚਮਤਕਾਰੀ ਇਤਿਹਾਸ ਹੈ। ਮਹਾਂ-ਕਾਵਿਕ ਪਾਸਾਰਾਂ ਵਾਲੇ ਇਸ ਇਤਿਹਾਸ ਨੂੰ ਕਵੀ ਨੇ 4 ਜਿਲਦਾਂ ਵਾਲੇ ਮਹਾਂ-ਕਾਵਿ ਵਿਚ ਉਲੀਕਣ ਦਾ ਸੰਕਲਪ ਕੀਤਾ ਹੈ ਤੇ ਇਹ ਪਹਿਲੀ ਜਿਲਦ ਆਦਿ ਜੋਤਿ ਗੁਰੂ ਨਾਨਕ ਸਾਹਿਬ ਦੇ ਜੀਵਨ-ਇਤਿਹਾਸ ਨਾਲ ਸੰਬੰਧਿਤ ਹੈ।

ਇਸ ਮਹਾਂ-ਕਾਵਿ ਵਿਚ ਕਵੀ ਬਾਦਸ਼ਾਹਾਂ, ਜੁਗ-ਗਰਦੀਆਂ ਦੇ ਭਖਦੇ ਅਤੇ ਨੀਮ ਰੂਪਾਂ, ਜਨ ਸਮੂਹ-ਚੇਤਨਾ, ਅਧਿਆਤਮਕ/ਕਲਾਮਈ ਮਨਾਂ ਦੀ ਬਾਹਰਲੀ ਦੁਨੀਆਂ ਨਾਲ ਸਾਂਝ ਅਤੇ ਵੰਨ-ਸਵੰਨੇ ਕਠੋਰ ਦ੍ਰਿਸ਼ਾਂ ਦਰਮਿਆਨ ਗੁਰ-ਇਤਿਹਾਸ ਦੀ ਬਿਲਕੁਲ ਸਹੀ ਯਥਾਰਥਕ ਨੁਹਾਰ ਨੂੰ ਏਨੀ ਸ਼ਿੱਦਤ ਨਾਲ ਉਜਾਗਰ ਕਰਦਾ ਹੈ ਕਿ ਸੂਹਜਮਈ ਸੰਕੇਤਾਂ ਰਾਹੀਂ ਗੁਰ-ਇਤਿਹਾਸ ਦੀਆਂ ਮਹੀਨ ਰਮਜ਼ਾਂ ਅਤੇ ਉਹਨਾਂ ਦੀਆਂ ਨਿਆਰੀਆਂ ਸ਼ਕਤੀਆਂ ਵੀ ਦ੍ਰਿਸ਼ਟਮਾਨ ਹੋ ਜਾਂਦੀਆਂ ਹਨ। ਕਵੀ ਏਨਾ ਸੰਵੇਦਨਸ਼ੀਲ ਹੈ ਕਿ ਉਹ 'ਬਾਬਰਵਾਣੀ' ਦੀ ਕੁਰਲਾਹਟ ਨੂੰ 1258 ਈ: ਵਿਚ ਹਲਾਕੂ ਦੇ ਬਗ਼ਦਾਦ ਦੇ ਮਾਸੂਮਾਂ ਉਪਰ ਢਾਹੇ ਕਹਿਰ ਵਿਚੋਂ ਵੀ ਸੁਣ ਸਕਦਾ ਹੈ ਤੇ ਇਹ ਮਹਾਂ-ਕਾਵਿ ਏਸੇ ਇਤਿਹਾਸਕ ਪ੍ਰਸੰਗ ਦੁਆਰਾ ਆਰੰਭ ਕਰਦਾ ਹੈ।

ਕਵੀ ਦੇ ਕਾਵਿ-ਪ੍ਰਵਾਹ ਦਾ ਵੇਗ ਬਹੁਤ ਤਿੱਖਾ ਹੈ ਤੇ ਉਸਦਾ ਅਨੁਭਵ ਤੇ ਗਿਆਨ ਬਹੁਤ ਵਿਸ਼ਾਲ ਹੈ। ਵਿਸ਼ਵ ਦੇ ਇਤਿਹਾਸਕ ਤੇ ਦਾਰਸ਼ਨਿਕ ਚਿਤਰਪਟ 'ਤੇ ਉਕਰੇ ਅਨੇਕਾਂ ਪ੍ਰਸੰਗਾਂ ਦਾ ਜ਼ਿਕਰ ਉਹ ਸਹਿਜ-ਭਾਵ ਨਾਲ ਕਰਦਾ ਹੈ ਤੇ ਇਹ ਉਸਦੇ ਬ੍ਰਿਤਾਂਤ ਨੂੰ ਸ਼ਕਤੀ ਦਿੰਦੇ ਹਨ। ਕਵੀ ਦੀ ਪ੍ਰਵਾਜ਼ ਏਨੀ ਉਚੇਰੀ ਹੈ ਕਿ ਖੰਡਾਂ-ਬ੍ਰਹਿਮੰਡਾਂ ਦਾ ਅਮਰ-ਸੱਚ ਉਸਦੇ ਕਾਵਿ-ਉਚਾਰ ਨਾਲ ਇਕ-ਮਿਕ ਹੋਇਆ ਮਿਲਦਾ ਹੈ।

ਮਹਾਂ-ਨਾਇਕ ਗੁਰੂ ਨਾਨਕ ਸਾਹਿਬ ਬਾਰੇ ਲਿਖੇ ਅੱਜ ਤੱਕ ਦੇ ਮਹਾਂ-ਕਾਵਾਂ ਨਾਲੋਂ ਇਸ ਦੀ ਵਿਲੱਖਣਤਾ ਇਹੀ ਹੈ ਕਿ ਕਵੀ ਆਪਣੇ ਮਹਾਂ-ਨਾਇਕ ਨੂੰ ਬ੍ਰਹਿਮੰਡੀ ਪਸਾਰੇ ਦੀ ਵਿਸ਼ਾਲ ਕੈਨਵਸ 'ਤੇ ਵਿਲੱਖਣ ਅੰਦਾਜ਼ ਨਾਲ ਚਿਤਰਦਾ ਹੈ। ਵਿਸ਼ਾਲ ਤੇ ਗਹਿਰੇ ਅਨੁਭਵ 'ਤੇ ਆਧਾਰਿਤ ਇਸ ਰਚਨਾ ਦੀ ਸਿਰਜਣਾਤਮਕਤਾ ਇੰਨੀ ਸ਼ਕਤੀਸ਼ਾਲੀ ਹੈ ਕਿ ਇਹ ਨਵੇਂ ਸਹਸਰੇ (millennium) ਦੀ ਇਕ ਕਲਾਸੀਕਲ ਰਚਨਾ ਬਣਨ ਦੀ ਸਮਰੱਥਾ ਰੱਖਦੀ ਹੈ।




ਹਰਿੰਦਰ ਸਿੰਘ ਮਹਿਬੂਬ (ਜਨਮ 1-10-1937) ਨੇ ਨਨਕਾਣਾ ਸਾਹਿਬ ਤੋਂ ਸਿਰਫ਼ 10 ਮੀਲ ਦੂਰ ਪਿੰਡ 233 ਚੱਕ ਜ਼ਿਲ੍ਹਾ ਲਾਇਲਪੁਰ ਵਿਖੇ ਪਹਿਲਾ ਸਾਹ ਲਿਆ। ਗੁਰੂ ਨਾਨਕ ਸਾਹਿਬ ਦੀ ਛੁਹ ਨਾਲ ਪਾਵਨ ਹੋਇਆ ਹਰ ਦ੍ਰਿਸ਼,ਉਸ ਧਰਤੀ ਦੇ ਬ੍ਰਿਛ-ਬੂਟੇ ਤੇ ਨਨਕਾਣਾ ਸਾਹਿਬ ਦਾ ਹਰ ਗੋਸ਼ਾ ਉਸਦੇ ਸਾਹਾਂ ਨਾਲ ਘੁਲ ਕੇ ਉਸਦੀ ਕਾਇਆਂ ਨਾਲ ਓਤ-ਪੋਤ ਹੁੰਦਾ ਰਿਹਾ ਤੇ ਉਸਦੀ ਰੂਹ ਨੂੰ ਹੁਲਾਰਾ ਦਿੰਦਾ ਰਿਹਾ। ਏਸੇ ਕਰਕੇ ਉਸਦੀ ਰੂਹ ਸਦੀਵੀ ਤੌਰ ਤੇ ਉਸ ਪਾਵਨ ਮਿੱਟੀ ਨਾਲ ਜੁੜੀ ਹੋਈ ਹੈ।


ਐਮ.ਏ. (ਪੰਜਾਬੀ, ਅੰਗਰੇਜ਼ੀ) ਕਰਨ ਤੋਂ ਇਲਾਵਾ ਉਸਨੇ ਪੂਰਬ ਅਤੇ ਪੱਛਮ ਦੇ ਫ਼ਲਸਫ਼ੇ, ਸਾਹਿਤ ਅਤੇ ਕਈ ਹੋਰ ਇਲਮਾਂ ਦਾ ਗੰਭੀਰ ਅਧਿਐਨ ਕੀਤਾ। ਨਵੰਬਰ 1968 ਤੋਂ 30 ਸਤੰਬਰ 1997 ਤੱਕ ਉਹ ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਅੰਗਰੇਜ਼ੀ ਪੜ੍ਹਾਉਂਦਾ ਰਿਹਾ ਹੈ।

ਸਹਿਜੇ ਰਚਿਓ ਖ਼ਾਲਸਾ ਵਿਚ ਉਸਨੇ ਸਿੱਖ ਗੁਰੂ ਸਾਹਿਬਾਨ ਦੇ ਮਿਸ਼ਨ ਦੇ ਇਤਿਹਾਸਕ ਤੇ ਦਾਰਸ਼ਨਿਕ ਪੱਖ ਨੂੰ ਵਿਲੱਖਣ ਤੇ ਮੌਲਿਕ ਅੰਦਾਜ਼ ਵਿਚ ਪੇਸ਼ ਕਰ ਕੇ ਸਿੱਖ ਚਿੰਤਨ ਨੂੰ ਤਾਜ਼ਗੀ ਪ੍ਰਦਾਨ ਕੀਤੀ। 7 ਕਾਵਿ-ਪੁਸਤਕਾਂ ਦੇ ਸੰਗ੍ਰਹਿ *ਝਨਾਂ ਦੀ ਰਾਤ* ਉਪਰ 1991 ਵਿਚ ਉਸਨੂੰ ਸਾਹਿਤ ਅਕਾਦਮੀ ਦਾ ਐਵਾਰਡ ਵੀ ਮਿਲਿਆ। ਫਿਰ ਉਸਨੂੰ ਪੁਲੀਸ ਦੀਆਂ ਤੰਗੀਆਂ ਵੀ ਜਰਨੀਆਂ ਪਈਆਂ, ਪਰੰਤੂ ਸੱਚ ਨਾਲ ਖੜੋਣ ਦੇ ਉਸਦੇ ਦ੍ਰਿੜ੍ਹ ਸੰਕਲਪ ਦੀ ਲਾਜ ਪਾਲੀ ਗਈ ਤੇ ਉਹ ਅਗਨੀ ਪ੍ਰੀਖਿਆ 'ਚੋਂ ਸਾਬਤ ਕਦਮੀਂ ਪਾਸ ਹੋਇਆ।

ਉਸਦਾ ਗਿਆਨ ਤੇ ਅਨੁਭਵ ਕਾਬਲੇ-ਰਸ਼ਕ ਹਨ। ਉਸਦੀ ਰੂਹ ਉੱਚੇ ਨਛੱਤਰੀਂ ਵਸਦੀ ਕਵਿਤਾ ਦੀ ਸੁੰਦਰਤਾਈ ਨਾਲ ਕਰਿੰਗੜੀਆਂ ਪਾਈ ਰੱਖਦੀ ਹੈ। ਦਰਵੇਸ਼ੀ ਸੁਭਾਅ ਵਾਲੇ 'ਮਹਿਬੂਬ' ਕਵੀ ਦੀ ਉਡਾਰੀ ਖੰਡਾਂ-ਬ੍ਰਹਿਮੰਡਾਂ ਵਿਚ ਵਿਆਪ ਰਹੇ ਅਮਰ ਸੱਚ ਨੂੰ ਸ਼ਬਦਾਂ ਰਾਹੀਂ ਸਾਕਾਰ ਕਰਨ ਦਾ ਕ੍ਰਿਸ਼ਮਾ ਕਰ ਵਿਖਾਉਂਦੀ ਹੈ। *ਇਲਾਹੀ ਨਦਰ ਦੇ ਪੈਂਡੇ* ਦੀਆਂ ਚਾਰ ਜਿਲਦਾਂ ਪੂਰੀਆਂ ਕਰਨਾ ਉਸਦੇ ਜੀਵਨ ਦਾ ਮਿਸ਼ਨ ਹੈ ਤੇ ਉਸਦਾ ਹਰ ਸਾਹ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸਮਰਪਿਤ ਹੈ।

ਤਤਕਰਾ


ਇਲਾਹੀ ਨਦਰ
ਦੇ ਪੈਂਡੇ
ਹਰਿੰਦਰ ਸਿੰਘ ਮਹਿਬੂਬ


ਇਲਾਹੀ ਨਦਰ
ਦੇ ਪੈਂਡੇ
ਹਰਿੰਦਰ ਸਿੰਘ ਮਹਿਬੂਬ

ILAHI NADAR DE PAINDE Vol. I

[An Epic on Guru Nanak Sahib]

by

HARINDER SINGH MEHBOOB

ISBN 81-7205-233-2

ਪਹਿਲੀ ਵਾਰ ਅਗਸਤ 1999

ਮੁੱਲ : 325-00

ਪ੍ਰਕਾਸ਼ਕ :

ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਪ੍ਰਿੰਟਰ :

ਪ੍ਰਿੰਟਵੈੱਲ, 146, ਇੰਡ. ਫੋਕਲ ਪੁਆਇੰਟ, ਅੰਮ੍ਰਿਤਸਰ

ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥
ਸਭੈ ਉਡਾਨੀ ਭ੍ਰਮ ਕੀ ਟਾਟੀ
ਰਹੈ ਨ ਮਾਇਆ ਬਾਂਧੀ ॥੧॥ਰਹਾਉ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ
ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ
ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ
ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ
ਉਦੈ ਭਾਨੁ ਜਬ ਚੀਨਾ ॥੨॥੪੩॥

(ਗਉੜੀ ਕਬੀਰ ਜੀ, ਪੰਨਾ ੩੩੧-੩੨)

ਸਮਰਪਣ


ਖ਼ਾਲਸਾ ਪੰਥ ਦੇ ਤਿੰਨ ਸੌ ਸਾਲਾ
ਪ੍ਰਕਾਸ਼ ਦਿਵਸ ਉੱਤੇ
ਸਰਬੱਤ ਦਾ ਭਲਾ ਮੰਗਣ ਵਾਲੀ
ਬੀਬੀ ਕਰਮਜੀਤ ਕੌਰ
(ਸੁਪਤਨੀ ਸ: ਰਛਪਾਲ ਸਿੰਘ ਗਿੱਲ)
ਨੂੰ
ਇਲਾਹੀ ਨਦਰ ਦੇ ਪੈਂਡੇ
ਦੀ
ਪਹਿਲੀ ਜਿਲਦ
ਸਮਰਪਿਤ ਕਰਦਾ ਹਾਂ।

• ਧੰਨਵਾਦ ਹੈ :

ਕਹਿਣੀ ਅਤੇ ਕਰਨੀ ਦੇ ਪੂਰੇ ਪੰਜਾਬ ਦੇ ਵਿੱਦਵਾਨਾਂ: ਸ: ਜਗਜੀਤ ਸਿੰਘ (*ਸਿੱਖ ਇਨਕਲਾਬ*), ਸ: ਗੁਰਤੇਜ ਸਿੰਘ IAS, ਡਾ. ਗੁਰਭਗਤ ਸਿੰਘ, ਪ੍ਰੋ. ਹਰਦਿਲਜੀਤ ਸਿੰਘ ਲਾਲੀ, ਡਾ. ਗੁਰਤਰਨ ਸਿੰਘ, ਸ: ਹਰਿੰਦਰ ਸਿੰਘ ਖ਼ਾਲਸਾ (ਨਾਰਵੇ), ਡਾ. ਕੇਸਰ ਸਿੰਘ ਕੇਸਰ, ਜਨਰਲ ਨਰਿੰਦਰ ਸਿੰਘ ਜੀ ਅਤੇ ਡਾ. ਗੁਰਮੁਖ ਸਿੰਘ (ਭਾਸ਼ਾ ਵਿਭਾਗ) ਦਾ, ਜਿਹਨਾਂ ਦੀ ਮੁਹੱਬਤ ਅਤੇ ਪ੍ਰੇਰਣਾ ਨੇ ਮੇਰੇ ਕਾਵਿ ਆਵੇਸ਼ ਨੂੰ ਸਦਾ ਹੀ ਪ੍ਰਕਾਸ਼ਮਈ ਰਾਹ ਵੱਲ ਤੋਰਿਆ।

• ਧੰਨਵਾਦ ਹੈ :

ਸ: ਬੀਰਦੇਵਿੰਦਰ ਸਿੰਘ (ਪੰਜਾਬ ਕਾਂਗਰਸ) ਅਤੇ ਪ੍ਰੋ. ਸਰੂਪ ਸਿੰਘ (ਚੰਡੀਗੜ੍ਹ) ਦਾ, ਜਿਹਨਾਂ ਪੰਜਾਬ ਪੁਲੀਸ ਦੇ ਜਬਰ ਦੀ ਚੜ੍ਹਤਲ ਸਮੇਂ ਭੀੜ ਪੈਣ ਉੱਤੇ ਕਵੀ ਦੀ ਮਦਦ ਕੀਤੀ।


ਇਲਾਹੀ ਨਦਰ
ਦੇ ਪੈਂਡੇ
ਹਰਿੰਦਰ ਸਿੰਘ ਮਹਿਬੂਬ

ਕਵੀ ਅਤੇ ਇਤਿਹਾਸ

- 1 -

ਮਹਾਂ ਕਾਵਿ *ਇਲਾਹੀ ਨਦਰ ਦੇ ਪੈਂਡੇ* ਦੀ ਇਹ ਪਹਿਲੀ ਜਿਲਦ ਅਤੇ ਇਸ ਤੋਂ ਅਗਲੀਆਂ ਤਿੰਨ ਜਿਲਦਾਂ ਦਾ ਸਿਰਜਣਾਤਮਕ ਰਿਸ਼ਤਾ ਸ਼ੁੱਧ ਇਤਿਹਾਸ ਨਾਲ ਹੈ। ਸਾਡਾ ਮੰਤਵ ਬਾਦਸ਼ਾਹਾਂ, ਜੁਗ ਗਰਦੀਆਂ ਦੇ ਭਖਦੇ ਅਤੇ ਨੀਮ ਰੂਪਾਂ, ਜਨ ਸਮੂਹ-ਚੇਤਨਾ, ਅਧਿਆਤਮਕ/ਕਲਾਮਈ ਮਨਾਂ ਦੀ ਬਾਹਰਲੀ ਦੁਨੀਆਂ ਨਾਲ ਸਾਂਝ ਅਤੇ ਵੰਨ-ਸਵੰਨੇ ਕਠੋਰ ਦ੍ਰਿਸ਼ਾਂ ਦਰਮਿਆਨ ਗੁਰ-ਇਤਿਹਾਸ ਦੀ ਬਿਲਕੁਲ ਸਹੀ ਯਥਾਰਥਕ ਨੁਹਾਰ ਨੂੰ ਇਸ ਤਰ੍ਹਾਂ ਉਜਾਗਰ ਕਰਨਾ ਹੈ ਕਿ ਗੁਰ-ਇਤਿਹਾਸ ਦੀਆਂ ਮਹੀਨ ਰਮਜ਼ਾਂ ਗੁਰੂ-ਬੋਲਾਂ, ਉਹਨਾਂ ਦੀਆਂ ਨਿਆਰੀਆਂ ਸ਼ਕਤੀਆਂ ਅਤੇ ਸੁਹਜਮਈ ਸੰਕੇਤਾਂ ਸਮੇਤ, ਧਰਤੀ ਉੱਤੇ ਦ੍ਰਿਸ਼ਟਮਾਨ ਮਾਨਵ-ਕਰਮ ਅਤੇ ਕੁਦਰਤ ਦੇ ਪੁਰਾਤਨ ਅਛੂਹ ਰੂਪਾਂ ਨੂੰ ਨਾਲ ਲੈ ਕੇ ਸਦਾ ਸਾਹਮਣੇ ਰਹਿਣ ਅਤੇ ਲਗਾਤਾਰ ਇਤਿਹਾਸ ਦੇ ਸੱਚ ਦੀ ਗਵਾਹੀ ਦੇਣ। ਸੋ, ਇਸ ਪ੍ਰਸੰਗ ਵਿਚ ਕਵੀ ਦੇ ਇਤਿਹਾਸ ਬਾਰੇ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਓਨੀ ਹੀ ਜ਼ਰੂਰੀ ਹੈ, ਜਿੰਨੀ ਕਿ ਮਹਾਂ ਕਾਵਿ ਦੀ ਰਚਨਾ।

ਕਵੀ ਅਤੇ ਇਤਿਹਾਸ ਦਾ ਰਿਸ਼ਤਾ ਬਹੁਤ ਪੁਰਾਣਾ ਹੈ। ਸਮੇ ਅਤੇ ਸਥਾਨ ਦੀ ਇਕ ਵਿਸ਼ੇਸ਼ ਹੱਦ ਪਾਰ ਕਰ ਕੇ ਇਸ ਰਿਸ਼ਤੇ ਵਿਚ ਅੰਤਰਯਾਮਤਾ ਦੀ ਇਕ ਵਿਲੱਖਣ ਤਾਸੀਰ ਸਮਾ ਜਾਂਦੀ ਹੈ। ਇਤਿਹਾਸ ਨਾਲ ਕਵੀ ਦਾ ਇਹ ਰਿਸ਼ਤਾ ਤੱਥ-ਉਪਾਸ਼ਕ ਇਤਿਹਾਸਕਾਰਾਂ ਅਤੇ ਜੀਵਨੀਕਾਰਾਂ, ਖੋਜਕਾਰਾਂ ਦੀ ਇਕੋ ਘੇਰੇ ਤਕ ਸੀਮਿਤ ਪਰ ਨਿਸਚਿਤ ਲਕੀਰਾਂ ਵਿਚ ਰਹਿਣ ਵਾਲੀ ਤਰਕਸ਼ੀਲ ਦ੍ਰਿਸ਼ਟੀ, ਮਿਤੀ ਅਤੇ ਸਥਾਨ ਦੀ ਬਾਹਰੋਂ ਵਿਗਿਆਨਕ ਜਾਪਦੀ ਸਥਿਤੀ ਅਤੇ ਬਾਦਸ਼ਾਹੀ ਸ਼ਾਨਾਂ ਤੇ ਸ਼ਕਤੀਸ਼ਾਲੀ ਹਾਕਮਾਂ ਦੇ ਕੇਂਦਰਾਂ (ਕਾਲ-ਆਸਣਾਂ) ਅਤੇ ਉਹਨਾਂ ਦੀਆਂ ਗਤੀਵਿਧੀਆਂ ਦੁਆਲੇ ਘੁੰਮਦੇ ਘਟਨਾ-ਦ੍ਰਿਸ਼ਾਂ ਦੀ ਉਤਪਤੀ ਤੋਂ ਵੀ ਪਹਿਲਾਂ ਦਾ ਹੈ। ਕਵੀ ਕਾਲ ਅਤੇ ਸਥਾਨ (ਕੁਦਰਤ, ਜੀਵ-ਜੰਤ ਅਤੇ ਸੁੰਨ-ਮਸੁੰਨ) ਅੰਦਰ ਵਿਚਰਦੇ ਇਨਸਾਨ ਨੂੰ ਸਰਬ ਪਾਸਾਰਾਂ ਵਿਚ ਦਰਸਾਉਂਦਾ ਹੋਇਆ ਕਿਸੇ ਹੱਦ ਤਕ ਮੁਕੰਮਲ ਇਤਿਹਾਸ ਦੀ ਤਸਵੀਰ ਪੇਸ਼ ਕਰਦਾ ਹੈ, ਜਦੋਂ ਕਿ ਤਰਕ ਸੰਪੰਨ, ਪ੍ਰਮਾਣਿਕਤਾ ਦੇ ਦਾਅਵਿਆਂ ਦੀ ਹਉਮੈ ਵਿਚ ਰੰਗੀਜਿਆ, ਵਿਗਿਆਨਕ ਜਾਪਦਾ ਅਤੇ ਆਪਣੇ ਸ਼ੌਕਿਆਂ ਉੱਤੇ ਮਾਣ ਕਰਦਾ ਇਤਿਹਾਸਕਾਰ ਮਨੁੱਖੀ ਅਮਲ ਦੇ ਕੁਝ ਬਿੰਦੂਆਂ ਨੂੰ ਹੀ ਉਘਾੜਦਾ ਹੈ ਅਤੇ ਸ਼ਕਤੀ-ਕੇਂਦਰਾਂ ਦੇ ਤੱਥ, ਵਿਅਕਤੀ ਅਤੇ ਮਿਤੀਆਂ ਨੂੰ ਇਕਹਿਰੀਆਂ ਦਲੀਲਾਂ ਰਾਹੀਂ ਦ੍ਰਿੜ੍ਹ ਕਰਵਾਉਂਦਾ ਹੈ।

ਇਹ ਤਾਂ ਠੀਕ ਹੈ ਕਿ ਤੱਥਾਂ ਦੇ ਚਾਨਣ/ਹਨੇਰੇ ਵਿਚ ਖਲੋਤੇ ਸਥਾਨ, ਦੂਰ ਕਾਲ

ਤਕ ਫੈਲੇ ਵਿਅਕਤੀ-ਸਰੂਪ ਤੇ ਕਿਰਦਾਰ ਅਤੇ ਤਾਰਿਆਂ ਵਾਂਗ ਚਮਕਦੇ ਤੇ ਅਲੋਪ ਹੁੰਦੇ ਮਿਤੀ-ਬਿੰਦੂ ਇਤਿਹਾਸ ਦੀ ਹਕੀਕਤ ਨੂੰ ਰੌਸ਼ਨ ਕਰਦੇ ਹਨ ਜਾਂ ਦੂਜੇ ਲਫ਼ਜ਼ਾਂ ਵਿਚ ਉਸਦੇ ਪਰਤੱਖ ਚਿਤ੍ਰ ਵਿਚ ਯੋਗਦਾਨ ਪਾਉਂਦੇ ਹਨ ਪਰ ਤੱਥਾਂ ਦੀ ਅਜਿਹੀ ਅਹਿਮੀਅਤ ਦੇ ਬਾਵਜੂਦ ਇਤਿਹਾਸਕ ਦ੍ਰਿਸ਼ ਅਧੂਰਾ ਹੀ ਰਹਿੰਦਾ ਹੈ। ਇਸ ਅੰਦਰ ਪੂਰਨਤਾ ਨਹੀਂ ਉਪਜਦੀ। ਇਸਦਾ ਕਾਰਨ ਇਹ ਹੁੰਦਾ ਹੈ ਕਿ ਜਿਸਨੂੰ ਇਤਿਹਾਸਕਾਰ ਤੱਥ ਪਰਵਾਨ ਕਰਦਾ ਹੈ, ਬਹੁਤ ਸਾਰੀਆਂ ਹਾਲਤਾਂ ਵਿਚ ਉਸਦੀ ਹੋਂਦ ਖ਼ਾਲਸ ਨਹੀਂ ਹੁੰਦੀ। ਸੈਂਕੜੇ ਵਾਰ ਪੇਸ਼ ਕੀਤੇ ਜਾ ਰਹੇ ਤੱਥ ਇਤਿਹਾਸਕਾਰ ਦੀ ਸੁਤੰਤਰ ਸੁਰਤ ਦੀ ਉਪਜ ਨਹੀਂ ਹੁੰਦੇ, ਸਗੋਂ ਉਸਦੇ ਤੁਅਸਬ ਜਾਂ ਬਲਹੀਣ ਆਧਾਰਾਂ ਅਨੁਸਾਰ ਫ਼ਰਜ਼ ਕੀਤੀ ਸੂਚਨਾ (ਮਿੱਥਿਆ ਵਿਵਰਣ) ਹੁੰਦੇ ਹਨ। ਇਹਨਾਂ ਤੱਥਾਂ ਉੱਤੇ ਤੱਥ-ਸਿਰਜਕ ਦੇ ਵਹਿਮ, ਅਗਿਆਨ, ਗ਼ੁਲਾਮ ਜ਼ਹਿਨੀਅਤ, ਹਉਮੈ ਜਾਂ ਕੋਈ ਹੋਰ ਫ਼ਿਤਰਤੀ ਦੋਸ਼, ਕੋਈ ਖ਼ਿਆਲੀ ਸੂਚਨਾ, ਸੁਆਰਥੀ ਗਵਾਹੀਆਂ ਜਾਂ ਨਿਸ਼ਾਨ ਅਤੇ ਬਣਾਵਟੀ ਗ੍ਰੰਥਾਂ ਉੱਤੇ ਟੇਕ ਆਦਿ ਦੋਸ਼ਾਂ ਦੀ ਬੰਜਰ ਪਰਤ ਚੜ੍ਹੀ ਹੋ ਸਕਦੀ ਹੈ। ਇਤਿਹਾਸਕਾਰ ਦੀ ਅਣਇਤਿਹਾਸਕ ਚੇਤਨਾ ਅਤੇ ਉਸਦੀ ਸ਼ਖ਼ਸੀਅਤ ਦੇ ਆਪ-ਹੁੰਦਰੇ ਝੁਕਾ ਅਤੇ ਪੱਕ ਚੁੱਕੇ ਸੰਸਕਾਰਾਂ ਦੇ ਅਮੋੜ ਦਖ਼ਲ ਤੱਥ-ਸੰਸਾਰ ਨੂੰ ਲਗਾਤਾਰ ਬੇਰੂਪ ਕਰਦੇ ਹਨ। ਇਤਿਹਾਸਕ ਵਿਧਾ ਦੀਆਂ ਸੀਮਾਵਾਂ (ਜਿਵੇਂ ਰੋਜ਼ਨਾਮਚਾ ਵਿਧੀ ਵਿਚ ਲਿਖੀਆਂ *ਬਾਬਰਨਾਮਹ* ਅਤੇ *ਮਆਸਿਰਿ ਆਲਮਗੀਰੀ* ਵਰਗੀਆਂ ਰਚਨਾਵਾਂ) ਦਫ਼ਤਰੀ/ਅਖ਼ਬਾਰੀ ਸੂਚਨਾ-ਲੜੀ ਦੀ ਅੰਨ੍ਹੀ ਪੈਰਵੀ (ਜਿਵੇਂ *ਅਖ਼ਬਾਰਿ ਦਰਬਾਰਿ ਮੁਅੱਲਾ*) ਅਤੇ ਮਧਯੁਗੀ ਗ੍ਰੰਥਾਂ ਖ਼ਾਸ ਕਰ ਬਾਦਸ਼ਾਹਾਂ ਦੀਆਂ ਬਹੁਤੀ ਵਾਰ ਸੇਵਕਾਂ ਤੋਂ ਲਿਖਵਾਈਆਂ ਸ੍ਵੈ-ਜੀਵਨੀਆਂ (ਜਿਵੇਂ *ਤੁਜ਼ਕਿ ਜਹਾਂਗੀਰੀ* ਦੇ ਵਿਸ਼ੇਸ਼ ਭਿੰਨਤਾਵਾਂ ਵਾਲੇ ਮਤਨ) ਵਿਚ ਮਿਲਾਵਟਾਂ ਵਰਗੇ ਪੱਖ ਮਿਤੀ ਅਤੇ ਘਟਨਾ ਦੇ ਫ਼ਾਸਲਿਆਂ ਅਤੇ ਸੁਭਾ ਵਿਚ ਫ਼ਰਕ ਪਾ ਕੇ ਉਹਨਾਂ ਨੂੰ ਕਈ ਵਾਰ ਸੱਚ ਤੋਂ ਕੋਹਾਂ ਦੂਰ ਲੈ ਜਾਂਦੇ ਹਨ। ਕੰਪਿਊਟਰ, ਸੰਚਾਰ ਸਾਧਨਾਂ, ਦੂਰਦਰਸ਼ਨ ਅਤੇ ਨਾਸਤਕ ਵਿਸ਼ਵ ਸ਼ਕਤੀ ਦੇ ਮੱਕਾਰ ਜਾਲਾਂ ਦੇ ਫੈਲਾਉ ਨਾਲ ਵੀਹਵੀਂ ਸਦੀ ਦੀ ਆਖ਼ਰੀ ਚੌਥਾਈ ਤਕ ਇਤਿਹਾਸਕ ਤੱਥਾਂ ਨੂੰ ਗੰਧਲਾਉਣ ਦੀ ਸਾਜ਼ਿਸ਼ ਆਪਣਾ ਪੂਰਨ ਆਕਾਰ ਧਾਰਨ ਕਰ ਚੁੱਕੀ ਹੈ। ਆਧੁਨਿਕ ਕਾਲ ਦੇ ਕੁਝ ਨੀਮ ਇਤਿਹਾਸਕਾਰ (ਮਹਾਨ ਇਤਿਹਾਸਕਾਰ ਨਹੀਂ) ਸਥਾਨ ਅਤੇ ਮਿਤੀ ਦੇ ਸ੍ਵੈ-ਵਿਰੋਧਾਂ ਦੇ ਠਿਗਣੇ ਤਰਕ ਵਿਚ ਆਪਣੀ ਮੁਨਕਰ ਵਾਲੀ ਨਾਸਤਕ ਹਿੰਡ ਅਤੇ ਲਗਾਤਾਰ ਝੂਠ ਬੋਲਣ ਅਤੇ ਦਗ਼ੇਬਾਜ਼ ਤਰੀਕਿਆਂ ਨੂੰ ਇਸ ਤਰ੍ਹਾਂ ਰਲਗੱਡ ਕਰ ਦਿੰਦੇ ਹਨ ਕਿ ਫ਼ਰਜ਼ੀ ਜਾਂ ਹੁਣ ਤਕ ਝੂਠੇ ਮੰਨੇ ਜਾ ਚੁੱਕੇ ਤੱਥ ਵੀ ਪੇਤਲੇ ਇਲਮ ਦੀ ਨਕਲੀ ਜ਼ੇਵਰਾਂ ਵਰਗੀ ਪ੍ਰਮਾਣਿਕਤਾ ਨਾਲ ਦਗ ਦਗ ਕਰਨ ਲੱਗ ਪੈਂਦੇ ਹਨ। ਸਿੱਖ ਇਤਿਹਾਸ ਦੇ ਪ੍ਰਸੰਗ ਵਿਚ ਮੈਕਲੋਡ (W.H. McLeod) ਦੇ ਇਤਿਹਾਸਕ ਵਿਵਰਣ ਸਮੇਂ ਦੀ ਸਾਮੂਹਿਕ ਸਾਜ਼ਿਸ਼ ਨਾਲ ਘੜੀ ਮਨਮੱਤੀ ਘਾੜਤ ਦੀ ਸਿਖਰ ਹਨ।

ਕਵੀ ਕੋਈ ਪੈਗ਼ੰਬਰ ਨਹੀਂ ਹੁੰਦਾ, ਨ ਉਹ ਤ੍ਰੈਕਾਲ ਦਰਸ਼ੀ ਹੋਣ ਦਾ ਦਾਅਵਾ ਕਰਦਾ ਹੈ, ਪਰ ਉਸ ਕੋਲ ਮਨੁੱਖੀ ਮਨ, ਧਰਮ, ਕਲਚਰ, ਸਮਾਜਿਕ ਧਰਾਤਲ ਅਤੇ ਰਾਜਸੀ ਗਤੀ-ਵਿਧੀਆਂ ਦੀ ਲਗਾਤਾਰਤਾ ਵਿਚ ਇਤਿਹਾਸਕ ਤੱਥ ਨੂੰ ਸਹੀ, ਸੁਜੀਵ ਅਤੇ ਨਿਸਚਿਤ ਰੂਪ ਵਿਚ ਤੱਕਣ ਦੀ ਸਮਰੱਥਾ ਹੁੰਦੀ ਹੈ, ਜਦੋਂ ਕਿ ਕਸਬੀ ਅਤੇ ਕਮਜ਼ੋਰ ਇਤਿਹਾਸਕਾਰ ਘਟਨਾਵਾਂ ਨੂੰ ਅਧੂਰੀ ਸਥਿਤੀ ਵਿਚ ਵੇਖਦੇ ਹਨ। ਉਹਨਾਂ ਨੂੰ ਤੱਥ ਦੀਆਂ

ਬਾਰੀਕ ਅਤੇ ਬਹੁ-ਪਾਸਾਰੀ ਪਰਤਾਂ ਨਹੀਂ ਦਿਸਦੀਆਂ ਅਤੇ ਉਹ ਇਤਿਹਾਸ ਦੀਆਂ ਘਟਨਾਵਾਂ, ਮਿਤੀਆਂ, ਘਟਨਾ-ਸਥਾਨਾਂ ਅਤੇ ਵਿਸ਼ੇਸ਼ ਵਿਅਕਤੀਆਂ ਦੇ ਚਿਹਰਿਆਂ ਨੂੰ ਨਿਸ਼ਚਿਤ ਕਰਨ ਸਮੇਂ ਅਲਚਕ ਫ਼ਾਰਮੂਲਿਆਂ ਅਤੇ ਇਕਹਿਰੇ ਸਬੂਤਾਂ ਦੀ ਵਰਤੋਂ ਕਰਦੇ ਹਨ। ਅਜਿਹੇ ਇਤਿਹਾਸਕਾਰ ਕਿਸੇ ਘਟਨਾ/ਵਿਅਕਤੀ/ਮਿਤੀ ਨੂੰ ਰੱਦ ਕਰਨ ਸਮੇਂ ਸਬੂਤਾਂ ਦੀ ਬਾਹਰਮੁਖੀ ਅਣਹੋਂਦ ਅਤੇ ਨਾ-ਪਾਇਦਾਰ ਵਿਰੋਧਾਂ ਨੂੰ ਦਰਸਾਉਣਾ ਹੀ ਕਾਫ਼ੀ ਸਮਝਦੇ ਹਨ। ਇੰਜ ਇਹ ਵਿਦਵਾਨ ਸਮੇਂ ਦੀ ਮਹਾਨ ਅਤੇ ਨਿਰੰਤਰ ਗਤੀ ਨੂੰ ਅਕਸਰ ਅਣਡਿੱਠ ਕਰ ਦਿੰਦੇ ਹਨ ਅਤੇ ਆਪਣੀ ਇਕ ਖ਼ਾਸ ਜ਼ਿੱਦ ਪੁਗਾਉਣ ਲਈ ਇਕੋ ਇਕ ਸੱਚ ਦਰਸਾਉਣ ਦਾ ਦਾਅਵਾ ਕਰਦੇ ਹਨ। ਦੂਜੇ ਪਾਸੇ ਕਵੀ ਇਤਿਹਾਸ ਨੂੰ ਅਨੁਭਵ ਦੀ ਵਿਸ਼ਾਲਤਾ ਨਾਲ ਵੇਖਦਾ ਹੈ, ਜਿਹੜੀ ਕਿ ਆਪਣੇ ਅੰਤਮ ਰੂਪ ਵਿਚ ਇਕ ਪ੍ਰਮਾਣਿਕ ਯਾਦ ਦਾ ਰੂਪ ਧਾਰ ਲੈਂਦੀ ਹੈ। ਇੰਜ ਲੰਮਾ ਕਾਲ ਕਵੀ ਦੀ ਜ਼ਿੰਦਾ ਯਾਦ ਵਿਚ ਬਦਲ ਜਾਂਦਾ ਹੈ, ਜਿਸਦਾ ਸੰਚਾਰਕ ਰਿਸ਼ਤਾ ਅਰੂਪ ਅਤੇ ਖ਼ਾਮੋਸ਼ ਸਾਮੂਹਿਕ ਯਾਦ ਨਾਲ ਜੁੜਦਾ ਹੈ। *ਸਹਿਜੇ ਰਚਿਓ ਖ਼ਾਲਸਾ* ਵਿਚ ਮੈਂ ਇਤਿਹਾਸ ਦੀ ਅਜਿਹੀ ਟਕਸਾਲੀ ਅਨੁਭੂਤੀ ਨੂੰ ਹੀ **ਸਿੱਖ ਯਾਦ** ਕਿਹਾ ਸੀ।

ਏਥੇ ਉਪਰੋਕਤ ਖ਼ਿਆਲ ਦੇ ਮੋੜ ਉੱਤੇ ਇਕ ਦਿਲਚਸਪ ਸੁਆਲ ਉਭਰਦਾ ਹੈ ਪਈ ਟੈਗੋਰ ਨਿਰਸੰਦੇਹ ਇਕ ਮਹਾਨ ਕਵੀ ਸਨ, ਤਾਂ ਫਿਰ ਉਹ ਕਿਉਂ ਆਪਣੇ ਪ੍ਰਸਿੱਧ ਅੰਗਰੇਜ਼ੀ ਲੇਖ "ਸਿੱਖ ਸ਼ਕਤੀ ਦੀ ਚੜ੍ਹਤਲ ਅਤੇ ਪਤਨ" (*ਦਾ ਮਾਡਰਨ ਰਿਵਿਊ*—ਅਪ੍ਰੈਲ 1911—ਕਲਕੱਤਾ) ਵਿਚ ਸਿੱਖ ਇਤਿਹਾਸ ਦੀ ਸਰਬ ਪਰਵਾਣਿਤ ਅਧਿਆਤਮਕ ਅਤੇ ਇਖ਼ਲਾਕੀ ਚਾਲ ਤੋਂ ਪੂਰੀ ਤਰ੍ਹਾਂ ਮੁਨਕਰ ਹਨ ? ਮਹਾਨ ਕਾਵਿ ਅਨੁਭੂਤੀ ਦੇ ਸੁਆਮੀ ਹੋਣ ਦੇ ਬਾਵਜੂਦ ਖ਼ਾਲਸਾ ਇਤਿਹਾਸ ਦੇ ਤੱਥਾਂ ਦੀ ਸੁੱਚਤਾ ਅਤੇ ਸਹਿਜ ਤਰਕ ਦੀ ਪਛਾਣ ਉਹ ਕਿਉਂ ਨ ਕਰ ਸਕੇ ? ਮਹਾਨ ਕਵੀ ਇਕ ਵਿਸ਼ੇਸ਼ ਇਤਿਹਾਸ ਦੇ ਰੂ-ਬ-ਰੂ ਅਗਿਆਨ ਦੀ ਐਸੀ ਜਕੜ ਵਿਚ ਕਿਵੇਂ ਆ ਗਏ, ਜਿਸਦੀ ਹੋਂਦ ਨੇ ਉਹਨਾਂ ਦੀ ਜ਼ਮੀਰ ਅਤੇ ਚੇਤਨਾ ਨੂੰ ਇਤਿਹਾਸ ਦੇ ਸਾਧਾਰਣ ਨਿਆਂ ਦੀ ਰੰਚਕ ਮਾਤਰ ਛੁਹ ਵੀ ਨ ਲੱਗਣ ਦਿੱਤੀ ? ਇਸ ਲੇਖ ਦੇ ਮਸਨੂਈ ਤਰਕ ਦੀ ਮਜੂਮਦਾਰ ਅਤੇ ਹਿਮਾਦਰੀ ਬੈਨਰਜੀ ਵਰਗੇ ਈਮਾਨਦਾਰ ਆਲੋਚਕ ਇਹੋ ਦਲੀਲ ਦਿੰਦੇ ਹਨ ਕਿ ਕਵੀ ਹੋਣ ਕਾਰਨ ਟੈਗੋਰ ਨੂੰ ਇਤਿਹਾਸ ਦਾ ਲੋੜੀਂਦਾ ਗਿਆਨ ਨਹੀਂ ਸੀ; ਸੋ ਉਹ ਗ਼ਲਤੀ ਕਰ ਗਏ। ਇਸ ਸਥਿਤੀ ਵਿਚ ਸਾਡਾ ਹੱਥਲਾ ਵਿਸ਼ਾ "ਕਵੀ ਅਤੇ ਇਤਿਹਾਸ" ਸਾਨੂੰ ਇਕ ਵਖਰਾ ਦ੍ਰਿਸ਼ਟੀਕੋਣ ਅਪਣਾਉਣ ਲਈ ਮਜਬੂਰ ਕਰਦਾ ਹੈ। ਸਾਡੀ ਅਰਜ਼ ਹੈ ਕਿ ਕੋਈ ਦੀਰਘ ਦ੍ਰਿਸ਼ਟੀ ਵਾਲਾ ਕਵੀ ਇਤਿਹਾਸ ਪ੍ਰਤੀ ਐਨਾ ਅਣਜਾਣ ਨਹੀਂ ਹੁੰਦਾ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਕਵੀ ਕਸਬੀ ਇਤਿਹਾਸਕਾਰ ਨਾਲੋਂ ਤੱਥਾਂ ਦੀ ਵਧੇਰੇ ਸੁਘੜ ਜਾਣਕਾਰੀ ਰਖਦਾ ਹੈ ਤਾਂ ਇਹ ਕਹਿਣ ਸਮੇਂ ਸਾਡੀ ਇਹ ਸ਼ਰਤ ਵੀ ਹੁੰਦੀ ਹੈ ਕਿ ਜਦੋਂ ਕਵੀ ਦੀ ਸਗਲ ਕਾਵਿ ਅਨੁਭੂਤੀ ਇਤਿਹਾਸਕ ਤੱਥਾਂ ਦੀ ਭਾਲ ਵਿਚ ਤੁਰਦੀ ਹੈ, ਉਦੋਂ ਹੀ ਉਹ ਤੱਥਾਂ ਦੀ ਸੰਪੂਰਣ ਹੋਂਦ ਦਾ ਸੁਆਮੀ ਬਣਦਾ ਹੈ। ਜੇ ਕਵੀ ਵਿਚ ਵਿਸ਼ੇਸ਼ ਇਤਿਹਾਸਕ ਸਾਮਿਗ੍ਰੀ ਦੀ ਤ੍ਰਿਖਾ ਹੀ ਨਹੀਂ ਉਪਜੀ, ਜੇ ਉਹ ਵਿਸ਼ੇਸ਼ ਕਾਲ ਅਤੇ ਵਿਸ਼ੇਸ਼ ਖਿੱਤੇ ਦੇ ਜੀਵਨ-ਰੂਪਾਂ ਦੀ ਤਲਾਸ਼ ਲਈ ਹੀ ਨਹੀਂ ਤੁਰਿਆ ਅਤੇ ਜੇ ਜੀਵਨ ਦੇ ਮੋਹ ਨੇ ਕਵੀ ਦੀ ਕਾਵਿ ਸ਼ਕਤੀ ਅਤੇ ਕਾਲ ਨੂੰ ਇਕਸੁਰ ਹੀ ਨਹੀਂ ਕੀਤਾ ਪਰ ਵਿਸ਼ਾ ਉਸਨੇ ਇਤਿਹਾਸ ਦਾ ਚੁਣ ਲਿਆ, ਤਾਂ

ਬਲਹੀਣ ਰਚਨਾ ਦੀ ਉਤਪਤੀ ਤੋਂ ਬਿਨਾਂ ਹੋਰ ਕੋਈ ਸਿੱਟਾ ਨਿਕਲ ਵੀ ਕਿਵੇਂ ਸਕਦਾ ਹੈ!

ਟੈਗੋਰ ਦੇ ਲੇਖ ਦੇ ਪ੍ਰਸੰਗ ਵਿਚ ਇਹੋ ਕਹਿਣਾ ਬਣਦਾ ਹੈ ਕਿ ਕਵੀ ਜੀ ਨੇ ਆਪਣੀ ਸੂਖਮ ਕਾਵਿ ਅਨੁਭੂਤੀ ਨੂੰ ਸਿੱਖ ਇਤਿਹਾਸ ਦੀ ਤਲਾਸ਼ ਤੋਂ ਪੂਰਨ ਰੂਪ ਵਿਚ ਅਣਭਿੱਜ ਰੱਖਿਆ ਹੈ। ਏਥੇ ਟੈਗੋਰ ਦੀ ਕਾਵਿ ਅਨੁਭੂਤੀ ਬਿਨਾਂ ਕਿਸੇ ਇਤਿਹਾਸ ਦੀ ਮੰਜ਼ਿਲ ਦੇ ਤੁਰ ਰਹੀ ਹੈ; ਉਸਦੇ ਸਾਹਮਣੇ ਕੋਈ ਸਤਿਕਾਰਯੋਗ ਟੀਚਾ ਜਾਂ ਅਰਥ ਪ੍ਰਸਾਰਦਾ ਇਸ਼ਟ ਨਹੀਂ, ਸਿੱਟੇ ਵਜੋਂ ਲੇਖ ਵਿਚਲੀ ਕਾਵਿ ਅਨੁਭੂਤੀ ਢੋਲ ਦੀ ਬੇਤਾਲ ਗੂੰਜ ਬਣ ਕੇ ਰਹਿ ਗਈ ਹੈ। ਕਵੀ ਨੇ ਸਿੱਖ ਇਤਿਹਾਸ ਦਾ ਪ੍ਰਸੰਗ ਲੈ ਕੇ ਆਪਣੇ ਲੇਖ ਵਿਚ 1699 ਈ: ਦੀ ਵਿਸਾਖੀ ਤੋਂ ਸਿੱਖ ਧਰਮ ਦੀ ਸੁਤੰਤਰ ਪਛਾਣ ਵਿਰੁੱਧ ਬ੍ਰਾਹਮਣਵਾਦ ਦੇ ਲੁਕਵੇਂ ਅਤੇ ਦ੍ਰਿਸ਼ਟਮਾਨ ਰੂਪ ਵਿਚ ਚਲ ਰਹੇ ਕਦੇ ਧੀਮੇ ਅਤੇ ਕਦੇ ਤੀਖਣ ਵਿਰੋਧ ਨੂੰ ਹੀ ਕਾਵਿ ਮੁਹਾਵਰੇ ਵਾਲੀ ਸ਼ੈਲੀ ਵਿਚ ਬਦਲਿਆ ਹੈ। ਕਵੀ ਦਾ ਮੰਤਵ ਇਤਿਹਾਸ ਦੀ ਕੋਈ ਸਿਰਜਣਾਤਮਕ ਤਲਾਸ਼ ਨਹੀਂ ਅਤੇ ਉਸਦੀ ਕਾਵਿ ਅਨੁਭੂਤੀ ਦੀ ਨਜ਼ਰ ਕਾਲ ਦੀਆਂ ਬਹੁ ਕੂੰਟਾਂ ਤਕ ਫੈਲੇ ਇਤਿਹਾਸਕ ਤੱਥਾਂ ਉੱਤੇ ਕੇਂਦਰਿਤ ਨਹੀਂ, ਸਗੋਂ ਸਿੱਖ ਧਰਮ ਦੀ ਸੁਤੰਤਰ ਹਸਤੀ ਵਿਰੁੱਧ ਵੱਡੇ ਧਰਮ ਦੇ ਸਾਮੂਹਿਕ ਵਿਰੋਧ ਨੂੰ ਹੀ ਇਤਿਹਾਸਕ ਟਿੱਪਣੀ ਵਿਚ ਢਾਲ ਲਿਆ ਹੈ। ਸੋ, ਇਸ ਲੇਖ ਵਿਚ ਦਿਸਦੀ ਕਾਵਿ ਸ਼ਕਤੀ ਬੇਜਾਨ ਹੈ, ਕਿਉਂਕਿ ਉਸਦੀ ਮੌਲਿਕ ਵਰਤੋਂ ਨਹੀਂ ਕੀਤੀ ਗਈ, ਸਗੋਂ ਇਕ ਸੁਤੰਤਰ ਧਰਮ ਬਾਰੇ ਅਨਮਤੀ ਬਹੁ-ਗਿਣਤੀ ਦੇ ਆਪ-ਹੁੱਦਰੇ ਫ਼ੈਸਲੇ ਨੂੰ ਹੀ ਜ਼ਬਾਨ ਦਿੱਤੀ ਗਈ ਹੈ। ਲੇਖ ਦੀ ਕਾਵਿਮਈ ਸ਼ੈਲੀ ਮਸਨੂਈ ਹੈ ਕਿਉਂਕਿ ਇਸ ਦੀ ਵਿਸ਼ਾ-ਸਾਮਿਗ੍ਰੀ ਕਵੀ ਦੀ ਮੌਲਿਕ ਜੀਨੀਅਸ ਦੀ ਥਾਂ ਦੇਸ਼ ਦੇ ਬਹੁ-ਗਿਣਤੀ ਧਰਮ ਦੀ ਹਉਮੈਵਾਦੀ ਸੋਚ ਵਿਚੋਂ ਉਭਰੀ ਹੈ। (ਜਿਥੋਂ ਤਕ ਸਿੱਖ ਧਰਮ ਦੀ ਅੱਡਰੀ ਪਛਾਣ ਦਾ ਸੁਆਲ ਹੈ, ਕਵੀ ਦੇ ਲੇਖ ਦੀ ਮੁੱਖ ਧਾਰਾ ਦੀ ਕੋਈ ਅਰੂਪ ਸੁਰ ਅੱਜ ਵੀ ਭਾਰਤ ਦੇ ਵਿਧਾਨ ਦੀ ਧਾਰਾ 25 ਵਿਚ ਵਿਆਪਕ ਹੈ।) ਸੋ, ਇਸ ਵਿਚਾਰ ਦਾ ਸਾਰੰਸ਼ ਇਹ ਹੈ ਕਿ ਜੇ ਕਵੀ-ਸ਼ਕਤੀ ਸਹੀ ਸਿਰਜਣਾਤਮਕ ਜਲੌ ਵਿਚ ਇਤਿਹਾਸਕ ਤੱਥਾਂ ਨਾਲ ਸਾਂਝ ਪਾਉਣ ਦੀ ਤਲਬ ਕਰੇ, ਫਿਰ ਹੀ ਇਸ ਪੱਖ ਵਿਚ ਅਕੱਟ ਪ੍ਰਮਾਣਿਕ ਸਿੱਟੇ ਨਿਕਲ ਸਕਦੇ ਹਨ, ਜਿਹਨਾਂ ਤਕ ਕਿ ਨਿਰੋਲ ਤੱਥ-ਉਪਾਸ਼ਕ ਇਤਿਹਾਸਕਾਰ ਪਹੁੰਚ ਨਹੀਂ ਰੱਖਦੇ।

-2-

ਬਹੁਤ ਵਾਰ ਤੱਥ-ਉਪਾਸ਼ਕ ਇਤਿਹਾਸਕਾਰ ਆਪਣਾ ਕੰਮ ਈਮਾਨਦਾਰੀ ਨਾਲ ਸ਼ੁਰੂ ਕਰਦੇ ਹਨ, ਪਰ ਅੰਤਰ-ਦ੍ਰਿਸ਼ਟੀ ਦੇ ਨੁਕਸ ਅਤੇ ਉਹਨਾਂ ਦੇ ਗਿਆਨ ਦੇ ਮੂਲ ਆਧਾਰਾਂ ਦੇ ਐਬ ਜਲਦੀ ਹੀ ਉਹਨਾਂ ਦੀ ਰਚਨਾ ਦੁਆਲੇ ਝੁਰਮਟ ਪਾ ਲੈਂਦੇ ਹਨ ਅਤੇ ਸੱਚ ਦਾ ਚੰਦਰਮਾ ਦਿਸਣੋਂ ਬੰਦ ਹੋ ਜਾਂਦਾ ਹੈ। ਇਤਿਹਾਸਕਾਰਾਂ ਦੀਆਂ ਫ਼ਰਜ਼ੀ ਮਨੌਤਾਂ, ਆਧਾਰ ਗ੍ਰੰਥਾਂ ਅਤੇ ਹੋਰ ਸੂਚਨਾਵਾਂ ਦੀਆਂ ਕਮਜ਼ੋਰੀਆਂ ਉਹਨਾਂ ਦੀਆਂ ਲਿਖਤਾਂ ਅੰਦਰ ਇਕ ਅਸੰਤੁਲਿਤ ਕੱਟੜਤਾ ਪੈਦਾ ਕਰ ਦਿੰਦੀਆਂ ਹਨ, ਜਿਸਦਾ ਪਰਤੱਖ ਅਟੱਲ ਵਿਸ਼ਵਾਸ ਬਾਹਰੋਂ ਉਸਨੂੰ ਵਿਗਿਆਨਕ ਤਰਕ ਵਰਗੀ ਦਿੱਖ ਪ੍ਰਦਾਨ ਕਰਦਾ ਹੈ, ਪਰ ਅੰਦਰੋਂ ਉਸਦੇ ਸੁਜੀਵ ਰਿਸ਼ਤਿਆਂ ਦੀਆਂ ਜੜ੍ਹਾਂ ਨੂੰ ਬੇਜਾਨ ਕਰ ਦਿੰਦਾ ਹੈ ਜਾਂ ਉਹਨਾਂ ਵੱਲੋਂ ਇਕ ਬੇਮੁਖ ਅਲਿਹਦਗੀ ਧਾਰਨ ਕਰ ਲੈਂਦਾ ਹੈ। ਸਾਰੰਸ਼ ਇਹ ਹੈ ਕਿ ਇਤਿਹਾਸਕਾਰਾਂ ਦੀ ਵਿਸ਼ੇਸ਼

ਮਾਨਸਿਕਤਾ, ਫ਼ਿਤਰਤ, ਗਿਆਨ ਤੇ ਮੰਤਵਾਂ ਵਿਚ ਸਵਾਰਥਵਾਦੀ ਹਉਮੈ ਦਾ ਮਿਸ਼ਰਣ ਅਤੇ ਗ੍ਰੰਥਾਂ/ਸੂਚਨਾਵਾਂ ਦੇ ਰਚਨ ਦੀਆਂ ਪ੍ਰਸਥਿੱਤੀਆਂ ਅਤੇ ਵਾਤਾਵਰਣ ਅਤੇ ਦੋਵਾਂ ਪਾਸਿਆਂ ਦੇ ਸੁਮੇਲ ਦੇ ਸੁਆਰਥ/ਪ੍ਰੇਰਣਾਵਾਂ ਵਿਸ਼ੇਸ਼ ਇਤਿਹਾਸ ਅੰਦਰ ਸੱਚ ਦੀ ਮਾਤਰਾ ਨੂੰ ਸਥਾਪਤ ਕਰਦੇ ਹਨ। ਬਹੁਤ ਵਾਰ ਅਜਿਹੀਆਂ ਸੁਵਿੱਧਾਵਾਂ ਦੇ ਬਾਵਜੂਦ ਅਸਲੀ ਇਤਿਹਾਸ ਵਿਗਿਆਨਕ ਹੋਣ ਦਾ ਛਲਾਵਾ ਦੇ ਕੇ ਫ਼ਰਜ਼ੀ ਇਤਿਹਾਸ ਵਿਚ ਬਦਲ ਜਾਂਦਾ ਹੈ। ਏਥੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਦੀ ਸੂਚਨਾ ਦਿੰਦੀ *ਤੁਜ਼ਕਿ ਜਹਾਂਗੀਰੀ* ਸਿਰਲੇਖ ਵਾਲੀ ਕਿਤਾਬ ਅਤੇ *ਮਕਤੂਬਾਤਿ ਇਮਾਮ ਰੱਬਾਨੀ*, *ਅਹਿਕਾਮਿ ਆਲਮਗੀਰੀ* ਅਤੇ *ਅਖ਼ਬਾਰਿ ਦਰਬਾਰਿ ਮੁਅੱਲਾ* ਦੀਆਂ ਇਤਿਹਾਸਕ ਸਤਰਾਂ ਦਾ ਜਾਇਜ਼ਾ ਲੈਣਾ ਪ੍ਰਸੰਗਿਕ ਹੈ। ਫਿਰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਖ਼ਾਸ ਪਹਿਲੂਆਂ ਨਾਲ ਜੁੜੀਆਂ ਦੋ ਕਿਤਾਬਾਂ *ਮਆਸਿਰਿ ਆਲਮਗੀਰੀ* (ਸਾਕੀ ਮੁਸਤਾਅਦ ਖ਼ਾਂ) ਅਤੇ *ਗੁਰ ਬਿਲਾਸ ਪਾਤਸ਼ਾਹੀ ੧੦* (ਕੋਇਰ ਸਿੰਘ) ਦੇ ਕ੍ਰਮਵਾਰ ਕਮਜ਼ੋਰ ਅਤੇ ਸਾਰਥਕ ਨੁਕਤਿਆਂ ਵੱਲ ਧਿਆਨ ਦਿਵਾਉਣਾ ਵੀ ਜ਼ਰੂਰੀ ਹੈ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨਾਲ ਸੰਬੰਧਤ *ਤੁਜ਼ਕਿ ਜਹਾਂਗੀਰੀ* ਦੇ ਇਕ ਪੈਰੇ ਦੀ ਓਟ ਲੈ ਕੇ ਆਧੁਨਿਕ ਜ਼ਮਾਨੇ ਦੇ ਇਤਿਹਾਸਕਾਰ ਉਹਨਾਂ ਦੀ ਸ਼ਹੀਦੀ ਦਾ ਸਾਰਾ ਦੋਸ਼ ਜਹਾਂਗੀਰ ਸਿਰ ਮੜ੍ਹ ਦਿੰਦੇ ਹਨ ਅਤੇ ਖ਼ਲਨਾਇਕ ਚੰਦੂ ਨੂੰ ਮੁਕਤ ਕਰ ਦਿੰਦੇ ਹਨ। (ਡਾ. ਗੰਡਾ ਸਿੰਘ ਤਾਂ ਚੰਦੂ ਦੀ ਹੋਂਦ ਤੋਂ ਹੀ ਇਨਕਾਰੀ ਹਨ, ਕਿਉਂਕਿ ਉਹਨਾਂ ਨੂੰ ਲਾਹੌਰ ਨਾਲ ਸੰਬੰਧਤ ਸਰਕਾਰੀ ਕਾਗ਼ਜ਼ਾਂ ਵਿਚੋਂ ਚੰਦੂ ਦਾ ਨਾਮ ਨਹੀਂ ਲੱਭਿਆ!) ਅਜਿਹਾ ਅੰਤਮਪੱਖੀ ਫ਼ੈਸਲਾ ਲੈਂਦਿਆਂ ਇਤਿਹਾਸਕਾਰ ਨਿਮਨ-ਲਿਖਤ ਸਚਾਈਆਂ ਨੂੰ ਉੱਕਾ ਹੀ ਅਣਡਿੱਠ ਕਰ ਦਿੰਦੇ ਹਨ:

1. 'ਤੁਜ਼ਕ' ਦੀ ਸ਼ਹਾਦਤ ਨਾਲ ਸੰਬੰਧਤ ਮਿਤੀ ਅਨੁਸਾਰ ਵੀਹ ਦਿਨ ਪਿੱਛੋਂ ਲਿਖੇ ਪੈਰੇ ਵਿਚਲੇ ਜਹਾਂਗੀਰ ਵਰਗੇ ਸਖ਼ਤ ਬਾਦਸ਼ਾਹ ਦੇ ਹੁਕਮ ਦੇ ਇਕ ਵੱਡੇ ਹਿੱਸੇ ਉੱਤੇ ਬਿਲਕੁਲ ਅਮਲ ਕਿਉਂ ਨਹੀਂ ਕੀਤਾ ਗਿਆ? ਨ ਉਹਨਾਂ ਦੀ ਜਾਇਦਾਦ ਜ਼ਬਤ ਕੀਤੀ ਗਈ ਅਤੇ ਨ ਉਹਨਾਂ ਦੇ ਗਿਆਰਾਂ ਸਾਲ ਦੇ ਗੱਦੀਨਸ਼ੀਨ ਬੇਟੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਹੀ ਮੁਰਤਜ਼ਾ ਖ਼ਾਂ ਨੇ ਆਪਣੀ ਹਿਰਾਸਤ ਵਿਚ ਲਿਆ। ਇਕ ਸਵੈ-ਵਿਰੋਧ ਇਹ ਹੈ ਕਿ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਸੂਬੇਦਾਰ ਕੁਲੀਜ ਖ਼ਾਂ ਦੇ ਕਾਲ ਵਿਚ ਲਾਹੌਰ ਵਿਖੇ ਹੋਈ ਅਤੇ ਉਸ ਸਮੇਂ ਮੁਰਤਜ਼ਾ ਖ਼ਾਂ ਸੂਬਾ ਗੁਜਰਾਤ ਦਾ ਗਵਰਨਰ ਸੀ। ਲਾਹੌਰ ਦਾ ਸੂਬੇਦਾਰ ਉਹ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਛੇ ਸਾਲ ਪਿੱਛੋਂ ਬਣਿਆ।
2. ਬਹੁਤ ਸਾਲਾਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਹਾਂਗੀਰ ਦੇ ਹੁਕਮ ਨਾਲ ਗਵਾਲੀਅਰ ਦੇ ਕਿਲੇ ਵਿਚ ਬੰਦ ਕੀਤਾ ਗਿਆ। ਇਸ ਵਿਚ ਤਾਂ ਦੋ ਦਲੀਲਾਂ ਨਹੀਂ ਹੋ ਸਕਦੀਆਂ ਕਿ ਕਿਸੇ ਡੂੰਘੀ ਨਾਰਾਜ਼ਗੀ ਕਾਰਨ ਹੀ ਬਾਦਸ਼ਾਹ ਨੇ ਉਹਨਾਂ ਨਾਲ ਅਜਿਹਾ ਵਰਤਾਉ ਕੀਤਾ। ਉਂਜ ਤਾਂ ਇਹ ਅਸੰਭਵ ਹੈ ਪਰ ਫਿਰ ਵੀ ਫ਼ਰਜ਼ ਕਰ ਲਵੋ ਕਿ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਦੇ ਬਾਵਜੂਦ ਬਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਰਤਜ਼ਾ ਖ਼ਾਂ ਵੱਲੋਂ ਕੀਤੀ ਜਾਣ ਵਾਲੀ ਗ੍ਰਿਫ਼ਤਾਰੀ ਵਿਚ ਅਟਕਾਰ ਪੈ ਗਈ ਸੀ, ਪਰ ਜਦੋਂ ਜਹਾਂਗੀਰ ਨੂੰ ਗੁਰੂ ਸਾਹਿਬ

ਨੂੰ ਦੂਸਰੀ ਵਾਰ ਸਜ਼ਾ ਦੇਣ ਦਾ ਮੌਕਾ ਮਿਲਿਆ, ਤਾਂ ਸਜ਼ਾ ਸਿਰਫ਼ ਗ੍ਰਿਫ਼ਤਾਰੀ ਤਕ ਹੀ ਕਿਵੇਂ ਸੀਮਤ ਹੋ ਗਈ। ਦੋ ਵਾਰ ਹੋਈ ਹੁਕਮ ਅਦੂਲੀ ਉੱਤੇ ਬਾਦਸ਼ਾਹੀ ਕਹਿਰ ਤਾਂ ਇਸ ਨਾਲੋਂ ਕਿਤੇ ਵੱਡਾ ਹੋਣਾ ਸੀ। 'ਤੁਜ਼ਕ' ਦੀ ਲਿਖਤ ਦੀ ਲੋਅ ਵਿਚ ਵਿਸ਼ਲੇਸ਼ਣ ਕੀਤਿਆਂ ਤਾਂ ਗੁਰੂ ਸਾਹਿਬ ਦਾ, ਪਿਤਾ ਦੀ ਸ਼ਹਾਦਤ ਪਿੱਛੋਂ ਗੁਰਗੱਦੀ ਉੱਤੇ ਬੈਠਣਾ ਅਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣੀਆਂ ਵੀ ਬਾਦਸ਼ਾਹ ਨੂੰ ਅਤਿ ਦਾ ਬਗ਼ਾਵਤੀ ਸੰਕੇਤ ਲੱਗਣਾ ਸੀ। ਗਵਾਲੀਅਰ ਦੇ ਕ਼ਿਲੇ ਵਿਚ ਕੈਦ ਹੋਣ ਤਕ ਤਾਂ ਸਾਈਂ ਮੀਆਂ ਮੀਰ ਵੀ ਗੁਰੂ ਸਾਹਿਬ ਦੇ ਸੰਬੰਧ ਵਿਚ ਬਾਦਸ਼ਾਹ ਨੂੰ ਮਿਲੇ ਸਾਬਤ ਨਹੀਂ ਹੁੰਦੇ। (ਨਹੀਂ ਤਾਂ ਉਹ ਕੈਦ ਹੀ ਕਿਉਂ ਹੁੰਦੇ ?)

3. ਅਸੀਂ ਜਾਣਦੇ ਹਾਂ ਕਿ 'ਤੁਜ਼ਕ' ਦੇ ਦਰਜਨ ਤੋਂ ਵਧੀਕ ਮਤਨ ਮਿਲਦੇ ਹਨ, ਜਿਹਨਾਂ ਵਿਚਲੀਆਂ ਘਟਨਾਵਾਂ ਅਤੇ ਸਮਾਚਾਰਾਂ ਵਿਚ ਤਰ੍ਹਾਂ ਤਰ੍ਹਾਂ ਦੇ ਸਵੈ-ਵਿਰੋਧ ਅਤੇ ਭਿੰਨਤਾਵਾਂ ਮੌਜੂਦ ਹਨ। ਤਗੜੇ ਇਤਿਹਾਸਕਾਰ ਸਹਿਮਤ ਹਨ ਕਿ ਵੱਖ ਵੱਖ ਸਿਰਲੇਖਾਂ ਹੇਠ ਮਿਲਦੇ 'ਤੁਜ਼ਕ' ਇਤਿਹਾਸਾਂ ਦੀ ਪ੍ਰਮਾਣਿਕਤਾ ਨਿਸ਼ਚਿਤ ਨਹੀਂ। ਜਹਾਂਗੀਰ ਨੇ ਕਿਸੇ 'ਤੁਜ਼ਕ' ਦਾ ਥੋੜ੍ਹਾ ਹਿੱਸਾ ਹੀ ਆਪ ਲਿਖਿਆ ਸੀ; ਬਾਕੀ ਕੰਮ ਬਾਦਸ਼ਾਹ ਦੇ ਵਿਸ਼ਵਾਸ-ਪਾਤਰ ਵਿਦਵਾਨਾਂ ਨੇ ਹੀ ਕੀਤਾ ਸੀ। ਜਦੋਂ 'ਤੁਜ਼ਕ' ਦੇ ਸ਼ਹਾਦਤ ਬਿਆਨ ਕਰਦੇ ਪੈਰੇ ਦੇ ਵਿਸ਼ੇ ਦਾ ਮੁਖ ਭਾਗ ਗੁਰੂ ਜੀਵਨ ਨਾਲ ਮੇਲ ਹੀ ਨਹੀਂ ਖਾਂਦਾ, ਤਾਂ ਉਸਨੂੰ ਇਤਿਹਾਸਕ ਸੱਚ ਕਿਵੇਂ ਮੰਨਿਆ ਜਾ ਸਕਦਾ ਹੈ ?

4. 'ਤੁਜ਼ਕ' ਵਾਲੇ ਪੈਰੇ ਵਿਚ ਜਹਾਂਗੀਰ ਗੁਰੂ ਅਰਜਨ ਸਾਹਿਬ ਨੂੰ ਗੋਇੰਦਵਾਲ ਦੇ ਨਿਵਾਸੀ ਦਸਦਾ ਹੈ, ਜਦੋਂ ਕਿ ਗੁਰੂ ਸਾਹਿਬ ਦੇ ਧਰਮ ਦੀਆਂ ਅਧਿਆਤਮਕ ਤੇ ਇਖ਼ਲਾਕੀ ਗਤੀ-ਵਿਧੀਆਂ ਦਾ ਕੇਂਦਰ ਰਾਮਦਾਸਪੁਰ (ਸ੍ਰੀ ਅੰਮ੍ਰਿਤਸਰ) ਸੀ। *ਦਬਿਸਤਾਨਿ ਮਜ਼ਾਹਿਬ* ਸਿੱਧੇ ਬਿਆਨ ਰਾਹੀਂ, ਪਰ ਗੁਰੂ ਗ੍ਰੰਥ ਸਾਹਿਬ ਅਸਿੱਧੇ ਅਤੇ ਨਾਲ ਹੀ ਅਤਿ ਯਕੀਨੀ ਅੰਦਾਜ਼ ਵਿਚ ਇਸ ਸੱਚ ਦੀ ਪੁਸ਼ਟੀ ਕਰਦੇ ਹਨ। 'ਤੁਜ਼ਕ' ਦੇ ਬਿਆਨ ਤੋਂ ਸਪੱਸ਼ਟ ਹੈ ਕਿ ਐਨੀ ਕੌੜੱਤਣ ਉਭਾਰਦੀ ਲਿਖਤ ਦੇ ਹੁੰਦਿਆਂ ਆਪਣੇ ਵਿਰੋਧੀ ਦੇ ਨਗਰ ਬਾਰੇ ਜਹਾਂਗੀਰ ਐਨਾ ਅਣਜਾਣ ਨਹੀਂ ਸੀ ਹੋ ਸਕਦਾ।

5. ਅਸੀਂ ਆਪਣੇ ਅਧਿਐਨ ਰਾਹੀਂ ਸਹੀ ਕੀਤਾ ਹੈ ਕਿ *ਤਾਰੀਖ਼ੇ ਸਲੀਮ ਸ਼ਾਹੀ* (ਅੰਗਰੇਜ਼ੀ ਅਨੁਵਾਦਕ : ਮੇਜਰ ਡੇਵਿਡ ਪ੍ਰਾਈਸ) 'ਤੁਜ਼ਕ' ਦਾ ਇਕ ਖ਼ਾਲਸ, ਗੁੰਦਵਾਂ, ਕੇਂਦਰੀ ਅਤੇ ਕੁਦਰਤੀ ਰੂਪ ਹੈ, ਅਤੇ ਉਸਦਾ ਉਤਾਰੇ ਵਾਲਾ ਮਤਨ ਵੀ ਸਭ ਤੋਂ ਪੁਰਾਣੀ 'ਤੁਜ਼ਕ' (1630 ਈ.) ਹੋਣ ਦੀ ਗਵਾਹੀ ਦਿੰਦਾ ਹੈ, ਪਰ ਉਸ ਵਿਚ ਉਪਰੋਕਤ ਪੈਰਾ ਨਹੀਂ।

ਡਾ. ਗੰਡਾ ਸਿੰਘ ਅਤੇ ਸਿਰਦਾਰ ਕਪੂਰ ਸਿੰਘ *ਮਕਤੂਬਾਤ* ਵਿਚ ਮੁਰਤਜ਼ਾ ਖ਼ਾਂ ਵੱਲ ਲਿਖੇ ਇਕ ਖ਼ਤ ਦੀਆਂ ਕੁਝ ਸਤਰਾਂ ਦਾ ਸਹਾਰਾ ਲੈਂਦੇ ਹੋਏ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦਾ ਦੂਸਰਾ ਦੋਸ਼ੀ ਅਹਿਮਦ ਸਰਹਿੰਦੀ (ਮੁਜੱਦਦ ਅਲਫ਼ਸਾਨੀ) ਨੂੰ ਗਰਦਾਨਦੇ ਹਨ। ਸਾਡੀ ਇਸ ਬਾਰੇ ਅਰਜ਼ ਹੈ ਕਿ ਇਸ ਖ਼ਤ ਦੀਆਂ ਇਹ ਸਤਰਾਂ ਵੀ

ਇਤਿਹਾਸਕ ਹਕੀਕਤ ਦੇ ਅੰਤਰ ਵਿਰੋਧ ਵਿਚ ਖੜੀਆਂ ਹਨ। ਕੁਝ ਸੰਕੇਤ ਹਾਜ਼ਰ ਹਨ :

1. ਮੁਜੱਦਦ ਦੀ ਜਹਾਂਗੀਰ ਨਾਲ ਪਛਾਣ ਉਸਦੇ ਰਾਜ ਦੇ ਪੰਦਰ੍ਹਵੇਂ ਅਤੇ ਅਠਾਰ੍ਹਵੇਂ ਸਾਲ ਵਿਚ ਪੂਰੀ ਤਰ੍ਹਾਂ ਹੋਈ, ਪਰ ਫੇਰ ਵੀ ਬਾਦਸ਼ਾਹ ਨੇ ਉਸਦੀ ਫ਼ਕੀਰੀ ਨੂੰ ਕਦੇ ਵੀ ਰਸ਼ਕਯੋਗ ਰੁਤਬਾ ਨਾ ਦਿੱਤਾ। ਮੁਜੱਦਦ ਦੀ ਕੈਦ ਵਿਚੋਂ ਰਿਹਾਈ ਪਿੱਛੋਂ ਵੀ ਬਾਦਸ਼ਾਹ ਦਾ ਉਸ ਨਾਲ ਵਰਤਾਉ ਲਘੂ ਮਾਨਵ ਉੱਤੇ ਕਿਸੇ ਮਹਾਂ ਮਾਨਵ ਦੇ ਤਰਸ ਕਰਨ ਵਾਂਗ ਹੀ ਸੀ।

2. ਉਪਰੋਕਤ ਦੋਵਾਂ ਸਿੱਖ ਵਿਦਵਾਨਾਂ ਦੇ ਤਰਜਮੇ ਅਨੁਸਾਰ ਮੁਜੱਦਦ ਨੇ ਗੁਰੂ ਅਰਜਨ ਸਾਹਿਬ ਨੂੰ 'ਗੋਇੰਦਵਾਲ ਦਾ ਲਾਅਨਤੀ ਕਾਫ਼ਰ' ਕਿਹਾ ਸੀ। ਜੇ ਇਹ ਤਰਜਮਾ ਠੀਕ ਹੈ, ਤਾਂ ਇਹ ਕਹਾਂਗਾ ਕਿ ਪੰਚਮ ਪਾਤਸ਼ਾਹ ਗੋਇੰਦਵਾਲ ਦੇ ਨਹੀਂ ਸਨ। ਜਹਾਂਗੀਰ ਦੇ ਪਿੱਛੇ ਕਥਿਤ 'ਤੁਜ਼ਕ' ਵਾਲੇ ਬਿਆਨ ਵਿਚ ਵੀ ਇਹੋ ਗ਼ਲਤੀ ਹੈ। ਵੱਖਰੀਆਂ ਥਾਵਾਂ ਅਤੇ ਵੱਖਰੇ ਰੁਤਬੇ ਵਾਲੇ ਵਿਅਕਤੀਆਂ ਦੇ ਗ਼ਲਤ ਬਿਆਨਾਂ ਵਿਚ ਐਨੀ ਸਮਾਨਤਾ ਅਤੇ ਐਸਾ ਮੌਕਾ ਮੇਲ ਹੋਣਾ ਗ਼ੈਰ-ਕੁਦਰਤੀ ਜਾਪਦਾ ਹੈ। ਨਾਲੇ 'ਤੁਜ਼ਕ' ਅਨੁਸਾਰ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਮੁਰਤਜ਼ਾ ਖ਼ਾਂ ਦਾ ਸਿੱਧਾ ਸੰਬੰਧ ਹੈ। ਫਿਰ ਅਜਿਹੀ ਸਥਿਤੀ ਵਿਚ ਇਸ ਸ਼ੈਤਾਨੀ ਅਮਲ ਨੂੰ ਮੁਜੱਦਦ ਨੇ ਸਿਰਫ਼ ਜਹਾਂਗੀਰ ਨਾਲ ਹੀ ਕਿਉਂ ਜੋੜਨਾ ਸੀ, ਮੁਰਤਜ਼ਾ ਖ਼ਾਂ ਨੂੰ ਇਸ ਤੋਂ ਕਿਉਂ ਨਫ਼ੀ ਕਰਨਾ ਸੀ ? ਉਹ ਮੁਰਤਜ਼ਾ ਖ਼ਾਂ ਨੂੰ ਬਾਦਸ਼ਾਹ ਵਲੋਂ 'ਕਾਫ਼ਰ ਦੇ ਕਤਲ ਹੋਣ' ਦਾ ਸੁਪਨਾ ਦੱਸਣ ਦੀ ਥਾਂ ਉਸਨੂੰ ਸਿੱਧੀ ਵਧਾਈ ਹੀ ਦਿੰਦਾ। ਜੇ ਮੁਜੱਦਦ ਦਾ ਮੁਰਤਜ਼ਾ ਖ਼ਾਂ ਨਾਲ ਖ਼ਤ ਲਿਖਣ ਤਕ ਦਾ ਨੇੜ ਸੰਬੰਧ ਸੀ, ਤਾਂ ਉਸਨੂੰ ਗੁਰੂ-ਸ਼ਹਾਦਤ ਵਿਚ ਮੁਰਤਜ਼ਾ ਖ਼ਾਂ ਦੇ ਹੱਥ ਹੋਣ ਦਾ ਵੀ ਪਤਾ ਹੋਣਾ ਸੀ। ਸੋ, ਸਾਡੀ ਵਿਆਖਿਆ ਅਨੁਸਾਰ 'ਤੁਜ਼ਕ' ਅਤੇ 'ਮਕਤੂਬਾਤ' ਵਿਚਲੇ ਦੋਵੇਂ ਬਿਆਨ ਦਰੁਸਤ ਨਹੀਂ। ਮੁਜੱਦਦ ਦੀ ਖ਼ਤ ਨੰਬਰ 193 ਵਿਚ ਗੁਰੂ ਸ਼ਹੀਦੀ ਬਾਰੇ ਟਿੱਪਣੀ ਜੇ ਠੀਕ ਹੋਵੇ ਤਾਂ ਇਸਦਾ ਜ਼ਿਕਰ ਬਿਲਕੁਲ ਵਖਰੇ ਅਤੇ ਯਥਾਰਥਕ ਅੰਦਾਜ਼ ਵਿਚ ਹੋਣਾ ਚਾਹੀਦਾ ਸੀ।

3. ਮਕਤੂਬਾਤ ਦੇ ਮਹਾਨ ਵਿਸ਼ੇਸ਼ਗਾਂ ਹਜ਼ਰਤ ਮੌਲਵੀ ਕਾਜ਼ੀ ਆਲਮ-ਉਲ-ਦੀਨ ਅਤੇ ਖ਼ਲੀਫ਼ਾ ਹਜ਼ਰਤ ਹਾਜੀ ਹਾਫ਼ਜ਼ ਮੁਹੰਮਦ ਅਬਦੁਲ ਕਰੀਮ ਨੇ ਉਪਰੋਕਤ ਬਿਆਨ ਦਾ ਤਰਜਮਾ ਵੱਖਰੀ ਤਰ੍ਹਾਂ ਕਰ ਕੇ ਮੁਜੱਦਦ ਦਾ ਪੰਚਮ ਪਾਤਸ਼ਾਹ ਦੀ ਸ਼ਹਾਦਤ ਨਾਲ ਕੋਈ ਲਗਾਉ ਹੀ ਨਹੀਂ ਰਹਿਣ ਦਿੱਤਾ। ਉਹਨਾਂ ਅਨੁਸਾਰ ਇਤਿਹਾਸ ਬਣਾਉਂਦੀ ਸਤਰ ਦਾ ਤਰਜਮਾ ਇਸ ਪ੍ਰਕਾਰ ਹੈ : "ਕਾਫ਼ਰੇ ਲਾਅਈਨ ਗੋਬਿੰਦ ਔਰ ਉਸ ਕੀ ਔਲਾਦ ਕਾ ਮਾਰਾ ਜਾਨਾ ਖ਼ੂਬ ਹੁਆ.....।" ਜੇ ਇਸ ਤਰਜਮਾਏ ਪ੍ਰਸੰਗ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਅਤੇ ਉਹਨਾਂ ਦੇ ਪਰਿਵਾਰ ਦੀਆਂ ਸ਼ਹੀਦੀਆਂ ਨਾਲ ਹੈ, ਤਾਂ ਇਹਨਾਂ ਸਤਰਾਂ ਨੂੰ ਬਹੁਤ ਪਿੱਛੋਂ ਦੇ ਸਮੇ ਦੀ ਰਚਨਾ ਦੇ ਤੌਰ ਉੱਤੇ ਜਾਅਲੀ ਜਾਂ ਝੂਠੀ ਮਿਲਾਵਟ ਹੀ ਮੰਨਣਾ ਪਵੇਗਾ। (ਇਹਨਾਂ ਅਤੇ ਤੁਜ਼ਕ ਵਾਲੇ ਉਪਰੋਕਤ ਨੁਕਤਿਆਂ ਦੀ ਵਿਸਥਾਰਮਈ ਵਿਆਖਿਆ ਲਈ *ਸਹਿਜੇ ਰਚਿਓ ਖ਼ਾਲਸਾ* ਦੀ 'ਜ਼ਫ਼ਰਨਾਮਹ' ਵਾਲੀ ਕਿਤਾਬ ਵੇਖੋ।)

ਏਥੇ ਇਹ ਵਰਣਨਯੋਗ ਹੈ ਕਿ ਆਧੁਨਿਕ ਇਤਿਹਾਸਕਾਰਾਂ ਦੀ ਬਹੁ-ਗਿਣਤੀ ਨੇ *ਤੁਜ਼ਕਿ ਜਹਾਂਗੀਰੀ*, *ਮਕਤੂਬਾਤ* ਅਤੇ ਸਾਕੀ ਮੁਸਤਾਅਦ ਖ਼ਾਂ ਦੀ *ਮਆਸਿਰਿ ਆਲਮਗੀਰੀ* ਦੇ ਘਟਨਾ ਅਤੇ ਮਿਤੀ/ਹਵਾਲਿਆਂ ਦੀ ਇਤਿਹਾਸਕ ਤੱਥਾਂ ਦੇ ਤੌਰ ਉੱਤੇ ਪੈਰਵੀ ਅਤੇ ਵਰਤੋਂ ਇਤਿਹਾਸ ਨਾਲੋਂ ਆਪਣੀ ਲੋੜ ਨੂੰ ਮੁੱਖ ਰੱਖ ਕੇ ਵਧੇਰੇ ਕੀਤੀ ਹੈ। ਯੂਨੀਵਰਸਿਟੀ ਥੀਸਿਸਾਂ ਦੇ ਲੇਖਕਾਂ ਵਾਂਗ ਇਹਨਾਂ ਇਤਿਹਾਸਕਾਰਾਂ ਦੀ ਮੁੱਖ ਲੋੜ ਅਤੇ ਰੁਚੀ ਸੱਚ ਦੀ ਸਥਾਪਤੀ ਨਾਲੋਂ ਆਪਣੇ ਸੰਸਾਰਕ ਮਨੋਰਥਾਂ ਦੀ ਪੂਰਤੀ ਅਤੇ ਆਪਣੀ ਮਾਨਸਿਕਤਾ ਜਾਂ ਗਿਆਨਮਈ ਹਉਂ ਦੀ ਪਰਧਾਨਤਾ ਨੂੰ ਸਥਾਪਤ ਕਰਨ ਵੱਲ ਵਧੇਰੇ ਹੈ। ਡਾ. ਗੰਡਾ ਸਿੰਘ ਅਤੇ ਡਾ. ਫ਼ੌਜਾ ਸਿੰਘ ਨੇ ਇਹ ਸਾਬਤ ਕਰਨ ਲਈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਮੇਂ ਔਰੰਗਜ਼ੇਬ ਦਿੱਲੀ ਵਿਚ ਹੋਣ ਦੀ ਥਾਂ ਹਸਨ ਅਬਦਾਲ ਵਿਚ ਸੀ, *ਮਆਸਿਰਿ ਆਲਮਗੀਰੀ* ਦੀਆਂ ਮਿਤੀਆਂ ਨੂੰ ਰੱਬੀ ਫ਼ੁਰਮਾਨ ਵਾਂਗ ਮੰਨਿਆ ਹੈ। ਦੋਵੇਂ ਇਤਿਹਾਸਕਾਰ ਆਪਣੀ ਗਿਆਨਮਈ ਹਉਂ ਵਿਚ ਐਨੇ ਮਖ਼ਮੂਰ ਹਨ ਕਿ ਆਪਣੇ ਮਿਤੀ-ਤੱਥ ਦੀ ਪ੍ਰਮਾਣਿਕਤਾ ਦਰਸਾਉਂਦਿਆਂ ਉਹਨਾਂ ਨ ਤਾਂ *ਮਆਸਿਰਿ ਆਲਮਗੀਰੀ* ਦੇ ਇਤਿਹਾਸਕਾਰ ਉੱਤੇ ਔਰੰਗਜ਼ੇਬ ਦੇ ਇਤਿਹਾਸ-ਵਿਰੋਧੀ ਰਵੱਈਏ ਦੇ ਅਸਰ ਨੂੰ ਹੀ ਪੜਤਾਲਿਆ, ਨਾ ਇਸ ਰੋਜ਼ਨਾਮਚਾ-ਸ਼ੈਲੀ ਵਿਚ ਲਿਖੇ ਇਤਿਹਾਸ ਵਿਚ ਇਤਿਹਾਸਕਾਰ ਦੀ ਯਾਦਦਾਸ਼ਤ ਦੀਆਂ ਸੀਮਾਵਾਂ ਵੱਲ ਧਿਆਨ ਦਿੱਤਾ, ਨ ਰੋਜ਼ਨਾਮਚਾ- ਵਿਧੀ ਦੀ ਪਾਲਣਾ ਵਿਚ ਇਤਿਹਾਸਕਾਰ ਦੀ ਬਾਕਾਇਦਗੀ ਅਤੇ ਅਨੁਸ਼ਾਸਨ ਦਾ ਪਤਾ ਲਗਾਇਆ ਅਤੇ ਨ ਸਮਕਾਲੀ ਇਤਿਹਾਸਾਂ, ਖ਼ਾਸਕਰ *ਮੁੰਤਖ਼ਬ-ਉਲ-ਲੁਬਾਬ* ਨਾਲ *ਮਆਸਿਰਿ ਆਲਮਗੀਰੀ* ਦੀਆਂ ਮਿਤੀਆਂ ਦੇ ਮੁਕਾਬਲੇ ਰਾਹੀਂ ਇਤਿਹਾਸਕ ਸੱਚ ਨੂੰ ਹੀ ਨਿਤਾਰਿਆ। ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਦੇ ਬਹੁਤ ਥੋੜ੍ਹੇ ਸਮੇ ਪਿੱਛੋਂ ਅਤੇ ਉਹਨਾਂ ਦੇ ਸੈਂਕੜੇ ਸਿੰਘਾਂ ਨੇ ਜਿਉਂਦਿਆਂ ਕੋਇਰ ਸਿੰਘ ਦੇ *ਗੁਰ ਬਿਲਾਸ ਪਾ: ੧੦* ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਤੇ ਔਰੰਗਜ਼ੇਬ ਦੇ ਦਿੱਲੀ ਹੋਣ ਦੀ ਸ਼ਕਤੀਸ਼ਾਲੀ ਗਵਾਹੀ ਨੂੰ ਡਾ. ਗੰਡਾ ਸਿੰਘ ਨੇ ਬੜੀ ਬੇਰਹਿਮੀ ਨਾਲ ਸਮਕਾਲੀ ਰਚਨਾ "ਬਚਿੱਤ੍ਰ ਨਾਟਕ" ਦੀ ਗਵਾਹੀ ਵਾਂਗ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਕਵਿਤਾ ਵਿਚ ਹੋਣ ਕਾਰਨ ਕੋਇਰ ਸਿੰਘ ਦੀ ਗਵਾਹੀ ਵਿਚਾਰਨਯੋਗ ਨਹੀਂ, ਹਾਲਾਂਕਿ ਕੋਇਰ ਸਿੰਘ ਨੇ ਕਾਵਿ ਅਤਿਕਥਨੀ ਦਾ ਤਿਆਗ ਕਰਦਿਆਂ ਇਸ ਪ੍ਰਸੰਗ ਨੂੰ ਅਤਿ ਯਥਾਰਥਕ ਸ਼ੈਲੀ ਵਿਚ ਚਿਤਰਿਆ ਹੈ। ਦੂਜੇ ਪਾਸੇ ਆਪਣੇ ਇਤਿਹਾਸ-ਸਿਧਾਂਤਾਂ ਦੇ ਸਵੈ-ਵਿਰੋਧ ਵਿਚ ਲੋੜ ਪੈਣ ਉੱਤੇ ਡਾ. ਗੰਡਾ ਸਿੰਘ *ਸ੍ਰੀ ਗੁਰ ਸ਼ੋਭਾ* (ਸੈਨਾਪਤਿ) ਵਰਗੇ ਕਾਵਿ-ਗ੍ਰੰਥਾਂ ਅਤੇ ਭਾਈ ਨੰਦ ਲਾਲ ਗੋਯਾ ਦੇ ਫ਼ਾਰਸੀ ਕਾਵਿ ਮਤਨਾਂ ਤੋਂ ਆਪਣੀਆਂ ਇਤਿਹਾਸਕ ਟਿੱਪਣੀਆਂ ਦੀ ਪੁਸ਼ਟੀ ਕਰਵਾ ਵੀ ਲੈਂਦੇ ਹਨ ਅਤੇ ਗੁਰੂ ਸਾਹਿਬ ਦੀ ਸ਼ਹੀਦੀ ਸਮੇ ਔਰੰਗਜ਼ੇਬ ਦੇ ਹਾਜ਼ਰ ਹੋਣ ਦੀ ਗਵਾਹੀ ਦਿੰਦੇ ਯੂਰਪੀ ਲੇਖਕਾਂ ਦੇ ਹਵਾਲਿਆਂ ਨੂੰ ਗਿਆਨਮਈ ਹਉਂ ਵਿਚੋਂ ਉਪਜਦੇ ਆਪਣੇ ਸੁਆਰਥ ਅਧੀਨ ਕੋਈ ਅਣਇਤਿਹਾਸਕ ਅਤੇ ਅਣਤਾਰਕਿਕ ਸੁੰਨ ਜੇਹੀ ਵਰਤਾ ਕੇ ਅਣਡਿੱਠ ਵੀ ਕਰ ਦਿੰਦੇ ਹਨ। ਇਉਂ ਇਤਿਹਾਸਕਾਰ ਦਾ ਸੁਆਰਥ ਇਕੋ ਸਿਧਾਂਤ ਨੂੰ ਇਤਿਹਾਸ ਦੇ ਵੱਖੋ ਵੱਖ ਪੱਧਰਾਂ ਉੱਤੇ ਵਰਤਣ ਦੀ ਅਨੈਤਿਕ ਖੁੱਲ੍ਹ ਲੈ ਲੈਂਦਾ ਹੈ।

ਖ਼ਾਸ ਮਾਹੌਲ, ਬੰਧਨਾਂ ਅਤੇ ਮਾਨਸਿਕਤਾ ਦੇ ਅਧੀਨ ਲਿਖੀਆਂ ਸੂਚਨਾਵਾਂ (ਬਾਦਸ਼ਾਹੀ ਹੁਕਮ ਵਗੈਰਾ) ਅਤੇ ਰਚਨਾਵਾਂ ਇਤਿਹਾਸਕਾਰ ਦੇ ਦ੍ਰਿਸ਼ਟੀਕੋਣ ਵਿਚੋਂ ਦੀ

ਗੁਜ਼ਰਦੀਆਂ ਹੋਈਆਂ ਅਸਲੀਅਤ ਦੇ ਬਹੁਤ ਘੱਟ ਦਰਸ਼ਨ ਕਰਵਾਉਂਦੀਆਂ ਹਨ। ਇਹ ਇਤਿਹਾਸਕਾਰ ਦੀ ਰੁਚੀ ਅਨੁਸਾਰ ਬੇਲੋੜਾ ਫੈਲਦੀਆਂ, ਸੁੰਗੜਦੀਆਂ, ਕਰੂਪ ਹੁੰਦੀਆਂ ਜਾਂ ਵਿਗਾੜ-ਰੂਪ ਵਿਚ ਇਤਿਹਾਸਕ ਦ੍ਰਿਸ਼ ਬਣਾਉਂਦੀਆਂ ਹਨ। ਮਿਸਾਲ ਲਈ, ਜਦ ਦਸਮ ਪਾਤਸ਼ਾਹ ਦਾ ਜ਼ਫ਼ਰਨਾਮਹ ਔਰੰਗਜ਼ੇਬ ਨੂੰ ਪਹੁੰਚਦਾ ਹੈ ਤਾਂ *ਅਹਕਾਮਿ ਆਲਮਗੀਰੀ* (ਸੰਪਾਦਕ : ਮਿਰਜ਼ਾ ਅਨਾਇਤ ਉੱਲਾ ਖ਼ਾਂ) ਦੀ ਲਿਖਤ ਕਿਸੇ ਜ਼ਫ਼ਰਨਾਮਹ (ਵਿਜੈ-ਪੱਤਰ) ਦਾ ਪਤਾ ਨਹੀਂ ਦਿੰਦੀ, ਸਗੋਂ ਗੁਰੂ ਜੀ ਦੇ ਇਤਿਹਾਸਕ ਕਾਵਿ-ਪ੍ਰਤਿਕਰਮ ਨੂੰ ਵੱਧ ਤੋਂ ਵੱਧ ਇਕ ਅਰਜ਼ੀ ਮੰਨਦੀ ਹੈ ਅਤੇ ਔਰੰਗਜ਼ੇਬ ਦੇ ਨਰਮ ਵਤੀਰੇ ਨੂੰ ਪਰਜਾ ਦੇ ਇਕ ਪ੍ਰਸਿੱਧ ਵਿਅਕਤੀ ਉੱਤੇ ਕੀਤਾ ਰਹਿਮ ਹੀ ਦਰਸਾਉਂਦੀ ਹੈ। ਡਾ. ਗੰਡਾ ਸਿੰਘ ਨੇ ਜ਼ਫ਼ਰਨਾਮਹ ਦੇ ਮਤਨ ਦੀ ਜਾਣਕਾਰੀ ਹੋਣ ਕਾਰਨ *ਅਹਕਾਮਿ ਆਲਮਗੀਰੀ* ਦੀ ਦਰੁਸਤ ਵਿਆਖਿਆ ਕੀਤੀ ਹੈ, ਪਰ ਮੁਸਲਮਾਨ ਇਤਿਹਾਸਕਾਰ ਇਸ ਲਿਖਤੀ ਤੱਥ ਦੇ ਹਿਸਾਬ ਨਾਲ ਅਜਿਹੇ ਨਤੀਜੇ ਉੱਤੇ ਨਹੀਂ ਪਹੁੰਚਣਗੇ, ਬਲਕਿ ਇਸਦੇ ਸ਼ਾਬਦਿਕ ਅਰਥਾਂ ਪਿੱਛੇ ਜਾਣਗੇ। ਇਸੇ ਤਰ੍ਹਾਂ *ਅਖ਼ਬਾਰਿ ਦਰਬਾਰਿ ਮੁਅੱਲਾ* ਦੀ ਇਕ ਸੂਚਨਾ ਅਤੇ ਉਸਦੀ ਪੁਸ਼ਟੀ ਕਰਦੇ ਇਕ ਹੁਕਮਨਾਮੇ ਅਨੁਸਾਰ ਦਸਮ ਪਾਤਸ਼ਾਹ ਦੀ ਬਹਾਦਰਸ਼ਾਹ ਨਾਲ ਆਗਰੇ ਵਿਖੇ 24 ਜੁਲਾਈ, 1707 ਈ: ਨੂੰ ਹੋਈ ਮੁਲਾਕਾਤ ਦੇ ਅਰਥ ਮੁਸਲਮਾਨ ਅਤੇ ਸਿੱਖ ਇਤਿਹਾਸਕਾਰ ਵੱਖੋ ਵੱਖ ਦ੍ਰਿਸ਼ਟੀਕੋਣਾਂ ਤੋਂ ਲੈਣਗੇ। ਸਿੱਖ ਇਤਿਹਾਸਕਾਰ ਗੁਰੂ ਜੀ ਦੇ ਸ਼ਾਹੀ ਦਰਬਾਰ ਵਿਚ ਹੱਥਿਆਰਾਂ ਸਮੇਤ ਆਉਣ ਅਤੇ ਬਾਦਸ਼ਾਹ ਵੱਲੋਂ 'ਖ਼ਿਲਅਤ' ਅਤੇ 'ਪਦਕਿ ਮੁਰਸ਼ਾ' ਦੇ ਤੁਹਫ਼ੇ ਦਿੱਤੇ ਜਾਣ ਨੂੰ ਮੁਰੀਦ ਬਾਦਸ਼ਾਹ ਵੱਲੋਂ ਇਲਾਹੀ ਮਹਾਨਤਾ ਵਾਲੇ ਦਰਵੇਸ਼ ਦਾ ਕੀਤਾ ਗਿਆ ਸੁਆਗਤ ਮੰਨਣਗੇ, ਜਦੋਂ ਕਿ ਮੁਸਲਮਾਨ ਇਤਿਹਾਸਕਾਰ ਇਸ ਮੁਲਾਕਾਤ ਨੂੰ ਸ਼ਾਹੀ ਪਰਜਾ ਦੇ ਇਕ ਗੁਣਸ਼ੀਲ ਵਿਅਕਤੀ ਦਾ ਉਸਦੀਆਂ ਸੇਵਾਵਾਂ ਕਾਰਨ ਦਰਬਾਰ ਵਿਚ ਬਾਦਸ਼ਾਹ ਵੱਲੋਂ ਇਨਾਮ ਦੀ ਸ਼ਕਲ ਵਿਚ ਕੀਤਾ ਜਾਣ ਵਾਲਾ ਸਨਮਾਨ ਹੀ ਗਰਦਾਨਣਗੇ। (ਵੀਹਵੀਂ ਸਦੀ ਤਕ ਦੇ ਮੁਸਲਮਾਨ ਇਤਿਹਾਸਕਾਰਾਂ ਦੀ ਗੁਰੂ ਜੀ ਦੀ ਬਹਾਦਰਸ਼ਾਹ ਦੀ ਮੁਲਾਜ਼ਮਤ ਕਰਨ ਦੀ ਗ਼ਲਤ ਮਿੱਥ ਦਾ ਸੋਮਾ ਅਜਿਹੀਆਂ ਲਿਖਤਾਂ ਵਿਚੋਂ ਹੀ ਉਤਪੰਨ ਹੋਇਆ।) ਵੀਹਵੀਂ ਸਦੀ ਦੇ ਅੰਤਮ ਸਾਲ ਤਕ ਕੁਝ ਨੀਮ ਅਡੰਬਰੀ ਬ੍ਰਾਹਮਣਵਾਦੀ ਇਤਿਹਾਸਕਾਰ ਅਤੇ ਮੈਕਲੋਡ-ਬਿਰਤੀ ਦੀ ਪੈਰਵੀ ਕਰਨ ਵਾਲੇ ਕੁਝ ਸਿੱਖ ਖੋਜੀ ਵੀ ਅਜਿਹੇ ਦਰਜਨਾਂ ਤੁਅੱਸਬੀ ਤੱਥਾਂ ਵਿਚ ਬਿਅੰਕਰ ਸ਼ੈਤਾਨੀ ਮਿਲਾਵਟਾਂ ਸ਼ਾਮਿਲ ਕਰ ਕੇ ਸਿੱਖ ਇਤਿਹਾਸ ਦਾ ਰੂਪ ਵਿਗਾੜ ਰਹੇ ਹਨ।

-3-

ਖ਼ਿਆਲ ਦੇ ਇਸ ਮੋੜ ਉੱਤੇ ਸਿੱਖ ਇਤਿਹਾਸ ਦੇ ਉਸ ਰੋਗੀ ਤੱਥ-ਜਗਤ ਨੂੰ ਵਿਚਾਰਨ ਦੀ ਲੋੜ ਹੈ, ਜਿਸਨੇ ਇਸਦੀ ਦਿੱਖ ਨੂੰ ਵਿਗਾੜਨ ਦੇ ਨਾਲ ਹੀ ਹੋਣਹਾਰ ਤੱਥ-ਉਪਾਸ਼ਕ ਇਤਿਹਾਸਕਾਰਾਂ ਅਤੇ ਹੱਥ-ਲਿਖਤਾਂ ਦੇ ਵਿਦਵਾਨ ਖੋਜੀਆਂ ਦੇ ਸੁਆਰਥੀ ਟੀਚਿਆਂ ਨੂੰ ਉਤਸ਼ਾਹਤ ਕਰਦਿਆਂ ਉਹਨਾਂ ਦੀ ਰਚਨਾਤਮਕ ਦ੍ਰਿਸ਼ਟੀ ਨੂੰ ਗੁਮਰਾਹ ਕੀਤਾ। ਏਥੋਂ ਤਕ ਕਿ ਜਾਅਲੀ ਅਤੇ ਰੋਗੀ ਤੱਥਾਂ ਦੇ ਸਥਾਪਤ ਹੋ ਚੁੱਕੇ ਰੂਪਾਂ ਨੇ ਵੀਹਵੀਂ ਸਦੀ ਦੇ ਈਮਾਨਦਾਰ ਗੁਰਮਤ-ਵਿਆਖਿਆਕਾਰਾਂ ਦੇ ਦ੍ਰਿਸ਼ਟੀਕੋਣਾਂ ਨੂੰ ਵੀ ਪ੍ਰਭਾਵਤ ਕੀਤਾ। ਸਿੱਖ ਇਤਿਹਾਸ ਦੇ ਸਾਧਾਰਣ ਵਿਦਿਆਰਥੀ ਜਾਣਦੇ ਹਨ ਕਿ ਗੁਰੂ-ਕਾਲ ਤੋਂ

ਹੀ ਸਿੱਖ-ਖ਼ਿਆਲ ਦੀ ਖ਼ਾਲਸ ਨੁਹਾਰ ਦੇ ਸਮਾਨਾਂਤਰ ਹੀ ਬ੍ਰਾਹਮਣਵਾਦੀ ਪ੍ਰਭਾਵ ਕਦੇ ਸੁਚੇਤ ਅਤੇ ਕਦੇ ਅਚੇਤ ਰੂਪ ਵਿਚ ਆਪਣੀ ਸਾਜ਼ਿਸ਼ੀ ਅਤੇ ਮੀਸਣੀ ਲੀਲ੍ਹਾ ਵਰਤਾਉਂਦਾ ਆ ਰਿਹਾ ਸੀ। ਗੁਰੂ ਗ੍ਰੰਥ ਸਾਹਿਬ ਦੇ ਟਕਸਾਲੀ ਮਤਨ ਦੇ ਪ੍ਰਕਾਸ਼ ਵਿਚ ਆਉਣ ਤੋਂ ਪਹਿਲਾਂ ਅਤੇ ਪਿੱਛੋਂ ਵੀ ਗੁਰੂ-ਕਾਲ ਵਿਚ ਗੁਰਬਾਣੀ ਦੇ ਅਸਲੀ ਅਤੇ ਨਕਲੀ ਰੂਪਾਂ ਦਾ ਮਿਸ਼ਰਣ ਵੱਖ ਵੱਖ ਖਰੜਿਆਂ ਵਿਚ ਆਪਣੀ ਥਾਂ ਬਣਾਉਂਦਾ ਰਿਹਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਕਿੰਨੀਆਂ ਹੀ ਬੀੜਾਂ ਦੀ ਹੱਥ-ਲਿਖਤ ਰਚਨਾ ਅਤੇ ਬਾਅਦ ਵਿਚ ਅਖੌਤੀ ਦਸਮ ਗ੍ਰੰਥ ਅਤੇ ਕਈ ਜਨਮਸਾਖੀਆਂ (ਖ਼ਾਸਕਰ ਬਾਲੇ ਵਾਲੀ ਜਨਮਸਾਖੀ) ਵਿਚ ਅਗਿਆਨ, ਚਾਲਾਕੀ ਅਤੇ ਸੁਆਰਥੀ ਹੱਥ ਵੀ ਆਪਣਾ ਹਿੱਸਾ ਪਾਉਂਦੇ ਰਹੇ। ਅਸੀਂ ਇਸ ਗੱਲ ਨਾਲ ਵੀ ਸਹਿਮਤ ਹਾਂ ਕਿ ਇਸ ਪ੍ਰਕਿਰਿਆ ਵਿਚ ਮਾਸੂਮੀ ਅਤੇ ਉਪਭਾਵਕ ਸ਼ਰਧਾ ਨੇ ਵੀ ਥੋੜ੍ਹਾ ਬਹੁਤਾ ਯੋਗਦਾਨ ਪਾਇਆ। ਕੁਝ ਵੀ ਹੋਵੇ, ਪਰ ਜਦ ਇਕ ਰੋਗੀ ਤੱਥ ਸਥਾਪਤ ਹੋ ਜਾਂਦਾ ਹੈ, ਤਾਂ ਭਵਿੱਖ ਦੇ ਵਿਦਵਾਨਾਂ ਦੀ ਗਿਆਨਮਈ ਹਉਂ ਅਤੇ ਦੁਨੀਆਦਾਰੀ ਸੁਆਰਥ ਇਸਦੀ ਕੁਵਰਤੋਂ ਕਰਦੇ ਹੀ ਹਨ।

19ਵੀਂ ਸਦੀ ਦੇ ਦੂਸਰੇ ਅੱਧ ਤਕ ਸਿੱਖ ਇਤਿਹਾਸ ਵਿਚ ਰੋਗੀ ਤੱਥਾਂ ਦੀ ਪਕੜ ਮਜ਼ਬੂਤ ਹੋ ਜਾਣ ਪਿੱਛੋਂ ਅਤੇ ਅੰਗਰੇਜ਼ੀ ਰਾਜ ਅਡੋਲ ਹੋਣ ਨਾਲ ਸਭ ਤੋਂ ਪਹਿਲਾਂ ਹਕੂਮਤ ਵੱਲੋਂ ਥਾਪੇ ਈਸਾਈ ਮਿਸ਼ਨਰੀ ਅਰਨੈਸਟ ਟਰੰਪ ਦੀ ਗਿਆਨ ਹਉਂ ਅਤੇ ਸ਼ਕਤੀਸ਼ਾਲੀ ਮਜ਼ਬੀ ਸੁਆਰਥ ਨੇ ਇਹਨਾਂ ਦਾ ਫ਼ਾਇਦਾ ਲਿਆ। (ਹਾਲੇ ਮੈਂ ਆਰੀਆ ਸਮਾਜੀ ਜਾਂ ਬ੍ਰਾਹਮਣਵਾਦੀ ਪ੍ਰਚਾਰਕਾਂ ਅਤੇ ਲੇਖਕਾਂ ਵੱਲ ਇਸ਼ਾਰਾ ਨਹੀਂ ਕਰਨਾ।) ਟਰੰਪ ਦਾ ਸਿੱਖ ਧਰਮ ਪ੍ਰਤੀ ਗ਼ਲਤ ਰਵੱਈਆ ਉਸਦੇ ਸਿੱਖ ਮਤ ਦੇ ਅਧੂਰੇ ਗਿਆਨ, ਕਮਜ਼ੋਰ ਸਾਹਿਤਕ ਅਨੁਭਵ ਅਤੇ ਸਿੱਟੇ ਵਜੋਂ ਉਪਜਣ ਵਾਲੀ ਅਕੇਵੇਂ ਭਰੀ ਖਿੱਝ ਵਿਚੋਂ ਢੂੰਡਿਆ ਜਾ ਸਕਦਾ ਹੈ, ਪਰ ਉਸਦਾ ਇਤਿਹਾਸਕ ਤਰਕ ਮੈਕਲੋਡ (W.H. McLeod) ਵਾਂਗ ਦਗ਼ੇਬਾਜ਼ ਅਤੇ ਝੂਠਾ ਨਹੀਂ ਅਤੇ ਨ ਉਸਦੀ ਵਾਰਤਕ-ਸ਼ੈਲੀ ਆਧੁਨਿਕ ਵਿਧੀ-ਸ਼ਾਸਤਰ ਅਤੇ ਵਿਗਿਆਨਕ ਤਰਕ ਦਾ ਮੈਕਲੋਡ ਵਾਂਗ ਕੋਈ ਵਿਖਾਵਾ ਕਰਦੀ ਹੈ। ਟਰੰਪ ਦਾ ਵਿਰੋਧ ਮਨੋਵਿਗਿਆਨਕ ਹੈ। ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਦੇ ਵਿਸ਼ੇ, ਸਰੋਦੀ ਪ੍ਰਸੰਗਾਂ ਅਤੇ ਸਭਿਆਚਾਰਕ ਰਹੱਸਾਂ ਦੀ ਹਾਥ ਸਾਧਾਰਣ ਕੋਸ਼ਾਂ ਅਤੇ ਦੋ ਬ੍ਰਾਹਮਣ ਵਿਦਵਾਨਾਂ ਦੀ ਸਹਾਇਤਾ ਨਾਲ ਲੈਣੀ ਚਾਹੁੰਦਾ ਹੈ ਅਤੇ ਜਦੋਂ ਉਸਦੀ ਸਾਹਿਤਕ ਅਨੁਭੂਤੀ ਅਤੇ ਦਰਸ਼ਨ-ਅਧਿਐਨ ਉਸਦੀ ਤਬੀਅਤ ਵਿਚ ਕੋਈ ਹੁਲਾਰਾ ਉਤਪੰਨ ਨਹੀਂ ਕਰਦੇ ਅਤੇ ਉਸਦੀ ਲਿਖਤ ਨੂੰ ਕੋਈ ਸੇਧ ਨਹੀਂ ਦਿੰਦੇ ਤਾਂ ਉਸ ਅੰਦਰ ਕੋਈ ਤੇਜ਼ਾਬੀ ਗੁਸੈਲਾਪਨ ਜਾਗਦਾ ਹੈ; ਸਿੱਟੇ ਵਜੋਂ ਉਹ ਆਪਣੀ ਕਮਜ਼ੋਰੀ ਛੁਪਾਉਣ ਲਈ ਕ੍ਰਮਵਾਰ ਚਿੜਚਿੜੇ ਅਤੇ ਸ਼ੇਖ਼ੀ-ਖ਼ੋਰ ਰੌਆਂ ਵਿਚ ਪ੍ਰਗਟ ਹੁੰਦਾ ਹੈ। ਦੂਜੇ ਪਾਸੇ ਟਰੰਪ ਕੋਲ ਸਿੱਖ ਇਤਿਹਾਸ ਦੇ ਕਿਤਾਬੀ ਆਧਾਰ ਸੋਮੇ ਵੀ ਵਿਗੜੇ ਰੂਪਾਂ ਦੀ ਵੱਡੀ ਮਾਤਰਾ ਨਾਲ ਭਰਪੂਰ ਸਨ। ਸੋ, ਗੁਰੂ ਸਾਹਿਬਾਨ ਦੇ ਜੀਵਨਾਂ ਤੇ ਵਿਅਕਤਿਤਵ ਉੱਤੇ ਟਿੱਪਣੀ ਕਰਦੇ ਸਮੇਂ ਟਰੰਪ ਦਾ ਅਕੇਵਾਂ-ਭਰਪੂਰ ਤੇ ਖਿਝਿਆ ਮਾਨਸਿਕ ਵਾਤਾਵਰਣ ਉਸਨੂੰ ਇਤਿਹਾਸ ਦੇ ਕਰੂਪ ਪ੍ਰਤਿਬਿੰਬਾਂ ਉੱਤੇ ਹੀ ਕੇਂਦਰਿਤ ਰਹਿਣ ਲਈ ਮਜਬੂਰ ਕਰਦਾ ਹੈ। ਈਮਾਨ ਦੀ ਘਾਟ ਟਰੰਪ ਦੀ ਇਤਿਹਾਸਕ ਸੂਝ ਦਾ ਮੁਖ ਬੰਧਨ ਨਹੀਂ, ਸਗੋਂ ਗਿਆਨ, ਅਨੁਭਵ ਅਤੇ ਸੰਤੁਲਿਤ ਮਾਨਸਿਕਤਾ ਦੀ ਘਾਟ ਉਸਦੇ ਖ਼ਿਆਲ ਪ੍ਰਗਟਾਉ ਦੇ ਮੁਖ ਬੰਧਨ ਹਨ। ਮੇਰੇ ਖ਼ਿਆਲ

ਵਿਚ ਸਾਧਾਰਣ ਸ਼ੁੱਧ ਸਿੱਖਾਂ ਅਤੇ ਈਮਾਨਦਾਰ ਦਾਨਸ਼ਵਰਾਂ ਦੀ ਤਰਕਸ਼ੀਲ ਸੋਚ ਅਤੇ ਅਨੁਭਵ ਦੀ ਗਹਿਰਾਈ ਵਿਚੋਂ ਟਰੰਪ ਦੇ ਪ੍ਰਭਾਵ ਬੀਤੇ ਦੀ ਗੱਲ ਬਣ ਕੇ ਨਿਕਲ ਚੁੱਕੇ ਹਨ, ਪਰ ਮੈਕਲੋਡ ਅਤੇ ਉਸਦੇ ਸਿੱਖ ਪੈਰੋਕਾਰਾਂ ਦੀ ਛਿਤਨਾਸਾਜ਼ ਵਿਦਵਤਾ ਦੇ ਵਿਕਾਸ ਲਈ ਇਤਿਹਾਸਕ ਪਿੱਠਭੂਮੀ ਦੱਸਣ ਲਈ ਸਿੱਖ ਇਤਿਹਾਸ ਅਰਨੈਸਟ ਟਰੰਪ ਦੇ ਜ਼ਿਕਰ ਨੂੰ ਅਣਡਿੱਠ ਨਹੀਂ ਕਰ ਸਕਦਾ।

ਹਾਲੇ ਸਾਡਾ ਪ੍ਰਸੰਗ ਮੈਕਲੋਡ ਵੱਲੋਂ ਅਪਣਾਇਆ ਇਤਿਹਾਸ ਦਾ ਵਿਧੀ-ਸ਼ਾਸਤਰ ਅਤੇ ਉਸ ਦੀਆਂ ਗੁਰੂ ਨਾਨਕ ਸਾਹਿਬ ਬਾਰੇ ਕੀਤੀਆਂ ਗਲਤ ਬਿਆਨੀਆਂ ਦੀ ਚਰਚਾ ਛੇੜਨ ਦੀ ਇਜਾਜ਼ਤ ਨਹੀਂ ਦਿੰਦਾ, ਪਰ ਏਥੇ ਉਸਦੇ ਅਤੇ ਉਸਦੀ ਭਿੰਨ ਭਿੰਨ ਮਾਤਰਾ ਵਿਚ ਜ਼ਿਹਨੀ ਗੁਲਾਮੀ ਕਰ ਰਹੇ ਸਿੱਖ ਵਿਦਵਾਨਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਿਕਤਾ ਬਾਰੇ ਉਠਾਏ ਸ਼ੰਕਿਆਂ ਦੀ ਅਸਲੀਅਤ ਅਤੇ ਈਮਾਨਦਾਰੀ ਉੱਤੇ ਵਿਸਥਾਰਮਈ ਟਿੱਪਣੀ ਕਰਨ ਦੀ ਗੁੰਜਾਇਸ਼ ਹੈ। ਮੈਕਲੋਡ ਟਰੰਪ ਦੀ ਤਰਕਹੀਣ ਸਿੱਖ ਵਿਰੋਧੀ ਤਲਖ਼ੀ ਅਤੇ ਬ੍ਰਾਹਮਣਵਾਦੀ ਪ੍ਰਭਾਵਾਂ ਵਾਲੇ ਇਤਿਹਾਸਕ ਤੱਥਾਂ ਉੱਤੇ ਪਲਦਾ ਹੋਇਆ, ਜਦੋਂ ਗੁਰੂ ਸਾਹਿਬਾਨ ਦੇ ਜੀਵਨਾਂ ਦੀ ਵਿਲੱਖਣਤਾ ਅਤੇ ਲਗਾਤਾਰ ਖੇੜੇ ਵਿਚ ਆ ਰਹੀ ਸਿੱਖ ਰਹਿਤ-ਮਰਿਆਦਾ ਨੂੰ ਨਵੇਂ ਬਣਾਵਟੀ ਤਰਕ ਦੀ ਸ਼ੈਤਾਨੀ ਜਕੜ ਵਿਚ ਜੁਗੜਾ ਰਿਹਾ ਸੀ, ਤਾਂ ਉਹ ਇਸਦੇ ਤਾਣੇ-ਪੇਟੇ ਵਿਚ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਚਨਾ-ਆਵੇਸ਼ ਨੂੰ ਕਲੰਕਤ ਕਰਨ ਲਈ ਇਸਦੀ ਮੁੱਢਲੀ ਅਤੇ ਮੌਲਿਕ ਪ੍ਰਮਾਣਿਕ ਬਣਤਰ ਉੱਤੇ ਯੋਜਨਾਬੱਧ ਆਕ੍ਰਮਣ ਕਰਨ ਦੀ ਤਿਆਰੀ ਕਰ ਰਿਹਾ ਸੀ। ਗੁਰੂ ਗ੍ਰੰਥ ਸਾਹਿਬ ਜੀ ਦੀ ਨਿਸਚਿਤ ਸੰਪਾਦਨਾ ਬਾਰੇ ਸ਼ੱਕ ਉਪਜਾਉਣ, ਇਸਦੇ ਵਿਸ਼ਿਆਂ ਨੂੰ ਹਿੰਦੂ ਵਰਣ-ਵੰਡ ਦੇ ਅਧੀਨ ਕਰਨ, ਭਗਤ ਬਾਣੀ ਸ਼ਾਮਿਲ ਕਰਨ ਪਿੱਛੇ ਗੁਰੂ-ਭਾਵਨਾ ਅਤੇ ਇਸ ਵਿਚ ਨਿਰਗੁਣ ਸਰਗੁਣ ਵੰਡ ਦੀ ਆਪਹੁਦਰੀ ਵਿਆਖਿਆ ਆਦਿ ਦੇ ਸੰਬੰਧ ਵਿਚ ਟਿੱਪਣੀਆਂ ਮੈਕਲੋਡ ਵੱਲੋਂ ਪੇਸ਼ ਕੀਤੇ ਗੁਰੂ ਇਤਿਹਾਸ ਦੇ ਤੱਥਾਂ ਦੇ ਕੇਂਦਰ ਵਿਚ ਹਮੇਸ਼ਾ ਹਾਜ਼ਰ ਰਹਿੰਦੀਆਂ ਹਨ। ਫਿਰ ਵੀ ਦੁਨੀਆਦਾਰੀ ਮੰਤਵਾਂ ਨਾਲ ਵਰੋਸਾਏ ਇਸ ਈਸਾਈ ਮਿਸ਼ਨਰੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਸਚਿਤ ਰੂਪ ਨੂੰ ਅਪਮਾਨਤ ਕਰਨ ਦੀ ਸੇਵਾ ਆਪਣੇ ਅਕਲੀ ਸਾਏ ਹੇਠ ਚਲਦੇ ਦੋ ਸਿੱਖ ਬੁੱਧੀਜੀਵੀਆਂ ਕ੍ਰਮਵਾਰ ਡਾ. ਪਿਆਰ ਸਿੰਘ ਅਤੇ ਡਾ. ਪਸ਼ੌਰਾ ਸਿੰਘ ਨੂੰ ਹੀ ਸੌਂਪੀ। (ਇਤਿਹਾਸਕ ਤੱਥ ਨੂੰ ਲਘੂ ਪ੍ਰਸੰਗਾਂ ਵਿਚ ਰੱਖ ਕੇ ਚੀਰ ਫਾੜ ਕਰਨ ਦੀ ਮੈਕਲੋਡ ਵਿਧੀ ਅਤੇ ਬਿਰਤੀ ਸਾਡੇ ਕਈ ਆਧੁਨਿਕ ਸਿਰਮੌਰ ਖਰੜਾ-ਖੋਜੀਆਂ ਵਿਚ ਸਹਿਜੇ ਹੀ ਪਛਾਣੀ ਜਾ ਸਕਦੀ ਹੈ।) ਏਥੇ ਅਸੀਂ ਡਾ. ਪਿਆਰ ਸਿੰਘ ਅਤੇ ਡਾ. ਪਸ਼ੌਰਾ ਸਿੰਘ ਦੀ ਖੋਜ-ਵਿਧੀ, ਸ਼ੁੱਧ ਭਾਵਨਾ ਅਤੇ ਗਿਆਨ-ਸਮਰੱਥਾ ਨੂੰ ਪੜਤਾਲਣ ਲਈ ਸਿਰਫ਼ ਮੂਲ ਮੰਤ੍ਰ (ਜਪੁਜੀ) ਦੀ ਹੀ ਗੱਲ ਕਰਾਂਗੇ। ਪਿਆਰ ਸਿੰਘ ਤੇ ਪਸ਼ੌਰਾ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਹੱਥ-ਲਿਖਤ (MS. 1245) ਦਾ ਆਸਰਾ ਲੈ ਕੇ ਗੁਰੂ ਨਾਨਕ ਸਾਹਿਬ ਦੇ ਮੂਲ ਮੰਤ੍ਰ ਦੇ ਇੰਨ-ਬਿੰਨ ਪ੍ਰਚੱਲਤ ਆਧੁਨਿਕ ਰੂਪ ਨੂੰ ਗੁਰੂ ਅਰਜਨ ਸਾਹਿਬ ਜੀ ਵੱਲੋਂ ਸੁਧਾਰਿਆ ਰੂਪ ਮੰਨਦੇ ਹਨ; ਭਾਵ ਸੰਪਾਦਕ ਦਾ ਹੱਕ ਵਰਤਦਿਆਂ ਗੁਰੂ ਅਰਜਨ ਸਾਹਿਬ ਨੇ ਪਹਿਲੀ ਪਾਤਸ਼ਾਹੀ ਦੇ ਦੈਵੀ ਆਵੇਸ਼ ਵਿਚੋਂ ਪ੍ਰਕਾਸ਼ਮਾਨ ਹੋਏ 'ਮੂਲ ਮੰਤ੍ਰ' ਦੇ ਕੁਝ ਲਫ਼ਜ਼ਾਂ ਨੂੰ ਬਦਲਿਆ ਹੈ। ਅਸੀਂ ਇਸ ਖ਼ਿਆਲ ਨਾਲ ਸਹਿਮਤ ਨਹੀਂ। ਸਾਡੀ ਪੜਚੋਲ ਦੇ ਜ਼ਰੂਰੀ ਨੁਕਤੇ ਇਸ ਪ੍ਰਕਾਰ ਹਨ:

1. ਦੋਵਾਂ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ-ਕਾਲ ਤੋਂ ਰਣਜੀਤ ਸਿੰਘ ਕਾਲ ਤਕ ਦੀਆਂ ਸੈਂਕੜੇ ਹੱਥ-ਲਿਖਤਾਂ ਦੇ ਉਤਾਰਾ ਕਰਨ ਵਾਲਿਆਂ ਵੱਲੋਂ ਅਗਿਆਨ ਅਤੇ ਆਲਸ ਵੱਸ ਪਏ ਫ਼ਰਕਾਂ ਅਤੇ ਕਈਆਂ ਹਾਲਤਾਂ ਵਿਚ ਸੁਆਰਥ ਅਧੀਨ ਪਾਏ ਫ਼ਰਕਾਂ ਦਾ ਨਾਜਾਇਜ਼ ਫ਼ਾਇਦਾ ਉਠਾਇਆ ਹੈ, ਕਿਉਂਕਿ ਬਹੁਤ ਸਾਰੀਆਂ ਹੱਥ-ਲਿਖਤ ਬੀੜਾਂ ਵਿਚ ਇਹਨਾਂ ਸਤਰਾਂ ਦੇ ਲੇਖਕ ਅਤੇ ਡਾ. ਤ੍ਰਿਲੋਚਨ ਸਿੰਘ ਵਰਗੇ ਵਿਦਵਾਨਾਂ ਨੇ ਮੂਲ ਮੰਤ੍ਰ ਦਾ ਛਾਪੇ ਵਾਲਾ ਰੂਪ ਵੀ ਵੇਖਿਆ ਹੈ। ਨਾਲੇ MS. 1245 ਵਾਲਾ ਉਤਾਰਾ ਤਾਂ ਭਗਤ ਬਾਣੀ ਦੀ ਅਣਹੋਂਦ ਕਾਰਨ ਸੰਪੂਰਣ ਬੀੜ ਵੀ ਨਹੀਂ। (ਆਪਣੇ ਥੀਸਿਸ ਵਿਚ ਪਸ਼ੌਰਾ ਸਿੰਘ ਤਾਂ ਮੂਲ ਮੰਤ੍ਰ ਦੇ ਵਿਕਾਸ ਦੀ ਗੱਲ ਕਰਨ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਖ਼ਰੀ ਸੰਪਾਦਨਾ-ਕਾਲ ਨੂੰ ਵੀ ਮਹਾਰਾਜਾ ਰਣਜੀਤ ਸਿੰਘ ਕਾਲ ਤਕ ਲੈ ਜਾਂਦਾ ਹੈ।)
2. ਭਾਵੇਂ ਪ੍ਰੋ. ਪ੍ਰੀਤਮ ਸਿੰਘ (ਪਟਿਆਲਾ) ਨੇ *ਅਹੀਆਪੁਰ ਵਾਲੀ ਪੋਥੀ* (ਭਾਗ ਪਹਿਲਾ) ਵਿਚ *ਗਾਥਾ ਸ੍ਰੀ ਆਦਿ ਗ੍ਰੰਥ* ਨੂੰ **ਮਹਾਂ ਗ੍ਰੰਥ** (ਸਫ਼ਾ 76) ਅਤੇ ਡਾ. ਪਿਆਰ ਸਿੰਘ ਜੀ ਨੂੰ **ਪੰਜਾਬੀ ਪਾਠ-ਵਿਗਿਆਨੀਆਂ ਦਾ ਮੁਰੈਲ** (ਸਫ਼ਾ 56) ਲਿਖ ਕੇ ਡਾ. ਸਾਹਿਬ ਦੀ ਵਿੱਦਵਤਾ ਨੂੰ ਵਿਲੱਖਣ ਪ੍ਰਮਾਣ-ਪੱਤਰ ਬਖ਼ਸ਼ਿਆ ਹੈ, ਪਰ ਪਿਆਰ ਸਿੰਘ ਦੀ ਖੋਜੀ ਚੇਤਨਾ ਐਨੀ ਗ਼ੈਰ-ਜ਼ਿੰਮੇਵਾਰ ਅਤੇ ਇਕਾਗਰਤਾ-ਹੀਣ ਹੈ ਕਿ ਉਹ ਡੰਕੇ ਦੀ ਚੋਟ ਉੱਤੇ MS. 1245 ਵਿਚ ਮਿਲਦੇ ਚਾਰ ਪੰਜ ਸ਼ਬਦਾਂ ਦੀ ਹੋਂਦ ਨੂੰ ਛਪੀ ਬੀੜ ਵਿਚ ਹੋਣਾ ਹੀ ਨਹੀਂ ਮੰਨਦਾ, ਜਦੋਂ ਕਿ ਇਹ ਸ਼ਬਦ ਪਰਵਾਣਿਤ ਬੀੜ ਦੇ ਧਨਾਸਰੀ (ਸਫ਼ਾ 670), ਸੂਹੀ (ਸਫ਼ਾ 743), ਮਾਰੂ (ਸਫ਼ਾ 1074) ਅਤੇ ਭੈਰੋਂ (ਸਫ਼ਾ 1151, 1153) ਰਾਗਾਂ ਵਿਚ ਮਿਲਦੇ ਹਨ। (ਦੋ ਸ਼ਬਦਾਂ ਵਿਚ ਸ਼ਬਦ-ਜੋੜਾਂ ਦੀ ਮਾਮੂਲੀ ਭਿੰਨਤਾ ਅਤੇ ਇਕ ਸ਼ਬਦ ਵਿਚ ਦੋ ਸਤਰਾਂ ਦੀ ਅਣਹੋਂਦ ਜ਼ਰੂਰ ਹੈ, ਪਰ ਡਾ. ਸਾਹਿਬ ਦਾ ਇਸ ਤੋਂ ਜਾਂ ਕਿਸੇ ਹੋਰ ਕਾਰਨ ਅਧੀਨ ਇਹ ਨਤੀਜਾ ਕੱਢਣਾ ਕਿ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੀ ਨਹੀਂ ਹਨ, "ਮੁਰੈਲ" ਖੋਜੀ ਦੇ ਅਗਿਆਨ ਨੂੰ ਜ਼ਰੂਰ ਦਰਸਾਉਂਦਾ ਹੈ।)
3. ਸਾਧਾਰਣ ਪਾਠਕ ਦੀ ਕਾਵਿ-ਰਸਿਕਤਾ ਵੀ ਇਹ ਅਨੁਭਵ ਕਰ ਲਵੇਗੀ ਕਿ ਛਪੀਆਂ ਬੀੜਾਂ ਵਾਲੇ ਮੂਲ ਮੰਤ੍ਰ ਵਿਚ ਕਾਫ਼ੀਆ ਨਾ ਹੋਣ ਦੇ ਬਾਵਜੂਦ ਇਕ ਮੂਕ/ਮਧੁਰ ਕਾਵਿਮਈ ਲੈਅ ਅਤੇ ਲਫ਼ਜ਼ਾਂ ਦੀ ਵਿਘਨ-ਰਹਿਤ ਨਾਜ਼ਕ ਜੜ੍ਹਤ ਹੈ, ਜਿਹੜੀ ਕਿ ਜਪੁਜੀ ਦੀ ਨਿਰੰਤਰ ਪ੍ਰਤਿਭਾ ਦੇ ਅਨੁਕੂਲ ਹੈ। MS. 1245 ਵਿਚ 'ਨਿਰਵੈਰ' ਦੀ ਥਾਂ 'ਨਿਰੀਕਾਰ' ਅਤੇ 'ਕਰਤਾ ਪੁਰਖੁ' ਦੀ ਥਾਂ 'ਕਰਤਾਰ' ਵਾਲਾ ਮੂਲ ਮੰਤ੍ਰ ਅਣਕਾਵਿਕ ਅਤੇ ਦਰਸ਼ਨ-ਵਿਰੋਧੀ ਹੈ। ਤਰਤੀਬ ਅਤੇ ਲੈਅ ਦੇ ਪੱਖੋਂ ਲਫ਼ਜ਼ਾਂ ਦੀ ਜੜ੍ਹਤ ਵੀ ਕੁਰੱਖਤ ਹੈ। 'ਨਿਰੀਕਾਰ' ਤਾਂ ੧ੳ ਦੀ ਹੀ ਇਕ ਦਾਰਸ਼ਨਿਕ ਦਿਸ਼ਾ ਹੈ। 'ਸਤਿਨਾਮ' ਪਿੱਛੋਂ 'ਕਰਤਾਰ' ਮੂਲ ਮੰਤ੍ਰ ਦੀ ਲੈਅ ਵਿਚ ਫਬਦਾ ਨਹੀਂ ਅਤੇ ਧੁਨੀ ਦੇ ਪੱਖੋਂ 'ਕਰਤਾ ਪੁਰਖੁ' ਹੀ ਰਸੀਲਾ ਹੈ। ਗੁਰੂ ਨਾਨਕ ਬਾਣੀ ਦੀ ਅਨੇਕ ਦਿਸ਼ਾਵੀ ਅਤੇ ਕਾਵਿ ਸੂਖਮਤਾ ਦਾ ਸਮੁੱਚਾ ਅਧਿਐਨ ਦਸਦਾ ਹੈ ਕਿ ਗੁਰੂ ਨਾਨਕ ਸਾਹਿਬ ਆਪਣੇ ਸ਼੍ਰੋਮਣੀ ਕਾਵਿ ਦੇ ਦੈਵੀ ਸਿਰਲੇਖ ਜਾਂ ਚੋਟੀ ਦੇ ਦਾਰਸ਼ਨਿਕ ਨਗ (ਮੂਲ ਮੰਤ੍ਰ) ਦਾ ਪ੍ਰਕਾਸ਼ ਐਨੇ ਕੱਚੇ ਰੂਪ ਵਿਚ ਨਹੀਂ ਕਰਨਗੇ

ਕਿ ਜਿਸਦੀ ਦਿੱਖ ਦੀ ਕਾਵਿਕ ਕੋਮਲਤਾ ਗੁਰੂ ਅਰਜਨ ਸਾਹਿਬ ਨੂੰ ਸੰਵਾਰਨੀ ਪਵੇ ਅਤੇ ਜਿਸਦੀ ਬਦਲੀ ਨੁਹਾਰ ਦੀ ਵਿਆਖਿਆ ਨੂੰ ਪਿਆਰ ਸਿੰਘ ਵਰਗੇ ਖੋਜੀ ਸੰਪਾਦਕਾਂ ਦੀ ਅਕਲ ਦਾ ਰਿਣੀ ਹੋਣਾ ਪਵੇ।

4. ਵਾਹਿਗੁਰੂ ਅਤੇ ਗੁਰੂ ਦਾ ਸਹੀ ਰਹੱਸ ਦਰਸਾਉਣ ਲਈ ਭਾਈ ਗੁਰਦਾਸ ਨੇ ਤੀਜੀ ਵਾਰ ਦੀ ਪੰਦਰ੍ਹਵੀਂ ਪਉੜੀ ਅਤੇ ਵਾਰ 39 ਦੀ ਪਹਿਲੀ ਪਉੜੀ ਵਿਚ ਅਸਲੀ ਮੂਲ ਮੰਤ੍ਰ ਦੇ ਹਰ ਲਫ਼ਜ਼ ਦੀ ਸਿਦਕਵਾਨ ਵਿਆਖਿਆ ਕੀਤੀ ਹੈ। ਵਾਰ ਤੀਜੀ ਦੀ ਪਉੜੀ ਦੀ ਤੀਸਰੀ ਸਤਰ ਵਿਚ 'ਸਤਿਨਾਮ' ਪਿੱਛੋਂ 'ਕਰਤਾਰ' ਲਫ਼ਜ਼ ਇਸ ਲਈ ਆਇਆ ਹੈ ਕਿਉਂਕਿ ਉਸ ਥਾਂ 'ਕਰਤਾ ਪੁਰਖ' ਵਰਤਣ ਨਾਲ ਕਾਵਿ-ਸਤਰ ਦੀ ਲੈਅ ਵਿਚ ਖਰ੍ਹਵਾ ਵਿਘਨ ਪੈਂਦਾ ਹੈ, ਜਦੋਂ ਕਿ ਲਫ਼ਜ਼ਾਂ ਦੀ ਉਸ ਤਰਤੀਬ ਅਨੁਸਾਰ 'ਕਰਤਾਰ' ਵਰਤਣ ਨਾਲ ਮਧੁਰ ਲੈਅ ਬਣਦੀ ਹੈ। ਵਾਰ 39 ਦੇ ਮੀਟਰ ਦੀ ਠੀਕ ਲੈਅ ਅਨੁਸਾਰ 'ਸਤਿਨਾਮ' ਪਿੱਛੋਂ 'ਕਰਤਾ ਪੁਰਖ' ਵਰਤ ਕੇ ਮੂਲ ਮੰਤ੍ਰ ਦੇ ਮੌਲਿਕ ਅਤੇ ਸਹੀ ਰੂਪ ਨੂੰ ਸਪੱਸ਼ਟ ਕਰ ਦਿੱਤਾ ਹੈ। ਦਰਸ਼ਨ ਅਤੇ ਵੀਣਕਤਾ ਦੇ ਪੱਖੋਂ ਵੀ ਭਾਈ ਗੁਰਦਾਸ ਦੀਆਂ ਵਾਰਾਂ ਦੇ ਭਿੰਨ ਭਿੰਨ ਪ੍ਰਸੰਗ-ਥਾਵਾਂ ਵਿਚ ਅਸਲੀ ਮੂਲ ਮੰਤ੍ਰ ਦੇ ਨਕਸ਼ ਹੀ ਝਿਲਮਿਲਾ ਰਹੇ ਹਨ।

5. ਗਾਥਾ ਵਿਚ ਪਿਆਰ ਸਿੰਘ ਮੂਲ ਮੰਤ੍ਰ ਵਿਚ 'ਨਿਰਵੈਰ' ਦੀ ਸ਼ਮੂਲੀਅਤ ਦਾ ਇਹ ਆਧਾਰ ਮੰਨਦੇ ਹਨ ਕਿ ਸਾਮੀ ਧਰਮਾਂ ਦੇ ਰੱਬ ਵਿਚ ਤਰਸ-ਭਰਪੂਰ ਮੁਲਾਇਮੀ ਨਹੀਂ, ਪਰ ਗੁਰੂ ਅਰਜਨ ਸਾਹਿਬ ਨੇ ਪਵਿੱਤਰ ਬੀੜ ਵਿਚ ਰੱਬ ਦੇ ਮਿਹਰਬਾਨ ਰੂਪ ਨੂੰ ਸਥਾਪਤ ਕਰਨ ਦੇ ਮਨੋਰਥ ਨਾਲ 'ਨਿਰਵੈਰ' ਲਫ਼ਜ਼ ਨੂੰ ਮੂਲ ਮੰਤ੍ਰ ਵਿਚ ਸੰਮਿਲਤ ਕਰ ਲਿਆ (*ਗਾਥਾ*—ਸਫ਼ਾ 419-20)। ਡਾ. ਸਾਹਿਬ ਇਹ ਭੁੱਲ ਗਏ ਹਨ ਕਿ ਕੁਰਾਨ ਸ਼ਰੀਫ਼ ਦੀ ਹਰ ਸੂਰਤ 'ਮਿਹਰਬਾਨ ਰੱਬ ਦਾ ਨਾਮ ਲੈ ਕੇ' ਵਰਗੇ ਵਾਕੰਸ਼ਾਂ ਨਾਲ ਸ਼ੁਰੂ ਹੁੰਦੀ ਹੈ ਅਤੇ ਉਂਜ ਵੀ ਕੁਰਾਨ ਸ਼ਰੀਫ਼ ਵਿਚ ਪਿਆਰ ਦੀਆਂ ਅਨੇਕ ਨਿਰਮਲ ਲਹਿਰਾਂ ਹਨ। ਫਿਰ ਦੋਵੇਂ ਪਵਿੱਤਰ ਬਾਈਬਲਾਂ ਵੀ ਤਾਂ ਸਾਮੀ ਧਰਮਾਂ ਦੇ ਗ੍ਰੰਥ ਹਨ। ਕੀ ਉਹਨਾਂ ਵਿਚ ਵੀ 'ਨਿਰਵੈਰ' ਸੁਰਤੀ ਵਾਲੀ ਮਾਨਵਵਾਦੀ ਅਨੁਭੂਤੀ ਦੀ ਅਣਹੋਂਦ ਹੈ? ਸੋ, ਡਾ. ਸਾਹਿਬ ਦੀ ਲਤੀਫ਼ ਅਤੇ ਖੋਜੀ ਅਕਲ ਦਾ ਇਕ ਕ੍ਰਿਸ਼ਮਾ ਇਹ ਵੀ ਵੇਖ ਲਵੋ।

ਸਾਰੰਸ਼ ਇਹ ਹੈ ਕਿ ਮੈਕਲੌਡ ਪੁਰਾਣੇ ਰੋਗੀ ਤੱਥਾਂ ਉੱਤੇ ਆਪਣਾ ਮੰਦ ਭਾਵਨਾ ਵਾਲਾ ਮਸਨੂਈ ਪਰ ਯੋਜਨਾਬੱਧ ਤਰਕ ਉਸਾਰ ਕੇ ਨਵੇਂ ਰੋਗੀ ਤੱਥਾਂ ਦੀ ਦੱਸ ਪਾਉਂਦਾ ਹੈ, ਅਤੇ ਡਾ. ਪਿਆਰ ਸਿੰਘ ਤੇ ਪਸ਼ੌਰਾ ਸਿੰਘ ਵਰਗੇ ਵਿਅਕਤੀ ਮੈਕਲੌਡ ਮਨੋਬਿਰਤੀ ਅਧੀਨ ਸਿੱਖ ਇਤਿਹਾਸ ਦੇ ਮੌਲਿਕ ਵਾਤਾਵਰਣ ਨਾਲੋਂ ਟੁੱਟ ਜਾਂਦੇ ਹਨ ਅਤੇ ਵਿਗਿਆਨਕ ਖੋਜ ਦੇ ਨਸ਼ੇ ਵਿਚ ਕਿਸੇ ਗ਼ਲਤ ਸਥਿਤੀ ਵਿਚੋਂ ਉਪਜੇ ਅਤੇ ਅਲਹਿਦਗੀ ਵਿਚ ਖਲੋਤੇ ਖਰੜਾ-ਤੱਥਾਂ ਵਿਚੋਂ ਹਾਨੀਕਾਰਕ ਨਤੀਜੇ ਕਢਦੇ ਹਨ। ਉਨੀਵੀਂ ਸਦੀ ਵਿਚ ਸ਼ਰਧਾ ਰਾਮ ਫਲੌਰੀ, ਸਵਾਮੀ ਦਯਾ ਨੰਦ ਅਤੇ ਕਿੰਨੇ ਹੀ ਆਰੀਆ ਸਮਾਜੀ ਪ੍ਰਚਾਰਕਾਂ ਨੇ ਮੈਕਲੌਡ ਵਾਲੀ ਮੰਦ ਭਾਵਨਾ, ਪਰ ਉਸ ਵਾਂਗ ਵਿਗਿਆਨਕ ਅਤੇ ਤਰਕਸ਼ੀਲ ਜਾਪਦੀ ਤਰਜ਼ ਦਾ ਭੁਲੇਖਾ ਦੇ ਸਕਣ ਵਾਲੀ ਇਤਿਹਾਸਕ ਵਿਧੀ ਤੋਂ ਸੱਖਣੀ ਮਨੋਬਿਰਤੀ ਵਿਚੋਂ ਸਿੱਖ ਇਤਿਹਾਸ ਉੱਤੇ ਬਹੁਤ ਸਾਰੇ ਵਿਗਾੜੇ ਤੱਥਾਂ ਦੀ ਉਸਾਰੀ ਕੀਤੀ, ਜਿਹਨਾਂ ਦੇ ਪ੍ਰਭਾਵ

ਨੂੰ ਸਿੱਖ ਇਤਿਹਾਸ ਦੇ ਸ਼ੁੱਧ ਵਾਤਾਵਰਨ ਵਿਚ ਖਲੋਤੇ ਅਤੇ ਆਮ ਤੌਰ ਉੱਤੇ ਇਸਦੇ ਤੱਥਾਂ ਦੀ ਸਹੀ ਤਰਤੀਬ ਨੂੰ ਵੇਖ ਰਹੇ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਪੁਸਤਕ *ਹਮ ਹਿੰਦੂ ਨਹੀਂ* ਰਾਹੀਂ ਤੋੜਿਆ ਅਤੇ ਇਸ ਕਾਰਨ ਇਕ ਸਦੀ ਪਿੱਛੋਂ ਵੀ ਉਸ ਕਿਤਾਬ ਦੀ ਇਤਿਹਾਸਕ ਸੇਧ ਕਾਇਮ ਹੈ, ਭਾਵੇਂ ਮੈਕਲੌਡ ਬਿਰਤੀ ਨਵੇਂ ਸੰਜੋਗਾਂ ਰਾਹੀਂ ਅੱਜ ਵੀ ਸ਼ੈਤਾਨੀ ਮਨੋਰਥ ਅਤੇ ਗੁਮਰਾਹਕੁਨ ਮਾਹੌਲ ਵਿਚੋਂ ਉਭਰੇ ਬੇ-ਬੁਨਿਆਦ ਤੱਥਾਂ ਦੀ ਮਦਦ ਨਾਲ ਸਿੱਖ ਇਤਿਹਾਸ ਨੂੰ ਵਿਗਾੜ ਰਹੀ ਹੈ ਅਤੇ ਫ਼ਰਜ਼ੀ ਸੰਕਲਪਾਂ ਦੀਆਂ ਬਿਰਧ ਹੋ ਚੁੱਕੀਆਂ ਤਰਤੀਬਾਂ ਦੀ ਦੁਹਰਾਈ ਕਰਦਿਆਂ ਉਧੜਧੁੰਮੀ ਮਚਾ ਰਹੀ ਹੈ।

-4-

ਇਲਾਹੀ ਨਦਰ ਦੇ ਪੈਂਡੇ (ਪਹਿਲੀ ਜਿਲਦ) ਵਿਚ ਅਸਾਂ ਆਪਣੇ ਮੁੱਖ ਨਾਇਕ ਗੁਰੂ ਨਾਨਕ ਸਾਹਿਬ ਦੇ ਮਹਾਂ ਕਾਰਜ ਨੂੰ ਪ੍ਰਕਾਸ਼ਮਾਨ ਕਰਨ ਲਈ ਜੋ ਚਿਤਰਪਟ ਸਿਰਜਿਆ ਹੈ, ਉਸ ਵਿਚ ਦ੍ਰਿਸ਼ਟ (ਧਰਤੀ ਅਤੇ ਅਸਮਾਨ) ਅਤੇ ਅਦ੍ਰਿਸ਼ਟ (ਮਨ ਅਤੇ ਅ-ਮਨ, ਥਾਂ ਅਤੇ ਅ-ਥਾਂ) ਦੋਵਾਂ ਦੀ ਹਰਕਤ ਹੈ, ਭਾਵ ਇਹ ਕਿ ਅਸਾਂ ਆਪਣਾ ਚਿਤਰਪਟ ਸਥੂਲ, ਚਪਟਾ ਅਤੇ ਗਤੀਹੀਣ ਨਹੀਂ ਚੁਣਿਆ, ਪਰ ਇਸਦਾ ਮਤਲਬ ਇਹ ਵੀ ਨਹੀਂ ਕਿ ਇਹ ਚਿਤਰਪਟ ਅਪਕੜ ਹੈ। ਅਸੀਂ ਇਸਨੂੰ ਇਤਿਹਾਸ ਦਾ ਅਨਿੱਖੜ ਸੰਗੀ ਬਣਾਉਣ ਲਈ ਗੁਰੂ ਸਾਹਿਬ, ਉਹਨਾਂ ਦੇ ਸੰਪਰਕ ਵਿਚ ਆਏ ਗੁਰਮੁਖਾਂ ਤੇ ਹੋਰ ਵੰਨਸਵੰਨੇ ਪਾਤਰਾਂ ਅਤੇ ਉਹਨਾਂ ਦੇ ਪ੍ਰਕਾਸ਼ ਦੇ ਨਿਸ਼ਚਿਤ ਕਾਲ-ਬਿੰਦੂਆਂ (ਤਾਰੀਖ਼ਾਂ) ਤੋਂ ਦੂਰ ਨਹੀਂ ਜਾਣ ਦਿੱਤਾ। ਮਹਾਂ ਕਾਵਿ ਦੀ ਇਸ ਜਿਲਦ ਦੇ ਆਰੰਭ ਕਰਨ ਤੋਂ ਪਹਿਲਾਂ ਦਾਸ ਨੇ ਕਈ ਵਰ੍ਹਿਆਂ ਤਕ ਇਤਿਹਾਸਕ ਸੋਮਿਆਂ ਦੀ ਅਨੁਭਵ ਅਤੇ ਤਰਕ ਵਿਗਿਆਨ ਦੇ ਸੁਮੇਲ ਵਿਚੋਂ ਉਪਜੀ ਪੜਤਾਲ ਅਤੇ ਲੋੜੀਂਦੀਆਂ ਗਿਆਨ-ਪ੍ਰਣਾਲੀਆਂ ਦੇ ਅਧਿਐਨ ਪਿੱਛੋਂ ਗੁਰੂ ਨਾਨਕ ਸਾਹਿਬ ਦੇ ਜੀਵਨ ਦੇ ਸੈਂਕੜੇ ਇਤਿਹਾਸਕ ਤੱਥਾਂ ਨੂੰ ਆਪਣੀ **ਸਿੱਖ-ਯਾਦ** ਵਿਚ ਸ਼ਾਮਿਲ ਕੀਤਾ। ਇਹਨਾਂ ਵਿਚੋਂ ਕੁਝ ਅਹਿਮ ਸੂਚਨਾਵਾਂ ਹੇਠਾਂ ਦਰਜ ਕਰਦਾ ਹਾਂ, ਜਿਹਨਾਂ ਬਾਰੇ ਉੱਨੀਵੀਂ ਸਦੀ ਦੀ ਆਖ਼ਰੀ ਚੌਥਾਈ ਤੇ ਸੰਪੂਰਣ ਵੀਹਵੀਂ ਸਦੀ ਵਿਚ ਤੱਥ-ਉਪਾਸ਼ਕ ਅਤੇ ਅਲਹਿਦਗੀ-ਪਰੁੱਚੀਆਂ ਵਿਆਖਿਆਵਾਂ ਦੇ ਚੱਕਰਵਿਊ ਵਿਚ ਫਸੇ ਹੋਏ ਇਤਿਹਾਸਕਾਰ ਵਿਵਾਦ-ਗ੍ਰਸਤ ਚਰਚਾ ਕਰਦੇ ਰਹੇ ਹਨ :

(ੳ) ਮੇਰੀ **ਸਿੱਖ-ਯਾਦ** ਨਾਲ ਜੁੜੀ ਖੋਜ ਅਨੁਸਾਰ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ 1469 ਈ: ਵਿਚ ਵਿਸਾਖ ਸੁਦੀ ਤੀਜ ਦੀ ਥਾਂ ਕੱਤਕ ਦੀ ਪੂਰਨਮਾਸ਼ੀ ਨੂੰ ਹੋਇਆ ਅਤੇ ਭਾਈ ਬਾਲੇ ਦੀ ਹੋਂਦ ਨੂੰ ਭਾਈ ਮਰਦਾਨੇ ਵਾਂਗ ਗੁਰੂ-ਜੀਵਨ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

(ਅ) ਗੁਰੂ ਨਾਨਕ ਸਾਹਿਬ ਨੇ ਅੱਜ ਕੱਲ੍ਹ ਆਮ ਪ੍ਰਚਲਤ ਹੋਈਆਂ ਤਿੰਨ ਉਦਾਸੀਆਂ ਨਹੀਂ, ਚਾਰ ਉਦਾਸੀਆਂ ਕੀਤੀਆਂ ਸਨ।

(ੲ) ਸਾਡੇ ਖ਼ਿਆਲ ਵਿਚ "ਸਿਧ ਗੋਸਟਿ" ਅਚਲ ਵਟਾਲੇ ਵਿਖੇ ਜੋਗੀਆਂ ਨਾਲ ਹੋਈ ਚਰਚਾ ਦਾ ਨਤੀਜਾ ਨਹੀਂ, ਸਗੋਂ ਇਸਦੇ ਪਰਮ ਆਵੇਸ਼ ਦਾ ਸੰਬੰਧ ਗੁਰੂ ਨਾਨਕ ਸਾਹਿਬ ਦੀ ਤੀਜੀ ਉਦਾਸੀ ਸਮੇਂ ਕੈਲਾਸ਼ (ਸੁਮੇਰ) ਪਰਬਤ ਵਾਲੀ ਜੋਗੀ-ਮਿਲਣੀ ਨਾਲ ਹੈ।

(ਜ) ਆਪਣੇ ਮਿਸ਼ਨ ਦੀ ਪੂਰਤੀ ਲਈ ਹੁਣੇ ਕਥਿਤ ਚਾਰ ਉਦਾਸੀਆਂ ਤੋਂ ਬਿਨਾਂ ਗੁਰੂ ਨਾਨਕ ਸਾਹਿਬ ਨੇ ਬੀਕਾਨੇਰ (ਰਾਜਪੂਤਾਨਾ) ਅਤੇ ਅਫ਼ਗਾਨਿਸਤਾਨ ਦੀ ਹੱਦ ਤਕ ਕੁਝ ਥਾਵਾਂ ਨੂੰ ਦੁਆਰਾ ਵੀ ਸਪਰਸ਼ਿਆ। ਇਹਨਾਂ ਦੋਵੀ ਪੈਂਡਿਆਂ ਦੌਰਾਨ ਹੀ ਕੁਰਮ ਨਦੀ ਦੇ ਨੇੜੇ ਇਸੇ ਨਾਂ ਦੇ ਨਗਰ ਵਿਚ 1534 ਈ. ਵਿਚ ਭਾਈ ਮਰਦਾਨੇ ਦਾ ਦੇਹਾਂਤ ਹੋਇਆ।

(ਹ) ਇਹ ਵੀ ਸੱਚ ਹੈ ਕਿ ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਇਕ ਵਿਸਾਖ 1499 ਈ. ਨੂੰ ਵੇਈਂ ਨਦੀ ਦੇ ਅਕਾਲ ਆਵੇਸ਼ ਅਤੇ ਮੂਲ ਮੰਤ੍ਰ ਦੀ ਪ੍ਰਾਪਤੀ ਦੇ ਨਾਲ ਸੁਲਤਾਨਪੁਰ ਤੋਂ ਹੀ ਆਰੰਭ ਹੋ ਗਈ ਸੀ ਅਤੇ ਲਗਭਗ ਬਾਰਾਂ ਸਾਲ ਇਸਦੇ ਸਮਾਪਤ ਹੋਣ ਨੂੰ ਲੱਗੇ।

(ਕ) ਅਸੀਂ ਕਬੀਰ ਸਾਹਿਬ ਦਾ ਮਹਾਂ ਪ੍ਰਸਥਾਨ 1518 ਈ. ਨੂੰ ਮੰਨਦੇ ਹਾਂ। ਗੁਰੂ ਨਾਨਕ ਸਾਹਿਬ ਕਬੀਰ ਸਾਹਿਬ ਨੂੰ ਵੱਖ ਵੱਖ ਸਮੇ ਦੋ ਥਾਵਾਂ ਉੱਤੇ ਕ੍ਰਮਵਾਰ ਬਨਾਰਸ ਅਤੇ ਕਬੀਰ ਬਾੜਾ (ਗੁਜਰਾਤ) ਵਿਖੇ ਮਿਲੇ। ਉਹ ਭਗਤ ਰਵਿਦਾਸ ਨੂੰ ਵੀ ਪਹਿਲੀ ਉਦਾਸੀ ਸਮੇ ਮਿਲੇ ਸਨ। ਅਸੀਂ ਵੀ ਗਿਆਨੀ ਗੁਰਦਿੱਤ ਸਿੰਘ (ਕਰਤਾ: *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ*) ਵਾਂਗ ਇਹ ਯਕੀਨ ਨਹੀਂ ਰੱਖਦੇ ਕਿ ਬਾਬਾ ਜੀ ਆਪਣੀਆਂ ਉਦਾਸੀਆਂ ਦੌਰਾਨ ਆਪਣੀ ਪੋਥੀ ਵਿਚ ਨਾਲੋ ਨਾਲ ਭਗਤਾਂ ਦੀ ਬਾਣੀ ਨੋਟ ਕਰਦੇ ਜਾਂਦੇ ਸਨ।

(ਖ) ਭਾਵੇਂ ਗੁਰਮੁਖੀ ਲਿੱਪੀ ਦੇ ਬਹੁਤ ਸਾਰੇ ਅੱਖਰ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਮੌਜੂਦ ਸਨ, ਪਰ ਇਹ ਪਰੰਪਰਾ ਵੀ ਸਹੀ ਹੈ ਕਿ ਇਹਨਾਂ ਦਾ ਗੁਰਮੁਖੀ ਲਿੱਪੀ ਦੇ ਰੂਪ ਵਿਚ ਵਿਕਾਸ ਗੁਰੂ ਨਾਨਕ ਸਾਹਿਬ ਦੀ ਬਾਣੀ ਨਾਲ ਹੀ ਸ਼ੁਰੂ ਹੋ ਗਿਆ ਅਤੇ ਗੁਰੂ ਅੰਗਦ ਸਾਹਿਬ ਰਾਹੀਂ ਇਸਦੇ ਵਿਕਾਸ ਦਾ ਪਹਿਲਾ ਪੜਾਅ ਸਮਾਪਤ ਹੋਇਆ।

ਇਤਿਹਾਸਕ ਸਿਧਾਂਤ ਦੇ ਹੱਥਲੇ ਵਿਸ਼ੇ ਨੂੰ ਧਿਆਨ ਵਿਚ ਰਖਦਿਆਂ ਇਸ ਥਾਂ ਉੱਤੇ ਉਪਰੋਕਤ ਕਥਨਾਂ ਦੀ ਪ੍ਰਮਾਣਿਕਤਾ ਦਰਸਾਉਣ ਲਈ ਲੰਮੀ ਖੋਜ ਨੂੰ ਪੇਸ਼ ਕਰਨਾ ਸੰਭਵ ਨਹੀਂ। ਸੋ, ਵਿਸ਼ੇ ਦੀ ਮੰਗ ਅਨੁਸਾਰ ਹੇਠਾਂ ਕੁਝ ਟਿਪਣੀਆਂ ਦੇਣੀਆਂ ਹੀ ਜਾਇਜ਼ ਹਨ:

1. ਟਿੱਪਣੀ: ਪ੍ਰਕਾਸ਼-ਦਿਵਸ ਅਤੇ ਭਾਈ ਬਾਲਾ

ਸ: ਗੁਰਮੁਖ ਸਿੰਘ ਦੇ ਨਕਸ਼ਿ ਕਦਮਾਂ ਉੱਤੇ ਤੁਰ ਰਹੇ ਸ: ਕਰਮ ਸਿੰਘ 'ਹਿਸਟੋਰੀਅਨ' ਦੀ ਪੁਸਤਕ *ਕੱਤਕ ਕਿ ਵਿਸਾਖ?* ਦੇ ਛਪਣ ਪਿੱਛੋਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼-ਦਿਵਸ ਦੇ ਸੰਬੰਧ ਵਿਚ ਵਿਗਿਆਨਕ ਸੋਚ ਦਾ ਦਾਅਵਾ ਕਰਨ ਵਾਲੇ ਆਧੁਨਿਕ ਸਿੱਖ ਇਤਿਹਾਸਕਾਰਾਂ ਨੇ ਵਿਸਾਖ ਸੁਦੀ ਤੀਜ ਦੇ ਹੱਕ ਵਿਚ ਆਪਣੀ ਵੋਟ ਗਿਣਤੀ ਤੇਜ਼ੀ ਨਾਲ ਵਧਾਉਣੀ ਸ਼ੁਰੂ ਕੀਤੀ ਅਤੇ ਐਨੀ ਹੀ ਸ਼ਿੱਦਤ ਨਾਲ ਭਾਈ ਬਾਲੇ ਦੀ ਹੋਂਦ ਤੋਂ ਵੀ ਇਨਕਾਰ ਕਰਨ ਲੱਗੇ। ਇਹ ਸਿੱਖ ਇਤਿਹਾਸ ਦੀ ਇਕ ਤ੍ਰਾਸਦਿਕ ਸਥਿਤੀ ਸੀ ਕਿ ਸਾਡੇ ਇਤਿਹਾਸਕਾਰਾਂ ਅਤੇ ਵਿਚਾਰਵਾਨਾਂ ਨੇ *ਕੱਤਕ ਕਿ ਵਿਸਾਖ?* ਨੂੰ ਅਸਚਰਜ-ਜਨਕ ਕਾਹਲ ਵਿਚ ਇਕ ਗੰਭੀਰ ਅਤੇ ਅਕੱਟ ਇਤਿਹਾਸ ਪਰਵਾਨ ਕਰ ਲਿਆ ਅਤੇ ਇੰਜ ਸ: ਕਰਮ ਸਿੰਘ ਸਿਖਾਂਦਰੂ ਤੱਥਾਂ ਨੂੰ ਟਕਸਾਲੀ ਤੱਥ ਸਥਾਪਤ ਕਰਨ

ਅਤੇ ਕਰਵਾਉਣ ਵਿਚ ਕਾਮਯਾਬ ਹੋ ਗਏ। *ਕੱਤਕ ਕਿ ਵਿਸਾਖ?* ਇਕ ਜਨਮਸਾਖੀ, ਜਿਹੜੀ ਕਿ ਕੱਤਕ ਪੂਰਨਮਾਸ਼ੀ ਨੂੰ ਗੁਰੂ ਨਾਨਕ ਸਾਹਿਬ ਦਾ ਜਨਮ ਦਿਵਸ ਅਤੇ ਭਾਈ ਬਾਲੇ ਨੂੰ ਭਾਈ ਮਰਦਾਨੇ ਵਾਂਗ ਹੀ ਗੁਰੂ ਨਾਨਕ ਸਾਹਿਬ ਦਾ ਬਾਲਪਣ ਮਿੱਤਰ ਸਵੀਕਾਰ ਕਰਦੀ ਹੈ, ਦੇ ਗਲਤ ਜਾਂ ਠੀਕ ਨੁਕਸਾਂ ਦੀ ਵਿਆਖਿਆ ਹੈ ਅਤੇ ਐਸੀ ਜਨਮਸਾਖੀ ਨੂੰ ਸ: ਕਰਮ ਸਿੰਘ ਦੀ 'ਖੋਜ' ਪੁਸਤਕ ਜਾਅਲੀ ਹੋਣ ਦਾ ਫ਼ਤਵਾ ਦਿੰਦਿਆਂ ਗੁਰੂ ਜੀ ਦੀ ਕੱਤਕ ਦੀ ਪੂਰਨਮਾਸ਼ੀ ਵਾਲੀ ਜਨਮ ਤਿੱਥ ਅਤੇ ਭਾਈ ਬਾਲੇ ਦੀ ਹੋਂਦ ਨੂੰ ਉਪਭਾਵਕ ਚੀਕ-ਚਿਹਾੜੇ ਵਿਚ ਨਕਾਰ ਦਿੰਦੀ ਹੈ। ਸ: ਕਰਮ ਸਿੰਘ ਨੇ ਭਾਈ ਬਾਲੇ ਵਾਲੀ ਜਨਮਸਾਖੀ ਦੇ ਕੁਝ ਫ਼ਰਜ਼ੀ ਅਤੇ ਕੁਝ ਅਸਲੀ ਨੁਕਸ ਛਾਂਟ ਕੇ ਇਸਦੇ ਸਮੁੱਚ ਨੂੰ ਅਣਡਿੱਠ ਕਰਦਿਆਂ ਇਸਨੂੰ ਰੱਦ ਕਰਨ ਦਾ ਬਿਲਕੁਲ ਉਹੀ ਅਣ-ਇਤਿਹਾਸਕ ਢੰਗ ਵਰਤਿਆ ਹੈ, ਜਿਹੜਾ ਕਿ 56 ਸਾਲ ਪਿੱਛੋਂ ਮੈਕਲੌਡ ਨੇ ਸਮੁੱਚੀਆਂ ਜਨਮਸਾਖੀਆਂ ਦੇ ਅਧਿਐਨ ਸਮੇ ਵਰਤਿਆ। ਮੈਕਲੋਡ ਵੀ ਕਰਮ ਸਿੰਘ ਵਾਂਗ ਤੱਥ ਨੂੰ ਪ੍ਰਸੰਗ ਤੋਂ ਨਿਖੇੜਦਾ ਹੈ, ਫਿਰ ਕਿਸੇ ਹੋਰ ਰਚਨਾ ਦੇ ਮੁਕਾਬਲੇ ਵਿਚ ਲਿਆਉਂਦਾ ਹੈ ਅਤੇ ਆਖ਼ਿਰ ਨੂੰ ਸਵੈ-ਵਿਰੋਧ ਦਰਸਾ ਕੇ ਉਸਨੂੰ ਰੱਦ ਕਰ ਦਿੰਦਾ ਹੈ। ਫ਼ਰਕ ਐਨਾ ਹੈ ਕਿ ਮੈਕਲੌਡ ਦਾ ਵਿਧੀ-ਸ਼ਾਸਤਰ ਆਪਣੇ ਪੂਰਵ-ਗਾਮੀ ਨਾਲੋਂ ਵਧੇਰੇ ਚੁਸਤ, ਗੰਭੀਰ ਅਤੇ ਪਕੇਰਾ ਹੈ। ਪੂਰਵ-ਗਾਮੀ ਦੀ ਗਿਆਨ-ਹਉਂ ਸ਼ੁਭ ਭਾਵਨਾ ਦਾ ਭਰਮ ਪਾਲਦੀ ਹੈ, ਜਦੋਂ ਕਿ ਮੈਕਲੌਡ ਦੇ ਚੁਸਤ ਤਰੀਕੇ ਚੇਤੰਨ ਸ਼ੈਤਾਨੀ ਬਿਰਤੀ ਦੇ ਅਧੀਨ ਹਨ।

ਸ: ਕਰਮ ਸਿੰਘ ਭਾਈ ਬਾਲੇ ਦਾ ਜ਼ਿਕਰ ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੇ ਸਿੱਖਾਂ ਦੀ ਸੂਚੀ ਵਿਚ ਨ ਹੋਣ ਕਾਰਣ ਉਸਦੀ ਹੋਂਦ ਨੂੰ ਨਕਾਰਦੇ ਹਨ, ਪਰ ਇਸ ਪ੍ਰਸੰਗ ਵਿਚ ਉਹ ਭਾਈ ਗੁਰਦਾਸ ਦੀ ਕਾਵਿ-ਸ਼ੈਲੀ ਦੇ ਮੁਹਾਂਦਰੇ ਅਤੇ ਅੰਤ੍ਰੀਵ ਤਰਕ ਤੋਂ ਉੱਕਾ ਹੀ ਅਣਜਾਣ ਹਨ। ਭਾਈ ਗੁਰਦਾਸ ਦੀ ਕਾਵਿ-ਸ਼ੈਲੀ ਵਿਅਕਤੀ-ਸੂਚੀਆਂ ਅਤੇ ਇਤਿਹਾਸਕ ਵਿਵਰਣ ਬਹੁਤੀ ਵਾਰ ਆਪਣੇ ਅਧਿਆਤਮਕ ਪ੍ਰਭਾਵ ਸਿਰਜਣ ਨੂੰ ਮੁਖ ਰਖ ਕੇ ਸਿਰਜਦੀ ਹੈ। ਇਸੇ ਕਾਵਿ-ਸ਼ੈਲੀ ਵਿਚ ਜੇ ਗੁਰਸਿੱਖਾਂ ਦੀ ਸੂਚੀ ਵਿਚੋਂ ਭਾਈ ਬਾਲੇ ਦਾ ਨਾਮ ਰਹਿ ਗਿਆ ਹੈ, ਤਾਂ ਬੀਬੀ ਨਾਨਕੀ, ਭਾਈ ਜੈਰਾਮ ਅਤੇ ਰਾਇ ਬੁਲਾਰ ਦੇ ਨਾਮ ਵੀ ਤਾਂ ਅਲੋਪ ਹਨ। ਇਸੇ ਤਰ੍ਹਾਂ ਪਹਿਲੀ ਵਾਰ ਵੀ ਸੰਕੇਤਕ ਹੈ। ਮਰਦਾਨੇ ਦਾ ਨਾਮ ਵੀ ਖ਼ਾਸ ਪ੍ਰਭਾਵ ਪੈਦਾ ਕਰਨ ਵਾਲੀ ਥਾਂ (ਬਗ਼ਦਾਦ ਦਾ ਇਸਲਾਮੀ ਸੂਫ਼ੀ ਵਾਤਾਵਰਣ) ਉੱਤੇ ਹੀ ਆਇਆ ਹੈ। ਉਹ ਮੱਕੇ ਵਿਚ ਵੀ ਗੁਰੂ ਸਾਹਿਬ ਨਾਲ ਸੀ, ਪਰ ਉਥੇ ਉਸਦਾ ਨਾਮ ਨਹੀਂ। ਇਸੇ ਤਰ੍ਹਾਂ ਪਹਿਲੀ ਵਾਰ ਵਿਚ ਗੁਰੂ ਨਾਨਕ ਸਾਹਿਬ ਦੇ ਮਾਤਾ ਪਿਤਾ ਦੇ ਨਾਮ ਵੀ ਨਹੀਂ। ਯਾਦ ਰਹੇ, ਚੌਵੀਵੀਂ ਵਾਰ ਦੀ ਪਉੜੀ 23 ਵਿਚ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦਾ ਜ਼ਿਕਰ ਵੀ ਅਤਿ ਸੰਕੇਤਕ ਰੂਪ ਵਿਚ ਹੀ ਮਿਲਦਾ ਹੈ।

ਸ: ਕਰਮ ਸਿੰਘ ਇਹ ਨਹੀਂ ਸਮਝਣਾ ਚਾਹੁੰਦੇ ਕਿ ਜਨਮਸਾਖੀਆਂ ਦੇ ਦੋਸ਼ ਅਤੇ ਸਿਫ਼ਤਾਂ ਵੀ ਇਕ ਸਾਂਝਾ ਲੱਛਣ ਹਨ। ਇਹਨਾਂ ਵਿਚ ਕਈ ਵਾਧੂ ਪਰਾ-ਪ੍ਰਕਿਰਤਕ ਤੱਤ, ਗੁਰਬਾਣੀ ਦੇ ਗੁਰੂ-ਕਵੀਆਂ ਦੀ ਪੂਰੀ ਪਛਾਣ ਨਾ ਹੋਣੀ ਅਤੇ ਬ੍ਰਾਹਮਣਵਾਦੀ ਅੰਸ਼ਾਂ ਦੀ ਹੋਂਦ ਸਾਂਝੇ ਨੁਕਸ ਹਨ, ਪਰ ਹਰ ਇਕ ਜਨਮਸਾਖੀ ਵਿਚ ਗੁਰੂ ਇਤਿਹਾਸ ਦੇ ਖ਼ਾਲਸ ਤੱਤ ਵੀ ਹਨ। ਭਾਈ ਬਾਲੇ ਵਾਲੀ ਜਨਮਸਾਖੀ ਦੇ ਲੇਖਕ ਨੂੰ ਪੁਰਾਤਨ ਜਨਮਸਾਖੀ

ਦੇ ਲੇਖਕ ਨਾਲੋਂ ਗੁਰੂ ਨਾਨਕ ਬਾਣੀ ਦੀ ਨਿਖੜਵੀਂ ਪਹਿਚਾਣ ਕਿਤੇ ਜ਼ਿਆਦਾ ਹੈ। ਦੋਸ਼ਾਂ
ਦੇ ਨਾਲ ਉਸ ਵਿਚ ਕਈ ਥਾਵਾਂ ਉੱਤੇ ਗੁਰੂ ਨਾਨਕ-ਪਿਆਰ ਦੀ ਇੰਤਹਾ ਵੀ ਤਾਂ ਹੈ।
ਸ: ਕਰਮ ਸਿੰਘ ਨੇ ਇਕ ਜਨਮਸਾਖੀ ਦੀ ਸਾਂਝ ਦੂਸਰੇ ਇਤਿਹਾਸਕ ਸੋਮਿਆਂ ਨਾਲੋਂ
ਆਪਹੁਦਰੇ ਅੰਦਾਜ਼ ਨਾਲ ਤੋੜਦਿਆਂ ਹੋਇਆਂ, ਜਿਸ ਤਰ੍ਹਾਂ ਦੇ ਮਸਨੂਈ ਇਤਿਹਾਸਕ
ਤੱਥਾਂ ਦੀ ਘਾੜਤ ਘੜੀ ਹੈ, ਬਿਲਕੁਲ ਉਸੇ ਅੰਦਾਜ਼ ਵਿਚ ਉਸਨੇ ਭਾਈ ਗੁਰਦਾਸ ਦੇ
ਸਮੁੱਚੇ ਕਾਵਿ (ਬ੍ਰਿਜ ਭਾਸ਼ਾ ਅਤੇ ਪੰਜਾਬੀ) ਦੀ ਆਤਮਾ ਨੂੰ ਅਣਡਿੱਠ ਕੀਤਾ ਹੈ। ਭਾਈ
ਗੁਰਦਾਸ ਦੀ ਕਬਿੱਤ ਨੰਬਰ 345 ਇਸਦੀ ਮਿਸਾਲ ਹੈ। "ਕਾਰਤਕ ਮਾਸ ਰੁਤਿ ਸਰਦ
ਪੂਰਨਮਾਸੀ" ਦੀ ਸਤਰ ਨਾਲ ਸ਼ੁਰੂ ਹੁੰਦੀ ਇਹ ਕਬਿੱਤ ਕੱਤਕ ਮਹੀਨੇ ਦੀ ਪੂਰਨਮਾਸ਼ੀ
ਦਾ ਮਾਨਵੀਕਰਨ ਕਰਦੀ ਹੋਈ ਇਸਦੀ ਅਧਿਆਤਮਕ ਰਮਜ਼ ਨੂੰ ਇਸ ਤਰ੍ਹਾਂ ਸਮਝਾਉਂਦੀ
ਹੈ ਕਿ ਇਸ ਰਾਹੀਂ ਗੁਰੂ ਨਾਨਕ ਸਾਹਿਬ ਦੀ ਜਨਮ-ਤਿੱਥ (ਕੱਤਕ ਪੂਰਨਮਾਸ਼ੀ) ਦਾ ਸਿਦਕ
ਅਤੇ ਅਹਿਮੀਅਤ ਸਥਾਪਤ ਹੋ ਜਾਂਦੇ ਹਨ ਅਤੇ ਇਸ ਤੋਂ ਪਹਿਲੀ 344 ਨੰਬਰ ਕਬਿੱਤ
ਗੁਰੂ ਨਾਨਕ ਸਾਹਿਬ ਦੀ ਅਕਾਲ ਮਹਾਨਤਾ ਦੀ ਨਿਰਾਕਾਰਤਾ ਦੀ ਇਕ ਸ਼ਕਤੀਸ਼ਾਲੀ
ਪਿੱਠ-ਭੂਮੀ ਬਣਦੀ ਹੈ। ਸ: ਕਰਮ ਸਿੰਘ ਦੀ ਸਿਤਮ ਜ਼ਰੀਫ਼ੀ ਵੇਖੋ ਕਿ ਇਸ ਕਬਿੱਤ
ਨੂੰ (344) ਗੁਰੂ ਨਾਨਕ ਸ਼ਖ਼ਸੀਅਤ ਦੀ ਅਮਿਤੋਜ ਵਡਿੱਤਣ ਸਵੀਕਾਰਣ ਪਿੱਛੋਂ ਵੀ
ਆਪਣੀ ਜ਼ਿੱਦ ਵੱਸ ਇਸਦਾ ਸੰਬੰਧ ਉਸ ਤੋਂ ਪਹਿਲਾਂ ਦੀਆਂ ਕਬਿੱਤਾਂ ਨਾਲ ਜਾ
ਜੋੜਦਾ ਹੈ।

ਪਾਠਕਾਂ ਦੀ ਗਿਆਤ ਲਈ ਮੈਂ ਇਹ ਸਪੱਸ਼ਟ ਕਰਦਾ ਹਾਂ ਕਿ ਨ ਤਾਂ "ਕਾਰਤਕ
ਮਾਸ ਰੁਤਿ" ਵਰਗਾ ਮਾਨਵੀਕਰਨ ਅਤੇ ਨ ਉਸ ਵਰਗੀ ਅਧਿਆਤਮਕ ਸੁਹਜ-ਕੋਮਲਤਾ
ਭਾਈ ਗੁਰਦਾਸ ਦੀ ਸਮੁੱਚੀ ਕਾਵਿ-ਰਚਨਾ (ਬ੍ਰਿਜ ਭਾਸ਼ਾ ਅਤੇ ਪੰਜਾਬੀ) ਵਿਚ ਕਿਸੇ ਹੋਰ
ਰੁੱਤ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਦੇ ਖ਼ਾਸ ਇਸ਼ਾਰਿਆਂ ਰਾਹੀਂ ਜ਼ਾਹਰਾ ਜ਼ਹੂਰ ਹੋਈ ਹੈ।
ਜੇ ਸ: ਕਰਮ ਸਿੰਘ ਅਤੇ ਡਾ. ਗੰਡਾ ਸਿੰਘ ਅਨੁਸਾਰ ਇਹ ਕਬਿੱਤਾਂ (345 ਤੋਂ 348)
ਸਿਰਫ਼ ਸ਼ਿੰਗਾਰ-ਰਸ ਦੀ ਅਭਿਵਿਅਕਤੀ ਲਈ ਹੀ ਰਚੀਆਂ ਗਈਆਂ ਹਨ, ਤਾਂ ਕੀ ਬਸੰਤ
ਰੁੱਤ (ਫੱਗਣ, ਚੇਤ, ਵਿਸਾਖ ਦੇ ਮਹੀਨੇ) ਦੀਆਂ ਚਾਨਣੀਆਂ ਕੱਤਕ ਦੀ ਪੂਰਨਮਾਸ਼ੀ ਨਾਲੋਂ
ਘੱਟ ਮਨਮੋਹਕ ਹੁੰਦੀਆਂ ਹਨ ? ਭਾਈ ਗੁਰਦਾਸ ਜਿਵੇਂ ਆਪਣੇ ਵਿਸ਼ੇਸ਼ ਨੁਹਾਰ ਵਾਲੇ
ਅਲੰਕਾਰਾਂ ਅਤੇ ਦ੍ਰਿਸ਼ਟਾਂਤਾਂ ਨੂੰ ਦੁਹਰਾਉਂਦੇ ਹਨ, ਤਾਂ ਕੀ ਇਹ ਉਹਨਾਂ ਦੀ ਕਾਵਿ
ਅਨੁਭੂਤੀ ਲਈ ਐਨ ਕੁਦਰਤੀ ਨਹੀਂ ਸੀ ਕਿ ਉਹ ਘੱਟੋ ਘੱਟ ਬਨਾਰਸ ਦੀ ਬਸੰਤ ਰੁੱਤ
ਦੀ ਚੰਨ ਚਾਨਣੀ ਦਾ ਜਾਂ ਫੁੱਲਾਂ ਦਾ ਹੀ ਸ਼ਿੰਗਾਰ-ਰਸੀ ਚਿਤਰ ਪੇਸ਼ ਕਰਦੇ ?

ਇਸ ਟਿੱਪਣੀ ਦੇ ਅੰਤ ਵਿਚ ਬੇਨਤੀ ਹੈ ਕਿ ਪਾਠਕ ਇਤਿਹਾਸਕਾਰਾਂ ਵਾਂਗ ਪਹਿਲੀ
ਵਾਰ ਵਿਚ ਵਰਤੇ 'ਵਸੋਆ' ਸ਼ਬਦ ਦਾ ਰਿਸ਼ਤਾ ਵਿਸਾਖ ਸੁਦੀ ਤੀਜ ਨਾਲ ਜੋੜਨ ਦੀ
ਗਲਤੀ ਨ ਕਰਨ। "ਸਤਿਗੁਰ ਨਾਨਕ ਪ੍ਰਗਟਿਆ" ਵਾਲੀ ਪਉੜੀ ਗੁਰੂ-ਆਮਦ ਦੇ
ਵਜਦ ਦੀ ਸ਼ਿੱਦਤ ਨੂੰ ਸੂਰਜ ਅਤੇ ਸਿੰਘ ਦੀ ਸੁਹਜ-ਭਰੀ ਵਿਜੇਈ ਚੜ੍ਹਤਲ ਰਾਹੀਂ ਪੇਸ਼
ਕਰਦੀ ਹੈ, ਜਿਸ ਵਿਚ ਕਿ ਪੰਜਾਬ ਦੇ ਰਸੀਲੇ ਸਭਿਆਚਾਰ ਦੀ ਪ੍ਰਤਿਨਿਧਤਾ ਕਰਦੀ
ਵਿਸਾਖੀ ਦਾ ਇਲਾਹੀ ਕੀਰਤਨ ਵਿਚ ਰੰਗਿਆ ਟਿਕਵਾਂ ਆਨੰਦ ਵੀ ਆ ਰਲਿਆ ਹੈ।
ਉਂਜ ਵੀ ਕਾਵਿ-ਗੁਣਾਂ ਪੱਖੋਂ ਸੂਰਜ ਅਤੇ ਸਿੰਘ ਦੇ ਬਿੰਬਾਂ ਦੀ ਸ਼ਿੱਦਤ ਅਤੇ ਵਿਸਾਖੀ
ਦੇ ਕੀਰਤਨ ਦੀ ਗੰਭੀਰਤਾ ਕੱਤਕ ਪੂਰਨਮਾਸ਼ੀ ਦੇ ਬਿੰਬ ਦੇ ਵਧੇਰੇ ਨੇੜੇ ਹੈ।

2. ਟਿੱਪਣੀ : ਚਾਰ ਉਦਾਸੀਆਂ

ਅੱਜ-ਕੱਲ ਦੇ ਜੀਵਨੀਕਾਰਾਂ ਅਤੇ ਇਤਿਹਾਸਕਾਰਾਂ, ਜਿਵੇਂ ਡਾ. ਤ੍ਰਿਲੋਚਨ ਸਿੰਘ (*ਜੀਵਨ ਚਰਿੱਤ੍ਰ ਗੁਰੂ ਨਾਨਕ ਦੇਵ ਜੀ*), ਡਾ. ਸਾਹਿਬ ਸਿੰਘ (*ਜੀਵਨ ਬ੍ਰਿਤਾਂਤ ਗੁਰੂ ਨਾਨਕ ਦੇਵ ਜੀ*), ਪ੍ਰਿੰ. ਸਤਿਬੀਰ ਸਿੰਘ (*ਬਲਿਓ ਚਿਰਾਗ*) ਅਤੇ ਡਾ. ਕਿਰਪਾਲ ਸਿੰਘ (*ਜਨਮਸਾਖੀ ਪਰੰਪਰਾ*) ਨੇ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦੀ ਗਿਣਤੀ ਇਹ ਦਲੀਲ ਦਿੰਦਿਆਂ ਚਾਰ ਤੋਂ ਤਿੰਨ ਕਰ ਦਿੱਤੀ ਕਿ ਭੂਗੋਲਿਕ ਦ੍ਰਿਸ਼ਟੀ ਤੋਂ ਭਾਵ ਸੌਖੇ ਰਾਹ ਦੀ ਚੋਣ ਦੇ ਪੱਖੋਂ ਗੁਰੂ ਸਾਹਿਬ ਦਾ ਜਗਨਨਾਥ ਪੁਰੀ ਤੋਂ ਮੱਧ ਭਾਰਤ ਦੇ ਰਾਹ ਨੂੰ ਤਿਆਗ ਕੇ ਦੱਖਣ ਅਤੇ ਲੰਕਾ ਵੱਲ ਜਾਣਾ ਠੀਕ ਹੈ। ਇੰਜ ਇਹਨਾਂ ਵਿਦਵਾਨਾਂ ਨੇ ਦੋ ਉਦਾਸੀਆਂ ਨੂੰ ਜੋੜ ਕੇ ਇਕ ਬਣਾ ਦਿੱਤੀ। ਇਹਨਾਂ ਇਤਿਹਾਸਕਾਰਾਂ ਇਹ ਨਹੀਂ ਸਮਝਿਆ ਕਿ ਗੁਰੂ ਸਾਹਿਬ ਦੀ ਕੋਈ ਵੀ ਉਦਾਸੀ ਸੌਖੇ ਜਾਂ ਔਖੇ ਰਾਹਾਂ ਦੀ ਚੋਣ ਨੂੰ ਪਰਧਾਨਤਾ ਨਹੀਂ ਦਿੰਦੀ। ਗੁਰੂ ਸਾਹਿਬ ਦੀਆਂ ਚਾਰੇ ਉਦਾਸੀਆਂ ਦੀ ਬਣਤਰ ਮੁੱਖ ਰੂਪ ਵਿਚ ਉਹਨਾਂ ਦੇ ਮਿਸ਼ਨ, ਰਚਨਾਤਮਕ ਵੇਗ ਅਤੇ ਖ਼ਾਲਸ ਅਧਿਆਤਮਕ ਦ੍ਰਿਸ਼ਟੀ ਦੀ ਰਿਣੀ ਹੈ ਅਤੇ ਇਹਨਾਂ ਉਦਾਸੀਆਂ ਦੀ ਸਾਂਝ ਸੂਖਮ ਨਿਰਾਕਾਰ ਪਹਿਲੂਆਂ ਨਾਲ ਵੀ ਹੈ। ਸੋ, ਗੁਰੂ ਨਾਨਕ ਸਾਹਿਬ ਜਗਨਨਾਥ ਪੁਰੀ ਤੋਂ ਮੱਧ ਭਾਰਤ ਥਾਣੀ ਵਾਪਸ ਸੁਲਤਾਨਪੁਰ ਪਹੁੰਚੇ ਅਤੇ ਦੂਸਰੀ ਉਦਾਸੀ ਸਮੇ ਹੀ ਲੰਕਾ ਵੱਲ ਗਏ। ਭਾਵੇਂ ਸਿੱਖ ਨਹੀਂ, ਪਰ ਗੁਰੂ ਨਾਨਕ ਸਾਹਿਬ ਦਾ ਨਾਮ ਲੈਣ ਵਾਲੇ ਸਦੀਆਂ ਤੋਂ ਵਸ ਰਹੇ ਵਣਜਾਰਾ ਆਦਿ ਜਾਤੀਆਂ ਦੇ ਲੱਖਾਂ ਲੋਕ ਉਹਨਾਂ ਦੇ ਰਾਹ ਦੀ ਦੱਸ ਪਾ ਰਹੇ ਹਨ। ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਉੱਪਰ ਕਥਿਤ ਇਤਿਹਾਸਕਾਰਾਂ ਨਾਲੋਂ ਮਹਾਂ ਕਵੀ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਅੰਦਰ ਪਹਿਲੀ ਉਦਾਸੀ ਦੇ ਰਾਹਾਂ ਦੀ ਵਧੇਰੇ ਸੱਚੀ ਟੋਹ ਸੀ।

3. ਟਿੱਪਣੀ : ਸਿਧ ਗੋਸਟਿ ਦਾ ਦੈਵੀ ਆਵੇਸ਼-ਕੇਂਦਰ

"ਸਿਧ ਗੋਸਟਿ" ਨੂੰ ਗੁਰੂ ਨਾਨਕ ਸਾਹਿਬ ਦੀ ਅਚਲ ਵਟਾਲੇ ਵਾਲੀ ਫੇਰੀ ਦੇ ਸੰਦਰਭ ਵਿਚ ਚਿਤਵਣਾ ਗੁਰੂ ਜੀ ਦੇ ਸਮੇ ਦੇ ਅਧਿਆਤਮਕ ਵਾਤਾਵਰਣ ਦੀ ਸਹੀ ਨਿਸ਼ਾਨਦੇਹੀ ਤੋਂ ਉੱਕਣਾ ਹੈ। "ਸਿਧ ਗੋਸਟਿ" ਦੀ ਦੈਵੀ ਪਰਵਾਜ਼ ਨੂੰ ਨਿਰਾਕਾਰ ਮੰਡਲਾਂ ਨਾਲ ਲਿਵ ਜੋੜਨ ਵਾਲੇ ਕੈਲਾਸ਼ ਪਰਬਤ ਦੇ ਯੋਗੀਆਂ ਤੋਂ ਲਾਂਭੇ ਰੱਖਣ ਦਾ ਮਤਲਬ ਗੁਰੂ ਸਾਹਿਬ ਦੇ ਜ਼ਮਾਨੇ ਦੇ ਆਤਮਕ ਅਵਸਥਾ ਅਨੁਸਾਰ ਵੰਡੇ ਹੋਏ ਪਰ ਆਪਣੇ ਵਿਧੀ-ਸ਼ਾਸਤਰ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਰੱਖਣ ਵਾਲੇ ਯੋਗੀਆਂ ਦੀਆਂ ਬਹੁ-ਵੰਨਗੀਆਂ ਨੂੰ ਅਣਡਿੱਠ ਕਰਨਾ ਹੈ। "ਸਿਧ ਗੋਸਟਿ" ਵਿਚਲੇ ਯੋਗੀਆਂ ਦੀ ਗਿਆਨਮਈ ਦਾਰਸ਼ਨਿਕ ਦ੍ਰਿਸ਼ਟੀ ਭਾਈ ਗੁਰਦਾਸ ਦੀ ਪਹਿਲੀ ਵਾਰ ਦੇ ਅਚਲ ਵਟਾਲੇ ਵਾਲੇ ਈਰਖਾਲੂ, ਖਰ੍ਹਵੇ ਅਤੇ ਹਿੰਸਕ ਯੋਗੀਆਂ ਦੇ ਵਰਤਾਰੇ ਨਾਲੋਂ ਬਿਲਕੁਲ ਵਖਰੀ ਅਤੇ ਕਿਤੇ ਉਚੇਰੇ ਧਰਾਤਲ ਉੱਤੇ ਵਿਚਰਦੀ ਹੋਈ ਦਿਸਦੀ ਹੈ। ਇਸ ਦਲੀਲ ਦਾ ਕੁਝ ਭਾਗ ਇਸ ਮੁਖਬੰਧ ਦੇ ਕਿਸੇ ਅਗਲੇ ਪ੍ਰਸੰਗ ਵਿਚ ਹੈ।

4. ਟਿੱਪਣੀ : ਕਬੀਰ ਜੀ ਦਾ ਦੇਹਾਂਤ

ਏਥੇ ਅਸਾਂ ਗੁਰੂ ਨਾਨਕ ਸਾਹਿਬ ਅਤੇ ਭਗਤ ਕਬੀਰ ਦੇ ਸਾਂਝੇ ਰਾਗਾਂ ਵਿਚ ਮਿਲਦੇ-ਜੁਲਦੇ ਸਲੋਕ ਅਤੇ ਤੁਕਾਂ (ਖ਼ਿਆਲ-ਤਰਤੀਬ, ਹਵਾਲੇ, ਸਲੋਕ-ਬਣਤਰ, ਬਿੰਬ ਅਤੇ ਰਾਗਾਂ ਦੀ ਸਾਂਝ) ਦਰਸਾ ਕੇ ਇਹ ਨਹੀਂ ਸਾਬਤ ਕਰਨਾ ਕਿ ਕਿਹੜਾ ਮਹਾਂਪੁਰਖ ਕਿਸ ਤੋਂ ਪ੍ਰਭਾਵਤ ਹੋਇਆ। ਮੈਂ ਸਿਰਫ਼ ਇਹ ਕਹਿੰਦਾ ਹਾਂ ਕਿ ਆਪਣੇ ਸਿਦਕ ਅਤੇ ਇਤਿਹਾਸਕ ਯਾਦ ਦੀ ਲਾਜ ਰੱਖਣ ਲਈ ਦਾਸ ਨੇ 1987 ਈ: ਵਿਚ ਬਨਾਰਸ ਵਿਚ ਕਬੀਰ ਸਾਹਿਬ ਨਾਲ ਸੰਬੰਧਤ ਡੇਰਿਆਂ, ਉਥੇ ਹਾਜ਼ਰ ਵਿਦਵਾਨਾਂ ਅਤੇ ਕਬੀਰ ਭਗਤਾਂ ਨੂੰ ਮਿਲ ਕੇ ਇਹ ਸਹੀ ਕੀਤਾ ਸੀ ਕਿ ਕਬੀਰ ਜੀ ਦਾ ਮਹਾਂ ਪ੍ਰਸਥਾਨ 1518 ਈ: ਨੂੰ ਹੀ ਹੋਇਆ। ਅੱਜ ਵੀ ਉਹਨਾਂ ਕਬੀਰ ਪੰਥੀਆਂ ਦੇ ਡੇਰਿਆਂ, ਗ੍ਰੰਥਾਂ ਅਤੇ ਬਨਾਰਸ ਦੇ ਉਸ ਸਮੁੱਚੇ ਪ੍ਰਾਚੀਨ ਵਾਤਾਵਰਣ ਵਿਚ ਕਬੀਰ ਸਾਹਿਬ ਦਾ ਅੰਤਮ ਵਿਦਾਇਗੀ ਸਮਾਂ ਕਈ ਲੰਮੀ ਪੁਰਾਤਨ ਯਾਦ ਬਣ ਕੇ ਸਾਹ ਲੈਂਦਾ ਪ੍ਰਤੀਤ ਹੋ ਰਿਹਾ ਹੈ। ਡਾ. ਤ੍ਰਿਲੋਚਨ ਸਿੰਘ ਜੀ ਨੇ ਤੀਸਰੀ, ਚੌਥੀ ਤੇ ਪੰਜਵੀਂ ਪਾਤਸ਼ਾਹੀ ਅਤੇ ਭਾਈ ਗੁਰਦਾਸ ਦੇ ਕਬੀਰ ਨਾਲ ਹੋਰ ਭਗਤਾਂ ਦੇ ਨਾਮ ਵਾਲੀਆਂ ਜਿਹਨਾਂ ਸਤਰਾਂ ਦੇ ਹਵਾਲੇ ਦਿੱਤੇ ਹਨ, ਉਹਨਾਂ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਕਬੀਰ ਸਾਹਿਬ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਨਹੀਂ ਸਨ। ਗੁਰਬਾਣੀ ਅਤੇ ਭਾਈ ਗੁਰਦਾਸ ਵਿਚੋਂ ਦਿੱਤੇ ਇਹ ਹਵਾਲੇ ਸਿਰਫ਼ ਇਹ ਭਾਵਨਾ ਪ੍ਰਗਟ ਕਰਦੇ ਹਨ ਕਿ ਗੁਰੂ ਅਮਰਦਾਸ ਜੀ ਦੇ ਗੁਰਗੱਦੀ ਉੱਤੇ ਸੁਸ਼ੋਭਿਤ ਹੋਣ ਸਮੇ, ਚੌਥੀ ਪੰਜਵੀਂ ਪਾਤਸ਼ਾਹੀ ਦੇ ਸਮੇ ਅਤੇ ਭਾਈ ਗੁਰਦਾਸ ਦੇ ਵਾਰਾਂ ਰਚਨ ਦੇ ਸਮੇ ਹੋਰ ਵਰਣਿਤ ਭਗਤਾਂ ਵਾਂਗ ਕਬੀਰ ਸਾਹਿਬ ਵੀ ਸੰਸਾਰ ਵਿਚ ਨਹੀਂ ਸਨ, ਪਰ ਇਸ ਤੋਂ ਇਹ ਨਤੀਜਾ ਕਿਵੇਂ ਕੱਢ ਲਈਏ ਕਿ ਕਬੀਰ ਸਾਹਿਬ ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਸਮੇ ਜ਼ਿੰਦਾ ਨਹੀਂ ਸਨ। ਦਾਸ ਗਿਆਨੀ ਗੁਰਦਿੱਤ ਸਿੰਘ ਦੀ ਰਚਨਾ *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਖੋਜ ਦੇ ਕਈ ਪੱਖਾਂ ਨਾਲ ਤਗੜੇ ਮਤਭੇਦ ਵੀ ਰੱਖਦਾ ਹੈ, ਪਰ ਉਹ ਗਿਆਨੀ ਜੀ ਦੀ ਕਬੀਰ ਸਾਹਿਬ ਉੱਤੇ ਅਤਿ ਰੌਚਕ ਅਤੇ ਸਿਰਜਣਾਤਮਕ ਤੀਖਣ ਦ੍ਰਿਸ਼ਟੀ ਨਾਲ ਕੀਤੀ ਖੋਜ ਨਾਲ ਹਰ ਪੱਖੋਂ ਸਹਿਮਤ ਹੈ।

5. ਟਿੱਪਣੀ : ਮਰਦਾਨੇ ਦਾ ਦੇਹਾਂਤ

ਭਾਈ ਕਾਨ੍ਹ ਸਿੰਘ ਨਾਭਾ ਅਤੇ ਪ੍ਰਿੰ. ਤੇਜਾ ਸਿੰਘ ਵਰਗੇ ਸਿੱਖ ਵਿਚਾਰਵਾਨਾਂ ਨੇ ਤਗੜੀ ਸਾਮੂਹਿਕ ਸਿੱਖ-ਯਾਦ ਦੀ ਪਾਲਣਾ ਕਰਦੇ ਹੋਏ ਮਰਦਾਨੇ ਦਾ ਅੰਤਮ ਸਮਾਂ ਖ਼ੁਰਮ ਜਾਂ ਕੁਰਮ (ਨਗਰ ਅਤੇ ਨਦੀ) ਵਿਖੇ ਹੀ ਮੰਨਿਆ ਹੈ। ਪ੍ਰਿੰ. ਸਤਿਬੀਰ ਸਿੰਘ ਵਰਗੇ ਜਿਹਨਾਂ ਵਿਦਵਾਨਾਂ ਤੋਂ ਗੁਰੂ ਜੀ ਦੀ ਚੌਥੀ ਉਦਾਸੀ 1521 ਈ: ਉੱਤੇ ਮੁਕਣ ਕਾਰਨ 1534 ਈ: ਦੀ ਮਰਦਾਨਾ ਦੇਹਾਂਤ ਵਾਲੀ ਮਿਤੀ ਦੀ ਗੁੰਝਲ ਨਹੀਂ ਸੁਲਝੀ, ਉਹਨਾਂ ਮਜਬੂਰੀ ਵੱਸ ਭਾਈ ਮਰਦਾਨੇ ਦਾ ਅੰਤਮ ਸਮਾਂ ਕਰਤਾਰਪੁਰ ਵਿਖੇ ਮਿੱਥ ਲਿਆ। ਅਜਿਹੇ ਵਿਦਵਾਨਾਂ ਸਾਹਮਣੇ ਗੁਰੂ ਨਾਨਕ ਸਾਹਿਬ ਦੇ ਜੀਵਨ ਭਰ ਦੇ ਮੁਰੀਦ ਭਾਈ ਮਰਦਾਨੇ ਦੇ ਅੰਤਮ ਸਮੇ ਉੱਤੇ ਸਿੱਖ ਇਤਿਹਾਸ ਵਿਚ ਸਮਾਨਾਂਤਰ ਚਲ ਰਹੇ ਬਿਪਰ ਸੰਸਕਾਰ ਵਿਚੋਂ ਉਪਜੀ ਉਸਦੇ ਮੁਸਲਮਾਨ ਹੋਣ ਦੀ ਮਨੋਵਿਗਿਆਨਕ ਸਮੱਸਿਆ ਵੀ ਸੀ। ਸੋ, ਅਜਿਹੇ ਇਤਿਹਾਸਕਾਰਾਂ ਨੇ ਉਸਦੇ ਸਸਕਾਰ ਕਰਨ ਦੀ ਮਿੱਥ ਦੀ ਪੈਰਵੀ ਵੀ ਕੀਤੀ। ਕਈ

ਵਿਦਵਾਨ ਚੌਥੀ ਉਦਾਸੀ ਦੇ ਅੰਤ ਨੇੜੇ ਖ਼ੁਰਮ ਵਿਖੇ ਹੀ ਮਰਦਾਨਾ ਦੇਹਾਂਤ ਨੂੰ ਚਿਤਵਦਿਆਂ ਇਸ ਉਦਾਸੀ ਦੇ ਸਮੇ ਨੂੰ 1524 ਈ: ਤਕ ਲੈ ਗਏ ਅਤੇ 1534 ਈ: ਦੀ ਥਾਂ ਇਸੇ ਸੰਨ ਵਿਚ ਉਸਦੇ ਦੇਹਾਂਤ ਨੂੰ ਸਵੀਕਾਰ ਕਰ ਲਿਆ। ਗੁਰੂ ਨਾਨਕ ਸਾਹਿਬ ਦੀ ਦੈਵੀ ਸ਼ਖ਼ਸੀਅਤ ਦੇ ਕੁਦਰਤੀ ਤਰਕ ਦੀ ਗਤੀਸ਼ੀਲ ਨਿਰੰਤਰਤਾ ਵਿਚੋਂ ਇਹ ਸੱਚ ਉਭਰਦਾ ਹੈ ਕਿ ਗੁਰੂ ਸਾਹਿਬ ਨੇ ਚਾਰ ਉਦਾਸੀਆਂ ਪਿੱਛੋਂ ਵੀ ਮੁਲਤਾਨ ਤੋਂ ਕੁਰਮ ਵਲ ਕੋਈ ਪੈਂਡਾ ਕੀਤਾ ਅਤੇ ਗੁਰੂ ਇਤਿਹਾਸ ਦੀਆਂ ਗਵਾਹੀਆਂ ਦੇ ਸਹੀ ਸੁਰ-ਤਾਲ ਵਿਚ ਮਰਦਾਨੇ ਦੀ ਦੇਹ ਨੂੰ ਕੁਰਮ ਦਰਿਆ ਦੇ ਸਪੁਰਦ ਕੀਤਾ।

-5-

ਸਿੱਖ ਇਤਿਹਾਸ ਦੇ ਸੰਦਰਭ ਵਿਚ ਇਤਿਹਾਸਕ ਤੱਥਾਂ ਦਾ ਸਹੀ ਮੰਥਣ ਕਿਵੇਂ ਹੋਵੇ ? ਸਮੇ ਦੀ ਲੰਮੀ ਦੌੜ ਵਿਚ ਖੋਟੇ ਅਤੇ ਖਰੇ ਤੱਥ ਰਲਗੱਡ ਹੋ ਗਏ ਹਨ, ਫਿਰ ਖਰਾ ਤੱਥ ਕਿਵੇਂ ਪਛਾਣੀਏ ? ਇਹਨਾਂ ਪ੍ਰਸ਼ਨਾਂ ਦਾ ਦਰੁਸਤ ਉੱਤਰ ਢੂੰਡਣ ਲਈ ਪੂਰੇ ਜਾਂ ਅਧੂਰੇ ਰੂਪ ਵਿਚ ਖੋਟੇ ਹੋਏ ਜਾਂ ਹੋ ਰਹੇ ਤੱਥਾਂ ਦੇ ਪਿਛੋਕੜ ਉੱਤੇ ਨਿਗਾਹ ਮਾਰਨੀ ਜ਼ਰੂਰੀ ਹੈ। ਜਦੋਂ ਅਸੀਂ ਖੋਟੇ ਜਾਂ ਖੋਟ ਵੱਲ ਵਧ ਰਹੇ ਇਤਿਹਾਸਕ ਤੱਥਾਂ ਦੀਆਂ ਵੰਨਗੀਆਂ ਦਾ ਨਿਖੇੜਾ ਕਰਦੇ ਹਾਂ, ਤਾਂ ਇਹਨਾਂ ਦੀ ਗਿਣਤੀ ਘੱਟੋ ਘੱਟ ਚਾਰ ਬਣਦੀ ਹੈ। ਇਹਨਾਂ ਦਾ ਸੰਖਿਪਤ ਵਰਣਨ ਇਸ ਪਰਕਾਰ ਹੈ :

(ੳ) ਦ੍ਰਿਸ਼ਟਾ ਦੀ ਮਜਬੂਰੀ ਵਿਚੋਂ ਉਪਜੇ ਤੱਥ

ਭਾਈ ਵੀਰ ਸਿੰਘ ਜੀ, ਮਹਾਂ ਕਵੀ ਸੰਤੋਖ ਸਿੰਘ ਦੇ ਪੱਧਰ ਦੇ ਹੀ ਦ੍ਰਿਸ਼ਟਾ ਅਤੇ ਕਵੀ ਹੋਣ ਦੇ ਨਾਤੇ ਸਿੱਖ ਇਤਿਹਾਸ ਦੀਆਂ ਸੂਖਮ ਵੰਨਗੀਆਂ ਦੇ ਰਾਜ਼ਦਾਨ ਸਨ, ਪਰ ਫੇਰ ਵੀ ਕੁਝ ਸਵੈ-ਅਪਣਾਏ ਬੰਧਨਾਂ ਕਾਰਨ ਉਹਨਾਂ ਦੀ ਤਲਾਸ਼ ਵਿਚ ਕੁਝ ਵਿਘਨ ਪਏ। ਮਿਸਾਲ ਲਈ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਸਤਰ "ਬਾਬੇ ਕੀਤੀ ਸਿਧ ਗੋਸਟ" (ਪਉੜੀ 44) ਨੇ ਡਾ. ਸਾਹਿਬ ਸਿੰਘ ਵਾਂਗ ਭਾਈ ਸਾਹਿਬ ਦੀ ਚੇਤਨਾ ਅੰਦਰ ਵੀ ਇਸ ਅਹਿੱਲ ਤੱਥ ਨੂੰ ਸਦਾ ਲਈ ਉਤਾਰ ਦਿੱਤਾ ਕਿ ਗੁਰੂ ਨਾਨਕ ਸਾਹਿਬ ਦੀ ਰਾਮਕਲੀ ਰਾਗ ਵਿਚ ਉਚਾਰੀ "ਸਿਧ ਗੋਸਟਿ" ਗੁਰੂ ਜੀ ਦੀ ਅਚਲ ਵਟਾਲੇ ਵਿਖੇ ਜੋਗੀਆਂ ਨਾਲ ਹੋਈ ਬਹਿਸ ਦਾ ਹੀ ਸਿੱਟਾ ਹੈ। ਇਹ ਨਹੀਂ ਵੇਖਿਆ ਗਿਆ ਕਿ ਭਾਈ ਗੁਰਦਾਸ ਦੇ ਏਥੇ ਵਰਤੇ ਗਏ "ਸਿਧ ਗੋਸਟ" ਲਫ਼ਜ਼ ਗੁਰੂ ਗ੍ਰੰਥ ਸਾਹਿਬ ਵਾਲੀ "ਸਿਧ ਗੋਸਟਿ" ਵਲ ਸੰਕੇਤ ਨਹੀਂ ਕਰਦੇ, ਸਗੋਂ "ਗੋਸਟ" ਸ਼ਬਦ ਉਸ ਸਮੇ ਦੇ ਸਿੱਖ ਸਾਹਿਤ ਵਿਚ ਹੋਰ ਸੰਦਰਭਾਂ ਵਿਚ ਵੀ ਸਾਧਾਰਣ ਵਾਰਤਾਲਾਪ ਜਾਂ ਮਿੱਠੀਆਂ/ਤਲਖ਼ ਬਹਿਸਾਂ ਦੇ ਅਰਥਾਂ ਵਿਚ ਆਮ ਵਰਤੀਂਦਾ ਸੀ। ਸੋ, ਇਸ ਗ਼ਲਤ ਬਣੇ ਤੱਥ ਦੀ ਮਜਬੂਰੀ ਵੱਸ ਭਾਈ ਵੀਰ ਸਿੰਘ "ਸਿਧ ਗੋਸਟਿ" ਦੀ ਦੂਸਰੀ ਪਉੜੀ ਵਿਚ ਸਿੱਧਾਂ ਦੇ ਬਹੁਤ ਮਧੁਰ ਰੌਅ ਨੂੰ ਭਾਈ ਗੁਰਦਾਸ ਦੀ ਪਹਿਲੀ ਵਾਰ ਦੇ ਮੁਤਾਬਕ ਖੁਣਸੀ ਦਰਸਾਉਂਦੇ ਹਨ ਅਤੇ ਪਹਿਲੀ ਪਉੜੀ ਦੇ ਅਰਥਾਂ ਵਿਚ ਤਾਂ ਜੋਗੀ ਸੁਭਾ ਵਿਚ 'ਖੁਣਸ' ਦਾ ਹੋਣਾ ਪਹਿਲਾਂ ਹੀ ਮਿੱਥ ਲੈਂਦੇ ਹਨ (ਵੇਖੋ : *ਪੰਜ ਗ੍ਰੰਥੀ ਸਟੀਕ*, "ਸਿਧ ਗੋਸਟਿ" ਦੇ ਫ਼ੁਟ ਨੋਟ)। ਹਾਂ, ਇਹ ਸ਼ੁਕਰ ਦੀ ਗੱਲ ਹੈ ਕਿ ਭਾਈ ਵੀਰ ਸਿੰਘ ਦੀ ਫ਼ਰਜ਼ੀ ਤੱਥ ਪ੍ਰਤੀ ਵਫ਼ਾ ਉਹਨਾਂ

ਹੈ "ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ" ਵਾਲੀ "ਸਿਧ ਗੋਸਟਿ" ਦੀ ਪਉੜੀ 17 ਦੇ ਅਰਥਾਂ ਨੂੰ ਵਰਤਮਾਨ ਤੋਂ ਲਾਂਭੇ ਨਹੀਂ ਲਿਜਾਂਦੀ ਅਤੇ ਇੰਜ ਸਾਹਮਣੇ ਵਾਪਰ ਰਹੇ ਦ੍ਰਿਸ਼ ਨੂੰ ਭੂਤਕਾਲ ਦੀ ਘਟਨਾ ਵਿਚ ਨਹੀਂ ਬਦਲਦੀ। ਦੂਸਰੇ ਪਾਸੇ *ਗੁਰੂ ਗ੍ਰੰਥ ਸਾਹਿਬ ਦਰਪਣ* ਦੇ ਕਰਤਾ ਜੀ ਗੁਰੂ ਜੀ ਦੇ ਪਰਤੱਖ ਉਦਾਸੀ ਰੂਪ ਨੂੰ ਅਚਲ ਵਟਾਲੇ ਵਿਖੇ ਗ੍ਰਿਹਸਥੀ ਬਾਣੇ ਵਿਚ ਦਰਸਾਉਣ ਲਈ 17ਵੀਂ ਅਤੇ 18ਵੀਂ ਪਉੜੀ ਦੇ ਅਰਥਾਂ ਨੂੰ ਆਪਣੇ ਹੀ ਵਿਆਕਰਣਿਕ ਅਸੂਲਾਂ ਤੋਂ ਲਾਂਭੇ ਜਾ ਕੇ ਵਰਤਮਾਨ ਕਾਲ ਨੂੰ ਮਜਬੂਰੀ ਵਸ ਭੂਤਕਾਲ ਵਿਚ ਬਦਲਣ ਦਾ ਚਮਤਕਾਰ ਕਰਦੇ ਹਨ। ਸੋ, ਇਕ ਫ਼ਰਜ਼ ਕੀਤਾ ਤੱਥ ਹੋਰਨਾਂ ਫ਼ਰਜ਼ੀ ਤੱਥਾਂ ਦੇ ਜਨਮ ਦਾ ਕਾਰਨ ਬਣਦਾ ਹੈ।

ਭਾਈ ਵੀਰ ਸਿੰਘ ਦੀ ਇਤਿਹਾਸਕ ਚੇਤਨਾ ਉੱਤੇ ਦੂਸਰਾ ਬੰਧਨ ਪੁਰਾਤਨ ਜਨਮਸਾਖੀ ਦਾ ਹੈ, ਜਿਸਦੀ ਪਰਧਾਨ ਸੁਰ ਵਿਚ ਮਾਸੂਮੀ ਅਤੇ ਸਾਦਗੀ ਹੋਣ ਦੇ ਬਾਵਜੂਦ ਇਸਦੇ ਬਿਰਤਾਂਤ ਵਿਚ ਹੋਰ ਜਨਮਸਾਖੀਆਂ ਵਾਂਗ ਗੁਰਮਤ ਇਤਿਹਾਸ ਅਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਪ੍ਰਤੀ ਅਗਿਆਨ ਦੀ ਕਾਫ਼ੀ ਮਾਤਰਾ ਮਿਲ ਜਾਂਦੀ ਹੈ, ਪਰ ਫੇਰ ਵੀ ਉਹਨਾਂ ਦੀ ਗਿਆਨ-ਹਉਂ ਪੁਰਾਤਨ ਜਨਮਸਾਖੀ ਦੀਆਂ ਘਟਨਾਵਾਂ ਨੂੰ ਇਲਹਾਮੀ ਗ੍ਰੰਥ ਵਾਂਗ ਬੇ-ਐਬ ਮੰਨਣ ਲਈ ਮਜਬੂਰ ਹੈ ਅਤੇ ਪਿੱਛੋਂ ਆਉਣ ਵਾਲੇ ਬਹੁਤੇ ਇਤਿਹਾਸਕਾਰ ਵੀ ਪੁਰਾਤਨ ਜਨਮਸਾਖੀ ਦੇ ਭਾਈ ਸਾਹਿਬ ਦੇ ਕਲਪੇ ਬੇ-ਐਬ ਰੂਪ ਨੇ ਮੰਤਰ-ਮੁਗਧ (ਹਿਪਨੋਟਾਈਜ਼) ਕੀਤੇ ਹੋਏ ਹਨ। ਸੋ, ਉਹ ਪੁਰਾਤਨ ਜਨਮਸਾਖੀ ਦੇ ਗੁਣਾਂ ਅਤੇ ਐਬਾਂ ਦਾ ਵਿਸ਼ਲੇਸ਼ਣ ਕਰੇ ਬਿਨਾਂ ਹੀ ਇਸਦੇ ਇਤਿਹਾਸਕ ਤੱਥਾਂ ਦੀ ਪ੍ਰਮਾਣਿਕਤਾ ਬਾਰੇ ਕੋਈ ਸੁਆਲ ਨਹੀਂ ਉਠਾਉਂਦੇ। ਅਣਡਿੱਠ ਕਰਨ ਵਾਲੀ ਅਜਿਹੀ ਮਕਾਨਕੀ ਸ਼ਰਧਾ ਕਾਰਨ ਹੀ ਭਾਈ ਵੀਰ ਸਿੰਘ ਨੇ ਪੁਰਾਤਨ ਜਨਮਸਾਖੀ ਦੇ ਆਧਾਰ ਉੱਤੇ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਵਿਸਾਖ ਸੁਦੀ ਤੀਜ ਨੂੰ ਪਰਵਾਨ ਕੀਤਾ ਅਤੇ ਭਾਈ ਬਾਲੇ ਨੂੰ ਨਿਰਹੋਂਦ ਮੰਨਿਆ।

(ਅ) ਸਗਲ ਅਨੁਭਵ ਦੀ ਦੂਰੀ ਤੋਂ ਉਪਜੇ ਫ਼ਰਜ਼ੀ ਤੱਥ

ਜਿਵੇਂ ਡਾ. ਸਾਹਿਬ ਸਿੰਘ ਨੇ ਮਹਾਨ ਗੁਰਬਾਣੀ ਗਿਆਤਾ ਹੋਣ ਦੇ ਬਾਵਜੂਦ ਉਪਰੋਕਤ ਮਿਸਾਲ ਵਾਂਗ ਕਈ ਗ਼ਲਤ ਤੱਥਾਂ ਦਾ ਭਰਮ ਪਾਲਣ ਲਈ ਗੁਰਬਾਣੀ ਦੇ ਕੁਝ ਅਰਥ ਤੋੜੇ ਮਰੋੜੇ ਵੀ, ਇਉਂ ਹੀ ਗੁਰੂ ਨਾਨਕ ਸ਼ਖ਼ਸੀਅਤ ਦੇ ਸਗਲ ਅਨੁਭਵ ਵਿਚ ਡੂੰਘਾ ਗੋਤਾ ਨਾ ਲਾਉਣ ਕਾਰਨ ਉਹਨਾਂ ਬੜੇ ਬੇਲਿਹਾਜ਼ ਹੋ ਕੇ ਗੁਰੂ ਜੀਵਨੀ ਦੀਆਂ ਤਿੱਥਾਂ ਮਿਤੀਆਂ ਨੂੰ ਅੱਗੜ ਪਿੱਛੜ ਕੀਤਾ। ਮਿਸਾਲ ਲਈ ਉਹ ਗੁਰੂ ਨਾਨਕ ਸਾਹਿਬ ਦੀ ਵਿਸਾਖੀ 1499 ਈ: ਨੂੰ ਸ਼ੁਰੂ ਹੋਈ ਪਹਿਲੀ ਉਦਾਸੀ ਨੂੰ 1508 ਈ: ਵਿਚ ਸ਼ੁਰੂ ਕਰਦੇ ਹਨ। ਉਹਨਾਂ ਇਹ ਵੀ ਨਹੀਂ ਸਮਝਿਆ ਕਿ ਗੁਰੂ ਜੀ ਦੇ ਵੇਈਂ ਪ੍ਰਵੇਸ਼ ਸਮੇ "ਬਖਸ ਦਰਿ" ਪਾਉਣ ਅਤੇ "ਨਾ ਹਮ ਹਿੰਦੂ ਨਾ ਮੁਸਲਮਾਨ" ਦਾ ਇਲਾਹੀ ਨਾਅਰਾ ਲਾਉਣ ਪਿੱਛੋਂ ਹੀ ਪਹਿਲੀ ਉਦਾਸੀ ਦੇ ਸ਼ੁਰੂ ਹੋਣ ਦਾ ਤਰਕ ਬਣਦਾ ਹੈ। ਡਾ. ਸਾਹਿਬ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਦੈਵੀ ਮਿਸ਼ਨ ਦੇ ਵਿਸ਼ਾਲ ਸੰਦਰਭ ਨੂੰ ਸਮਝੇ ਬਿਨਾਂ ਉਹਨਾਂ ਦੀਆਂ ਉਦਾਸੀਆਂ ਦੇ ਪ੍ਰਸਿੱਧ ਕੇਂਦਰਾਂ ਨੂੰ ਸਿਰਫ਼ ਪਰਚਾਰ ਕਰਨ ਦੇ ਇਕਹਿਰੇ ਪ੍ਰਯੋਜਨ ਤੋਂ ਹਿੰਦੂ ਅਤੇ ਮੁਸਲਮਾਨਾਂ ਦੇ ਧਾਰਮਿਕ ਤਿਉਹਾਰਾਂ ਦੀਆਂ ਤਿੱਥਾਂ ਮਿਤੀਆਂ ਉੱਤੇ ਕੇਂਦਰਿਤ ਕਰ ਦਿੱਤਾ।

ਡਾ. ਸਾਹਿਬ ਸਿੰਘ ਆਪਣੇ ਲੇਖਾਂ ਅਤੇ *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* ਵਿਚ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ 'ਪੋਥੀ' ਦੇ ਇਕ ਇਸ਼ਾਰੇ ਦਾ ਸਹਾਰਾ ਲੈ ਕੇ ਇਹ ਦਰਸਾਉਂਦੇ ਨਹੀਂ ਥਕਦੇ ਕਿ ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਸਮੇਂ ਭਗਤ ਬਾਣੀ ਇਕੱਠੀ ਕਰਨ ਲਈ ਇਕ ਪੋਥੀ ਹਰ ਵੇਲੇ ਆਪਣੇ ਨਾਲ ਰੱਖਦੇ ਸਨ ਅਤੇ ਉਸ ਬਾਣੀ ਦੇ ਆਵੇਸ਼ ਅਨੁਸਾਰ ਕੁਝ ਆਪਣੇ ਸ਼ਬਦ ਵੀ ਰਚਦੇ ਜਾਂਦੇ ਸਨ, ਪਰ ਐਨੀ ਪੱਕੀ ਤਰ੍ਹਾਂ ਗਵਾਹੀ ਦੇਣ ਪਿੱਛੋਂ ਉਹ ਇਹ ਨਹੀਂ ਦਸਦੇ ਕਿ ਉਹ ਮੁਬਾਰਕ ਪੋਥੀ ਗਈ ਕਿੱਥੇ ? ਇਸ ਸੌ ਸੰਭਾਵਨਾਵਾਂ ਵਾਲੇ ਪੋਥੀ ਤੱਥ ਉੱਤੇ ਐਨਾ ਜ਼ੋਰ ਦੇਣਾ ਲੇਖਕ ਦੀ ਉਸੇ ਤਰ੍ਹਾਂ ਦੀ ਇਕਹਿਰੀ ਗਿਆਨ-ਹਉਂ ਹੈ, ਜਿਸ ਤਰ੍ਹਾਂ ਦੀ ਗਿਆਨ-ਹਉਂ ਸ: ਕਰਮ ਸਿੰਘ ਨੇ ਕੱਤਕ ਪੁੰਨਿਆ ਅਤੇ ਭਾਈ ਬਾਲੇ ਦੀ ਅਣਹੋਂਦ ਵਾਲੇ ਤੱਥਾਂ ਉੱਤੇ ਵਿਖਾਈ। (ਸ: ਕਰਮ ਸਿੰਘ ਦੀ ਇਹ ਗਿਆਨ-ਹਉਂ ਉਹਨਾਂ ਦੀ ਅੰਮ੍ਰਿਤਸਰ ਦੇ ਇਤਿਹਾਸ ਉੱਤੇ ਲਿਖੀ ਇਕ ਨਿੱਕੀ ਕਿਤਾਬ ਵਿਚਲੇ ਇਸ ਤੱਥ ਵਿਚ ਜ਼ਰਾ ਧੀਮੇ ਸੁਰ ਵਿਚ ਪ੍ਰਗਟ ਹੁੰਦੀ ਹੈ, ਜਦੋਂ ਉਹ ਤੱਥ ਦਾ ਸੱਚ ਝੂਠ ਨਿਤਾਰੇ ਬਿਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤਸਰ ਆਉਣ ਦੀ ਪੁਸ਼ਟੀ ਕਰਦੇ ਹਨ। ਉਹਨਾਂ ਨੇ ਗਿਆਨ-ਹਉਂ ਵਿਚ ਏਧਰ ਧਿਆਨ ਨਹੀਂ ਦਿੱਤਾ ਕਿ ਜਦੋਂ ਗੁਰਮੁਖਾਂ ਨੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੀ ਛੁਹ ਨਾਲ ਪਵਿੱਤਰ ਹੋਏ ਨਿੱਕੇ ਨਿੱਕੇ ਟਿਕਾਣਿਆਂ ਦੀ ਯਾਦ ਸਾਂਭੀ ਹੋਈ ਹੈ, ਤਾਂ ਸਤਲੁਜ ਤੋਂ ਪਾਰ ਅੰਮ੍ਰਿਤਸਰ ਤਕ ਕਲਗੀਧਰ ਦਾ ਇਕ ਵੀ ਗੁਰਦੁਆਰਾ ਜਾਂ ਕੋਈ ਪਰੰਪਰਕ ਯਾਦ ਕਿਉਂ ਨਹੀਂ ਮਿਲਦੀ !)

(ੲ) ਗੁਰੂ ਗ੍ਰੰਥ ਸਾਹਿਬ ਨਾਲੋਂ ਨਿਖੇੜੇ ਤੱਥ

1. *ਦਸਮ ਗ੍ਰੰਥ* ਦੀਆਂ ਬਹੁਤੀਆਂ ਰਚਨਾਵਾਂ ਵਾਂਗ "ਬਚਿੱਤ੍ਰ ਨਾਟਕ" ਵੀ ਗੁਰੂ ਗ੍ਰੰਥ ਸਾਹਿਬ ਦੀ ਸਪਿਰਟ ਅਨੁਕੂਲ ਨਹੀਂ। ਭਾਈ ਵੀਰ ਸਿੰਘ ਜਦੋਂ *ਦੇਵੀ ਪੂਜਨ ਪੜਤਾਲ* ਵਿਚ "ਬਚਿੱਤ੍ਰ ਨਾਟਕ" ਦੀ 'ਕਾਲਕਾ' ਨੂੰ ਸਿੱਖ ਰੱਬ ਦੇ ਇਸਤ੍ਰੀ ਰੂਪ ਵਿਚ ਕਲਪਦੇ ਹੋਏ, ਇਸਦੇ ਅਰਥ ਦੁਰਗਾ ਜਾਂ ਚੰਡੀ ਨਹੀਂ ਮੰਨਦੇ, ਤਾਂ ਉਹ *ਦਸਮ ਗ੍ਰੰਥ* ਦੀਆਂ ਉਹਨਾਂ ਸਭ ਰਚਨਾਵਾਂ ਤੋਂ ਅੱਖਾਂ ਮੀਟਦੇ ਹਨ, ਜਿਹਨਾਂ ਉੱਤੇ ਕਿ ਸ਼ਿਵਾ (ਪਾਰਬਤੀ), ਦੁਰਗਾ, ਕਾਲਕਾ ਅਤੇ ਚੰਡੀ ਵਗੈਰਾ ਪੌਰਾਣਿਕ ਦੇਵੀ-ਰੂਪਾਂ ਦਾ ਬੋਝ ਹੈ। ਗੁਰੂ ਸਾਹਿਬ ਦੇ ਜਾਪੁ ਸਾਹਿਬ ਵਿਚ "ਨਮੋ ਲੋਕ ਮਾਤਾ" (ਪੰਨਾ 52) ਉਚਾਰ ਕੇ ਰੱਬ ਦਾ ਅੰਤ੍ਰੀਵ ਪੈਟਰਨ ਸਮਝਾਇਆ ਗਿਆ ਹੈ, ਪਰ ਏਥੇ ਖ਼ਿਆਲ ਦੀ ਨਿਰਾਕਾਰ ਅਨੰਤਤਾ ਉੱਤੇ 'ਚੰਡੀ ਦੀ ਵਾਰ' ਵਰਗੀਆਂ ਰਚਨਾਵਾਂ ਵਾਂਗ ਦੇਵੀ ਪੂਜਾ ਦਾ ਭਾਰ ਨਹੀਂ ਪਾਇਆ ਗਿਆ। ਆਧੁਨਿਕ ਚਿੰਤਕ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਪੌਰਾਣਿਕ ਹਵਾਲੇ ਇਸ਼ਟ-ਰੂਪ ਵਿਚ ਨਹੀਂ, ਸਗੋਂ ਦ੍ਰਿਸ਼ਟਾਂਤਾਂ/ਅਲੰਕਾਰਾਂ/ਬਿੰਬਾਂ ਦੇ ਰੂਪ ਵਿਚ ਆਏ ਹਨ। ਦੂਜੇ ਪਾਸੇ *ਦਸਮ ਗ੍ਰੰਥ* ਵਿਚ ਪੌਰਾਣਿਕ ਚਿਹਨ ਨਿਰੋਲ ਇਸ਼ਟ-ਰੂਪ ਅਤੇ ਉਹਨਾਂ ਦੇ ਪੂਜਾ-ਪੈਟਰਨ ਅਨੁਸਾਰ ਆਏ ਹਨ। ਇਹਨਾਂ ਨੂੰ ਆਧੁਨਿਕ ਸਿੱਖ ਵਿਚਾਰਵਾਨਾਂ ਦੀ ਪ੍ਰਤੀਕ ਜਾਂ ਚਿਹਨ-ਵਿਆਖਿਆ ਕਿਸੇ ਤਰ੍ਹਾਂ ਦਾ ਵੀ ਦਾਰਸ਼ਨਿਕ ਉਹਲਾ ਦੇਣ ਦੇ ਸਮਰੱਥ ਨਹੀਂ, ਕਿਉਂਕਿ ਇਹ ਯਤਨ *ਦਸਮ ਗ੍ਰੰਥ*

ਦੇ ਚਿਹਨਾਂ/ਪ੍ਰਤੀਕਾਂ/ਹਵਾਲਿਆਂ ਨੂੰ ਦਾਰਸ਼ਨਿਕ ਫੈਲਾਉ ਦੇ ਕੇ ਗੁਰੂ ਗ੍ਰੰਥ ਸਾਹਿਬ ਦੇ ਸੰਕਲਪਾਂ ਨਾਲ ਕੇਵਲ ਬਾਹਰੀ ਸਮਾਨਤਾ ਹੀ ਸਥਾਪਤ ਕਰਦਾ ਹੈ। ਇੰਜ ਚਾਰ ਪੰਜ ਬਾਣੀਆਂ ਨੂੰ ਛੱਡ ਕੇ ਅਖੌਤੀ *ਦਸਮ ਗ੍ਰੰਥ* ਦਾ ਵੱਡਾ ਹਿੱਸਾ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਪੈਟਰਨ ਅਤੇ ਗੁਰੂ-ਜੀਵਨਾਂ (ਵਿਸ਼ੇਸ਼ ਕਰਕੇ ਦਸਮ ਪਾਤਸ਼ਾਹ) ਵਿਚ ਗੁਮਰਾਹਕੁਨ ਇਤਿਹਾਸਕ ਤੱਥ ਪੈਦਾ ਕਰ ਰਿਹਾ ਹੈ।

2. ਡਾ. ਪਿਆਰ ਸਿੰਘ, ਪਸ਼ੌਰਾ ਸਿੰਘ ਅਤੇ ਜੀ.ਬੀ. ਸਿੰਘ ਵਰਗੇ ਖਰੜਾ-ਪ੍ਰੇਮੀਆਂ ਨੇ ਵੀ ਹੱਥ-ਲਿਖਤਾਂ ਦੀ ਸੀਮਾ ਨੂੰ ਨ ਸਮਝਦੇ ਹੋਏ ਅਤੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਮਾਣਿਕ ਸਰੋਦੀ ਸਰੂਪ ਤੋਂ ਅਲੱਗ ਹੋ ਕੇ ਸਿੱਖ ਇਤਿਹਾਸ ਦੇ ਮੁੱਖ ਦਾਰਸ਼ਨਿਕ ਕੇਂਦਰਾਂ ਨੂੰ ਸੁੰਗੜਾਇਆ ਹੈ। ਸ਼ਬਦ-ਜਗਤ ਦੀ ਵੰਨ-ਸੁਵੰਨੀ ਲੀਲ੍ਹਾ ਰਚਾਉਂਦੇ ਗੁਰੂ ਗ੍ਰੰਥ ਸਾਹਿਬ ਦੇ ਵਿਸ਼ਾਲ ਨਿਰਾਕਾਰ ਵੇਗ ਨੂੰ ਅਣਡਿੱਠ ਕਰ ਕੇ ਹੀ ਡਾ. ਕਿਰਪਾਲ ਸਿੰਘ ਵਰਗਾ ਸਿੱਖ ਸਪਿਰਟ ਵਾਲਾ ਇਤਿਹਾਸਕਾਰ, ਬਾਹਰੀ ਰੂਪ ਵਿਚ ਕੁਝ ਪੁਰਾਤਨ ਲਿਖਤਾਂ ਅਤੇ ਗ਼ਲਤ ਪਰੰਪਰਾਵਾਂ ਦੀ ਪੈਰਵੀ ਕਰਦਿਆਂ, *ਜਨਮਸਾਖੀ ਪਰੰਪਰਾ* ਵਿਚ ਇਹ ਗ਼ਲਤ ਇਤਿਹਾਸਕ ਤੱਥ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਭਾਈ ਲਹਿਣਾ ਜੀ ਨੇ, ਗੁਰੂ ਨਾਨਕ ਸਾਹਿਬ ਦੇ ਕਹਿਣ ਉੱਤੇ, ਉਹਨਾਂ ਦੀ ਬਾਣੀ ਦੀਆਂ ਭਿੰਨ ਭਿੰਨ ਪਉੜੀਆਂ ਦੇ ਸੰਪਾਦਨ ਰਾਹੀਂ ਜਪੁ ਜੀ ਨੂੰ ਆਧੁਨਿਕ ਰੂਪ ਵਿਚ ਢਾਲਿਆ, ਜਦੋਂ ਕਿ ਜਪੁ ਜੀ ਦੀ ਕਾਵਿ-ਬਣਤਰ ਹੀ ਦੱਸ ਦਿੰਦੀ ਹੈ ਕਿ ਇਹ ਰਚਨਾ "ਜੋ ਕਿਛੁ ਪਾਇਆ ਸੁ ਏਕਾ ਵਾਰ" ਵਰਗੇ ਤੇਜ਼ ਰੌਸ਼ਨੀ ਜਿਹੇ ਸੰਯੁਕਤ ਆਵੇਸ਼ ਵਿਚੋਂ ਉਪਜੀ ਹੈ।

3. ਜਦੋਂ ਡਾ. ਗੰਡਾ ਸਿੰਘ ਵਰਗੇ ਇਤਿਹਾਸਕਾਰ ਅਤੇ ਕੁਝ ਇਤਿਹਾਸਕ ਬਿਰਤੀ ਵਾਲੇ ਚਿੰਤਕ 'ਖ਼ਾਲਸਾ' ਸੰਕਲਪ ਦੀ ਵਿਆਖਿਆ ਮੁਗ਼ਲ ਕਾਲ ਦੀ ਪ੍ਰਬੰਧਕੀ ਸ਼ਬਦਾਵਲਿ ਦਾ ਸਹਾਰਾ ਲੈ ਕੇ, ਗੁਰੂ ਪਰੰਪਰਾ ਦੀ ਮਸੰਦ ਸ਼੍ਰੇਣੀ ਦੇ ਖ਼ਾਤਮੇ ਨਾਲ ਜੋੜਦੇ ਹਨ, ਤਾਂ ਇਹਨਾਂ ਵਿਚਾਰ-ਛਿਨਾਂ ਵਿਚ ਉਹ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਅਤੇ ਗੁਰੂ-ਇਤਿਹਾਸ ਨੂੰ ਆਪਣੀ ਚੇਤਨਾ ਵਿਚੋਂ ਨਫ਼ੀ ਕਰਦੇ ਹਨ। ਖ਼ਾਲਸੇ ਦਾ ਮਸੰਦਾਂ ਦੇ ਖ਼ਾਤਮੇ ਪਿੱਛੋਂ ਗੁਰੂ ਅਤੇ ਅਕਾਲ ਪੁਰਖ ਨਾਲ ਸਿੱਧਾ ਰਿਸ਼ਤਾ ਜੁੜਨ ਦਾ ਕੀ ਭਾਵ ਹੈ ? ਮਸੰਦ ਸ਼੍ਰੇਣੀ ਤਾਂ ਸਿੱਖਾਂ ਦਾ ਗੁਰੂ ਨਾਲ ਰਿਸ਼ਤਾ ਜੋੜਨ ਵਿਚ ਸਿਰਫ਼ ਦੁਨੀਆਦਾਰੀ ਪੱਧਰ ਉੱਤੇ ਹੀ ਸਹਾਈ ਹੋ ਸਕਦੀ ਸੀ। ਸਿੱਖ ਇਤਿਹਾਸ ਵਿਚ ਮਸੰਦ ਕਦੇ ਵੀ ਰੂਹਾਨੀ ਵਿਚੋਲੇ ਨਹੀਂ ਸਨ; ਉਹ ਤਾਂ ਕੇਵਲ ਕੁਝ ਪੱਖਾਂ ਵਿਚ ਦੁਨੀਆਦਾਰੀ ਪ੍ਰਬੰਧਕਾਂ ਦਾ ਰੋਲ ਹੀ ਨਿਭਾਉਂਦੇ ਸਨ। ਕੀ ਰੂਹਾਨੀ ਧਰਾਤਲ ਉੱਤੇ ਮਸੰਦਾਂ ਦੇ ਖ਼ਾਤਮੇ ਤੋਂ ਪਹਿਲਾਂ ਸਿੱਖ ਦਾ ਆਪਣੇ ਗੁਰੂ ਨਾਲ ਸਿੱਧਾ ਰਿਸ਼ਤਾ ਨਹੀਂ ਸੀ ? ਇਤਿਹਾਸਕਾਰ ਦੇ ਅਜਿਹੇ ਪਦਾਰਥਕ ਦ੍ਰਿਸ਼ਟੀਕੋਣ ਵਿਚੋਂ ਸਥਾਪਤ ਹੋਏ ਅਜਿਹੇ ਮਸਨੂਈ ਤੇ ਸਥੂਲ ਬਿਰਤੀ ਵਾਲੇ ਤੱਥ ਦੇ ਨਾਲ ਗੁਰੂ-ਜੀਵਨਾਂ ਅਤੇ ਸਿੱਖ-ਦੈਵੀ ਰਮਜ਼ ਉੱਤੇ ਸੰਸਾਰੀ ਪ੍ਰਭਾਵਾਂ ਵਾਲੇ ਅਰੂਪ ਤੱਥਾਂ ਦਾ ਛਾ ਜਾਣਾ ਯਕੀਨੀ ਬਣ ਜਾਂਦਾ ਹੈ, ਜਿਹੜੇ ਕਿ ਆਧੁਨਿਕ ਸਮਿਆਂ ਵਿਚ ਹੌਲੀ ਹੌਲੀ ਪਰਤੱਖ ਵੀ ਹੋ ਰਹੇ ਹਨ।

(ਸ) ਇਬਲੀਸੀ ਚੇਤਨਾ ਰਾਹੀਂ ਵਿਗਾੜੇ, ਗੁਮਰਾਹਕੁਨ ਜਾਂ ਰੋਗੀ ਇਤਿਹਾਸਕ ਤੱਥ

ਪਿੱਛੇ ਇਤਿਹਾਸ ਦੇ ਰੋਗੀ ਤੱਥਾਂ ਦਾ ਜ਼ਿਕਰ ਮੈਕਲੋਡ ਦੀ ਚਰਚਾ ਸਮੇਂ ਲੋੜੀਂਦੀ ਮਾਤਰਾ ਵਿਚ ਆ ਚੁੱਕਿਆ ਹੈ। ਏਥੇ ਉਸਦੀ ਇਕ ਯਾਦ ਤਾਜ਼ਾ ਕਰ ਰਿਹਾ ਹਾਂ, ਜਿਸ ਤੋਂ ਉਸਦਾ ਵਿਧੀ-ਸ਼ਾਸਤਰ, ਉਸਦੀ ਸਮਰੱਥਾ ਅਤੇ ਉਸਦੀ ਚੇਤਨਾ ਦੇ ਗੁਪਤ ਇਬਲੀਸੀ ਮੋੜ ਸਾਫ਼ ਦਿਸਦੇ ਹਨ। ਇਸ ਈਸਾਈ ਮਿਸ਼ਨਰੀ ਨੂੰ ਮੈਂ 3-12-82 ਨੂੰ ਦੋ ਵਾਰ ਮਿਲਿਆ ਸਾਂ: ਪਹਿਲੀ ਵਾਰ ਗੁਰਦੁਆਰਾ ਪੰਜਾ ਸਾਹਿਬ ਦੇ ਸਾਹਮਣੇ ਅਤੇ ਦੂਸਰੀ ਵਾਰ ਵਲੀ ਕੰਧਾਰੀ ਦੀ ਪਹਾੜੀ ਉੱਤੇ। ਹਾਲੇ ਉਸਨੂੰ ਗੁਰੂ ਸਾਹਿਬ ਦਾ ਪੰਜਾ ਵੇਖਣ ਦੀ ਆਗਿਆ ਨਹੀਂ ਸੀ ਮਿਲੀ। ਉਹ ਇਕ ਤੰਬੂ ਵਿਚ ਚਾਹ ਦੀ ਦੁਕਾਨ ਸਾਹਮਣੇ ਬੈਠਾ ਆਪਣੇ ਪੰਜੇ ਨੂੰ ਅਜੀਬ ਢੰਗ ਨਾਲ ਅਕੜਾਉਂਦਾ, ਸੁੰਗੜਾਉਂਦਾ ਅਤੇ ਪਲੋਸ ਰਿਹਾ ਸੀ, ਅਤੇ ਟੁੱਟੀ-ਫੁੱਟੀ ਪੰਜਾਬੀ ਵਿਚ ਤਮਾਸ਼ਬੀਨ ਸਰੋਤਿਆਂ ਨੂੰ ਇਸ਼ਾਰਿਆਂ ਨਾਲ ਦੱਸ ਰਿਹਾ ਸੀ ਕਿ ਇਸ ਪੰਜੇ ਨਾਲ ਗੁਰੂ ਨਾਨਕ ਸਾਹਿਬ ਦੇ ਪੱਥਰ ਉੱਤੇ ਉਕਰੇ ਪੰਜੇ ਨੂੰ ਮਿਣਾਂਗਾ ਅਤੇ ਪੜਤਾਲਾਂਗਾ। ਉਸ ਸਮੇਂ ਉਹ ਹਰ ਕਿਸਮ ਦੇ ਇਤਿਹਾਸਕ ਅਤੇ ਅਧਿਆਤਮਕ ਸਰੋਕਾਰਾਂ ਤੋਂ ਅਣਭਿੱਜ ਸੀ। ਮੈਂ ਉਦੋਂ ਉਸਦੀ *Guru Nanak and the Sikh Religion* ਕਿਤਾਬ ਪੜ੍ਹੀ ਹੋਈ ਸੀ। ਉਸਦੀ ਮੀਸਣੀ ਨਿਮ੍ਰਤਾ ਉਹਲੇ ਕੋਈ ਮੂਕ ਇਬਲੀਸੀ ਬੇਚੈਨੀ ਸੀ, ਭਾਵੇਂ ਬਾਹਰੋਂ ਸ਼ਾਂਤ ਜਾਪ ਰਿਹਾ ਸੀ। ਉਸਦਾ ਇਤਿਹਾਸਕ ਚਿੰਤਨ ਵੀ ਫ਼ਿਤਨਾਸਾਜ਼ੀ ਦੀ ਕੋਈ ਤਸਵੀਰ ਪੇਸ਼ ਕਰ ਰਿਹਾ ਸੀ।

ਸਾਫ਼ ਹੈ ਕਿ ਮੈਕਲੋਡ ਦੀ ਗੁਰੂ ਨਾਨਕ ਸਾਹਿਬ ਦੇ ਪੰਜੇ ਦੀ ਇਤਿਹਾਸਕ ਪ੍ਰਮਾਣਿਕਤਾ ਨੂੰ ਨਸ਼ਟ ਕਰਨ ਦੀ ਭੂਮਿਕਾ ਗ਼ਲਤ ਸੀ। ਇਹ ਨਿਰੋਲ ਸਰੀਰਕ ਸੀ, ਅਤੇ ਇਸ ਵਿਚ ਸੂਖਮ ਨਿਰਾਕਾਰ ਗਤੀ ਅਤੇ ਚਿੰਤਨਸ਼ੀਲ ਤਲਾਸ਼ ਪੂਰੀ ਤਰ੍ਹਾਂ ਅਲੋਪ ਸੀ। ਫਿਰ ਮੈਂ ਮੈਕਲੋਡ ਅਤੇ ਉਸਦੀ ਪਤਨੀ ਨੂੰ ਵਲੀ ਕੰਧਾਰੀ ਦੀ ਪਹਾੜੀ ਉੱਤੇ ਮਿਲਿਆ। ਉਸਦਾ ਉਰਦੂ (ਫ਼ਾਰਸੀ) ਲਿੱਪੀ ਦਾ ਗਿਆਨ ਐਨਾ ਮਾਮੂਲੀ ਸੀ ਕਿ ਉਹ ਮਜ਼ਾਰ ਦੀ ਇਕ ਕੰਧ ਉੱਤੇ ਲਿਖੇ ਮੋਟੇ ਮੋਟੇ ਖੜ੍ਹਵੇਂ ਅੱਖਰਾਂ ਨੂੰ ਜੋੜ ਜੋੜ ਕੇ ਬੜੀ ਮੁਸ਼ਕਿਲ ਨਾਲ ਪੜ੍ਹ ਰਿਹਾ ਸੀ। ਜਿਹਨਾਂ ਪਾਠਕਾਂ ਨੇ ਮੈਕਲੋਡ ਦੀ ਉੱਪਰ ਕਥਿਤ ਕਿਤਾਬ ਪੜ੍ਹੀ ਹੈ, ਉਹ ਜਾਣਦੇ ਹਨ ਕਿ ਗੁਰੂ ਨਾਨਕ ਸੰਬੰਧੀ ਬਗ਼ਦਾਦ ਦੀ ਫੋਟੋਸਟੇਟ ਲਿਖਤ ਵਿਚ ਸਾਫ਼ ਤੌਰ ਉੱਤੇ ਪੜ੍ਹੇ ਜਾਣ ਵਾਲੇ 'ਨਾਨਕ' ਲਫ਼ਜ਼ ਨੂੰ ਉਹ ਆਪ ਵੇਖਦਾ ਹੋਇਆ ਵੀ ਨਾਨਕ ਮੰਨਣ ਤੋਂ ਇਸ ਲਈ ਇਨਕਾਰ ਕਰਦਾ ਹੈ ਕਿਉਂਕਿ ਤੁਰਕੀ ਭਾਸ਼ਾ ਦੇ ਚਾਰ ਮਾਹਿਰਾਂ ਵਿਚੋਂ ਇਕ ਦੀ ਰਾਏ ਅਨੁਸਾਰ 'ਨਾਨਕ' ਲਫ਼ਜ਼ ਚਾਰ ਸਤਰੇ ਬੰਦ ਦੇ ਮੀਟਰ ਵਿਚ ਠੀਕ ਨਹੀਂ ਸੀ ਬੈਠਦਾ ਅਤੇ ਇਹ ਰਾਏ ਮੈਕਲੋਡ ਨੂੰ ਤਿੰਨ ਵਿਦਵਾਨਾਂ ਦੇ ਤਰਜਮੇ ਨੂੰ ਥੋੜ੍ਹੇ ਥੋੜ੍ਹੇ ਫ਼ਰਕ ਕਾਰਨ ਰੱਦ ਕਰਨ ਪਿੱਛੋਂ ਆਪਣੇ ਮਨੋਰਥ ਦੇ ਅਨੁਕੂਲ ਜਾਪੀ। (ਬਾਕੀ ਤਿੰਨ ਨਾਨਕ ਲਫ਼ਜ਼ ਦੀ ਹੋਂਦ ਮੰਨਦੇ ਸਨ।) ਸੋ, ਇਹ ਹੈ ਮੈਕਲੋਡ ਦੀ ਅਨੁਭਵ-ਹੀਣਤਾ! ਇਹ ਹੈ ਈਮਾਨ ਤੋਂ ਬੇਪ੍ਰਵਾਹ ਉਸਦਾ ਢੀਠ ਤਰਕ! ਇਹ ਹੈ ਉਸਦਾ ਹਰ ਕਿਸਮ ਦੀ ਅਦ੍ਰਿਸ਼ਟਤਾ ਤੋਂ ਇਨਕਾਰ ਅਤੇ ਹਰ ਦਿਸਦੀ ਸੱਚੀ ਗਵਾਹੀ ਤੋਂ ਮੁਨਕਰ ਹੋਣਾ!

-6-

ਮਨੁੱਖੀ ਇਤਿਹਾਸ ਜਨ ਸਮੂਹ-ਚੇਤਨਾ ਦੇ ਸ਼ੁੱਧ ਅਤੇ ਸਾਬਤ ਸਰੂਪ ਵਿਚ ਵਸਦਾ ਹੈ, ਜਿਹੜਾ ਕਿ ਅਰੂਪ, ਸ਼ਾਂਤ ਅਤੇ ਅਡੋਲ ਰਹਿੰਦਾ ਹੈ, ਭਾਵੇਂ ਇਸ ਅੰਦਰ ਸਦੀਵੀ ਗਤੀ ਧੜਕਦੀ ਅਤੇ ਜਲਵਾ ਨੁਮਾ ਹੋਣ ਲਈ ਤੜਪਦੀ ਹੈ ਅਤੇ ਜਿਸਦੀ ਪਹੁੰਚ ਤ੍ਰੈ-ਕਾਲਾਂ ਵਿਚ ਹੁੰਦੀ ਹੈ। ਦੂਜੇ ਲਫ਼ਜ਼ਾਂ ਵਿਚ ਇਸਦੇ ਮੁੱਖ ਸਿੱਟਿਆਂ ਦੀ ਯਾਦ-ਦਾਸ਼ਤ ਅਤੇ ਕੰਨਸੋਅ ਭੂਤ-ਭਵਿੱਖ-ਭਵਾਨ ਨਾਲ ਟਕਰਾਉਂਦੀ ਅਤੇ ਇਹਨਾਂ ਨੂੰ ਸਮੇਂ ਸਮੇਂ ਸਪਰਸ਼ਦੀ ਰਹਿੰਦੀ ਹੈ। ਇਸ ਜਨ ਸਮੂਹ-ਚੇਤਨਾ ਉੱਤੇ ਇਲਾਹੀ ਹੁਕਮ ਵਰਗੀ ਕਿਸੇ ਅਸੀਮ ਹਕੀਕਤ ਦਾ ਪਹਿਰਾ ਰਹਿੰਦਾ ਹੈ ਅਤੇ ਇਸਦੇ ਬਾਹਰੀ ਧਰਾਤਲ ਉੱਤੇ ਮਨੁੱਖੀ ਇਤਿਹਾਸ ਦੇ ਰੰਗ-ਬਰੰਗੇ ਦ੍ਰਿਸ਼ ਉਭਰਦੇ, ਫੈਲਦੇ ਅਤੇ ਬਿਨਸਦੇ ਹਨ। ਜਿਵੇਂ ਸਾਗਰ ਵਿਚੋਂ ਮੱਛੀਆਂ ਅਤੇ ਹੋਰ ਜੀਵ ਜੰਤ ਸਿਰ ਚੁੱਕ ਕੇ ਅਸਮਾਨ ਵੱਲ ਝਾਕਦੇ ਹਨ, ਉਸੇ ਤਰ੍ਹਾਂ ਜਨ ਸਮੂਹ-ਚੇਤਨਾ ਦੀ ਗਹਿਰਾਈ ਵਿਚੋਂ ਅਨੇਕਾਂ ਖਰੇ ਅਤੇ ਖੋਟੇ ਇਤਿਹਾਸਕ ਤਥਾਂ ਦੀ ਖੇਡ ਚਲਦੀ ਹੈ। ਖਰੇ ਤੱਥ ਲਗਾਤਾਰ ਜਨ ਸਮੂਹ-ਚੇਤਨਾ ਦੀਆਂ ਡੂੰਘਾਣਾਂ ਨਾਲ ਆਪਣਾ ਸੰਪਰਕ ਬਣਾਈ ਰੱਖਦੇ ਹਨ, ਜਦੋਂ ਕਿ ਖੋਟੇ ਤੱਥਾਂ ਦੀ ਇਸ ਨਾਲ ਕੋਈ ਜ਼ਿੰਦਾ ਸਾਂਝ ਨਹੀਂ ਹੁੰਦੀ। ਇਤਿਹਾਸ ਦੇ ਇਹ ਖੋਟੇ ਤੱਥ ਜਨ ਸਮੂਹ-ਚੇਤਨਾ ਦੀ ਹਰ ਲਹਿਰ ਤੋਂ ਅਣਭਿੱਜ ਰਹਿ ਕੇ ਮਸ਼ੀਨੀ ਅਲਹਿਦਗੀ ਵਿਚ ਖ਼ੁਸ਼ਕ ਬੁੱਤਾਂ ਵਾਂਗ ਖਲੋਂਦੇ ਹਨ। ਇਤਿਹਾਸ ਦੇ ਖਰੇ ਤੱਥਾਂ/ਘਟਨਾਵਾਂ/ਵਿਅਕਤੀਆਂ ਵਿਚ ਭਿੰਨ ਭਿੰਨ ਸਭਿਆਚਾਰਾਂ, ਤਹਿਜ਼ੀਬਾਂ ਅਤੇ ਮਹਾਂਪੁਰਸ਼ਾਂ ਦੇ ਅਟੱਲ ਤਕਦੀਰਾਂ ਵਰਗੇ ਕਾਰਨਾਮਿਆਂ ਦੇ ਵੇਗ ਇਕ ਵਿਸ਼ੇਸ਼ ਮੁੱਖ ਧਾਰਾ ਬਣਾਉਂਦੇ ਹਨ, ਜਿਸਦਾ ਰਿਸ਼ਤਾ ਆਪਣੇ ਸੁਜੀਵ ਗੁਪਤ ਸੋਮਿਆਂ ਨਾਲ ਨਿਰਵਿਘਨ ਰਹਿੰਦਾ ਹੈ।

ਇਤਿਹਾਸ ਵਿਚ ਇਹ ਸਮੱਸਿਆ ਅਕਸਰ ਹੀ ਪੇਸ਼ ਆਉਂਦੀ ਹੈ ਕਿ ਇਸ ਦੀਆਂ ਅਨੇਕਾਂ ਥਰਥਰਾਉਂਦੀਆਂ ਦਿਸ਼ਾਵਾਂ ਦੇ ਕੇਂਦਰ ਵਿਚ ਕਿਸ ਮਹਾਂਪੁਰਸ਼ ਦੇ ਸ਼ਕਤੀਸ਼ਾਲੀ ਇਸ਼ਾਰੇ ਕਾਰਜਸ਼ੀਲ ਹਨ। ਏਥੇ ਸੁਆਲ ਉਠਦਾ ਹੈ ਕਿ ਬਾਦਸ਼ਾਹ, ਸਮੁੱਚੇ ਸ਼ਾਸਕ ਵਰਗ, ਵਿਸ਼ੇਸ਼ ਵਿਅਕਤੀਆਂ ਅਤੇ ਪੈਗੰਬਰ ਵਿਚੋਂ ਕਿਸ ਦੀ ਲਿਵ, ਇਰਾਦਾ (ਹੁਕਮ) ਅਤੇ ਅੰਤਿਮ ਕਾਰਜ ਇਤਿਹਾਸ ਦੀ ਸਭ ਤੋਂ ਵੱਧ ਸ਼ਕਤੀਸ਼ਾਲੀ ਬਣਤਰ ਨੂੰ ਪ੍ਰਭਾਵਿਤ ਕਰ ਰਹੇ ਹਨ। ਜਾਂ ਬਾਦਸ਼ਾਹ ਅਤੇ ਫ਼ਕੀਰ ਵਿਚੋਂ ਇਤਿਹਾਸ ਦੀ ਗਤੀ ਕਿਸ ਅੱਗੇ ਜਵਾਬਦੇਹ ਹੋਵੇ ? ਬਹੁਤੀ ਵਾਰ ਇਤਿਹਾਸਕਾਰ ਬਾਦਸ਼ਾਹ, ਤਾਨਾਸ਼ਾਹ ਜਾਂ ਕਿਸੇ ਸਿਰਕੱਢ ਜਰਨੈਲ ਦੀਆਂ ਤਾਰੀਖ਼ੀ ਪੈੜਾਂ ਅਤੇ ਮਿਤੀ-ਲੜੀ ਨੂੰ ਹੀ ਇਤਿਹਾਸ ਦਾ ਕੇਂਦਰ ਚਿਤਵ ਲੈਂਦੇ ਹਨ, ਜਦੋਂ ਕਿ ਕਾਲ ਅਤੇ ਸਾਮੂਹਿਕ ਚੇਤਨਾ ਨੂੰ ਦੂਰ ਤਕ ਕੰਨਸੋਆਂ ਦੇਣ ਵਾਲਾ ਪਰਬਲ ਇਤਿਹਾਸ ਕਿਸੇ ਹੋਰ ਧਰਾਤਲ ਉੱਤੇ ਵਿਚਰਦਾ ਹੈ। ਮਿਸਾਲ ਲਈ, ਮੁੱਖ ਇਤਿਹਾਸਕਾਰ ਮੁਗ਼ਲ ਬਾਦਸ਼ਾਹ ਦੀਆਂ ਉਭਰਦੀਆਂ ਗਤੀਵਿਧੀਆਂ ਦੇ ਮੁਕਾਬਲੇ ਵਿਚ ਗੁਰੂ ਸਾਹਿਬਾਨ ਦੇ ਰੂਹਾਨੀ ਪ੍ਰਕਾਸ਼ ਅਤੇ ਉਸਦੀ ਚੜ੍ਹਤਲ ਨੂੰ ਇਤਿਹਾਸਕ ਦ੍ਰਿਸ਼ ਵਿਚ ਲਘੂ ਥਾਂ ਹੀ ਦਿੰਦੇ ਹਨ, ਜਦੋਂ ਕਿ ਸੱਚ ਇਸਦੇ ਬਿਲਕੁਲ ਉਲਟ ਹੈ।

ਅਸਲ ਵਿਚ ਉਪਰੋਕਤ ਸਥਿਤੀ ਇਤਿਹਾਸਕ ਸੰਕਟ ਦੀ ਅਵਸਥਾ ਨੂੰ ਦਰਸਾਉਂਦੀ ਹੈ, ਜਦੋਂ ਕਿ ਮਹਾਂ ਮਾਨਵ (ਸਿੱਖ ਇਤਿਹਾਸ ਦੇ ਸੰਦਰਭ ਵਿਚ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ) ਅਤੇ ਉਸਦੇ ਮਹਾਨ ਕਾਰਨਾਮੇ ਜਨ ਸਮੂਹ-ਚੇਤਨਾ ਦੇ ਨੇੜੇ ਹੋਣ

ਕਾਰਨ ਬਾਦਸ਼ਾਹੀ ਜਾਹੋ-ਜਲਾਲ ਦੀ ਗਿਣਤੀ ਵਿਚ ਨਹੀਂ ਆਉਂਦੇ। ਦੂਜੇ ਲਫ਼ਜ਼ਾਂ ਵਿਚ ਬਾਦਸ਼ਾਹੀ ਰੰਗੀਨੀ, ਵਿਜੈ ਅਤੇ ਚੜ੍ਹਤਲ ਹੀ ਜਦੋਂ ਇਤਿਹਾਸਕਾਰ ਦੀ ਅੰਤਰ-ਦ੍ਰਿਸ਼ਟੀ ਬਣਦੀਆਂ ਹਨ, ਤਾਂ ਉਦੋਂ ਅਜਿਹੇ ਇਤਿਹਾਸਕਾਰਾਂ ਲਈ ਪਦਾਰਥਕ/ਤਾਮਸੀ ਗੁਣਾਂ ਵਿਚ ਲੱਥ-ਪੱਥ ਹੋਏ ਇਤਿਹਾਸ ਅੰਦਰ ਰੂਹਾਨੀ ਕੀਮਤਾਂ ਦੀ ਪਾਲਣਾ ਕਰ ਰਹੇ ਵਿਅਕਤੀ ਅਣਡਿੱਠ ਕਰਨ ਦੀ ਹੱਦ ਤਕ ਨਿਗੂਣੀ ਹੋਂਦ ਧਾਰਨ ਕਰ ਲੈਂਦੇ ਹਨ, ਜਿਵੇਂ ਕਿ ਗਰਬ-ਅੰਧ ਵਿਚ ਡੁੱਬੇ ਅਤੇ ਬਾਦਸ਼ਾਹੀ ਸ਼ਾਨਾਂ ਦੇ ਚੁੰਧਿਆਏ ਮੁਗ਼ਲ ਕਾਲ ਦੇ ਜਨ ਸਮੂਹ-ਚੇਤਨਾ ਨਾਲੋਂ ਟੁੱਟੇ ਹੋਏ ਮੁਸਲਮਾਨ ਇਤਿਹਾਸਕਾਰ। ਏਥੇ ਇਹ ਗੱਲ ਵਰਣਨਯੋਗ ਹੈ ਕਿ ਭਾਵੇਂ ਉਹਨਾਂ ਦੀ ਇਤਿਹਾਸਕ ਦ੍ਰਿਸ਼ਟੀ ਸੁਤੰਤਰ ਨਹੀਂ ਹੁੰਦੀ, ਪਰ ਮਾਨਸਿਕ ਬੰਧਨਾਂ ਨਾਲ ਘਿਰੇ ਉਹਨਾਂ ਦੇ ਅਧੂਰੇ ਤੱਥਾਂ ਵਿਚੋਂ ਮਹਾਨ ਇਤਿਹਾਸਕਾਰ ਬਹੁਤ ਸਾਰੀ ਸਾਰਥਕ ਗਵਾਹੀ ਪਛਾਣ ਸਕਦੇ ਹਨ।

ਉਪਰੋਕਤ ਸਿਧਾਂਤ ਵਿਸ਼ਵ-ਇਤਿਹਾਸ ਅਤੇ ਸਿੱਖ ਇਤਿਹਾਸ ਦੋਵਾਂ ਉੱਤੇ ਲਾਗੂ ਹੁੰਦਾ ਹੈ। ਸਿੱਖ ਇਤਿਹਾਸ ਦੇ ਪ੍ਰਸੰਗ ਵਿਚ ਇਤਿਹਾਸਕਾਰ ਨੂੰ ਇਸਦੀ ਸਹੀ ਰਮਜ਼ ਜਾਣਨ ਲਈ ਗੁਰੂ ਅਤੇ ਗੁਰੂ ਗ੍ਰੰਥ ਸਾਹਿਬ-ਮਾਹੌਲ ਨੂੰ ਸਮਝਣਾ ਜ਼ਰੂਰੀ ਹੈ। ਇਤਿਹਾਸਕਾਰ ਨੂੰ ਤਰਕਸ਼ੀਲ ਹੋਣ ਦੇ ਨਾਲ ਹੀ ਸਾਡੇ ਇਤਿਹਾਸ ਦੀ ਇਸ ਪ੍ਰਮੁੱਖ ਰਫ਼ਤਾਰ ਦੇ ਅਨੁਭਵ ਨੂੰ ਕਾਲ ਦੀਆਂ ਦੂਰ ਦਿਸ਼ਾਵਾਂ ਤਕ ਉਤਾਰਨਾ ਪਵੇਗਾ। ਇਹ ਵਿਸ਼ਾਲ ਮਾਹੌਲ ਜਨ ਸਮੂਹ-ਚੇਤਨਾ ਨਾਲ ਇਕਸੁਰ ਹੋਵੇਗਾ ਅਤੇ ਇਸਦੀ ਥਰਥਰਾਹਟ ਦੇ ਮੁਤਾਬਕ ਹੀ ਸ਼ੁੱਧ ਇਤਿਹਾਸਕ ਤੱਥਾਂ (ਕਾਰਨਾਮੇ, ਘਟਨਾਵਾਂ, ਤਿੱਥਾਂ/ਮਿਤੀਆਂ) ਦੀ ਤਰਤੀਬ ਬਣਨੀ ਚਾਹੀਦੀ ਹੈ। **ਹੋਮਰ, ਡਾਂਟੇ, ਫ਼ਿਰਦੌਸੀ** ਅਤੇ **ਭਾਈ ਸੰਤੋਖ ਸਿੰਘ** ਵਰਗੇ ਕਵੀਆਂ ਨੂੰ ਕਸਬੀ ਇਤਿਹਾਸਕਾਰਾਂ ਨਾਲੋਂ ਇਤਿਹਾਸ ਦਾ ਸੰਘਣਾ ਅਤੇ ਗਹਿਰਾ ਅਨੁਭਵ ਹੁੰਦਾ ਹੈ। ਭਾਵੇਂ **ਹੋਮਰ** ਸਿਕੰਦਰ ਤੋਂ ਕਈ ਸਦੀਆਂ ਪਹਿਲਾਂ ਹੋਇਆ ਹੈ, ਪਰ ਉਸਦੇ ਇਲਿਆਦ ਅਤੇ ਓਡੀਸੀ ਵਿਚ ਤੁਰਕੀ ਤਕ ਦੇ ਯੂਨਾਨੀ ਮਨ, ਪੌਰਾਣ, ਰਾਜਸੀ ਬਿਬੇਕ ਅਤੇ ਇਸ ਖਿੱਤੇ ਦੀ ਸਭ ਤੋਂ ਉੱਤਮ ਮਨੁੱਖੀ ਹੋਂਦ ਦੇ ਕਾਇਮ ਰਹਿਣ ਦਾ ਜ਼ਿੰਦਾ ਵੇਗ ਸਿਕੰਦਰ ਕਾਲ ਨਾਲ ਜਾ ਜੁੜਦਾ ਹੈ। **ਡਾਂਟੇ** ਦਾ ਦੈਵੀ ਸੁਖਾਂਤ (*The Divine Comedy*) ਮੱਧ ਯੁਗ ਦੇ ਸਰਬਪੱਖੀ ਇਤਿਹਾਸ ਦੀ ਜਾਣਕਾਰੀ ਅਤੇ ਉਸਦੇ ਕਸ਼ੀਦੇ ਹੋਏ ਨਿਰੰਤਰ ਰੰਗ ਉੱਤੇ ਕਸਬੀ ਇਤਿਹਾਸਕਾਰ ਨਾਲੋਂ ਵਡੇਰੀ ਇਕਾਗਰਤਾ ਬਿਨਾਂ ਲਿਖਿਆ ਹੀ ਨਹੀਂ ਜਾ ਸਕਦਾ। ਆਇਤੁੱਲਾ ਖ਼ੋਮੀਨੀ ਦੇ ਸਮੇਂ ਈਰਾਨ ਇਰਾਕ ਦੀ ਜੰਗ ਵਿਚ ਇਸ ਖਿੱਤੇ ਦੀਆਂ ਵਿਲੱਖਣ ਮਨੁੱਖੀ ਕੀਮਤਾਂ ਨੂੰ ਕਾਇਮ ਰੱਖਣ ਲਈ ਮੌਤ ਪਾਰ ਕਰਦਾ ਜੰਗੀ ਜਨੂੰਨ, **ਸ਼ਾਹਨਾਮਾ ਫ਼ਿਰਦੌਸੀ** ਦੇ ਅਨੁਭਵੀ ਕਾਰਨਾਮਿਆਂ ਦੇ ਇਤਿਹਾਸਕ ਸੱਚ ਦੀ ਗਵਾਹੀ ਦਿੰਦਾ ਹੈ। ਇਸ ਕਿਸਮ ਦੀ ਰਚਨਾ ਨੂੰ ਕਵੀ ਮਹਾਂ ਕਾਲ ਵਿਚ ਵਿਸ਼ੇਸ਼ ਖਿੱਤੇ ਦੀ ਵਿਜੈਈ ਚੇਤਨਾ ਵਿਚ ਉਤਰ ਕੇ ਅਤੇ ਉਸਦੇ ਲੰਮੇ ਬਾਹਰਮੁਖੀ ਇਤਿਹਾਸ ਉੱਤੇ ਨਿਗਾਹ ਰੱਖ ਕੇ ਹੀ ਸਿਰਜਦਾ ਹੈ।

ਇਤਿਹਾਸਕ ਤੱਥਾਂ ਦੀਆਂ ਕੁਝ ਗ਼ਲਤੀਆਂ ਕਰਨ ਅਤੇ ਬਿਪਰ ਸੰਸਕਾਰ ਤੋਂ ਪੂਰੀ ਤਰ੍ਹਾਂ ਮੁਕਤ ਨਾ ਹੋਣ ਦੇ ਬਾਵਜੂਦ ਮਹਾਂ **ਕਵੀ ਸੰਤੋਖ** ਸਿੰਘ ਨੇ ਸਿੱਖ ਇਤਿਹਾਸ ਦੀ ਸਮੁੱਚੀ ਨੁਹਾਰ ਨੂੰ ਹੈਰਾਨਕੁਨ ਬਾਰੀਕੀ ਨਾਲ ਤੱਕਿਆ ਹੈ। ਗਿਆਨੀ ਗਿਆਨ ਸਿੰਘ ਅਤੇ ਭਾਈ ਵੀਰ ਸਿੰਘ ਨੇ ਤਾਂ ਸਮੇਂ ਦੀਆਂ ਕੁਝ ਸੀਮਾਵਾਂ ਵਿਚ ਰਹਿ ਕੇ ਮਹਾਂ ਕਵੀ

ਦੀ ਯੋਗ ਪੈਰਵੀ ਹੀ ਕੀਤੀ ਹੈ। ਭਾਈ ਸੰਤੋਖ ਸਿੰਘ ਨੇ ਆਪਣਾ ਮਹਾਂ ਕਾਵਿ ਉਹਨਾਂ ਵਚਿੱਤਰ ਹਾਲਾਤ ਵਿਚ ਲਿਖਿਆ, ਜਦੋਂ ਉਹਨਾਂ ਕੋਲ ਮਸੌਦਿਆਂ ਵਗ਼ੈਰਾ ਦੀ ਸਾਮਿਗ੍ਰੀ ਬਹੁਤ ਥੋੜ੍ਹੀ ਸੀ, ਪਰ ਉਹ ਸਿੱਖ ਇਤਿਹਾਸ ਦੀ ਤਸੱਲੀਬਖ਼ਸ਼ ਅੰਤਰ-ਦ੍ਰਿਸ਼ਟੀ ਅਤੇ ਪਹਿਲ-ਤਾਜ਼ਗੀ ਦੇਣ ਵਿਚ ਆਧੁਨਿਕ ਇਤਿਹਾਸਕਾਰਾਂ ਨਾਲੋਂ ਵਧੇਰੇ ਸਫਲ ਰਹੇ। ਉਹਨਾਂ ਦੀ ਸਮਾਧੀ ਵਰਗੀ ਮਹਾਂ ਇਕਾਗਰਤਾ ਨੇ ਸਿੱਖ ਇਤਿਹਾਸ ਦੇ ਲੰਮੇ ਖੇਤਰਾਂ ਵਿਚ ਧੜਕਦੀ ਸਿੱਖ-ਯਾਦ ਦਾ ਸਹਾਰਾ ਲਿਆ। ਭਾਈ ਰਤਨ ਸਿੰਘ ਭੰਗੂ ਨੇ ਆਪਣੇ ਗ੍ਰੰਥ ਵਿਚ ਸਿੱਖ ਇਤਿਹਾਸ ਦੀ ਕਾਫੀ ਸ਼ੁੱਧ ਰੂਪ-ਰੇਖਾ ਤਾਂ ਦਿੱਤੀ, ਪਰ ਉਹਨਾਂ ਦੀ ਇਤਿਹਾਸਕ ਨਜ਼ਰ ਸਿੱਖ-ਯਾਦ ਦੀਆਂ ਬਹੁ ਪਰਤਾਂ ਵੇਖਣ ਦੇ ਸਮਰੱਥ ਨਹੀਂ।

ਜਦੋਂ ਇਤਿਹਾਸ ਕਿਸੇ ਕੌਮ ਦੀ ਯਾਦ ਵਿਚ ਬਦਲ ਜਾਂਦਾ ਹੈ, ਤਾਂ ਉਹ ਅਨੇਕ ਸੁਜੀਵ ਪਰੰਪਰਾਵਾਂ ਦੀਆਂ ਸ਼ਕਲਾਂ ਧਾਰਨ ਕਰ ਜਾਂਦਾ ਹੈ, ਜਿਹੜੀਆਂ ਬਾਹਰਮੁਖੀ ਗਵਾਹੀ ਅਤੇ ਕਈ ਇਤਿਹਾਸਕ ਤੱਥਾਂ ਦਾ ਕੰਮ ਦਿੰਦੀਆਂ ਹਨ। ਇਹਨਾਂ ਦੇ ਪਿਛੋਕੜ ਵਿਚ ਅੱਖੀਂ ਤੱਕੀਆਂ ਘਟਨਾਵਾਂ ਦੇ ਸਿਦਕ, ਵੰਨ-ਸਵੰਨੀਆਂ ਅਸਲੀਅਤਾਂ (ਯਥਾਰਥਕ ਦ੍ਰਿਸ਼ਾਂ), ਅੰਤਰ ਜਾਤੀ ਮੇਲ ਮਿਲਾਪ ਅਤੇ ਵੈਰ-ਵਿਰੋਧ, ਸਮੇਂ ਵਿਚ ਅਲੋਪ ਹੋ ਚੁੱਕੇ ਸਭਿਆਚਾਰ, ਕਈ ਟਕਸਾਲੀ ਪੌਰਾਣਿਕ ਬਿੰਬ ਅਤੇ ਭੁੱਲ ਚੁੱਕੇ ਮਿਜ਼ਾਜ, ਕੌਮਾਂ ਦੇ ਗੁਪਤਵਾਸ ਵਾਂਗ ਨਿਵਾਸ ਕਰਦੇ ਹਨ। ਕਵੀ ਅਜਿਹੀਆਂ ਗਵਾਹੀਆਂ ਦੇ ਸੱਚ ਝੂਠ ਨੂੰ ਹੀ ਪਛਾਣਦਾ ਹੈ। ਲੰਮੇ ਕਾਲ ਦੌਰਾਨ ਇਤਿਹਾਸ ਦੇ ਕਿੰਨੇ ਹੀ ਦ੍ਰਿਸ਼ਟਮਾਨ ਤੱਥ ਛਿਪ ਚੁੱਕੇ ਹੁੰਦੇ ਹਨ, ਜਿਹਨਾਂ ਦੀ ਰੌਸ਼ਨੀ ਤੱਥ-ਉਪਾਸ਼ਕ ਇਤਿਹਾਸਕਾਰਾਂ ਅਤੇ ਖਰੜਾ-ਪ੍ਰੇਮੀਆਂ ਨੂੰ ਨਹੀਂ ਦਿੱਸਦੀ, ਪਰ ਕਵੀ ਉਸ ਰੌਸ਼ਨੀ ਦਾ ਦੀਦਾਰ ਕਰਦਾ ਹੈ। ਉਹ ਸਮੇਂ ਦੀ ਲੰਮੀ ਯਾਦ ਦਾ ਕੰਮ ਦਿੰਦਾ ਹੈ ਅਤੇ ਇਤਿਹਾਸਕ ਤੱਥਾਂ ਦੇ ਅੰਤਰ-ਸੰਬੰਧਾਂ ਨੂੰ ਜੋੜ ਕੇ ਇਕ ਜ਼ਿੰਦਾ ਦੇਹ ਵਿਚ ਬਦਲਦਾ ਹੈ। **ਉਸਦੀ ਪ੍ਰਤਿਭਾ ਇਤਿਹਾਸਕ ਤੱਥਾਂ ਤੋਂ ਕੇਵਲ ਕਲਰਕ ਵਾਲਾ ਕੰਮ ਲੈਂਦੀ ਹੈ।**

ਵੀਹਵੀਂ ਸਦੀ ਦੇ ਅੰਤ ਤਕ ਵਿਗਿਆਨਕ ਅਤੇ ਤਰਕਸ਼ੀਲ ਗਰਦਾਨੇ ਗਏ ਸਿੱਖ ਇਤਿਹਾਸ ਦੀ **ਤ੍ਰਾਸਦਿਕ ਸਥਿਤੀ** ਇਹ ਰਹੀ ਹੈ ਕਿ ਇਕ ਤਾਂ ਪ੍ਰਸਿੱਧ ਇਤਿਹਾਸਕਾਰਾਂ ਨੇ ਵੀ ਕਰਮ ਸਿੰਘ ਵਰਗੇ ਵਿਅਕਤੀ ਦੀ ਸਿਖਾਂਦਰੂ ਇਤਿਹਾਸਕਾਰੀ ਦਾ ਆਸਰਾ ਲਿਆ ਅਤੇ ਮੌਲਿਕ ਇਤਿਹਾਸਕਾਰੀ ਦੇ ਵਿਸ਼ਾਲ ਕਾਲ-ਖੇਤਰ ਅਤੇ ਦੂਰ-ਦਿਸਹੱਦੇ ਨਿਹਾਲੇ ਬਿਨਾਂ ਇਸਦੇ ਉਧਾਰੇ ਲਏ ਅਤੇ ਸੁੰਗੜੇ ਰੂਪ ਉੱਤੇ ਨਿਰਭਰ ਰਹੇ; ਇਤਿਹਾਸਕਾਰੀ ਦੇ ਉਧਾਰੇ ਮੱਝਾਰਾਂ ਉੱਤੇ ਹੀ ਗੁਜ਼ਾਰਾ ਕੀਤਾ। ਇਸ ਕਾਲ ਦੇ ਸਿੱਖ ਇਤਿਹਾਸ ਦੀ ਦੂਸਰੀ ਤ੍ਰਾਸਦੀ ਇਹ ਹੈ ਕਿ ਇਸਦੇ ਰਚਨਹਾਰਾਂ ਨੇ ਇਤਿਹਾਸਕ ਤੱਥਾਂ ਦੇ ਸਥਾਪਤ ਕਰਨ ਵਾਲਿਆਂ ਦੀ ਸਹੀ ਪਛਾਣ ਨ ਕੀਤੀ। ਬਹੁਤੀਆਂ ਹਾਲਤਾਂ ਵਿਚ ਸਿੱਖ ਇਤਿਹਾਸਕਾਰਾਂ ਅਤੇ ਮਸੌਦਾ-ਖੋਜੀਆਂ ਨੇ ਇਹ ਨਹੀਂ ਸਮਝਿਆ ਕਿ ਕਿੰਤੂ-ਪ੍ਰੰਤੂ ਵਾਲੀ ਵਿਵਾਦੀ ਸੁਰ ਵਿਚ ਲਿਖੇ ਸਭ ਇਤਿਹਾਸ ਵਿਗਿਆਨਕ ਨਹੀਂ ਹੁੰਦੇ ਅਤੇ ਨ ਪ੍ਰੇਮ ਲਗਨ ਵਿਚ ਲਿਖੇ ਸਭ ਇਤਿਹਾਸ ਤਰਕਹੀਣ ਅਤੇ ਅਵਿਗਿਆਨਕ ਹੀ ਹੁੰਦੇ ਹਨ। ਤੀਸਰੇ, ਭਾਈ ਵੀਰ ਸਿੰਘ ਵਰਗੇ ਪ੍ਰਤਿਭਾਵਾਨ ਕਵੀ ਨੇ ਵੀ ਸਭ ਵੇਲਿਆਂ ਉੱਤੇ ਆਪਣੀ ਨੀਝ ਨੂੰ ਪਾਰਦਰਸ਼ੀ ਅਤੇ ਸੁਤੰਤਰ ਨ ਰੱਖਿਆ। ਟੈਗੋਰ ਦਾ ਕਵੀ-ਆਪਾ ਤਾਂ ਪਿੱਛੇ ਕਥਿਤ ਆਪਣੇ ਲੇਖ ਵਿਚ ਸਿੱਖ ਇਤਿਹਾਸ ਵੱਲੋਂ ਆਪਣੀ ਤਲਾਸ਼ ਦੇ ਸਭ ਬੂਹੇ ਢੋਅ ਲੈਂਦਾ ਹੈ ਅਤੇ ਆਪਣੀ

ਤ੍ਰਿਖਾ ਦੇ ਸਭ ਸੋਮੇ ਸੁਕਾ ਲੈਂਦਾ ਹੈ, ਪਰ ਭਾਈ ਵੀਰ ਸਿੰਘ ਇਕ ਸਿਰਲੱਥ ਅਧਿਆਤਮਵਾਦੀ ਯੋਧੇ ਵਾਂਗ ਆਪਣੀ ਸਿੱਖ ਇਤਿਹਾਸ ਦੀ ਤਲਾਸ਼ ਅੱਧੀ ਸਦੀ ਤਕ ਜਾਰੀ ਰੱਖਣ ਪਿੱਛੋਂ ਵੀ ਇਸ ਉੱਤੇ ਬਹੁਤ ਸਾਰੇ ਸਵੈ-ਥਾਪੇ ਬੰਧਨ ਲਗਾ ਲੈਂਦਾ ਹੈ।

-7-

ਇਲਾਹੀ ਨਦਰ ਦੇ ਪੈਂਡੇ ਦੀ ਪਹਿਲੀ ਜਿਲਦ ਸਿਰਜਦਿਆਂ ਅਤੇ ਬਾਕੀ ਤਿੰਨ ਜਿਲਦਾਂ ਦਾ ਤਸੱਵੁਰ ਕਰਦਿਆਂ ਇਤਿਹਾਸ ਦਾ ਇਕ ਸਪੱਸ਼ਟ ਮੌਲਿਕ ਦ੍ਰਿਸ਼ਟੀਕੋਣ ਮੇਰੇ ਅੰਗ ਸੰਗ ਪਰਵਾਜ਼ ਕਰ ਰਿਹਾ ਸੀ। ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਦੀ ਪੜਤਾਲ ਕਰਨ ਪਿੱਛੋਂ ਮੈਂ ਬਹੁਤ ਹਲੀਮੀ ਨਾਲ ਸਿੱਖ-ਯਾਦ ਦੇ ਵਿਹੜੇ ਵਿਚ ਪ੍ਰਵੇਸ਼ ਕੀਤਾ। ਇਤਿਹਾਸਕ ਤਰਕ ਅਤੇ ਸਿਦਕੀ ਚੇਤਨਾ ਦੇ ਸੁਮੇਲ ਵਿਚੋਂ ਕੁਝ ਸੱਚ-ਦ੍ਰਿਸ਼ਾਂ ਦੀ ਪਹਿਲ-ਤਾਜ਼ਗੀ ਅਨੁਭਵ ਹੋਈ ਅਤੇ ਸੱਚ ਦੇ ਹੋਰ ਪਾਂਧਾਊਆਂ ਵਾਂਗ ਮੈਂ ਵੀ ਪੁਰਾਤਨ ਕਾਲ ਦੇ ਪਰਦਿਆਂ ਉਹਲਿਓਂ ਨਿਮਨ-ਲਿਖਤ ਬਹੁਤ ਮਹੱਤਵਪੂਰਨ ਅਤੇ ਜ਼ਰੂਰੀ ਇਤਿਹਾਸਕ ਅਸਲੀਅਤਾਂ ਨੂੰ ਸਹੀ ਪਾਇਆ :

1. ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਕੱਤਕ ਦੀ ਪੂਰਨਮਾਸ਼ੀ ਨੂੰ ਹੀ ਹੋਇਆ।
2. ਭਾਈ ਬਾਲਾ, ਭਾਈ ਮਰਦਾਨੇ ਵਾਂਗ ਹੀ ਗੁਰੂ ਜੀ ਦੇ ਬਚਪਨ ਦੇ ਮਿੱਤਰ, ਰਾਜ਼ਦਾਨ ਅਤੇ ਸਿੱਖ ਸਨ।
3. ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਖ਼ਾਲਸਾ ਪ੍ਰਗਟ ਹੋਣ ਤੋਂ ਪੂਰੇ ਦੋ ਸੌ ਸਾਲ ਪਹਿਲਾਂ ਇਕ ਵਿਸਾਖ 1499 ਈ: ਨੂੰ ਅਰੰਭ ਹੋਈ ਸੀ। ਗੁਰੂ ਜੀ ਨੂੰ ਛਪੇ ਹੋਏ ਗੁਰੂ ਗ੍ਰੰਥ ਸਾਹਿਬ ਵਾਲਾ ਪਵਿੱਤਰ ਮੂਲ ਮੰਤ੍ਰ ਵੇਈਂ ਪ੍ਰਵੇਸ਼ ਸਮੇ ਪ੍ਰਾਪਤ ਹੋਇਆ ਸੀ। ਗੁਰੂ ਜੀ ਜਗਨਨਾਥ ਪੁਰੀ ਤੋਂ ਮੱਧ ਭਾਰਤ ਥਾਣੀ ਦੇਸ ਪੰਜਾਬ ਨੂੰ ਪਰਤੇ ਸਨ।
4. ਗੁਰੂ ਨਾਨਕ ਸਾਹਿਬ ਭਗਤ ਕਬੀਰ ਨਾਲ ਦੋ ਵਾਰ, ਭਗਤ ਰਵਿਦਾਸ ਨਾਲ ਇਕ ਵਾਰ ਅਤੇ ਬਾਬਰ ਨਾਲ ਇਕ ਵਾਰ ਹਮਕਲਾਮ ਹੋਏ ਸਨ। ਤੀਸਰੀ, ਚੌਥੀ ਅਤੇ ਪੰਜਵੀਂ ਪਾਤਸ਼ਾਹੀ ਦੀਆਂ, ਕਬੀਰ ਦੇ ਨਾਮ ਵਾਲੀਆਂ ਤੁਕਾਂ ਉਹਨਾਂ ਦੇ ਦੇਹਾਂਤ (1518 ਈ:) ਪਿੱਛੋਂ ਦੀਆਂ ਹਨ। ਜੇ ਕਬੀਰ ਦਾ ਨਾਮ ਲੈਂਦੀਆਂ ਅਜਿਹੀ ਸੁਰ ਵਾਲੀਆਂ ਤੁਕਾਂ ਨੂੰ ਗੁਰੂ ਨਾਨਕ ਸਾਹਿਬ ਨੇ ਉਚਾਰਿਆ ਹੁੰਦਾ, ਫਿਰ ਹੀ ਸ਼ੰਕਾਵਾਦੀਆਂ ਦੇ ਤਰਕ ਵਿਚ ਕੁਝ ਸਾਰਥਕਤਾ ਹੁੰਦੀ। ਬਾਕੀ ਰਹੀ ਗੱਲ ਬਾਬਰ ਦੀ ਮੁਲਾਕਾਤ ਦੀ। ਜਿਹਨਾਂ ਵਰ੍ਹਿਆਂ ਵਿਚ ਗੁਰੂ ਨਾਨਕ ਸਾਹਿਬ ਬਾਬਰ ਨੂੰ ਮਿਲੇ, ਉਹਨਾਂ ਪੰਜ ਵਰ੍ਹਿਆਂ ਦੇ ਪੰਨੇ ਬਾਬਰ ਨਾਮਹ ਵਿਚੋਂ ਅਲੋਪ ਹਨ। ਉਂਵ ਬਾਬਰ ਤੇ ਗੁਰੂ ਨਾਨਕ ਮੁਲਾਕਾਤ ਦੀ ਪ੍ਰਮਾਣਿਕਤਾ ਦਰਸਾਉਣ ਲਈ "ਬਾਬਰਵਾਣੀ" ਦਾ ਕਾਵਿਕ ਸੱਚ (ਮਨੋਵਿਗਿਆਨਕ ਪਰਤਾਂ, ਵਾਤਾਵਰਣ ਦੀ ਪਹਿਲ-ਤਾਜ਼ਗੀ, ਪ੍ਰਮਾਣਿਕ ਯੁਧ-ਵਿਵਰਣ, ਬਿੰਬ ਅਤੇ ਵੇਦਨਾਮਈ ਸ਼ਬਦਾਵਲੀ) ਹੀ ਕਾਫ਼ੀ ਹਨ।
5. ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਨੂੰ ਚੌਥੀ ਉਦਾਸੀ ਪਿੱਛੋਂ ਹੀ ਵਸਾਇਆ ਸੀ।
6. ਅਸਾਂ ਗੁਰੂ ਨਾਨਕ ਸਾਹਿਬ ਦੀ ਤੀਜੀ ਉਦਾਸੀ ਸਮੇ ਉਹਨਾਂ ਦਾ ਸਿੱਕਮ, ਭੂਟਾਨ ਅਤੇ ਤਿੱਬਤ ਜਾਣਾ ਮੰਨਿਆ ਹੈ। ਮਹਾਂ ਕਾਵਿ ਦੀ ਇਹ ਜਿਲਦ ਸਿਰਜਣ ਪਿੱਛੋਂ ਕਰਨਲ ਡਾ. ਦਲਵਿੰਦਰ ਸਿੰਘ ਦੀ, ਗੁਰੂ ਜੀ ਦੇ ਪਹਾੜੀ ਪੈਂਡਿਆਂ ਬਾਰੇ ਪ੍ਰਾਪਤ

ਹੋਈ ਪੁਸਤਕ ਨੂੰ ਦਾਸ ਨੇ ਆਪਣੇ ਅਨੁਭਵ ਦੀ ਸਾਣ ਉੱਤੇ ਚਾੜ੍ਹ ਕੇ ਵੇਖਿਆ ਅਤੇ ਉਸਦੇ ਬਹੁਤ ਸਾਰੇ ਰੂਹਾਨੀ ਜਲੌ ਵਾਲੇ ਵਿਵਰਣਾਂ ਨੂੰ ਦਰੁਸਤ ਪਾਇਆ। ਇਹ ਪਹਾੜੀ ਖਿੱਤਿਆਂ ਦੇ ਲੋਕ ਕਈ ਸਦੀਆਂ ਵਿਸ਼ਵ ਦੇ ਸੰਚਾਰ ਸਾਧਨਾਂ ਤੋਂ ਦੂਰ ਰਹਿ ਕੇ ਅਤੇ ਅਲਹਿਦਗੀ ਵਿਚ ਵਿਚਰਦਿਆਂ ਗੁਰੂ ਨਾਨਕ ਸਾਖੀਆਂ ਦੇ ਪ੍ਰਕਾਸ਼ਮਈ ਅਤੇ ਆਵੇਸ਼ਕ ਛਿਨਾਂ ਨੂੰ ਅਛੂਹ ਰੂਪ ਵਿਚ ਸਾਂਭਦੇ ਰਹੇ ਤੇ ਪੰਜਾਬ ਦੀਆਂ ਜਨਮਸਾਖੀਆਂ ਨਾਲ ਆਪਣੇ ਚਿਹਨ-ਚੱਕਰਾਂ ਦੀ ਸਮਰੂਪਤਾ ਦਰਸਾ ਕੇ ਦੂਰ ਦਰਾਡੇ ਫ਼ਾਸਲਿਆਂ ਉੱਤੇ ਵਸਦੇ ਪਹਾੜੀ ਅਤੇ ਮੈਦਾਨੀ ਮਨਾਂ ਦੀ ਇਕ ਸਾਂਝੀ ਪ੍ਰਮਾਣਿਕਤਾ ਸਥਾਪਤ ਕਰਦੇ ਰਹੇ।

ਉਪਰੋਕਤ ਅਤੇ ਮੇਰੇ ਵੱਲੋਂ ਦਰਸਾਈਆਂ ਕੁਝ ਹੋਰ ਅਸਲੀਅਤਾਂ ਨੂੰ ਅਨੇਕਾਂ ਸਿਦਕੀ ਜੀਊੜਿਆਂ ਨੇ ਪਹਿਲਾਂ ਵੀ ਪਰਵਾਨ ਕੀਤਾ ਸੀ, ਪਰ ਇਤਿਹਾਸਕ ਗਵਾਹੀ ਦੇਣ ਦੀ ਪ੍ਰਕਿਰਿਆ, ਤਰਕ ਅਤੇ ਪਿਛੋਕੜ ਮੇਰੇ ਆਪਣੇ ਅਨੁਭਵੀ ਦ੍ਰਿਸ਼ਟੀਕੋਣ ਵਿਚੋਂ ਪੁੰਗਰੇ ਹਨ। ਮੇਰੀ ਇਤਿਹਾਸਕ ਗਵਾਹੀ ਦੇਣ ਦੇ ਸੱਚ ਨੂੰ ਮੇਰੀ ਸਿਰਜਣਾਤਮਕ ਸ਼ਿੱਦਤ ਵਿਚੋਂ ਬੁਝਿਆ ਜਾਵੇ।

ਹੱਥਲੇ ਮਹਾਂ ਕਾਵਿ ਦੀ ਰਚਨਾ ਕਰਦਿਆਂ ਮੈਂ ਇਸ ਕਾਵਿ-ਮਨੌਤ ਦੀ ਪਾਲਣਾ ਕੀਤੀ ਹੈ ਕਿ ਕਵੀ ਭਾਵੇਂ ਕਿਸੇ ਵੀ ਕਿਸਮ ਦੀ ਨਿੱਕੀ ਜਾਂ ਲੰਮੀ ਕਵਿਤਾ ਰਚੇ, ਉਸਦੀ ਅੰਤਰ-ਦ੍ਰਿਸ਼ਟੀ ਵਿਚ ਇਤਿਹਾਸ ਦੇ ਬਹੁ-ਰੰਗੇ, ਮੌਲਿਕ ਅਤੇ ਹਰ ਕਦਮ ਉੱਤੇ ਨਵੀਨ ਅਨੁਭਵ ਦਾ ਰਹਿਣਾ ਜ਼ਰੂਰੀ ਹੈ। ਉਸਦੇ ਸਾਹਮਣੇ ਇਤਿਹਾਸ ਇਕ ਯਾਦ ਵਾਂਗ ਰਹੇ ਅਤੇ ਉਹ ਧਰਤੀ ਉੱਤੇ ਬਣੇ ਇਸਦੇ ਹਰ ਨਕਸ਼ ਨਾਲ ਵਫ਼ਾਦਾਰ ਰਹੇ, ਪਰ ਉਹ ਇਸ ਦੀਆਂ ਗੁਪਤ ਜੜ੍ਹਾਂ ਦੀ ਤੰਦਰੁਸਤ ਹੋਂਦ ਨੂੰ ਇਕ ਛਿਨ ਵੀ ਨ ਭੁੱਲੇ। ਕਵੀ ਵਿਚ ਇਤਿਹਾਸ ਦੀ ਸ਼ਿੱਦਤ ਘਟਣ ਨਾਲ ਕਵਿਤਾ ਦੇ ਗੁਪਤ ਪਸਾਰ ਸੁੱਕਣੇ ਸ਼ੁਰੂ ਹੋ ਜਾਣਗੇ ਅਤੇ ਤਾਜ਼ਗੀ ਮੁਰਝਾਉਣ ਨਾਲ ਉਸਦੀ ਸ਼ਬਦਾਵਲੀ ਉੱਤੇ ਇਕ ਥਕਾਵਟ ਜੇਹੀ ਛਾ ਜਾਵੇਗੀ।

ਮੈਂ ਜਿਥੇ ਇਸ ਮਹਾਂ ਕਾਵਿ ਵਿਚ ਨਾਨਕ ਬਾਣੀ ਦੇ ਅਨੁਭਵ ਨੂੰ ਉਸ ਸਮੇ ਦੀਆਂ ਘਟਨਾਵਾਂ, ਮਨੁੱਖੀ ਮਨ ਅਤੇ ਕੁਦਰਤ ਵਿਚ ਢਾਲਣ ਅਤੇ ਲੋੜ ਅਨੁਸਾਰ ਇਹਨਾਂ ਤਕ ਉਚਿਆਉਣ ਦਾ ਯਤਨ ਕੀਤਾ ਹੈ, ਉਥੇ ਗੁਰੂ ਨਾਨਕ ਸਾਹਿਬ ਦੀਆਂ ਮੰਜ਼ਿਲਾਂ ਦੀ ਸਾਂਝ ਹੋਰਨਾਂ ਧਰਮਾਂ ਦੇ ਸੰਕਟ ਦੇ ਵਿਸ਼ਵ-ਸੰਦਰਭ ਨਾਲ ਵੀ ਦਰਸਾਈ ਹੈ। ਮੈਂ "ਬਾਬਰਵਾਣੀ" ਦੀ ਕੁਰਲਾਟ ਨੂੰ 1258 ਈ: ਵਿਚ ਹਲਾਕੂ ਦੇ, ਬਗ਼ਦਾਦ ਦੇ ਮਾਸੂਮਾਂ ਉੱਤੇ ਢਾਹੇ ਕਹਿਰ ਵਿਚੋਂ ਵੀ ਸੁਣਿਆ। "ਬਾਬਰਵਾਣੀ" ਦੀ ਵੇਦਨਾ ਏਮਨਾਬਾਦ ਤੋਂ ਪਾਨੀਪਤ ਦੇ ਮਾਸੂਮਾਂ ਦੀਆਂ ਚੀਕਾਂ ਤਕ ਹੀ ਸੀਮਤ ਨਹੀਂ, ਬਲਕਿ ਇਹ ਬਹੁਤ ਪਿੱਛੇ ਵੱਲ ਹਲਾਕੂ ਤੋਂ ਚੰਗੇਜ਼ ਦੇ ਕਤਲਿਆਮ ਤਕ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੇ ਇਸ ਅਤਿ ਕੋਮਲ ਅਤੇ ਵਿਸ਼ਾਲ ਮਾਨਵ-ਲਗਾਉ ਨੂੰ ਇਤਿਹਾਸ ਦੀ ਹੋਰ ਵਿਸ਼ਾਲਤਾ ਵਿਚ ਦਰਸਾਉਣ ਲਈ, ਮਹਾਂ ਕਾਵਿ ਹਲਾਕੂ ਦੀ ਬਗ਼ਦਾਦ ਦੀ ਕਤਲਿਆਮ ਤੋਂ ਸ਼ੁਰੂ ਕੀਤਾ ਹੈ। ਸੁਣਿਆ ਹੈ ਕਿ ਪਾਨੀਪਤ ਦੇ ਮੈਦਾਨ ਵਿਚ ਮੋਇਆਂ ਦੇ ਹਾੜ ਦਰਵੇਸ਼ਾਂ ਦੇ ਰਹਿਮ ਨੂੰ ਕਈ ਵਰ੍ਹੇ ਤਕ ਸੁਣਦੇ ਰਹੇ। ਹਾਂ, ਇਹ ਮੋਇਆਂ ਦੀਆਂ ਕੁਰਲਾਟਾਂ ਇਤਿਹਾਸ ਨੇ ਚੰਗੇਜ਼, ਹਲਾਕੂ ਅਤੇ ਤੈਮੂਰ ਦੇ ਵੇਲਿਆਂ ਤਕ ਪਹਿਲੇ ਸਰਗ ਵਿਚ ਗੁਪਤ ਅਤੇ ਛੁਸਵੇਂ


ਸਰਗ ਵਿਚ ਸਪੱਸ਼ਟ ਰੂਪ ਵਿਚ ਬਲਖ਼, ਬੁਖ਼ਾਰੇ, ਸਮਰਕੰਦ, ਬਗ਼ਦਾਦ ਅਤੇ ਦਿੱਲੀ ਵੱਲੋਂ ਆਉਂਦੀਆਂ ਸੁਣੀਆਂ। ਗੁਰੂ ਨਾਨਕ ਸਾਹਿਬ ਦਾ ਰਹਿਮ ਕਈ ਸਦੀਆਂ ਤਕ ਦੀਆਂ ਚੀਕਾਂ ਨੂੰ "ਬਾਬਰਵਾਣੀ" ਵਿਚ ਗਲੇ ਲਗਾ ਰਿਹਾ ਹੈ। "ਬਾਬਰਵਾਣੀ" ਆਉਣ ਵਾਲੇ ਸਮਿਆਂ ਉੱਤੇ ਵੀ ਰਹਿਮ ਹੈ ਅਤੇ ਇਸ ਰਾਹੀਂ ਗੁਰੂ ਨਾਨਕ ਸਾਹਿਬ ਮਨੁੱਖੀ ਇਖ਼ਲਾਕ ਅਤੇ ਧਰਮ ਨੂੰ ਅਦਲ ਦੀ ਸਦੀਵੀ ਤਕੜੀ ਉੱਤੇ ਤੋਲ ਰਹੇ ਹਨ।

ਪਹਿਲੇ ਸਰਗ ਵਿਚ ਇਤਿਹਾਸ ਦੇ ਸੂਖਮ ਪਰ ਸੰਯੁਕਤ ਦ੍ਰਿਸ਼ ਨੂੰ ਬਿਆਨ ਕਰਨ ਲਈ ਸਦੀਆਂ ਦੇ ਕਾਲ-ਫ਼ਾਸਲਿਆਂ ਤੋਂ ਸੁਰਤ ਦੀ ਇਕੋ ਪਵਿੱਤਰ ਚੋਟੀ ਉੱਤੇ ਇਕੱਠੀਆਂ ਹੋਈਆਂ ਅਤੇ ਮਾਨਵੀ ਧਰਮਾਂ ਦੀ ਤ੍ਰਾਸਦੀ ਤੋਂ ਚਿੰਤਤ ਹੋ ਰਹੀਆਂ ਰਾਬਿਆ ਅਤੇ ਇਸਮਾਇਲ ਵਰਗੀਆਂ ਸੰਵੇਦਨਸ਼ੀਲ ਰੂਹਾਂ ਦੀ ਮਦਦ ਲਈ ਗਈ ਹੈ। ਇਤਿਹਾਸ ਦੀ ਚਿੰਤਾ ਅਤੇ ਖ਼ੁਸ਼ੀ ਬਹੁਤ ਵਾਰ ਸਾਂਝੀ ਹੁੰਦੀ ਹੈ। ਕਵਿਤਾ ਉਸਦੇ ਸਮੇਂ/ਸਥਾਨ/ਖ਼ਿਆਲ ਨੂੰ ਪਾਰ ਕਰਦੇ ਅੰਤਰ-ਸੰਬੰਧਾਂ ਦੀ ਅਸਲੀਅਤ ਨੂੰ ਧਰਤੀ ਦੇ ਚਿਤ੍ਰਪੱਟ ਉੱਤੇ ਉਲੀਕਦੀ ਹੈ।

ਜੇ ਇਤਿਹਾਸ ਇਕ ਹੈ, ਅਤੇ ਜੇ ਇਸ ਦੀਆਂ ਅਤਿ ਮਹੀਨ ਜ਼ਿੰਦਾ ਸ਼ਾਖ਼ਾਂ ਮਹਾਂ ਕਾਲ ਦੇ ਰਹੱਸ-ਮੰਡਲ ਵਿਚ ਫੈਲੀਆਂ ਹੋਈਆਂ ਹਨ, ਤਾਂ ਅਰੂਪ ਵਿਚ ਜਿਥੇ ਇਸਦੀ ਨਿਸ਼ੇਧ-ਪ੍ਰਕਿਰਿਆ ਵਿਚ ਨਿਰੰਤਰਤਾ ਹੈ, ਉਥੇ ਇਸਦੀ ਹਾਂ-ਪੱਖੀ ਚੜ੍ਹਤਲ ਦਾ ਦ੍ਰਿਸ਼ ਵੀ ਕਾਲ ਦੀਆਂ ਅੰਦਰਲੀਆਂ ਅਤੇ ਬਾਹਰਲੀਆਂ ਹੱਦਾਂ ਚੀਰਦਾ ਹੋਇਆ ਰੂਪ ਅਰੂਪ ਦੇ ਵਿਸ਼ੇਸ਼ ਬਿੰਦੂਆਂ ਉੱਤੇ ਆਪਸੀ ਸਾਂਝ ਦਰਸਾਉਂਦਾ ਰਹੇਗਾ। ਬਾਜ਼ ਅਤੇ ਨੀਲੇ ਘੋੜੇ ਦੇ ਕਈ ਚਿਹਨ ਗੁਰੂ ਨਾਨਕ ਸਾਹਿਬ ਦੇ ਵੇਲੇ ਅਤੇ ਉਸ ਤੋਂ ਪਹਿਲੇ ਕਾਲ ਵਿਚ ਦਿਸਣਗੇ ਅਤੇ ਪਹਿਲੀ ਉਦਾਸੀ ਦੀ ਵਿਜੈਈ ਚੜ੍ਹਤਲ ਇਕ ਵਿਸਾਖ ਨੂੰ ਇਤਿਹਾਸ ਦੇ ਦੂਰ ਦਿਸਹੱਦੇ ਉੱਤੇ ਖ਼ਾਲਸਾ ਸਿਰਜਣਾ ਦਾ ਨੂਰੀ ਜਲਾਲ ਵਿਚ ਰੰਗਿਆ ਦ੍ਰਿਸ਼ ਵੀ ਵੇਖੇਗੀ।

ਵਿਸਾਖੀ, 1999 ਈ: **ਹਰਿੰਦਰ ਸਿੰਘ ਮਹਿਬੂਬ**


ਇਲਾਹੀ ਨਦਰ
ਦੇ ਪੈਂਡੇ


ਇਲਾਹੀ ਨਦਰ
ਦੇ ਪੈਂਡੇ
ਹਰਿੰਦਰ ਸਿੰਘ ਮਹਿਬੂਬ

ਸਰਗ ਪਹਿਲਾ

ਤਿਤੁ ਸਰਵਰੜੈ ਭਈਲੇ ਨਿਵਾਸਾ
ਪਾਣੀ ਪਾਵਕੁ ਤਿਨਹਿ ਕੀਆ॥

1

ਸੱਮੇ ਤੋਂ ਪਾਰ ਦੋ ਪਾਕ ਰੂਹਾਂ ਦੇ ਸੰਸੇ ਅਤੇ ਪ੍ਰਕਾਸ਼-ਸੰਕੇਤ

ਜਦੋਂ ਮਸੀਹ ਦੀ ਸਦੀ ਤੇਰਵੀਂ
ਅੱਧਾ ਸਫ਼ਰ ਮੁਕਾਵੇ
ਸੁੰਨ ਸਫ਼ਾ ਮਰਵ ਦੀਆਂ ਸਿਖਰਾਂ
ਕੋ ਕੁਰਲਾਟ ਜਗਾਵੇ

ਜਦੋਂ ਕੁਰਾਨ ਸਿਰਾਂ ਤੇ ਚਾ ਕੇ
ਬਾਲ ਬਿਰਧ ਫ਼ਰਿਆਦੀ
ਤੁਰੇ ਤਾਤਾਰੀ ਦੇ ਖ਼ੇਮੇ ਵਲ
ਤਰਸ ਜਗਾਉਣ ਅਨਾਦੀ

ਭੈਅ ਵਿਚ ਦਿਸਣ ਮਜ਼ਬ ਦੇ ਪੈਂਡੇ
ਲੰਘ ਬਗ਼ਦਾਦ ਦੇ ਬੂਹੇ
ਗਰਜ ਤਾਤਾਰੀ ਦੀ ਸੁਣ ਕੰਬੇ
ਜਲ ਦਜਲਾ ਦੇ ਸੂਹੇ

ਪਾਕ ਮਿਨਾਰਾਂ ਦੇ ਸਿਰ ਵੱਜਣ
ਜਦੋਂ ਰੋਂਦੀਆਂ ਬਾਂਗਾਂ
ਭੈਅ ਵਿਚ ਮਨ ਬਗ਼ਦਾਦ ਚੋਂ ਉੱਠਣ
ਲਰਜ਼ ਲਰਜ਼ ਕੇ ਕਾਂਗਾਂ

ਚੌਦਾਂ ਤਬਕ ਜਦੋਂ ਬਣ ਪੱਥਰ
ਖੜੇ ਨਮਾਜ਼ਾਂ ਵਿਹੜੇ
ਗੋਰਾਂ ਕੋਲੋਂ ਲੇਖੇ ਮੰਗੇ
ਜਦ ਕਾਫ਼ਰ ਦੇ ਜੇਰੇ

ਸ਼ਾਹ ਰਗ ਕੱਢ ਸਮੇ ਦੀ ਲੰਮੀ
ਖ਼ੂਨ ਤਾਤਾਰੀ ਪੀਤਾ
ਫਿਰ ਨਮਾਜ਼ ਦੀਆਂ ਨਜ਼ਰਾਂ ਨੂੰ
ਜਦੋਂ ਕਹਿਰ ਵਿਚ ਸੀਤਾ

ਉਦੋਂ ਸਫ਼ਾ ਮਰਵ ਦੀਆਂ ਸਿਖਰਾਂ
ਦੂਰ ਪਤਾਲ 'ਚ ਜਾਵਣ
ਮਜ਼੍ਹਬਾਂ ਦੀ ਨੀਂਦਰ ਵਿਚ ਡੁੱਬੇ
ਛੂਹ ਛੂਹ ਤਾਰੇ ਆਵਣ

ਖ਼ੁਸ਼ਕ ਖੁਰਦਰੇ ਫ਼ਿੱਕੇ ਪਰਬਤ
ਸੰਗ ਅਸਵਦ ਦੇ ਕੋਲੇ
ਸੁਣ ਬਗ਼ਦਾਦ ਦੀਆਂ ਫ਼ਰਿਆਦਾਂ
ਪਾਉਣ ਹਿਰਾ ਦੀ ਝੋਲੇ

ਜ਼ਮਜ਼ਮ, ਥਲ ਅਰਫ਼ਾਤ, ਹਿਰਾ ਨੂੰ
ਲੂਹ ਅੱਚਵੀ ਤੋੜੇ
ਬਹੁੰ ਸਾਲਾਂ ਦੇ ਹੱਜ ਪੁਰਾਣੇ
ਦੀਨ-ਨਦਰ ਬਿਨ ਕੋਰੇ

ਕੂਕ ਹਾਜਰਾ ਦੀ ਕੋ ਲੰਮੀ
ਥਲ ਬੇਦੀਨ ਚੋਂ ਲੰਘੇ
ਕੋਟ ਬਰਸ ਦੀ ਵਾਜ ਪੁਰਾਣੀ
ਫੇਰ ਤੜਪ ਕੁਝ ਮੰਗੇ

ਦਰਵੇਸ਼ਾਂ ਨੂੰ ਨੀਰ ਨ ਦਿੱਤਾ
ਮੁੱਢ ਕਦੀਮੀ ਖੂਹਾਂ
ਤਦੋਂ ਸਫ਼ਾ ਦੀ ਸਿਖਰ ਦੇ ਉੱਤੇ
ਦਿਸਣ ਪਾਕ ਦੋ ਰੂਹਾਂ

ਸਮੇ ਦੇ ਸਫ਼ਰ ਮਹੀਨ ਚ ਪਾਂਧੀ
ਰੂਹ ਵਲੀ ਤਕ ਗਾਵਣ
ਥਲ ਚੋਂ ਤਿਲ੍ਹਕ ਨੂਰਾਨੀ ਬੂੰਦਾਂ
ਨਕਸ਼ ਪੁਨੀਤ ਜਗਾਵਣ

ਥਲ ਦੀ ਤਲਖ਼ ਵੀਰਾਨ ਹਵਾ ਚੋਂ
ਫੇਰ ਰਾਬਿਆ ਜਾਗੇ
ਹਸ਼ਰ 'ਚ ਪੈੜ ਨਬੀ ਦੀ ਬਲਦੀ
ਦੂਰ ਦੁਆਵਾਂ ਲਾਗੇ

ਸਮਝੇ ਨਬੀ ਦੇ ਪਾਕ ਸੁਪਨ ਦਾ
ਹਰਫ਼ ਰਾਬਿਆ ਹੋਈ
ਤਨ ਤੇ ਓਢ ਹਸ਼ਰ ਦੀ ਲਾਲੀ
ਤਕ ਇਸਮਾਈਲ ਨੂੰ ਰੋਈ :

"ਤੁਸੀਂ ਖ਼ਲੀਲ-ਰਹਿਮ ਦੇ ਵਾਰਿਸ
ਆਦਮ-ਕਾਲ ਦੇ ਨੇੜੇ
ਤੁਸਾਂ ਦੀ ਤਿਖਾ ਬੁਝਾਵਣ ਆਇ
ਪਾਕ ਅੱਲਾ ਜੁ ਮੇਰੇ

"ਕਿਉਂ ਨ ਮਿਲਣ ਕੁਰਾਨ ਤੋਂ ਪਾਣੀ ?
ਥਲੀ ਹੁਸੈਨ ਨੇ ਰੋਏ !
ਕਰਮ ਆਖ਼ਰੀ ਦੀ ਸੋਅ ਕੋਈ
ਕਿਉਂ ਨ ਸੁਣਨ ਜੋ ਮੋਏ ?

"ਕਿਉਂ ਉਹ ਤਿਖਾ ਨ ਬਖ਼ਸ਼ਿਸ਼ ਜੇਡੀ,
ਕਿਉਂ ਉਹ ਦਰਦ ਨ ਤੇਰੇ ?
ਸ਼ਾਹ ਰਗ ਨੱਚ ਰਹੀ ਜ਼ਮਜ਼ਮ ਦੀ
ਥਲ ਦੀ ਸੁੱਕ ਚੁਫੇਰੇ।"

ਕਿਹਾ "ਉਂਵ ਤਾਂ ਅਸੀਂ ਪੈਗੰਬਰ"
ਝੁਕ ਇਸਮਾਈਲ ਪੁਰਾਣੇ
"ਉਂਵ ਇਸਲਾਮ ਦੀਆਂ ਮਿਅਰਾਜਾਂ
ਤਿਰੀ ਇਬਾਦਤ ਜਾਣੇ।

"ਪੈੜ ਵਲੀ ਦੀ ਭੁਲ ਜਾਂਦੇ ਨੇ
ਜਦ ਹੋ ਮਜ਼੍ਹਬ ਸਿਆਣੇ
ਜ਼ਮਜ਼ਮ ਨੂੰ ਤਦ ਪੀ ਜਾਂਦੇ ਨੇ
ਅਜ਼ਾਜ਼ੀਲ ਧਿੰਙਾਣੇ।

"ਜਦ ਵੀ ਕਦੇ ਨਬੀ ਦੇ ਰਾਹ ਤੋਂ
ਦੀਨ ਹੋਇ ਨਾਬੀਨਾ
ਛੁਰੀ ਵਾਂਗ ਜ਼ਮਜ਼ਮ ਦੇ ਪਾਣੀ
ਚੀਰਨ ਸਫ਼ਾ ਦਾ ਸੀਨਾ।

"ਜਦ ਬੇਦੀਨ ਹੋਣ ਥਲ ਲੰਮੇ
ਦਜਲੇ ਖ਼ੂਨ ਹੋ ਜਾਵਣ
ਬੇਵਸ ਤਦੋਂ ਕਰਬਲਾ ਅੱਗੇ
ਹਾਰੀਆਂ ਕੌਮਾਂ ਆਵਣ।

"ਹਰਫ਼ ਕੁਰਾਨ ਦੇ ਮਿਲਖ ਮੰਨ ਕੇ
ਜਦੋਂ ਯਜ਼ੀਦਾਂ ਵੰਡੇ,
ਵਿੰਨ੍ਹਣ ਲਬ ਹੁਸੈਨ ਦੇ ਪਿਆਸੇ
ਭਰੇ ਫ਼ਰਾਤ ਦੇ ਕੰਢੇ।

"ਜਦੋਂ ਹਿਰਸ ਦੇ ਲਾਵੇ ਉੱਤੇ
ਤਿਖਾ ਹੁਸੈਨ ਲਿਆਵੇ
ਰੇਤ ਤਦੋਂ ਕਰਬਲਾ ਦੀ ਵੀ
ਲਹੂ ਲੁਹਾਣ ਹੋ ਜਾਵੇ।

"ਮਾਂ-ਮੋਹ ਵਿਚ ਪਿਆਸ ਕੂਕਦੀ
ਜਦ ਉਸ ਸਮੇ ਪੁਰਾਣੇ
ਤਦ ਮੇਰੇ ਲਈ ਹੱਥ ਖ਼ੁਦਾ ਦੇ
ਚਸ਼ਮੇ ਬਣਨ ਸੁਹਾਣੇ।"

"ਪ੍ਰਾਚੀਨ ਦੇ ਪੀਰ ਉਚੇਰੇ!"
ਰਾਬਿਆ ਸੁਖ਼ਨ ਅਲਾਪੇ
"ਹਰਫ਼ ਕੁਰਾਨ ਦੇ ਠੰਢੇ ਹੋਏ
ਅਮਲ ਸਾਜ ਕਿਉਂ ਆਪੇ ?

"ਕੋਹੇ ਬਾਲ ਅਰਸ਼ ਪਏ ਵੇਖਣ
ਬੇਜ਼ਾਰ ਇਕਲਾਪੇ
ਖ਼ੂਨ ਭਰੇ ਦਜਲੇ ਵਿਚ ਤਾਰੇ
ਅਰਥਹੀਣ ਹੋ ਭਾਕੇ।

"ਕਿਉਂ ਨ ਹਰਫ਼ ਮਿਹਰ ਦਾ ਸਾਬਤ
ਸਿਦਕ ਮੁਰੀਦ ਚ ਜਾਪੇ ?
ਫੜਾਂ ਜੁ ਦਾਮਨ ਸੋ ਸੜ ਜਾਵਣ
ਇਸ ਸੁੰਵੇ ਤਰਨਾਪੇ!"

ਪ੍ਰਾਚੀਨ ਨਬੀ ਮੁੜ ਕਹਿੰਦਾ:
"ਪੁਜ ਇਸਲਾਮ ਦੁਆਰੇ
ਸ਼ਾਹੀ ਤਖ਼ਤਾਂ ਤਕ ਨ ਵਲੀਆਂ
ਜਾ ਇਲਹਾਮ ਉਤਾਰੇ

"ਪੈਂਡੇ ਜਗ ਦੇ ਸਰ ਨ ਕੀਤੇ
ਬਾਲ ਰਹਿਮ ਦੇ ਦੀਵੇ
ਮਿੱਲਤ ਦਾ ਸਿਦਕ ਵਿਚ ਨੇਰੇ
ਪਾਟੇ ਦਾਮਨ ਸੀਵੇ।

"ਜਦ ਇਲਹਾਮ ਬਿਨਾਂ ਕੁਝ ਬਾਕੀ
ਸਿਦਕ ਰਹਿਣ ਵਿਚ ਘਾਟੇ
ਹਿਰਸਾਂ ਤੁਰਨ ਨਾਲ ਅਸਵਾਰਾਂ
ਜਗਤ-ਰਣਾਂ ਦੀ ਵਾਟੇ

"ਨਾ ਨਿਰਭੈਅ ਦਿਲਾਂ ਦੇ ਗੋਸ਼ੇ
ਢੂੰਡ ਸਕਣ ਸ਼ਮਸ਼ੀਰਾਂ
ਜੇ ਨਾ ਸੁਖ਼ਨ ਲਸ਼ਕਰਾਂ ਕੀਤੇ
ਨਾਲ ਮਾਸੂਮ ਫ਼ਕੀਰਾਂ।

"ਤਖ਼ਤਾਂ ਨਾਲ ਜਦੋਂ ਨ ਬਹਿੰਦੇ
ਰਾਜ਼ ਕੁਰਾਨ ਦੇ ਭਾਰੀ।
ਨਾਰ ਬਾਲ ਬਿਰਧ ਦੀ ਆ ਕੇ
ਪਤ ਲੁੱਟਣ ਤਾਤਾਰੀ।

"ਨ ਤਦ ਬਸ਼ਰ ਦੇ ਸਫ਼ਰ ਨਿਆਰੇ
ਬਸ ਜਦ ਰਾਜ ਹੀ ਮੱਲੇ
ਵਾਂਗ ਕੰਕਰਾਂ ਥਲਾਂ 'ਚ ਰੁਲਸਨ
ਹਰਫ਼ ਕੁਰਾਨ ਦੇ 'ਕੱਲੇ।"

ਫਿਰ ਖ਼ਲੀਲ ਦੀ ਅੰਸ ਨੂੰ ਪੁੱਛੇ :
"ਵਾਟ ਉਡੀਣੀ ਖਾਵੇ
ਬਰਸ ਅਸੰਖ ਤੋਂ ਬਲਦਾ ਦੀਵਾ
ਕਦੋਂ ਕੁਰਾਨ ਲਿਆਵੇ ?

"ਕਦੋਂ ਪਿਆਸ ਤਿਰੀ ਦੀ ਮੰਜ਼ਲ
ਕੁਰਲਾਵੇ ਵਿਚ ਥਲ ਦੇ ?
ਕਦ ਅਰਫ਼ਾਤ ਤੋਂ ਜ਼ਮਜ਼ਮ ਦੇ ਵਲ
ਆਦਮ ਹਵਾ ਨੇ ਚਲਦੇ ?"

ਸੁਣਿ ਖ਼ਲੀਲ ਦੀ ਰੱਤ ਅਲਾਵੇ :
"ਸੁਣ ਤੂੰ ਥਲਾਂ ਦੀ ਨਾਰੇ,
ਤਿਰੇ ਜ਼ੁਹਦ ਦੇ ਸਿਰ ਤੇ ਚਮਕਣ
ਮੁੱਢ ਕਦੀਮੀ ਤਾਰੇ।

"ਕੌਮਾਂ ਚੜ੍ਹਨ ਪਹਾੜੀਂ, ਡਿੱਗਣ
ਹਿਰਸ ਦੇ ਪੱਥਰ ਭਾਰੀ
ਰਗੀਂ ਕਹਿਰ ਸਰਾਪ ਦੇ ਮੱਚਣ
ਛਿੱਗ ਚੜ੍ਹਾਂ ਕਿਸ ਵਾਰੀ!

"ਜਬਰਾਇਲੀ ਪਰਵਾਜ਼ਾਂ ਤੋਂ ਨੇ
ਪਾਕ ਮਿਨਾਰ ਜਾਂ ਖ਼ਾਲੀ,
ਦਿਲ ਦੇ ਅਰਸ਼ ਤੇ ਫਿਰ ਨ ਆਵੇ
ਜੋ ਤੁਰ ਜਾਂਦੀ ਲਾਲੀ।

"ਸਮੇ ਦੇ ਜਦ ਖ਼ਿਆਲ ਚੋਂ ਸੁਕਦੇ
ਇਲਹਾਮਾਂ ਦੇ ਪਾਣੀ,
ਮਰੀ ਪਾਸ਼ਵੀ ਜੂਨ ਦੇ ਮਿਲਦੇ
ਮੁੜ ਇਸ ਜਨਮ 'ਚ ਹਾਣੀ।

"ਪਕਦੇ ਭਾਮ ਤੋਂ ਬਲਦੇ ਰਵ ਤਕ
ਸੰਤ ਫ਼ਕੀਰ ਸਿਪਾਹੀ
ਖਿਚ ਸਕਦੇ ਨੇ ਪਾਕ ਹਰਫ਼ ਚੋਂ
ਨੂਰ ਸ਼ਹੀਦ ਇਲਾਹੀ।

"ਘੋੜਾਂ ਉੱਤੇ ਪੜ੍ਹਣ ਨਮਾਜ਼ਾਂ
ਜਦ ਤੇਗਾਂ ਦੇ ਵਾੱਲੀ
ਘਰ ਘਰ ਵਿਚ ਫ਼ਜਰਾਂ ਜਿਉਂ ਆਏ
ਤਦੋਂ ਕੁਰਾਨ ਦੀ ਲਾਲੀ।

"ਦੀਵੇ ਤਦੋਂ ਜ਼ਮਜ਼ਮਾਂ ਕੰਢੇ
ਆਦਮ ਹਵਾ ਦੇ ਬਲਦੇ,
ਧਰ ਤੋਂ ਸੁਰਗ ਤੀਕ ਸਭ ਨੇਰੇ
ਢੂੰਡ ਢੂੰਡ ਨੇ ਖਲ੍ਹਦੇ।"

"ਕਿਵ ਰਾਜ਼ ਤੁਸਾਂ ਦੇ ਵੇਖਾਂ
ਕਵਨ ਦੀਪ ਜੋ ਬਾਲਾਂ?"
ਕਹੇ ਰਾਬਿਆ ਨੈਣ ਝੁਕਾ ਜਿਉਂ
ਥਲਾਂ ਦੀਆਂ ਤਿਰਕਾਲਾਂ:

"ਕਿਉਂ ਨ ਪਾਕ ਦਰਸ ਦੇ ਪੈਂਡੇ
ਉੱਮਤ ਸੁਰਖ਼ਰੂ ਹੋਈ?
ਕਿਉਂ ਬਗ਼ਦਾਦ 'ਚ ਨਬੀ-ਦਰਸ ਦੀ
ਦਾਤ ਰਹੀ ਨ ਕੋਈ?"

ਤਦੋਂ ਖ਼ਲੀਲ ਅੱਲਾ ਦਾ ਬੇਟਾ
ਕੋਲ ਰਾਬਿਆ ਗਾਵੇ
ਕੋਟ ਵਰ੍ਹੇ ਦੀ ਕਹਿਕਸ਼ਾਂ ਉੱਤੋਂ
ਰਾਜ਼ ਉਤਾਰ ਲਿਆਵੇ:

"ਹੋਣ ਜਾਗ ਤੋਂ ਨੀਂਦਾਂ ਤੀਕਣ
ਜਦ ਮਾਨਵ-ਦਿਲ ਕਾਲੇ
ਬੋਲ ਰਸੂਲ ਦਾ ਸਦੀਆਂ ਲੰਮਾ
ਰੁਲਦੀ ਪੱਤ ਸੰਭਾਲੇ।

"ਪੈਂਦੀ ਪੱਤ ਜਾਗ ਸਰਹਾਣੇ
ਨਜ਼ਰ ਰਸੂਲ ਜਾਂ ਆਵੇ
ਉਡਦੀ ਤੇਗ਼ ਰਣਾਂ ਦੇ ਸਿਰ ਤੇ
ਰਹਿਮ ਅਨੰਤ ਜਗਾਵੇ।

"ਪਰ ਪੈਗ਼ੰਬਰ ਦੇ ਪੈਂਡੇ ਵਿਚ
ਦਾਵੇਦਾਰ ਕਰਾਰੇ
ਹਿਰਸ ਦੇ ਲੱਖਾਂ ਭੇਸਾਂ ਅੰਦਰ
ਸੱਚੇ ਹਰਫ਼ ਉਤਾਰੇ।

"ਛੁਰੇ ਕਸਾਈਆਂ ਦੇ ਤਦ ਲੁਕਦੇ
ਵਿਚ ਅਦਲ ਦੇ ਨੈਣਾਂ
ਕਿਵੇਂ ਮੁਰੀਦ ਮਾਹੀ ਦੇ ਲੱਭਣ
ਵਿਚ ਕਾਫ਼ਲੇ ਰੈਣਾਂ ?

"ਕਰੇ ਫ਼ਰੇਬ ਸਜਦਿਆਂ ਮਿੱਠੇ
ਬਹਿ ਵਿਚ ਨੇਕ ਮੁਰੀਦਾਂ
ਗ਼ਰਜ਼ਾਂ ਛਲ ਗਈਆਂ ਰਣ ਭਾਰੇ
ਧਾਰ ਕੇ ਭੇਖ ਸ਼ਹੀਦਾਂ।

"ਦਿਵਸ ਦੀਨ ਦੀ ਪੱਤ ਰੱਖਣ ਦੇ
ਬਾਝ ਬਰਕਤਾਂ ਆਵਣ,
ਬੋਲ ਕੁਰਾਨ, ਨਬੀ ਦੀ ਬਖ਼ਸ਼ਿਸ਼
ਭੁਲ ਇਸਲਾਮ ਨੂੰ ਜਾਵਣ।

"ਸੂਰਤ ਮੋਮਨ ਦੀ ਜਦ ਬਾਤਿਲ
ਧਾਰ ਲਈ ਹਰ ਪਾਸੇ
ਦੱਬੇ ਬੁਤ ਫ਼ਰਾਤ ਦਾ ਸੁੰਨਾ
ਦੌਰ ਬਿਹੋਸ਼ ਪਿਆਸੇ।

"ਹੇਕ ਨਬੀ ਦੀ ਸਦੀਆਂ ਲੰਮੀ
ਤਖ਼ਤੋਂ ਰਣ ਤਕ ਜਾਵੇ
ਨਾ ਪਰ ਦਾਤ ਚਲਾਕ ਅਮਲ ਵਿਚ
ਅਮਰ ਨਿਜ਼ਾਮ ਬਣਾਵੇ।

"ਪਾਕ ਰਸੂਲ ਜਹੇ ਬੁੱਤਾਂ ਨੂੰ
ਰੂਹ ਵਿਚ ਭੇਖ ਉਸਾਰੇ
ਪੱਤ 'ਚ ਜ਼ੋਰ ਰਹੇ ਨਾ ਐਵੇਂ
ਕਿਉਂ ਬਗ਼ਦਾਦ ਸ਼ਿੰਗਾਰੇ ?"

ਕਹੇ ਰਾਬਿਆ "ਦਿਲ ਸਰਵਰ ਦਾ
ਕਿਸ ਕਿਸ ਅਮਲ਼ 'ਚ ਸੀਤਾ ?
ਕੀ ਕਾਸਾ ਟੁਟ ਜਾਸੀ ਜਿਸਨੂੰ
ਕਹਿ ਇਲਹਾਮ ਮੈਂ ਪੀਤਾ ?

"ਸੂਹੀ ਅੱਗ ਫੁੱਲਾਂ ਦਾ ਸੀਨਾ
ਕੀ ਇਕ ਵਾਰ ਹੀ ਉੱਠੇ ?
ਜ਼ਮਜ਼ਮ ਨੂੰ ਜੁ ਪਿਆਸ ਜਗਾਵੇ
ਕਿਸ ਮਾਸੂਮ ਨੂੰ ਕੁੱਠੇ ?

"ਕਦ ਫਿਟਕਾਰੇ ਕਾਫ਼ਰ ਦਾ ਦਿਲ
ਚੁੰਮ੍ਹ ਮਿਰ੍ਹਾਜ-ਰਕਾਬਾਂ
ਹੋਇ ਮੁਰੀਦ ਜਾਇ ਦਰ ਅੱਲਾ
ਵਾਂਗ ਹਯਾਤ ਦੇ ਖ਼ਾਬਾਂ ?

"ਸਾਬਤ ਮਿਹਰ ਕਦੋਂ ਹੋ ਜਾਸੀ
ਕਦੇ ਨ ਟੁੱਟੇ ਪਿਆਲਾ ?
ਜੋ ਇਲਹਾਮ ਹੋਏ, ਨ ਜਾਵੇ
ਰੂਹ-ਵਤਨ ਚੋਂ ਸ਼ਾਲਾ !"

ਕਾਸਿਦ ਪਾਕ ਗਗਨ ਦੇ ਦਰ ਤੇ
ਪੜ੍ਹੇ ਹਰਫ਼ ਉਜਿਆਰੇ
ਝੁਕ ਕੇ ਗਿਰੇਬਾਨ ਵਿਚ ਤੱਕੇ
ਸਮੇ ਅਛੂਹ ਦੇ ਤਾਰੇ।

ਦੱਸੇ "ਨਭ-ਰਬਾਬ ਦੇ ਸੀਨੇ
ਨਵੇਂ ਨਿਜ਼ਾਮ ਪਰੁੱਚੇ
ਹੋ ਅਰਦਾਸ ਦੀਨ ਵਿਚ ਕਾਮਲ
ਅਨਿਕ ਵਲਵਲੇ ਸੁੱਤੇ।

"ਸੁਪਨਾ ਸਰਵਰ ਦੇ ਆਲਮ ਦਾ
ਨਾ ਹਰ ਬਾਗ਼ 'ਚ ਜਾਂਵੇ;
ਸਬਜ਼ਾ ਸੁਕ ਜਾਂਦਾ, ਰਗ ਪੰਛੀ
ਝੁਲਸ ਜਾਇ ਜਦ ਗਾਵੇ।

"ਨਾ ਆਜ਼ਾਦ ਕਿਤੇ ਪਰਵਾਜ਼ਾਂ
ਹਰਫ਼ ਕੁਰਾਨ ਦੇ ਸੀਨੇਂ
ਇਲਹਾਮਾਂ ਦੇ ਸਿਰ ਤੇ ਕਟਕਣ
ਵਡ ਸ਼ਾਹਾਂ ਦੇ ਕੀਨੇ।

"ਕੂਫ਼ਾ ਵਿਚ ਇਸਲਾਮ ਭੁੱਲਿਆ
ਨਬੀ ਸੰਦੀਆਂ ਨਜ਼ਰਾਂ,
ਨਹੀਂ ਮੁਜਾਹਿਦ, ਕਿਤੇ ਨ ਮੂਸਾ,
ਗਏ ਤੂਰ, ਨਾ ਫ਼ਜਰਾਂ।

"ਖ਼ਾਕ ਕਰਬਲਾ ਉਹਲੇ ਲਸ਼ਕਰ
ਬਿਨ ਗਾਜ਼ੀ ਨਾਬੀਨੇ
ਸਾਹ-ਹੀਣ ਸਮੇ ਵਿਚ ਡਿੱਗਣ
ਸੜ ਸੜ ਮਜ਼੍ਹਬ ਦੇ ਜ਼ੀਨੇ।

"ਵਹੀ ਕੁਰਾਨ ਦੀ ਹਰ ਦਿਲ ਪਾਸੇ
ਜਦੋਂ ਨ ਬੂਹਾ ਖੋਲ੍ਹੇ,
ਤਾਂ ਜ਼ਮਜ਼ਮ ਨ ਅੱਗ ਫੁੱਲਾਂ ਦੀ
ਰੂਹ ਦਾ ਦਰਦ ਫਰੋਲੇ।

"ਦੂਰ ਸ਼ਿੰਗਰਫ਼ੀ ਸ਼ਾਮਾਂ ਪਿੱਛੇ
ਗੂੰਜਣ ਭੇਰ-ਨਗਾਰੇ
ਔਹ ਮੌਤ ਦੀ ਚਾਦਰ ਹੇਠਾਂ
ਧਰਤ ਸ਼ਹੀਦ ਸ਼ਿੰਗਾਰੇ।

"ਪਹਿਰੇਦਾਰ ਪੱਤ ਦਾ ਰਚਦਾ
ਮਾਂ-ਦਿਲ ਜਹੀਆਂ ਰਾਤਾਂ,
ਥਲ ਵਿਚ ਯਾਦ ਕਾਰਵਾਂ ਰੱਖੇ
ਵਿਚ ਨੀਂਦਰ ਰਣ-ਦਾਤਾਂ।

"ਦੂਰ ਰਬਾਬੀ ਤਾਨ 'ਚ ਝਿਲਮਿਲ
ਰੂਹ ਅੰਬਰ ਦੀ ਰਾਜ਼ੀ,
ਸਮਾਂ ਸਮਾਧੀ ਦੇ ਵਿਚ ਬੈਠਾ
ਵੇਖ ਰਿਹਾ ਜਗ-ਬਾਜ਼ੀ।

"ਤਦੋਂ ਹਰਫ਼ ਜਾਵਿਦਾਂ ਕੋਈ
ਨਵਾਂ ਕਾਰਵਾਂ ਸਾਜ਼ੇ,
ਹਿਰਸ ਮਿਟਾਵੇਂ ਜੇ ਉਸਨੂੰ ਤਾਂ
ਅੰਦਰੋਂ ਯਾਦ ਨਿਵਾਜੇ।

"ਸਾਬਤ ਯਾਦ ਦੇ ਅੰਦਰ ਪਲਦੀ
ਸਾਬਤ ਤੇਗ਼ ਇਲਾਹੀ,
ਰਣ ਵਿਚ ਕੂੜ ਪਲੇ ਤਾਂ ਉੱਠੇ
ਸਫ਼ਰਾਂ ਚੋਂ ਰਣ-ਰਾਹੀ।

"ਹਸ ਹਸ ਅੱਗ ਸਮੇਂ ਤੇ ਤੁਰਦੀ
ਫੁਲ ਬਣਨ ਲਈ ਆਪੇ
ਬਿਨਾਂ ਮੁਰੀਦ ਰਹਿਣ ਜੇ ਮੁਰਸ਼ਦ
ਸਾਬਤ ਮਿਹਰ ਨ ਜਾਪੇ।

"ਪੱਤ 'ਚ ਸੂਰਜ ਕਦੇ ਨ ਚੜ੍ਹਦੇ
ਜੇ ਮੋਮਨ ਲੁਕ ਜਾਵੇ,
ਕਦਮ ਮੱਕਾਰ ਅਮਲ ਦੇ ਹੋਵਣ
ਪੱਤ 'ਚ ਰਹਿਮ ਨ ਆਵੇ।

"ਸਚ ਕੀ ਬਾਣੀ ਸਚ ਕੀ ਬੇਲਾ.....
ਦੂਰ ਰਬਾਬ ਅਲਾਪੇ
ਨ ਪੱਤ ਸਾਂਭੇ ਤਾਂ ਟੁਟ ਜਾਂਦੀ
ਤੰਦ ਵਹੀ ਦੀ ਆਪੇ।

"ਸਭ ਤੋਂ ਵੱਡਾ ਹੀ ਪੱਤ ਰੱਖੇ
ਪਾਕ ਹੁਕਮ ਵਿਚ ਥੀਂਦਾ,
ਜਦੋਂ ਯਤੀਮ ਥਲਾਂ ਵਿਚ ਰੋਵਣ
ਰਹੇ ਰਬਾਬ ਅਨੀਂਦਾ।

ਉਹਰ ਵਲੀ ਇਉਂ ਸਫ਼ਾ-ਕੂਟ ਤੋਂ
ਅਣਦਿਸ ਥਲਾਂ ਨੂੰ ਵੇਖੇ
ਹੋਣ ਆਖ਼ਰੀ ਸੂਰਜ ਹੇਠਾਂ
ਪੀਰ ਮੁਰੀਦ ਦੇ ਲੇਖੇ।

ਕਦੇ ਤਾਂ ਜਲ ਥਲ ਨਾਲ ਵਕਤ ਨੂੰ
ਕਹਿਰ ਖ਼ਲਾਅ ਦਾ ਮਾਰੇ
ਭਾਵੇਂ ਅਰਸ਼ ਰਹਿਣ ਨ ਸਾਬਤ
ਪੱਤ ਨੂੰ ਸ਼ਬਦ ਸੰਵਾਰੇ।

ਖੀਵਾ ਸਮਰਕੰਦ ਦਾ ਰੁਲਣਾ
ਰੁਲ ਬਗ਼ਦਾਦ ਦਾ ਜਾਣਾ,
ਦਸਦੇ ਮਜ਼੍ਹਬ ਪਾਉਣ ਜਦ ਝੂਠਾ
ਤਨ ਇਲਹਾਮ ਦਾ ਬਾਣਾ।

ਕਦੇ ਪੈਗੰਬਰ ਦੇ ਪਾਣੀ ਵੀ
ਮੁਕ ਜਾਂਦੇ ਨੇ ਸਾਰੇ
ਫਿਰ ਮਾਸੂਮ ਸਫ਼ਾ ਦੇ ਹੇਠਾਂ
ਜਾਣ ਪਿਆਸੇ ਮਾਰੇ।

ਚੰਨ ਤਾਰਿਆਂ ਦੇ ਹੁਸਨਾਂ ਦੀ
ਅੰਬਰ ਸਾਰ ਨ ਜਾਣੀ
ਥਲ ਨੂੰ ਭੁੱਲ ਗਏ ਸਦੀਆਂ ਤੋਂ
ਨਾਲ ਰਹੇ ਜੋ ਪਾਣੀ।

ਕਦੇ ਰਣਾਂ ਵਿਚ ਸੁਣਨ ਕਿਸੇ ਪਲ
ਬੋਲ ਜੋ ਸੰਤਾਂ ਸੰਦੇ,
ਤਾਂ ਝਿਲਮਾਉਣ ਅੰਬਰਾਂ ਸੀਨੇ
ਲੁਕੇ ਵਲਵਲੇ ਬੰਦੇ।

ਰਣ ਵਿਚ ਰਾਹ ਵਲੀ ਦੇ ਚਮਕਣ
ਦੀਨ ਮਿਅਰਾਜ ਬਣਾਵੇ
ਦੂਰ ਜਾਨ ਤਾਰਿਆਂ ਦੀ ਨੂੰ
ਸਾਹ ਮਾਨਵ ਦਾ ਆਵੇ।

ਤਾਨ ਰਬਾਬ 'ਚ ਉਤਰ ਰਹੇ ਸੀ
ਦਿਲ ਵਲੀਆਂ ਦੇ ਸਾਰੇ।
ਰਗ ਕੌਮਾਂ ਵਿਚ ਲਹੂ ਜਿਉਂ ਚੱਲਣ
ਪਾਕ ਨਿਜ਼ਾਮ ਨਿਆਰੇ।

ਪਾਉਣ ਹਿਰਸ ਦੇ ਬਾਂਝ ਸਮੇ ਵਿਚ
ਮਜ਼੍ਹਬ ਦੇ ਭੇਖ ਵਹੀਰਾਂ,
ਤਾਨ ਰਬਾਬ ਰਹੇ, ਨਾ ਜਾਵੇ,
ਸੱਚ ਰਹੇ ਵਿਚ ਭੀੜਾਂ।

ਜ਼ਮਜ਼ਮ ਭੇਦ ਕਹੇ ਜੋ ਥਲ ਨੂੰ
ਖੜ੍ਹ ਖੜ੍ਹ ਸੁਣਨ ਹਵਾਵਾਂ।
ਰੋਣ ਯਤੀਮ ਰਾਤ ਨਾ ਜਾਵੇ
ਬਣੇ ਪਿਆਸ ਦੁਆਵਾਂ।

ਸੱਚੇ ਸੁਖ਼ਨ ਤੇ ਤੋਲੇ ਕੋਈ
ਅੱਗ-ਘਿਰੀਆਂ ਫ਼ਰਿਆਦਾਂ
ਜੁਗਾਂ ਦੀ ਸੂਹੀ ਲਾਟ 'ਚ ਲਹਿਰਣ
ਹੜ ਪਰਲੈ ਚੋਂ ਯਾਦਾਂ।

ਖ਼ਾਲਸ ਅਸਲ ਰਹੇਗਾ ਬਾਕੀ,
ਭਸਮ ਹੋਣ ਤਸਵੀਰਾਂ,
ਸਭ ਤੋਂ ਵੱਡੇ ਪਾਤਸ਼ਾਹ ਦੇ
ਰਣ ਵੇਖਣ ਸ਼ਮਸ਼ੀਰਾਂ।

2

ਸਦੀਆਂ ਪਾਰ ਰੂਹਾਂ ਦੇ ਕੁਝ ਹੋਰ ਦ੍ਰਿਸ਼: ਬਾਜ਼ ਦੀ ਆਮਦ

ਦਿਸੇ ਨ ਪੁੱਤ ਖ਼ਲੀਲ, ਸਮਿਆਂ ਮੇਟਿਆ
ਜ਼ਮਜ਼ਮ ਅਸਵਦ ਕੋਲ, ਅਗਨ ਲਪੇਟਿਆ।

ਲਈ ਰਾਬਿਆ ਡੋਬ, ਸੁੰਨ ਬੇਰੰਗ ਨੇ
ਕੋਹੇ ਥਲ ਦਰਵੇਸ਼, ਹਿਰਸ ਦੀ ਜੰਗ ਨੇ।

ਸ਼ੀਹਾਂ ਵਾਂਗ ਚੌਫੇਰ, ਅੱਗਾਂ ਨੱਸਦੀਆਂ
ਕਿੱਥੇ ਬਲੀ ਸਿਕੰਦਰ ? ਗਾਰਾਂ ਹੱਸਦੀਆਂ!

ਲਾਵਾ ਬਣਿਆ ਪੰਕਜ, ਸੜਦੇ ਸਿੰਧ ਨੇ
ਤੁਰਨਾ ਇਸ ਵਿਚ ਕਿੰਜ, ਨਬੀ ਦੀ ਜਿੰਦ ਨੇ ?

ਮਹਿਲੀਂ ਕੀਤੇ ਰਾਖ, ਸਜਣ ਜੋ ਰਾਂਗਲੇ
ਸੜਦੇ ਵਣੀਂ ਨ ਪੈਣ, ਪੰਖਣੂ ਛਾਂਵਲੇ।

ਵਾਗਾਂ ਹੋਣ ਨ ਥੰਮ੍ਹ, ਅਗਨ-ਹੜ੍ਹ ਅੱਥਰੇ
ਬੇਪਤ ਹੋ ਇਲਹਾਮ, ਰਾਖ ਵਿਚ ਲੱਥੜੇ।

ਵਿਚ ਨ ਏਸ ਕਿਆਮਤ, ਸ਼ਾਹਰਗ ਨਬੀ ਦੀ
ਅਦਲ ਲਏ ਨਾ ਸਾਰ, ਸੜਦੀ ਸਦੀ ਦੀ।

ਛੁਪ ਛੁਪ ਕੇ ਕੋਈ ਵਿਸ਼, ਅਗਨ-ਹੜ੍ਹ ਮੇਲ੍ਹਦੀ
ਪਾਪਣ ਨਰਕ ਦੀ ਜੀਭ, ਡੂੰਘਾਣ 'ਚ ਠੇਲ੍ਹਦੀ।

ਐਪਰ ਨਦਰ ਦਾ ਰਾਜ਼, ਸਿਖਰ ਨੂੰ ਰੰਗਦਾ
ਕੋਟ ਅਰਸ਼ ਕੇ ਬਾਜ਼, ਉਡਣ ਨੂੰ ਮੰਗਦਾ।

ਹੜ੍ਹ ਉੱਠੇ ਰਿਮ ਝਿਮ, ਉਚੇਰੇ ਅੰਬਰੀਂ
ਕਵਨ ਹੈ ਪਾਵਨ ਸੱਦ, ਡੂੰਘੜੇ ਭੰਬਰੀਂ ?

ਬਾਜ਼ ਕਰੇ ਵਿਸ਼ ਪਾਰ, ਸਿਹਰ ਦੇ ਮੰਤ ਦੀ
ਰਿਮ ਝਿਮ ਦੇ ਹੜ੍ਹ ਵਸਣ, ਨਜ਼ਰ ਬੇਅੰਤ ਦੀ!

ਪੁੱਛੇ ਬਾਜ਼ ਅਨੂਪ: "ਅਰਸ਼ ਦੇ ਮਾਲਕਾ!
ਭਸਮ ਹੋਏ ਸਭ ਬੂਟ, ਸਮੇ ਦੇ ਖ਼ਾਲਕਾ।

ਚੜ੍ਹੇ ਜਿਉਂ ਬਾਣ ਅਮੋਘ, ਜ਼ਮਜ਼ਮ ਲਾਟ ਹੋ
ਜਲਾਂ ਥਲਾਂ ਵਿਚ ਡਿੱਗਣ, ਹਸ਼ਰ ਦੀ ਵਾਟ ਹੋ।

ਅੱਗ ਦੇ ਕਾਹਤੋਂ ਝੱਖੜ, ਜਰਦੀ ਮੇਦਨੀ ?
ਕਿਉਂ ਵਿਚ ਖ਼ੂਨੀ ਸੱਕਰ, ਸੜਦੀ ਮੇਦਨੀ ?

ਜਲਦੀ ਵਿਚ ਬੈਸੰਤਰ, ਬਿਧਰ ਦੀ ਮੰਤ ਜੋ
ਤੀਖਣ ਤੇ ਹੁਸ਼ਿਆਰ, ਅਕਲ ਪ੍ਰਪੰਚ ਜੋ।

ਜਲ ਜਲ ਢਹਿਣ ਪਤਾਲ, ਕ੍ਰਿਸ਼ਮੇ ਤਰਕ ਦੇ
ਵੇਦਾਂ ਦੇ ਕੁਲ ਤਾਲ, ਗਾਰ 'ਚ ਗਰਕਦੇ।

ਪਿੱਛੇ ਅੰਬਰ ਪਾਵਨ, ਗ਼ੈਬ ਦੇ ਤਾਰਿਓ
ਦੱਸੋ ਸਿੰਧ ਦੇ ਰਾਜ਼, ਬਿਐਬ ਕਿਨਾਰਿਓ

ਕਿਹੜੀ ਲਹਿਰ ਪੈਗ਼ਾਮ, ਦਿੰਦੀ ਅਸਲ ਦੇ?
ਧੁਰ ਦੇ ਚਿਹਨ ਨ ਦੱਸਣ, ਪੈਂਡੇ ਵਸਲ ਦੇ!"

ਬਾਜ਼-ਨਿਗਾਹਾਂ ਨਾਲ, ਨੂਰ ਅਸਮਾਨ ਦੇ
ਉੱਠੇ ਹੜ੍ਹ ਦੇ ਵਾਂਗ, ਵਕਤ ਨੂੰ ਛਾਣਦੇ।

ਸੋਦਰੁ-ਨੇੜ ਤੋਂ ਸੱਦ, ਕਹਿਕਸ਼ਾਂ ਘੋਰਦੀ
ਬਾਜ਼ ਦੇ ਇੰਞ ਆਵੇਸ਼, ਨੂਰ ਵਿਚ ਰੋੜ੍ਹਦੀ
ਸੀਨੇ ਲਾ ਬਰਸਾਤ, ਕੂਕ ਜਿਉਂ ਮੋਰ ਦੀ
ਸੱਪ ਤੇ ਯਾਰ ਨੂੰ ਇਕ, ਨਸ਼ੇ ਵਿਚ ਜੋੜਦੀ।

ਨਜ਼ਰ ਹੜ੍ਹਾਂ ਵਿਚ ਥਰਕ, ਰਹੀ ਸੀ ਬਾਜ਼ ਦੀ
ਲਭ ਰਹੀ ਸੀ ਮੰਜ਼ਿਲ, ਅੰਤ ਦੇ ਰਾਜ਼ ਦੀ
ਯੁਗਾਂ ਦੇ ਪੰਧ ਅਥਾਹ, ਲਹੂ ਵਿਚ ਉੱਤਰੇ
ਸਮੇ ਦੇ ਸਾਹ ਅਨੰਤ, ਜਾਗਦੇ ਸੁੱਤੜੇ
ਹੇਠ ਹੇਠਾਂ ਭਾਬੜ, ਹੈਨ ਪਰ ਘੁੰਮਦੇ
ਵਣ ਸਾਗਰ ਸਭ ਪਰਬਤ, ਅਗਨ-ਹੜ੍ਹ ਗੁੰਮਦੇ।
ਬਾਜ਼ ਨੂੰ ਬਖ਼ਸ਼ੀ ਸ਼ਾਨ, ਅਗੋਚਰ ਤਾਜ ਨੇ
ਕੁੱਲ ਡੂੰਘਾਣਾਂ ਚੀਰ, ਕਿਹਾ ਇਕ ਵਾਜ ਨੇ:

"ਉਸ ਤੋਂ ਅੱਗੇ ਜਿਸ ਥਾਂ, ਵਕਤ ਦਾ ਖ਼ਾਤਮਾ
ਆਈ ਓਥੋਂ ਵੇਦ 'ਚ, ਰਿਸ਼ੀ ਦੀ ਆਤਮਾ।
ਥੰਮ੍ਹੇ ਗਏ ਵਿਸਮਾਦ, ਚਤੁਰਦਸ ਲੋਕ ਦੇ
ਉਡ ਉਡ ਪੈਂਦੀ ਕੁਦਰਤ, ਅਰਸ਼ ਨਾ ਰੋਕਦੇ।
ਫ਼ਜਰਾਂ ਗਈਆਂ ਬੀਤ, ਭਰੇ ਦਰਿਆ ਨੇ
ਚੜ੍ਹਨੀ ਵੇਦ ਦੀ ਕੂਟ, ਸਮੇ ਦੇ ਰਾਹ ਨੇ।
ਸ਼ਾਮਾਂ ਆਉਣ ਪੁਨੀਤ, ਵੇਦ ਦੇ ਘਾਟ ਤੇ
ਹੋਏ ਸਿਤਾਰੇ ਮੀਤ, ਰੈਣ ਦੀ ਵਾਟ ਤੇ।

"ਪਾਵਨ ਮਰਕਜ਼ ਅੰਦਰ, ਹਉਂ ਪਰ ਬਿਪਰ ਦੀ
ਰੁਕੀ ਨਾ, ਲਾਂਦੀ ਜ਼ੋਰ, ਚੇਤਨਾ ਸਿਖਰ ਦੀ
ਕਦੇ ਨ ਉੱਜਲ ਰਹਿਣ, ਰੰਗ ਸਭ ਵੇਦ ਦੇ
ਬਿਪਰ ਦੀ ਹਾਸਿਦ-ਅੱਖ, ਬੁੱਤ ਲਪੇਟਦੇ।

ਚਤਰ ਫ਼ਰੇਬੀ ਗਿਆਨ, ਮਨੂ ਦੀ ਦਾਰ ਦਾ
ਧਾਰ ਕੇ ਦੈਵੀ ਭੇਸ, ਹਿਰਸ ਸ਼ਿੰਗਾਰਦਾ
ਮਾਂ ਦੇ ਮੋਹ ਦਰਵੇਸ਼, ਕੈਦ ਕਰ ਡੱਸਦਾ
ਤਰਜ਼ ਦਿਲਾਂ ਦੀ ਕੋਮਲ, ਸਮੇ ਵਿਚ ਕੱਸਦਾ।
ਤਰਕ ? ਜਿਵੇਂ ਜ਼ੰਜੀਰਾਂ, ਦਿਲ ਨੂੰ ਪੈਂਦੀਆਂ
ਹੇਠ ਮੁਲੰਮੇ ਦਾਰਾਂ, ਛਹਿ ਕੇ ਬਹਿੰਦੀਆਂ
ਘੁੰਮਣ ਹਉਂ ਦੇ ਚੱਕਰ, ਅਰਥ ਗੰਭੀਰ ਨੇ
ਰੂਹ ਦੇ ਰੋਗ ਅਥਰਵ 'ਚ, ਸਿਮੇ ਅਖ਼ੀਰ ਨੇ।
ਤਰਸ ਮਸੂਮ ਗੁਆਚਣ, ਡੂੰਘੇ ਸ਼ਾਸਤਰੀਂ
ਛੁਪਦੇ ਮਨੂ ਦੇ ਡੰਗ, ਪੁਰਾਣ ਦੇ ਬਸਤ੍ਰੀਂ।
ਸਾਂਭੇ ਗੀਤਾ ਅੰਦਰ, ਗਿਆਨ ਪ੍ਰਚੰਡ ਦੇ
ਬਣੇ ਕਿਤੇ ਨ ਮਰਕਜ਼, ਰਹਿਮ ਦੇ ਰੰਗ ਦੇ।
ਰੱਬ ਦਾ ਇਕ ਰਸ ਤਾਲ, ਦੂਆ ਨਾ ਬਿਪਰ ਦੀ
ਸਾਂਭੀ ਚਿਰਾਂ ਦੀ ਬਾਤ, ਹਉਂ ਵਿਚ ਬਿਖਰਦੀ।
ਅਣਦਿੱਸ ਜੋ ਸੈਲਾਬ, ਸਮੇ ਵਿਚ ਗੂੰਜਦੇ
ਮਨ-ਗਾਰਾਂ ਲੁਕ ਡੱਸਣ, ਰੋਗ ਜਿਉਂ ਹੂੰਗਦੇ।
ਤ੍ਰਿਸ਼ਨਾ ਹੋਇ ਅਮੋੜ ? ਨੂਹ-ਹੜ੍ਹ ਉੱਠਦੇ
ਮਜ਼ਬਾਂ ਦੇ ਦਰ ਸਾਦਿਕ, ਦੰਭ ਨੇ ਕੁੱਠਦੇ।
ਕਰਨ ਜੋ ਵਾਰ ਬਿਬੇਕ, ਦੂਰ ਤਕ ਫ਼ਜਰ ਦੇ
ਹੜ੍ਹ ਉਹ ਅਗਮ ਅਗੋਚਰ, ਤੈਂਡੀ ਨਜ਼ਰ ਦੇ।"

ਸਿੰਧ ਅਗਨ ਦੇ ਉੱਪਰ, ਉਡਦੇ ਬਾਜ਼ ਨੇ
ਸੋਦਰੁ ਕੁੱਟ ਨੂੰ ਵੇਖ, ਰਹੀ ਪਰਵਾਜ਼ ਨੇ
ਪੁੱਛਿਆ ਹੋ ਗ਼ਮਗੀਨ, ਹੰਭ ਚੁਕ ਅੱਗ ਦੀ
"ਸੜੀ ਹੈ ਰਗ ਕੁਕਨੂਸ, ਰਾਖ ਜਾਂ ਜਗ ਦੀ ?
ਨਵੇਂ ਬੋਲ ਨਾ ਜਾਗਣ, ਕੀ ਔਹ ਰਾਖ ਚੋਂ ?
ਬੁੱਧ ਦੀਸਾ ਖਿੜ ਪੈਣ, ਰਹਿਮ ਦੇ ਜਾਪ ਚੋਂ।
ਜਲ ਬਲ ਹੋਏ ਸੁਆਹ, ਖ਼ਾਬ ਕਿਉਂ ਅੰਤ ਦੇ ?
ਭਾਂਬੜ ਵਿਚ ਅਸਗਾਹ, ਬਲਣ ਇਸ ਮੰਤ ਦੇ।
ਚਮਕਣ ਤੇ ਹਿਸ ਜਾਣ, ਅਗਮ ਦੇ ਰਾਸਤੇ
ਕਿਉਂ ਮਿੱਟਦੇ ? ਮਨਹੂਸ, ਗਾਰ ਦੇ ਵਾਸਤੇ।"

ਸੋਦਰੁ ਦੂਰ ਪੁਰਾਤਨ, ਪੌਣ ਹੈ ਗੂੰਜਦੀ
ਕੋ ਬਲਵਾਨ ਆਵਾਜ਼, ਗਗਨ ਨੂੰ ਹੂੰਝਦੀ :

"ਭਾਵੇਂ ਰਹਿਮ ਦੇ ਬਾਝ, ਗਗਨ ਨੇ ਹੰਬਦੇ
ਰਹਿਮ ਨੂੰ ਜਾਨ ਚ ਡੋਬ, ਰਿਸ਼ੀ ਪਰ ਕੰਬਦੇ।
ਬੁੱਧ ਈਸਾ ਦੇ ਰਹਿਮ, ਕੁਦਰਤੋਂ ਪਾਰ ਨੇ
ਮਾਨਵ-ਗਲੀ ਦੀ ਸੁੰਞ, ਵਿਛੇ ਅੰਗਾਰ ਨੇ।
ਰਹਿਮ ਮੰਗਦਾ ਧੜਕਣ, ਮਹਾਂ ਵਡ ਲੋਕ ਦੀ
ਬੁੱਧ ਈਸਾ ਦੀ ਨਜ਼ਰ, ਜਿਨ੍ਹੂ ਨ ਘੋਖਦੀ।
ਰਹਿਮ ਹੈ ਜੇ ਇਕਲਾਪਾ, ਕੌਮ ਨ ਸਾਜਦਾ
ਫਿਰ ਜਗ-ਧਰਮ ਨਾ ਨੂਰ, ਸਮੇਂ ਦੇ ਤਾਜ ਦਾ।

"ਲਭ ਕੁਦਰਤ ਦਾ ਹਾਣ, ਪੌਣ ਤਦ ਗੂੰਜਦੀ
ਵਣ ਸਹਿਰਾ ਤਦ ਚੂਸ, ਕੂਕ ਹੋ ਕੂੰਜ ਦੀ।
ਧੁੱਲ੍ਹੇ ਪਕਦੇ ਤਾਮ, ਵਿਹੜੇ ਮਿੱਠੜੇ
ਰਣ ਭਖੇ ਹੋਏ ਦੂਰ, ਦਿਲਾਂ ਰਲ ਛਿੱਟੜੇ।
ਰੋਹੀਆਂ ਸ਼ਹਿਰ ਗਿਰਾਂ, ਵਲਵਲੇ ਹੁੱਲਦੇ
ਜੇਕਰ ਰਹਿਮ ਪਰੋਵੇ, ਬੋਲ ਹਰ ਮੁੱਲ ਦੇ।
ਕੁਲ ਤਬਕਾਂ ਦੀ ਧੜਕਣ, ਦਿਲੀਂ ਜਾਂ ਗੱਜਦੀ
ਮਜ਼੍ਹਬ-ਰਹਿਮ ਦੀ ਥਰਕਣ, ਕਣ ਕਣ ਵੱਜਦੀ।
ਤਦੋਂ ਹੀ ਰਹਿਮ ਨਿਜ਼ਾਮ, ਬਣਾਵੇ ਆਖ਼ਰੀ
ਕੌਮ-ਹਯਾ ਦੀ ਪਤ, ਸਜਾਵੇ ਆਖ਼ਰੀ।

"ਮੰਨ ਈਸਾ ਦਾ ਸੱਚ, ਅਨੀਲ ਤੇ ਸੁੱਚੜਾ
ਦਿਲ ਤੋਂ ਹੋਇਆ ਵੱਖ, ਦਲੀਲ ਤੋਂ ਉੱਚੜਾ।
ਬੁੱਧ ਦਾ ਤਰਸ ਅਪਾਰ, ਗ਼ਮਾਂ ਦੀ ਹਾਥ ਲੈ
ਛੱਲਾਂ ਭਰੀ ਹਯਾਤ, ਤੁਰੇ ਨ ਸਾਥ ਲੈ।
ਸਾਬਤ ਹੋਣ ਪੈਗ਼ਾਮ, ਤਦੋਂ ਦਿਲ ਪਾਲਦੇ;
ਪੱਤ ਨਾ ਸਕਣ ਨਿਖਾਰ, ਨਿੱਜ ਘਰ ਜਾਲਦੇ।
ਜੇ ਪੈਗ਼ਾਮ ਦੀ ਤਾਨ, ਸਮੇ ਸਿਰ ਜਾਗਦੀ
ਸੁਣੇ ਕਦੇ ਨਾ ਉੱਮਤ, ਲਅਨਤ ਦਾਗ਼ ਦੀ।"
ਬਸ ਜਦ ਰਿਸ਼ੀ ਦੀ ਹੂਕ, ਦਰਦ ਇਕ ਪੀਂਦੜੀ
ਹਾਰਾਂ ਮਿਹਨੇ ਦੇਣ, ਵਰੇਸ ਅਨੀਂਦੜੀ।

ਪਲ ਗ਼ਮਗੀਨ ਤੇ ਚੁੱਪ, ਬਾਜ਼ ਸੁਣ ਹੋਇਆ
ਤਕ ਰੂਹਾਂ ਬਰਬਾਦ, ਬੁੱਕਲੇ ਰੋਇਆ।
ਹਨ ਭੈ 'ਚ ਘੁੱਪ ਹਨੇਰ, ਭੇਦ ਨ ਗਾਰ ਦਾ
ਤਦੋਂ ਸ਼ਾਨ ਸਿਰ ਕਾਸਿਦ, ਗ਼ੈਬ ਲਿਸ਼ਕਾਰਦਾ।

ਉੱਡਦਾ ਧਾਕ ਮਸ਼ੀਰ, ਸਮਾਂ ਜਿਉਂ ਆਖ਼ਰੀ
ਪਰਾਂ ਥੱਲੇ ਤਕਦੀਰ, ਕਰੇਂਦੀ ਚਾਕਰੀ।
ਲਿਆ ਹੈ ਸਮਾਂ ਲਪੇਟ, ਬਾਜ਼ ਦੇ ਪੰਜਿਆਂ
ਲੋਇਣ ਦੇ ਤੇਜ ਅਜਰ, ਰਹੇ ਵਿਚ ਧੰਧਿਆਂ
ਤਾਰੇ ਹੋ ਗਏ ਤਾਜ, ਸੀਸ 'ਤੇ ਲਿਸ਼ਕਦੇ
ਗਲੇ ਕਹਿਕਸ਼ਾਂ ਪਾਉਣ, ਪੰਧ ਜੋ ਇਸ਼ਕ ਦੇ।
ਬਰਸ ਅਸੰਖ ਦੀ ਸੱਦ, ਰੈਣ ਚੋਂ ਭਾਲਦਾ
ਬਾਬਲ ਮਿਸਰ ਦੇ ਲਸ਼ਕਰ, ਬਾਜ਼ ਨਿਹਾਲਦਾ।
ਫ਼ਾਰਸ ਦੇਸ ਦਾ ਜੋਸ਼, ਵਕਤ ਵਿਚ ਗੂੰਜਦਾ
ਬਹੁੰ ਹਾਰਾਂ ਦਾ ਸੋਗ, ਦਰਦ ਜਿਉਂ ਕੂੰਜ ਦਾ!
ਬਦਲੇ ਦਾ ਰੋਹ-ਬੀਜ, ਜ਼ਮੀਰੀਂ ਮੌਲਦਾ
ਛੁਪ ਕੇ ਹਿੱਕ ਸਿਕੰਦਰ, ਕਹਿਰ 'ਚ ਖੌਲਦਾ।
ਬਣਦੀ ਜੰਗ ਵਿਸਮਾਦ, ਸਿਕੰਦਰ ਨਾਲ ਹੋ
ਬਦਲੇ ਦਾ ਪਰ ਜ਼ਹਿਰ, ਗਰਜਿਆ ਕਾਲ ਹੋ।
ਰੁੱਖ ਫ਼ਾਰਸ ਦੇ ਰੋਣ, ਮਾਰਦੇ ਹੂੰਗਰਾਂ
ਰੱਤ ਦਾਰਾ ਦੇ ਦਾਗ਼, ਧਸੇ ਕੋਹ ਡੂੰਗਰਾਂ।
ਵਿਚ ਗਾਰਾਂ ਸੀ ਬੰਦ, ਪੱਤ ਅਸਮਾਨ ਦੀ
ਰੁਲੇ ਪਾਤਸ਼ਾਹ ਇੰਜ! ਖ਼ਾਕ ਨ ਜਾਣਦੀ।

ਕਹੇ ਸੀ ਅਫ਼ਲਾਤੂਨ, ਸੁਖ਼ਨ ਕੁਝ ਬਲੀ ਨੂੰ
ਔਪਰ ਤੁਰੀ ਨਾ ਦੂਆ, ਅਗੋਚਰ ਗਲੀ ਨੂੰ।
ਅਫ਼ਲਾਤੂਨ ਅਚਿਹਨ, ਗਗਨ ਨੂੰ ਤੋਲਦਾ
ਹੁਸਨ ਅਦਲ ਸੱਚ ਦੂਰ! ਮੂਕ ਹੋ ਬੋਲਦਾ।
ਲਏ ਨ ਕੁਲ ਹਯਾਤ, ਸੰਗ ਉਹ ਨਦਰ ਦੇ
ਗਲੇ ਨਾ ਲੱਗੀ ਧਾਹ, ਅਨਾਹਤ ਫ਼ਜਰ ਦੇ।
ਖ਼ਿਆਲ ਮਹੀਨ 'ਚ ਡੁੱਬ, ਸਿਕੰਦਰ ਇਸ ਤਰਾਂ
ਜਾਂਦਾ ਹੋਇ ਅਰਦਾਸ, ਰਣਾਂ 'ਚ ਕਿਸ ਤਰਾਂ ?
ਬਣੇ ਨਾ ਸੱਚ ਮਹੀਨ, ਬੋਲ ਗ਼ਮਖ਼ਾਰ ਦੇ
ਵਿਚ ਅਰਦਾਸ ਨ ਹੋਣ, ਅਮਲ ਅਸਵਾਰ ਦੇ।
ਚੁਣ ਚੁਣ ਕਹੇ ਅਰਸਤੂ, ਜਗਤ ਦੇ ਰਾਜ਼ ਵੀ
ਸੁਣਦਾ ਕਾਸ਼ ਸਿਕੰਦਰ, ਸ਼ਬਦ ਦਾ ਨਾਦ ਵੀ।
ਸੜਨ ਸਮੇਂ ਦੇ ਪੈਰ, ਥੇਹ ਜੋ ਰਾਖ ਦੇ!
ਨਜ਼ਰ ਉਹ ਖੰਡਰ ਲੰਘ, ਵੇਖਦੀ ਕਾਫ਼ਲੇ।

ਕਾਲ ਦੇ ਵਿੰਗੇ ਰਾਹ, ਬਾਜ਼ ਹੈ ਛਾਣਦਾ
ਨਭ ਪਤਾਲ ਵਿਚ ਸੱਦ, ਹੈ ਪਿਰ ਦੀ ਜਾਣਦਾ।
ਤੱਕੇ ਅੰਤ ਬੇਅੰਤ, ਅਗੋਚਰ ਲੀਕ ਨੂੰ
ਰੋਮਨ ਰਾਜ ਦੇ ਪਾਪ! ਸੁਣੇ ਕੋ ਚੀਕ ਨੂੰ।
ਬਹਿ ਵਿਚ ਰੋਮ ਦੇ ਰਾਜ, ਨਿਆਰੇ ਚਿੰਤਕਾਂ
ਤਰਕ ਦੀ ਕੋ ਸ਼ਤਰੰਜ, ਵਿਛਾਈ ਮਨਤਕਾਂ।
ਬਣ ਗਏ ਹੰਡ ਹੰਕਾਰ, ਸਮੇ ਦੀ ਚੇਤਨਾ
ਕਾਲ-ਪਾਪ ਚੋਂ ਲੱਭਣ, ਪਿਰ ਦੇ ਭੇਤ ਨਾ।

ਉਂਜ ਤਾਂ ਹੈਨੀਬਾਲ 'ਚ, ਅੱਗ ਬੇਅੰਤ ਸੀ
ਬਿਨਾਂ ਨਾ ਅੱਲਾ-ਬਾਣ, ਰਣਾਂ ਦਾ ਕੰਤ ਸੀ।
ਉਸ ਤਹਿਜ਼ੀਬ ਦੇ ਥਲ ਵਿਚ, ਕਿਤੇ ਨ ਸੰਤ ਸੀ
ਰੋਮ ਦੇ ਰੋਗ ਅਸਾਧ, ਦਿਸੇ ਨ ਅੰਤ ਸੀ।
ਬਾਜ਼ ਨੂੰ ਝਲਕਾਂ ਪੈਣ, ਸਿਤਾਰੇ ਰੱਬ ਦੇ!
ਰੋਮ ਦੇ ਲੰਮੇ ਰਾਹ, ਕਿਸੇ ਪਲ ਢੱਬਦੇ।
ਸਦੀਆਂ ਉੱਡਣ ਦੂਰ, ਦਿਸਣ ਅਲੰਬੜੇ
ਅਜੇ ਵੀ ਖਿੜਦੇ ਫੁੱਲ, ਅਗਨ-ਪਥ ਲੰਮੜੇ।

ਮੂਸਾ ਚੀਰੇ ਸਾਗਰ, ਸਮੇ ਵੀ ਹੌਂਬਦੇ
ਪੁਸ਼ਤਾਂ ਤੁਰ ਤੁਰ ਜਾਵਣ, ਰਾਜ ਨੇ ਕੰਬਦੇ।
ਮਨਾਂ 'ਚ ਰਹਿੰਦੀ ਪੀੜ, ਕੌਮਾਂ ਭੁਲਦੀਆਂ
ਥਲਾਂ 'ਚ ਵਿਧਵਾ ਵਾਂਗਰ, ਪੌਣਾਂ ਰੁਲਦੀਆਂ।
ਦਸ ਦੇਵਣ ਪਰ ਧਰੂ ਨੂੰ, ਵੇਦਣਾ ਆਖ਼ਰੀ
ਮੂਸਾ ਦੀ ਨਾ ਭੁੱਲਣ, ਕਾਰਵਾਂ ਚਾਕਰੀ।
ਮੂਸਾ ਦੀ ਵਿਚ ਵੇਦਨ, ਦਿਲਾਂ ਦੇ ਨੂਰ ਨੇ
ਸੜ ਬਲ ਢੱਠੇ ਪਰਬਤ, ਮਿਟੇ ਨ ਤੂਰ ਨੇ।
ਖ਼ਾਕ ਹੋਈ ਅਰਦਾਸ, ਕੌਮ ਜਦ ਵਿਲਕਦੀ
ਥਲਾਂ ਦੇ ਹੇਠੋਂ ਜਾਗ, ਕਹਿਕਸ਼ਾਂ ਚਿਲਕਦੀ।

ਜਦੋਂ ਅਯੂਬ ਦੇ ਵੈਣ, ਥਲਾਂ ਵਿਚ ਘੁੰਮਦੇ
ਚੁੱਕ ਅਸਮਾਨ ਅਸੀਸ, ਰੈਣ ਨੂੰ ਚੁੰਮਦੇ।
ਕਦੇ ਅਸੀਰੀ ਕੈਦ 'ਚ, ਸਬਰ ਦੇ ਮੋਨ ਨੂੰ
ਹੌਕੇ ਵਕਤ ਨੂੰ ਚੀਰ, ਜਗਾਵਣ ਰੋਮ ਨੂੰ।

ਪਰ ਮੂਸਾ ਦੀ ਉੱਮਤ, ਰਸਮ-ਜ਼ੰਜੀਰ ਨੂੰ
ਵਲਦੀ ਤਨ ਅਰਦਾਸ, ਦੀਨ ਬੇਪੀਰ ਨੂੰ।
ਲੰਮੇ ਸਫ਼ਰ ਦੇ ਬੁੱਤ, ਜ਼ਮੀਰ 'ਚ ਲਾਉਂਦੀ
ਵੇਦਨ-ਵੇਸ ਨੂੰ ਆਖ਼ਰ, ਹੈ ਪਥਰਾਉਂਦੀ।
ਕਰੇ ਸੀ ਵਹਿਸ਼ੀ ਵਾਰ, ਸਮੇ ਦੇ ਅਸਦ ਨੇ
ਡੰਗੀ ਮੂਸਾ-ਉੱਮਤ, ਰੋਮ ਦੇ ਹਸਦ ਨੇ।

ਬਾਜ਼ ਆਗਾਸ ਪਤਾਲ, ਨਜ਼ਰ ਵਿਚ ਪਾਂਵਦਾ
ਮੁਣਸ ਦੇ ਵਿਚ ਬਿਬੇਕ, ਸਮੇ ਰੁਸ਼ਨਾਂਵਦਾ।
ਸੌਦਰੂ ਝਿਮ ਝਿਮ। ਸੋਅ, ਅਨਾਹਦ ਉੱਠਦੀ
ਮਜ਼੍ਹਬ ਦੇ ਦਗ਼ੇ ਫ਼ਰੇਬ, ਜਗਾ ਕੇ ਕੁੱਠਦੀ:
"ਗੰਧਲੀ ਚੇਤਨਾ ਹੋ, ਧਰਤ 'ਤੇ ਡਿੱਗਦੀ
ਤਾਰਿਆਂ ਵਿਚ ਨਾ ਛੋਹ, ਲਹੂ ਦੇ ਨਿੱਘ ਦੀ।

"ਰੁੱਖ ਹੋਏ ਬੇਜ਼ਾਰ, ਹਵਾ ਬੇਦੀਨ ਹੈ
ਕਿਤੇ ਜੋ ਸੱਚ-ਲਕੀਰ, ਅਦਿੱਸ ਮਹੀਨ ਹੈ।

"ਮਜ਼੍ਹਬਾਂ ਸੰਦੇ ਮਾਰਗ, ਧੂੜਾਂ ਢਕਦੀਆਂ
ਘਾਇਲ ਹੰਸ ਰੁਲ ਜਾਣ, ਕੂਕਾਂ ਥਕਦੀਆਂ।

"ਜਲ ਥਲ ਹੋਏ ਗ਼ਰੀਬ, ਗਏ ਅਸਵਾਰ ਨੇ
ਵਿਸਰਗੀ ਦਾਰ ਸ਼ਹੀਦ, ਸਮੇ ਬੇਜ਼ਾਰ ਨੇ।

"ਪਾਪ ਦੇ ਬੂਹੇ ਖੋਲ, ਜਬਰ ਕੁਝ ਮੰਗਦੇ
ਵਿਸ ਦੇ ਛੁਪੇ ਸੈਲਾਬ, ਧਰਮ ਨੂੰ ਡੰਗਦੇ।

"ਵਿਚ ਨ ਰਹੀ ਅਸੀਸ, ਕੁਦਰਤ-ਪਾਣੀਆਂ
ਅੱਖੀਂ ਵਸਣ ਕਲੰਕ, ਪਾਪ-ਲੁਭਾਣੀਆਂ।"

"ਸੁਣੀਂ ਆਵਾਜ਼ ਪੁਨੀਤ!" ਬਾਜ਼ ਫਿਰ ਕੂਇਆ
"ਪਾ ਧਰਮਾਂ ਸੰਗ ਮੋਹ, ਜਗਤ ਕਿਉਂ ਲੂਹਿਆ?

"ਜਬਲ ਨਦੀ ਨਭ ਤੱਕਾਂ, ਖ਼ੂਨ ਮਚੀਨ ਦੇ
ਦਰਦ ਜੁ ਸਿਖਰ ਕੈਲਾਸ਼, ਕੂੰਜ ਹੁਸੀਨ ਦੇ।"

ਸੌਦਰੂ ਪਾਕ ਆਵਾਜ਼, ਫੈਲ ਗੀ ਕੁਦਰਤੀਂ
ਉੱਡ ਆਗਾਸ ਪਤਾਲ, ਲਹਿਰ ਗੀ ਕੁਦਰਤੀਂ:

"ਰੱਬੀ ਹੁਕਮ ਜਾਂ ਛੱਡ, ਕੌਮਾਂ ਚੜ੍ਹਦੀਆਂ
ਦੀਨ ਦੀ ਕੱਚੀ ਤੰਦ, ਰਣਾਂ 'ਚ ਫੜਦੀਆਂ।
ਤੰਦ ਨਾਜ਼ਕ ਪਿਰ ਬਾਝ, ਹਨੇਰੀ ਕੁੱਠਦੀ
ਖਾਰ ਅਸੰਖ ਚੋਂ ਲੰਘ, ਉਲਝ ਕੇ ਟੁੱਟਦੀ।

"ਹੁਕਮ ਦੇ ਦਰ ਤੇ ਮਜ਼੍ਹਬ, ਜਦੋਂ ਘਟ ਤੋਲਦੇ
ਅਦਲ ਦੀ ਰਾਖ 'ਚ ਨਾਗ, ਗਾਰ ਕੇ ਟੋਲਦੇ!

"ਗੁਰ ਬਿਨ ਜੀਂਦੇ ਬੀਰ, ਜਦੋਂ ਰਣ ਖ਼ਾਸ ਦੇ
ਬੇ-ਲਗਾਮ ਸਭ ਯੁੱਧ, ਹੋਣ ਇਤਿਹਾਸ ਦੇ।

"ਰੂਹ ਦੇ ਰੰਗ ਮਲੀਨ, ਹੜ੍ਹਾਂ ਦੇ ਕਹਿਰ ਵੇ।
ਕੁਦਰਤ ਵਿਚ ਹਲਾਹਲ, ਬਾਂਝ ਨੇ ਦਹਿਰ ਵੇ।

"ਮਨ ਜਦ ਹੋਣ ਬੇਤਾਲ, ਔਣ ਹੜ੍ਹ ਯੁਗ ਦੇ
ਵਿਚ ਤਾਰੀਖ਼ਾਂ ਝੂਠ, ਹਜ਼ਾਰਾਂ ਪੁੱਗਦੇ।

"ਉਂਜ ਤਾਂ ਕਲਾ ਅਨੂਪਮ, ਦਰਦ ਵੰਡਾਉਂਦੀ
ਰੂਹ-ਕੁਦਰਤ ਬੇਚੈਨ, ਨਕਸ਼ ਪਰ ਢਾਹੁੰਦੀ।

"ਚੀਨ ਮਚੀਨ ਲਿਆਉਣ, ਪਤਾਲ ਸੁਗੰਧ ਦੇ
ਮੌਤ-ਰਸਮ ਦੇ ਭੈ ਪਰ, ਕੁਦਰਤਾਂ ਡੰਗਦੇ।

"ਮੂਸਾ-ਸੁਖ਼ਨ ਤਾਂ ਹੋਣ, ਮੁਲੰਮੇ ਸਿਹਰ ਦੇ
ਕੌਮਾਂ ਵਲ ਨ ਉੱਠਣ, ਹੱਥ ਜਾਂ ਮਿਹਰ ਦੇ।

"ਕੌਮ ਦੀ ਇਕ ਦੁਆ 'ਚ, ਜੀਣ ਤੇ ਥੀਣ ਨੇ
ਜ਼ਮਜ਼ਮ ਛੱਲਾਂ ਜਿਸ ਵਿਚ, ਰੂਹ ਦਾ ਦੀਨ ਨੇ।

"ਰਣ ਵਿਚ ਰਹੇ ਨਾ ਸੋਜ਼, ਬਿਲਾਲੀ ਬਾਂਗ ਦੇ
ਥਲ ਨੂੰ ਯਾਦ ਨ ਜ਼ੋਰ, ਸ਼ੁਤਰ ਦੀ ਕਾਂਗ ਦੇ।

"ਹਿੰਦ ਅਰਬ ਤੂਰਾਨ 'ਚ, ਧਰਮ ਨੇ ਡੋਲਦੇ
ਹਉਂ ਢੀਠ ਦੀ ਅੱਗ ਚੋਂ, ਹਸਦ ਨੇ ਫੋਲਦੇ।

"ਧਰਤ ਗਗਨ ਸਿੰਧ ਸਾੜ, ਦਲੇਰ ਭਬੂਕੜੇ
ਸਗਲ ਕਾਲ ਕਰ ਘਾਇਲ, ਚੀਰ ਹੜ੍ਹ ਸੂਕਰੇ।

"ਚਿਰਾਂ ਦੇ ਰੱਬੀ ਜਾਪ, ਸਿਹਰ-ਵਸ ਊਂਘਦੇ
ਨੂਹ ਵੇਲੇ ਦੇ ਪਾਪ, ਹੜ੍ਹਾਂ ਵਿਚ ਗੂੰਜਦੇ।

"ਸੁਣੇ ਨਾ ਮੰਨੇ ਸੱਚ, ਡੁੱਬ ਜਦ ਜਾਂਵਦੇ
ਨਹੀਂ ਸਾਬਤ ਅਸਮਾਨ, ਨਿਗ੍ਹਾ ਵਿਚ ਆਂਵਦੇ।

"ਰਣਾਂ 'ਚ ਚੁੱਪ ਜਾਂ ਜਾਪ, ਹਿਸੇ ਲੋ ਤੇਗ ਦੀ!
ਤਲਖ ਤੇ ਫਿੱਕੀ ਪੌਣ, ਵਕਤ ਦੇ ਵੇਗ ਦੀ।

"ਕੋਹ ਕੌਮਾਂ ਕਲ ਸੰਤ, ਸੁਨਣ ਅੱਜ ਵੈਣ ਨੂੰ
ਛੁਪ ਕੇ ਪੀਵਣ ਸਾਹ, ਸਰਾਲਾਂ ਰੈਣ ਨੂੰ।

"ਸੰਝ ਤੇ ਰੈਣ ਸਵੇਰ, ਅਮਲ ਦੀ ਜੋਤ ਹੋ
ਦੀਨ ਤਕ ਨਾ ਪੁੱਜਣ, ਨੀਂਦ ਜਿਉਂ ਹੋਤ ਹੋ।

"ਮਿਟ ਗਏ ਦੀਨ-ਨਿਸ਼ਾਨ, ਸਦੀਆਂ ਦੂਰ ਨੇ
ਵਾਟ ਮਿਲੇ ਨਾ ਸਾਬਤ, ਘੋੜ ਬੇਨੂਰ ਨੇ।

"ਸੁਣ ਸੁਣ ਕਾਰਵਾਂ ਰੋਣ, ਗਾਰਾਂ ਸੁੰਨੀਆਂ
ਚਹੁੰ ਪਾਸੇ ਪਰਦੇਸ, ਫ਼ਜਰਾਂ ਰੁੰਨੀਆਂ।

"ਦੀਨ ਅਦਲ ਸਭ ਚੁੱਪ, ਰਾਤਾਂ ਡੂੰਘੀਆਂ
ਸੜਦੇ ਅਮਲ ਦੇ ਖੰਭ, ਕਹਿਕਸ਼ਾਂ ਗੂੰਗੀਆਂ।

"ਧਰਮ ਰੱਬ ਦੇ ਸਾਬਤ, ਅਦਲ ਨੇ ਢੂੰਡਦੇ
ਇਹੀਓ ਸਿਖਰ ਕੈਲਾਸ਼, ਦਰਦ ਨੇ ਕੂੰਜ ਦੇ।

"ਡੂੰਘੜੇ ਥਲ ਫ਼ਰਿਆਦ, ਨੀਂਦ ਨੂੰ ਤਾਣਕੇ
ਕਰ ਜ਼ਮਜ਼ਮ ਦੇ ਕੌਲ, ਲੇਟਦੀ ਆਣ ਕੇ।

"ਕੌਮਾਂ ਜਦੋਂ ਪਛਾਨਣ, ਕੂਲਾਂ ਵਗਦੀਆਂ
ਰੁਲ ਜਾਣ ਤਾਂ ਰੋਵਣ, ਕੂੰਜਾਂ ਲਗਦੀਆਂ।

"ਅਜਬ ਹੀ ਤਾਰੇ ਜੋੜ, ਅਮਲ-ਲੋ ਉਤਰਦੀ
ਦੂਰ ਧਰਮ ਦੀ ਮੰਜ਼ਿਲ, ਕੌਮ ਦੇ ਸੂਤਰ ਦੀ।

"ਕਿਤੇ ਰਬਾਬ ਦਾ ਨਾਦ, ਰਹਿਮ ਦੀ ਜਾਨ ਹੈ
ਸਚ ਦਾ ਮਹਾਂ ਨਿਜ਼ਾਮ, ਸੁਣੇਂਦੀ ਤਾਨ ਹੈ।

"ਵਾਟ ਅਸੰਖ ਵੀਰਾਨ, ਕਿਤੇ ਨ ਮੁੱਕਦੀ
ਨੈਂ ਅਸੀਸ ਛੁਹ ਨਾਨਕ, ਕਦੇ ਨ ਸੁੱਕਦੀ।"

(ਇਤਿ ਸਰਗ ਪਹਿਲਾ)

ਸੰਰਗ ਦੂਜਾ

ਆਗਾਸਾ ਆਗਾਸ ਦੀ ਅਰਦਾਸ

1

ਛੁਪ ਉਦਕਰਖ ਆਦਿ ਵਿਚ ਦੁਆਵਾਂ
ਸਮੇ ਦੇ ਸਫ਼ਰ ਸ਼ਿੰਗਾਰੇ
ਚੀਰ ਅਗਾਧ ਚੁਪ ਦਾ ਸੀਨਾ
ਗਰਜਿ ਖਿੰਡੇ ਲਿਸ਼ਕਾਰੇ।

ਆਦਿ ਫ਼ਜਰ ਆਦਿ ਧ੍ਰੂਵ ਤਾਰਾ,
ਆਦਿ ਕਹਿਕਸ਼ਾਂ ਉਹਲੇ
ਸਭ ਪੈਗਾਮ ਤੇ ਕੌਲ ਖ਼ੁਦਾ ਦੇ
ਚਮਕ ਛਿਪੇ ਨਾ ਬੋਲੇ।

ਦੂਰ ਅਸੰਖ ਯੋਜਨਾਂ ਉੱਤੇ
ਹੁਕਮ ਖ਼ੁਦਾਈ ਗਰਜੇ
ਪਰ ਨ ਨਾਦ, ਛੁਹ ਕੋਈ ਉਸਦੀ
ਰੌਣ ਦਿਹੁ ਤਕ ਲਰਜ਼ੇ।

ਪਿੱਛੋ ਨੂਰ ਦੀਆਂ ਪਰਵਾਜ਼ਾਂ
ਛਹਿ ਬੈਠੇ ਪੈਗੰਬਰ,
ਹੁਸਨ ਦੇ ਨਾਮ ਬਿਨ ਰਹੇ ਸੁੰਨੇ
ਕੋਟ ਬਰਸ ਤਕ ਅੰਬਰ।

ਝਿਮ ਝਿਮ ਕਰਦੇ ਥੱਕ ਕੇ ਢੱਠੇ
ਰਾਜ਼ ਰਾਜ਼ ਦੇ ਉੱਤੇ
ਤਿਨ੍ਹਾਂ 'ਤੇ ਥਲ ਨਭਾਂ ਦੇ ਖ਼ਾਲੀ
ਢਹਿ ਕਲਪਾਂ ਤਕ ਸੁੱਤੇ।

ਰਵੀ-ਨਿਗਲਦੇ ਰਾਹਾਂ ਸੀਨੇ
ਕੈਸਾ ਹੁਕਮ ਛੁਪਾਇਆ ?
ਕਿਉਂ ਵੀਰਾਨੀ ਕਲਪਾਂ ਦੀ ਵਿਚ
ਪਹਿਰੇਦਾਰ ਬਹਾਇਆ।

ਨੂਰ ਅਸੀਮ, ਅਗਾਸ ਅਨੇਕਾਂ
ਵਕਤ ਰੁਲੇ ਹੋ ਝੱਲਾ।
ਨਾ ਪੈਗ਼ਾਮ ਚਿਰਾਂ ਤੋਂ ਰੱਬੀ,
ਪਹਿਰੇਦਾਰ ਇਕੱਲਾ।

ਆਗਾਸਾਂ ਦੀ ਸੱਦ ਮੂਕ ਵਿਚ
ਗਾਰ ਚਿਰਾਂ ਤੋਂ ਕੋਈ
ਬੈਠੀ ਸੁੱਕੇ ਨੀਰਾਂ ਓਹਲੇ
ਵਣ ਦੀ ਸਿੱਕ ਲੁਕੋਈ।

ਫਿਰ ਭੁੱਲੀਆਂ ਰੱਬੀ ਦਾਮਨ
ਵਿਚ ਉਦਕਰਖ ਉਡਾਣਾਂ
ਭਖਦੀ ਮੂਕ ਅੱਚਵੀ ਵਿੰਨ੍ਹੇ
ਝਿਮ ਝਿਮਾਉਂਦੀਆਂ ਜਾਨਾਂ।

ਬਿਨ ਪੈਗ਼ਾਮ, ਬਿਨਾਂ ਕੋ ਮੰਜ਼ਿਲ,
ਕੁਝ ਰੂਹਾਂ ਬਿਨ ਚਾਨਣ
ਰੁਲ ਰੁਲ ਭਟਕ ਭਟਕ ਕੇ ਆਖ਼ਿਰ
ਪਹਿਰੇਦਾਰ ਪਛਾਨਣ।

ਨਾ ਯਤੀਮ ਤੇ ਨਾ ਅਸਮਾਨੀ
ਜੋ ਭਟਕਣ ਵਿਚ ਰੂਹਾਂ
ਨਹੀਂ ਦਰਦ ਕਾਫ਼ਲੇ ਜਿੱਥੇ
ਕੰਬ ਵੇਖਣ ਓਹ ਜੂਹਾਂ।

ਰੂਹ ਰਕਾਨ ਇਕ ਆ ਸਾਮ੍ਹਣੇ,
ਪਹਿਰੇਦਾਰ ਨੂੰ ਪੁੱਛੇ :
"ਝਿਲਮਿਲ ਅਨਿਕ ਕਹਿਕਸ਼ਾਂ ਦੀ ਵਿਚ
ਜਾਨ ਪਈ ਕਿਉਂ ਲੁੱਛੇ ?

"ਕੀ ਤੂੰ ਰੁਲੇਂ ਕਦੀਮੀ ਆਦਮ,
ਮਹਾਂ ਸੁੰਨ ਦਾ ਪੱਥਰ ?
ਤੈਂਡੇ ਤਨ ਮਨ ਕਦੇ ਨ ਛੋਹੀ
ਕਿਸੇ ਮਾਂ ਦੀ ਅੱਥਰ ?"

ਜਾਨ ਇਲਾਹੀ ਤਾਰਿਆਂ ਵਿਚੋਂ
ਰੂਹ ਰਕਾਨ ਨੂੰ ਆਖੇ :
"ਸੱਚੇ ਹੁਕਮ ਦੱਸਿਆ ਮੈਨੂੰ :
ਮਿਰੇ ਗਵਾਹ ਹੀ ਰਾਖੇ।

"ਮੈਂ ਉਦਕਰਖ ਦੇ ਪਿੱਛੋਂ ਭੈਣੇ
ਲਹਿ ਪਰਲੋ ਦੇ ਸੀਨੇ,
ਵਿਸ਼ਵ-ਉਡੀਕ ਬਾਲਕੇ ਬੈਠਾ
ਆਦਿ ਜੁਗਾਦਿ ਮਹੀਨੇ।

"ਪਹਿਰੇਦਾਰ ਗਵਾਹ ਥਾਪਿਆ
ਮੈਨੂੰ ਹੁਕਮ ਇਲਾਹੀ,
ਬ੍ਰਹਿਮੰਡਾਂ ਦੀ ਨੀਂਦ 'ਚ ਤੁਰਦੇ
ਖ਼ਾਬ ਮਿਰੇ ਬਣ ਰਾਹੀ।

"ਪਹਿਰੇਦਾਰ ਮੈਂ ਯੁਗ ਯੁਗ ਬਲਸਾਂ
ਨਾਲ ਉਡੀਕ ਪੁਰਾਣੀ,
ਜਦ ਤਕ ਵਿਸ਼ਵ-ਨਜ਼ਰ ਨ ਬਣਸਨ
ਵਿਸ਼ਵ-ਉਡਾਣ ਦੇ ਹਾਣੀ।

"ਨਾ ਆਦਮ ਨਾ ਸੁੰਨ-ਨਕਸ਼ ਮੈਂ
ਦਾਤ ਮਿਲੇ ਤਾਂ ਜੀਵਾਂ
ਮੈਂ ਪੈਗਾਮ ਤੋਂ ਬਿਨਾਂ ਨਹੀਂ ਹਾਂ
ਲੰਘ ਰਾਜ਼ ਸਭ ਥੀਵਾਂ।

"ਰੱਬ ਜੇਡ ਦਾਤ ਇਕ ਲੱਭਦਾ
ਮੈਂ ਵਿਚ ਫਿਰਾਂ ਸ਼ਹੀਦਾਂ,
ਪਿਰ ਦੇ ਬੋਲ ਸਮਾਂ ਨ ਭੁੱਲੇ
ਜੀਆਂ ਤ ਸੰਗ ਮੁਰੀਦਾਂ।

"ਨਜ਼ਰ ਨ ਮਿਟੇ ਸਾਂਭਦੀ ਜਿਹੜੀ
ਹੁਸਨ ਦਾ ਅਸਲ ਟਿਕਾਣਾ,
ਨਭ ਜੋ ਪਹਿਨਣ ਪਾਟ ਨ ਜਾਵੇ
ਸੂਰ ਅਸੰਖ ਦਾ ਬਾਣਾ।

"ਮਰਕਜ਼ ਜਦੋਂ ਤੀਕ ਨਾ ਆਵੇ
ਬਲਣਾ ਮੇਰੇ ਸਾਹਾਂ,
ਤਦ ਤਕ ਸੋ ਦਰੁ ਸਾਹਵੇਂ ਸੀਵਾਂ
ਪੱਤਹੀਣ ਸਭ ਰਾਹਾਂ।"

ਸਾਂਭ ਅਕਾਸ਼ ਪਤਾਲਾਂ ਵਿਚੋਂ
ਰੁਲੇ ਖਿੰਡੇ ਸਭ ਲੇਖੇ,
ਪਹਿਰੇਦਾਰ ਗਵਾਹ ਪਹਿਲੇ ਨੂੰ
ਦਰਦ-ਭਰੀ ਫਿਰ ਵੇਖੇ।

ਬੇਚੈਨ ਸਖੀਆਂ ਦੇ ਭਾਵੇ
ਦਰਦ ਦਿਲੇ 'ਤੇ ਲਾਕੇ
ਰੂਹ ਰਕਾਨ ਨੇ ਸੁਖ਼ਨ ਕਰੇ ਕੁਝ
ਸਜਦੇ ਵਿਚ ਲੁਕਾ ਕੇ :

"ਨੂਰ ਅਨੰਤ ਵਿਛੇ ਪਰ ਡਿਗਦੇ
ਜਬਲ ਖਲਾ ਦੇ ਭਾਰੀ,
ਅੰਬਰ ਅਜਬ ਪੁਸ਼ਾਕਾਂ ਪਹਿਨਣ,
ਪਾਟ ਜਾਣ ਹਰ ਵਾਰੀ।

"ਬੇਮਤਲਬ ਰਾਹਾਂ ਨੂੰ ਫੜਦੇ
ਨੂਰ ਅਗੰਮੀ ਆਪੇ,
ਹੁਸਨ ਦੇ ਨਕਸ਼ ਦਿਸੇ ਨ ਐਵੇਂ
ਕੋਟ ਬਰਸ ਤਕ ਝਾਕੇ।

"ਤਲਖ਼ੀ ਨੂਰ-ਹੜ੍ਹਾਂ ਦੀ ਡੰਗੇ
ਅਲਿਲ ਦੀਆਂ ਪਰਵਾਜ਼ਾਂ,
ਕਢਦੀ ਬੇਰੁਖ਼ੀ ਦੀਆਂ ਲੱਖਾਂ
ਬਿਖ ਦੀ ਜੀਭ ਅਵਾਜ਼ਾਂ।

"ਚਮਕ ਪਦਾਰਥ ਕੌਣ ਦੀ ਵਿੰਨ੍ਹੇ
ਛਾਂ ਹੁਮਾ ਦੀ ਨਿਆਰੀ,
ਭੈ ਬੇਰਹਿਮ ਸਰਾਪਾਂ ਵਰਗੇ
ਰਾਖ ਕੇਰਦੇ ਗਾੜ੍ਹੀ।

"ਕਿਹੜੇ ਵਕਤ ਤੋਂ ਪਹਿਰਾ ਦੇਵੇਂ,
ਬਹਿ ਵਿਸਮਾਦ ਦੇ ਬੇਲੇ?
ਜੋਬਨ ਕਵਨੰ? ਗਵਾਹ ਤੂੰ ਕਿਸਦਾ,
ਕਦ ਉਹ ਲਗਸਨ ਮੇਲੇ।

"ਜੜ੍ਹ ਵੀਰਾਨ ਫ਼ਿਜ਼ਾ ਇਹ ਆਖ਼ਰ
ਅਰਥ ਨਵੇਂ ਕਿਉਂ ਧਾਰੇ?
ਕਿਸ ਉਡੀਕ ਦੀ ਸਿਖਰ 'ਤੇ ਤੇਰੇ
ਚਮਕ ਰਹੇ ਨੇ ਤਾਰੇ?"

ਤਦੋਂ ਹਕੀਕੀ ਰਹਿਮ ਦੇ ਮਹਿਰਮ,
ਨਿਹਕਲੰਕ ਵਿਚ ਸਮਿਆਂ,
ਕਿਹਾ: "ਰਾਜ਼ ਉਹ ਦੱਸਾਂ ਜਿਸ ਵਿਚ
ਹੁਕਮ ਇਲਾਹੀ ਰਮਿਆਂ।

"ਸੂਰਜ ਚੜ੍ਹਿਆਂ ਅਸਲ ਨੂਰ ਦੇ
ਨਹੀਂ ਮਿਟਦੇ ਤਰਸੇਵੇਂ,
ਅਸਲ ਨੂਰ ਬਿਨ ਚੰਨ ਹਜ਼ਾਰਾਂ
ਰੋਗਾਂ-ਭਰੇ ਅਕੇਵੇਂ।

"ਨਜ਼ਰ ਮੁਰੀਦ ਬਿਨਾਂ ਜੋ ਸੂਰਜ
ਚੜ੍ਹ ਚੜ੍ਹ ਸਿਖਰਾਂ ਵੇਖੇ
ਬਿਨ ਮਾਹੀ ਦੇ ਖ਼ਾਬ ਰਹੇਗਾ
ਕੁਫ਼ਰ ਕਰੇਗਾ ਲੇਖੇ।

"ਜੇ ਅਗ-ਬੀਜ ਕਿਰੇ ਨ ਅਜ਼ਲੀ
ਪਾਕ ਰਮਜ਼ ਸਿਰ ਚਾ ਕੇ,
ਦਬਣ ਗੇ ਜੁਗਾਂ ਦੇ ਸੂਰਜ-ਮੰਡਲ
ਮਹਾਂ ਰਾਖ ਵਿਚ ਜਾ ਕੇ।

"ਮੈਂ ਉਹ ਨਜ਼ਰ ਉਡੀਕਾਂ, ਸਾਂਭਾਂ,
ਖਿੜੇ ਹੁਕਮ ਚੋਂ ਆਪੇ,
ਕੋਹ ਕੋਟਾਂ ਦੇ ਸਫ਼ਰ ਮੁਕਾ ਕੇ,
ਮਾਂ ਧਰਤੀ ਨੂੰ ਥਾਪੇ।

"ਜਿਹੜੀ ਸਿੰਧ ਪਰਬਤਾਂ ਸੀਨੇ
ਸਮੇ ਦੀ ਰਮਜ਼ ਡੁਬੋਈ,
ਛਿਪਦੇ ਸੂਰਜ ਦੇ ਰੰਗਾਂ ਜਿਉਂ
ਹੁਕਮ ਦੇ ਨਾਲ ਖਲੋਈ।

"ਰਹੇ ਮੁਰੀਦ-ਨਜ਼ਰ ਜਿਸ ਧਰੂ ਤੇ
ਧਰਮਸਾਲ ਉਸ ਹੋਣਾ,
ਹੁਸਨ-ਨਕਸ਼ ਨੇ ਗੁਰੂ-ਤੜਪ ਹੋ
ਨਭ ਨਭ ਤਾਈਂ ਪ੍ਰੋਣਾ।

"ਮੈਂ ਉਸ ਨਜ਼ਰ ਦਾ ਤਾਲਿਬ ਜਿਹੜੀ
ਰਹਿ ਵਿਚ ਧਰਮ ਅਸੰਖਾਂ,
ਰਹਿਮ ਅੰਤ ਦੇ ਨਾਲ ਮੁਸਾਫ਼ਿਰ
ਨਾਲ ਗਗਨ ਬੇਅੰਤਾਂ।

"ਪੈਰ ਬੇਤਾਲ ਵਿਸ਼ਵ ਦੇ ਜਾਪਨ
ਰਾਖ ਉਡੇ ਸੰਗ ਨੂਰਾਂ,
ਕਿਸੇ ਸਫ਼ਰ ਵਿਚ ਕਿਸੇ ਮਾਂ ਦੇ
ਬੋਲ ਸੁਣੇ ਨਾ ਬੂਰਾਂ।

"ਇਸ ਲਈ ਮੈਂ ਕੰਬਾਂ ਤੇ ਦਹਿਲਾਂ
ਸੰਗ ਬਖ਼ਸ਼ਿਸ਼ ਦੇ ਰਾਜ਼ਾਂ,
ਵਿਚ ਅੰਬਰਾਂ ਖੁਰ ਨਾ ਜਾਵਣ
ਹੁਮਾ ਦੀਆਂ ਪਰਵਾਜ਼ਾਂ।

"ਧਰਤੀ ਧਰਮਸਾਲ ਦੇ ਖੁੱਲ੍ਹਣ
ਬ੍ਰਹਿਮੰਡਾਂ ਵਲ ਬੂਹੇ,
ਕੂੰਜਾਂ ਵਾਂਗ ਉਡਣ ਅਰਦਾਸਾਂ
ਮਾਂ-ਦਿਲ ਜਾਣ ਨ ਲੂਹੇ!"

2

ਕਾਲੇ ਝੱਖੜ ਕਹਿਰ 'ਚ ਉੱਠੇ
ਦੌੜ ਰਹੇ ਵਿਚ ਕਲਪਾਂ,
ਧੁੰਧੂਕਾਰ ਚੋਂ ਕੱਢਣ ਲਾਟਾਂ
ਰੋਹ ਉਗਲਕੇ ਪਲਕਾਂ।

ਧੁਰ ਦੇ ਨੂਰ ਉਬਲ ਜਦ ਸੁੱਤੇ
ਚੋਭਣ ਡੰਗ ਉਡੀਕਾਂ,
ਹੜ੍ਹਾਂ-ਘਿਰੇ ਇਸ ਖੰਡਰ 'ਤੇ ਵੀ
ਪੈੜ ਬਣਾਵਣ ਲੀਕਾਂ!

ਮੱਥ ਜੁਵਾਰ ਭਾਟਿਆਂ ਜੁਆਲਾ
ਸਿਖਰ ਨੀਂਦ 'ਤੇ ਪਹਿਰੇ,
ਦੂਰ ਇਲਾਹੀ ਧੁੱਪ ਤੋਂ ਆਏ
ਕੁਝ ਮਹਿਮਾਨ ਨੇ ਠਹਿਰੇ।

ਝੱਖੜ, ਅੱਗ, ਧੁੰਧ ਦੇ ਉਹਲੇ
ਸੋਚਾਂ ਵਿਚ ਤਾਰੀਖ਼ਾਂ,
ਪਾਗਲ ਤੱਤਾਂ ਦੇ ਖ਼ੂਹੇ ਕਿਉਂ
ਪਾਕ ਹਸਰਤਾਂ ਚੀਕਾਂ?

ਘੌਲ ਰਹੇ ਤੱਤਾਂ ਦੇ ਮਸਤਕ
ਪਰਸਣ ਸੌਂਦਰ੍ਹ ਸੋਆਂ,
ਬ੍ਰਹਿਮੰਡਾਂ ਦੇ ਲੰਮੇ ਪਹਿਰੇ
ਕਰਨ ਸਿਰਾਂ 'ਤੇ ਲੋਆਂ।

ਤੱਤ ਅਨੰਤ ਬਲਣ ਗਸ਼ ਹੇਠਾਂ
ਆ ਪੈਗ਼ਾਮ ਜਗਾਵਣ,
ਜ਼ਿਮੀਂ ਦੇ ਖੰਡਰ ਨਾਲ ਖਲੋਤੇ
ਇਤਿਹਾਸਾਂ ਦੇ ਜ਼ਾਮਨ।

ਅਰਬਦ ਨਰਬਦ ਧੁੰਧੂਕਾਰ 'ਤੇ
ਖ਼ਾਬ ਲਹਿਣ ਜਿਉਂ ਪਾਣੀ,
ਗਾੜ੍ਹੇ ਨੇਰ 'ਚ ਕਦੇ ਤਿਲ੍ਹਕਦੀ
ਪਾਕ ਸੱਦ ਅਣਜਾਣੀ।

ਫਿਰ ਛਾਂ ਕਿਸੇ ਹੱਥ ਦੀ ਹੋਈ
ਲੈ ਅਣਬੁੱਝ ਅਸੀਸਾਂ,
ਜਾਣ ਬਰਕਤਾਂ ਦੇ ਚਸ਼ਮੇ ਵਲ
ਦੋਜ਼ਖ਼ ਦੀਆਂ ਹਦੀਸਾਂ।

ਸੁੰਨ ਸਮਾਧੋਂ ਧੁਰ ਯਤੀਮ ਤਕ
ਅੰਬਰੋਂ ਵਲ ਪਤਾਲਾਂ,
ਕਰਮ ਖੰਡ ਨੂੰ ਜ਼ਾਮਨ ਕੀਤਾ
ਹਰਫ਼ ਸੁਖ਼ਨ 'ਚ ਕਾਲਾਂ।

ਤਦੋਂ ਸੁਨਣ ਪੈਗਾਮ ਅਗੰਮੀ
ਵਿਚ ਫ਼ਜਰਾਂ ਦੀ ਬਾਣੀ,
ਇਕਰਾਰਾਂ ਦੀ ਖਿਰਣ ਥਰਕਦੀ
ਛੁਹ ਸੰਦਾਂ ਦੇ ਪਾਣੀ।

ਚੌਦਾਂ ਤਬਕ ਦੀ ਧਮਕ ਪਵੇ ਸਿਰਿ
ਭੰਵਰ ਪੈਣ ਨਿਤ ਡਾਢੇ,
ਧਰਤ ਨਿਤਾਣੀ ਇਉਂ ਜਾਣੋ ਜਿਉਂ
ਤ੍ਰਿਣ ਸੁੱਕੀ ਵਿਚ ਜਾੜੇ।

ਬ੍ਰਹਿਮੰਡਾਂ ਦੇ ਨਾਲ ਮਹਾਂ ਬਲ
ਵਾਟ ਧਰਤ ਦੀ ਹੀਣੀ,
ਇਸਨੇ ਹੀ ਪਰ ਨਭ ਜਦ ਹੌਲਣ
ਬਿਖ ਹਸੰਦਿਆਂ ਪੀਣੀ।

ਧੁੰਧ ਅਛੇਦ 'ਚ ਧੁਰ ਦਾ ਖੰਡਰ
ਉੱਚੇ ਚਰਖ ਉਲੀਕੇ,
ਨਾਗ-ਨਿਵਾਸ ਪਤਾਲ ਬਣੇ ਜੋ
ਤਿਸ ਵਿਚ ਦੀਪ ਉਡੀਕੇ।

ਬ੍ਰਹਿਮੰਡ ਚੀਰ ਨਿਮਾਣੀ ਧਰੂ ਤੇ
ਨੇਮ ਕਦੀਮੀ ਜਾਗੇ,
ਨਭਾਂ ਨੂੰ ਛੋਡ ਤ੍ਰਿਣ ਸੁੱਕੀ ਦੇ
ਵਕਤ ਰਹੇਗਾ ਲਾਗੇ।

ਧਰੂ ਦੀ ਗੁਫ਼ਾ ਅਗੋਚਰ ਛੁਪਿਆ
ਸਾਬਤ ਨੇਮ ਗ਼ਰੀਮੀ
ਅਬੂ, ਮੁਹੰਮਦ ਗਾਰ ਚੁਣੀ ਜਿਉਂ
ਛੁਪਣ ਲਈ ਥਲ ਵੰਨੀ।

ਧਰੂ ਦੀ ਚੁੱਪ ਦੇ ਚੀਰ ਫ਼ੋੜਾਂ
ਸੋਦਰੁ-ਕਰਮ ਹੀ ਵੇਖੇ
ਭਵਣਾਂ ਪਾਰ ਏਸ ਦੀ ਤਾਣੀ
ਤੰਦ ਪਾਇ ਬਿਨ ਲੇਖੇ।

ਵੇਦ ਕਤੇਬਾਂ ਗੁਰੂ ਗ੍ਰੰਥ ਦਾ
ਜ਼ਿਮੀਂ ਨਾਦ-ਘਰ ਜਾਪੇ,
ਬ੍ਰਹਿਮੰਡ ਦੇ ਸਾਬਤ ਹੋਣ ਦੇ
ਸਫ਼ਰ ਬਨਣ ਇੰਜ ਆਪੇ।

ਚੌਦਾਂ ਭਵਨ ਦੇ ਨੂਰ ਹੁਸਨ ਬਿਨ
ਉਂਵ ਰਹਿਣ ਇਕਲਾਪੇ,
ਇਸ ਲਈ ਨਜ਼ਰ ਇਲਾਹੀ ਧਰੂ ਵਿਚ
ਰਮਜ਼ ਆਪਣੀ ਥਾਪੇ।

ਖ਼ਾਬ ਆਖ਼ਰੀ ਨੇਮ ਕਿਸੇ ਦਾ
ਧਰਤੀ ਦੀ ਪਰਵਾਜ਼ੇ,
ਨਹੀਂ ਤ ਚਿਰ ਤੋਂ ਅੰਬਰ ਦੇ ਸਭ
ਟੁਟ ਜਾਂਦੇ ਸ਼ੀਰਾਜ਼ੇ।

ਚੌਦਾਂ ਭਵਨ ਰੋਹ ਵਿਚ ਖਿੱਚਣ
ਜਦ ਗੁਮਨਾਮ ਡੂੰਘਾਣਾਂ,
ਵਾਟ ਅਜਨਬੀ ਜ਼ਿਮੀਂ ਦੀ ਸਾਂਭੇ
ਮਿਹਰਾਂ ਦਾ ਪਰਵਾਨਾ।

ਮਹਾਂ ਅਗਨੀਆਂ ਖੇਡ ਵਿਡਾਣੀ
ਦੂਰ ਖੇਡ ਕੇ ਜਾਵਣ,
ਪਿਰ-ਨੇਮ ਧਰਤੀ ਦਾ ਵੱਡਾ
ਲੁਕ ਲੁਕ ਸੀਸ ਝੁਕਾਵਣ।

ਸਾਂਝ ਜਗਤ ਦੀ ਬਹੁਤ ਪੁਰਾਣੀ
ਜੇ ਮਨ ਸਮੇ ਦਾ ਵੇਖਾਂ,
ਬਾਹਰੋਂ ਪੈੜ ਮਿਟੇ ਤਾਂ ਹੇਠੋਂ
ਜਾਗ ਪੈਣ ਮੋਹ-ਰੇਖਾਂ।

ਘਰ ਧਰਤੀ ਦਾ ਕੱਲਮ ਕੱਲਾ
ਬਿਨ ਮਹਿਮਾਨ ਨ ਸੋਹੇ,
ਢੂੰਡਣ ਚੜ੍ਹੀ, ਕੂਣ ਨ ਅੰਬਰ
ਦੂਰ ਰਹਿਣ ਨਿਰਮੋਹੇ।

ਪਲ ਪਲ ਢੂੰਡ ਰਹੀ ਪਰ ਸਾਬਤ
ਸੱਦ ਮੁੜੇ ਨ ਲੰਮੀ,
ਪੱਤ ਕਰਮ ਦੀ ਰਹੇ ਸਲਾਮਤ
ਛਲੇ ਨ ਕਾਂਗ ਅਗੰਮੀ।

ਆਗਾਸਾਂ ਅਗਾਸ ਤੋਂ ਅੱਗੇ
ਖ਼ਾਬ ਤਿਲ੍ਹਕਦਾ ਕੋਈ,
ਜਿਸਦੇ ਪਿੱਛੇ ਮਗਜ਼ ਵਾਂਗ ਜਗ
ਜਾਗ ਰਿਹਾ ਸੰਗ ਲੋਈ।

ਧਰਤੀ ਭੈਣ ਬਨੇਰੇ ਬੈਠੀ
ਖੜ੍ਹ ਖੜ੍ਹ ਜਾਵਣ ਸ਼ਾਮਾਂ,
"ਭੈਣ ਉਡੀਕ ਕਰੇ ਅਜ ਮੁੜਣਾ"
ਕਿਹਾ ਵੀਰ ਅਸਮਾਨਾਂ।

ਉਂਞ ਸੀ ਧਰੂ ਦੀ ਉਮਰ ਕਚੇਰੀ
ਦਰਦ ਮਜੀਠ ਨ ਸੂਹਾ,
ਪਹਿਲੀ ਫ਼ਜਰੇ ਫਿਰ ਵੀ ਮਾਹੀ
ਤਕਦਾ ਇਸਦਾ ਬੂਹਾ।

ਧਰਮਸਾਲ ਦਾ ਨੇਮ ਪੁਰਾਣਾ.
ਧਰਤੀ ਅੱਲੜ ਭਾਵੇਂ,
ਗੁਰ ਪੈਗੰਬਰ ਪੈੜ ਕਰਨ ਗੇ
ਕੁਲ ਸਮੇਂ ਦੀ ਛਾਵੇਂ।

3

ਹੁਕਮ-ਪੈਂਡਿਆਂ ਦੇ ਰੂਪ

ਖ਼ਾਬ ਜੁ ਧਰਮਸਾਲ ਦਾ ਅਜ਼ਲੀ
ਖ਼ਾਕ 'ਚ ਅੱਗ ਪਾਲਦਾ ਅਜ਼ਲੀ।
ਸਾਬਤ ਨੇਮ ਜੋ ਧਰ ਵਿਚ ਜੀਵੇ
ਵਲੀ ਪੀਰ ਆਉਣ ਤਾਂ ਥੀਵੇ
ਪਰ ਬੇਤਾਲ ਫ਼ਿਤਰਤਾਂ ਵਾਲੇ
ਲਸ਼ਕਰ ਚੜ੍ਹੇ ਯੁਗਾਂ ਤਕ ਕਾਲੇ।
ਸੁਣਿ ਸੁਕਰਾਤ ਹਲਾਹਲ ਪੀਵੇ
ਸਾਬਤ ਨੇਮ ਦਰਦ ਬਸ ਸੀਵੇ।
ਹੜ੍ਹ ਵਲੀ ਬਰਕਤਾਂ ਉੱਤੇ
ਗਰਬ-ਭਰੇ ਨਾਗ ਜਿਉਂ ਸੁੱਤੇ।
ਭੂਤ ਪ੍ਰੇਤਾਂ ਵਾਗੂੰ ਕੀਨੇ
ਖੌਲ ਰਹੇ ਕੌਮਾਂ ਦੇ ਸੀਨੇ।
ਮਜ਼੍ਹਬਾਂ ਦੀ ਪਤ ਹੋ ਹੋ ਲੀਰਾਂ
ਜਦ ਵੀ ਨਗਨ ਫਿਰੀ ਵਿਚ ਵੀਰਾਂ
ਰੁਲੇ ਜਾਨ ਦੇਸਾਂ ਦੀ ਕੁੱਠੀ
ਵੰਗ ਜਿਵੇਂ ਕੋ ਥਲਾਂ 'ਚ ਟੁੱਟੀ।
ਲਖ ਜਲੀਆਂ ਤਹਿਜ਼ੀਬਾਂ ਉੱਤੇ
ਯੁਗਾਂ ਤਕ ਖੰਡਰ ਰਹੇ ਸੁੱਤੇ
ਪਰ ਮੁੜ ਵਹਿਸ਼ੀ ਤੇਗਾਂ ਸਾਵੇਂ
ਸੰਤ ਬਹਿਣ ਆ ਰੁੱਖਾਂ ਛਾਵੇਂ
ਬੂਟ ਹਰੇ ਜਲ ਹੋਣ ਬਿਗਾਨੇ
ਮਿਰਗ ਮਿਲਣ ਆ ਕਿਸੇ ਬਹਾਨੇ
ਪੈੜਾਂ ਪਾਕ ਕਿਤੇ ਨ ਗੁੰਮਨ
ਕੋਟ ਕੁਸ਼ਗਣੇ ਤਾਰੇ ਘੁੰਮਨ

ਆਗਾਸਾਂ ਆਗਾਸ ਤੋਂ ਅੱਗੇ
ਧਰਮਸਾਲ ਦੇ ਦੀਵੇ ਜੱਗੇ।

ਜਿਵੇਂ ਰਹਿਣ ਕੁਝ ਭੇਤ 'ਚ ਤਾਰੇ
ਦੇਣ ਅਚਾਨਕ ਹੀ ਲਿਸ਼ਕਾਰੇ
ਚੀਰ ਜੁਗਾਂ ਦੀਆਂ ਫਿਰ ਚੁੱਪਾਂ
ਝਲਕਣ ਵਿਚ ਸ਼ਗਨ ਦੀਆਂ ਰੁੱਤਾਂ
ਇਉਂ ਰਬ-ਦਾਤ ਧਰਤ ਦੇ ਹੁਜਰੇ
ਨ੍ਹੇਰ 'ਚ ਛੁਪੀ ਰਹੇ ਜੁਗ ਗੁਜਰੇ;
ਉਦੋਂ ਦਰਸ ਦੇਵੇ ਕਰ ਮਿਹਰਾਂ
ਕੌਮਾਂ ਜਦੋਂ ਘਿਰਨ ਵਿਚ ਸਿਹਰਾਂ।

ਕਾਰੂੰ ਡੁੱਬ ਜਾਣ ਵਿਚ ਹਿਰਸਾਂ
ਨਿੱਕੇ ਅਰਥ ਵੱਡੀਆਂ ਕਿਰਸਾਂ
ਬਜਰ ਸਰਾਪ ਬਜਰ ਅਸਮਾਨਾਂ
ਕੀਤੇ ਯੱਖ ਰੂਹ ਤੇ ਜਾਨਾਂ;
ਰੱਬ-ਦਾਤ ਲਿਸ਼ਕੇ ਤਦ ਪਾਵਨ
ਇਉਂ ਗੁਮਰਾਹ ਹੋਏ ਰੌ ਆਵਨ:
ਸਾਗਰ ਹੇਠ ਜਿਵੇਂ ਕੁਝ ਪੱਥਰ
ਜੁਗਾਂ ਬਨਣ ਭੇਤ ਦੇ ਅੱਖਰ
ਹੋਣ ਚਾਨਚਕ ਉਸ਼ਾ ਦੇ ਸਾਹਵੇਂ
ਲਰਜ਼ ਜਾਣ ਰਹਿਮਤਾਂ ਛਾਵੇਂ।

ਸ਼ਬਨਮ ਵਾਂਗ ਹੁਕਮ ਦੇ ਪਾਣੀ
ਰਮੇ ਜਾ ਸਗਲ ਵਿਸ਼ਵ ਦੀ ਬਾਣੀ।
ਗਗਨ ਪਾਰ ਰੁਣਝੁਣਾਂ ਤਰੰਗਣ
ਛੁਪੇ ਕਹਿਰ ਵਕਤ ਦੇ ਡੰਗਣ।
ਹੁਕਮ ਦਾ ਹੁਸਨ ਕੀਟ ਜਾਂ ਰੰਗੇ
ਸਿਖਰ ਸਿੰਘਾਸਨ ਰਵੀ ਦੇ ਕੰਬੇ।
ਸੰਗ ਵਿਸਮਾਦ ਹੌਲ ਦੇ ਬੂਹੇ
ਖੁਲ੍ਹਦੇ ਰਹੇ ਧਰਤ ਦੀ ਜੂਹੇ।
ਲਾ ਹੁਕਮ ਵਿਸਮਾਦ-ਉਡਾਰਾਂ
ਵਲ ਕਦੀਮ ਅਜਨਬੀ ਗਾਰਾਂ

ਗੋਤਾ ਲਾ ਵਿਚ ਧਰਤ-ਸਮਾਧੀ
ਲਭਦਾ ਰਿਹਾ ਜ਼ਮੀਨ ਦੀ ਵਾਦੀ।
ਪਾਕ ਹੁਕਮ ਜਦ ਵਿਚ ਨਸੀਬਾਂ
ਜਾਗ ਪੈਣ ਮਰਕੇ ਤਹਿਜ਼ੀਬਾਂ।
ਆਦਮ ਜ਼ਾਤ ਜਾਂ ਕਰੇ ਪਛਾਣਾਂ
ਸੁਨਣ ਰੱਬ-ਦਾਤ ਦੀਆਂ ਤਾਨਾਂ।
ਧੁਰ ਦੇ ਹੁਕਮ 'ਚ ਉੱਠਣ ਬਾਂਗਾਂ
ਅਕਲ-ਸਵੇਰ ਚੜ੍ਹੀ ਲੈ ਕਾਂਗਾਂ
ਹਿੰਦ ਯੂਨਾਨ ਲੈਣ ਵਿਚ ਕੌਮਾਂ
ਆਬ-ਹਯਾਤ ਦਾ ਸੁਪਨਾ ਲੰਮਾਂ।
ਫ਼ਾਰਸ ਰੋਮ ਮਿਸਰ ਦੇ ਸਿਹਰਾਂ
ਹੁਕਮ ਦੀ ਸੋਅ ਸੁਣੀ ਵਿਚ ਮਿਹਰਾਂ
ਪਰ ਧੁਰ ਹੁਕਮ ਦਾ ਪੈਂਡਾ ਲੰਮਾਂ
ਕੁਝ ਹੀ ਯਾਦ ਰਿਹਾ ਵਿਚ ਕੌਮਾਂ
ਪਲ ਵਿਚ ਨੂਰ ਦਾ ਜਲਵਾ ਮੁੱਕੇ
ਰਾਹ ਨੇਰ੍ਹੇ ਤਹਿਜ਼ੀਬ ਦੇ ਸੁੱਕੇ
ਤਹਿਜ਼ੀਬਾਂ ਦੇ ਰੋਗ ਅਵੱਲੇ
ਆਖ਼ਰ ਪੈਣ ਲਾਅਨਤਾਂ ਪੱਲੇ।

ਜਦੋਂ ਫ਼ਿਤਰਤਾਂ ਹੋਵਣ ਸੋਗੀ
ਧੁਰ ਦਾ ਹੁਕਮ ਵਾਂਗ ਫਿਰ ਜੋਗੀ
ਕੁਦਰਤ-ਦਰਾਂ 'ਤੇ ਅਲਖ ਜਗਾਵੇ
ਮਰੇ ਪਤਾਲ ਨੀਂਦ ਚੋਂ ਲਿਆਵੇ
ਸੀਨਾ ਕੱਢ ਨੂਰ ਦਾ ਨਭ ਚੋਂ
ਸਾਹ ਨਿਚੋੜ ਸਮੇਂ ਦੀ ਰਗ ਚੋਂ
ਧੂੜਾਂ ਗੁੰਨ੍ਹ ਤਾਜ ਕੋ ਸਾਜੇ
ਪਹਿਲਾ ਆਦਮ-ਕੁਫ਼ਰ ਨਿਵਾਜੇ।
ਮਹਾਂ ਚੇਤਨਾ ਫਿਰ ਲਰਜ਼ਾਵੇ
ਮਿਲਣ ਗੁਨਾਹ, ਰਹਿਮ ਹੋ ਜਾਵੇ
ਮਜ਼੍ਹਬ ਹੋ ਪੂਰਨ ਕੁਦਰਤ ਜਾਪੇ
ਦਿਹੁੰ ਤੇ ਰਾਤ ਜੋੜ ਗਏ ਥਾਪੇ;
ਮਾਂ-ਦਿਲ ਜੋੜ ਦਰਦ ਦੇ ਦਾਮਨ
ਫੜਨ, ਬਨਣ ਫਿਰ ਕਲਾ ਦੇ ਜ਼ਾਮਨ;
ਲਾ ਬਣੇ ਰੂਹ-ਵਕਤ ਦੇ ਨਾਦੀ
ਦਰਸ਼ਨ ਵਿਚ ਅਨਾਦਿ ਸਮਾਧੀ।

ਰੱਬ-ਦਾਤ ਕੁਦਰਤ 'ਤੇ ਛਾਈ
ਤਹਿਜ਼ੀਬਾਂ ਦੇ ਧਿਆਨ ਸਮਾਈ।

ਬਣੇ ਅਦਿੱਸ ਤਾਲ ਵਿਚ ਨਸਲਾਂ
ਗ਼ੈਬ ਦੇ ਬੋਲ ਸੁਨਣ ਵਿਚ ਵਸਲਾਂ।
ਧਰਮਸਾਲ ਦਾ ਨੇਮ ਅਗੰਮੀ
ਪੈਂਦਾ ਰਿਹਾ ਵਕਤ ਦੀ ਕੰਨੀਂ।
ਨਾਦ ਧਰਮ ਦੇ ਸੁਨਣ ਚੁਫੇਰੇ
ਸ਼ਬਦ ਅਥਾਹ ਦੀ ਚੁੱਪ ਅਗੇਰੇ।
ਕੌਮਾਂ ਦੇ ਦਰਾਂ ਦੇ ਦਾਮਨ
ਛੂਹਣ ਪੁਨੀਤ ਗ਼ੈਬ ਦੇ ਕਾਮਨ।

ਕ਼ੌਸ ਰੰਗੀਨ ਦੀਆਂ ਪਰਵਾਜ਼ਾਂ
ਅਕਲ ਰੂਹ ਦੇ ਅਸਲੀ ਰਾਜ਼ਾਂ
ਤਾਜ ਅਜ਼ੀਮ ਜੁਗੋ ਜੁਗ ਸਾਜੇ
ਦੇਸ ਧਰਮ ਬਹੁ ਵਾਰ ਨਿਵਾਜੇ।

ਕਦੇ ਬਲੀ ਰਹਿਣ ਲਬੁ ਜੋਗੇ
ਜਗਤ-ਸੁਆਦ ਕ੍ਰਿਸ਼ਨ ਨੂੰ ਭੋਗੇ;
ਜਦ ਅਵਤਾਰ ਅਹੁੰ ਵਿਚ ਪੁੱਗਣ
ਹਸਦ-ਹੜ੍ਹਾਂ ਵਿਚ ਨਸਲਾਂ ਡੁੱਬਣ।
ਨਸਲਾਂ ਭੁੱਲ ਸਰਾਪ ਦੀ ਛਾਨਣ,
ਹੁਕਮ ਸੁਣੇ, ਜੋ ਦਾਤ ਪਛਾਨਣ।
ਕੌਮਾਂ ਰਹਿਣ ਮਹਿਵ ਵਿਚ ਜੂਏ
ਪੱਤ ਲੁਟਾ ਸਵਾਰ ਨਾ ਕੂਏ।
ਗ਼ਰਕ ਜਾਣ ਵਿਚ ਖੇਡ ਕਮੀਨੀ
ਸੌਅ ਸੁਨਣ ਜਾਂ ਹੁਕਮ ਦੀ ਧੀਮੀ।
ਔਪਰ ਧਰਮਸਾਲ ਦੇ ਸੀਨੇ
ਨੇਮ ਅਟੱਲ ਰਹਿਣ ਬਿਨ ਕੀਨੇ।
ਖ਼ੂਨੀ ਧੂੜ ਰਹੀ ਪਰਵਾਜ਼ੇ
ਓਜ ਕਾਇਮ ਪਤ ਦੇ ਦਰਵਾਜ਼ੇ।
ਗ਼ੈਬ ਦੀ ਛੁਹ ਤਜੀ ਫਿਰ ਨਜ਼ਰਾਂ
ਬੰਦ ਹੋਣ ਵਿਚ ਗਾਰਾਂ ਛਜਰਾਂ।

ਅਹੁ ਆਦਮ ਦੀ ਵਾਂਗ ਨਗਾਰੇ
ਗੂੰਜ ਪਈ ਬ੍ਰਹਿਮੰਡਾਂ ਦੁਆਰੇ।
ਪਾਤਸ਼ਾਹਾਂ 'ਤੇ ਗਰਦ ਉਤਾਰੀ
ਅਹੁੰ-ਵਜਦ ਪੀਣ ਦਲ ਭਾਰੀ।
ਅੰਬਰ ਸੁੱਟ ਰਿਹਾ ਸੰਗੋਲੇ
ਖ਼ੂਨ ਵਗੇ, ਸਿੰਘਾਸਨ ਡੋਲੇ!
ਅੰਬਰ-ਸੁੰਬ ਤੀਕ ਅਹੁੰ-ਦਾਰਾਂ
ਅਦਲ ਭੁਲਾ ਦਿੱਤੇ ਅਸਵਾਰਾਂ।
ਹੁਨ, ਮੇਦ ਤੇ ਗੋਥ 'ਚ ਟੋਲਾਂ
ਵੈਣ ਜਾਣ ਜੋ ਨਾਲ ਮੰਗੋਲਾਂ।
ਅਦਲਾਂ ਬਾਝ ਲੋਕਾਈ ਰੁੰਨੀ
ਰੂਹ ਬੇਕਿਰਕ ਲਸ਼ਕਰਾਂ ਭੁੰਨੀ;
ਰੋਮ ਚੀਨ ਦੀ ਜੂਹ ਜਿਉਂ ਸੁੰਨੀ
ਤਾਊਨ ਪ੍ਰੇਤ ਵਾਂਗ ਜਦ ਘੁੰਮੀ।

ਧਰਮ 'ਚ ਨਦਰ ਵਗੇ ਜਿਉਂ ਨਦੀਆਂ
ਰਹੇ ਸਬਜ਼ ਇਹੋ ਵਰ ਸਦੀਆਂ।
ਆਦਿ ਜੁਗਾਦਿ ਤੋਂ ਖ਼ਾਲਸ ਪਾਣੀ
ਵਗਦੇ ਰਮਜ਼ ਇਲਾਹੀ ਤਾਣੀ।
ਰਾਹ-ਰਵਾਂ ਕੌਮਾਂ ਦੇ ਪੈਂਡੇ
ਲੇਖੇ ਜਾਣ ਸਮੇਂ ਤੋਂ ਲੈਂਦੇ।
ਆਦਿ ਅਗਾਧ ਧਰਮ-ਡੂੰਘਾਣਾਂ
ਛੋਹ ਕੇ ਵਿਸਰ ਜਾਣ ਰੂਹ ਸ਼ਾਨਾਂ।
ਨੀਂਦ 'ਚ ਸਿਦਕ ਪੀਣ ਤਦ ਬਦੀਆਂ
ਕੌਮਾਂ ਰੁਲਣ ਬੇਪਤ ਹੋ ਸਦੀਆਂ।
ਹਫ ਹਫ ਭਰਨ ਰੇਤ ਦੇ ਕਾਸੇ
ਨਦੀ ਦੇ ਸ਼ੁਕਰ ਕਰੇ ਨ ਪਿਆਸੇ।
ਕੌਮਾਂ ਦਾਤ ਪੀਣ ਰੋ ਮੰਗੀ
ਫਿਰ ਮੁਕਰਨ ਜਿਉਂ ਮੂਸਾ-ਸੰਗੀ।
ਸ਼ੁਕਰ ਸਿਦਕ ਜਦੋਂ ਨ ਪੁੱਗੇ
ਧਰਮ-ਜਲੋਂ ਬਿਖ-ਬੂਟੀ ਉੱਗੇ।
ਜਾਲ ਫ਼ਕੀਰੀ ਦੇ ਸਭ ਅੰਕਰ
ਸੰਗ ਥਲਾਂ ਦੇ ਉੱਡੇ ਕੰਕਰ।
ਖ਼ਾਨਗਾਹਾਂ ਦੇ ਭੰਨੇ ਮੱਥੇ
ਤੀਰ ਅਦਿੱਸ ਨ ਪਾਏ ਭੱਥੇ।

ਖ਼ਿਆਲ ਇਲਾਹੀ ਬੁੱਤ ਹੋ ਉੱਗੇ
ਤਪਦੀ ਰੇਤ ਜ਼ਮੀਰ 'ਚ ਖੁੱਭੇ।
ਬਿਖ-ਕਾਂਗ ਧਰਮਾਂ ਨੂੰ ਡੱਸੇ
ਖੜਾ ਸ਼ੈਤਾਨ ਸਿਖਰ 'ਤੇ ਹੱਸੇ।
ਧਰਮ ਅਸੀਮ ਦੀਆਂ ਛੁਹ ਹੱਦਾਂ
ਰੂਹ-ਧਾਮ ਤੋੜ, ਛਡ ਲੱਜਾਂ
ਦਗੇ ਕਰੇ ਮਾਂ-ਮੋਹ ਨਾਂ ਨਸਲਾਂ
ਜ਼ਰ ਬੇਦੀਨ ਦਿਸਣ ਸਭ ਫ਼ਸਲਾਂ।
ਧਰਮ-ਨੀਰ ਪੀ ਭੁੱਲੇ ਲਸ਼ਕਰ
ਸਮਝ ਬਣੇ ਨੂਰ ਦੇ ਤਸਕਰ।
ਕੌਮ ਦੇਸ ਦੀਨਾਂ ਦੇ ਸੀਨੇ
ਸੜ ਸੜ ਜਾਣ ਆਪ ਬਣ ਕੀਨੇ।
ਲੈ ਅਸੀਸ ਧਰਮ ਦੀ ਪੂਰਨ
ਕੌਮਾਂ ਦਗੇ ਕਰੇ, ਫਿਰ ਝੂਰਨ।
ਕਰੇ ਗੁਨਾਹ ਆਪ ਚੜ੍ਹ ਆਵਣ
ਨੀਂਦ 'ਚ ਆਪ ਨੂੰ ਆਪ ਜਗਾਵਣ।
ਰੋਗੀ ਵਣਾਂ ਜਹੇ ਤਰਨਾਪੇ
ਬਣਗੇ ਸਜ਼ਾ ਆਪਣੀ ਆਪੇ।

ਪਾਲ ਬੁੱਤ ਸਦੀਆਂ ਨਸਰਾਨੀ
ਵਿਸਰਣ ਪਾਕ ਰੋਮ ਵਿਚ ਜਾਨੀ।
ਫਿਰਨ ਫ਼ਰੰਗ 'ਚ ਪੋਪ-ਦਲੀਲਾਂ
ਹਵਸ ਕਾਂਗ ਮਨਿ, ਬਾਹਰ ਅੰਜੀਲਾਂ।
ਅੰਤ 'ਤੇ ਸਦੀ ਯਸੂ ਦੀ ਗਿਆਰਾਂ
ਯੇਰੋਸ਼ਲਮ ਫ਼ਰੰਗ-ਸਵਾਰਾਂ
ਪਾਕ ਜਹਾਦ ਵਿਹਾਜਣ ਖ਼ਾਤਰ
ਨੇਮ ਯਸੂ ਦਾ ਸਾਜਣ ਖ਼ਾਤਰ
ਅਹੁ ਕਠੋਰ ਜਹਾਦ ਬਣਾਈ
ਦਲਾਂ ਨਾਲ ਸਜ਼ਾ ਕੁਈ ਆਈ
ਰੂਹ ਚੋਂ ਕੱਢ ਸੁੱਟੀ ਬਿਜ ਖ਼ੂਨੀ
ਧਰਮ-ਸੱਚ ਪਏ ਬੁੱਤ-ਜੂਨੀ।
ਦਿਲਾਂ ਦੀਆਂ ਨਾਸਤਕ ਗਾਰਾਂ
ਵੀਟ ਦੀਨ-ਲਹੂ ਦੀਆਂ ਧਾਰਾਂ
ਧਮਕਿ ਫ਼ਰੰਗ-ਜਨੂੰ ਨੇ ਭਰੀਆਂ
ਮੁਲਕੀਂ ਵਗਣ ਹਵਾਵਾਂ ਡਰੀਆਂ।

ਅਦਲ ਦੂਆ ਨ ਦੇਣ ਗਵਾਹੀ
ਕਰੇ ਯਸੂਹ ਕਿਧਰ ਰੁਸ਼ਨਾਈ ?!

ਦਿਲ ਇਸਲਾਮ ਵਸੀ ਚੰਗੇਜ਼ੀ
ਤਖ਼ਤਾਂ ਨਾਲ ਉੜੀ ਖ਼ੂੰ-ਰੇਜ਼ੀ।
ਯਾਦ ਪੈਗੰਬਰ ਨਾਲ ਸ਼ਹੀਦਾਂ
ਦਿੱਤੀ ਤਖ਼ਤਾਂ ਲਈ ਯਜ਼ੀਦਾਂ
ਵਿਚੋਂ ਕੱਢ ਦੀਨ ਦਾ ਸੀਨਾ,
ਸਿਰ 'ਤੇ ਚੜ੍ਹੇ ਪਾਲਿਆ ਕੀਨਾ!
ਨਬੀ ਦੂਰ! ਕਵਨ ਦਰ ਬਹੀਏ ?
ਕਹਿਰਵਾਨ ਰਥਾਂ ਦੇ ਪਹੀਏ
ਦੱਬ ਨਮਾਜ਼ ਸਮਰਕੰਦ ਜਾਲਣ
ਖੰਡਰਾਂ ਵਿਚ ਕੁਰਾਨ ਉਛਾਲਣ।
ਕੁਫ਼ਰ ਦੇ ਦਾਗ਼ ਵਿਚ ਈਮਾਨਾਂ
ਛਹਿ ਬੈਠੇ ਪਈਆਂ ਜਦ ਸ਼ਾਮਾਂ।
ਸਜ਼ਾ ਧੁਰਾਂ ਦੀ ਵਿਚ ਚੰਗੇਜ਼ੀ
ਛੁਪੀ ਰਹੀ ਵਿਚ ਦੀਨ ਦੇ ਤੇਜਾਂ।
ਹੇਠ ਕੁਰਾਨ ਜਲਣ ਤੁਗਯਾਨੀ
ਨਕਲ ਬਣੀ ਮਿਅਰਾਜ 'ਸਮਾਨੀ
ਬੋਹਲ ਅਨਾਜ ਭੁੱਲਿਆ ਮਾਹੀ,
ਦਾਨੇ ਸਭ ਬਣੇ ਜ਼ਰ ਸ਼ਾਹੀ!
ਨਾਲ ਤੈਮੂਰ ਨਾਲ ਸ਼ੈਬਾਨੀ
ਵਰਤੇ ਹਵਸ ਰਾਹ ਇਲਹਾਮੀ।

4

ਕੈਲਾਸ਼ੀ ਕੂੰਜ ਦੀ ਦੂਰ-ਨਿਗਾਹ

ਕੂਕੇ ਸਿਖਰ ਕੈਲਾਸ਼, ਕੂੰਜ ਬੇਆਸਰੀ :
"ਸੋਹਣੀ ਵਗੇ ਇਹ ਵਾ, ਧਰਤ 'ਤੇ ਆਖ਼ਰੀ।

"ਬਰਫ਼ਾਂ ਸਮੇ ਤੋਂ ਪਾਰ, ਜਿਧਰ ਮੈਂ ਬੱਚੜੇ
ਹਨ ਦਿਲਦਾਰ ਦੀ ਗੋਦ, ਆਸਰੇ ਸੱਚੜੇ!

“ਰਿਜ਼ਕ ਦੀ ਮਿਲੇ ਅਸੀਸ, ਚਮਕਦੀ ਅੰਬਰੀਂ
ਰੋਇ ਨ ਕਦੇ ਮਾਸੂਮ, ਘਿਰੇ ਨ ਭੰਬਰੀਂ।

“ਅਜ਼ਲ ਅਬਦ ਤਕ ਐਪਰ, ਛੁਪ ਇਕ ਢੰਗ ਨੇ
ਤਕਵੇ ਯਾਰ ਦੇ ਕੁੱਲ, ਕਰੇ ਬੇਰੰਗ ਨੇ।

“ਉੱਡੇ ਗਹਿਰੀ ਸਾਜ਼ਿਸ਼, ਨਾਲ ਪਾਕੀਜ਼ਗੀ
ਅਦਲ ਨੂੰ ਦੇਵੇ ਛੋਬ, ਖ਼ੁਦਾਈ ਦੀਦ ਵੀ।

“ਜਲਦੇ ਪਏ ਪਰਹੇਜ਼, ਕੌਮਾਂ ਰੋਂਦੀਆਂ
ਪੁੱਟਣ ਗਾਰ ਚੋਂ ਗਾਰ, ਫ਼ਰੇਬ ਲਕੋਂਦੀਆਂ।

“ਕਿਤੇ ਨਾ ਨਜ਼ਰੀਂ ਪੈਣ, ਰਿਜ਼ਕ ਬਿਨ ਬੱਚੜੇ
ਤੁਰਦੇ ਵਾਟ ਬੇਨੂਰ, ਮੁਸਾਫ਼ਿਰ ਕੱਚੜੇ।

“ਹੁਣ ਜਾਪਣ ਸੁੰਨ ਹੇਠ, ਨਦਰ ਦੇ ਨੂਰ ਹੀ
ਚੁੱਪ 'ਚ ਬਰਫ਼ਾਂ ਟਿਮਕਣ, ਦੂਰ ਤੋਂ ਦੂਰ ਹੀ।”

ਕਾਲ ਤੋਂ ਪਾਰ ਜੋਗੀਆਂ ਦੇ ਸੰਬਾਦ

ਧ੍ਰੂਵ ਤਾਰੇ ਗਲ ਲਗ, ਫ਼ਜਰਾਂ ਸੁੱਚੀਆਂ
ਉਤਰਣ ਜਿਥੇ ਸੁਮੇਰ, ਬਰਫ਼ਾਂ ਉੱਚੀਆਂ।
ਸਮਿਆਂ ਦੇ ਵਿਚ ਨੀਂਦ, ਹਿੰਮ ਦੇ ਆਦਿ ਦੀ
ਹਾਥ ਨ ਰਾਵਲ ਪਾਉਣ, ਤਰਸਦੇ ਨਾਦ ਦੀ।
ਕਵਨ ਨੇੜ ਅਵਧੂਤ, ਪੌਣ ਵਿਚ ਵੱਸਦੇ ?
ਹਿੰਮ ਸੋਹਣੀ ਦੇ ਲੋਕ, ਚੁੱਪ ਹੋ ਲੱਸਦੇ।
ਵੇਂਹਦੀ ਕੂੰਜ ਅਬੋਲ, ਰੁਲੇ ਜੋ ਕਾਫ਼ਲੇ
ਪਿਆ ਪੁੱਛੇ ਅਸਮਾਨ, ਜ਼ਿਮੀਂ ਦੇ ਫ਼ਾਸਲੇ।
ਸਰਵਰ ਮਾਨਸਰੋਵਰ, ਕੰਢੇ ਜੋਗੀਆਂ
ਨੇੜੇ ਕੂੰਜ-ਵੈਰਾਗ, ਸੁੰਞਾਂ ਭੋਗੀਆਂ।
ਨਿਆਰੇ ਪ੍ਰਾਣਾਯਾਮ, ਮੁੰਦਰਾਂ ਝੋਲੀਆਂ
ਦੇਣ ਦਰਦ ਨ, ਜੋ ਵਿਚ, ਨੂਰੀ ਬੋਲੀਆਂ।
ਧਿਆਨ 'ਚ ਨਾਥ ਸੁਮੇਰ, ਵੇਖ ਕੇ ਸਹਿਮਦੇ
ਸੁੰਨ ਦੇ ਬਲਣ ਪਤਾਲ, ਬੁੱਤ ਹੋ ਵਹਿਮ ਦੇ।
ਚਰਪਟ ਕੂਕਦਾ ਵੇਖ: “ਰਾਹ ਸਭ ਤੰਗ ਨੇ
ਦਰਦ ਕੂੰਜ ਦੇ ਦੱਸਣ, ਧਰਮ ਬੇ-ਅੰਗ ਨੇ!

ਮਾਤ ਲੋਕ ਚੋਂ ਲੰਘਣ, ਕਾਫ਼ਲੇ ਵੈਣ ਦੇ
ਰਿੱਧਾਂ ਸਿੱਧਾਂ ਜਾਪਣ, ਮੂੰਹ ਜਿਉਂ ਡੈਣ ਦੇ।
ਜਲ ਥਲ ਮਾਨਸਰੋਵਰ, ਨੀਰ ਨੇ ਰੱਤੜੇ
ਮਾਂ-ਮੋਹ ਤ੍ਰਜ ਕੇ ਲੋਕ, ਮਾਣ ਵਿਚ ਮੱਤੜੇ।
ਭੰਗਰਨਾਥ ਕੁਝ ਦਸ, ਅਜਨਬੀ ਦੂਰ ਦੇ
ਹੇਠਾਂ ਲੈਣ ਹੋ ਖ਼ਾਬ, ਧਰਮ ਕਿਸ ਨੂਰ ਦੇ?"

ਚਾੜ੍ਹ ਕੇ ਤਿਊੜੀ ਭੰਗਰ, ਖੁਣਸ ਖਾ ਬੋਲਿਆ
ਕਣ ਕਣ ਕੁਦਰਤ ਅੰਦਰ, ਗਰਬ ਨੂੰ ਘੋਲਿਆ:
"ਮਾਤ ਲੋਕ ਵਿਚ ਅਉਧੂ, ਗਏ ਜੇ ਹਾਰ ਵੀ
ਰਿੱਧ ਸਿੱਧਾਂ ਦੇ ਜ਼ੋਰ, ਸਮੇ ਤੋਂ ਪਾਰ ਵੀ!
ਬਲ ਹੈ ਹਮਰਾ ਅਬਚਲ, ਧਰਮ ਹੀ ਡੋਲਦੇ
ਕਾਲ 'ਚ ਧਿਆਨ ਅਚੱਲ, ਨਾਥ ਸਭ ਬੋਲਦੇ।
ਫੇਰ ਵੀ ਦਸਮ ਦੁਆਰ, ਭੇਦ ਲੈ ਚੱਲਦੇ
ਜਦ ਕਲਮੂੰਹੇ ਪਰੇਤ, ਚੇਤਨਾ ਮੱਲਦੇ।
ਅਚਲ 'ਚ ਰੂਹ ਆਗਾਸ, ਚਿਹਨ ਕੁਝ ਉੱਕਰੇ
ਨਾਥ-ਝੁੰਡ ਸਭ ਭੈ ਵਿਚ, ਹੋਏ ਨਿਰੁੱਤਰੇ।
ਸੁਣੀ ਕੋ ਜਗ-ਫ਼ਰਿਆਦ, ਮਹਾਂ ਤਪ ਕੰਬਦੇ
ਗੋਰਖ ਪੰਥ ਦੇ ਨੇਮ, ਖਲਾ ਵਿਚ ਹੰਭਦੇ।
ਇੰਞ ਹੀ ਧੁੰਧ 'ਚ ਸਾਲ, ਸ਼ਾਮ ਜਿਉਂ ਤਿਲ੍ਹਕਦੇ
ਕਣੀ ਅਸੀਸ ਦੀ ਛੋਹ, ਪਾਪ ਸੀ ਵਿਲਕਦੇ।
ਇਕ ਦਿਨ ਸੁਣੀ ਮੈਂ ਹਾਕ, ਸਮਾਧੀ ਅੰਦਰਾਂ
ਸੁਣੀ ਉਹ ਫਿਰ ਬਗ਼ਦਾਦ, ਪੁਰੀ ਦੇ ਮੰਦਰਾਂ:
ਰਹਿਣਗੇ ਲੱਖਾਂ ਨੇਮ, ਰੋਹ ਵਿਚ ਗੂੰਜਦੇ
ਗੁਰ-ਦਿਲ ਸਾਂਭਸੀ ਇਉਂ, ਥੋਟ ਜਿਉਂ ਕੂੰਜ ਦੇ।"

ਭੰਗਰ ਦੀ ਸੁਰਤ ਜ਼ਹੀਨ, ਤੋਲਦੀ ਕੁਦਰਤਾਂ
ਮੁਦ੍ਹਾ ਕੋਈ ਗੰਭੀਰ, ਫੋਲਦੀ ਕੁਦਰਤਾਂ।
ਦਸਦਾ: "ਆਇ ਅਚੱਲ 'ਚ, ਝੁੰਡ ਫ਼ਕੀਰ ਦੇ
ਫੜਕੇ ਲਿਆਏ ਬੋਲ, ਬਲੀ ਤਕਦੀਰ ਦੇ।
ਕਹਿਣ ਕਿ ਮੁਸ਼ਰਿਕ-ਹਉਂ, ਹਵਾਈਂ ਉੱਡਦੀ
ਸੋਹਣੀ ਰੂਹ 'ਚ ਬੀਜ, ਸਾਜ਼ਿਸ਼ਾਂ, ਪੁੰਗਦੀ।

ਮੋਸੀ ਪੈੜ ਪਗੰਬਰ, ਜ਼ਾਲਮ ਗੀਦੀਆਂ।
ਰੁਕਣ ਨਾ; ਕੌਮਾਂ ਦੇਣ, ਪਾਕ ਸ਼ਹੀਦੀਆਂ।
ਲੱਭਣ ਅਕਲ ਲਤੀਫ਼, ਯਹੂਦਾ ਆਂਵਦੇ
ਤਰਸ ਮਸੀਹੀ ਜਿਸ ਥਾਂ, ਖ਼ਬਰ ਲੈ ਜਾਂਵਦੇ।
ਦੀਨ-ਹਰਫ਼ ਦੇ ਭੇਤ, ਮੁਖ਼ਬਰਾਂ ਭਾਲ ਕੇ
ਵਲ ਇਬਲੀਸ ਦੇ ਖ਼ਤ, ਲਿਖੇ ਦਿਲ ਜਾਲ ਕੇ।
ਸੁਣੀ ਨਾ ਕਦੇ ਅਜ਼ਾਨ, ਬਿਲਾਲੀ ਕੰਠ ਚੋਂ
ਕੋਈ ਨਾ ਦੇਵੇ ਭੇਤ, ਨਬੀ ਦੇ ਬੰਸ ਚੋਂ।
ਦੱਸਣ ਇਕ ਦਿਨ ਔਂਪਰ, ਥਲਾਂ ਦੇ ਵੀਰ ਹੀ
ਮੁਨਕਰ-ਨਜ਼ਰ ਚ ਦੱਸਣ, ਅਜ਼ਲ ਦੇ ਨੀਰ ਵੀ।
ਅਸੰਖ ਬਰਸ ਦੀ ਬਾਂਹ, ਹਵਾਈਂ ਕੰਬਦੀ
ਨਿਹੁੰ ਤੋਂ ਨਸਲਾਂ ਬਾਂਝ, ਯਸ਼ੂ ਜਿਉਂ ਮੰਗਦੀ।
ਕਾਫ਼ਰ-ਸੀਸ ਨੂੰ ਪੱਤ, ਅਰਸ਼ ਦੀ ਕੱਜਦੀ
ਸੱਚੋਂ ਉਰੇ ਨਾ ਨੂਰ, ਤਾਨ ਮਨਿ ਵੱਜਦੀ।
ਹੋਣ ਕਿਉਂ ਨੇਮ ਅਨੇਮ ? ਨਾਥ ਮੈਂ ਪੁੱਛਦਾ।
ਉੱਚੜੇ ਯੋਗ-ਦੁਆਰ! ਜਗਤ ਕਿਉਂ ਲੁੱਛਦਾ!"

ਲੋਹਾਰੀਪਾ ਤਦ ਫਿਰ, ਬੋਲ ਨੂੰ ਤਾਂਘਿਆ :
"ਮੈਂ ਨੌਂ ਖੰਡ ਦਾ ਭਾਰ, ਧਿਆਨ 'ਚ ਸਾਂਭਿਆ।
ਹਾਂ! ਇਹ ਧਿਆਨ ਅਨੰਤ, ਯੁਗਾਂ ਤਕ ਉੱਡਦਾ
ਜਿਉਂ ਦਿਗ-ਵਿਜੈ ਦਾ ਬਾਣ, ਕਾਲ ਵਿਚ ਖੁੱਭਦਾ।
ਖੱਟ ਕਰਮ ਅੱਠ ਅੰਗ, ਦਰਦ ਨ ਸਿਰਜਦੇ
ਮਾਂ ਜਿਉਂ ਗੋਦ ਨ ਲੈਣ, ਭੈਅ ਜਗ ਬਿਰਧ ਦੇ।
ਨੀਂਦ ਦੇ ਥਲ ਇਕ ਰਾਤ, ਸੁਪਨ ਇਕ ਭਟਕਿਆ
ਭਰਮ-ਸਿਖਰ 'ਤੇ ਜਿਉਂ ਕਰ, ਸੱਚ ਸੀ ਲਟਕਿਆ!
ਰਾਤਾਂ ਦੈਵੀ ਰਿਮ ਝਿਮ, ਬਿਪਰਾਂ ਦਾਧੀਆਂ
ਜਗਨ ਨਾਥ 'ਤੇ ਸੁੱਟਣ, ਯੱਖ ਸਮਾਧੀਆਂ।
ਰਿਸ਼ੀ ਦਿਗੰਬਰ ਕੱਤਣ, ਤੰਦ ਬਿਬੇਕ ਦੇ
ਕੂੰਬਲ ਵਾਂਗ ਮਾਸੂਮ, ਬੋਲ ਸਭ ਵੇਖਦੇ।
ਤਰਸ-ਰੱਤ ਨੂੰ ਭੱਖਣ, ਤੰਦਾਂ ਜਲਦੀਆਂ
ਜਲ ਥਲ ਬਿਨਾਂ ਪੈਗਾਮ, ਪੌਣਾਂ ਚਲਦੀਆਂ।
ਤੀਲੇ ਜਿਉਂ ਮੰਝਧਾਰ, ਚੜ੍ਹ ਡੁੱਬ ਘੁੰਮਦੇ
ਬਿਪਰ-ਸੁਰਤ ਜੜ-ਚੱਕਰ, ਇਉਂ ਦਿਸ ਗੁੰਮਦੇ।
ਪਰ ਮੈਂ ਛੁਹੀ ਅਚਾਨਕ, ਖਿਰਣ ਬੈਕੁੰਠ ਦੀ
ਤਦ ਅਨਹੱਦ ਪਰਵਾਸ, ਮਿਲੇ ਹਰ ਕੰਟ ਜੀ।

ਚੜ੍ਹੀ ਜਾਂ ਬੜਵਾ ਅੱਗ, ਸੁਰਤ ਸਾਮੁੰਦਰੀ
ਕੁਈ ਸਮਰੱਥ ਅਸੀਸ, ਥਰਕਦੀ ਮੁੰਦਰੀਂ।
ਦਾਵਾ ਅਗਨ ਜਿਉਂ ਖ਼ਾਬ, ਬਲੇ ਉਸ ਰੈਣ ਸੀ
ਥੰਮ੍ਹ ਲਏ ਕਿਸੇ ਅਸੀਸ, ਲਰਜ਼ਦੇ ਗੈਣ ਸੀ।
ਰਾਤ ਅਜਬ ਉਸ ਗਾਵਣ, ਸਾਲ ਦੇ ਸਾਲ ਹੀ
ਇਕ ਅਰਦਾਸ ਦੇ ਹੱਥ, ਚਮਕਦੇ ਨਾਲ ਜੀ। -2-

ਚਰਪਟ ਦੀ ਤ੍ਰੈਕਾਲ ਦ੍ਰਿਸ਼ਟੀ ਵਿਚ ਨਾਨਕ

ਨੈਣ ਭਰੇ ਸੁਣਿ ਚਰਪਟ, ਕੂੰਜ ਵੀ ਕੂਕਦੀ
ਭਾਰੀ ਹਉਂ ਦੇ ਚੱਕਰ, ਦਿਲੇ 'ਚ ਹੂਕ ਵੀ।
ਨਾਥ-ਝੁੰਡ ਤਕ ਨਜ਼ਰ, ਨਾਥ ਦੀ ਸੰਗਦੀ
ਹਉਂ-ਪੱਥਰ ਕੱਟ ਤਾਰ, ਦਰਦ ਦੀ ਲੰਘਦੀ।
ਚੁੱਕ ਵਲਵਲੇ ਉੱਡਣ, ਨਾਥ ਦੇ ਸੁਖ਼ਨ ਨੂੰ
ਰੁਕੇ ਨਾ ਤਾਂਡਵ ਨਾਚ, ਕਹੇ ਜੇ ਰੁਕਣ ਨੂੰ।
ਨਾਦ ਕਾਲ ਮੰਝ ਪਰਬਲ, ਨਾਥ ਜੀ ਸਾਂਭਦੇ
ਫਿਰ ਅਰਦਾਸ ਦੀ ਬੂੰਦ, ਪੀਣ ਨੂੰ ਤਾਂਘਦੇ।
ਪਰੇ ਸੁਮੇਰ ਦੀ ਕੂਟ, ਨਜ਼ਰ ਜਿਉਂ ਕਾਲ ਦੀ
ਪੀਰ ਫ਼ਕੀਰ ਦੇ ਬੋਲ, ਚੁੱਪ ਵਿਚ ਪਾਲਦੀ।
ਦਸਦਾ ਨਾਥ: "ਮੈਂ ਸੱਚ, ਮੀਤ ਅਸਮਾਨ ਦਾ
ਜੋਗ ਦਾ ਭੇਤ ਅਤੀਤ! ਚਿਰਾਂ ਤੋਂ ਜਾਣਦਾ।
ਲੰਘਦੀ ਧਰਤੀ ਕਾਲ, ਚੱਖ ਵਿਸੁ ਗੰਦਲਾਂ;
ਕਰਨਗੀਆਂ ਪਰਣਾਮ, ਜੋਗ-ਦਰ ਮੰਜ਼ਿਲਾਂ।
ਬਲੀਦਾਨਾਂ ਤੋਂ ਪਾਰ, ਦੁੱਖ ਨੇ ਕਾਲ ਦੇ,
ਟੁੱਟ ਜਾਣ ਰੂਹ-ਤਾਲ, ਨਾਥ ਸੰਭਾਲਦੇ।
ਕੁਈ ਖੁਰਾ ਨਾ ਐਪਰ, ਅੰਤਲੀ ਵਾਰ ਦਾ
ਸਫ਼ਰ ਤਾਂ ਅੰਧ ਵਿਰਾਟ, ਉਮਰ ਅਸਵਾਰ ਦਾ।
ਪੌਣ ਦੀ ਲੰਮੀ ਵਾਟ, ਅੰਤ ਨੂੰ ਰੁੱਕਣੀ
ਆਰਜਾ ਚਾਰੇ ਜੁੱਗ, ਰਾਖ ਹੋ ਮੁੱਕਣੀ।
ਸੁਣਾਂ! ਸੁਣਾਂ!! ਚੁੱਪ-ਨਾਦ, ਦਸਵੇਂ ਦੁਆਰੜੇ
ਕੀੜੇ, ਛੁਪਣ ਨ ਭੇਤ, ਸਿਹਰ ਮੈਂ ਕਾਲੜੇ!
ਗਗਨਾਂ ਚਿਰ ਦੀ ਗੱਲ, ਝੁਕ ਵਲ ਆਦਮੀ
ਨਮੋ ਕਰੀ ਲਖ ਵਾਰ, ਗਣਤ ਪਰ ਯਾਦ ਨੀਂ।

ਧਰਮਸਾਲ ਵਿਚ ਮਸਤਕ, ਧਰਤ ਦੇ ਖ਼ਾਬ ਜੀ;
ਮਾਣਸ ਚੁੱਕੇ ਇਹ ਵਰ, ਦੇਣ ਗੁਰ ਆਪ ਹੀ।
ਰੂਹ-ਘਰਿ ਚੇਤਨੋਂ ਸੂਖਮ, ਤਾਨਾਂ ਅਕਸੀਆਂ
ਧਰਮ ਦੇ ਸੱਚੇ ਕੌਲ ਕਰੇ, ਫਿਰ ਬਖ਼ਸ਼ੀਆਂ।
ਪੱਤ ਦਿੱਤੀ ਸੰਭਾਲ, ਪਰਮ ਗੁਰ ਨਾਲ ਹੀ
ਕਾਲ ਦਿਗੰਤ 'ਤੇ ਚਾਨਣ, ਹੋਏ ਕਮਾਲ ਜੀ।
ਪੈੜਾਂ ਰੁਲ ਨਾ ਜਾਵਣ, ਚੁੱਕਣ ਆਂਧੀਆਂ
ਜੋ ਵਿਚ ਲੋ ਨਾ ਕੁਦਰਤ, ਚਾਈ ਪਾਂਧੀਆਂ।
ਫਿਰ ਵੀ ਰੂਹ ਦੇ ਜੋਬਨ, ਅੰਤ ਨੂੰ ਖਿਖਰਦੇ
ਯੁਗਾਂ ਦੇ ਪਹਿਰੇਦਾਰ, ਕੌਲ ਨੂੰ ਵਿਸਰਦੇ।
ਧਰਮਸਾਲ ਦੇ ਅੱਖਰ, ਪੈੜਾਂ ਖ਼ੂਨੀਆਂ
ਕੁਚਲੇ ਲਾਸ਼ਾਂ ਹੇਠ, ਰਾਜ-ਜਨੂੰਨੀਆਂ।
ਰੂਹ ਟੁੱਟੀ ਜਿਉਂ ਵੰਗ, ਰਹੀ ਲੋ ਆਖ਼ਰੀ!
ਸਾਗਰਾਂ ਥਲਾਂ 'ਚ ਪੈੜ, ਰਹੀ ਕੋ ਆਖ਼ਰੀ!
ਫਿਰ ਸੁਣਿਆਂ ਮੈਂ ਨਾਦ, ਸਮਾਧੀ ਕੂਟ ਤੋਂ;
ਕ੍ਰਿਣ ਤੋਂ ਸੂਰਜ ਡੀਕ, ਹਵਾ ਦੀ ਹੂਕ ਚੋਂ :
ਕੱਠੇ ਹੋ ਬ੍ਰਹਿਮੰਡ, ਕੂਕ 'ਚ ਪੰਘਰਦੇ
ਮੁੜ ਮੁੜ ਪਰਲੈ! ਮੁੜ ਮੁੜ, ਅੰਬਰ ਸੰਵਰਦੇ!
ਜਗ ਵਿਚ ਉਠੀ ਗਿਲਾਨ, ਭਰਮ-ਰਥ ਕਾਲ ਦਾ;
ਪਾ ਹਰਫ਼ ਇਕ ਸਾਬਤ, ਧਰਮ ਦੇ ਮਾਲਕਾ!
ਧਰਤ ਸੰਦੀ ਤਕਦੀਰ, ਵਿਛੀ ਵਿਚ ਤਾਰਿਆਂ
ਕਰੋ ਨਵਾਂ ਕੁਈ ਕੌਲ, ਧਰਮ ਦੇ ਹਾਰਿਆਂ।
ਧਰਮਸਾਲ ਨਾ ਜੇ ਧਰੁ, ਉੱਚੜੇ ਤਾਰਿਓ
ਧਰੁ-ਜਿੰਦਾਂ ਨ ਖ਼ਾਕ 'ਚ, ਰਹਿਸਨ ਨਿਆਰਿਓ।

"ਅਸਲੀ ਸਮੇ ਦੇ ਨੇਮ, ਨਿਸ਼ਾਚਰ ਵਾਰਸਾਂ
ਘੋਰ ਕੇ ਭਰਨੀ ਮੈਲ, ਧੁਰ ਵਿਚ ਪਦਾਰਥਾਂ।
ਖੁਰ ਗਗਨ ਹੋਏ ਨਾਦ, ਬਾਂਗ ਜਿਉਂ ਥਲਾਂ ਦੀ
ਤੜਪਦੀ ਕੋ ਫ਼ਰਿਆਦ, ਅੰਤਲੇ ਪਲਾਂ ਦੀ।
ਦਿਸਦੀ ਧਰਤੀ ਸਾਬਤ, ਕਾਲ 'ਚ ਡੋਲਦੀ
ਪੌਣ ਦੇ ਸੁੱਕੇ ਕੰਠ! ਨਾਦ ਨੂੰ ਟੋਲਦੀ।
ਦੂਰ ਯਾਰ ਗਏ ਲੱਦ, ਸ਼ਾਹ ਇਕਲਾਪੜੇ
ਭੁੱਲੇ ਪੌਣ-ਪੈਗ਼ਾਮ, ਪੰਖਣੂ ਮਾਪੜੇ।
ਕਹਿੰਦੇ ਪਏ ਫ਼ਰਿਆਦ, ਖੰਡ ਨੇ ਜੇਤੜੇ
ਦਾਵਾ-ਅਗਨ ਨੇ ਸਾੜ, ਦਿਤੇ ਕ੍ਰਿਣ ਕੇਤੜੇ!

ਕਰੇ ਜੋ ਪੂਰਨ ਜਾਪ, ਕਾਲ ਦੇ ਅੰਤ ਤੇ
ਰੂਹਾਂ ਬਹੁਤ ਉਡੀਕਣ, ਦਿਸੇ ਉਹ ਸੰਤ ਜੇ।
ਲਹੂ-ਗੇੜ ਜਹੀ ਬਖ਼ਸ਼ਿਸ਼, ਕਾਲ ਦੀ ਜਿੰਦ ਦੀ
ਪੀਣੀ ਉਹਦੇ ਗਰੰਥ, ਜੋ ਬਿਖ ਫਨਿੰਦ ਦੀ।
ਪਹਿਰੇ ਉਸਦੇ ਜਾਗਣ, ਵਿਚ ਨੌ ਖੰਡ ਦੇ;
ਕੋਲ ਸੁਦਰਸ਼ਨ ਚੱਕਰ, ਫਿਰਨ ਵਰ ਮੰਗਦੇ।
ਜਾਂਦਾ ਸਿਹਰ ਜੋ ਲੰਘ, ਸਮੇ ਦੇ ਨੇਮ ਦਾ
ਸੱਦੇ ਉਹੀਓ ਕੰਤ, ਜੁ ਪਹਿਰਾ ਦੇਂਵਦਾ।
ਉਹ ਵਿਚ ਤੋਲਦਾ ਕਾਲ, ਅਦਲ ਤਰਾਜੂਆਂ
ਕੰਬਦੀ ਧਰੂ ਲੈ ਚੁੱਕ, ਉੱਪਰ ਬਾਜੂਆਂ।

"ਹਵਾ ਜੋ ਬੋਲੀ ਬੋਲ, ਜ਼ਿਮੀਂ ਦਾ ਆਖ਼ਰੀ
ਦੱਸੂ: ਕਰੇ ਉਹ ਆਦਿ, ਜੁਗਾਦਿ ਮੁਸਾਫ਼ਰੀ।
ਅਰਦਾਸ ਕਰੀ ਰਲ ਮਿਲ, ਨਭ ਤੇ ਪਿਰਥਵੀ;
ਉੱਠੀ ਦੀਪ ਜਗਾਵਣ, ਸਮੇ ਦੀ ਪਿਰਤ ਵੀ।
ਸੈ ਕਹਿਕਸ਼ਾਂ ਰਿਮ ਝਿਮ, ਅੱਖਰ ਪਾਉਂਦੀਆਂ;
ਲੀਕ ਕੇ ਨਾਨਕ ਨਾਮ, ਮਸਤਕ ਲਾਉਂਦੀਆਂ।
ਬੇ-ਰਾਹ ਕੰਦਰਾ ਅੰਧ, ਪਿਰਥਵੀ ਹੱਫਦੀ
ਕੌਣ ਦੇਵੇ ਧਰਵਾਸ? ਓਟ ਹੈ ਜਪੁ ਦੀ।"

"ਸੁਣ ਅਉਧੂ" ਕਹੇ ਨਾਥ, "ਨੈਣ ਮੈਂ ਰੰਗਣੇ
ਉਸਦੇ ਲੰਮੜੇ ਪੰਧ, ਇਥੋਂ ਹੀ ਲੰਘਣੇ।
ਉੱਚੇ ਦਰ 'ਤੇ ਗਾਵਣ, ਤਪੀ ਤੇ ਸੂਰਮੇ;
ਸੱਚ ਖੰਡ ਨਾ ਜਾਵਣ, ਅਜੇ ਉਹ ਦੂਰ ਨੇ।
ਉਹੀਓ ਉੱਚੜਾ ਦਰ, ਸਾਹਵੇਂ ਬਾਜ਼ ਕੇ,
ਹਮਰੇ ਨਾਦੋਂ ਦੀਰਘ, ਸੁਣੇ ਉਹ ਰਾਜ਼ ਕੋ।
ਸੱਚ ਖੰਡ ਵਲ ਜਾਵਣ, ਪੈੜਾਂ ਕਿੰਨੀਆਂ।
ਪਰ ਸਮਰੱਥ ਨ ਧਾਕ, ਉਸ ਇਕ ਜਿੰਨੀਆਂ।
ਨਾਨਕ-ਸਿਦਕ ਦੇ ਨਾਲ, ਹੁਕਮ ਦੇ ਰਾਸਤੇ
ਧਰਤ ਦੀ ਲੰਮੀ ਪ੍ਰੀਤ, ਰਹੇ ਇਸ ਆਸ ਤੇ।
ਕਰਨ ਆਗਾਸ ਪਤਾਲ, ਦਰਸ ਮਹਿਮਾਨ ਦਾ
ਥਾਪ ਰਹੇ ਨੇ ਕਾਸਿਦ, ਕਾਲ ਦੇ ਹਾਣ ਦਾ।"

(ਇਤਿ ਸਰਗ ਦੂਜਾ)

ਸਰਗ ਤੀਜਾ

ਉਡੀਕ ਅਤੇ ਆਮਦ

1

ਸੰਮਤ ਸਦੀ ਸੋਲ੍ਹਵੀਂ ਕੱਤਕ
ਢੂੰਡ ਕੇ ਚੰਨ ਜਗਾਏ।
ਰਾਵੀ ਨਾਲ ਝਨਾਂ ਦੇ ਸੁਪਨੇ
ਸਾਂਦਲ ਬਾਰ 'ਤੇ ਛਾਏ।

ਚੰਨ ਏਕਮ ਦੀ ਝਿਮ ਝਿਮ ਉੱਡੇ
ਛੁਹ ਮਹੀਨ ਤੇ ਨਿੱਕੀ!
ਗਗਨ ਪਿੱਛੋਂ ਗਗਨ ਦੇ ਦਰ ਤੇ
ਰਮਜ਼ ਗਈ ਕੋ ਲਿੱਖੀ।

ਲੋਕ ਲੋਕ ਦੇ ਮਸਤਕ ਉੱਤੇ
ਚਮਕੀ ਅਣਬੁਝ ਲਿੱਪੀ;
ਪੜ੍ਹਣ ਨਬੀ ਦਾਨੀਏਲ ਵਰਗੇ
ਕਿੰਜ ਤਕਦੀਰ ਲਡਿੱਕੀ?

ਗੁਮਨਾਮੀ ਦੀ ਦੂਰ ਕੁੰਟ ਚੋਂ
ਜਦ ਉੱਠਣ ਕੁਰਲਾਟਾਂ
ਨਾ-ਪੜ੍ਹੇ ਹਰਫ਼ਾਂ ਚੋਂ ਰੌਸ਼ਨ
ਹੋਣ ਮੇਦਨੀ-ਵਾਟਾਂ।

ਟੁਟਦੇ ਤਬਕਾਂ ਨਾਲ ਖੜੇ ਜਦ
ਹਫਦੇ ਕਾਲ ਪਿਆਸੇ
ਜਾਮ ਨਜਾਤ ਤਰਸ ਦੇ ਚੁੱਕੀ
ਤਾਰੇ ਦੇਣ ਦਿਲਾਸੇ।

2

ਹੌਲ ਚੜ੍ਹੇ ਚਰਖਾਂ 'ਤੇ ਡਾਢਾ
ਥਰਹਰ ਕਾਲ ਦਾ ਸੀਨਾ
ਅੰਧ ਦਿਸ਼ਾ ਚੋਂ ਗ਼ਜ਼ਬ ਦੇ ਪਰਬਤ
ਡਿੱਗਣ ਸਿਰ ਮਸਕੀਨਾਂ।

ਭੈ ਬੇਰਾਹ ਵਲ ਗੁਮਨਾਮੀ
ਹੋਂਦ ਅਸੰਖ ਨੂੰ ਖਿੱਚੇ,
ਹੌਲ ਅਥਾਹ ਦੇ ਪੰਜੇ ਹੇਠਾਂ
ਸਾਹ ਕਾਲ ਦੇ ਫਿੱਕੇ।

ਕੱਤਕ ਦੀ ਪੂਨਮ ਤੋਂ ਪਹਿਲਾਂ
ਜ਼ੁਲਮ ਹੋਇ ਜਦ ਗਹਿਰਾ
ਬੇਦਿਲ ਅਣੂ ਅਣੂ ਸਿਰ ਹੋਵੇ
ਨਵੇਂ ਧਰਮ ਦਾ ਪਹਿਰਾ।

ਦੂਜ ਦਾ ਚੰਨ ਚੜ੍ਹੇ ਜਗ ਵੇਖਣ
ਪੱਥਰ-ਨੈਣ ਸਰਾਪੇ,
ਚਿਰਾਂ ਪਿੱਛੋਂ ਧੀਆਂ ਨੂੰ ਮਿਲਦੇ
ਜਿਵੇਂ ਫ਼ਕੀਰ ਹੋ ਮਾਪੇ।

ਤਲਵੰਡੀ ਦੇ ਨੇੜ ਵਣਾਂ ਵਿਚ
ਸੰਤ ਸਮੂਹ ਅਨੇਕਾਂ
ਪੌਣ ਦੀਆਂ ਧੂੜਾਂ 'ਤੇ ਵੇਖਣ
ਕਾਲ ਦੀਆਂ ਸਭ ਰੇਖਾਂ।

ਤਲਵੰਡੀ ਦੇ ਕੱਚੇ ਘਰਾਂ ਤੇ
ਝਾਕ ਰਹੇ ਅਸਮਾਨਾਂ
ਹੇਠ ਅਸੀਸ ਤੱਕੀਆਂ ਦੂਰੋਂ
ਘਾਇਲ ਜੁਗਾਂ ਤੋਂ ਜਾਨਾਂ।

ਭਾਰ ਉਤਾਰ ਪਾਪ ਦੇ ਜਾਗਣ
ਉਮ੍ਹਲ ਉਮ੍ਹਲ ਇਉਂ ਜਿੰਦਾਂ
ਚੰਨ-ਹੁਸਨ ਦੀ ਬਰਕਤ ਪਹਿਲੀ
ਯਾਦ ਕਰੀ ਜਿਉਂ ਸਿੰਧਾਂ।

ਤੀਜ ਦਾ ਚੰਨ ਉਡੀਕਾਂ ਵਾਰੇ
ਵਣ ਟਾਹਲੀਆਂ ਉੱਤੇ
ਜੰਡ ਕਰੀਰ ਵਾਂਗ ਵੈਰਾਗੀ
ਨਾਗ ਹੋਇ ਇਸ ਰੁੱਤੇ

ਰਾਵੀ ਦੇ ਪੱਤਣ ਜਦ ਖੁਰਦੇ
ਮੀਨ ਕੁਈ ਪਰਦੇਸਣ
ਕਿਸੇ ਮਲਾਹ ਦੀ ਪੈੜ ਵੇਖਦੀ
ਜਿਸਨੂੰ ਸਮੇ ਨ ਮੇਸਣ।

ਚੌਥ ਦਾ ਚੰਨ ਚਮਕਦੇ ਤਾਰੇ
ਰੁਮਕਣ ਦੂਰ ਹਵਾਵਾਂ,
ਕਿਹੜੇ ਲੋਕ ਦਾ ਕਿਸ ਪੱਤੇ ਤੇ
ਲਿਖ ਚਲੀਆਂ ਸਿਰਨਾਵਾਂ ?

ਇਕ ਜੋਗੀ ਦੇ ਦਸਮ ਦੁਆਰੇ
ਬਲੇ ਆਵੇਸ਼ ਪੁਰਾਣਾ
ਇਕ ਸੰਤ ਦੀ ਡੂੰਘੀ ਨੀਂਦਰ
ਢੂੰਡ ਰਹੀ ਨਵ ਬਾਣਾ।

ਚੰਨ ਪੰਚਮ ਦਾ, ਸਦ ਇਲਾਹੀ
ਸੁਣੀ ਪਿੰਡ ਦੇ ਲੋਕਾਂ
ਚੌਦਾਂ ਤਬਕ ਦਾ ਪਹਿਰਾ ਘੁੰਮੇ
ਨਾਲ ਨਾਲ ਵਣ-ਝੋਕਾਂ।

ਮਾਂ ਵਾਂਗ ਵੇਖਣ ਵਣ ਭੋਲੇ
ਬੇਪਤ ਲੋਕ ਸਰਾਪੇ
ਦਿਲ ਨੂੰ ਹੌਲ-ਜਰਬ ਜਦ ਪੈਂਦੀ
ਸਾਂਭ ਲਵੇ ਕੁਈ ਆਪੇ।

ਚੰਨ ਛਟਮ ਕੱਤਕ ਦਾ ਲਿਸ਼ਕੇ!
ਸੰਤ ਰਹਿਣ ਵਿਚ ਵਣ ਦੇ,
ਪੌਣ ਨੇ ਰਹਿਮ-ਗੋਦ ਵਿਚ ਚੁੱਕੇ
ਬੋਲ ਦੁਰੇਡੇ ਰਣ ਦੇ।

ਤਹਿਜ਼ੀਬਾਂ ਦੀ ਰਾਖ ਅੰਦਰਾਂ
ਰਹਿਣ ਪੁਰਾਤਨ ਰਾਹਾਂ,
ਸਿਮਰਣ ਮੂਕ ਹੇਠ ਯੁਗ ਸੁੱਤੇ
ਉਮੂਲਣ ਅੰਬਰ-ਬਾਹਾਂ।

ਚੰਨ ਸਪਤਮੀ ਰਿਸ਼ਮਾਂ ਕੋਮਲ
ਚੁਣ ਚੁਣ ਗਲੇ ਲਗਾਵਣ
ਤਦੋਂ ਇਸ਼ਕ ਦੀ ਧਾਰ 'ਤੇ ਤੁਰ ਕੇ
ਦਲ ਸੰਤਾਂ ਦੇ ਆਵਣ।

ਚੁੱਪ ਅਗਾਧ 'ਚ ਰਾਖ ਨ ਲੱਭੇ
ਬੀਤ ਗਏ ਸਭ ਜਾਨੀ,
ਕੋ ਅਨੰਤ ਹੁੰਮਸ ਨੇ ਨਿਗਲੀ
ਮੁਣਸ ਦੀ ਖ਼ਾਸ ਨਿਸ਼ਾਨੀ।

ਤਬਕਾਂ ਚੋਂ ਤਦ ਨਿਕਲ ਚਮਕਦਾ
ਹੱਥ ਮਹਾਂ ਬਲਿ ਸੂਰਾ,
ਮੌਤ-ਕੁੰਡ ਦੇ ਹੇਠੋਂ ਚੁੱਕੇ
ਜਲਵਾ ਕਾਲ ਦਾ ਪੂਰਾ।

ਚੰਨ ਅਸ਼ਟਮ ਦਾ ਝੁਕ ਝੁਕ ਚੁੰਮੇ
ਕੰਨਸੋਆਂ ਦੇ ਬੂਹੇ,
ਬ੍ਰਿਛ, ਉਡੀਕ, ਸੰਤ ਮਿਲ ਬੈਠੇ
ਤਲਵੰਡੀ ਦੀ ਜੂਹੇ।

ਨਾਗ ਅਦਿੱਸ ਪਤਾਲ 'ਚ ਸੁੱਤੇ
ਸੁਣਿ ਜਾਗੇ ਫ਼ਰਿਆਦਾਂ,
ਆਦਿ ਫ਼ਜਰ ਦੇ ਸਫ਼ਰ ਅਨੋਖੇ
ਧੁੰਮ ਪਾਉਣ ਵਿਚ ਯਾਦਾਂ।

ਕੋਟ ਬਰਸ ਦੇ ਪਿੰਜਰ ਤੀਕਣ
ਪੌਣ ਵਣਾਂ ਦੀ ਜਾਵੇ,
ਭੁੱਲ ਗਏ ਮੋਇਆਂ ਦੇ ਸਿਰ ਤੇ
ਮੁੜ ਵਰਦਾਨ ਜਗਾਵੇ।

ਚੰਨ ਨੌਵੀਂ ਦੇ ਨਾਲ ਉਤਰਦੇ
ਅਦਲਾਂ ਦੇ ਪ੍ਰਛਾਵੇਂ,
ਵੇਖ ਰਹੇ ਸਦੀਆਂ ਵਿਚ ਕੋਹੇ
ਪੁੱਤ ਮਾਵਾਂ ਦੇ ਸਾਵ੍ਹੇਂ।

ਅੱਜ ਸੱਥ ਵਿਚ ਬਲਦੇ ਦੀਵੇ
ਰਮਜ਼ ਅਨੋਖੀ ਖੋਲ੍ਹੀ,
ਜਿਸਨੇ ਜੁਗ ਜੁਗ ਦੇ ਰੁੱਖਾਂ ਦੀ
ਸੁਣੀ ਚੁੱਪ ਵਿਚ ਬੋਲੀ।

ਰੁੱਤ ਕੱਤਕ ਨੇ ਰਹਿਮ ਦਾ ਦੀਵਾ
ਅਦਲ-ਤਲੀ 'ਤੇ ਧਰਿਆ,
ਸੁੱਕੇ ਬਾਗ਼ੀਂ ਕੋਹੇ ਸੰਤ ਦਾ
ਫੇਰ ਸੁਨੇਹਾ ਹਰਿਆ।

ਕੱਤਕ ਸੁਦੀ ਦਸਵੀਂ ਚਮਕੇ
ਬਾਣੀ ਦੇ ਹੜ੍ਹ ਲਾਗੇ,
ਆਗਾਸਾਂ ਆਗਾਸ ਚੀਰ ਕੇ
ਰਗ ਕੁਕਨੂਸ ਦੀ ਜਾਗੇ।

ਘਾਇਲ ਹੋਇ ਸਿਰ ਰੋ ਕੇ ਰੱਖੇ
ਰਾਤ ਦੀ ਗੋਦ ਮੁਰੀਦਾਂ,
ਸੀਸ ਪਛਾਣ ਬਿਨਾਂ ਸੀ ਦਿੱਤੇ
ਵਿਸਰੇ ਅਨਿਕ ਸ਼ਹੀਦਾਂ।

ਨਰਕ-ਗੁਫਾਵਾਂ ਅੰਦਰ ਜਾਨੀ
ਬਿਨ ਦੱਸੇ ਜੋ ਮਾਰੇ,
ਰੁਖ, ਪੰਖੀ, ਨਾਗਾਂ ਦੀ ਰੂਹ ਨੂੰ
ਦੇਣ ਭੇਤ-ਲਿਸ਼ਕਾਰੇ।

ਕੱਤਕ ਸੁਦੀ ਯਾਰ੍ਹਵੀਂ ਨੈਣੀਂ
ਰੂਹ ਮਸੂਮ ਵਡ ਜਾਗੀ,
ਹਿਰਸ ਦੇ ਵਲਾਂ ਛਲਾਂ ਦੇ ਅੰਦਰ
ਇਕ ਪਲ ਹੋਈ ਨ ਦਾਗ਼ੀ।

ਜਗ ਦੇ ਬਲੀ ਦਾਵਿਆਂ ਅੱਗੇ
ਜੋ ਨਿਰਲੇਪ ਤੇ ਬ਼ਾਗ਼ੀ,
ਜਿਸ ਤੋਂ ਪਤ ਦੀ ਬੂੰਦ ਪੀਣ ਲਈ
ਮਜ਼ਬ੍ਹਾਂ ਦੀ ਲਿਵ ਲਾਗੀ।

ਚੰਨ ਬਾਰ੍ਹਵੀਂ ਦੇ ਮਸਤਕ ਤੇ
ਸਾਧ ਬਚਨ ਅਟਲਾਧਾ,
ਹੁਕਮ ਦੀ ਰਗ ਚੋਂ ਸਿਦਕ ਜਾਗਿਆ
ਨਿਹਕਲੰਕ ਤੇ ਸਾਦਾ।

ਟੁਟ ਚੁੱਕੇ ਰਾਹਾਂ ਦੇ ਉੱਤੇ
ਜਦੋਂ ਕੰਬਦੀਆਂ ਜਾਨਾਂ,
ਕਾਲ ਕਾਲ ਚੋਂ ਤਲਵੰਡੀ ਤੇ
ਪੈਣ ਇਲਾਹੀ ਸ਼ਾਨਾਂ।

ਹਾਰੇ ਦਲ ਕੌਮਾਂ ਦੇ ਭੇਜਣ
ਤਲਵੰਡੀ ਵਲ ਆਹਾਂ,
ਕੱਚੇ ਘਰਾਂ ਦੇ ਗਲੇ ਪੈਂਦੀਆਂ
ਲਖ ਬਰਸ ਦੀਆਂ ਬਾਹਾਂ।

ਚੰਨ ਤੇਰ੍ਹਵੀਂ ਕਰੇ ਉਡੀਕਾਂ
ਮੰਗ ਰਿਹਾ ਜਗ ਖੈਰਾਂ,
ਰਾਖ ਬਣੇ ਬਾਗਾਂ ਵਿਚ ਦਿੱਸਣ
ਮੁੜ ਪੈਗੰਬਰ-ਪੈੜਾਂ।

ਸਿਦਕ ਮਾਹੀ ਦਾ ਸਾਂਭ ਨ ਸੱਕੇ
ਬੋਲ ਜਦੋਂ ਅਸਮਾਨੀ
ਕੱਚੇ ਧਾਗੇ ਵਾਂਗੂੰ ਟੁੱਟੇ
ਦਾਅਵੇ ਕੋਟ ਰੂਹਾਨੀ।

ਡੂੰਘੀ ਦੱਬੀ ਰਾਖ ਚੋਂ ਉੱਠੇ
ਅਣਦਿੱਸ ਗਗਨ ਪਿਆਸੇ,
ਰਾਇ ਬੁਲਾਰ ਦਾ ਘਰ ਤਦ ਘੁੰਮੇ
ਨੂਰ ਖ਼ੁਦਾ ਦੇ ਪਾਸੇ।

ਚੰਨ ਚੌਧਵੀਂ ਬੇਪੱਤ ਕੌਮਾਂ
ਰਾਖ ਹੇਠ ਦਬ ਜਾਵਣ,
ਚੌਦਾਂ ਤਬਕ ਇਸ਼ਕ ਦੇ ਬੂਹੇ
ਖੋਲ੍ਹ ਕੇ ਸਿਦਕ ਜਗਾਵਣ।

ਤੱਕਿਆ ਦਾਨੇ ਦੇ ਨੈਣਾਂ ਵਿਚ
ਤਲਵੰਡੀ ਦੇ ਬਾਲਾਂ,
ਰਿਸ਼ਮ-ਰਬਾਬ ਦਰਦ ਦੀ ਡੂੰਘੀ
ਤੜਪ ਭਰੇ ਵਿਚ ਸਾਲਾਂ।

ਦਾਨੇ ਦੇ ਹੁਜਰੇ ਦਾ ਦੀਵਾ
ਸਿਕ ਸਿਕ ਕਰੇ ਸਲਾਮਾਂ,
ਫ਼ਜਰ-ਲੀਕ ਸੰਤ ਸੀ ਵਾਹ ਗੇ
ਪਾਰ ਅਸੰਖਾਂ ਸ਼ਾਮਾਂ।

ਖੜ੍ਹੀ ਮਸੂਮ ਨਾਨਕੀ ਬੁੱਝੇ
ਚੰਨ 'ਚ ਅਜਬ ਨਿਸ਼ਾਨੀ,
ਦੂਰ ਪਹਾੜ ਜਿਵੇਂ ਤਕ ਉੱਚੇ
ਨੈਂ ਵਿਚ ਪਵੇ ਹੈਰਾਨੀ।

ਨੈਣ ਕਰਨ ਪੌਣਾਂ ਨੂੰ ਪਾਵਨ
ਬਾਲ-ਨਜ਼ਰ ਕੀ ਮੰਗੂ ?
ਚੌਦਾਂ ਤਬਕ ਮਾਸੂਮ ਹੋਇ ਨੇ
ਛੁਹ ਉਡੀਕ ਦੇ ਹੰਝੂ।

ਬਾਲ ਨਾਨਕੀ ਦੇ ਨੈਣਾਂ ਵਿਚ
ਝਿਲਮਿਲ ਹੋ ਅਸਮਾਨਾਂ,
ਅਪਣੱਤ ਰੱਬ-ਨਾਮ ਦੀ ਸਾਰੀ
ਭਰੀ ਵਿਚ ਅਰਮਾਨਾਂ।

ਕਾਮਰੂਪ ਬਗ਼ਦਾਦ ਸੁਮੇਰੋਂ
ਧਾਹ ਵੈਰਾਗੀ ਧੈੜਾ,
ਵਲ ਅਣਬੋਲ ਨਾਨਕੀ ਥਰਕਣ
ਕਿਤੇ ਦੂਰ ਵਿਚ ਦਹਿਰਾਂ।

3

ਪੂਰਨਿਮਾ ਨੇ ਸਜਦਾ ਕੀਤਾ
ਕਿਸ ਮਾਹੀ ਦੀ ਜੂਹੇ ?
ਨੂਰੀ ਹੜ੍ਹ ਤੋੜ ਕੇ ਲੰਘੇ
ਚੌਦਾਂ ਤਬਕ ਦੇ ਬੂਹੇ।

ਸਿਮਰਣ ਵਿਚ ਸਮੇ ਦੇ ਪੈਂਡੇ
ਦਿਲ ਵਾਂਗ ਸੀ ਧੜਕੇ,
ਪੂਨਮ ਚੋਂ ਨਵ ਅੱਖਰ ਢੂੰਡਣ
ਥਰਕ ਯੁਗਾਂ ਦੇ ਵਰਕੇ।

ਰਿਸ਼ਮਾਂ ਦੇ ਜੋਬਨ ਨੂੰ ਬਖ਼ਸ਼ੇ
ਭੇਤ ਨਾਮ-ਅਸਮਾਨਾਂ,
ਗਾਹੇ ਬਿਖਮ ਕਾਲ ਦੇ ਡੂੰਗਰ
ਕਿਣਕੇ ਦੇ ਅਰਮਾਨਾਂ।

ਸੁਰਤ ਮੱਤ ਮਨ ਬੁੱਧੀ ਇਕੋ
ਹੇਕ ਸੁਨਣ ਅਜ ਪੂਰੀ,
ਬਲੀ ਯੁਗ ਮਿਲ ਰੋਕ ਨ ਸੱਕੇ
ਵਾਣ ਅਮੋਘ ਤੇ ਨੂਰੀ।

ਮੋਹ ਚਾਨਣੀ ਦੇ ਇਉਂ ਢੂੰਡਣ
ਘਾਇਲ ਗੁਪਤ ਯੁਗ-ਥਾਵਾਂ,
ਜਿਉਂ ਸਿਰ ਖ਼ੂਨੀ ਗਾਰਾਂ ਝੂੰਮਣ
ਬਣ ਅਰਦਾਸਾਂ ਛਾਵਾਂ।

ਉੱਚੇ ਕਿਸੇ ਬਨੇਰੇ ਬੈਠੇ
ਸੋਚਣ ਨਗਰ ਨਿਵਾਸੀ :
"ਸੱਥ ਦੇ ਖੂਹ 'ਤੇ ਕੌਣ ਪਿਆਸਾ
ਜੋਗੀ ਜਾਂ ਬਨਵਾਸੀ ?"

ਦਰਾਂ ਕੋਲ ਕੰਨਸੋਆਂ ਲੈਂਦੇ
ਕੋ ਪੈਗੰਬਰ ਜਾਪਣ,
ਚੁੰਮ੍ਹ ਵਕਤ ਦੀ ਹੇਕ ਪੁਰਾਣੀ
ਸੁਰਤਿ ਜਗਤ ਦੀ ਨਾਪਣ।

ਬਿਰਜਨਾਥ ਪੰਡਤ ਇਉਂ ਉਚਰੇ
ਬਾਲ ਕੁਟੀ ਵਿਚ ਦੀਵਾ :
"ਹਸ ਯਤੀਮ ਦੀ ਆਹ ਸੁਣੇ ਜੋ
ਮਹਾਂ ਪਾਪ ਵਿਚ ਖੀਵਾ
ਇਕ ਦਿਨ ਰੁਲ ਜਾਵੇ ਪਤ ਬਾਝੋਂ
ਅੰਤਮ ਨਦਰ ਦੇ ਸਾਹਵੇਂ
ਨੌਂ ਖੰਡ ਰਾਜ ਕੀਟ ਸਮ ਰੀਂਗੇ
ਘਿਰ ਕੰਦਰਾ-ਪਰਛਾਵੇਂ।"

ਪੂਰਨਮਾਸ਼ੀ ਪਾਰ ਜਾਗਦੇ
ਰਣ ਅੰਬਰ ਦੇ ਕੋਟਾਂ,
ਦੇਣ ਸੁਰਤ ਦਿਲਗੀਰ ਦੇ ਆਂਗਣ
ਧਰਮ ਸ਼ਰਮ ਨੂੰ ਓਟਾਂ।

ਪੁਲ ਦਾ ਭੈਅ ਚੜ੍ਹੇ ਸਿਰ ਰਾਵਣ
ਸਿੰਧ ਪਾਰ ਬਨਵਾਸੀ!
ਤੋੜ ਰਿਹਾ ਨੂਰ ਦਾ ਖੇੜਾ
ਕਤਲਗਾਹ ਤੇ ਫਾਸੀ।

ਵਲੀ ਨਬੀ ਭਗਤਾਂ ਦੇ ਸੁਪਨੇ
ਨਾਲ ਚਾਨਣੀ ਵਜਦੇ,
ਚੜ੍ਹ ਚੜ੍ਹ ਸਿੰਧ ਗ਼ਜ਼ਬ ਦੇ ਜੀਵਣ
ਮੂਕ ਹੋਣ ਵਿਚ ਸਜਦੇ।

ਕੰਧਾਂ ਕੋਠੇ ਪਿਆ ਜਗਾਵੇ
ਕੰਨਸੋਆਂ ਦਾ ਕਾਂਬਾ,
ਮੌਤ ਹਯਾਤੀ ਕਾਲ-ਗਗਨ ਵਿਚ
ਜਾਮ ਪੀਣ ਇਕ ਸਾਂਝਾ।

ਸਿਮਰਣ ਦੀ ਸ਼ਬਨਮ ਵਿਚ ਲੁਕਦਾ
ਝਿਮ ਝਿਮ ਵਕਤ ਦਾ ਝਾਂਜਾ,
ਆ ਬਿਰਖ ਦੇ ਸੰਬਰ ਨੂੰ ਸੌਂਪੇ
ਯਾਦ ਹੀਰ ਦੀ ਰਾਂਝਾ।

ਉਠ ਚੁਗੀ ਹਸ਼ਰ ਦੀ ਨਿਅਮਤ
ਰਾਇ ਬੁਲਾਰ ਦੇ ਸਾਹਾਂ,
ਅਦਲ ਆਖ਼ਰੀ ਨੂੰ ਧਾਹ ਚੁੱਕਣ
ਵਜਦ ਵਜਦ ਹੋ ਬਾਹਾਂ।

ਸਗਲ ਭਵਨ ਦਾ ਜਾਮ ਨਿਆਰਾ
ਸੁਰਤਿ 'ਚ ਨੂਰ ਘੁਮਾਵੇ,
ਫਿਰ ਇਹ ਜਾਮ ਛਲਕਿਆ ਐਨਾ
ਸਰਬ ਕਾਲ ਭਿਜ ਜਾਵੇ।

ਅਜ਼ਲ-ਤੜਪ ਤਕ ਕੁਈ ਵਲਵਲਾ
ਅਜਬ ਮਿਰਾਜ ਜਗਾਵੇ,
ਨਵੇਂ ਜਨੂੰਨ-ਹੜ੍ਹਾਂ ਦੇ ਸਿਰ 'ਤੇ
ਹਰਫ਼ ਕੁਰਾਨ ਲਿਆਵੇ।

ਦਸਮ ਦੁਆਰ ਦੇ ਰਾਗ ਤੋੜਕੇ
ਕਾਂਗ ਕਹਿਰ ਵਿਚ ਆਵੇ,
ਖੌਰ ਵਲਵਲੇ ਕਬਰਾਂ ਸੰਦੇ
ਗਲੇ ਚਾਨਣੀ ਲਾਵੇ।

ਚੌਦਾਂ ਤਬਕ ਦੀ ਅੱਗ ਉਤਰਦੀ
ਰਾਇ ਬੁਲਾਰ ਦੇ ਸੀਨੇ,
ਜਿਸਦੀ ਚੁੱਪ-ਤੜਪ ਵਿਚ ਘੁੰਮਨ
ਰਾਵਲ ਵਾਂਗ ਮਹੀਨੇ।

ਨਾਜ਼ਕ ਜਾਨ, ਮਿਹਰ ਹੈ ਭਾਰੀ,
ਹੌਲ ਪਵੇ, ਮਨ ਕੱਲਾ,
ਅਣਵੇਖੇ ਜ਼ਾਮਨ ਦਾ ਭਾਵੇਂ
ਰਾਇ ਪਕੜਿਆ ਪੱਲਾ।

ਭੈਅ ਵਿਚ ਬੁਤ ਖ਼ਾਕ ਦਾ ਲਰਜ਼ੇ
ਨਦਰ ਕਰੇ ਦਿਲਦਾਰੀ,
ਜਿਸਦੇ ਛਤਰ ਹੇਠ ਪੈਗੰਬਰ
ਵਿਛੜ ਮਿਲਣ ਲਖ ਵਾਰੀ।

ਦਾਵਾ ਅਗਨੀ ਵਿਚੋਂ ਗੁਜ਼ਰਨ
ਪੈਂਡੇ ਨਦਰ ਦੇ ਲੰਮੇ,
ਬੁੱਤ 'ਚ ਰਾਖ ਤਪੇ ਪਰ ਰੂਹ ਦੇ
ਸਫ਼ਰ ਰਹਿਣ ਨੈਂ ਵੰਨੇ।

ਆ ਕੇ ਸਿਦਕ ਰਾਇ ਦਾ ਚੁੰਮਣ
ਸਿੰਮ ਜ਼ਿਮੀਂ ਚੋਂ ਆਹਾਂ,
ਬੇਦਿਲ ਤਹਿਜ਼ੀਬਾਂ ਨੂੰ ਘੁੱਟਣ
ਚਮਕ ਚਾਂਦਨੀ-ਬਾਹਾਂ।

ਮਨ ਦੇ ਭੇਦ ਸੁਣੇ, ਫਿਰ ਮਨ ਨੂੰ
ਰਾਇ ਕਹੇ, ਕੁਝ ਹੱਸੇ:
"ਦੁਨੀਆਦਾਰਾਂ ਦਾ ਇਹ ਬੂਹਾ
ਕੀ ਫ਼ਕੀਰ ਨੂੰ ਦੱਸੇ!

"ਦਿਲ ਦੇ ਹੌਲ ਬਲਣ ਜਿਉਂ ਸੂਰਜ
ਕੂਕਨ ਦਾਖ ਚੁਫੇਰੇ!
ਕੌਣ ਹੈ ਪਾਰ ਚਾਨਣੀ ਖੱਲ੍ਹਾ
ਕਰੇ ਦਿਦਾਰ ਜੁ ਮੇਰੇ।

"ਦਾਮਨ ਅਜਬ ਸਿਦਕ ਦਾ ਜ਼ਹਿਰੀ
ਹੱਥ ਮਿਰੇ ਨੂੰ ਸੱਲ੍ਹੇ,
ਕਬਰ ਕਦੀਮ ਚੋਂ ਜਾਗ ਮਾਂ ਦਾ
ਮੋਹ ਮਿਰੇ ਵਲ ਚੱਲੇ।

"ਦੂਰ ਕਬਰ ਅਜਨਬੀ ਕੰਢੇ
ਵੁਜ਼ੂ ਕਰੇਨ ਸਵੇਰੇ,
ਮਾਂ ਪਿਉ ਦੂਰ ਰਹੇ, ਪਰ ਫਿਰ ਵੀ
ਰਹੇ ਆਸਰੇ ਮੇਰੇ।"

4

ਕੰਨਸੋਆਂ

ਪੈੜਾਂ ਥਰਕੀਆਂ, ਜੂਹ ਇਹ ਕਹੀ ਆਈ ?
ਸਾਂਦਲ ਬਾਰ ਦੀ ਚਾਂਦਨੀ ਰਾਤ ਅੰਦਰ।
"ਤੁਰਦਾ ਕੌਣ ?" ਮੁਸਾਫ਼ਰਾਂ ਗੱਲ ਕੀਤੀ
"ਦੂਰ ਦਮਕਦੇ ਵਣਾਂ ਦੀ ਝਾਤ ਅੰਦਰ।"
ਕੁਝ ਇਲਮ ਸਮੁੰਦਰੋਂ ਡੂੰਘੜੇ ਨੇ।
ਨਵੀਂ ਰਮਜ਼ ਪੈਗ਼ੰਬਰੀ ਬਾਤ ਅੰਦਰ।
ਤੁਰੇ ਕਾਫ਼ਲੇ ਚੀਰ ਗੁਮਨਾਮ ਧੂੜਾਂ
ਦੂਰ ਨੇੜ ਨਹੀਂ ਸਮੇ ਦੀ ਜ਼ਾਤ ਅੰਦਰ।

ਅਨਹਦ ਨਾਦ ਦੀ ਕਾਂਗ ਵਿਚ ਵਣਾਂ ਲਰਜ਼ੇ
ਫ਼ਨੀਅਰ ਨਾਗ ਦੇ ਖ਼ਾਬ ਅਲਾਪਦੇ ਨੇ।
ਕੋਟਾਂ ਸਾਲ ਫਣ ਹੇਠ ਨਿਰਵਾਨ ਵਰਗੇ
ਲੰਮੀ ਨੀਂਦ ਬ੍ਰਹਿਮੰਡ ਦੀ ਨਾਪਦੇ ਨੇ।
ਗੁਰੂ ਪੰਥ ਦੀ ਵਾਟ ਦੇ ਦੁੱਖ ਡਾਢੇ
ਮਿਲੇ ਕਿਸੇ ਵਰਦਾਨ ਵਿਚ ਥਾਪਦੇ ਨੇ।
ਕਹਿਣ ਨਾਗ: "ਇਸ ਖ਼ਾਕ ਮਸਕੀਨ ਅੰਦਰ
ਪੱਤਣ ਗੁੱਝੇ ਅਸਮਾਨ ਦੇ ਜਾਪਦੇ ਨੇ।"

ਛੂੰਡੇ ਚਾਨਣੀ ਡੂੰਘੜੇ ਪਾ ਕਾਮਨ
ਅਜ਼ਲੀ ਵਾਟ ਜੋ ਅੰਬਰੀ ਢਾਣੀਆਂ ਦੀ।
ਜੁਗ ਟੱਪ ਪਪੀਹੇ ਦੇ ਕੰਠ ਲੱਗੀ
ਸੁਰਤ ਰਾਵੀ ਝਨਾਂ ਦੇ ਪਾਣੀਆਂ ਦੀ।
ਤ੍ਰਿਣ ਉੱਡਕੇ ਸੁੱਤੜੀ ਡਉ ਤਾਂਈਂ
ਦੱਸੇ ਗੁਫ਼ਾ ਪੈਗੰਬਰੀ ਬਾਣੀਆਂ ਦੀ।

ਹੇਕ ਮੁੜੀ ਇਕ ਤਾਰਿਕਾ ਮੰਡਲਾਂ ਚੋਂ
ਵਣਾਂ ਵਿਚ ਗੁਆਚ ਗਏ ਹਾਣੀਆਂ ਦੀ।

ਆਪੋ ਆਪਣੇ ਦੀਪ ਜਗਾ ਸਦੀਆਂ,
ਸਿਰ ਚਾਨਣੀ ਸਿਹਰ ਗੁੰਦਾਂਦੀਆਂ ਨੇ।
ਦੱਸਣ ਪਾਕ ਫ਼ਕੀਰ ਦਾ ਕਿਵੇਂ ਜਾਦੂ।
ਸਜਦੇ ਨਵੇਂ ਤੋਂ ਨਵੇਂ ਬਣਾਂਦੀਆਂ ਨੇ।
ਕਿਸੇ ਦੂਰ ਦੀ ਫ਼ਜਰ ਦਾ ਖਿੱਚ ਪੱਲੂ,
ਲੰਮੇ ਤਾਰੇ ਦੀ ਰਮਜ਼ ਲੁਕਾਂਦੀਆਂ ਨੇ।
ਚੂਸ ਕੋਇਲ ਦੇ ਕੰਠ ਚੋਂ ਧਰਤ ਸੰਦੀ,
ਅੱਗ ਪਾਰ ਅਸਮਾਨ ਲਿਜਾਂਦੀਆਂ ਨੇ।

ਬਲੀ ਸਮੇ ਦੀ ਸੋਚ ਅਸਮਾਨ ਘੇਰੇ,
ਕਣਕਾਂ ਅਜੇ ਮਲੂਕ ਅੰਗੂਰੀਆਂ ਨੇ।
"ਔਹ ਪਿੰਡੋਂ ਤਕਦੀਰ ਦੇ ਖੰਭ ਢੂੰਡੀਂ,"
ਕਿਹਾ ਉਡਦੇ ਹੁਮਾ ਨੂੰ ਦੂਰੀਆਂ ਨੇ।
"ਕੌਣ ਚੁੱਕੇ ਇਲਹਾਮ ਦੀ ਸੱਦ ਭਾਰੀ?
ਸੁਰਤਾਂ ਸ਼ੁਕਰ ਦੇ ਬਾਝ ਨ ਪੂਰੀਆਂ ਨੇ।
ਮੌਤ ਨਾਲ ਅਸਮਾਨ ਦੀ ਭਰੀ ਖਾਰੀ,
ਜ਼ਿਮੀਂ ਕੋਲ ਹੀ ਸਬਰ ਸਬੂਰੀਆਂ ਨੇ।"

ਗਹਿਬਰ ਪਿੱਪਲਾਂ ਹੇਠ ਫ਼ਕੀਰ ਜਾਗੇ,
ਜਿਹੜੇ ਜੀਂਵਦੇ ਅੰਬਰੀ ਚੋਗਿਆਂ ਤੇ।
ਬੈਠੇ ਜੂਹ ਤਲਵੰਡੀ ਦੀ ਨੇੜ ਯੋਗੀ,
ਸੀਣ ਬਿਰਖ ਦੇ ਖ਼ਾਬ ਨੂੰ ਘੋਗਿਆਂ ਤੇ।
ਸੂਫ਼ੀ ਬੰਨ੍ਹੇ ਮਰਾਕਬੇ ਵਿਚ ਅੰਬਰ,
ਘਣੀ ਬੀੜ ਵਿਚ ਕੁਦਰਤੀ ਟੋਭਿਆਂ ਤੇ।
ਮੋਏ ਕਾਰਵਾਂ ਨੌਬਤਾਂ ਫੇਰ ਛੇੜਣ,
ਹੋਈ ਮਿਹਰ ਪੈਗੰਬਰਾਂ ਜੋਗਿਆਂ ਤੇ।

ਬੋਹੜ ਪਿੱਪਲਾਂ ਦੇ ਘਣੇ ਝੁੰਡ ਹੇਠਾਂ
ਜੋਗੀ ਸੁਖ਼ਨ ਅਨੋਖੜੇ ਬੋਲਦਾ ਏ:
"ਜਿਹੜਾ ਦਰ ਪੁਨੀਤ ਦੇ ਅੰਤ ਉੱਤੇ
ਕੌਲ ਮੌਤ ਸਤਾਣੀ ਦੇ ਤੋਲਦਾ ਏ,

ਚੁੱਕ ਪੁੰਨਿਆ-ਹੜ੍ਹਾਂ ਚੋਂ ਬੂੰਦ ਸੁੱਚੀ
ਸੁੰਨ ਜੁਗਾਂ ਪੁਰਾਣੀ ਨੂੰ ਫੋਲਦਾ ਏ,
ਓਸ ਨਾਥ ਦੀ ਪੈੜ ਨੂੰ ਗਗਨ ਉੱਚਾ
ਜੂਹ ਨਗਰ ਤਲਵੰਡੀ ਦੀ ਟੋਲਦਾ ਏ।"

ਸੂਫ਼ੀ ਆਖਦਾ "ਪੀਰ ਦਾ ਹਰਫ਼ ਵੱਡਾ,
ਚੋਲੇ ਕੁਹਨ ਦੇ ਕੂਕ ਉਤਾਰਦਾ ਏ।
ਇਹਦੇ ਹਰਫ਼ਾਂ ਦੇ ਜੋੜ ਨ ਸਮਾਂ ਕੋਈ,
ਨਗਨ ਨੂਰ ਕਾਇਨਾਤ 'ਤੇ ਚਾੜ੍ਹਦਾ ਏ।
ਚੀਰ ਵਜਦ-ਪਰਵਾਜ਼ ਦੇ ਕੁਲ ਮਾਅਨੇ,
ਮੁੜ ਮੁੜ ਸੀਸ ਕੁਰਾਨ 'ਤੇ ਵਾਰਦਾ ਏ।
ਵੱਡੇ ਵੇਲੜੇ ਧਰਤ ਹਿਸਾਬ ਮੰਗੇ,
ਬੰਦਾ ਜਿੱਤ ਕੇ ਫੇਰ ਕਿਉਂ ਹਾਰਦਾ ਏ?"

ਫੇਰ ਅਜਨਬੀ ਕਿਸੇ ਫ਼ਕੀਰ ਕਿਹਾ:
"ਧਰੂ ਮਹਿਰਮ ਮਾਸੂਮ ਦੇ ਹਾਲ ਦੀ ਏ।
ਅੱਜ ਰਾਤ ਵੰਗਾਰ ਇਕ ਬਾਲ ਸੰਦੀ,
ਗਗਨ ਘੋਰ ਗੁਨਾਹਾਂ ਦੇ ਜਾਲਦੀ ਏ।
ਜਦ ਤਕ ਖ਼ਾਕ ਵਿਚ ਬ੍ਰਿਛ ਦੇ ਰਹਿਣ ਸੁਪਨੇ,
ਮੰਜ਼ਿਲ ਨਬੀ ਦੀ ਧਰਤ ਸੰਭਾਲਦੀ ਏ।
ਬੰਦਾ ਬਾਝ ਦੁਆਵਾਂ ਦੇ ਹਾਰ ਜਾਂਦਾ,
ਧਰਤ ਅਮਲ, ਯਤੀਮ ਨੂੰ ਪਾਲਦੀ ਏ।"

ਜੋਗੀ ਕਹੇ: "ਵਿਸਮਾਦ ਦੀ ਸੋਅ ਸੂਖਮ,
ਧਿਆਨ ਸਾਮ੍ਹਣੇ ਖੜੀ ਨ ਅੱਜ ਦੀ ਏ।
ਜਿਸ ਰਮਜ਼ ਨੇ ਖ਼ਾਕ ਨੂੰ ਡੰਗਣਾ ਅੱਜ,
ਕੋਟ ਬਰਸ ਅਕਾਸ਼ ਵਿਚ ਗੱਜਦੀ ਏ।
ਭੇਦ ਨਜ਼ਰ ਮਾਸੂਮ ਦੇ ਬੜੇ ਡੂੰਘੇ,
ਹੱਸ ਐਬ ਫ਼ਕੀਰਾਂ ਦੇ ਕੱਜਦੀ ਏ।
ਮਹਾਂ ਨਾਥ ਦਾ ਲਗਦਾ ਜਦੋਂ ਆਸਨ,
ਸੁੰਨ ਬਿਨਾਂ ਦੀਦਾਰ ਨ ਰੱਜਦੀ ਏ।"

ਦਸਦਾ ਤਦੋਂ ਫ਼ਕੀਰ ਜੋ ਅਜਨਬੀ ਸੀ:
"ਨਭ ਬਾਂਝ ਹੋ ਜਾਣ ਬਿਨ ਪੀਰੀਆਂ ਜੀ।

ਜਦੋਂ ਆਰਜਾ ਸੰਤ ਦੀ ਪੁਗ ਜਾਂਦੀ,
ਨੌਂ ਖੰਡਾਂ 'ਚ ਰਹਿਣ ਦਿਲਗੀਰੀਆਂ ਜੀ।
ਕਾਸਾ ਦਰਦ ਦਾ ਜਦੋਂ ਜ਼ਮੀਨ ਤੋੜੇ,
ਔਣ ਲੈ ਅਵਤਾਰ ਫ਼ਕੀਰੀਆਂ ਜੀ।
ਸੱਚਾ ਨੇਮ ਹੀ ਕਾਲ ਨੂੰ ਕਰੇ ਸਾਬਤ,
ਰਹਿਮ ਉਦੋਂ ਵੀ ਜਦੋਂ ਨ ਮੀਰੀਆਂ ਜੀ।"

ਸੂਫ਼ੀ ਰਾਤ ਦੇ ਤੇਜ ਨੂੰ ਵੇਖ ਬੋਲੇ:
"ਸਫ਼ਰ ਛੁਪੇ ਇਕਰਾਰਾਂ ਦੀ ਝੋਲ ਵੀ ਨੇ।
ਉਂਜ ਰਹੇਗੀ ਰਹਿਮ ਦੀ ਬਾਤ ਵੱਡੀ,
ਭਾਵੇਂ ਕਹਿਰ ਦੇ ਅੰਤਲੇ ਬੋਲ ਵੀ ਨੇ।
ਮਾਣ ਕਰੇ ਤਕਦੀਰ ਦੀ ਰੇਖ ਐਵੇਂ,
ਡੂੰਘੇ ਭੇਦ ਹਰ ਵਲੀ ਦੇ ਕੋਲ ਵੀ ਨੇ।
ਅਜੇ ਅਦਲ ਨੇ ਆਖ਼ਰੀ ਸਬਕ ਦੇਣਾ,
ਕੁਝ ਸਬਰ ਦੇ ਵਖਰੇ ਕੌਲ ਵੀ ਨੇ।"

ਕਿਸੇ ਵਲੀ ਦਰਵੇਸ਼ ਨੇ ਗੱਲ ਕੀਤੀ:
"ਉਡਦੇ ਰਾਜ਼ ਮੈਂ ਰਿਸ਼ਮ 'ਤੇ ਬੰਨ੍ਹਦਾ ਹਾਂ।
ਸੰਤ ਸਭਾ ਨੂੰ ਅਜ ਜੋ ਸੋਅ ਪੈਂਦੀ,
ਨਿਆਰੀ ਰਮਜ਼ ਉਹ ਸਿਦਕ ਦੀ ਮੰਨਦਾ ਹਾਂ।
ਜਦੋਂ ਪਵੇ ਮਾਸੂਮ ਦਾ ਨਾਮ ਕੰਨੀਂ,
ਬਣਦਾ ਤੀਰ ਪਹਾੜਾਂ ਦੇ ਸੰਨ੍ਹ ਦਾ ਹਾਂ।
ਜਦੋਂ ਬਾਲ ਦੀ ਨਜ਼ਰ ਵੰਗਾਰ ਪਾਵੇ,
ਖ਼ੂਨੀ ਸ਼ਾਹਾਂ ਦੀ ਸਾਂਗ ਨੂੰ ਭੰਨਦਾ ਹਾਂ।

"ਉਸ ਬਾਲ ਦਾ ਪੁੰਨਿਆ ਮੁੱਖ ਵੇਖੇ,
ਮੱਥੇ ਕਾਲ ਦੇ ਫ਼ਜਰ ਛੁਪਾਏਗਾ ਜੋ।
ਕਿਸੇ ਬਾਗ਼ੀ ਪਰਵਾਜ਼ ਦੀ ਅੱਗ ਲੈ ਕੇ,
ਗੋਤਾ ਨਦੀ ਇਲਹਾਮ ਦੀ ਲਾਏਗਾ ਜੋ।
ਬੇਨੇਮ ਤਹਿਜੀਬਾਂ ਦੀ ਰਾਖ ਅੰਦਰ,
ਮਿੱਠੀ ਨੀਂਦ ਕੁਕਨੂਸ ਦੀ ਲਿਆਏਗਾ ਜੋ।
ਧਰਮਸਾਲ ਦੇ ਨੇਮ 'ਤੇ ਦੇ ਪਹਿਰਾ,
ਕੁਲ ਧਰਤ ਦਾ ਮੋਹ ਹੋ ਜਾਏਗਾ ਜੋ।"

5

ਪ੍ਰਕਾਸ਼

ਇੰਜ ਇਕ ਬੋਲ ਲਤੀਫ਼
ਖੂਹ, ਬੀੜ, ਘਰਾਂ ਨੂੰ ਛੂਹਕੇ, ਜਾਵੇ ਸਦੀਆਂ ਤੀਕ !
ਫ਼ਜਰ-ਝੋਲ ਵਿਚ ਸੌਂ ਰਹੀ, ਕੌਮ ਕੌਮ ਦੀ ਚੀਕ
ਚੁੰਮੇ ਨਾਨਕ-ਨਾਦ ਨੂੰ, ਮੁੱਢ ਕਦੀਮੀ ਲੀਕ।
ਕੌਣ ਪਿਆਸੇ ਜੁਗਾਂ ਤੋਂ ?, ਸਾਹਾਂ ਦੇ ਨਜ਼ਦੀਕ,
ਸੁਬ੍ਹਾ ਤ੍ਰੇਲਾਂ ਸੁੱਟੀਆਂ, ਭਰ ਭਰ ਤਰਸ ਅਮੀਕ।

ਚੋਗੀ ਸੁੱਟਣ ਥਲਾਂ ਵਿਚ, ਕੰਡੇ ਦੂਰ ਸ਼ਰੀਕ
ਜੀਭ ਕੁਸੈਲੀ ਗਈ ਨਾ, ਕਦੇ ਅਜ਼ਾਨਾਂ ਤੀਕ
ਘਾਇਲ ਚਰਨ ਇਲਹਾਮ ਦੇ, ਜਾਂਦੇ ਸਫ਼ਰ ਉਲੀਕ
ਜਿੱਥੇ ਥਲ ਦੇ ਸਬਰ ਨੇ, ਕੀਤੀ ਅਜਬ ਉਡੀਕ।

ਵਾਂਗ ਸਰਾਲ ਜੋ ਆਉਂਦੀ, ਹੌਲ-ਭਰੀ ਤਾਰੀਖ਼
ਮਿਲਦੀ ਰੈਣ-ਫੁਹਾਰ ਜਿਉਂ, ਹੋ ਕੇ ਝਲਕ ਬਰੀਕ
ਜਿਸਦੇ ਗ਼ਜ਼ਬ 'ਚ ਲਟਕਦੇ, ਨਭ ਹੋ ਨਾਮ ਧਰੀਕ
ਖੜ੍ਹ ਉਸ ਵਕਤ 'ਚ ਆਖਦਾ, ਨਾਨਕ-ਨਾਦ ਸਦੀਕ :
"ਬਣਾਂ ਮੈਂ ਸਜਦਾ ਸੱਚ ਦਾ, ਜੇਕਰ ਮਿਲੇ ਤੌਫ਼ੀਕ
ਬਹੁ ਅਸੰਖਾਂ ਘਾਟੀਆਂ, ਲੰਘਾਂ ਕਹਿਰ ਵਧੀਕ।"

ਤੱਕੀ ਸ਼ੁਤਰ-ਸੁਆਰ ਨੇ, ਪਹੁ ਫੁੱਟਣ ਦੀ ਲੋਅ
ਝਿਲਮਿਲ ਅੰਬਰ ਜਿੰਦ ਵਿਚ, ਲੈਣ ਸੰਗੀਤ ਡੁਬੋ।
ਤਾਂਘੇ ਜਾਮ 'ਚ ਮੰਜ਼ਿਲਾਂ, ਜਾਗੇ ਕਾਰਵਾਂ ਜੋ
ਮਿਲਸਨ ਨਾਜ਼ਕ ਖੰਭ ਨੂੰ, ਲੱਭ ਪਰਵਾਜ਼ਾਂ ਕੋ।

ਕਹੇ ਦੌਲਤਾਂ ਸਖੀ ਨੂੰ, "ਇਸ ਬੱਚੜੇ ਦਾ ਮੋਹ
ਕੁਲ ਧਰਤੀ ਨੂੰ ਵੇਖਦਾ, ਅੰਬਰਾਂ ਵਾਂਗ ਖਲੋ।
ਜਨਮ ਸਮੇ ਸੀ ਏਸ ਦੀ, ਵਾਜ ਸੁਣੀ ਮੈਂ ਉਹ
ਅਣਜਾਣੇ ਸਭ ਜੁਗਾਂ ਦੀ, ਜਿਸ ਅੰਦਰ ਕੰਨਸੋਅ।
ਇਹ ਹੈ ਪੰਛੀ ਦੂਰ ਦਾ, ਜਲ ਥਲ ਪਾਵੇ ਖੋਹ
ਇਕ ਪਲ ਪੌਣ 'ਚ ਘੁੰਮਦਾ, ਚੰਨ ਦਾ ਚਾਨਣ ਹੋ।

ਜਨਮ ਸਮੇ ਮੈਂ ਸੋਚਿਆ, ਚਰਨ ਇਹਦੇ ਨੂੰ ਧੋ
ਸਾੱਭੇ ਖ਼ਾਕ ਫ਼ਰੇਬ ਜੋ, ਜਾਸਨ ਅੰਤ ਨੂੰ ਰੋ।
ਉੱਠਣ ਵਣੀਂ ਭਬੂਕੜੇ, ਮੰਝ ਖੇੜੇ ਖ਼ੁਸ਼ਬੋ
ਓਸ ਲੋਕ ਵਿਚ ਮਿਲੇ ਨਾ, ਬਾਲ ਇਹ ਦਰ ਨੂੰ ਢੋ।
ਦੂਰ ਨਰਕ ਵਿਚ ਸੁਣਾਂ ਮੈਂ, ਗਰਜ ਰਿਹਾ ਇਕ ਰੋਹ
ਜਾਂਦੀ ਜਾਂਦੀ ਜਗਤ ਤੋਂ, ਦਰਸ ਇਹ ਲਵਾਂ ਲੁਕੋ।"

ਪਹੁ ਫੁੱਟੀ ਮਨ ਵੇਦ ਦੇ, ਥਰਕ ਪਈ ਸੀ ਹਿੰਦ
ਪੀ ਕੇ ਰਿਮ ਝਿਮ ਗਗਨ ਦੀ, ਕੁਦਮ ਕਰੇ ਜਿਉਂ ਇੰਦ।
ਖੜੇ ਰਿਚਾ ਦੇ ਦਰਾਂ ਤੇ, ਕੌਣ ਮਸਤ ਇਹ ਰਿੰਦ ?
ਮਹਿਫ਼ਲ ਲੱਖਾਂ ਸਾਲ ਦੀ, ਚਮਕੇ ਨੈਣੀਂ ਕਿੰਜ ?
ਕਿਹਾ ਤਦੋਂ ਹਰਦਿਆਲ ਨੇ: "ਸਮਾਂ ਖੜੇ ਜੇ ਬਿੰਦ
ਇਕੋ ਰੇਖ 'ਚ ਵੇਖ ਲਾਂ, ਨੌਂ ਖੰਡਾਂ ਦੀ ਜਿੰਦ।
ਦਰਿਆਵਾਂ ਦੀ ਗਰਜ ਪੀ, ਮੂਕ ਰਹਿਣ ਅਰਬਿੰਦ
ਦਿਲ ਕੰਬੇ ਤਕ ਪਾਰ ਨੂੰ, ਪੱਤਣ ਸ਼ੀਂਹ ਮ੍ਰਿਗਿੰਦ।
ਵਿਛੜੇ ਸਮੇ ਨੇ ਉੱਤਰੇ, ਕੂੰਜ ਵਾਂਗ ਇਸ ਪਿੰਡ
ਮੰਝਧਾਰ ਵਿਚ ਕੰਬਦੀ, ਤ੍ਰਿਣ ਨਾਜ਼ਕ ਦੀ ਚਿੰਦ।
ਪੱਤ੍ਰੀ ਦੀ ਹਰ ਰੇਖ ਵਿਚ, ਸਮਾਂ ਸੁੰਨ ਨਿਰਜਿੰਦ
ਨਾਨਕ-ਨਦਰ 'ਚ ਉਤਰੇ, ਪੰਧ ਅਜਰ ਬਖ਼ਸ਼ਿੰਦ।
ਸਦਾ ਹਲਤ ਨੇ ਰੱਖਦੇ, ਪਲਤ ਵਿਚ ਜੱਗ-ਹਿੰਝ
ਜੱਗ-ਵੇਦਨ ਨ ਭੁੱਲਦਾ, ਨਾਨਕ ਸ਼ਬਦ ਨਰਿੰਦ।
ਜਗ-ਜੋਬਨ ਹੱਸ ਜਾ ਰਿਹਾ, ਓਸ ਜਗਤ ਹਰ ਬਿੰਦ
ਕੋਹ ਕੋਟ ਇਕ ਸ਼ਬਦ ਚੋਂ, ਦੀਰਘ ਅਰਥ ਰਵਿੰਦ।
ਪੰਖੀ ਕੂਕੇਂ ਤਲਖ਼ ਕਿਉਂ ? ਏਸ ਖ਼ਾਕ ਨੂੰ ਇੰਜ
ਏਸ ਵਿਚ ਕੁਲ ਸਮੇ ਦੇ, ਰਾਜ਼ ਰਹਿਣ, ਨਾ ਨਿੰਦ।"

ਸੁਣ ਪਾਂਧੇ ਗੋਪਾਲ ਨੇ, ਕਿਹਾ: "ਕੰਨ ਧਰ, ਮੀਤ!
ਬੱਝਾ ਨਾਲ ਨਛੱਤਰਾਂ, ਸਮਾਂ ਪਾਲਦਾ ਰੀਤ।
ਜਨਮ ਮਰਨ ਦੇ ਗੇੜ ਵਿਚ, ਬਹੁ ਰਿਸ਼ੀ ਗਏ ਬੀਤ
ਲੇਖ ਮਹੀਨ ਜੋ ਪੱਤ੍ਰੀ, ਬਲੀ ਸਕੇ ਨਾ ਜੀਤ।
ਭੋਲੇ ਬਾਲ ਨੂੰ ਵੇਖ ਕਿਉਂ ? ਲੇਖ ਮਹਾਂ ਭੈਅ ਭੀਤ,
ਲੰਘੇ ਪੱਤਣ ਮੌਤ ਦੇ, ਕਿੰਜ ਵਜਦ ਦਾ ਗੀਤ।

ਨੇਮ ਸਮੇ ਦਾ ਡਿੱਗਦਾ, ਜਿਵੇਂ ਰੇਤ ਦੀ ਭੀਤ,
ਨਾਨਕ ਅੱਖਰ ਨਾਲ ਹੈ, ਕਿਸ ਅੱਖਰ ਦੀ ਪ੍ਰੀਤ ?"

"ਸੁਣ" ਕਿਹਾ ਹਰਦਿਆਲ ਨੇ, "ਨਾਨਕ ਨਾਂ ਦੀ ਛੱਲ
ਅੰਬਰ-ਬੰਨ੍ਹੇ ਲੇਖ ਸਭ, ਡੋਬੇ ਪਾ ਤਰਥੱਲ।
ਉਸਦੇ ਲੇਖ 'ਚ ਕਿਤੇ ਵੀ, ਅੱਜ ਭਲਕ ਨਾ ਕੱਲ
ਖੁਰੇ ਓਸਦੇ ਤਰਸ ਵਿਚ, ਹਰ ਹੋਣੀ ਦੀ ਗੱਲ।
ਮਹਿਤਾ ਕਾਲੂ ਧਾਮ ਮੈਂ, ਵੇਖਾਂ ਪੱਟੀ ਵੱਲ
ਭੇਤ ਸੀ ਬੈਠੇ ਸਮੇ ਦੇ, ਇਕੋ ਅੱਖਰ ਮੱਲ।
ਗਰਕਣ ਰੇਖ ਮਹੀਨ ਵਿਚ, ਅਸਮਾਨਾਂ ਦੇ ਝੱਲ
ਇਕ ਅੱਖਰ ਨਾ ਜਿੱਤਿਆ, ਨਾਦ ਦਲਾਂ ਨੂੰ ਘੱਲ।
ਨੀਵੀਂ ਨਜ਼ਰ ਮੈਂ ਵੇਖਦਾ, ਵੱਡ ਭੌਜਲ ਨੂੰ ਖੱਲ੍ਹ
ਸੁਣਦੀ ਪਰਲੈ ਮੱਝ ਸੀ, ਨਾਨਕ-ਧੁਨੀ ਅਟੱਲ।
ਹੂਲ ਕਾਹਾਹਾ ਵਿੰਨ੍ਹਦਾ, ਛਾਲੇ ਰਹੇ ਜੋ ਥੱਲ
ਇਕ ਅੱਖਰ ਬ੍ਰਹਿਮੰਡ ਦੀ, ਐਪਰ ਭਰੇ ਇਕੱਲ।
ਨੈਂ ਪਰਲੈ ਦੀ ਚੀਰ ਮੈਂ, ਅਣਵੇਖੇ ਜਰ ਸੱਲ੍ਹ
ਨਾਨਕ ਨਾਂ ਮੈਂ ਬੋਲਿਆ, ਦਰ ਕਾਲੂ ਦੇ ਚੱਲ।
ਸਭ ਕਾਲਾਂ ਨੂੰ ਲੰਘ ਕੇ, ਸੁਣਿਆਂ ਨਾਦ ਅਕੱਥ
ਆਦਿ ਕਾਲ ਵਿਚ ਟਿਕੀ ਹੈ, ਉਸ ਨਾਨਕ ਦੀ ਸੱਥ।
ਦੇ ਅਸੀਸ ਜੋ ਮੌਤ ਨੂੰ, ਮਾਤ ਕਰੇ ਸਮਰੱਥ
ਪਹਿਰੇ ਤਿਨਾਂ ਦੀ ਛਾਂ ਦੇ, ਰਹਿਣ ਸਮੇ ਦੀ ਵੱਥ।
ਪਾਰ ਤਾਰਿਆਂ ਦੌੜਦਾ, ਪਹਿਰੇਦਾਰ ਦਾ ਰੱਥ
ਹਰ ਹੋਣੀ ਦੇ ਸੀਸ 'ਤੇ, ਜਿਸਨੇ ਰੱਖੇ ਹੱਥ।
ਮਾਤ ਲੋਕ ਚੋਂ ਲੰਘਦਾ, ਜਦ ਨਾਨਕ ਦਾ ਪੱਥ
ਪਹਿਰਾ ਉਸਦਾ ਗੂੰਜਦਾ, ਲੇਖ ਅਲੇਖ 'ਤੇ ਲੱਥ।
ਸੁੱਟੇ ਪਾਰ ਨਛੱਤਰਾਂ, ਸਿੱਧ ਲਏ ਜੋ ਮੱਥ
ਮਨ ਪਰਦੇਸੀ ਓਸਦਾ, ਅਜੇ ਨ ਸੱਕਾਂ ਕੱਥ।"

ਅਨਲ ਵਾਂਗ ਅਣਦੱਸਿਆਂ, ਆ ਕਾਲੂ ਦੇ ਧਾਮ
ਬ੍ਰਿਹੋ ਫ਼ਜਰ 'ਤੇ ਵਾਰਦੀ, ਮੂਕ ਜੁਗਾਂ ਦੀ ਸ਼ਾਮ।
ਜੁਗ ਸੰਜੋਗੀ ਸਿਖਰ 'ਤੇ, ਚਾ ਵਿਜੋਗ ਦੇ ਨਾਮ
ਵੇਹਣ ਰਵੀ ਬ੍ਰਹਿਮੰਡ ਦੇ, ਵਿਚ ਅਣਦੱਸ ਪ੍ਰਣਾਮ।

ਦਿੰਦਾ ਪਹਿਰਾ ਵਕਤ 'ਤੇ, ਨਿੱਕਾ ਜਿਹਾ ਗਰਾਮ
ਖ਼ੂਨੀ ਰਾਹਾਂ ਨੇੜ ਹੀ, ਸੌਣ ਕਾਫ਼ਲੇ ਆਮ।

ਹਿੰਸਕ ਧਾੜਾਂ ਮੰਝ ਜੋ, ਆਹਾਂ ਹੋਣ ਨਿਲਾਮ
ਤ੍ਰਿਪਤਾ ਗੋਦ 'ਚ ਬਾਲ ਜੋ, ਉਸਦੀ ਆਵਣ ਸਾਮ।
ਪਹਿਰਾ ਮਾਂ ਦੀ ਗੋਦ ਦਾ, ਬ੍ਰਹਿਮੰਡਾਂ ਦੇ ਬਾਂਮ
ਮਧੁਰ ਭੈ ਬੰਨ੍ਹ ਬੈਠਦਾ, ਜਿਉਂ ਘੋੜਾਂ ਦੀ ਗਾਮ।

ਵਾਰਣ ਨਾਨਕ-ਸੀਸ 'ਤੇ, ਹੰਝੂ ਸਣੇ ਸਲਾਮ
ਤਹਿਜ਼ੀਬਾਂ ਦੇ ਰਾਹ ਜੋ, ਧਾੜਾਂ ਕਰਨ ਗ਼ੁਲਾਮ।
ਬੇਨਿਆਜ਼ਾਂ ਹੱਸ ਕੇ, ਵੰਡੇ ਫ਼ਕਰ ਦੇ ਤਾਮ
ਤਹਿਜ਼ੀਬਾਂ ਦੇ ਰੋਣ ਜੋ, ਚਮਕੇ ਮੁੱਖ ਤਮਾਮ।

ਕਿਤੇ ਪਾਕ ਦਰਗਾਹ ਵਿਚ, ਬੈਠਾ ਨਵਾਂ ਇਮਾਮ
ਜਿਸਨੇ ਗੁਫ਼ਾ ਅਗਾਧ ਚੋਂ, ਫੜੇ ਹਿਰਸ ਤੇ ਕਾਮ।
ਪੱਕਣ ਤਾਮ ਫ਼ਕੀਰ ਦੇ, ਲਸ਼ਕਰ ਬਿਨਾਂ ਅਰਾਮ,
ਚੱਕਰਵਰਤੀ ਘੋੜ ਨੇ, ਮੰਨੀ ਕਦੋਂ ਲਗਾਮ!

ਤ੍ਰਿਪਤਾ-ਆਂਗਣ ਖੜੇ ਸੀ, ਚੁੱਕ ਫ਼ਕੀਰੀ ਜਾਮ
ਪਿੱਛੇ ਵੱਡੇ ਜੰਝ ਦੇ, ਲਖ ਜਾੜੇ ਲਖ ਘਾਮ।
ਦੂਰ ਉਜਾਲੇ ਥਰਕਦੇ, ਉੱਜਲ ਤੇ ਅਭਿਰਾਮ
ਤ੍ਰਿਪਤਾ ਸੀਨੇ ਡੂੰਘੜੇ, ਕੰਬਨ ਭੇਦ ਅਨਾਮ!

ਪੱਤਣ ਮਰਗ ਦੇ ਘੇਰਦਾ, ਕੋਈ ਅਜਨਬੀ ਚਾਅ
ਤਲਵੰਡੀ ਦੀ ਜੂਹ ਵਿਚ, ਆਵੇ ਘੁੰਮ ਘੁਮਾ।
ਕਬਰਾਂ ਉਤੋਂ ਫ਼ਜਰ ਨੂੰ, ਉਡਦਾ ਗਿਆ ਹੁਮਾ
ਚਹੁੰ ਕੂੰਟੀਂ ਗਲ ਮਿਲ ਰਹੇ, ਦਰਵੇਸ਼ਾਂ ਦੇ ਰਾਹ।
ਕਿਤੇ ਕਾਫ਼ਲੇ ਦੂਰ ਨੇ, ਰਹੇ ਸੁਨੇਹੜੇ ਆ
ਮੋਇਆਂ ਸਾਹਵੇਂ ਲੈ ਰਹੇ, ਕੌਲ ਇਲਾਹੀ ਸਾਹ।
ਹੌਕਾ ਕਿਹੜੇ ਰੁਖ ਦਾ, ਯਾਦ ਕਰਨ ਦਰਿਆ
ਖ਼ਾਕ ਮਸੀਹਾ ਚੁੰਮ੍ਹ ਕੇ, ਨਾਲ ਜਾ ਰਲੇ ਹਵਾ।
ਬਖ਼ਸ਼ੀ ਧਰੂ ਨੂੰ ਬੂੰਦ ਜੋ, ਰੱਬ ਨੇ ਕਦੇ ਜਗਾ
ਕਦੇ ਹਯਾਤੀ ਮੰਗਸੀ, ਖ਼ਾਕ ਨੂੰ ਯਾਦ ਕਰਾ।

ਰੁਲੇ ਸੜੇ ਰਤ ਡੂਗਰੀਂ, ਸ਼ਹਿਰ ਮੱਚਣ ਕੁਰਲਾ
ਕੂਕ ਕੋਇਲ ਦੀ ਅੰਬ ਨੂੰ, ਡਓ ਕਿੰਜ ਸਕੇ ਭੁਲਾ ?

ਮੁੜਿਆ ਕੁੱਤਬਦੀਨ ਸੀ, ਤਕ ਸੱਚੀ ਦਰਗਾਹ
ਜਗਤ ਪਾਰ ਦੇ ਦੀਨ ਦੀ, ਨੈਂ ਦਾ ਜਿਵੇਂ ਮਲਾਹ।
ਖੋਲ੍ਹੀ ਮਕਤਬ ਕਦੋਂ ਦੀ, ਗੋਰਾਂ ਪਾਰ ਸੀ ਜਾ
ਉਸਦੇ ਇਕ ਇਕ ਕ਼ਦਮ ਦੀ, ਬਣੀ ਨਮਾਜ਼ ਗਵਾਹ।
ਸੋਚ ਓਸ ਮਨ ਆਂਵਦੀ, ਜਿਉਂ ਵਿਚ ਖ਼ਾਬ ਦੁਆ
"ਕਿਉਂ ਅਜ ਵਿਚ ਅਜ਼ਾਨ ਹੀ, ਹੋਈ ਨਮਾਜ਼ ਅਦਾ ?
ਇਕ ਪਲ ਹੋਈ ਸਮੇ ਦੀ, ਜਿਵੇਂ ਅਸੰਖ ਨਿਗਾਹ
ਦੂਜੇ ਪਲ ਦੀ ਹਾਥ ਨਾ, ਸੁਪਨੇ ਸਘਣ ਅਥਾਹ।
ਬਖ਼ਸ਼ੀ ਰੱਜ ਉਡੀਕ ਨੂੰ, ਰਾਤ ਹੁਸੀਨ ਪਨਾਹ,
ਫ਼ਜਰਾਂ ਸਮੇ ਮਰਾਕਬੇ, ਲਟਕੇ ਵਿਚ ਅਸਗਾਹ।
ਪੁੱਛਾਂ ਚੜ੍ਹਕੇ ਬੁਰਜ 'ਤੇ, ਰਾਇ ਨੂੰ ਸੀਸ ਝੁਕਾ
ਅਜ ਨੂਰ ਦੇ ਜ਼ੋਰ ਕਿਉਂ ? ਦੇਣ ਕੁਰਾਨ ਸੁਆ ?"

ਤੋੜ ਹੱਦ ਆਵੇਸ਼ ਦੀ, ਕਰਦੀ ਜ਼ੋਰ ਸਵੇਰ
ਮਨ ਜੋ ਵੇਦ ਕਤੇਬ ਦਾ, ਫੇਰ ਰਹੀ ਬਿਨ ਦੇਰ।
ਮੀਂਹ ਪਵੇ ਅਪਣੱਤ ਦਾ, ਰਮਜ਼ਾਂ ਪਾਕ ਬਖੇਰ
ਕਾਂਗ ਤੇਜ਼ ਇਲਹਾਮ ਦੀ, ਚਰਖ ਨ ਦੇਵੇ ਗੇਰ।

ਸੋਹਣੀ ਮਾੜੀ ਰਾਇ ਦੀ, ਸੀ ਗੋਰਾਂ ਦੇ ਨੇੜ
ਕੁਤਬ ਦੇ ਨਾਲ ਦੁਆ ਸੀ : "ਬਖ਼ਸ਼ ਬੰਦਾ ਇਸ ਵੇਰ।"
ਘਰ ਕਾਲੂ ਦਾ ਰੱਖਿਆ, ਸੁਬਕ ਸਮੇ ਨੇ ਘੇਰ
ਤਾਨ ਰਬਾਬੀ ਜਹੇ ਸੀ, ਸਜਦੇ ਵਿਛੇ ਚੁਫੇਰ।
ਮੁੱਲਾਂ ਦਾਨਾ ਦੇਖਿਆ, ਲਾ ਵੀਹੀ ਦਾ ਗੇੜ
ਭੋਲੇ ਨੈਣੀਂ ਓਸਦੇ, ਦਿਸਣ ਜੁਗਾਂ ਦੇ ਭੇੜ।
ਰਮਜ਼ ਮਸੂਮ ਦੀ ਦੱਸਦੀ : ਜਦ ਬੁੱਕੇਗਾ ਸ਼ੇਰ
ਅੰਤਰ ਦਰ ਜੋ ਨਬੀ ਦਾ, ਦੇਣ ਦੁਆਵਾਂ ਫੇਰ।
ਚੁੱਪ ਦਾਨੇ ਦੀ ਵਜਦੀ, ਉੱਚੇ ਪਾਕ ਬਨੇਰ :
ਲੰਮੇ ਪੈਂਡੇ ਚੱਲਣਾ, ਖੂਹ ਰਾਜ਼ਾਂ ਦੇ ਗੇੜ।
ਮੁਖ ਵੇਖਣ ਨੂੰ ਵੰਝਣਾ, ਚਾ ਨੂਰੀ ਚੰਗੇਰ,
ਰਲਾਂ 'ਚ ਛੱਡੇ ਸੂਰਮੇ, ਚੁੱਕੇ ਤਰਸ ਹਨੇਰ।

ਉੱਚੇ ਦਰ ਇਲਹਾਮ ਦੇ, ਕੌਮਾਂ ਦੇਵਣ ਭੇੜ,
ਮੰਜ਼ਿਲ ਪੁੱਛੇ ਕਦੇ ਨਾ, ਹੋਈ ਜਦੋਂ ਅਵੇਰ।
ਮੂਕ ਅਜ਼ਾਨਾਂ ਹੋਵਣਾ, ਉੱਚੇ ਬੁਰਜ ਖਲੇਰ
ਵਾਂਗ ਨਦੀ ਦੇ ਪੱਤਣਾਂ, ਦੇਣ ਚਰਖ ਨੂੰ ਕੇਰ।
ਸਿੰਘ ਬੁੱਕੇ ਤਾਂ ਗ਼ਜ਼ਬ ਨੇ, ਬਲੀ ਪਹਾੜ ਉਧੇੜ
ਕੂਲ ਸਬਰ ਦੀ ਕੱਢਣੀ, ਤੁਰ ਤਿਰਕਾਲ ਉਸ਼ੇਰ।
ਕਰਸਨ ਨਵੀਂ ਅਜ਼ਾਨ ਦੀ, ਬਹੁਤ ਦੁਆਵਾਂ ਮੇਰ
ਝੱਖੜ ਵਗਣ ਤਾਂ ਰੁਲਣਗੇ, ਸੁੱਕੇ ਪੱਤਰ ਢੇਰ।

ਅੱਗੇ ਉੱਚੇ ਪੌਲਰਾਂ, ਕੁਤਬ ਖੜਾ ਦਿਲਗੀਰ
ਹੌਲ 'ਚ ਕੰਬੇ ਫੇਰ ਵੀ, ਨੈਣ ਜਿਵੇਂ ਜਗ-ਪੀਰ।
ਵਗੇ ਪਸੀਨਾ ਇਸ ਤਰ੍ਹਾਂ, ਅੰਗ ਅੰਗ ਹੋ ਪੀੜ
ਦਿਲ, ਮਸਤਕ, ਮਨ ਨਬੀ ਦੇ, ਜਿਵੇਂ ਵਹੀ ਦੀ ਭੀੜ।
ਰਾਇ ਬੁਲਾਰ ਨੇ ਦਰਾਂ ਤੇ, ਤੱਕੀ ਅਜਬ ਨਜ਼ੀਰ
ਪੁੱਛੇ: "ਧਾਮ ਗ਼ਰੀਬ ਦੇ, ਕਿਉਂ ਕਰ ਆਰਿਫ਼ ਵੀਰ!"

ਕੁਤਬ ਕਹੇ: "ਦਰ ਆਇਆ, ਮੈਂ ਹੈਰਾਨ ਅਧੀਰ
ਕਸਮ ਨਬੀ ਦੀ! ਤੁਸੀਂ ਕਿਉਂ ? ਨੈਣੀਂ ਸਾਂਭੇ ਨੀਰ।"

ਰਾਇ ਕਹੇ: "ਦਿਲ ਰਾਤ ਸੀ, ਜਗੀ ਅਜ਼ਰ ਤਕਦੀਰ
ਸੋਚਾਂ: ਧੁਰ ਤੋਂ ਆਵਣਾ, ਕਿਸ ਮਹਿਮਾਨ ਅਖ਼ੀਰ ?
ਰਾਤੀਂ ਤੱਕੀ ਅੰਬਰੀਂ, ਚਮਕ ਰਹੀ ਸ਼ਮਸ਼ੀਰ,
ਉਦ੍ਹੇ ਤੇਜ ਨਾ ਤੂਰ ਜਿਉਂ, ਝੱਲਣ ਨਬੀ ਫ਼ਕੀਰ।
ਵਕਤ-ਰਣਾਂ ਵਿਚ ਗ਼ਸ਼ ਖਾ, ਪਏ ਇਲਾਹੀ ਮੀਰ,
ਗੁਪਤ-ਤੇਜ ਇਲਹਾਮ ਦੇ, ਸਕੇ ਜਮੂਦ ਨ ਚੀਰ।
ਐਪਰ ਵਕਤੋਂ ਪਰੇ ਹੋ, ਦਸ ਵਾਰ ਦਸ ਤੀਰ
ਉੱਡ ਇਲਾਹੀ ਤੇਗ਼ ਨੂੰ, ਚੁੰਮਣ ਵਾਂਗ ਸਮੀਰ।
ਫੇਰ ਰਣਾਂ ਨੂੰ ਸਾਜਦੇ, ਗਗਨੀਂ ਖਿੱਚ ਲਕੀਰ
ਪਤ ਰੱਖਣ ਨੂੰ ਜਿਨ੍ਹਾਂ ਦੀ, ਝੁਕਸਨ ਦਾਮਨਗੀਰ।
ਸੀਸ ਝੁਕਾ ਫਿਰ ਪਿੰਡ ਨੂੰ, ਉਤਰੇ ਵਾਂਗ ਜ਼ਮੀਰ,
ਰਾਵੀ 'ਤੇ ਜਿਉਂ ਲੱਥੜੇ, ਹੰਸ ਪੀਣ ਲਈ ਨੀਰ।

ਹੋਲ ਜਰੇ ਬਹੁ ਦੂਰ ਦੇ, ਕੁਤਬਦੀਨ ਨੇ ਹੰਭ
ਤਨ ਨਾਜ਼ਕ ਨੂੰ ਤੋੜ ਕੇ, ਚੜ੍ਹੇ ਮਿਰ੍ਹਾਜ-ਤਰੰਗ।
ਭੈਅ ਵੱਡੇ ਨੇ ਹੜ੍ਹਾਂ ਦੇ, ਧੂੜ ਰਹੀ ਏ ਕੰਬ
ਸਮੇ 'ਚ ਵੇਖੇ ਕਿਤੇ ਜੇ, ਮਿਲੇ ਪੁਰਾਣਾ ਸੰਗ।
ਰਾਇ ਬੁਲਾਰ ਦੇ ਦਰਾਂ 'ਤੇ, ਕੁਝ ਪੁੱਛੇ ਕੁਝ ਮੰਗ:
"ਅਦਲ ਮਿਲੇਗਾ ਆਖ਼ਰੀ, ਕਵਨ ਸਮੇ ਨੂੰ ਲੰਘ?"

ਰਾਇ ਕਹੇ: "ਨਾ ਵੇਖਿਉਮੁ, ਸਾਬਤ ਸੱਚ ਦੇ ਅੰਗ
ਕਿਸੇ ਦਿਨ ਦਰਿਆ ਦੇ, ਵਹਿਣ ਲਗਾਸਨ ਰੰਗ।"

ਪੁੱਛੇ ਕੁਤਬ: "ਨਮਾਜ਼ ਦੇ, ਅਜ ਅੰਬਰ ਕਿਉਂ ਤੰਗ?
ਇਕ ਸੁਪਨਾ ਕਿਉਂ ਬੰਨ੍ਹਦਾ, ਲਖ ਸਾਲਾਂ ਦੇ ਖੰਭ?"

ਦੱਸੇ ਰਾਇ ਬੁਲਾਰ ਫਿਰ, "ਨਹੀਂ ਦੂਆ ਬੇਰੰਗ,
ਭੁੱਲਣ ਕੌਮਾਂ ਆਪ ਹੀ, ਇਲਹਾਮਾਂ ਦੇ ਪੰਧ।
ਮਰਣ ਕਾਰਵਾਂ, ਨਭ ਦੀਆਂ, ਕਿੜਾਂ ਹੋਣ ਜਦ ਬੰਦ
ਖੰਭ ਨਵੇਂ ਇਸ ਖ਼ਾਕ ਦੇ, ਜਾਗ ਪੈਣ ਜਿਉਂ ਗੰਧ।
ਜੇ ਪਰਵਾਜ਼ ਦੇ ਅਸਲ ਨੂੰ, ਸਮਝ ਲਵੇ ਮਨ ਅੰਧ
ਫੇਰ ਕੁਰਾਨ ਦੇ ਪੌਂਡੜੇ, ਹੋਵਣ ਹੋਰ ਬੁਲੰਦ।
ਸਿਖਰ ਮਿਲੇ ਪਰਵਾਜ਼ ਨੂੰ, ਥਲ ਰਮਜ਼ ਦੇ ਹੰਢ
ਵੱਡਾ ਸਾਲਿਕ ਸੱਚ ਦਾ, ਵਸੇ ਰਸੇ ਜਿਸ ਖੰਡ।
ਕਦੇ ਇਹ ਮਾਅਨੇ ਦਸਣੇ, ਮਹਿਤੇ ਦੇ ਫ਼ਰਜ਼ੰਦ
ਕਰੀਏ ਉਸਦੇ ਦਰਸ ਜਾ, ਖੋਲ੍ਹ ਸਮੇ ਦੀ ਗੰਢ।"

(ਇਤਿ ਸਰਗ ਤੀਜਾ)

ਸਰਗ ਚੌਥਾ

ਇਲਾਹੀ ਮਾਸੂਮੀਅਤ

1

ਚੇਤਰ ਵਿਚ ਤਿੰਨ ਕੋਇਲਾਂ ਦੇ ਬੋਲ

ਤਲਵੰਡੀ ਦੀਆਂ ਵਿਚ ਬੀੜਾਂ
ਜੰਡ ਕਰੀਰ ਜਿਧਰ ਵਣ-ਭੀੜਾਂ
ਚੇਤਰ ਵਿਚ ਵਾਜ ਕੁਈ ਲੰਮੀ
ਲੈ ਗਗਨ ਦੇ ਨੂਰ ਅਗੰਮੀ
ਡੁੱਬ ਮਹਾਨ ਚੁੱਪ ਦੇ ਕਾਸੇ
ਹੋ ਮਿੱਠੀ ਜਿਉਂ ਬਾਲ-ਦਿਲਾਸੇ
ਕੂੰਬਲ ਕੂੰਬਲ ਨੂੰ ਗਲ ਲਾਵੇ
ਤਾਨ ਰਬਾਬ ਸਮਾਂ ਹੋ ਜਾਵੇ।
ਵਣ ਵਣ ਚੁੱਪ ਫਿਰੇ ਵਿਚ ਧੰਮੀ
ਨੀਰ-ਮਨ ਖਿੜਣ ਜਿਉਂ ਕੰਮੀ।
ਨਾਗ-ਜ਼ਹਿਰ, ਕੋਇਲ-ਰਗ ਕੂਕਾਂ
ਮਿਲਣ ਬ੍ਰਿਹਾ ਦੀਆਂ ਚੁਕ ਹੂਕਾਂ।
ਸਘਣ ਬੋਹੜ ਪਿਪਲਾਂ ਛਾਵੇਂ
ਦਰਦ ਰੱਖੇ ਸਮਿਆਂ ਹਰ ਥਾਵੇਂ।
ਕ੍ਰੋਲ 'ਚ ਹਰਫ਼ ਲਿਖੇ ਅਸਮਾਨਾਂ
ਪੜ੍ਹੇ ਲਸ਼ਕਰਾਂ, ਕੰਬਣ ਜਾਨਾਂ।

ਅੰਬ ਸਿਖਰ ਬੈਠੀਆਂ ਕੋਲਾਂ
ਸਿਹਰ ਭਰਨ ਵਿਚ ਫ਼ਜਰੀ ਬੋਲਾਂ
ਇਕ ਕਹੇ: "ਦਰ ਸੱਜਰੇ ਖੋਲ੍ਹਾਂ
ਧਰ ਦੀ ਖਿਖ ਨੂੰ ਕੂਕ ਚ ਰੋਲਾਂ
ਜਦ ਇਕ ਪੈੜ ਅਜਨਬੀ ਟੋਲਾਂ
ਧੁਰ ਪਤਾਲਾਂ ਤੀਕਨ ਰੋਲਾਂ।"

ਦੂਜੀ ਕਹੇ: "ਫਲੇ ਪਰਛਾਵਾਂ
ਉੱਚੀ ਕੂਕਾਂ, ਪੀਰ ਮਨਾਵਾਂ;
ਖੁਰਨ ਦੂਰ ਖੰਡਾਂ ਦੇ ਪੱਤਣ
ਚਤਰ ਦਿਸ਼ਾ ਛਲ ਨਾਜ਼ਕ ਕੱਤਣ;
ਮੋਹ ਬਿਨਾਂ ਸੌਂ ਰਹੇ ਨਿਥਾਵੇਂ
ਉੱਚੇ ਬਿਰਖ! ਫਲਣ ਪਰਛਾਵੇਂ।
ਤੱਕਾਂ ਦੂਰ ਦੁਰਾਡੇ ਬੰਨੇ
ਸੁੱਕੀ ਨਦੀ; ਸਮੇ ਨ ਮੰਨੇ!
ਅਜਬ ਰੁੱਖ ਉਹ ਢੂੰਡਣ ਜਾਵਾਂ
ਬੰਨ੍ਹੇ ਨੀਂਦ ਜਿਦ੍ਹਾ ਪਰਛਾਵਾਂ।"

ਤੀਜੀ ਕਹੇ: "ਕਾਰਵਾਂ ਤੱਕਾਂ
ਚੁਭੀ ਰੇਤ ਜਿਦ੍ਹੀ ਵਿਚ ਅੱਖਾਂ।
ਐਪਰ ਮਹਿਕ ਅਨੰਤ 'ਚ ਖੀਵਾ
ਹਰ ਪ੍ਰਭਾਤ ਤੋਂ ਉੱਚਾ ਦੀਵਾ
ਬਲੇ ਜਦੋਂ ਰੁੱਖਾਂ ਦੇ ਬੂਹੇ
ਉਤਰੇ ਨੀਂਦ ਕਾਰਵਾਂ ਜੂਹੇ!"

ਕਾਲ-ਬੇਚੈਨੀਆਂ ਵਿਚ ਰਹਿਮ

ਸੁਬਕ ਮਹਿਕ ਚੇਤ ਰੁੱਤ ਅੰਗੇ
ਛੁਪੀ ਸਾਜ਼ਸ਼ਾਂ ਦੀ ਬਿਖ ਰੰਗੇ
ਫਿਰ ਡੰਗੇ, ਰੰਗੇ, ਕੁਝ ਸੰਗੇ,
ਭੀਖ ਅਦਲ ਰਹਿਮ ਦੀ ਮੰਗੇ
ਨਿਗ੍ਹਾ ਜਿਵੇਂ ਅੰਬਰ ਦੀ ਸਾਰੀ
ਲੰਘੇ ਧਰਤ-ਗੁਫਾਵਾਂ ਬਾਰੀ
ਲੁਕੇ ਜੁਗਾਂ ਦੇ ਪਾਪ ਅਸੰਖਾਂ
ਸ਼ਾਹੀ ਤੇਗ ਵਰ੍ਹੀ ਸਿਰ ਰੰਕਾਂ
ਬਿਜਲੀ-ਲਿਸ਼ਕ ਮਾਰ ਕੇ ਵੇਖੇ
ਨਾਥ ਦਾ ਰਹਿਮ ਕਰੇ ਜਿਉਂ ਲੇਖੇ।

ਉਡ ਉਡ ਜਾਣ ਹਵਾ ਵਿਚ ਕੀਨੇ
ਦਿਲ ਦੇ ਭੇਤ ਕਿਸੇ ਨ ਚੀਨੇ।
ਮਹਿਕੇ ਵਣਾਂ ਅੱਗ ਸੰਭਾਲੀ
ਰੋਗ ਸੋਗ ਹੁੰਗਰਾਂ ਵਾਲੀ।

ਚਹਿਕ ਪੰਖਣੂ ਵਣ ਦੇ ਸੀਨੇ
ਚੜ੍ਹਦੀ ਪਈ ਰਹਿਮ ਦੇ ਜ਼ੀਨੇ।

ਜਲੋਂ ਦੂਰ ਵਿਚ ਮੀਨ ਦੇ ਨੈਣਾਂ
ਜਿਵੇਂ ਦਿਸਣ ਤਾਰਿਕਾ ਰੈਣਾਂ
ਇਉਂ ਬੇਚੈਨ ਪੰਧ ਬੇਰੁੱਤੇ
ਚੇਤਰ ਦੇ ਜੋਬਨ ਵਿਚ ਸੁੱਤੇ;
ਸੁਬਕ ਬੋਲ ਵਣੀਂ ਪਰ ਵਿਆਪੇ
ਖੇਡ ਰਿਹਾ ਜੋ ਘਰ ਘਰ ਜਾਪੇ
ਤਾਨ ਮਾਸੂਮ ਛਿੜੇ ਫਿਰ ਆਪੇ
ਧੁਰੋਂ ਚੈਨ ਦਾ ਨਾਦ ਅਲਾਪੇ।

ਹੰਝੂ ਚੇਤ 'ਚ ਇੰਜ ਨਿਥਾਵਾਂ
ਨਾਲੇ ਬੁੱਧ ਦਾ ਰਹਿਮ ਹਵਾਵਾਂ
ਤੁਰਨ ਚੁੱਕ ਕੇ ਵਾਂਗ ਫ਼ਕੀਰਾਂ
ਗੋਦ 'ਚ ਲੈਣ ਅਜਨਬੀ ਪੀੜਾਂ।
ਲਾ ਲਬਾਂ 'ਤੇ ਬੀਨ ਜਿਉਂ ਖੇੜੇ
ਮੁੜ ਮੁੜ ਚੇਤਰ ਵਾਂਗ ਸਪੇਰੇ
ਅੰਮ੍ਰਿਤ ਜਹੀ ਰਮਜ਼ ਅਬਿਨਾਸ਼ੀ
ਸੱਦੇ ਸੁੱਟ ਹਲਾਹਲ-ਵਾਸੀ।
ਕਰੁਣਾ-ਤਾਜ ਸ਼ੇਸ਼-ਫਣ ਉੱਤੇ
ਚਮਕ ਰਿਹਾ ਚੇਤਰ ਦੀ ਰੁੱਤੇ!
ਚੰਨ-ਨੂਰ ਵਿਚ ਰੁਮਕਣ ਟੂਸੇ
ਜੋ ਸਾਗਰਾਂ ਸਦੀਆਂ ਚੂਸੇ।

ਧੁਰ-ਅੱਚਵੀ

ਫੇਰ ਅੱਚਵੀ ਅੰਬਰ ਜਾਗੀ
ਪੌਣ 'ਤੇ ਬਿਖ ਚੜ੍ਹੀ ਹੋ ਬਾਗ਼ੀ।
ਉਹਲੇ ਸ਼ਹਿਦ-ਭਿੰਨੀਆਂ ਰੁੱਤਾਂ
ਛੁਪ ਕੇ ਤਲਖ਼ ਨਾਸਤਕ ਬੁੱਤਾਂ।
ਕੱਢੀਆਂ ਵੱਢ ਜ਼ਿਮੀਂ ਚੋਂ ਗਾਰਾਂ
ਦਿਲ ਨਾ ਬੁਕਰੇ ਦੀਆਂ ਉਜਾੜਾਂ।
ਵਕਤ-ਨਕਾਬ ਦੇ ਹੁਸਨਾਂ ਉਹਲੇ
ਧਰ ਦੇ ਬੇਹ ਖੜੇ ਬਿਨ ਬੋਲੇ।

ਕੁਦਰਤ ਦੇ ਜੋਬਨ ਦੇ ਪਿੱਛੇ
ਬੇਦਰੰਗ ਤੇਗਾਂ ਦੇ ਕਿੱਸੇ।
ਰੰਗ ਸੁਗੰਧ ਦੇ ਪਰਦੇ ਥੱਲੇ
ਰਾਹ ਤਪਦੇ ਭੱਠਾਂ ਨੇ ਮੱਲੇ।
ਹਰੇ ਵਣਾਂ ਸਿਰ ਅਣਦਿਸ ਰੱਤਾਂ
ਕਿਤੇ ਵੈਣ ਵਿਚ ਪਏ ਇਕੱਠਾਂ।
ਬੇਸਿਦਕੇ ਨੈਣਾਂ ਦੇ.ਕੰਢੇ
ਹੋਏ ਗ੍ਰੰਥ ਗ਼ੈਬ ਦੇ ਅੰਧੇ
ਹੇਠ ਪਤਾਲ ਸਮੇ ਅਣਕੱਥਾਂ
ਪਾੜੇ ਸੰਗ ਨਾਸਤਕ ਹੱਥਾਂ
ਗ੍ਰੰਥ ਗ਼ੈਬ ਦੇ ਖ਼ੂਨੀ ਰਾਹਾਂ
ਜਾ ਸੁੱਟਣ ਵਿਚ ਵੈਣਾਂ ਆਹਾਂ।
ਬੇਅਦਲੇ ਸ਼ਾਹਾਂ ਦੇ ਸੀਨੇ
ਲੈਂਦੇ ਨਿਗਲ ਉਬਲਦੇ ਕੀਨੇ
ਤੁਰਸ਼ ਬੋਲ ਕੌਮਾਂ ਦੇ ਮੈਲੇ
ਕਰਨ ਗ਼ੈਬ ਦੇ ਕੰਠ ਕੁਸੈਲੇ।
ਹੇਠ ਸ਼ੇਸ਼ਨਾਗ ਦੀਆਂ ਅੱਖਾਂ
ਉਜੜੇ ਥੇਹ ਛੁਪੇ ਨੇ ਲੱਖਾਂ।
ਧੂੜ 'ਚ ਉਡਣ ਵਲੀ ਦੇ ਪੈਂਡੇ
ਬੇਪਛਾਣ ਵਕਤਾਂ ਵਿਚ ਸੌਂਦੇ।
ਕਾਲ-ਹੌਲ ਦੇ ਜ਼ੋਰ ਕਿਆਸਨ
ਮਿਟ ਜਾਣ ਜੋਗੀ ਦੇ ਆਸਨ।
ਸੰਤ-ਬੋਲ ਬਰਕਤ ਤੋਂ ਖ਼ਾਲੀ
ਹੋਇ ਉਦਾਸ ਜੁਗਾਂ ਦੇ ਵਾਲੀ।

ਨਾਨਕ-ਨਾਮ ਦੀ ਬਰਕਤ

ਅਮਲ ਜ਼ਮੀਰ ਦੀਆਂ ਲਖ ਚਾਲਾਂ
ਜਦੋਂ ਘੇਰੀਆਂ ਵਕਤ ਬੇਤਾਲਾਂ
ਬਿਮਲ ਪਿਆਸ ਕਿਸੇ ਨੇ ਓਦੋਂ
ਅੰਤਮ ਨੂਰ ਹਿਸੇ ਨੇ ਓਦੋਂ
ਤੱਕੀਆਂ ਵਕਤ ਚੀਰ ਜਰ ਚੀਸਾਂ
ਨੀਂਦ ਮਾਸੂਮ ਤਲੇ ਅਸੀਸਾਂ;

ਮਹਾਂ ਸੋਰ ਦੇ ਕਮਲ ਨੇ ਜਾਣੀ
ਵੇਖੇ ਨੂਰ ਅੰਤਲੇ ਪਾਣੀ;
ਜਿੰਦ ਅਨੰਤ ਗਗਨ ਦੀ ਸਾਰੀ
ਗਲ ਲਾਵੇ ਤਲਵੰਡੀ ਪਿਆਰੀ
ਲੈ ਕਦੀਮ ਸਮੇਂ ਦੀਆਂ ਸਾਰਾਂ
ਉੱਡ ਪਵੇ ਵਲ ਨਾਨਕ-ਬਾਰਾਂ।
ਜਲੀਂ ਥਲੀਂ ਨਾਮ ਇਹ ਧੁਣਿਆਂ
ਸੂਖਮ ਵਿਚ ਜਲਵਿਆਂ ਬੁਣਿਆਂ।
ਬਾਲ ਰੂਪ ਨਾਨਕ ਦਾ ਜਿੱਥੇ
ਦਿਲ ਦੇ ਧੁਰ ਮਰਕਜ਼ ਗਏ ਮਿੱਥੇ।

ਪਵਿੱਤਰ ਜੂੜਾ

ਛਾਂ ਕੀਤੀ ਨਾਨਕ ਦੇ ਕੇਸਾਂ
ਉੱਡ ਉੱਪਰ ਕੁਦਰਤ ਦੇ ਭੇਸਾਂ
ਕੇਸ ਪਿਤਾ ਬਾਲਕ ਦੇ ਚੁੰਮੇ
ਮਨ ਵਲ ਰੀਤ ਸਨਾਤਨ ਘੁੰਮੇ
ਬਿਪਰਨ ਰੀਤ ਦਿਆਂ ਆਦੇਸ਼ਾਂ
ਮੰਦੀ ਨਜ਼ਰ ਕਰੀ ਵਲ ਕੇਸਾਂ
ਪਰ ਕੇਸ ਕੁਦਰਤ ਦੇ ਹਾਣੀ
ਰਹੀ ਵੰਗਾਰ ਸਮੇਂ ਦੀ ਬਾਣੀ
ਕੁਦਰਤ-ਚੁੱਪ ਪਿਤਾ ਨੂੰ ਵਰਜੇ
ਨੂਰ ਮਹੀਨ ਬਾਲ ਦਾ ਲਰਜੇ
ਤਕ ਬਾਲ ਪਾਵਨ ਭੈਅ ਖਾਵੇ
ਪੂਰਨ ਕੇਸ। ਵਿਘਨ ਨ ਪਾਵੇ।
ਤੱਕੇ ਮਾਂ ਦੀ ਨਜ਼ਰ ਅਗੰਮੀ
ਸੁਤ ਨੇ ਸਾਬਤ ਕੁਦਰਤ ਥੰਮ੍ਹੀ;
ਦਰ ਪਹੁੰਚ ਨਾਨਕ ਦੇ ਨੈਣਾਂ
ਆ ਅਰਦਾਸ ਕਰਨ ਸਭ ਰੈਣਾਂ
ਤਦੋਂ ਸਕੂਨ ਨੀਂਦਰੀ ਥੀਂਦਾ
ਨਿਰਭੈ ਮਿਰਗ ਨਦੀ-ਜਲ ਪੀਂਦਾ।
ਧੁਰ ਦੇ ਮੋਹ ਨਾਲ ਮਾਂ ਦੇਖੇ
ਸੁਤ ਦੇ ਹਰ ਕਾਲ ਸੰਗ ਲੇਖੇ।

ਜਲੇ ਕੰਠ, ਕੁਦਰਤ ਬਿਨ ਪਾਣੀ
ਢੂੰਡ ਰਹੀ ਨਾਨਕ ਦੀ ਬਾਣੀ,
ਇਹੀਓ ਪੈੜ ਦਿਸੇ ਸਭ ਰਾਹੀਂ
ਪੂਰਨ ਕੇਸ ਤੁਲੇ ਦਰਗਾਹੀਂ
ਅੰਤਮ ਆਦਿ ਰਿਸ਼ੀ ਦਾ ਜੂੜਾ
ਚਮਕੇ ਬਾਲ-ਸੀਸ ਨਭ ਪੂਰਾ।

ਪੈਗ਼ੰਬਰੀ ਲੀਲ੍ਹਾ

ਘੁੰਮ ਕਾਂਗ ਰੁੱਤਾਂ ਦੀ ਛਲਕੇ
ਘ਼ਾਹ, ਰੁੱਖਾਂ, ਖ਼ਾਕ ਵਿਚ ਝਲਕੇ
ਦਾਵਾ ਅਗਨ ਜਲਣ ਜੋ ਪੰਖੀ
ਉਡਣਗੇ ਕਦੇ ਵਿਚ ਵਾ ਬੰਕੀ।
ਗੁੱਝੀ ਭਾਹ ਰੂਪ ਬਹੁ ਜਲਕੇ
ਧੁੰਮ ਪਾਉਣ ਮੀਂਹ ਜਿਉਂ ਵਰ੍ਹਕੇ।
ਬਲ ਬ੍ਰਹਿਮੰਡ ਮਿਟੇ ਫਿਰ ਜਾਗੇ
ਚਮਕ ਪੈਣ ਸੂਰਜ ਬੇਦਾਗ਼ੇ।
ਅੰਨ੍ਹੇ ਹੜ੍ਹ ਵਿਚ ਸੂਖਮ ਧਾਗੇ
ਬੰਨ੍ਹਣ ਰਾਗ 'ਚ ਸਮੇ ਸੁਭਾਗੇ।
ਬੇਲਗਾਮ ਚਾਨਣ ਦੇ ਅੰਦਰ
ਝਾਤ ਪਾਉਣ ਉਤਰ ਪੈਗ਼ੰਬਰ।
ਲਹਿ ਅਗਾਧ ਬੈਸੰਤਰ ਖੂਹੇ
ਕੀ ਵੇਖਣ ਤਲਵੰਡੀ ਜੂਹੇ:
ਉੱਡ ਉੱਡ ਬ੍ਰਹਿਮੰਡੀ ਜਾਨਾਂ
ਵੇਖਣ ਅਜਬ ਬਾਲ ਮਸਤਾਨਾ।
ਨਜ਼ਰ ਮਾਸੂਮ ਧਰਤ ਦੇ ਬਾਗ਼ੇ
ਖੇਡ ਰਹੀ ਮੰਝਧਾਰਾਂ ਲਾਗੇ।
ਬਾਲੇ ਨਾਲ ਤੁਰੇ ਵਿਚ ਵਣ ਦੇ
ਵੇਖੇ ਦੂਰ ਸੂਰਮੇ ਰਣ ਦੇ।
ਵੇਖੇ ਇੱਕੋ ਨਜ਼ਰ ਮਾਸੂਮੀ
ਮਜਨੂੰ ਕੋਟ ਸਿਪਾਹੀ ਖ਼ੂਨੀ।
ਕੁਦਰਤ ਵਿਚ ਬਲਣ ਲਖ ਚੁਲ੍ਹੇ
ਰਿਜ਼ਕ-ਸੁਆਦ ਹਵਾ ਵਿਚ ਹੁੱਲੇ।

ਦਿਲ ਰਾਜ਼ ਲਿਸ਼ਕਣ ਜਾ ਗੰਗਨੀ
ਕੋਹਾਂ ਤੁਰੇ ਮੁਸਾਫ਼ਰ ਅੰਗਨੀ।
ਨੇੜੇ ਨੂਰ ਨੂਰ ਅਸਮਾਨਾਂ
ਬਾਲੇ ਸੰਗ ਵੇਖਿਆ ਦਾਨਾ।
ਨਾਲ ਤੀਸਰਾ ਨਾਨਕ ਜਾਵੇ
ਮਿਹਰ ਅਸੀਮ ਹੌਲ ਜਗ ਪਾਵੇ!
ਰੋਗੀ ਜਗਤ ਅਨਾਥ ਨਿਮਾਣਾ
ਨਦਰ-ਤੇਜ ਨਾ ਜਰੇ ਨਿਤਾਣਾ
ਖੋਲ੍ਹ ਕੇ ਸਬਜ਼ ਵਣਾਂ ਦੇ ਬੂਹੇ
ਨਾਨਕ ਵੇਖ ਰਿਹਾ ਜਗ ਲੂਹੇ।
ਰਮਜ਼ ਇਲਾਹੀ ਨਾਲ ਫ਼ਕੀਰੀ
ਲੰਘੇ ਗਲੀ ਵਕਤ ਦੀ ਭੀੜੀ!
ਜੁਗਾਂ ਚੋਂ ਖਿਚ ਰਹੀ ਮਾਸੂਮੀ
ਵਲ ਦੂਆ ਹਰ ਨਰਕ ਦੀ ਜੂਨੀ।
ਵਣ, ਖੂਹਾਂ, ਘਰਾਂ ਤੇ ਸੱਥਾਂ
ਉਮੁਲ ਪੈਣ ਵਲ ਨਾਨਕ-ਹੱਥਾਂ।
ਕਦੇ ਚੰਦ੍ਰ ਭਾਨ ਦੇ ਖੂਹ ਤੇ
ਤਾਰੇ ਚੜ੍ਹਣ-ਛਿਪਣ ਉਸ ਰੂਹ ਤੇ।

ਪਾਂਧੀ ਬਾਲ ਮਸੀਹਾ

ਹੁੰਗਰ ਸੁਣੇ! ਜਗਤ ਸਭ ਰੋਗੀ!
ਮਾਰਣ ਨਿਗ੍ਹਾ ਦੂਰ ਤਕ ਜੋਗੀ:
ਬੇਤਾਲ ਨੌਂ ਖੰਡ ਦੇ ਕੰਢੇ
ਪਹਿਰਾ ਦੇਣ ਖੜੇ ਕੁਝ ਬੰਦੇ।
ਮਿੱਠ ਬੋਲ ਨਾਨਕ ਦਾ ਸੁਣਦਾ
ਪਾਂਧੀ, ਸਫ਼ਰ, ਰੁੱਖ ਨਾ ਹੁਣ ਦਾ।
ਰੋਗ 'ਤੇ ਨੀਂਦ ਮਧੁਰ ਰੁਣਝੁਣਦਾ
ਹੁਮਾ ਦੀ ਛਾਂ ਖ਼ਾਕ 'ਤੇ ਬੁਣਦਾ।
ਭਾਵੇਂ ਘੋਰ ਚੁਫੇਰੇ ਆਂਧੀ
ਦਾਮਨ ਹੱਥ ਰਹੇ ਹਰ ਪਾਂਧੀ।
ਅਜ਼ਲ ਤੋਂ ਅਬਦ ਤਕ ਸਭ ਜਾਨਾਂ
ਹਨ ਰਬਾਬ ਦੀਆਂ ਜਿਉਂ ਤਾਨਾਂ।

ਜਿਉਂ ਕਰ ਪ੍ਰੇਤ ਦੁੱਖ ਵਿਚ ਕਾਲਾਂ
ਖਿੜੇ ਮਾਸੂਮ ਨਜ਼ਰ ਵਿਚ ਛਾਲਾਂ।
ਮੌਤ ਝੱਖੜੀਂ ਰਹੇ ਨਾ ਕੱਲੇ
ਨਾਨਕ ਨਾਲ ਰਾਹ ਜੋ ਚੱਲੇ।
ਹੱਥ ਬਾਲ ਦੇ ਮੌਤ-ਦਰਾਂ ਤੇ
ਬੇੜੀ ਜਿਵੇਂ ਅਡੋਲ ਹੜ੍ਹਾਂ ਤੇ।

2

ਪਿਤਾ ਦੇ ਸੰਤਾਪ ਤੋਂ ਚਟਸ਼ਾਲ ਤਕ

ਧੰਮੀ ਵੇਲੇ ਜਾਗ, ਕਾਲੂ ਵੇਖਦਾ
ਅਜ਼ਲ ਅਬਦ ਦਾ ਰਾਗ, ਵਣ ਵਣ ਉੱਤਰੇ
ਜਿਉਂ ਜੋਗੀ ਦੀ ਪੈੜ, ਕਾਲ 'ਚ ਉੱਡਦੀ
ਦਰ 'ਤੇ ਮੰਗਣ ਖ਼ੈਰ, ਪਲ ਵਿਸਮਾਦ ਦੇ।
ਫਿਰ ਉਸ ਆਂਗਣ ਪਾਰ, ਹੁਜਰਾ ਤੱਕਿਆ
ਨਾਨਕ ਬਰਖ਼ੁਰਦਾਰ, ਜਿਸਦਾ ਨੂਰ ਸੀ
ਲਖ ਸਾਲਾਂ ਦੀ ਬਾਂਹ, ਫੜ ਕੇ ਬੈਠਿਆ
ਗਹਿਰੀ ਚੁੱਪ ਦੀ ਛਾਂ, ਜਗ 'ਤੇ ਤਾਣਦਾ।
ਲੰਘੀ ਆਂਗਣ ਚੀਰ, ਧੀ ਫਿਰ ਨਾਨਕੀ
ਜਿਉਂ ਅਗੰਮ ਨਭ-ਤੀਰ, ਪਰਸੇ ਚਾਂਦਨੀ,
ਜਿਉਂ ਨਾਨਕ ਦੇ ਖ਼ਾਬ, ਗ਼ੈਬੀ ਕੂੰਜ ਨੇ
ਲੈ ਸਿਮਰਣ ਦੀ ਆਬ, ਸੌ ਦਰ ਜਾਵਣਾ,
ਘੁੰਮ ਰਹੀ ਜਿਉਂ ਲੋ, ਓਸੇ ਪੈੜ 'ਤੇ
ਰਾਹ ਭਗਤਾਂ ਦੇ ਹੋ, ਜਿੱਥੋਂ ਜਾਂਵਦੇ।

ਮਨ ਦੇ ਝੱਖੜ ਲੰਘ, ਕਾਲੂ ਜਾਣਿਆਂ
ਸੁਤ ਦੇ ਸਿਮਰਣ ਮੰਝ, ਜਾਪੇ ਨਾਨਕੀ।
ਦਿਸੇ ਵਿਛੋੜੇ ਮੇਲ, ਲੰਮੀ ਸੁਰਤਿ ਨੂੰ
ਸੁਤ ਦਾ ਸਿਮਰਣ-ਵੇਲ, ਦਿਲ ਹੈ ਸਮੇ ਦਾ।
ਵੇਂਹਦਾ ਵਿਚ ਧਿਆਨ, ਛੱਲਾਂ ਆਖ਼ਰੀ
ਸਕੇ ਕਦੇ ਨਾ ਜਾਣ, ਸਫ਼ਰ ਇਕੱਲੜੇ।

ਝੁਕ ਕੇ ਹੁਜਰੇ ਵਲ, ਕਾਲੂ ਸੋਚਦਾ:
"ਕੈਸਾ ਸਮੇ ਦਾ ਛਲ! ਸਮਝਾਂ ਕਿਸਤਰਾਂ?

ਕੀ ਉਮਰ ਸਤ ਸਾਲ ? ਭੇਦ ਅਨੋਖੜੇ।
ਸੱਚ ਝੂਠ ਹਨ ਨਾਲ, ਇੱਕੋ ਵਾਟ ਤੇ।
ਹਰਦਿਆਲ ਦੇ ਕੋਲ, ਹਰ ਪਲ ਯਾਦ ਨੇ
ਪੁੱਤ ਰਿਹਾ ਨਾ ਗੋਲ, ਅਰਜ਼ ਅਸਾਡੜੀ।
ਡੁੱਬ ਆਲਸੀ ਘੋਲ, ਰਹੇ ਅਨੀਂਦਰਾ
ਕਦੇ ਇਹ ਜਾਪੇ ਧੌਲ, ਚੁਕਦਾ ਕਾਲ ਨੂੰ।
ਕਦੇ ਤਾਂ ਇਹਦੇ ਝੱਲ, ਵਾਂਝੇ ਲਾਜ ਤੋਂ
ਕਦੇ ਤਾਂ ਇਹਦੀ ਗੱਲ, ਟੱਪੇ ਜੁਗਾਂ ਨੂੰ।
ਕਦੇ ਅਲੌਕਿਕ ਰੰਗ, ਪਾਵੇ ਖੇਡ ਤੇ
ਜਗਤ-ਰੀਤ ਤੋਂ ਤੰਗ, ਲਗਦਾ ਕਦੇ ਹੈ।
ਜਾਪਣ ਵਡ ਪਰਲੋਕ, ਨੈਣੀਂ ਉੱਤਰੇ
ਭੈਅ ਦੇਵੇ ਮਨ ਰੋਕ, ਲੋਚਾਂ ਪੁੱਛਣਾ।
ਨਾਲ ਪੁੱਤ ਜੋ ਰਹਿਣ, ਕਿੱਥੇ ਸਮੇ ਨੇ ?
ਲੈਂਦੇ ਮਾਂ ਦੇ ਨੈਣ, ਕੁਝ ਕੁਝ ਹਾਥ ਨੇ।
ਤ੍ਰਿਪਤਾ ਦੇ ਦਰ ਚੱਲ, ਨਾਨਕ ਢੁੱਕਦਾ
ਅਗਮ ਨਿਗਮ ਦੀ ਗੱਲ, ਕੰਨੀਂ ਪਾਂਵਦਾ।
ਕਿੱਥੇ ਚਾਲ ਕੁਚਾਲ, ਜਾਣਾ ਫ਼ਰਕ ਨਾ
ਲੰਘ ਗਏ ਸਤ ਸਾਲ, ਚਿੰਤਾ ਚੰਬੜੀ।
ਮਧੁਰ ਜਗ ਦੀ ਚਾਲ, ਮੈਨੂੰ ਭਾਂਵਦੀ :
ਭੇਜ ਪੁੱਤ ਚਟਸ਼ਾਲ, ਮਿਲਦੀ ਦੀਖਿਆ।
ਵੇਖਾਂ ਨਾਨਕ ਨੇੜ, ਧੀ ਫਿਰ ਲਾਡਲੀ
ਸਮਝੇ ਜੋ ਨਬ-ਫੇਰ, ਵੀਰੇ ਸਾਮ੍ਹਣੇ।
ਦਿਸੇ ਸੱਚ ਦਾ ਪਾਰ, ਮੈਨੂੰ ਅਜੇ ਨਾ
ਕੁਝ ਨ ਸਕਾਂ ਨਿਤਾਰ, ਸਮਝ ਅਸਮਝ ਚੋਂ।
ਜਨਮੀ ਚਿੰਤ ਅਗਾਧ, ਮਸਤਕ ਅੰਦਰਾਂ
ਜਗਤ ਅੰਤ ਤੇ ਆਦਿ, ਕਿਸ ਨੇ ਵੇਖਿਆ ?
ਗਏ ਕਾਫ਼ਲੇ ਖੇਲ, ਮੋਏ ਸੱਦ ਨੂੰ
ਕੀਕਨ ਹੋਸਨ ਮੇਲ ? ਹੱਥ ਬਿਗਾਨੜੇ !
ਜੋ ਲਿਖੇ ਜੱਗ-ਲੇਖ, ਬੈਠੇ ਤਖ਼ਤ ਤੇ
ਤਰਸਨ ਪੰਡਤ ਸ਼ੇਖ਼, ਉਸਦੇ ਤੇਜ ਨੂੰ।
ਜਗ-ਵੈਭਵ ਦੀ ਭੁੱਖ, ਅਜਬ ਅਗੋਚਰੀ
ਰਹੇ ਦੇਵਤੇ ਚੁੱਕ, ਰੰਗ ਕੁਸੰਭੜਾ।
ਹੋਣੀ ਨਾਨਕ-ਜੇਤ, ਦਸਦੇ ਲੋਕ ਨੇ
ਦਿੱਤੇ ਬਹੁ ਸੰਕੇਤ, ਸੰਤ ਫ਼ਕੀਰ ਨੇ।

ਫਿਰ ਵੀ ਕਰਾਂ ਉਡੀਕ, ਜਗਤ ਮਹਾਨ ਦੀ
ਜਿਸਦੀ ਗੁੱਝੀ ਲੀਕ, ਵਿਚ ਅਸਮਾਨ ਵੀ।
ਲੈ ਚੱਲਾਂ ਚਟਸ਼ਾਲ, ਨਾਨਕ ਲਾਡਲਾ
ਹੁਣ ਹੀ ਲੱਭਾਂ ਭਾਲ, ਗੌਰਵ ਜੱਗ ਦਾ।" -1-

ਲਘੂ ਚਿੰਤਾ ਤੋਂ ਅੱਖਰ ਅਸਗਾਹ ਤਕ

ਦਸੇ ਜੋਤਸ਼ ਰਾਹ, ਕਾਲੂ ਤਾਂਘਦਾ
"ਇੱਕ ਅੱਜ ਬੋਲ ਪੁਗਾ, ਪੁੱਛਾਂ: "ਪ੍ਰੋਹਤ ਜੀ!
ਵਰ੍ਹੇ ਗਏ ਨੇ ਬੀਤ, ਪੂਰੇ ਸੱਤ ਜੀ
ਨਾ ਨਾਨਕ ਦੀ ਰੀਤ, ਚਮਕੀ ਉਸਤਰਾਂ।
ਬੁਰਾ ਮੰਨ ਨਾ ਮੀਤ! ਤੂੰ ਜੋ ਕਿਹਾ ਸੀ
ਦੱਸਾਂ ਹੋ ਭੈ ਭੀਤ, ਝੂਠੇ ਸੁਖ਼ਨ ਸੀ!
ਹੁਣ ਮੈਂ ਪੁਛਾਂ ਫੇਰ, ਦੱਸੀਂ ਸੋਚ ਕੇ
ਦਸ ਨਛੱਤਰ ਗੇੜ, ਵਾਟ ਸੁਵੱਲੜੀ।
ਕਵਨ ਘੜੀ ਤੇ ਸਾਲ, ਸ਼ੁਭ ਮਨ ਉੱਜਲੇ
ਅੱਖਰ-ਬੋਧ ਕਮਾਲ, ਦੇਵਣ ਹੱਸ ਜੋ।"

ਸੁਣ ਕਹੇ ਹਰਦਿਆਲ, "ਮੈਂ ਨਾ ਜੋਤਸ਼ੀ
ਜਨਮ ਸਮੇ ਦੇ ਹਾਲ, ਐਪਰ ਸੱਚ ਸੀ।"
ਫੇਰ ਮਹੂਰਤ ਭਾਲ, ਪੰਡਤ ਦੱਸਿਆ:
"ਤਦੋਂ ਬਲੀ ਹਰ ਕਾਲ, ਭੈਅ 'ਚ ਕੰਬਿਆ।
ਤਦੋਂ ਜੋ ਸੀ ਅੱਖਰ, ਲੀਕੇ ਆਲਮਾਂ
ਛੱਡ ਮੂਰਛਾ-ਚੱਕਰ, ਹੜ੍ਹ ਬਣ ਗਰਜਦੇ
ਜੁਗ ਜੁਗ ਜੋ ਅਸਮਾਨ, ਡੁੱਬੇ ਅੱਖਰੀਂ
ਸੁਣ ਸੁਣ ਨਾਨਕ ਨਾਮ, ਲਿਸ਼ਕਣ ਅੱਖਰੀਂ।"

ਦਿਸਦਾ ਦਰ ਚਟਸ਼ਾਲ, ਪੜ੍ਹਦੇ ਬਾਲ ਵੀ
ਬਣਕੇ ਖੜਾ ਗੋਪਾਲ, ਸੱਜਦਾ ਜੁਗਾਂ ਦਾ।
ਨਾਨਕ ਦੇ ਵਲ ਵੇਖ, ਮਹਿਤਾ ਆਖਦਾ:
"ਮੈਂ ਪੁੱਤਰ ਦੇ ਲੇਖ, ਤੈਨੂੰ ਸੌਂਪਦਾ।
ਤੈਨੂੰ ਮੰਨਾਂ ਪੀਰ, ਪਾਂਧੇ ਸੱਚ ਦੇ
ਮੋੜੇਂ ਜੇ ਤਕਦੀਰ, ਮੇਰੇ ਪੁੱਤ ਦੀ।
ਹਨ ਨੀਂਗਰ ਦਰਬਾਰ, ਗੁੱਝੇ ਮੰਡਲੀਂ
ਤੋਲੀਂ ਜਗਤ ਦੁਆਰ, ਖੇਪ ਗਿਆਨ ਦੀ।

ਮੁਣਸ-ਗਤੀ ਦੇ ਨੇਮ, ਬੱਝੇ ਅੱਖਰੀਂ
ਸਮਝੇ ਰਾਜ ਹਲੇਮ, ਦੇਵੀਂ ਸੋਝਿਆ।"
ਤਦ ਆਖੇ ਗੋਪਾਲ: "ਸੁਣੀਂ ਪਿਆਰਿਆ
ਘੜੀ ਪਹਿਰ ਮੈਂ ਸਾਲ, ਨਾਨਕ ਜਾਣਿਆਂ।
ਦਿਸਦੀ ਨਜ਼ਰ ਉਡਾਰ, ਚੀਰੇ ਗ਼ੈਬ ਨੂੰ
ਹਰ ਅੱਖਰ ਦੀ ਸਾਰ, ਇਸਦੀ ਚੁੱਪ ਨੂੰ।
ਫਿਰ ਵੀ ਮੰਨੇ ਬੋਲ, ਬੰਦਾ ਹੁਕਮ ਦਾ
ਪਾਵਾਂ ਅੱਖਰ ਫ਼ੋਲ, ਪੂੰਜੀ ਮੈਂਡੜੀ।"

ਪਾਂਧੇ ਕੋਲੇ ਛੱਡ, ਨਿਆਰੇ ਸੁਤ ਨੂੰ
ਸਫ਼ਰ ਜਾਪਦਾ ਵੱਡ, ਗ੍ਰਿਹ ਤਕ ਬਾਪ ਨੂੰ।
ਫਿਰ ਨਾਨਕ ਦੇ ਕੋਲ, ਬਹਿ ਗੋਪਾਲ ਨੇ
ਪੱਟੀ ਉੱਤੇ ਸੁਹਲ, ਪੈਂਤੀ ਉੱਕਰੀ।
ਜੋ ਵੀ ਸੀ ਪਰ ਰੇਖ, ਲੀਕੀ ਮੱਸੁ ਨੇ
ਪਲ ਵਿਚ ਪਾਂਧੇ ਵੇਖ, ਜਾਣੀ ਰੋਸ਼ਨੀ।
ਸੱਤੇ ਪਰਦੇ ਲੰਘ, ਅੱਖਰ ਵਾਲੜੇ
ਛੁਪੀ ਨਦਰ ਦੇ ਰੰਗ, ਫੈਲੇ ਅੰਬਰੀਂ।
ਗੜ੍ਹ ਅੱਖਰ ਦੇ ਤੋੜ, ਰੁਕਦੇ ਅਰਥ ਨਾ,
ਗਰਜਣ ਸਬਰ ਅਮੋੜ, ਨੂਰ ਉਛਾਲਦੇ।
ਕਰ ਪਾਂਧੇ ਦਾ ਮਾਣ, ਨਾਨਕ ਪੁੱਛਦਾ:
"ਕਿਸ ਅੱਖਰ ਦੀ ਸ਼ਾਨ, ਖੜ੍ਹਦੀ ਅੰਤ ਤੇ?"
ਰੂਹ ਹਲੀਮੀ ਤਾਣ, ਕਹੇ ਗੋਪਾਲ ਦੀ:
"ਅਸੀਂ ਅਜੇ ਅਣਜਾਣ, ਬੰਦੇ ਜੱਗ ਦੇ।
ਤੂੰਹੀ ਦਸ ਮਹਾਨ, ਅੱਖਰ ਕਦੋਂ ਨੇ
ਕਵਨ ਜਗੇ ਅਸਮਾਨ, ਲਾਂਭੇ ਅੱਖਰੋਂ?"
ਨਾਨਕ ਕਹਿੰਦਾ "ਸੁਣ, ਵਿਚ ਨੇ ਅੱਖਰੀਂ
ਆਦਿ ਜੁਗਾਦਿ ਦੇ ਗੁਣ, ਸੁੰਨ 'ਚ ਘਿਰੇ ਜੋ।
ਲੇਖੇ ਲਈ ਖਲੋਣ, ਮਰਦ ਅਗੰਮੜੇ
ਅਦਲ ਸਾਮ੍ਹਣੇ ਹੋਣ, ਤਾਲਿਬ ਨਦਰ ਦੇ।
ਲੇਖ ਲੈਣ ਸੰਭਾਲ, ਅੱਖਰ ਸੱਚ ਦੇ
ਸੁਣੀਐ ਲਾ ਮਿਸਾਲ, ਇਸ ਚੋਂ ਨਾਦ ਵੀ।
ਸੀ ਰੂਹ ਮੰਝ ਜੰਗਲ, ਕੂਕਾਂ ਮਾਰਦੀ
ਗੁਰ-ਮਿਹਰ ਜਮ-ਸੰਗਲ, ਤੋੜੇ ਅੰਤ ਨੂੰ।
ਜਦੋਂ ਅੱਖਰੀਂ ਮਿਹਰ, ਤਦੋਂ ਮਹਾਨ ਨੇ
ਜਦੋਂ ਤਿਨ੍ਹਾਂ ਤਨ ਸਿਹਰ, ਨੂਰੋਂ ਸੱਖਣੇ।

ਜਦ ਲੇਖੇ ਦੇ ਜੋਗ, ਬੰਦਾ ਹੋਇਸੀ
ਖੜਾ ਝੱਖੜੀਂ ਹੋਗ, ਹੁਕਮੀ ਤੇਜ ਲੈ।
ਸੋਈ ਬੰਦਾ ਜਾਣ, ਅੱਖਰ ਬਾਹਰਾ
ਓਹੀ ਪਲ ਮਹਾਨ, ਪੈਂਤੀ ਅੰਦਰਾਂ।
ਜਦ ਲੇਖੇ ਦਾ ਅੰਤ, ਅੱਖਰ ਪਾਉਣਾ
ਤਦ ਫਿਰ ਜਗ ਅਨੰਤ, ਸੁਪਨੇ ਦੱਸਣੇ।
ਹੁਕਮ ਮਿਹਰ ਦੇ ਨੂਰ, ਇਕ ਬਿਨ ਹੋਰ ਨਾ
ਸਭ ਵਕਤਾਂ ਤੋਂ ਦੂਰ, ਬਿਨਾਂ ਨਜ਼ੀਰ ਨੇ।
ਦਿੱਤੇ ਡੰਫ ਉਤਾਰ, ਜਿਹਨਾਂ ਬੰਦਿਆਂ
ਤੇਜ਼ ਹੁਕਮ ਦੀ ਧਾਰ, ਜਰਦੇ ਹੱਸ ਕੇ।
ਲੈਣ ਹਰਫ਼ ਜੋ ਚੁੱਕ, ਓਹੀ ਅਮਰ ਨੇ
ਉਸ ਪਲ ਰੂਹ ਅਝੁੱਕ, ਹਾਰੇ ਕਿਤੇ ਨਾ।"

ਚਮਕੇ ਕੰਟਾਂ ਰਾਹ, ਪਾਂਧੇ ਸਾਮ੍ਹਣੇ
ਵੱਡਾ ਬਹੁ ਅਸਗਾਹ, ਨਿੱਕੀ ਜਿੰਦ ਹੈ!
ਜਿਸ ਨਾਦ ਵਿਚ ਘੁੰਮਣ, ਅੱਖਰ ਜੱਗ ਦੇ
ਓਥੇ ਹੀ ਜਾ ਗੁੰਮਣ, ਨੈਂ ਜਿਉਂ ਵਲਵਲੇ।
ਘਰ ਕਾਲੂ ਦੇ ਜਾ, ਪਾਂਧੇ ਦੱਸਿਆ
"ਵੱਡਾ ਬੇਪਰਵਾਹ, ਨਾਨਕ ਤੈਂਡੜਾ;
ਦੂਰ ਦੁਰਾਡੇ ਧਾਮ, ਇਹਦੀ ਚੁੱਪ ਦੇ
ਜਿੱਥੇ ਸਭ ਬੇਨਾਮ; ਕੇਂਦਰ ਸੱਚ ਦੇ।
ਕੀ ਦਸਾਂ ਮੈਂ ਬੋਲ, ਨਾਨਕ ਕੌਣ ਹੈ!
ਵਸੇ ਧਰੁਵਾਂ ਦੇ ਕੋਲ, ਪਾਂਧਾ ਜਗਤ ਦਾ।"

ਹਰਫ਼ਾਂ ਤੋਂ ਪਾਰ

ਨਾਨਕ ਸਮੇ ਤੋਂ ਪਾਰ, ਵੇਂਹਦਾ ਰਿਹਾ ਸੀ;
ਕਾਲੂ ਦਾ ਪਰਵਾਰ, ਸੋਚੀਂ ਡੁੱਬਿਆ।
ਤਿਲ੍ਹਕੇ ਰਮਜ਼ ਗਹੀਰ, ਪਰ ਮਨ ਨਾਨਕੀ
ਜੁਗ ਜੁਗ ਫਿਰਣ ਫ਼ਕੀਰ, ਨਾਨਕ ਭਾਲਦੇ।
ਕੋਇਲ-ਅੱਥਰੂ ਵਿਚ, ਵਣ ਵੈਰਾਗਦੇ
ਗਾਹੇ ਗਗਨ ਅਮਿੱਤ, ਨਾਨਕ ਸਾਮ੍ਹਣੇ।
ਵੀਰ ਮੱਥਿਉਂ ਉੱਗ, ਮਹਿਰਮ ਮਾਰਗਾਂ
ਸਾਜ ਲਏ ਕਈ ਜੁਗ, ਰਲ ਵਿਚ ਮੇਦਨੀ।

ਮਾਂ ਪਿਉ ਦੇ ਵੱਡ ਗ਼ਮ, ਫਿਰ ਵੀ ਜਾਣ ਨਾ
ਨਾ ਚਿਤਵਣ ਪੁੱਤ ਸਮ, ਰੱਬੀ ਆਸਰੇ।
ਦੇਵੇ ਰਾਇ ਬੁਲਾਰ, ਸੁਹਲ ਦਿਲਾਸੜੇ;
"ਕੁਤਬੁਦੀਨ ਦੇ ਬਾਰ, ਦਸਤਕ ਦੇਵਣੀ;
ਜਾਣੇ ਇਲਮ ਮਹੀਨ, ਨਾਲੇ ਫ਼ਾਰਸੀ,
ਕੁਝ ਨਾਨਕ ਦਾ ਦੀਨ, ਉਸਨੂੰ ਯਾਦ ਹੈ।
ਰਮਜ਼ ਤਸਵੁੱਫ ਲੱਖ, ਉਸਦੀ ਝੋਲ ਨੇ
ਸਾਥ ਦੁਨੀ ਦੀ ਵੱਖ, ਵਰਤਣ ਜਾਣਦਾ।
ਜ਼ਾਹਿਰ ਬਾਤਨ ਵੇਖ, ਕੁਝ ਸਮਝਾਇਸੀ
ਗੁਪਤ ਸਿਆਸੀ ਰੇਖ, ਦਿਲ 'ਤੇ ਖਿੱਚਸੀ।"

ਦਿਲ ਪੁੜੀ ਇਹ ਮਨਤਿਕ, ਮਹਿਤਾ ਹੱਸਿਆ
ਲੈ ਕੁਤਬ ਦੇ ਮਕਤਬ, ਨਾਨਕ ਚੱਲਿਆ।
ਸੁਹਣੇ ਦਿਸੇ ਮਿਨਾਰ, ਜਿਥੋਂ ਕੁਦਰਤਾਂ
ਕਰਨ ਮਿਰ੍ਹਾਜ ਅਪਾਰ, ਬਣ ਬਣ ਪੰਖਣੂ।
ਇਹ ਮਕਤਬ ਦਾ ਰਾਜ਼, ਨਾਲ ਮਸੀਤ ਦੇ:
ਪੜ੍ਹਦੇ ਇਲਮ ਨਮਾਜ਼, ਜਿਉਂ ਦਰ ਫੱਕਰਾਂ।
ਨਾਨਕ ਕਰੇ ਪਛਾਣ, ਮਕਤਬ ਦਰਾਂ ਦੀ
ਜਾਗੀ ਤੁਰਤ ਅਜ਼ਾਨ, ਭੁੱਲੀ ਅਰਸ਼ ਨੂੰ।
ਹਰ ਮਨ ਪਾਕ ਬੁਲੰਦ, ਕੁਤਬ ਪਛਾਣਿਆਂ
ਨਾਜ਼ਲ ਹੋਵੇ ਰੰਗ, ਜਿਵੇਂ ਕੁਰਾਨ ਦਾ।
ਮੁੱਲਾਂ ਦੀ ਦਰਗਾਹ, ਮਹਿਤਾ ਝੁੱਕਦਾ
ਨਾਨਕ ਨੂੰ ਹੱਥ ਲਾ, ਅਰਜ਼ ਗੁਜ਼ਾਰਦਾ:
"ਰਹੇ ਜਗਤ ਵਿਚ ਲੱਜ, ਮੈਂ ਵੀ ਜਿੱਤਸਾਂ
ਦਰਦ ਸੁਣੇ ਜੇ ਅੱਜ, ਆਲਮ ਫੱਕਰਾਂ।
ਫ਼ੁਰਣ ਦੁਨੀ ਦੀ ਡੂੰਘ, ਹਰਫ਼ ਸਿਖਾਲ ਉਹ,
ਮਿਟੇ ਬਾਲ ਦੀ ਊਂਘ, ਜਿਉਂ ਕਰ ਅਹਿਲਿਆ।
ਜੋ ਜੋਤਸ਼ ਤੋਂ ਪਾਰ, ਦੱਸੋ ਰੇਖ ਉਹ,
ਬਣਦਾ ਜਗਤ-ਸਵਾਰ, ਨਾਨਕ ਵੇਖ ਲਾਂ।"
ਮੁੱਲਾਂ ਕਹੇ: "ਗ਼ਰੀਬ, ਇਲਮੋਂ ਬਾਝ ਮੈਂ;
ਤੇਂਡੇ ਨੇਕ ਨਸੀਬ, ਸਾਰੇ ਜੱਗ ਤੋਂ।
ਹੋਵੇ ਰੂਹ ਨਿਹਾਲ, ਫਿਰ ਵੀ ਮੈਂਡੜੀ
ਹਰਫ਼ ਖ਼ੁਦਾ ਦੇ ਭਾਲ, ਇਸ ਤੋਂ ਲਵਾਂ ਜੇ।"

ਦਿਵਸ ਗਏ ਕੁਝ ਬੀਤ, ਮਕਤਬ ਅੰਦਰਾਂ
ਇਲਮ ਤੁਛ ਜਹੀ ਰੀਤ, ਵਿਚ ਅਸਗਾਹ ਦੇ।
ਵਾਹ ਹਰਫ਼ ਦੀ ਭੀਤ, ਬਾਲਕ ਹੱਸਿਆ;
ਕਾਜ਼ੀ ਬਣਿਆਂ ਮੀਤ, ਵਿਚ ਦਰਗਾਹ ਦੇ।
ਨਿੱਤ ਕਰੇ ਪਹਿਚਾਣ, ਨਾਨਕ ਵਾਲੜੀ,
ਜਿਸ ਬ੍ਰਹਿਮੰਡੀ ਜਾਨ, ਖਿੱਚੀ ਅੱਖਰੀਂ।
ਕੁਤਬ ਰਿਹਾ ਸੀ ਵੇਖ, ਨਾਨਕ ਰੋਜ਼ ਹੀ
ਡੁੱਬ ਹਰਫ਼ ਦੀ ਰੇਖ, ਦੀਵੇ ਬਾਲਦਾ।
ਹਰਫ਼ ਦੀ ਤੰਦ ਮਹੀਨ, ਅੱਗੇ ਜੁਗਾਂ ਤੋਂ
ਮੁੜ ਮੁੜ ਨਾਲ ਯਕੀਨ, ਮੋਹ 'ਚ ਉੱਤਰੇ।
ਅਲਫ਼ ਰਹੇ ਨਿਰਜਿੰਦ, ਨਾਨਕ ਜਦੋਂ ਨਾ
ਥਰਕ ਪਵੇ ਜਿਉਂ ਸਿੰਧ, ਪੱਟੀ ਲਿਖੇ ਜਾਂ।
ਅਲਫ਼ ਯੇ ਤਕ ਅੱਖਰ, ਲੀਕੇ ਜਦੋਂ ਵੀ
ਚੜ੍ਹੇ ਜਿਉਂ ਕੋ ਝੱਖੜ, ਜੀਭਾ ਕਲਮ ਦੀ।
ਮੁਸਕਰਾ ਮੰਦ ਮੰਦ, ਇਕ ਦਿਨ ਪੁੱਛਦਾ:
"ਦਸ ਨਾਨਕ! ਕਿਉਂ ਅੰਧ? ਇਲਮਾਂ ਹੁੰਦਿਆਂ।
ਮਰਗ ਕਰੇ ਕਿਉਂ ਬੰਦ, ਸਫ਼ਰ ਯਕੀਨ ਦਾ?
ਕਿਉਂ ਹਰਫ਼ਾਂ ਦੀ ਪੰਡ, ਸਿਰ 'ਤੇ ਚੁੱਕਣੀ?"
ਨਾਨਕ ਨਜ਼ਰਾਂ ਚੁੱਕ, ਤੱਕੇ ਕੁਤਬ ਨੂੰ,
ਕੂੰਦਾ ਅਦਬ 'ਚ ਝੁੱਕ, ਕੋਮਲ ਬਹੁਤ ਹੋ:
"ਵਲੀ ਗਏ ਨੇ ਹੰਭ, ਅੱਖਰ ਵਾਚਦੇ
ਮੈਂ ਬੋਲਾਂ ਕਿਸ ਢੰਗ? ਚੱਬੇ ਮੌਤ ਨੇ!
ਪਾਪੀ ਰਹੇ ਜੇ ਲੰਘ, ਵਾਲ ਦੇ ਪੁਲ ਤੋਂ
ਧੂਣ ਨਰਕ ਜੇ ਤੰਗ, ਕੰਦਰਾ ਰਾਸਤੇ
ਅੰਤ ਵਲੀ ਦਾ ਪੰਧ, ਪਰ ਗੁਮਨਾਮ ਹੈ
ਕੀ ਕਰੇ? ਰੂਹ ਤੰਗ, ਖ਼ਾਲੀ ਹੱਥ ਨੇ।
ਪਾਪੀ ਵਲੀ ਨਾ ਭਿੰਨ, ਅੱਗੇ ਮੌਤ ਦੇ
ਪਾਪ-ਦੰਡ ਦੇ ਚਿੰਨ੍ਹ, ਧ੍ਰਿਗ ਨਾ ਸੁੰਨ ਤੋਂ।
ਦੁਨੀ ਸੰਦੜੇ ਰੰਗ, ਪਰ ਜੋ ਜਿੰਦੜੀ
ਹੜ੍ਹ ਬੰਦਗੀ ਮੰਝ, ਅਣਦਿਸ ਕੂਟ ਤੋਂ
ਜਨਮ ਅਜਨਮ ਦੇ ਪਲ, ਨਜ਼ਰ 'ਚ ਖੋਰਦੀ
ਚੁੱਕ ਹਲਤ ਦੀ ਛੱਲ, ਸੁੱਟੇ ਪਲਤ 'ਤੇ।
ਲਿਸ਼ਕ ਬਿਮਲ ਅਵਧੂਤ, ਉੱਡੇ ਆਤਮਾ
ਚੜ੍ਹੇ ਚੀਰਦੀ ਕੂਟ, ਭੂਤ ਭਵਿੱਖ ਦੀ।

ਮਾਹੀ ਜੋੜੀ ਦਾਤ, ਮੱਥੇ ਗੁਰਮੁਖਾਂ
ਜਦੋਂ ਚਮਕਦੀ ਆਪ, ਪੂਰੇ ਚੰਦ ਜਿਉਂ
ਤੱਕਣ ਕਰ ਉਹ ਜਾਪ, ਜਿਥੇ ਉੱਤਰੀ
ਪਰਲੋਕਾਂ ਦੀ ਰਾਤ, ਨੀਂਦ-ਸਕੂਨ ਲੈ
ਚੱਲਣ ਸਿਮਰਣ-ਵਾਣ, ਇਸ ਉਸ ਲੋਕ ਜੀ
ਝਿਮ ਝਿਮ ਖ਼ਾਸ ਨਿਸ਼ਾਨ, ਹਸਤੀ ਬਾਲਦੀ।
ਸਮਝੇ ਜਦੋਂ ਦਲੀਲ, ਖੁਰ ਵਿਚ ਬੰਦਗੀ
ਕਦ ਆ ਅਜ਼ਰਾਈਲ, ਫੜਦਾ ਵਾਲ ਹੈ
ਚੁੱਕੇ ਤਰਸ ਅਮੀਕ, ਬੰਦਾ ਜੇਕਰਾਂ
ਧਰਮਸਾਲ ਦੀ ਚੀਖ, ਜ਼ਿੰਦਾ ਰਹੇਗੀ।
ਬਸ਼ਰ ਬੁਣੇ ਇਹ ਪੰਧ, ਜੋ ਵਿਚ ਬੰਦਗੀ
ਜੀਣ ਸਮੇ ਦੀ ਜਿੰਦ, ਪੈਂਡੇ ਹੋਂਦ ਦੇ।
ਉਂਜ ਗੁਮਨਾਮੀ ਪੀਣ, ਜਾਂਦੇ ਵਲੀ ਜੋ
ਹਲਤ ਪਲਤ ਵਿਚ ਥੀਣ, ਆਪ ਪਛਾਣ ਕੇ
ਅਪਣੀ ਤੱਕਣ ਮੌਤ, ਧੁਰ 'ਤੇ ਅੰਤ ਨੂੰ
ਨਕਸ਼ ਤਿਨਾਂ ਦੇ ਕੰਤ, ਘੜਸੀ ਆਖ਼ਰੀ।
ਇਲਮ ਹਰਫ਼ ਦੇ ਅੰਦਰ, ਬਾਗ਼ੀ ਹੋਇ ਕੇ
ਚੀਰ ਦਿਵੇ ਜੋ ਅੰਬਰ, ਰਹਿਸਨ ਅੰਧ ਨਾ।
ਐਪਰ ਰੁਲਣ ਅਖ਼ੀਰ, ਛਾਰ ਹਮੇਸ਼ ਹੋ
ਜੋ ਰਣ ਜਿੱਤਣ ਮੀਰ, ਬਾਝੋਂ ਬੰਦਗੀ।
ਖੁਰ ਜਾਂਦੀ ਸ਼ਮਸ਼ੀਰ, ਦੋਜ਼ਖ਼-ਵਾਟ ਤੇ
ਜੁੜੇ ਤਰਸ ਦੀ ਭੀੜ, ਜੋ ਨਭ ਤੀਕ ਨਾ।"

ਹਰਫ਼ ਪਿੱਛੇ ਸੁਣ ਜਾਨ, ਛੁਪਦੀ ਕੁਤਬ ਦੀ
ਕਿਧਰੋਂ ਸੁੱਟਣ ਵਾਲ, ਕਾਂਬੇ ਵਜਦ ਦੇ।
ਤੁਰ ਮਹਿਤੇ ਦੇ ਧਾਮ, ਜਾਵੇ ਸੰਢ ਨੂੰ
ਜੋ ਦੱਸੇ ਅਸਮਾਨ, ਦੱਸੇ ਭੇਤ ਸੋ।
ਬਿਹਬਲ ਹੋਇ ਅਖ਼ੀਰ, ਪਿਊ ਨੂੰ ਦੱਸਦਾ:
"ਜਿਉਂ ਜ਼ਮਜ਼ਮ ਦਾ ਨੀਰ, ਜਾਗਣ ਬਰਕਤਾਂ
ਇਹਦੀ ਰਮਜ਼ ਤਮਾਮ, ਉੱਚੀ ਸਿਹਰ ਤੋਂ
ਨਾ ਕੋ ਮਰਗ ਮੁਕਾਮ, ਇਹਦੇ ਇਲਮ ਦਾ।
ਇਸਦਾ ਰਹਿਮ ਮੁਨੀਰ, ਨਮ ਜਿਉਂ ਖਾਰ 'ਤੇ
ਗੁਨਹਗਾਰ ਤਕਦੀਰ, ਸਿਰ 'ਤੇ ਉੱਤਰੇ।"

ਯੁਗ-ਵੀਰਾਨੀ ਅਤੇ ਇਲਾਹੀ ਮਾਸੂਮੀ (ਥਰਥਰਾਹਟਾਂ)

ਨਾਨਕ ਦੀ ਵਿਚ ਬੁੱਧ, ਜਾਗਣ ਸਦੀਆਂ
ਯਾਦ ਮਾਸੂਮ 'ਚ ਉੱਗ, ਅੰਬਰ ਝਲਕਦੇ।
ਮਜ਼ੁਬਾਂ ਦੇ ਵਰਦਾਨ, ਸ਼ਬਨਮ-ਨਾਦ ਲੈ
ਖੋਲ੍ਹ ਰਹੇ ਅਸਮਾਨ, ਨਾਨਕ-ਚੁੱਪ 'ਤੇ।
ਫਬਣ ਹਯਾਤੀ-ਸੀਸ, ਕੇਸ ਜੁ ਧਰਮ ਦੇ
ਰੁੱਖਾਂ-ਸਿਖਰ ਅਸੀਸ, ਵਰ੍ਹਦੀ ਤ੍ਰੇਲ ਜਿਉਂ।
ਹੁੱਲ ਸਿਮਰਣ-ਦਰਿਆ, ਮੱਥੇ ਸੰਤ ਦੇ
ਮੋਹ ਨੂੰ ਦੇਣ ਜਗਾ, ਪੱਥਰ ਅੰਬਰੀਂ।
ਮਗ ਨਾਮ ਦੇ ਪਾਵਨ, ਸੁਰਤ ਫ਼ਕੀਰ ਦੀ
ਸਭ ਮੰਜ਼ਿਲਾਂ ਜ਼ਾਮਨ, ਅੱਗੇ ਕਾਰਵਾਂ!
ਸਦਾ ਸੁਤੰਤਰ ਤਾਨ, ਧਰਮ ਜਗਾਉਂਦੇ
ਸੰਤ ਗੁਰੂ ਦੀ ਜਾਨ, ਵਿਚ ਜੁ ਥਰਕਦੀ।
ਚੜ੍ਹੇ ਅਕਾਲ ਦੀ ਰਗ, ਅਨਹਦ ਰਮਜ਼ ਲੈ
ਰੁੱਖ ਬੂਟ ਰਹੀ ਵਗ, ਰੁਣਝੁਣ ਸੱਚ ਦੀ।
ਲਈ ਬਾਲ-ਮਨ ਸਾਂਭ, ਬਰਕਤ ਅਜ਼ਲ ਦੀ
ਜੁਗਾਂ ਸਿਖਰ ਫਿਰ ਬਾਂਗ, ਦਿੱਤੀ ਸੱਚ ਨੇ।
ਇੱਕੋ ਇੱਕ ਯਕੀਨ, ਪਾਵਨ ਸੱਦ ਦਾ
ਜੁਗ ਜੁਗ ਤੁਰੇ ਮਹੀਨ, ਪੈੜ ਇਕੱਲੜੀ।
ਨਾਨਕ-ਸੁਰਤ ਅਪਾਰ, ਧੁਰ ਦੇ ਸੱਚ ਨੂੰ
ਰੱਖੇ ਜਿਉਂ ਪਰਵਾਰ, ਸਿਰ ਬ੍ਰਹਿਮੰਡ ਦੇ।
ਬਾਲ-ਵਰੇਸੇ ਸੱਚ, ਲਾਵੇ ਜੜ੍ਹਾਂ ਨੂੰ
ਨਗਨ ਅਡੋਲ ਹੋ ਅੱਤ, ਆਪੇ ਚਮਕਦਾ।
ਪਥ ਨਿਰਲੇਪ ਅਟੱਲ, ਬਣਿਆਂ ਚੇਤਨਾ
ਚੜ੍ਹੀ ਤਾਰਿਕਾ-ਛੱਲ, ਸੁੱਚੀ ਸਿਰਜਣਾ।
ਨਾਨਕ ਦਾ ਮਨ ਮੱਲ, ਪਰਲੋ ਤੀਕਰਾਂ
ਸਮੇ ਦੇ ਤੀਖਣ ਪਲ, ਉੱਡਣ ਬਾਜ਼ ਜਿਉਂ।
ਜਿਉਂ ਕੁਈ ਰੈਣ ਅ-ਛਲ, ਪਾਵਨ ਹੱਥ ਨੂੰ
ਰਾਜ਼ ਅਸੰਖ ਦੇ ਤਲ, ਡੂੰਘਾ ਡੋਬਦੀ
ਇਉਂ ਨਾਨਕ ਦੇ ਨਾਲ, ਧਰਮ ਅਗਾਧ ਚੋਂ
ਉੱਠ ਅਨਲ ਜਿਉਂ ਸਾਲ, ਰੂਹ 'ਚ ਉੱਡਦੇ;
ਪਰ ਧਰਮਾਂ ਦੀ ਦੀਦ, ਅੰਬਰ ਜ਼ਿਮੀਂ 'ਤੇ
ਜੋ ਸੀ ਕਦੇ ਉਮੀਦ, ਸਗਲੇ ਜਗਤ ਦੀ

ਉਹ ਬਸ ਰਹੀ ਨਿਸ਼ਾਨ, ਉੱਤੋਂ ਸੁੱਕ ਕੇ
ਜੜ੍ਹ ਹੀ ਸਕਦੀ ਜਾਣ, ਠੰਢੀ ਰਾਖ ਨੂੰ।
ਧਰਮ ਕਰਮ ਬੇਜਾਨ, ਅਨੁਭਉ ਬਾਝ ਨੇ
ਰੁਲਣ ਬੁੱਤ ਬੇਮਾਨ, ਥਲਾਂ 'ਚ ਖੜੇ ਜਿਉਂ।
ਪਿੰਜਰ ਹੋਈ ਕੁੱਖ, ਅਜ਼ਲੀ ਕੌਲ ਦੀ
ਸੜ ਜਾਵੇ ਜਿਉਂ ਰੁੱਖ, ਨਦੀ ਉਡੀਕਦਾ।
ਮਾਂ ਦੀ ਬਿਨਾਂ ਅਸੀਸ, ਧਰਤ ਸੈਮਾਨ ਨੇ
ਚੜ੍ਹੇ ਕੂੰਜ ਦੇ ਸੀਸ, ਹਾਸਿਦ ਵਾਣ ਸੀ।
ਖੰਭ ਰੁਲੇ ਅਸਮਾਨ, ਪੰਛੀ ਕਿਤੇ ਨਾ!
ਸਭ ਛੱਖੜ ਕੁਰਲਾਨ, ਸੁਹਲ ਉਡਾਣ ਨੂੰ।
ਗਏ ਉਡਣ ਦੇ ਸਾਲ, ਪੰਛੀ ਰੋਂਵਦੇ
ਦਲਦਲ ਵੇਖ ਵਿਸ਼ਾਲ, ਖਾਰੇ ਨੀਰ ਦੀ।
ਪੰਛੀ ਜਾਸਨ ਮੁੱਕ, ਚੌੜੀ ਬੇਟ ਦੇ
ਲੂਣੀ ਦਲਦਲ ਸੁਕ, ਮਰਨ ਪਿਆਸੜੇ।
ਘਾਹ ਦੀ ਮਿਲੀ ਨਾ ਉੱਘ, ਸੁਪਨੇ ਧਰਤ ਦੇ
ਵਣ ਵਣ ਦੀ ਹਰ ਰੁੱਡ, ਝੁਲਸੇ ਨਾਗ ਨੇ।
ਇਉਂ ਵੀਰਾਨੀਆਂ ਉੱਡ, ਢੱਕਣ ਰੂਹ ਨੂੰ
ਸੜੇ ਦਿਸਣ ਜਿਉਂ ਮੁੱਢ, ਜੰਗਲ ਕਿਸੇ ਦੇ।
ਇਉਂ ਧਰਮ ਦੇ ਫੇਰ, ਬਾਲ ਨਿਹਾਲਦਾ
ਢੂੰਡੇ ਤਿਲ ਤਿਲ ਗੋਰ, ਖੰਡਰ ਕੱਲਰਾਂ।
ਹਉ ਵਿਚ ਬੀਤਣ ਜੁਗ, ਕਿਤੇ ਅਸੀਸ ਨਾ!
ਧਰਮ ਥਲੀਂ ਰਹੇ ਚੁਗ, ਕੰਕਰ ਦਾਨ ਦੇ।
ਚਰਨ ਰਾਮ ਦੇ ਦੂਰ, ਸਿਲ 'ਤੇ ਰੁੱਖ ਨਾ!
ਬੁੱਤਾਂ ਹੇਠ ਕਸੂਰ, ਠੰਢੀ ਕਬਰ ਦੇ।
ਉਂਜ ਤਾਂ ਇਕ ਪਛਾਣ, ਸੁਰਤੀਂ ਧਰਮ ਦੀ
ਉਂਜ ਬਹੁ ਰੋਗ-ਨਿਸ਼ਾਨ, ਕਾਲ 'ਚ ਭਟਕਦੇ।
ਜ਼ੋਰਦਾਰ ਨਿਰਲੇਪ, ਇੱਕੋ ਧਰਮ ਹੀ
ਸੀ ਸੁਰਤ ਦਾ ਵੇਗ, ਨਾਨਕ ਪੈਂਡੜੇ।

ਜੰਞੂ ਤੋਂ ਅੱਗੇ: ਅਮਰ ਸੁਤੰਤਰਤਾ

ਓਧਰ ਮਹਿਤਾ ਸਾਰ, ਕੀਕਨ ਜਾਣਦਾ ?
ਕੋ ਅਗੰਮ ਅਸਵਾਰ, ਨਾਨਕ ਦੂਰ ਦਾ!

ਜਿਉਂ ਕਰ ਝੱਖੜ-ਨਾਦ, ਸੁਣਕੇ ਸੁਣੇ ਨਾ
ਕੰਧੀ ਆਦਿ ਜੁਗਾਦਿ, ਛੁਹਕੇ ਉੱਡਦਾ।
ਅਨਭਉ ਪਿਉ ਦਾ ਉੱਡ, ਕਲਪੇ ਇਸਤਰਾਂ:
"ਕੋਟ ਬਰਸ ਦਾ ਮੁੱਢ, ਨਰ ਤੋਂ ਦੂਰ ਹੈ।
ਵਾਗ ਮਿਰਾਜ ਦੀ ਫੜ, ਸਕਦੇ ਜੀਵ ਨਾ
ਜਾਵਣ ਹੜ੍ਹੀਂ ਜੋ ਚੜ੍ਹ, ਮੁੜ ਨਾ ਪਰਤਦੇ।
ਲਛਮਨ-ਰੇਖ ਸਮਾਨ, ਪੁੱਤਰ ਘੇਰ ਲਾਂ
ਤਿਲਕ ਰਿਹਾ ਅਸਮਾਨ, ਸਾਡੇ ਕੰਮ ਕੀ?
ਮਰਯਾਦਾ ਦਾ ਜ਼ੋਰ, ਇਸਤੇ ਚਾੜ੍ਹੀਏ
ਅਉਧ ਤੱਗ ਦੀ ਹੋਰ, ਪਰ ਹੁਣ ਪਾਈਏ।"
"ਗਲ ਸੁਣੀਂ ਮਨ-ਮੀਤ," ਕਿਹਾ ਪ੍ਰੋਹਤ ਨੇ
"ਪਰਖ ਲਈ ਮੈਂ ਰੀਤ, ਤੇਜ਼ ਧਿਆਨ 'ਤੇ।
ਮਰਯਾਦਾ ਦੇ ਰਾਹ, ਸਦ ਹੀ ਸੱਜਰੇ
ਤਗ ਦਾ ਕਰਮ ਨਿਭਾ, ਦੀਰਘ ਸੱਚ ਜੋ।
ਭਾਵੇਂ ਨੌਂ ਹੀ ਸਾਲ, ਹੋਏ ਜਨਮ ਨੂੰ,
ਸੁਖ਼ਨ ਵੇਦ ਦੇ ਪਾਲ, ਪਹਿਲਾਂ ਸਮੇਂ ਤੋਂ।"

ਨਾਨਕ ਤਕ ਹਜੂਮ, ਮਜ਼ਬਾਂ ਵਾਲੜੇ
ਉਚਰੇ ਸੁਖ਼ਨ ਮਾਸੂਮ, ਨੇੜੇ ਨਾਨਕੀ!:
"ਤੱਗ ਗਏ ਪਥਰਾ, ਦੱਬੇ ਮੂਰਛਾ
ਦਯਾ ਭਰੇਂਦੀ ਆਹ, ਜਤ ਸਤ ਛੱਡਕੇ।
ਨਾ ਸੰਤੋਖ ਗਵਾਹ, ਜੰਞੂ ਸਾਮ੍ਹਣੇ,
ਤੋੜੇ ਵਕਤਾਂ ਸਾਹ, ਧਾਗਾ ਕੱਚੜਾ।"

ਸੁਣ ਸੁਖ਼ਨ ਹਰਦਿਆਲ, ਡਾਢਾ ਦਹਿਲਦਾ
ਵੇਖੇ ਦੀਵਾ ਬਾਲ, ਗੁਫ਼ਾ 'ਚ ਡੂੰਘੜਾ:
ਧਰਮ ਦੇ ਪਿੰਜਰ ਦੂਰ, ਰੱਬੀ ਨਜ਼ਰ ਤੋਂ
ਛੁਹੇ ਜ਼ਰਾ ਨਾ ਨੂਰ, ਤਿਨ ਸਿਰ ਜੁਗਾਂ ਤੋਂ।
ਚਮਕੇ ਕਾਮ ਫ਼ਰੇਬ, ਬਹੁ ਮੱਦਮਾਤੜੇ
ਨਾ ਕੋ ਬੰਨ੍ਹੇ ਦੇਵ, ਤਗ ਦੀ ਗੰਢ ਦੇ।
ਕੁੰਡਲ ਸਿਹਰ ਭਿਅੰਕਰ, ਮਾਰਣ ਤੱਗ ਤੇ
ਰਿਜ਼ਕ ਕਰੇ ਜਿਉਂ ਕੰਕਰ, ਆ ਸ਼ੈਤਾਨ ਨੇ।
ਰਿਸ਼ੀ-ਸੁਰਤ ਦੇ ਖੰਭ, ਹਫ ਜਦ ਟੁੱਟਦੇ
ਦਯਾ ਧਰਮ ਦੇ ਰੰਗ, ਤਗ ਤੋਂ ਲੱਥਦੇ।
ਤੱਕ ਮਾਨਵੀ ਦੰਭ, ਤਗ ਬੇਜ਼ੋਰ ਹੈ,
ਖ਼ੂਨੀ ਖਾਰ 'ਚ ਖੰਭ, ਕੰਬੇ ਵਿੰਨ੍ਹਿਆਂ।

ਗਲਕੇ ਵਿਚ ਬਹੁ ਸਾਲ, ਦਿਲ ਨਾਸ਼ੁਕਰ ਦੇ
ਲੱਗਣ ਨਰਕਾਂ ਨਾਲ, ਧਰਮ-ਨਿਸ਼ਾਨ ਵੀ।
ਸਦੀਆਂ ਦੀ ਆ ਹਉਂ, ਲਿਪਟੇ ਧਰਮ 'ਤੇ।
ਦੈਵੀ ਨਾਨਕ-ਰੌਅ, ਧੋਂਦਾ ਚਿੰਨ੍ਹ ਨੂੰ।
ਕਿਸ ਕਿਸ ਪੱਥਰ ਨਾਲ, ਜੁੜੇ ਸਰਾਪ ਨੇ;
ਸਦੀ ਸਦੀ ਦੇ ਤਾਲ, ਅੰਦਰ ਢੂੰਡਦਾ।
ਪੱਲ ਰੁਲੇ ਬਿਨ ਸੰਗ, ਥਲਾਂ 'ਚ ਹੱਡ ਜਿਉਂ
ਤੱਗ ਤਦੋਂ ਲਾ ਅੰਗ, ਹਸਦੇ ਜਿੰਨ ਨੇ।
ਮਗਰਮੱਛ ਗੁਮਨਾਮ, ਟੁਕੜੇ ਧਰਮ ਦੇ
ਲੈ ਜਾਵੇ ਬੇਨਾਮ, ਸਿੰਧ 'ਚ ਖਿੱਚ ਕੇ।

ਤਕ ਇਹ ਹਰਦਿਆਲ, ਇਕ ਪਲ ਕੰਬਿਆ;
ਨਵੇਂ ਧਰਮ ਦੀ ਢਾਲ, ਪਰਬਲ ਧਰੁਵਾਂ ਤੋਂ।
ਅਜਬ ਸਿਖਰ ਤੋਂ ਲੋਅ, ਦਿਸੇ ਵੰਗਾਰਦੀ
ਵੱਡ ਮੋਹ ਛਿਣ ਰੋਹ, ਦਿਲ 'ਤੇ ਕਟਕਦੇ।
ਸੂਰਜ ਕੀਤਾ ਪਾਰ, ਇੱਕੋ ਚਿਣਗ ਨੇ
ਗਗਨੋਂ ਉੱਚੀ ਦਾਰ, ਇੱਕੋ ਚੁੰਮ੍ਹਸੀ।
ਜੋ ਦਿਲ ਵਸੇ ਮਾਸੂਮ, ਚੀਸ ਅਗੰਮ ਦੀ
ਛੁਹ ਨਾ ਸਕੇ ਹਜੂਮ, ਮੈਲੇ ਜੁਗਾਂ ਤੋਂ।
ਹੈ ਸਰਾਪ ਦਾ ਅੰਤ! ਸੁੱਤੀ ਖ਼ਾਕ 'ਤੇ;
ਕੱਢੇ ਸ਼ਾਖ਼ ਅਸੰਖ, ਛੁਹ ਵਰਦਾਨ ਨੂੰ।
"ਸੁਣ ਮਹਿਤੇ! ਫ਼ੁਰਮਾਨ," ਕਿਹਾ ਪ੍ਰੋਹਤ ਨੇ
"ਇਸਦਾ ਹਰ ਅਸਮਾਨ, ਤਰਾ ਤੋਂ ਉੱਚੜਾ।
ਸੁੱਕੇ ਵਣ ਨੂੰ ਜਾਲ, ਰਾਗ ਬੁਲਾਂਵਦਾ
ਚਕਰ ਸੁਦਰਸ਼ਨ-ਚਾਲ, ਨਾਨਕ-ਰਮਜ਼ ਦੀ।
ਵਾਰੇ ਰਹਿਮ ਅਮੋਲ, ਝੁਕ ਝੁਕ ਬਰਕਤਾਂ
ਬਿਰਧ ਖੂਹ 'ਤੇ ਬੋਲ, ਲਹੂ ਜਗਾਂਵਦਾ।
ਬਹੁਤ ਪੁਰਾਤਨ ਭਾਰ, ਥੰਮ੍ਹੇ ਹੱਥ 'ਤੇ
ਕਟ ਕੱਢੇ ਤਲਵਾਰ, ਧਰਮੀ ਨੀਰ ਨੂੰ।"

3

ਭੈਅ ਅਸਗਾਹ ਦੇ

ਇਕ ਦਿਨ ਕਾਲੂ ਕਰੀ ਫਿਰ, ਵੀਰੇ ਨਾਲ ਸਲਾਹ:
"ਬੰਨ੍ਹਾਂ ਕਿਹੜੀ ਮੱਤ ਲੈ, ਨਾਨਕ ਦੇ ਅਸਗਾਹ?

ਜਾਦੂ ਇਸ ਦੀ ਰਮਜ਼ ਦਾ, ਖਿੱਚੇ ਰੋਜ਼ ਗਵਾਹ।
ਇਕ ਦਿਨ ਬਾਰ ਗ਼ਰੀਬ ਦੇ, ਭੀੜਾਂ ਜੁੜਸਨ ਆ।
ਆਰਿਫ਼ ਵਲੀ ਫ਼ਕੀਰ ਨਾ, ਦੂਨੀ-ਨਜ਼ਰ ਦੇ ਰਾਹ
ਰੋਕੋ! ਵਿਚ ਜੋ ਸੈਨਤਾਂ, ਧੂਹ ਪਾਉਣ ਦਰਿਆ।
ਇਹ ਤਾਂ ਸੁਣਦੇ: ਡਿੱਗਦੀ, ਨਾਨਕ ਦੀ ਦਰਗਾਹ
ਅਣਦਿਸ ਸਿਖਰੋਂ ਗੋਦ ਵਿਚ, ਮਹਾਂ ਨਦੀ ਕੁਰਲਾ
ਬੈਠਣ ਜਿਸਦੇ ਕੰਢੜੇ, ਗ਼ੈਬ ਦੇ ਪੰਛੀ ਗਾ
ਰਾਤ ਜੁਗਾਂ ਦੀ ਚੱਕਵੀ, ਪਾਰ ਨਾ ਸੱਕੀ ਪਾ;
ਪਲ ਵਿਚ ਤੰਬੂ ਸਮੇ ਨੇ, ਐਪਰ ਦਿੱਤੇ ਲਾ
ਆਵਣ ਰਾਵਲ ਜਿਸਤਰਾਂ, ਨਾਦ ਸੰਜੋਗ ਵਜਾ।
ਸਜਦੇ ਰਾਇ ਬੁਲਾਰ ਦੇ, ਸੰਤ ਵਲੀ ਦੀ ਵਾਹ
ਮੋਹੇ ਇਕ ਪਲ! ਜਾਂਵਦੀ, ਭੈਅ ਦੇ ਬਾਘ ਜਗਾ।
ਦਿਲ ਕਿਸ ਕਿੱਲੀ ਟੰਗਿਆ, ਸ਼ਿਕਰਾ ਬੇਪਰਵਾਹ
ਜਾਲ ਸਵੇਰਾਂ ਆਥਣਾਂ, ਦੇਵੇ ਅੱਗ ਵਰ੍ਹਾ।
ਰੋਕੋ! ਘੁੱਟਣ ਨੀਂਦ ਨੂੰ, ਲਖ ਪਰਲੈ ਦੇ ਸਾਹ,
ਜੋ ਪਲ ਸੁਤ ਦੀ ਮਹਿਕ ਦੇ, ਕਿਉਂ ਨਾ ਰਹਿਣ ਸਦਾ?
ਉਡਦੀ ਦੇਸ ਬਿਗਾਨੜੇ, ਫੜਕਣ ਖੰਭ ਅਥਾਹ
ਫਿਰ ਨਾ ਚੜ੍ਹਕੇ ਲਹਿਣਗੇ, ਅੰਬਰੀਂ ਬਲੀ ਸ਼ੁਦਾ।"

ਲਾਲੂ ਆਖੇ "ਵੀਰਨਾ, ਨਾ ਜਿੰਦੜੀ ਤੜਫਾ
ਬੀੜ 'ਚ ਰਾਵਲ ਚਿਰਾਂ ਤੋਂ, ਤੁਰ ਗਏ ਗੱਲ ਸੁਣਾ।
ਰਾਹ ਸੰਜੋਗ ਵਿਜੋਗ 'ਤੇ, ਨਾਨਕ ਜੋਤ ਜਗਾ
ਧਰਮਾਂ ਦੇ ਮੁਖ ਵੇਖਦਾ, ਮੌਤ ਦੇ ਕੋਟ ਨਿਵਾ।
ਵੀਰਾ ਸੱਚ ਨ ਜਾਣਿਆਂ, ਲਈ ਮੈਂ ਅਉਧ ਗੁਆ
ਮਨ ਪਰਦੇਸੀ ਏਸ ਦਾ, ਵਣ ਵਣ ਰਿਹਾ ਥੱਰਾ;
ਪਰ ਮੈਂ ਨਾਨਕ ਵੇਖਿਆ, ਬੜੀ ਵਾਰ ਅਜ਼ਮਾ
ਮੰਗੂ ਨਾਲ ਹੈ ਇਸਦੇ, ਦਿਲ ਦਾ ਪਾਕ ਲਗਾਅ
ਇਨ੍ਹ ਪਿੰਡ ਦੀ ਜੂਹ ਹੀ, ਹੱਸ ਚਰਵਾਲ ਬਣਾ
ਪਿਉ ਦਾਦੇ ਦੀ ਪੈੜ ਚੋਂ, ਪੈਰ ਨਾ ਸੱਕੇ ਜਾ।"

ਸਦੀਵੀ ਚਰਵਾਲ

ਜਦੋਂ ਇਲਾਹੀ ਸਫ਼ਰ ਦੇ, ਬੀਤ ਗਏ ਦਸ ਸਾਲ
ਮਾਣ ਜ਼ਿਮੀਂ ਦੀ ਸਾਂਝ ਦਾ, ਲੈ ਨਾਨਕ ਚਰਵਾਲ

ਪਿੰਡ ਦੀ ਬੀੜ 'ਚ ਘੁੰਮਦਾ, ਚੁੱਪ ਮਾਸੂਮ ਸੰਭਾਲ
ਡਾਵੇ ਅੰਬਰ ਥੰਮ੍ਹਦਾ, ਲੈ ਵਜਦ ਦੀ ਢਾਲ
ਪੜ੍ਹਦਾ ਮੰਗੂ-ਨਜ਼ਰ ਚੋਂ, ਡੂੰਘੇ ਸਬਰ ਦੇ ਹਾਲ
ਫੇਰ ਘਾਹ ਮਾਸੂਮ ਦੇ, ਸ਼ੁਕਰ ਖੜੇ ਜੋ ਨਾਲ।
ਚੀਰ ਪੱਤ ਦੀ ਚੁੱਪ ਨੂੰ, ਕੋ ਹੂੰਗਰ ਬੇਹਾਲ
ਨਾਨਕ-ਤਰਸੋਂ ਪੁੰਗਰੇ, ਨਾਲ ਵਣਾਂ ਦੀ ਡਾਲ।
ਰੁਲੇ ਧਰਮ ਇਉਂ ਸਾਂਭਦਾ, ਵੱਗ ਰਿਹਾ ਜਿਉਂ ਪਾਲ
ਤਪੀ ਗਹਿਰ ਦੇ ਵਾਂਗਰਾਂ, ਡਿੱਗ ਰਿਹਾ ਕੋ ਜਾਲ।
ਮੰਜ਼ਿਲ ਨਾਨਕ-ਸੁਰਤ ਦੀ, ਛੂਹਣ ਕੁਦਰਤਾਂ ਭਾਲ
ਮੋਹਦੇ ਵਣ ਦੀ ਬਿਖ ਨੂੰ, ਰਾਗ ਸੁਬਕ ਦੇ ਤਾਲ।
ਵਣ ਸੁਣੇ ਜਦ ਖੰਡਰੀਂ, ਤਹਿਜ਼ੀਬਾਂ ਨੂੰ ਗਾਲ
ਸ਼ਬਨਮ-ਝਲਕ 'ਚ ਬੰਨ੍ਹਦਾ, ਨਾਨਕ ਮਧੁਰ ਖ਼ਿਆਲ।
ਰਗ ਪੰਛੀ ਦੀ ਵੱਜਦੇ, ਕਿੱਥੋਂ ਭਟਕ ਭੁਚਾਲ!
ਘਾਹ ਤਿੜਾਂ ਵਿਚ ਵੱਗਦੇ, ਦਰਿਆਵਾਂ ਜਿਉਂ ਕਾਲ।
ਸਫ਼ਰ ਅਸੰਖਾਂ ਸੋਚਦੇ, ਪੈਂਦੀ ਜਦ ਤਿਰਕਾਲ
ਦਾਵਾ ਚੋਂ ਕਿਸ ਚਾਕ ਦੇ, ਨੈਂ 'ਤੇ ਅਪੜੇ ਮਾਲ।
ਸੁਣਦੇ ਮੰਗੂ ਸੱਦ ਨੂੰ, ਝੱਲ ਨਦਰ ਦੀ ਝਾਲ
ਪੂਰਨ ਫ਼ਜਰ ਹੋ ਦਮਕਦੇ, ਕੁਦਰਤ ਦੇ ਸਭ ਵਾਲ।
ਨਦਰ ਇਲਾਹੀ ਔਪਰਾਂ, ਧੁਰ ਦੇ ਸਫ਼ਰ ਵਿਚਾਲ
ਕਿਣਕੇ ਦੇ ਮਨ ਰੱਖਦੀ, ਕੋਟ ਬਰਸ ਦੇ ਸੁਆਲ।
ਉੱਚੀ ਕੂਟ ਅਨੰਤ 'ਤੇ, ਨਾਨਕ ਦੀਵੇ ਬਾਲ
ਸੁੱਟੇ ਦੰਭ-ਹਨੇਰ 'ਤੇ, ਸੂਖਮ ਨੂਰ ਜਮਾਲ।
ਭਿਖ ਪਾਵਨ ਥਰਕਾਉਂਦੀ, ਧਰਤ ਗਗਨ ਦਾ ਥਾਲ
ਪੀਣ ਸਵਾਂਤੀ ਬੂੰਦ ਨੂੰ, ਸਾਰੰਗ ਵਾਂਗ ਪਤਾਲ।

ਜਦ ਤੜਕੇ ਇਸ ਧਰਤ ਦੇ, ਝਿਮ ਝਿਮ ਕਰਦੇ ਮੋਹ
ਰਵੀ ਨਵੇਲੇ ਪਰਸ ਕੇ, ਸਭ ਸਮਿਆਂ ਦੀ ਲੋਅ
ਨਭ ਦੇ ਬੁਰਜ ਅਦਿੱਖ ਤੋਂ, ਵੇਂਹਦੀ ਧਰਤ ਖਲੋ
ਪਈ ਅਗੋਚਰ ਕੰਢਿਉਂ, ਤਲਵੰਡੀ ਦੀ ਖੋਹ।
ਛੂਹ ਕੇ ਧਰਮ ਮਾਸੂਮ ਦੇ, ਮਸਤਕ ਦੀ ਖ਼ੁਸ਼ਬੋ
ਦੇਂਦੀ ਜਗ ਦੀ ਸੁਰਤ ਨੂੰ, ਸੋਦਰੁ ਦੀ ਕੰਨਸੋਅ
ਚੇਤਰ ਦੇ ਅਸਮਾਨ ਵਿਚ, ਸੱਦ ਹੈ ਦੇਂਦੀ ਕੋ
ਰੱਤ ਮਸੀਹਾ ਕਿਸੇ ਦੀ, ਮੌਤ-ਪਤਾਲ ਚੋਂ ਹੋ;

ਪਾਵਨ ਪੱਤ ਸ਼ਹੀਦ ਦੀ, ਖ਼ਾਕ 'ਚ ਰੁਲਦੀ ਜੋ
ਵਿਚ ਹਯਾਤੀ ਸੱਜਰੀ, ਲਵੇ ਅਨਾਥ ਸਮੋ
ਲਵੇ ਜ਼ਿੰਦਗੀ ਜੁਗਾਂ ਦੀ, ਨਵੇਂ ਧਰਮ ਦੀ ਟੋਹ
ਦੁਰਮਤ ਦੇ ਘਮਸਾਨ ਵਿਚ, ਰਹੇ ਅਡੋਲ ਅਛੂਹ।
ਧ੍ਰਿਗ ਵਾਰ ਜਦ ਹਿਰਸ ਦੇ, ਚੜ੍ਹਣ ਘਣਾ ਹੋ ਰੋਹ
ਨਾਨਕ ਦਾ ਇਕ ਬੋਲ ਸੀ, ਹਾਰ ਗਿਆਂ ਦੀ ਢੋਅ।
ਸੜੇ ਲਹੂ ਜਿਸ ਵਾਟ ਦੇ, ਜੁਗ ਵੀ ਸਕੇ ਨਾ ਧੋ
ਤ੍ਰੇਲ-ਬਖ਼ਸ਼ਸ਼ਾਂ-ਰੁੱਖ ਤੋਂ, ਮੋਏ ਜਗਾਵਣ ਰੋ।
ਸੁਣਕੇ ਨਾਨਕ-ਸੁਖ਼ਨ ਨੂੰ, ਨਿਸ ਦਿਨ ਕੂੰਜਾਂ ਦੋ
ਵੱਡੇ ਤੜਕੇ ਗ਼ੈਬ ਦੇ, ਸਿੰਧ 'ਚ ਦੇਣ ਡੁਬੋ।

ਧਰਤ ਦੀ ਫ਼ਸਲ ਦਾ ਲੱਜਪਾਲ

ਲੌਢੇ ਵੇਲੇ ਚੇਤ ਦੇ, ਛਾਂ ਜਾਂਦੀ ਜਦ ਢਲ
ਖ਼ਾਬ ਸੰਜੋਗ-ਵਿਜੋਗ ਦੇ, ਲੈਣ ਹਵਾਵਾਂ ਮੱਲ
ਵੇਖੇ ਰਾਇ ਕਿਸਾਨ ਨੂੰ, ਭੱਟੀ ਜਿਸਦੀ ਅੱਲ
ਮਿੰਨਤਾਂ ਕਰਦਾ, ਕੂਕਦਾ, ਡੁੱਬ ਗ਼ੁਸੈਲੇ ਝੱਲ।
ਭੱਟੀ ਕਹੇ: "ਬੁਲਾਰ ਜੀ, ਸੁਣੋ ਕਹਿਰ ਦੀ ਗੱਲ
ਪੁੱਤ ਕਾਲੂ ਦਾ ਅੱਥਰਾ, ਬੇਪਰਵਾਹ ਅਵੱਲ;
ਲਵੇ ਅੱਜ ਦੀ ਸਾਰ ਨਾ, ਨੀਂਦ 'ਚ ਵਿਸਰੇ ਕੱਲ
ਧੰਮੀ ਵੇਲੇ ਵੱਗ ਲੈ, ਗਿਆ ਬੀੜ ਨੂੰ ਚੱਲ।
ਸੁੱਤਾ ਫੇਰ ਫ਼ਕੀਰ ਜਿਉਂ, ਨਰਮ ਕਣਕ ਦੇ ਵੱਲ
ਲੁੱਟੇ ਰਿਜ਼ਕ ਗ਼ਰੀਬ ਦੇ, ਮੱਝਾਂ ਪਾ ਤਰਥੱਲ।
ਹਰਿਆ ਹੋਣਾ ਖੇਤ ਨਾ, ਪੈਸਨ ਡੂੰਘੇ ਸੱਲ੍ਹ
ਕਰੀਂ ਅਦਲ ਕੁਝ ਮਾਲਕਾ, ਮੇਰੀ ਪੀੜ ਅਝੱਲ।"

ਸੁਣ ਫ਼ਰਿਆਦ ਕਿਸਾਨ ਦੀ, ਰਾਇ ਕਹੇ "ਰਖ ਲੱਜ!"
ਲਿਆ ਇਲਾਹੀ ਚਾਕ ਨੂੰ, ਨਾਲ ਅਦਬ ਦੇ ਸੱਦ।
ਦੀਰਘ ਚਿੰਤ ਬੁਲਾਰ ਦੀ, ਨਾਦ ਰਿਹਾ ਸੀ ਵੱਜ
ਚਹੁੰ ਜੁਗਾਂ ਦੀ ਉਮਰ ਹੀ, ਛਲਕ ਪਈ ਵਿਚ ਅੱਜ।
ਸੂਖਮ ਘਟ ਘਟ ਰਹੀ ਸੀ, ਵਿਜੈ ਅਗੰਮੀ ਗੱਜ
ਇੱਕੋ ਬੂੰਦ ਪੀ ਥਲਾਂ ਦੇ, ਗਏ ਮੁਸਾਫ਼ਰ ਰੱਜ।
ਰਾਇ ਨਿਹਾਲੇ ਪਿਉ ਪੁੱਤ, ਇਕ ਪਲ ਦੁਨੀਆਂ ਤੱਜ
ਨਾਨਕ ਦਿਸੇ ਜਿਉਂ ਦੂਰ ਦੇ, ਧ੍ਰੁਵ ਤਾਰੇ ਦੀ ਅੱਗ।

ਕਿਹਾ ਰਾਇ "ਸੁਣ ਬੇਲੀਆ, ਕਹਾਂ ਹੋ ਨਿਰਲੱਜ
ਤੈਂਡੇ ਪੁੱਤ ਫ਼ਕੀਰ ਦੇ, ਕਣਕਾਂ ਚਰਗੇ ਵੱਗ।
ਗੁਨਹਗਾਰ ਮੈਂ ਆਖਦਾ, ਐਬ ਸਕਾਂ ਨਾ ਕੱਜ
ਰਿਜ਼ਕ ਜੱਟ ਦਾ ਮੋੜ ਤੂੰ, ਅਮਲ-ਰਣੋਂ ਨਾ ਭੱਜ।"
ਕਾਲੂ ਕੀਤੀ ਜੋਦੜੀ, "ਨਾ ਮੈਂ ਪਾਵਾਂ ਪੱਜ
ਨਾਨਕ ਮੇਰਾ ਜਨਮ ਤੋਂ, ਗਿਆ ਦੀਵਾਨਾ ਸਜ।"
ਤਦ ਪਿਉ ਨੂੰ ਪੁੱਤ ਟੋਕਿਆ, ਨਾਲ ਨਵੀਂ ਸਜ ਧੱਜ:
"ਫਸਲ ਉਜਾੜੀ ਰਾਇ ਜੀ, ਨਾ ਗਾਈਂ ਨਾ ਮੱਝ।
ਸਾਦਿਕ ਬੰਦੇ ਭੇਜ ਕੇ, ਪੁੱਛ ਕਿੱਥੇ ਕੱਜ?
ਹਰੇ ਭਰੇ ਹਰ ਖੇਤ ਦੀ, ਸਦਾ ਮੈਂ ਰੱਖਾਂ ਲੱਜ।"

ਤੁਰੇ ਉੱਜੜੇ ਖੇਤ ਵੱਲ, ਸਾਦਿਕ ਰਮਜ਼ ਮਨੁੱਖ
ਜਿਵੇਂ ਜ਼ਿਆਰਤ ਆਖ਼ਰੀ, ਧਰਤ ਕਰੇ ਵਲ ਰੁੱਖ;
ਸਿਦਕ ਪੁਰਾਣਾ ਭੁੱਲਿਆ, ਪਿਆ ਖ਼ਾਕ ਦੀ ਕੁੱਖ
ਹੱਜ ਕਰੇ ਅਸਮਾਨ ਵੀ, ਲੈ ਧਰਤੀ ਦੇ ਦੁੱਖ।
ਪੀਰ ਪੈਗੰਬਰ ਸਮੇ ਦੇ, ਵਣ ਵਿਚ ਵੇਖਣ ਢੁੱਪ
ਕਿੱਥੇ ਕਰਨ ਅਕੀਦਤਾਂ, ਸਜਦੇ ਸਫ਼ਰ 'ਚ ਰੁੱਕ।
ਰਾਇ ਦੇ ਬੰਦੇ ਖੜੇ ਸੀ, ਕਿਸ ਬਖ਼ਸ਼ਿਸ਼ ਨੂੰ ਚੁੱਕ?
ਹਰੇ ਖੇਤ ਨੂੰ ਤੱਕਦੇ, ਨਜ਼ਰ ਨਾ ਜਾਵੇ ਉੱਕ।
ਥਰਕੇ ਲਹੂ ਅਨੰਤ ਦਾ, ਅਜ਼ਲ ਅਬਦ ਤਕ ਚੁੱਪ
ਕੁਲ ਜਜ਼ਬੇ ਪਰਲੋਕ ਦੇ, ਗਏ ਫ਼ਸਲ 'ਤੇ ਝੁਕ
ਜਿਵੇਂ ਮਸੀਹੇ ਧਰਤ ਦੇ, ਕਹਿਰ-ਨ੍ਹੇਰ ਚੋਂ ਉੱਠ
ਤਾਜ ਹਯਾਤੀ ਛੂਹਣ ਨੂੰ, ਬਾਹਾਂ ਰਹੇ ਸੀ ਚੁੱਕ।
ਤਦ ਗਵਾਹ ਬਣ ਧੁਰਾਂ ਦੇ, ਲੈ ਸਬਰਾਂ ਦੇ ਸੁੱਖ
ਆਂਗਣ ਰਾਇ ਬੁਲਾਰ ਦੇ, ਚਮਕ ਪਏ ਦੋ ਮੁੱਖ।
ਕਹਿਣ: "ਮਿਹਰ ਇਸ ਧਰਤ 'ਤੇ, ਜਾਣ ਰਿਜ਼ਕ ਨਾ ਮੁੱਕ
ਸੁਹਲ ਕਣਕ 'ਤੇ ਉੱਤਰੀ, ਮਾਂ-ਅਸੀਸ ਜਿਉਂ ਰੁੱਤ।"

ਕਹੇ ਰਾਇ ਸੁਣ! ਜੱਟ ਨੂੰ: "ਹਿਰਸ ਦੇ ਕੌਲ ਅਮੁੱਕ
ਕਦੇ ਰਾਖ ਹੋ ਡਿੱਗਣੀ, ਹਸ਼ਰ 'ਤੇ ਆਦਮ-ਭੁੱਖ।
ਬਰਕਤ ਰੱਬੀ ਚਾਕ ਦੀ, ਕਦ ਜਾਨਣ ਮਨਮੁੱਖ?
ਨੇਮ ਕੁਦਰਤਾਂ ਵਾਲੜੇ, ਵੇਖਣ ਇਸਨੂੰ ਲੁਕ।
ਹੋਸਨ ਨਾਨਕ ਨਾਲ ਨਾ, ਬੂਟ ਬਿਰਖ ਬੇਮੁੱਖ
ਵੱਗ ਇਹਦੇ ਨੂੰ ਛੋਂਹਦੇ, ਸੁਪਨ ਘਾਹ ਦੇ ਢੁੱਕ।"

ਨਾਨਕ ਦੱਸੇ ਜੱਟ ਨੂੰ: "ਸਿੰਧ ਜਾਣਗੇ ਸੁੱਕ
ਆਵੇ ਜਾਵੇ ਕਦੇ ਨਾ, ਅਸਲੀ ਰੂਪ ਅਝੁੱਕ
ਦਿੱਤੇ ਜਿਹਨਾਂ ਮੰਗੂਆਂ, ਸਿਰ ਕੁੰਬਲ ਦੇ ਚੁੱਖ
ਰਹਿਮ ਲਿਆਸਨ ਹਸ਼ਰ ਦੇ, ਸਬਰਾਂ ਦੇ ਸਨਮੁੱਖ।
ਜਿਹਨਾਂ ਫ਼ਸਲਾਂ ਭਰੇ ਨੇ, ਨਾਲ ਰਹਿਮਤਾਂ ਬੁੱਕ
ਕੌਲ ਕਰਨ ਜੋ ਮੁੜਣ ਦੇ, ਸਕਣ ਫੇਰ ਹੀ ਮੁੱਕ।"

ਨਿਆਰੀ ਬਾਲ-ਲੀਲ੍ਹਾ

ਚਾਕ ਨਿਆਰਾ ਜੱਗ ਦਾ, ਇਉਂ ਵਿਚ ਬਾਲ-ਵਰੇਸ
ਵਣ ਤ੍ਰਿਣ ਰਿਹਾ ਵਿਛਾਉਂਦਾ, ਸੁਰਤ ਦੇ ਲੱਖਾਂ ਵੇਸ।
ਬਾਲ-ਸਾਂਝ ਵਿਚ ਬੰਨ੍ਹਦਾ, ਅਨਗਾਹੇ ਸਭ ਦੇਸ
ਦਿਲ ਦੀ ਸ਼ੀਰੀਂ ਵਰੋਗੀ, ਤ੍ਰੈ ਕਾਲੀਂ ਹਰ ਭੇਸ।
ਸਿਖਰ ਨੀਂਦ ਦੇ ਬੰਨ੍ਹਕੇ, ਕੁਲ ਸਮੇਂ ਦੇ ਕੇਸ
ਭਠ ਤਪਦੇ ਜੋ ਦਿਲਾਂ ਦੇ, ਠੰਢੇ ਕਰੇ ਹਮੇਸ਼।

ਰਿਸ਼ੀ ਮਸੀਹਾ ਜਲ ਰਹੇ, ਤਿਲ ਤਿਲ ਨਾਲ ਕਲੇਸ਼
ਲਖ ਘਾਇਲ ਆ ਖੜੇ ਨੇ, ਛਾਂ ਅਸੀਮ ਦੇ ਹੇਠ।
ਨਾਨਕ ਉੱਚ ਅਸਮਾਨ ਤੋਂ, ਪੜ੍ਹ ਮਾਨਵ ਦੇ ਲੇਖ
ਕੁਦਰਤ ਦੇ ਹਰ ਸਫ਼ਰ ਨੂੰ, ਪਾਰ ਸੂਰਜਾਂ ਵੇਖ
ਸੁੱਤਾ ਭਖੀ ਦੁਪਹਿਰ ਨੂੰ, ਕਹਿਰ ਭਰੇ ਵਿਚ ਜੇਠ
ਗੋਤਾ ਮਾਰੇ ਡੂੰਘੜਾ, ਨੀਂਦ-ਸਿੰਧ ਦੇ ਹੇਠ।

ਵਣ ਦੀ ਛਾਂ ਚੋਂ ਲੰਘਦੀ, ਕੁਦਰਤ ਦੀ ਹਰ ਰੇਖ
ਕੇਸ ਚਾਕ ਦੇ ਪਰਸਦੀ, ਖ਼ਾਬ ਬਣੀ ਜੋ ਹੇਕ।

ਹੜ੍ਹ ਪੀਲ੍ਹਾਂ ਦੇ ਨੀਂਦ ਚੋਂ, ਕੱਢਣ ਖੰਭ ਅਨੇਕ
ਦਰਿਆਵਾਂ ਨੇ ਗੋਦ ਵਿਚ, ਲਏ ਥਲਾਂ ਦੇ ਸੇਕ।
ਕੁਲ ਪਤਾਲਾਂ ਅੰਬਰਾਂ, ਲਈ ਨੀਂਦ ਵਿਚ ਟੇਕ
ਵਸਣ ਨਦੀ ਜਿਉਂ ਕੁਦਰਤੀ, ਦਿਲ ਦੇ ਰਿਸ਼ਤੇ ਨੇਕ।

ਰਸ ਰੰਗਾਂ ਤੇ ਧੁੱਪ ਦੇ, ਨਿੱਕੇ ਸਫ਼ਰ ਵਿਸੇਖ
ਕੁਦਰਤ-ਜਾਮਾ ਢਕੇ ਜੋ, ਬਿਰਧ ਪੁਰਾਣੀ ਮੇਖ
ਅੰਤਮ ਰੰਗ ਅਮੋੜ ਜੋ, ਪਲ ਵਿਚ ਦੇਵੇ ਮੇਸ
ਇਕ ਰਮਜ਼ ਦੇ ਸਾਹਮਣੇ, ਕਾਲ ਹੋਏ ਸਭ ਪੇਸ਼!

ਧਰੂ ਅਛੂਹ ਤੋਂ ਬਿਮਲ ਜੋ, ਉੱਚ ਸਿਖਰਾਂ ਨਿਰਲੇਪ
ਪਹਿਰਾ ਦੇਵਣ ਨੀਂਦ 'ਤੇ, ਕਰਕੇ ਛਾਂ ਦਾ ਭੇਖ
ਵਣ ਛਾਂ ਹੇਠ ਛੁਪਾਂਦੀਆਂ, ਚੁੱਪਾਂ ਪੰਧ ਅਲੇਖ
ਵੇਖਣ ਲੁਕ ਇਸ ਚੋਜ ਨੂੰ, ਜੋਗੀ ਪੰਡਤ ਸੇਖ।

ਬਖ਼ਸ਼ਿਸ਼ ਦੀ ਅਟੱਲ ਛਾਂ

ਪੈਂਡੇ ਬਿਖਮ ਸ਼ਿਕਾਰ ਦੇ, ਕਢਦਾ ਰਾਇ ਬੁਲਾਰ
ਲੰਘੇ ਪਹਿਰੇ ਬੀੜ ਦੇ, ਪਰਛਾਵੇਂ ਵਿਚਕਾਰ
ਚੁੱਪ-ਕਾਰ ਵਿਚ ਕੀਲਿਆ, ਰੂਹਾਂ ਨਜ਼ਰ ਉਲਾਰ
ਸੰਗ ਸ਼ਿਕਾਰੀ ਕੁੱਤਿਆਂ, ਕੀ ਵੇਖੇ ਅਸਵਾਰ:
ਸੌਂ ਰਿਹਾ ਨਾਨਕ ਛਾਂ ਦਾ, ਮੂੰਹ 'ਤੇ ਸੁਪਨ ਨਿਖਾਰ
ਸਭ ਰੁੱਖਾਂ ਦੀ ਬੰਦਗੀ, ਬਣੀ ਜੁਗਾਂ ਦਾ ਦੁਆਰ
ਛਾਂ ਜਿਵੇਂ ਬ੍ਰਹਿਮੰਡ ਦੀ, ਉਤਰੀ ਖੰਭ ਖਿਲਾਰ
ਪਰਵਾਜ਼ਾਂ ਪੈਗੰਬਰੀ, ਘੁੱਟੇ ਜਿਉਂ ਦਿਲਦਾਰ।

ਪੈਂਦੇ ਨਾਜ਼ਕ ਵਣਾਂ 'ਤੇ, ਅਣਦਿਸ ਦੈਵੀ ਭਾਰ
ਜਿਵੇਂ ਨਮਾਜ਼ ਮਿਰਾਜ ਦੀ, ਸੁੱਤੀ ਛਾਂ ਦੇ ਬਾਰ।
ਸੁੱਟਣ ਨੂਰ ਮੁਰਾਕਬੇ, ਚੁੰਮ੍ਹ ਜੁਗਾਂ ਦੀ ਗਾਰ
ਕਿਸ ਕਿਸ ਪਤ 'ਤੇ ਆਲ੍ਹਣੇ, ਪਾ ਕਰਸਨ ਦੀਦਾਰ।
ਕਾਮਨ ਮਿੱਠੇ ਨੀਂਦ ਦੇ, ਉੱਡ ਸਮੇਂ ਤੋਂ ਪਾਰ
ਗਰਦਸ਼ ਜ਼ਿਮੀਂ 'ਸਮਾਨ ਦੀ, ਛਾਂ 'ਤੇ ਰਹੇ ਉਤਾਰ।

ਕੋਟ ਧਰੂ ਬਹੁ ਗਰਦਸ਼ਾਂ, ਉੱਪਰ ਸੁੱਤਾ ਯਾਰ।
ਖੰਡ ਖੰਡ ਨੂੰ ਜੋੜਦੀ, ਕਿਸ ਰਬਾਬ ਦੀ ਤਾਰ ?
ਛਾਂ ਵਲ ਸੁੱਟੀ ਨੀਂਦ ਨੇ, ਸਫ਼ਰ ਸਿਦਕ ਦੀ ਧਾਰ
ਜੋੰਦਾ ਕਤਰਾ ਪੀਣ ਨੂੰ, ਝੁਕਣ ਧਰੂ ਬਲਿਹਾਰ।
ਦਾਤ ਧੁਰਾਂ ਤੋਂ ਹਰੀ ਜੋ, ਵਿਚ ਕਦੀਮੀ ਬਾਰ
ਰਹੀ ਰੁੱਖ ਵਿਸਮਾਦ ਚੋਂ, ਨੀਂਦ-ਰਹੱਸ ਨਿਹਾਰ।

ਨਸਲਾਂ ਦੇ ਬਹੁ ਕਾਰਵਾਂ, ਚੜ੍ਹ ਸੁਰਤਾਂ ਦੀ ਦਾਰ
ਵੇਖਣ ਸੀਨੇ ਕੁਦਰਤਾਂ, ਛਾਂ ਦਾ ਅਜਬ ਮਿਨਾਰ।
ਛਾਵਾਂ ਤੁਰਣ ਨ ਕਹਿ ਕਹਿ, ਸੂਰਜ ਤੁਰਿਆ ਹਾਰ
ਕੀਲ ਖਲੋਤਾ ਮੁੱਖ ਤੇ, ਨੀਂਦਾ ਦਾ ਸਰਦਾਰ।

ਛਾਵਾਂ ਫਿਰਣ ਨ ਮੁੱਖ ਤੋਂ, ਦਿਸਣ ਅਟੱਲ ਅਪਾਰ
ਧਰਮ-ਨਸ਼ੇ ਵਿਚ ਸੂਰਮੇ, ਜਿਵੇਂ ਖੜੇ ਰਣ ਮਾਰ।

ਕੁਦਰਤ ਰਾਇ ਬੁਲਾਰ ਨੇ, ਸਮਝੀ ਆਖ਼ਰਕਾਰ
ਛਿਣਾਂ 'ਚ ਛੋਬੇ ਜੁਗਾਂ ਨੂੰ, ਹੋ ਕੇ ਪਹਿਰੇਦਾਰ।
"ਨਾਨਕ ਦੇ ਵਿਸਮਾਦ ਵਿਚ," ਸੋਚੇ: "ਸਭ ਸੰਸਾਰ;
ਹਿੱਕ ਬਖ਼ਸ਼ਿਸ਼ ਦਾ ਪਲ ਹੀ, ਸਾਂਭ ਲਏ ਜੁਗ ਚਾਰ।"

ਨਾਗ-ਛਾਂ: ਬਿਖ ਅਸੀਸ

ਧਰਮਸਾਲ-ਤਨ ਲੱਗਦੇ, ਜੁਗਾਂ ਦੇ ਡੂੰਘੇ ਪੈਰ
ਕਿਤੇ ਸੰਤ ਦੀ ਨਜ਼ਰ ਹੈ, ਕਿਤੇ ਖ਼ੂਨ ਦੇ ਵੈਰ!
ਵਹਿਸ਼ੀ ਕੌਮਾਂ ਨਾਲ ਵੀ, ਛੁਪੀ ਤੁਰੇ ਕੋ ਖ਼ੈਰ
ਕਰੀ ਕਸਾਈ-ਗੜ੍ਹਾਂ ਤਕ, ਨਿਰਵਾਨਾਂ ਨੇ ਸੈਰ।
ਕੀਟੋਂ ਆਦਮ ਤੀਕ ਮਨ, ਜਦ ਹੋਵਣ ਨਿਰਵੈਰ
ਸਦੀਆਂ, ਖੰਡ ਤੇ ਨਾਵ ਜਦ, ਨਾ ਬੇਤਾਲ ਤੇ ਗ਼ੈਰ
ਵਿਚ ਭੁਚਾਲਾਂ ਅਗਨੀਆਂ, ਅੰਨ੍ਹੇ ਦੋਜ਼ਖ਼ ਤੈਰ
ਕੋਟ ਦੁਆਵਾਂ ਹਿੱਕ ਲਾ, ਚਮਕ ਪਵੇ ਕੋ ਲਹਿਰ।

ਹਾੜ੍ਹ ਮਹੀਨੇ ਸਿਰ ਖੜੇ, ਪੀ ਪੀ ਜੋਜਨ ਕਹਿਰ
ਮੰਗੂ ਛੋਡ ਕੇ ਸੌਂ ਰਿਹਾ, ਨਾਨਕ ਸਿਖਰ ਦੁਪਹਿਰ
ਖੰਜਰ ਧੁੱਪਾਂ ਸੰਦੜੀ, ਉਗਲ ਪੀਂਵਦੀ ਜ਼ਹਿਰ
ਸਫ਼ਰ ਸਮੇ ਦਾ ਆਖ਼ਰੀ, ਨੈਣ ਭਰੇ ਤਕ ਸ਼ਾਇਰ।
ਕਤਲਗਾਹਾਂ ਨੂੰ ਕੱਢਦੇ, ਧੁੱਪ 'ਚ ਦੌੜੇ ਦਹਿਰ
ਨਾਨਕ-ਨੀਂਦਰ ਕੰਢਤੇ, ਖੜਾ ਪਛਾਣੇ ਨਹਿਰ!
ਕੁਦਰਤ-ਸੀਨੇ ਥਰਕਿਆ, ਮਧੁਰ ਅਨੂਠਾ ਬਹਿਰ
ਡੰਗ ਭਰੇ ਜਦ ਬਿੱਖ ਨੇ, ਦਿਸਣ ਕਿਤੇ ਨ ਗ਼ੈਰ!

ਧੁੱਪਾਂ ਦੇ ਵਿਚ ਪ੍ਰੇਤ ਜਿਉਂ, ਛੁਪ ਕੇ ਖੜੇ ਭੁਚਾਲ
ਧਰਮਸਾਲ ਦਾ ਨੇਮ ਪਰ, ਜਾਗ ਰਿਹਾ ਹਰ ਹਾਲ।
ਭੰਨੀ ਸੂਰਜ ਹਾੜ ਦੇ, ਛਾਂ ਨਾਂਹ ਨਾਨਕ ਨਾਲ!
ਹੜ੍ਹ ਅਗਾਧ ਹੋ ਚਮਕਦਾ, ਭਖਦੀ ਰਿਸ਼ਮ 'ਚ ਕਾਲ।
ਸੁੱਟੇ ਸੂਰਜ ਨੀਂਦ 'ਤੇ, ਸੂਹੇ ਥਲ ਦਾ ਜਾਲ
ਲਵੇ ਰੈਣ ਪਰ ਤਰਸ ਦੀ, ਗੋਦੀ ਵਿਚ ਸੰਭਾਲ।

ਜ਼ਹਿਰ-ਸਿੰਧ ਤਕ ਵਿਲਕਿਆ, ਵਿੰਨ੍ਹੇ ਚੀਸ ਮਲਾਲ
ਤਰਸ ਦੀ ਸ਼ਬਨਮ ਧੋਂਵਦੀ, ਕੁਦਰਤ ਦਾ ਹਰ ਵਾਲ।

ਹਫੇ ਪਿਆਸੇ ਅੰਤ ਦੇ, ਮੁਖ 'ਤੇ ਖੜੇ ਸੁਆਲ
ਭੁੱਲੇ ਕੌਲ ਜੋ ਕਦੇ ਨਾ, ਚਮਕੇ ਨੀਂਦ ਵਿਚਾਲ।
ਸਦੀ ਸਦੀ ਦੀ ਧੁੱਪ ਜਾਂ, ਧੁੱਪਾਂ ਲੈਣ ਨਵ੍ਹਾਲ
ਨਾਗ ਅਸੰਖ ਦੀ ਬਿਖ ਦੇ, ਖਾਵਣ ਸਿੰਧ ਉਬਾਲ।
ਜ਼ਹਿਰਾਂ ਦੀ ਤਦ ਹਿੱਕੜੀ, ਭਰੀ ਰਹੱਸ ਵਿਸ਼ਾਲ
ਨੀਰ ਅਹਿਲਿਆ-ਸਿਲ ਚੋਂ, ਨੱਸਣ ਹੋਇ ਨਿਹਾਲ।

ਨਾਗ ਤਦੋਂ ਆ ਦੂਰ ਤੋਂ, ਮੁਖ ਨਾਨਕ ਦਾ ਭਾਲ
ਸੁੱਟੇ ਫਣ ਚੋਂ ਛਾਂ ਦੇ, ਮੁੱਢ ਕਦੀਮ ਜਮਾਲ।
"ਘੋੜ ਸਵਾਰਾਂ ਵੇਖ ਲੈ," ਪੰਛੀ ਕਹੇ: "ਕਮਾਲ!
ਬਣਦੇ ਅੱਗੇ ਹੜ੍ਹਾਂ ਦੇ, ਖੁਰਦੇ ਕੰਢੇ ਢਾਲ।
ਸੁਪਨੇ ਪੀਰਾਂ ਸੰਦੜੇ, ਹੋ ਜਾਵਣ ਪਾਮਾਲ
ਲੰਘੇ ਡੂੰਘੀ ਖ਼ਾਕ ਚੋਂ, ਕੁਕਨੂਸਾਂ ਦਾ ਖ਼ਿਆਲ।"

ਰਾਇ ਬੁਲਾਰ ਤਦ ਵੇਖਦਾ, ਸੁਰਤਾਂ ਲੰਘ ਬੇਤਾਲ
ਆਬਸ਼ਾਰ ਜਿਉਂ ਚਮਕਦੇ, ਰੁਲੇ ਗੁਆਚੇ ਸਾਲ।
ਤੱਕਣ ਸੰਗੀ ਨਾਲ ਜੋ, ਬੇਨਜ਼ੀਰ ਇਹ ਚਾਲ
ਬਿਖ ਦੇ ਇਕ ਛਿਣ ਅੰਦਰਾਂ, ਭਰੇ ਮਿਹਰ ਦੇ ਕਾਲ।
ਤਦੋਂ ਦੁਪਹਿਰੇ ਰੂਹ ਚੋਂ, ਟੁੱਟੀ ਕੂੜੀ ਪਾਲ
ਮੁਨਕਰ ਅਤੇ ਨਕੀਰ ਵੀ, ਦਰਦਾਂ ਦਿੱਤੇ ਜਾਲ।
ਕਬਰ ਕਿਨਾਰੇ ਰੋਂਵਦੇ, ਕਵਨ ਸਦੀ ਦੇ ਬਾਲ
ਪਲ ਬਖ਼ਸ਼ਿਸ਼ ਦਾ ਜਾਗਦਾ, ਖ਼ਾਕ ਸਕੇ ਨਾ ਗਾਲ। -10-

4

ਸੱਚੇ ਸੌਦੇ ਦੇ ਰਾਹ 'ਤੇ

ਲੰਘਦਾ ਜਾਂਦਾ ਕਾਲ, ਚੁੱਪ ਚੁਪੀਤੜੇ
ਕਦੇ ਹੜ੍ਹਾਂ ਦੇ ਨਾਲ, ਜਾਪੇ ਗਰਜਦਾ।
ਵਿੰਨ੍ਹੇ ਸੀਨਾ ਛੱਲ, ਨਾਦ ਬੇਅੰਤ ਦਾ
ਰਹੀ ਸੁਨੇਹੇ ਘੱਲ, ਰਿਸ਼ੀ ਅਨਾਮ ਨੂੰ।

ਕਿਸੇ ਬੀਜ ਦਾ ਕੌਲ, ਆਦਿ ਜੁਗਾਦਿ ਤੋਂ
ਰਿਹਾ ਖ਼ਾਕ ਵਿਚ ਮੌਲ, ਸੁੱਤਾ ਕਦੇ ਨਾ!
ਅਣਗਿਣ ਹੋਏ ਘਾਤ, ਡੁੱਲ੍ਹੇ ਲਹੂ ਵੀ
ਫਿਰ ਵੀ ਭਿੰਨੀ ਰਾਤ, ਘਾਇਲ ਪਲੋਸਦੀ।
ਕਰਨ ਦੁਆ ਸਭ ਥਲ, ਸਮੇ 'ਚ ਡੁੱਬ ਕੇ
ਲੈਣ ਕਾਫ਼ਲੇ ਮੱਲ, ਸੱਭੇ ਮੰਜ਼ਿਲਾਂ।
ਇਉਂ ਨਾਨਕ ਦਾ ਪਿੰਡ, ਸਮਾਂ ਪਛਾਣਦਾ
ਵੇਖ ਰਿਹਾ ਹਰ ਬਿੰਦ, ਪੈੜ ਅਮਿੱਟ ਨੂੰ।
ਵਰ੍ਹੇ ਤੁਰਨ ਬੇਨਾਮ, ਛੁਹਕੇ ਖ਼ਾਕ ਨੂੰ
ਛੱਡ ਜਾਵਣ ਪੈਗ਼ਾਮ, ਮੂਕ ਅਛੋਪਲੇ।
ਰੁੱਤਾਂ ਜਾੜਾ ਘਾਮ, ਡੰਗਣ ਜਿੰਦ ਨੂੰ
ਖੰਭ ਸੁਬ੍ਹਾ ਤੇ ਸ਼ਾਮ, ਬਣੇ ਅਨੰਤ ਦੇ।
ਖਰਾ ਦਿਲੋਂ ਦਾ ਮਾਣਕ, ਧੁਰ ਨੂੰ ਸੌਂਪਦੇ
ਰਿਹਾ ਤੋਲਦਾ ਨਾਨਕ, ਰਿਜ਼ਕ ਦੇ ਸੱਚ ਨੂੰ।
ਮੋਹ 'ਚ ਪਿਉ ਦਿਲਗੀਰ, ਇਕ ਦਿਨ ਬੋਲਿਆ
ਨੈਣ ਭਰਣ ਰੋਹ-ਨੀਰ, ਪੁੱਤਰ ਵੇਖ ਕੇ:
"ਵਣਜ ਕਰੋ ਕੁਝ ਪੁੱਤ, ਪਿਉਂ ਸਮਝਾਂਵਦਾ
ਤੇਰਾਂ ਵਰ੍ਹੇ ਦੀ ਰੁੱਤ, ਬੀਤੀ ਜਾਂਵਦੀ।"
ਤਾਂ ਜਗ-ਕੰਦਰੇ ਮਿਣ, ਹੜ੍ਹ ਹੋ ਸੁਰਤ ਨੇ
ਏਸ ਸੁਵੱਲੜੇ ਦਿਨ, ਪਿਉ ਨੂੰ ਦੱਸਿਆ:
"ਸੁਣੋ! ਪਿਤਾ! ਅਸਮਾਨ, ਸੁੰਨ 'ਚ ਹੰਭਦੇ
ਲਾ-ਮੁਕਾਮ ਦੇ ਨਾਮ, ਛੁਪੇ ਨ ਸਮੇ ਤੋਂ!
ਖਾ ਤਬਕਾਂ ਦੀ ਜਾਨ, ਅੰਨ੍ਹੀ ਖ਼ਾਕ ਨੇ
ਸ਼ੇਖ਼ ਪੀਰ ਦੇ ਮਾਣ, ਗਾਰੀਂ ਰੋਲਣੇ।
ਲਏ ਸਿੰਧ ਜਿਸ ਮੱਥ, ਬੁੰਟ ਅਨੰਤ ਦੇ
ਉਹ ਗੁਮਨਾਮ ਨੇ ਹੱਥ, ਖ਼ਾਕ 'ਚ ਹੌਲਦੇ।
ਰੁਲਸਨ ਸ਼ਾਹੀ ਬੰਸ, ਹਉਂ ਦੇ ਵੰਧ ਲਾ
ਅਸਲੀ ਰਿਜ਼ਕ ਦੀ ਅੰਸ, ਜਗ ਦੀ ਪੱਤ ਹੈ;
ਔਪਰ ਜ਼ਿੰਦਾ ਰਾਜ਼, ਖ਼ਾਕ 'ਚ ਧੁਰਾਂ ਦੇ
ਪਏ ਉਠਾਵਣ ਸਾਜ਼, ਕਬਰ ਕਦੀਮ ਚੋਂ।
ਰਿਜ਼ਕਾਂ ਦੀ ਪਰਵਾਜ਼, ਪਰਬਤ ਚੀਰ ਕੇ
ਨੰਨ੍ਹੀ ਸੁਣੇ ਅਵਾਜ਼, ਕੋਟਾਂ ਸਾਲ ਦੀ।
ਤੁਸੀਂ ਕਰੋ ਕੀ ਗੱਲ, ਵਣਜ ਵਪਾਰ ਦੀ?
ਮੈਂ ਸਭ ਕੌਮਾਂ ਵੱਲ, ਚਿਰ ਤੋਂ ਚੱਲਿਆ।

ਬੀਜ ਦਾ ਪੰਧ ਅਮੀਕ, ਖ਼ਾਕ 'ਚ ਵੱਸਿਆ
ਜੀਵ ਜੰਤ ਹਰ ਤੀਕ, ਪੈਂਡੇ ਰਿਜ਼ਕ ਦੇ।
ਸੱਚਾ ਵਣਜ ਵਪਾਰ, ਬਣਦਾ ਤਦੋਂ ਹੀ
ਜੇ ਰਿਜ਼ਕਾਂ ਦੀ ਧਾਰ, ਸੁਰਤ ਪਿਆਰ ਦੀ।
ਪੁੱਛਾਂ ? ਦਿਵੋ ਅਸੀਸ, ਕਰਨਾ ਵਣਜ ਮੈਂ
ਤਾਂਹੀਂ ਦਮੜੇ ਬੀਸ, ਦਿੱਤੇ ਤੁਸਾਂ ਨੇ :
ਕਵਨ ਬੀਜ ਦਾ ਕੌਲ, ਪੁੱਗੇ ਅੰਤ ਨੂੰ ?
ਕਵਨ ਖ਼ਾਕ ਨੇ ਮਉਲ, ਤਰਨਾ ਸਮੇ ਨੂੰ ?"
"ਇਹ ਤੁਰਦਾ ਕਿਸ ਵਾਟ ?" ਕਾਲੂ ਕੰਬਿਆ
ਦਿਲ ਵੱਜੀ ਝਰਨਾਟ, ਅਣਦਿਸ ਅੰਬਰੋਂ।
ਦੇ ਦਿਲ ਨੂੰ ਧਰਵਾਸ, ਆਖੇ : "ਪੁੱਤਰਾ !
ਰਹਿਣ ਜੇ ਚਲਦੇ ਸਾਸ, ਦੁਨੀ ਦੇ ਮਾਮਲੇ।
ਸੱਚਾ ਸੌਦਾ ਭਾਲ, ਜਗ ਦੀ ਹਾਥ ਲੈ;
ਝੂਠੀ ਅੱਖਰ-ਚਾਲ, ਜੋ ਤੂੰ ਕਲਪਦਾ।"

ਤਦ ਬਾਲਾ ਲੈ ਨਾਲ, ਨਾਨਕ ਚੱਲਿਆ
ਤਾਂ ਜੋ ਵਣਜ ਦਾ ਮਾਲ, ਮੁੜਨ ਵਿਹਾਜਕੇ।
ਅਸੁਨ ਮਾਹ ਦੀ ਦੱਭ, ਹੁੱਲੀ ਰੱਜ ਕੇ
ਭੇਦ ਸੁਰਤ ਦੇ ਲੱਭ, ਧੜਕੇ ਰਾਹ ਨੇ।
ਬੀਤੇ ਜੁਗਾਂ ਦੀ ਛਾਂ, ਕੰਬੀ ਪੱਤ 'ਤੇ
ਜੋ ਪੰਛੀ ਹੁਣ ਨਾਂਹ, ਉਸਦੇ ਖ਼ਾਬ ਲੈ।
ਨਾਲ ਅਕੀਦਤ ਰੁੱਖ, ਰਾਹਾਂ ਵੇਖਦੇ
ਬੋਲ ਪੁਰਾਣੇ ਘੁੱਟ, ਸੀਨੇ ਅੰਦਰਾਂ।
ਕੋ ਵੈਰਾਗੀ ਨੂਰ, ਵਣ ਵਣ ਘੁੰਮਦਾ
ਗਏ ਪੰਖਣੂ ਦੂਰ, ਚਿਰ ਤੋਂ ਮੁੜੇ ਨਾ।
ਰੁੱਖਾਂ ਉਹਲੇ ਖੱਲ੍ਹ, ਜੋਗੀ ਦੂਰ ਤੋਂ
ਰਾਹ ਪੁਰਾਣੇ ਚੱਲ, ਨਾਨਕ ਵੇਖਦੇ।
ਬੰਨ੍ਹੀ ਸਮੇ ਜੋ ਛੱਲ, ਹੇਠਾਂ ਪਰਬਤਾਂ
ਅੰਬਰ ਲਵੇਗੀ ਮੱਲ, ਇਸ ਪਲ ਕੂਕਦੀ !!
ਤਦੋਂ ਅਚਾਨਕ ਸਿੱਕ, ਬਾਲੇ ਆਖਿਆ :
"ਢੋਕਾਂ ਪੈਣ ਜੋ ਦਿਸ, ਉਹਲੇ ਵਣਾਂ ਦੇ।"
ਨਾਨਕ ਦੱਸੇ "ਪਾਰ, ਸੰਘਣੀ ਛਾਂ ਤੋਂ
ਮਿਲਣ ਸ਼ਹਿਰ ਦੇ ਬਾਰ, ਵਾਟਾਂ ਅਜਨਬੀ।

ਚੂਹੜਕਾਣਿਉਂ ਬਾਪ, ਲੰਗਰ ਦੂਨੀ ਦੇ
ਹੱਕ ਰਿਜ਼ਕ ਦਾ ਜਾਪ, ਲੈ ਮੈਂ ਚੱਲਣਾ।"

ਮਾਹ ਅੱਸੂ ਦੀ ਛਾਂ, ਨਰਮ ਦੁਪਹਿਰ ਦੀ
ਬੋਹੜਾਂ-ਬੁੱਕਲ ਥਾਂ, ਨੇੜੇ ਛੰਭ ਦੇ।
ਦੂਰ ਦੇ ਭੁੱਲੇ ਨਾਂ, ਕਬਰਾਂ ਲਏ ਸੀ,
ਝੂਮੇ ਰੋ ਫਰਵਾਂ, ਬੰਜਰ-ਵੱਟ ਤੇ।
ਵੇਖੇ ਸੰਤ ਮਲਾਹ, ਦੈਵੀ ਨੀਂਗਰਾਂ
ਲਿਵ ਜੋੜਨ ਦਰਗਾਹ, ਧਰਤੀ ਭੁੱਲ ਕੇ।
ਭਰਨ ਦਗੰਬਰ ਨੀਰ, ਕਿੱਥੇ ਅੰਤ ਹੈ ?
ਅੰਬਰ ਹੋਣ ਹਕੀਰ, ਅੰਦਰ ਸੁੰਨ ਦੇ :
ਤਿਰਸ਼ੰਕੂ ਦੇ ਵੀਰ, ਸੂਫ਼ੀ ਅਸੀਂ ਨਾ;
ਜੋਗੀ ਅਤੇ ਫ਼ਕੀਰ, ਖ਼ਾਲੀ ਹੱਥ ਨੇ।
ਛਾਂ ਬੋਹੜਾਂ ਦੀ ਸੰਤ, ਸੋਚਣ ਬੈਠਕੇ :
ਹੱਥ ਆਏ ਨ ਅੰਤ, ਫੜਨਾ ਲੋਚਦੇ।
ਦੂਰ ਦੀ ਦੈਵੀ ਮੰਤ, ਚੰਡਣ ਸੱਚ 'ਤੇ
ਸਿਮਰਣ ਕਦੇ ਅਨੰਤ, ਜੋ ਰਸ ਬਿਨਾਂ ਵੀ।

ਨਾਨਕ ਬਾਲਾ ਨੇੜ, ਵੇਖੇ ਮੰਡਲੀ
ਗਗਨ ਦੇਣ ਨ ਗੇੜ! ਭੈਅ ਵਿਚ ਸੋਚਦੇ।
ਝੁਕੇ ਹਲੀਮੀ ਨਾਲ, ਸੰਤਾਂ ਸਾਮ੍ਹਣੇ
ਪਏ ਹਜ਼ਾਰਾਂ ਸਾਲ, ਖਿੱਚਣ ਸੁਰਤ ਨੂੰ।
ਸਿਰ ਸੰਤਾਂ ਦੇ ਰੁੱਖ, ਸ਼ੀਰੀਂ ਵਾਰਦੇ
ਜ਼ਿਮੀਂ ਦੀ ਸੁੱਚੀ ਭੁੱਖ, ਤਨ ਮਨ ਘੋਲਦੇ।
ਅਕਲ ਲਤੀਫ਼ ਦੇ ਰਾਹ, ਪਰੇ ਸੰਜੋਗ ਤੋਂ
ਸਿਸਕ ਵਿਜੋਗ ਦੇ ਸਾਹ, ਲੂੰਹਦੇ ਗਗਨ ਨੂੰ।
ਕਿਸੇ ਧਿਆਨ ਦੀ ਗੂੰਜ, ਬਲ ਬਲ ਕੁਦਰਤੀਂ
ਤੋੜ ਦੇਂਵਦੀ ਊਂਘ, ਸੁੱਤੇ ਸਮੇ ਦੀ।

ਕੁਝ ਪਲ ਇੰਜ ਫ਼ਕੀਰ, ਜਾਗਣ ਅੰਤ ਤੇ
ਤਿਖਾ ਅਨਾਹਤ ਪੀੜ, ਨੀਂਦ 'ਚ ਡੋਬਦੇ।
ਲਹੂ ਮਾਸ ਪਰ ਰੁੰਨ, ਪੈਣ ਇਕੱਲੜੇ
ਘੋਰ ਬਿਗਾਨੀ ਸੁੰਨ, ਹੁੰਦੀ ਚੇਤਨਾ।

ਐਪਰ ਨਾਨਕ ਵੇਖ, ਸੁੱਚੀ ਭੁੱਖ ਨੇ
ਸੰਤਾਂ ਦੇ ਸਭ ਲੇਖ, ਮਿਲਾਏ ਜ਼ਿਮੀ ਨੂੰ।
ਭੁੱਖ ਬਿਜਲੀਆਂ ਵਾਂਗ, ਚਮਕੀ ਗਰਜਕੇ
ਜੋਬਨ ਦੀ ਹਰ ਤਾਂਘ, ਮਿਲੀ ਗਿਆਨ ਨੂੰ।

ਬਾਲੇ ਨੂੰ ਸਮਰੱਥ, ਨਾਨਕ ਬੋਲਦੇ:
"ਸ਼ਹਿਰੋਂ ਲਿਆ ਤੂੰ ਵੱਥ, ਅਜਬ ਸੁਆਦਲੀ
ਪੀਰ ਫ਼ਕੀਰ ਮੁਰੀਦ, ਜਿਸਨੂੰ ਰਾਵਲੇ
ਚੱਖਣ ਨਾਲ ਉਮੀਦ, ਰੂਹ ਦੀ ਵਾਟ ਤੇ।"

ਚੂੜਕਾਣੇ ਦੇ ਵਣ, ਸੁਬਕ ਦੁਪਹਿਰ ਨੂੰ
ਬੈਠਗੇ ਸਾਧੂ ਜਨ, ਨਾਨਕ ਸਾਮ੍ਹਣੇ
ਜਾਗ ਵੈਰਾਗੀ ਪਲ, ਉੱਡਣ ਸੀਸ ਚੋਂ
ਦਿੱਤੇ ਸੁੰਨ ਦੇ ਛਲ, ਤੋੜ ਧਿਆਨ ਨੇ
ਜਿਵੇਂ ਅਹਿਲਿਆ ਜਿੰਦ, ਬੁੱਤ ਨੂੰ ਭੰਨ ਕੇ
ਨਭ ਅਸੀਮ ਇਕ ਬਿੰਦ, ਘੁੱਟੇ ਹਿੱਕ ਤੇ।

ਮਾਰੀ ਸਿੱਧਾਂ ਛੱਲ, ਤਦ ਇਕ ਸੁਰਤ ਤੇ
ਸ਼ਹਿਰੋਂ ਬਾਲਾ ਚੱਲ, ਉਸ ਪਲ ਪੁੱਜਿਆ।
ਬਹਿ ਚਰਨਾਂ ਦੇ ਕੋਲ, ਸੰਤਾਂ ਸਾਹਮਣੇ
ਸੁਖ਼ਨ ਨਵੇਲਾ ਬੋਲ, ਨਾਨਕ ਆਖਿਆ:
"ਧਰਤੀ ਦੇ ਚਾਅ ਜੋੜ, ਭੋਜਨ ਉੱਜਲਾ
ਲੱਭੇ ਰਸਾਂ 'ਚ ਖੋੜ, ਰੁੱਤ ਇਮਾਨ ਦੀ।
ਅਦਲ ਰਿਜ਼ਕ ਦੀ ਛੁਹ, ਧਰਤੀ ਉਤਰਕੇ
ਜਲੇ ਵਣੀਂ ਵਿਚ ਮੋਹ, ਨਵ ਜੜ੍ਹ ਲਾਂਵਦੀ।
ਰਾਖ ਹਉਂ ਦੀ ਕੂੜ, ਕਰੇ ਬਿਬੇਕ ਨੂੰ
ਜੇ ਨਾ ਰਿਜ਼ਕ-ਸਰੂਰ, ਲਹੂ 'ਚ ਥਰਕਦਾ।"

ਤਦ ਸੰਤਾਂ ਦਾ ਜਾਪ, ਉਡਦਾ ਅੰਬਰੀਂ
ਭੋਜਨ-ਨਸ਼ੇ 'ਤੇ ਆਪ, ਚਾਅ 'ਚ ਉੱਤਰੇ।
ਬਾਲਾ ਭੋਜ ਪਰੋਸ, ਡਾਢਾ ਚੁੱਪ ਸੀ!
"ਕਰ ਵੀਰਾ ਕੁਝ ਹੋਸ਼," ਨਾਨਕ ਆਖਿਆ
ਨਗਰੀ ਹੈ ਕਈ ਕੋਸ, ਰਾਇ ਬੁਲਾਰ ਦੀ
ਚੱਲ! ਪਿਤਾ ਦਾ ਰੋਸ, ਆਪਾਂ ਝੱਲਣਾ।"

ਅੰਤ ਫੜਣ ਜਦ ਨੀਂਗਰ, ਮਾਰਗ ਦੂਰ ਦਾ
ਨਵੀਂ ਚਮਕ ਵਲ ਨੀਂਦਰ, ਉੱਡੀ ਕੜਕ ਕੇ।
ਪਹਿਰੇਦਾਰ ਦੀ ਸੱਦ, ਸੰਤਾਂ ਸੁਣੀ ਸੀ
ਧਰਮਸਾਲ ਦੀ ਹੱਦ, ਜਿਥੇ ਚਮਕਦੀ।
ਨਿਆਰਾ ਰਿਜ਼ਕ-ਰ੍ਹੱਸ, ਤਨ ਮਨ ਘੁੱਟਦਾ
ਝੱਲਾ ਮੀਂਹ ਬੇਵਸ, ਜਿਊਂ ਗਲ ਪਰਸਦਾ।
ਸੰਤ ਰੇਣ ਕੁਝ ਸੋਚ, ਬੋਲੇ ਇਸਤਰਾਂ:
"ਵਿਜੈ ਧਰਮ ਦੀ ਲੋਚ, ਚਿਰ ਤੋਂ ਮੈਂ ਰਿਹਾ।
ਜਿਸ ਪਲ ਉੱਠੀ ਤਾਂਘ, ਆਦਿ ਆਗਾਸ ਚੋਂ
ਸੁਣੀ ਧਰਮ ਨੇ ਬਾਂਗ, ਪਹਿਰੇਦਾਰ ਦੀ
ਓਸੇ ਪਲ ਵਿਚ ਖੇਡ, ਰਿਹਾ ਉਹ ਬਾਲਕਾ
ਮੰਝਧਾਰ ਉਸ ਜੇਡ, ਲੰਘੀ ਕਿਸੇ ਨਾ।"

ਸੀ ਬਾਲੇ ਦੀ ਰੂਹ, ਓਧਰ ਕੰਬਦੀ
ਜਿਵੇਂ ਅਰਸ਼ ਦੀ ਜੂਹ, ਤੰਗ ਪਤਾਲ ਤੇ
ਸੁੱਟੇ ਕਹਿਰ ਅਮੋੜ, ਖੁੱਲਾ ਬੰਨ੍ਹਕੇ
ਰੈਣ ਦਿਵਸ ਨੂੰ ਤੋੜ, ਕੁਦਰਤ ਪੀੜਕੇ।
ਏਧਰ ਜਗ ਦਾ ਪੀਰ, ਹੇਠ ਅਨੰਤ ਦੇ!
ਓਧਰ ਪਿਉ ਦਿਲਗੀਰ, ਜਾਕੇ ਵੇਖਣਾ!

ਵੜ ਤਲਵੰਡੀ-ਜੂਹ, ਦੋਵਾਂ ਬਾਲਕਾਂ
ਪਿਉ ਦਾਦੇ ਦਾ ਖੂਹ, ਦੂਰੋਂ ਵੇਖਿਆ
ਫੇਰ ਬੀੜ ਦੇ ਰਾਹ, ਚੱਲੇ ਪਿੰਡ ਨੂੰ
ਇਕ ਪਲ ਜਿੰਦ ਦਾ ਸਾਹ, ਕਬਰਾਂ ਲੋਚਿਆ
ਸਾਲਾਂ ਦੀ ਪਰਵਾਜ਼, ਛੇੜੇ ਯਾਦ ਨੂੰ
ਪਰਸੇ ਮੌਤ ਦੇ ਸਾਜ਼, ਕਾਂਗ ਵੈਰਾਗ ਦੀ।
ਨਾਨਕ ਇਕ ਵਣ ਹੇਠ, ਸੌਂਦਾਂ ਪੈਂਦਿਆਂ
ਧਰਤ ਦੇ ਗੁੱਝੇ ਹੇਤ, ਜਿੰਦ 'ਚ ਘੁੱਟ ਕੇ
ਕੁਦਰਤ ਜੋੜੇ ਭੇਤ, ਬਖ਼ਸ਼ੇ ਮੀਤ ਨੂੰ
ਕਹੇ: "ਬਾਲਿਆ ਦੇਖ, ਦਿਲ ਨਿਰਵਾਨ ਦਾ!
ਸੰਝ ਤੁਰੇ ਤਾਂ ਰਾਤ, ਰੱਬ ਅਸੀਸ ਜੋ
ਨੈਣ ਯਤੀਮ ਦੇ ਆਪ, ਮਾਂ ਬਣ ਚੁੰਮਦੀ;
ਦਾਤ ਪਿਆਰੇ ਜੋੜ, ਰੈਣੀਂ ਚਮਕਣੀ
ਤਾਰੇ ਜਿਵੇਂ ਅਨੇਕ, ਝੁਕਣ ਤ੍ਰੇਲ ਤੇ;

ਸੁਲਝੇ ਤੰਦ ਅਸੰਖ, ਸਮੇ ਦੇ ਨੇਮ ਦੀ
ਸੱਚਾ ਸੌਦਾ ਮੰਗ, ਤੁਰੇਂ ਜੇ ਆਦਮੀ।

ਜਿਵੇਂ ਕੰਜ ਨੂੰ ਭੋਗ, ਨਾਗ ਉਤਾਰਦਾ
ਪਾਪ ਅਚੇਤ ਦੇ ਰੋਗ, ਲਾਹ ਕੇ ਜਿੰਦ ਤੋਂ
ਪਾ ਧਰਤੀ ਨੂੰ ਚੋਗ, ਨਵ ਪਰਵਾਜ਼ ਦੇ
ਸੰਞਾਂ ਦੇ ਵਿਚ ਡੋਬ, ਫ਼ਜਰ ਅਨੇਕ ਨੂੰ
ਭਾਰੀ ਬਰਕਤ ਚੁੱਕ, ਬਾਲਾ ਚੱਲਿਆ
ਸਮਾਂ ਸਕੇ ਨਾ ਮੁੱਕ, ਨਾਨਕ-ਨਦਰ ਦਾ।

ਏਧਰ ਪਹਿਰੇਦਾਰ, ਨਾਨਕ ਜਾਗਦਾ
ਰਾਹ ਅਸੰਖ ਵਿਚਕਾਰ, ਬਿਰਖ ਦੇ ਹੇਠ ਜੀ।
ਵਣ ਪੀਲੂ ਦਾ ਤਾਜ, ਤਾਰੇ ਜਾਪਦੇ
ਜਿਸਦੀ ਬੁੱਕਲ ਰਾਜ਼, ਸੀ ਬ੍ਰਹਿਮੰਡ ਦਾ।

ਘੇਰ ਲਿਆ ਤਦ ਰੁੱਖ, ਨਜ਼ਰ ਫ਼ਰਿਸ਼ਤਿਆਂ
ਬਹੁ ਸੁਲੱਖਣੀ ਚੁੱਪ, ਵਣ ਦੇ ਹੇਠ ਸੀ।
ਪੀਲੂ-ਸੁਪਨੇ ਚੁੱਕ, ਮਿੱਠੇ ਸਾਦ ਨੂੰ
ਲਾ ਨਾਨਕ ਦੇ ਮੁੱਖ, ਹੁੰਦੇ ਸੁਰਖ਼ਰੂ।

ਜਾ ਮਹਿਤੇ ਦੇ ਧਾਮ, ਬਾਲੇ ਦੱਸਿਆ
ਕਿੰਜ ਫ਼ਜਰ ਤੋਂ ਸ਼ਾਮ, ਪੈਂਡਾ ਬੀਤਿਆ:
"ਕੀ ਮਾਇਆ ਹੈ ਚੀਜ਼? ਨਾਨਕ ਸਾਮ੍ਹਣੇ
ਉਸ ਤੋਂ ਧਰੂ ਦੇ ਬੀਜ, ਬਰਕਤ ਮੰਗਦੇ।
ਦਾਮਨ ਪਕੜ ਫ਼ਕੀਰ, ਚਾਰੇ ਜੁਗਾਂ ਦੇ
ਤੱਕਾਂ ਅਗਨ ਗਹੀਰ, ਲੰਘਣ ਹੱਸ ਕੇ।
ਮੁਣਸ ਦੀ ਅੰਤਮ ਰੀਝ, ਨਾਨਕ ਨਾਲ ਹੈ
ਨਾ ਸ਼ੁਕਰੇ ਨਾ ਬੀਜ, ਉਸਦੀ ਤਲੀ ਤੇ।"

ਡੁੱਬ ਗਿਆ ਵਿਚ ਗਹਿਰ, ਬਾਲਾ ਦਿਸੇ ਨਾ
ਰੈਣ ਦੇ ਪਹਿਲੇ ਪਹਿਰ, ਕਾਲੂ ਹੌਲਦਾ।
ਬਲੀ ਸਮੇ ਦੇ ਪੈਰ, ਦਲਦੇ ਜਿੰਦ ਨੂੰ
ਅਮਿਉ-ਕਲਸ ਨੂੰ ਜ਼ਹਿਰ, ਡੱਸਣ ਉੱਡਦੀ।

ਭਰੇ ਖ਼ਲਾ ਵਿਚ ਰੋਹ, ਦਿਸਦੇ ਰਾਹ ਨੂੰ
ਭਾਵੇਂ ਪੁੱਤਰ-ਮੋਹ, ਧਰਤੀ ਛਾਣਦਾ।

ਦੂਜੇ ਪਹਿਰੇ ਰੈਣ, ਵੇਖੇ ਨਾਨਕੀ
ਕੁਲ ਅੰਬਰ ਦੇ ਨੈਣ, ਸੱਚ ਪਛਾਣਦੇ।
ਪਾਰ ਅਨੰਤ ਦੀ ਸੱਦ, ਹੂਕ ਇਕਾਂਤ ਦੀ!
ਧਰਤੀ ਦੀ ਸ਼ਾਹ ਰਗ, ਉੱਪਰ ਵੱਜਦੀ।
ਜੋਬਨਵੰਤ ਪੁਨੀਤ, ਉੱਜਲ ਨਾਨਕੀ
ਬਹੁ ਨਿਰਲੇਪ ਅਤੀਤ, ਝਿਮ ਝਿਮ ਅੰਤ ਦੀ
ਲੱਭੇ ਨਾਨਕ ਵੀਰ, ਮਹਾਂ ਇਕਾਂਤ ਚੋਂ
ਚਿੰਤਨ ਪਾਰ ਜ਼ਮੀਰ, ਵਸਦੀ ਜਦੋਂ ਸੀ।

ਤੀਜੇ ਪਹਿਰੇ ਖ਼ਾਬ, ਮਾਂ ਨੂੰ ਆਂਵਦਾ
ਸੱਚਾ ਸੌਦਾ ਆਪ, ਰਿਸ਼ੀ ਫ਼ਕੀਰ ਜਿਉਂ
ਹੋ ਰਿਜ਼ਕ ਦਾ ਜਾਪ, ਮਿਲੇ ਅਨਾਥ ਨੂੰ
ਰਾਤੀਂ ਘੁੰਮੇ ਜਾਗ, ਨਾਨਕ ਲਾਡਲਾ!

ਧੰਮੀ ਵੇਲੇ ਚਾਅ, ਜ਼ਿਮੀਂ ਚੋਂ ਉੱਠਦੇ
ਰਾਇ ਨੂੰ ਦੱਸੇ ਜਾ, ਪੰਛੀ ਅਜਨਬੀ!
ਸੁਣਿਆਂ ਫੇਰ ਬੁਲਾਰ, ਧਰਮੀ ਬੋਲ ਚੋਂ:
"ਹਰੇ ਰਹਿਣ ਇਕਰਾਰ, ਖ਼ਾਕੀ ਉੱਤਰੇ।"
ਨਾਨਕ ਮੰਝ ਇਕੱਲ, ਸੱਦੇ ਪੰਖਣੂ
ਮਾਰਣ ਦਿਲ 'ਤੇ ਛੱਲ, ਰਾਜ਼ ਅਤੀਤ ਦੇ।
ਮਿੱਠੀ ਦੂਰ ਰਬਾਬ, ਤਾਨ ਜਗਾਂਵਦੀ
ਮਰਦਾਨੇ ਦਾ ਖ਼ਾਬ, ਰੁੱਖਾਂ ਚੁੰਮਿਆ;
ਪਰ ਕਾਲੂ ਦਿਲਗੀਰ, ਭਟਕੀ ਨੀਂਦ ਚੋਂ
ਸੋਹਣੀ ਜਗ ਦੀ ਭੀੜ, ਵੇਖੇ ਸਿੱਕ ਕੇ:
"ਜਗਤ-ਸ਼ਾਨ ਦੇ ਤੀਰ, ਕਿਉਂ ਖੜ੍ਹ ਸੁਣਾਂ ਮੈਂ?
ਵਫ਼ਾ ਬਿਨਾਂ ਬੇਪੀਰ, ਬੋਲ ਫ਼ਕੀਰ ਦੇ।"
ਉਂਜ ਦੂਰ ਕੋ ਛੱਲ, ਸਾਗਰ ਦੱਸਦੀ
ਪੰਛੀ ਦੱਸਣ ਗੱਲ, ਰਾਗ ਅਲਾਪਦੇ।
ਰਹੇ ਦੂਰ ਪਰਵਾਜ਼, ਭਾਵੇਂ ਖਿੱਚਦੀ
ਤਲਖ਼ ਚੀਖਦਾ ਸਾਜ਼, ਬਾਝੋਂ ਸਿਦਕ ਦੇ।

5

ਨਾਨਕ-ਛੁਹ ਦੇ ਕਦਮ

ਧੁਰ-ਬੀਜਾਂ ਵਿਚ ਜਦੋਂ ਰੱਖਿਆ
ਤੇਜ ਰਿਜ਼ਕ ਦਾ ਸਾਰਾ
ਨਾਨਕ ਧਰਮਸਾਲ ਦੇ ਮਨ ਦਾ
ਛੂਹਦਾ ਗੈਬ ਕਿਨਾਰਾ।

ਉਸ ਅੱਖਰ ਦੇ ਤਨ ਮਨ ਮਾਰੇ
ਸੁਰਤਾਂ ਦਾ ਲਿਸ਼ਕਾਰਾ
ਜਿਸ ਅੱਖਰ ਵਿਚ ਸਭ ਜਨਮਾਂ ਦਾ
ਉਠਦਾ ਨਾਦ-ਹੁਲਾਰਾ।

ਮੱਸ ਮਲੂਕ ਰੰਗ ਸੀ ਗੋਰਾ
ਪਤਲਾ ਬੁੱਤ ਇਲਾਹੀ
ਨਾਨਕ ਦੇ ਨੈਣ ਪਏ ਦੇਵਣ
ਇਕ ਅਕੱਥ ਗਵਾਹੀ।

ਤਦੋਂ ਮੁਰੀਦ ਬਣੇ ਮਰਦਾਨਾ
ਧੰਮੀ ਸੰਝ ਮਹੀਨੇ
ਚੰਨ ਸੂਰਜਾਂ ਦਾ ਮਨ ਰੱਖੇ
ਵਿਚ ਰਬਾਬ ਦੇ ਸੀਨੇ।

ਲਹੂ ਮਾਸ ਜੁਗਾਂ ਦੇ ਮੋਏ
ਨੂਰ ਬਿਨਾਂ ਹਰ ਛਾਤੀ।
ਕੁਦਰਤ ਦੇ ਅਸਮਾਨ ਜਗਾਏ
ਸਦਾ ਅਜ਼ਾਦ ਹਯਾਤੀ।

ਮੋਏ ਧਰਮਾਂ ਦੇ ਸਿਰ ਰੱਖਣ
ਨਾਨਕ ਤੇ ਮਰਦਾਨਾ
ਖ਼ਾਕੋਂ ਜਾਗੀ ਨਵੀਂ ਗਵਾਹੀ
ਨਾਲ ਖੜੀ ਅਸਮਾਨਾਂ।

ਨਾਨਕ ਨਾਲ ਖਲੋਕੇ ਬਖਸ਼ੇ
ਕੋਲ ਵਣਾਂ ਦੇ ਭਗਤਾਂ
ਉਸ ਬੰਦੇ ਨੂੰ ਜਿਸਨੇ ਕਰਨੇ
ਸਫ਼ਰ ਦੂਰ ਵਿਚ ਤਬਕਾਂ।

ਤੁਰ ਗੇ ਜਿਮੀ ਛੋਡ ਪੈਗੰਬਰ
ਰੁਦਨ ਕਰੇ ਅਸਮਾਨਾਂ
ਭਟਕੇ ਦਿਲ ਨੂੰ ਨਾਨਕ ਬਖਸ਼ੇ
ਲੈ ਸੰਦਰੁ ਤੋਂ ਸ਼ਾਨਾਂ।

ਖ਼ਾਕ 'ਚ ਰੁਲੇ ਹੋਂਦ ਦੇ ਚੱਕਰ
ਨਾਲ ਰਬਾਬ ਜਗਾਵਣ
ਪੰਖ ਪਿੰਜਰਾਂ ਚੋਂ ਉਠ ਫ਼ਜਰਾਂ
ਸਾਲ ਅਸੰਖ ਬੁਲਾਵਣ।

ਮਨ ਭਰਿ ਨੀਝ ਲਾ ਕੇ ਵੇਖਣ
ਰੁੱਖ ਦੂਰ ਦੇ ਬੁੱਢੇ
ਘੋਰ ਮਲੀਨ ਚਾਰ ਜੁਗ ਉੱਤੇ
ਬਿਮਲ ਹੰਸ ਜੋ ਉੱਡੇ।

ਜਗ 'ਚ ਰਾਹ ਨਾਨਕ ਦਾ ਕਿੱਥੇ ?
ਵੇਖ ਪਿਤਾ ਭੁੱਲਾ ਜਾਵੇ!
ਤਕਦੀਰਾਂ ਦਾ ਨਾਜ਼ਕ ਝਲਕਾ
ਬ੍ਰਹਿਮੰਡੀ ਡੁਬ ਜਾਵੇ।

ਸਮਾਂ ਤੁਰੇ ਪੇਸ਼ ਨਾ ਜਾਵੇ
ਮਾਂ ਪਿਉ ਦੀ ਲਾਚਾਰੀ!
ਚੜ੍ਹ ਜਗਤ ਦੇ ਬੰਨ੍ਹ ਕੇ ਨਾਨਕ
ਅਬਚਲ ਨੀਂਵ ਉਸਾਰੀ।

ਨਾਨਕੀ ਦੀ ਦੂਰ ਨਜ਼ਰ

ਖੂਹ 'ਤੇ ਖੜੀ ਨਾਨਕੀ ਸੁਣਦੀ
ਬੀੜ ਵਲੋਂ ਕੰਨਸੋਆਂ
ਉੱਠ ਜੁਗਾਂ ਦੇ ਸੁਬਕ ਸੌਨਿਉਂ
ਪੌਣ ਜਿਮੀ 'ਤੇ ਲੋਆਂ।

ਤਿਰਕਾਲਾਂ ਦਾ ਸੂਹਾ ਮੱਥਾ
ਸੁਰ ਧਨਾਸਰੀ ਛੋਹੇ
ਤਾਰਾ-ਮੰਡਲ ਦੇ ਹੜ੍ਹ ਵੇਖਣ
ਜਾਗ ਪੈਗੰਬਰ ਮੋਏ।

ਫੇਰ ਅਗੋਚਰ ਕੁੰਟ 'ਚ ਲਿਸ਼ਕੇ
ਨੌਂ ਵੇਈਂ ਦੇ ਪਾਣੀ
ਜਿਸਦੀ ਬੂੰਦ ਬੂੰਦ ਵਿਚ ਲਰਜ਼ੇ
ਦਰਗਾਹਾਂ ਦੀ ਬਾਣੀ।

ਵਿਚ ਸੁਲਤਾਨਪੁਰੇ ਦੇ ਰਾਹਾਂ
ਭਰ ਭਰ ਨੈਣੀਂ ਰੱਤਾਂ
ਲਸ਼ਕਰ ਕੋਟ ਕਾਫ਼ਲੇ ਰੋਂਦੇ
ਬੈਠ ਮੰਝ ਜੁਗ-ਸੱਥਾਂ।

ਸੰਤ ਫ਼ਕੀਰ ਨਬੀ ਤੁਰ ਚੱਲੇ
ਪਾ ਸਮਿਆਂ ਨੂੰ ਸੱਲ੍ਹਾਂ
ਨੀਰ ਪੁਨੀਤ ਵਗੇ ਵਿਚ ਉੱਠਣ
ਨਵ ਦਰਗਾਹੀ ਛੱਲਾਂ।

ਤਦੋਂ ਨਾਨਕੀ ਦੂਰ ਜਲਾਂ ਵਿਚ
ਫੜੇ ਰਹਿਮ ਦਾ ਪੱਲਾ
ਬਖ਼ਸ਼ਿਸ਼ ਦੇ ਛਤਰਾਂ ਦੇ ਹੇਠਾਂ
ਨਾਨਕ ਦਿਸੇ ਇਕੱਲਾ।

ਝੁਕ ਸੁਲਤਾਨਪੁਰ ਦੀ ਨੈਂਅ 'ਤੇ
ਨੀਰ ਪੀਣ ਦਲ ਹੰਬੇ
ਫ਼ਜਰ ਦੁਪਹਿਰ ਸੰਧ ਦੇ ਪੱਤਣ
ਇਲਹਾਮਾਂ ਨੇ ਰੰਗੇ।

ਤਦੋਂ ਬਿਬੇਕ ਨਾਨਕੀ ਅੰਦਰ
ਤੀਰ ਸਮੇ ਦੇ ਕੰਬੇ
ਹਲਤ ਪਲਤ ਦੀ ਛੁਹ ਲੈ ਜਿਹਨਾਂ
ਜਲ ਵੇਈਂ ਦੇ ਮੰਗੇ।

ਗੈਬ ਦੇ ਰੁੱਖ ਤੋੜਕੇ ਗਰਜੀ
ਧੁਰ ਦੀ ਤੇਜ਼ ਹਨੇਰੀ
ਖ਼ੂਹ 'ਤੇ ਸੁਬਕ ਕੁੜੀ ਨੂੰ ਮਿਲਣਾ
ਇਲਹਾਮਾਂ ਇਸ ਵੇਰੀ।

ਕੁਦਰਤ-ਦਿਲ ਨਗਨ ਕਰ ਬਿਜਲੀ
ਡੂੰਘ ਚੀਰਦੀ ਲੰਘੀ
ਵਿਸਮਾਦਾਂ ਦੀ ਸਿਖਰ ਅਨੂਪਮ
ਇੱਕੋ ਛਿਣ ਵਿਚ ਕੰਬੀ।

ਚਮਕ ਸਰੂਰ ਆਵੇਸ਼ ਓਸਦਾ
ਭੈਣ ਦੇ ਤਨ ਮਨ ਛਾਵੇ
ਸੱਚ ਖੰਡ ਦੀ ਪਰਮ ਹਜ਼ੂਰੀ
ਜੋ ਨਾਨਕ ਲੈ ਆਵੇ।

ਮਾਂ ਧੀ

ਲਾਡ 'ਚ ਕਿਹਾ ਮਾਂ ਨੇ ਇਕ ਦਿਨ
"ਰਬ ਦੀ ਜੋਤ ਰਕਾਨੇ
ਬਾਬਲ-ਵਿਹੜੇ ਬੋਲ ਤਿਰੇ ਨੇ
ਦੂਰ ਦੇ ਹੰਸ ਬਿਗਾਨੇ।

"ਵੀਰ ਤਿਰੇ ਨੇ ਤੰਬੂ ਧੀਏ
ਪਾਰ ਸਮੁੰਦਰ ਲਾਏ,
ਤੇਰੇ ਬਾਝ ਨ ਉਸ ਪੱਤਣ 'ਤੇ
ਦੀਵੇ ਕਿਸੇ ਜਗਾਏ।

"ਉੱਠ ਫੜੇਂ ਤੂੰ ਬੋਲ ਵੀਰ ਦੇ
ਜੋ ਚਮਕਣ ਅਸਮਾਨੇ
ਘੜਾ ਨ ਭਰੇਂ, ਭਰੇਂ ਤੂੰ ਖ਼ੂਹੇ
ਅਰਸ਼ ਫ਼ਰਸ਼ ਦੇ ਖ਼ਾਨੇ।

"ਤੂੰ ਸਖੀਆਂ ਪੌਣ ਵਿਚ ਸੁਫ਼ਨੀਂ
ਵਣ ਤਿਣ ਹਨ ਹੈਰਾਨੇ
ਤੇਂਡੀ ਜਾਗ, ਨੀਂਦ ਤੇ ਸੁਫ਼ਨੇ
ਜਲੀਂ ਥਲੀਂ ਦੀਵਾਨੇ।

"ਵੀਰ ਦੇ ਬੋਲ ਵਿਚ ਤੂੰ ਖੋਈ
ਧੌਲਰ ਮਾਂ ਦੇ ਸੁੰਨੇ
ਏਸ ਸਬਰ ਦੇ ਆਂਙਣ ਧੀਏ
ਬਿਹਾ ਕਦੇ ਨਾ ਰੁੰਨੇ।"

ਕਿਹਾ ਨਾਨਕੀ: "ਖ਼ਬਰ ਨ ਮਾਏ
ਮੈਂ ਕਿਸ ਚੁੱਪ 'ਚ ਝਾਕਾਂ।
ਉਤਰ ਅਸੰਖ ਉਮਰ ਦੀ ਪੌੜੀ
ਸਿੰਧ ਨੂੰ ਮਾਰਾਂ ਹਾਕਾਂ।

"ਧੁਰ ਵਡਹੰਸ ਪਵੇ ਜਦ ਰਾਤੀਂ
ਦਿਲ ਰਮਜ਼ ਕੁਈ ਥਾਪੇ
ਚੰਨ ਤਾਰਿਆਂ ਦੇ ਵਹਿਣਾਂ ਵਿਚ
ਠਿੱਲ੍ਹ ਪਵਾਂ ਮੈਂ ਆਪੇ।

"ਦੂਰ ਫੁਹਾਰ ਧੁੜ ਜਲ ਥਲ ਦੀ
ਵੀਰ ਰਮਜ਼ ਹੋ ਉੱਡੇ
ਚਮਕੇ ਤੰਦ ਕਦੀਮੀ ਲੰਮੀ
ਚਾੜ੍ਹੇ ਸੂਰਜ-ਮੁੱਢੇ।

"ਦੂਰ ਕਿਸੇ ਵੇਈਂ ਦੇ ਸੀਨੇ
ਕੌਲ ਰੱਬ ਦੇ ਧੜਕਣ,
ਜੋਗੀ ਸੰਤ ਨਬੀ ਦੇ ਸਜਦੇ
ਸਭ ਲਹਿਰਾਂ ਵਿਚ ਥਰਕਣ।

"ਨਵ ਦਰਗਾਹੇ ਝੁਕੇ ਸੀਸ ਜੋ
ਵੀਰ ਪੈੜ ਵਿਚ ਰੱਲੇ
ਦਿਲ-ਧੜਕਣ ਤੋਂ ਮਿੱਟੀ ਤੀਕਣ
ਸੱਦ ਰਹਿਮ ਦੀ ਚੱਲੇ।"

ਭਰੇ ਤ੍ਰਿਪਤਾ ਦਾ ਮਨ, ਸਿਰ 'ਤੇ
ਨਾਜ਼ਕ ਸਿਖਰ ਦੁਪਹਿਰਾਂ
ਦਿਸਣ ਕਿਸੇ ਸ਼ਬਦ-ਅਸਗਾਹੇ
ਦੂਰ ਧੀ ਦੀਆਂ ਪੈੜਾਂ।

ਕਹੇ: "ਸੁਣੀਂਦਾ ਸਾਰੰਗ ਹੁਣ ਜੋ
ਕੂੰਜ ਨਾ ਇਸਦੀ ਔਣਾ
ਵਿਛੜੇ ਕੂੰਜ-ਪੱਖ ਦੇ ਵਿੱਚੋਂ
ਪਰਦੇਸਾਂ ਕੁਰਲਾਉਣਾ।

"ਵਿਚ ਸੁਲਤਾਨਪੁਰ ਦੀ ਮਿੱਟੀ
ਬੋਲ ਤਿਰੇ ਰੁਲ ਜਾਸਨ
ਤਕਸੈਂ ਨੈਂ ਦੇ ਪੱਤਣ ਖੜ੍ਹਕੇ
ਵੀਰ ਵਾਂਗ ਬਨਵਾਸਨ।

"ਮੁੜ ਰਬਾਬ ਦੀ ਤਾਨ ਨ ਸੁਨਣੀ
ਵੀਰ ਸ਼ਬਦ ਨ ਗੌਣਾ,
ਨਾਨਕ ਦੂਰ! ਪਵੇਗਾ ਧੀਏ
ਮਨ ਪ੍ਰਦੇਸੀ ਲਾਉਣਾ।

"ਸਭਨਾਂ ਕੰਤ ਮਹੇਲੀ ਬਨਣਾ
ਤੂੰ ਵੀ ਆਖ਼ਰ ਜਾਣਾ,
ਵੀਰ ਦੇ ਬੋਲ ਖੜ੍ਹਣਗੇ ਰਾਹੀਂ
ਜਿਉਂਕਰ ਪਾਕ ਮੁਹਾਣਾ।

ਬਿਰਖ ਪੌਣ ਦੀ ਰਹੀ ਸਖੀ ਤੂੰ
ਉੱਨੀਂ ਸਾਲ ਨੇ ਬੀਤੇ
ਜਲੋਂ ਥਲੋਂ ਪੰਖੀਆਂ ਆਕੇ
ਸੁਖ਼ਨ ਨਾਲ ਤੈਂ ਕੀਤੇ।"

-3-

ਪਿਤਾ: ਧੀ ਦੇ ਸੌਹਰਾ-ਘਰ ਜਾਣ ਪਿੱਛੋਂ

ਦੂਰ ਗਈ ਧੀ, ਦਿਲ ਕਾਲੂ ਦੇ
ਸਮੇ ਸੁੰਵ ਨੂੰ ਨਾਪਣ,
ਮੱਧਮ ਰੋਗ ਜਿਹੇ ਕੁਝ ਭਾਰੇ,
ਸਾਹ-ਹੀਣ ਦਿਨ ਜਾਪਨ।

ਜ਼ਿੰਦਾ ਰਮਜ਼ਾਂ ਦੇ ਸਭ ਪੱਤਣ
ਤੰਗ ਰੁੱਭ ਦੇ ਘੇਰੇ,
ਜਲੇ ਵਣਾਂ ਦੇ ਭੈਅ ਜਿਉਂ ਵਿੰਨ੍ਹਣ
ਪਟਵਾਰਾਂ ਦੇ ਝੇੜੇ।

ਜਗਤ-ਵਾਟ 'ਤੇ ਥਕਦੇ ਜਾਪਣ
ਬਹੁ ਜਨਮਾਂ ਦੇ ਜੇਰੇ;
ਬਾਂਝ ਧੂੜ, ਦਿਸਣ ਰੁੱਖ ਸੁੱਕੇ,
ਭੁਰਣ ਮਹੱਲ-ਬਨੇਰੇ।

ਧੀ ਦੇ ਬੋਲ ਬਿਨਾਂ ਥਕ ਜਾਵੇ
ਧਰਤ ਲਵੇ ਨਾ ਸਾਰਾਂ,
ਨਾ ਇਕਰਾਰ ਨਦੀ ਦਾ ਲੱਭੇ
ਨਾਲ ਖਲਾਵਾਂ ਗਾਰਾਂ।

ਭਾਵੇਂ ਕੋਟ ਜੋਜਨੋਂ ਉੱਡੇ
ਨੂਰ ਉਦ੍ਹੀ ਵਲ ਅੰਸੇ,
ਦਿਲ ਦੀ ਇਕ ਅਪਣੱਤ ਵਿੰਨ੍ਹਦੇ
ਘਿਰੇ ਗੁਬਾਰੀਂ ਸੰਸੇ।

ਵਾਟ ਮੋਹ ਦੀ ਸਮਿਉਂ ਲੰਮੀ
ਵਿਚ ਅਸੰਖਾਂ ਚੱਕਰ
ਮੰਝਧਾਰ ਦੇ ਗਹਿਰੇ ਨੈਣੀਂ
ਘੁੰਮਦੇ ਕਾਲੇ ਝੱਖੜ।

ਰੰਗ ਵਿਚ ਬੇਰੰਗ ਹੋ ਭਟਕਣ
ਗੁਮਨਾਮੀ ਦੇ ਅੱਖਰ;
ਸਬਜ਼ ਵਣਾਂ 'ਤੇ ਗੱਡ ਨਜ਼ਰ ਨੂੰ
ਵਿਹਣ ਸਰਾਪੇ ਪੱਥਰ।

ਸਹਿਜ ਨਦਰ ਨਾਨਕ 'ਤੇ ਔਪਰ
ਜਦੋਂ ਕਦੇ ਉਹ ਵਾਰੇ,
ਛੋਂਹਦਾ ਜਲ ਸੁਲਤਾਨਪੁਰ ਦੇ
ਅਜ਼ਲੀ ਨੂਰ ਕਿਨਾਰੇ।

ਨਾਨਕ ਦੇ ਪੈਰਾਂ 'ਤੇ ਹੇਠਾਂ
ਕੂਈ ਧੂੜ ਬੇਗਾਨੀ
ਕਿਸੇ ਅਛੂਹ ਦਿਸਹੱਦੇ 'ਤੇ ਜੋ
ਬਣੀ ਅਨੂਪ ਨਿਸ਼ਾਨੀ।

ਜਦੋਂ ਤੂਰ ਜਿਉਂ ਦਿਲ ਕਾਲੂ ਦਾ
ਹਰ ਮਸਤਕ ਗਰਮਾਵੇ,
ਚੀਰ ਖਲਾ ਹਰ ਦਿਲ ਦੇ ਅੱਗੋਂ
ਨਭ ਅੰਤਮ ਲਿਸ਼ਕਾਵੇ।

ਰੋਗ ਸੋਗ ਨੂੰ ਨਾਨਕ ਦਾਨਾ
ਲੰਘਦੇ ਰਾਗ ਅਲਾਪਨ,
ਜਗਤ ਛੋਡ ਜਗਤ-ਵਣਜਾਰੇ
ਸਿਖਰ ਅਗੰਮੀ ਥਾਪਣ।

ਜਗ ਦੀ ਸ਼ਾਨ ਬਿਨਾਂ ਵੀ ਸ਼ਾਨਾਂ।
ਨਾਨਕ-ਸਿਖਰ 'ਤੇ ਜਾਪਣ;
ਉੱਚੇ ਮਹਿਲ, ਸ਼ਿੰਗਾਰੇ ਆਸਨ,
ਮਨ ਕਿਰਪਨ ਦਾ ਨਾਪਣ।

ਮਾਂ ਪੁੱਤਰ ਦੇ ਨੈਣੀਂ ਹਰ ਪਲ
ਪੰਧ ਬਿਖਮ ਸੈ ਵੇਖੇ,
ਕਰਨ ਗਰਦਸ਼ਾਂ ਬਹਿ ਜਿਹਨਾਂ 'ਤੇ
ਧੀ-ਸਿਦਕਾਂ ਦੇ ਲੇਖੇ।

ਕਾਲੂ ਜਦੋਂ ਭੁਲਾ ਕੇ ਨਾਨਕ
ਯਾਦ 'ਚ ਧੀ ਨੂੰ ਪਾਲੇ,
ਸਿੰਘ ਬੁਕੇ, ਪੈੜ 'ਤੇ ਤਾਰੇ
ਨਭ-ਸਿਮਰਣ ਨੇ ਬਾਲੇ।

ਮਿਰਗਾਂ ਦੇ ਮਾਸੂਮ ਸੁਫਨ ਚੋਂ
ਸਿੰਘ ਬਲੀ ਸੁਤ ਉੱਠੇ,
ਪੰਛੀ, ਮੂਨ, ਮੀਨ ਦੇ ਦਿਲ ਨੂੰ
ਮੋਹ ਨਾਨਕ ਦਾ ਮੁੱਠੇ।

ਕੰਚਨ ਵੰਨੇ ਜੋਬਨ ਮੋਂਹਦੇ
ਦਾਮਨ ਪਕੜ ਖਲੋਵਣ,
ਧਾ ਨਾਨਕ ਦੇ ਪੰਧ ਅਨੋਖੇ
ਚੁੰਮ੍ਹ ਲੈਣ ਫਿਰ ਰੋਵਣ।

ਗੜ੍ਹਾਂ, ਰਣਾਂ ਚੋਂ ਚਾਰ ਚੁਫੇਰੇ
ਵੀਟ ਲਹੂ ਜਗ ਹੱਸੇ,
ਕੁਦਰਤ-ਰਗਾਂ ਬਨਣ ਜਦ ਤਾਰਾਂ
ਦਰਦ ਰਬਾਬਾਂ ਦੱਸੇ।

ਜੋਬਨ ਰਾਜ ਭਾਗ ਦੇ ਭਰਵੇਂ
ਸਿਕ ਵੇਖਣ ਜਦ ਮਾਪੇ,
ਰੱਤਾਂ ਵੀਟ ਤਰਸ ਤਦ ਉਗਮੇ
ਕੌਮਾਂ ਦੇ ਤਰਨਾਪੇ।

ਜਦੋਂ ਦਲਾਂ ਦੇ ਦਲ ਸੀ ਨਿਗਲੇ
ਕਬਰਾਂ ਤੇ ਸ਼ਮਸ਼ਾਨਾਂ,
ਖ਼ਸਮ ਦੀ ਬਾਣੀ ਉਤਰ ਗ਼ੈਬ ਚੋਂ
ਗਲ ਲੱਗੀ ਇਨਸਾਨਾਂ।

ਜੋਬਨ ਹਰੇ ਕਚੂਰ ਦੀ ਲੀਲ੍ਹਾ
ਭੈ ਵਿਚ ਹੋਰ ਪਿਆਰੀ,
ਨਾਨਕ-ਦੀਪ ਬਾਲ ਨਭ ਉੱਡੇ
ਵਿਚ ਸਿਮਰਣ ਦੀ ਖਾਰੀ।

ਤੱਕਣ ਮਾਤ-ਪਿਤਾ ਧੀ ਉੱਜਲ
ਵੇਈਂ ਦਿਲੇ ਉਤਾਰੀ,
ਰਹੇ ਰਬਾਬ-ਜ਼ੀਲ ਵਿਚ ਸੁੱਤੀ
ਪਾਵਨ ਨੀਂਦ ਪਿਆਰੀ।

ਬੋਲ ਉਦਾਸ ਕੁਈ ਵਿਚ ਪੌਣਾਂ
ਕੁਝ ਬ੍ਰਿਛਾਂ ਨੂੰ ਆਖੇ,
ਬਿਮਲ ਕੁੰਟ ਵਸਣ ਪਏ ਬਚੜੇ
ਰਹਿਣ ਬ੍ਰਿਹੋਂ ਵਿਚ ਮਾਪੇ।

ਉਡਦੇ ਨੂਰ ਲਈ ਦੁਲਹਨ ਦੀ ਤਲਾਸ਼

ਹਰ ਪਲ ਤੇਜ਼ ਉਡਾਰੂ ਰਮਜ਼ਾਂ
ਨਾਨਕ-ਚੁੱਪ ਚੋਂ ਆਵਣ
ਰਾਹ ਸੁਲਤਾਨਪੁਰ ਦੇ ਗੁੱਝੇ
ਛੁਪ ਛੁਪ ਤੰਦ ਹਿਲਾਵਣ।

ਮੂਸਾ-ਆਮਦ ਦੀ ਕੋ ਆਹਟ
ਜਿਉਂ ਧਮਕੇ ਦਿਲ ਤੂਰਾਂ
ਵੀਰ-ਸਬਰ 'ਤੇ ਇਉਂਕਰ ਵੱਜੇ
ਭੈਣ-ਅਰਜ਼ ਹੋ ਭੂਰਾਂ।

ਜਗਤ-ਕਾਰ ਤੋਂ ਅੱਗੇ ਮਾਰਣ
ਗਗਨ ਸਬਰ ਦੇ ਛੱਲਾਂ,
ਸੁਰਤ ਹੋਰ ਹੋਰ ਖੰਭ ਬਖਸ਼ੇ
ਪਿੱਛੇ ਰਹਿਣ ਇਕੱਲਾਂ।

ਘਰ, ਮੰਗੂ, ਫ਼ਸਲਾਂ ਤੇ ਸੱਥਾਂ
ਛੂਹ ਨਾਨਕ ਦੀ ਜੀਵਣ,
ਭਾਵੇਂ ਕੋਟ ਕਾਰਵਾਂ ਤੁਰਦੇ
ਜਿੰਦ ਇਹੋ ਲਭ ਥੀਵਣ।

ਕਦੇ ਸੁਰਤ ਚੋਂ ਨੇੜ ਨੇੜ ਹੋ
ਰਮਜ਼ ਅੰਤ ਦੀ ਚਮਕੇ
ਸੁੰਨ 'ਚ ਉਤਰੇ ਨਾਨਕ ਵੱਲੋਂ
ਬੋਲ ਇਲਾਹੀ ਧਮਕੇ।

ਨੀਂਦ ਜਾਗ ਵਿਚ ਨਾਦ ਓਸਦਾ
ਰਗ ਧਰਤੀ ਹੋ ਜਾਵੇ
ਹਲਤ ਪਲਤ ਦਾ ਮੀਤ ਸਦਾ ਕੋ
ਛੂਹ ਨ ਕਿਸੇ ਸਮਾਵੇ।

ਧਰਤੀ ਦੀ ਅਪਣੱਤ ਪੁਰਾਣੀ
ਨਾਨਕ-ਮੋਹ 'ਚ ਵੱਗੀ
ਅੰਤ ਕਾਲ ਤਕ ਮਗ ਲੰਮੇ ਤੇ
ਰਹੇ ਦਿਵਾਲੀ ਜੱਗੀ।

ਪਰ ਲੋਕਾਂ ਦੇ ਖ਼ਾਬਾਂ ਪਿੱਛੇ
ਵਸਣ ਇਕੱਲਾਂ ਜ਼ਾਲਮ :
"ਇਕ ਦਿਨ ਏਸ ਮਸੀਹਾ ਨੇ ਵੀ
ਰਹਿਣਾ ਵਿਚ ਨਾ ਆਲਮ।"

ਮਾਂ ਪਿਓ ਸਨ ਨਾਨਕ ਦੇ ਸਿਕਦੇ :
ਉਡਦਾ ਨੂਰ ਖਲੋਏ!
ਬਹੁ ਵਿਸਮਾਦ ਹੋਂਦ ਦੇ ਦੀਰਘ
ਕਿਤੇ ਜਾਣ ਨਾ ਛੋਹੇ!

ਖੜ੍ਹ ਸੋਚਣ ਵਿਚ ਨੂਰੀ ਧੁੰਧਾਂ
"ਸੁਤ ਸਾਡਾ ਹੋ ਜਾਵੇ।
ਜੇ ਅਨੂਪ ਦੁਲਹਨ ਦਾ ਜੋਬਨ
ਖ਼ੈਰ ਏਸ ਨੂੰ ਪਾਵੇ।"

ਹੋਰ ਕਰਨ ਚਿੰਤਨ ਤਾਂ ਮਿਲਿਆ
ਮੂਲ ਚੰਦ ਆ ਦੂਰੋਂ
ਮੁਖ ਸੁਲੱਖਣੀ ਸ਼ਹਿਦ ਕਿਰੇ ਆ
ਕੁਲ ਕੁਦਰਤ ਦੇ ਬੂਰੋਂ।

ਬਖ਼ਸ਼ਿਸ਼ ਦੇ ਦਸਤੂਰ ਅਨੂਠੇ
ਢੂੰਡਦੀ ਵਿਚ ਦੁਆਵਾਂ
ਬੁਧ-ਨਿਰਵਾਨ 'ਤੇ ਕਰਨ ਜਿਵੇਂ ਮੁੜ
ਰੁੱਖ ਹਰੇ ਹੋ ਛਾਵਾਂ।

ਜੰਵ ਨਾਨਕ ਦੀ

ਜੰਵ ਚੜ੍ਹੀ ਨਾਨਕ ਦੀ ਆਖ਼ਿਰ
ਮੁਖ ਧਰਮਾਂ ਦੇ ਧੋ ਕੇ
ਕੰਠ 'ਚ ਸੱਦ ਕਾਲ ਦੀ ਪਾ ਕੇ
ਦੇਣ ਨਬੀ ਸਭ ਹੋਕੇ।

ਰਹਿਣ ਚਾਅ ਧਰਤ ਦੇ ਵੱਡੇ
ਕਹਿਰਾਂ ਮੰਝ ਖਲੋ ਕੇ
ਸਭ ਜਸ਼ਨਾਂ ਦੇ ਸੀਨੇ ਕਸਕਾਂ
ਜਿੰਦ ਸੰਤ ਦੀ ਰੋਕੇ।

ਬਹੁਤ ਤਪੇ ਸੰਤਾਂ ਦੇ ਮਸਤਕ:
"ਕਵਨ ਕੁੰਟ ਵਲ ਵੰਞਾਂ।"
ਰੌਣਕ ਕਰਨ, ਕਾਲ ਹੀ ਤੋੜਨ
ਅੰਤ ਹਯਾਤੀ-ਤੰਦਾਂ।

ਕਾਲ ਵਲੀ ਸੰਤ ਨੂੰ ਚੱਬੇ
ਕਾਲ ਹੀ ਚਾੜ੍ਹੇ ਜੰਞਾਂ
ਮਣੀ ਫ਼ਜਰ ਦੀ ਜੜ੍ਹ ਮੱਥੇ 'ਤੇ
ਨਾਚ ਕਰਨ ਜਿਉਂ ਸੰਞਾਂ।

ਰੰਕ ਫ਼ਕੀਰ ਰਾਉ ਸਭ ਚੱਲੇ
ਜੰਞ ਬੀੜ 'ਚੋਂ ਲੰਘੀ
ਨਰ ਪੂਰਨ ਦੇ ਜਾਪ 'ਚ ਜੀਂਦੀ
ਨਾਰ ਕੁਈ ਛੁਪ ਸੰਗੀ।

ਵਾਟਾਂ ਮਾਰ ਜੰਞ ਸੀ ਢੁੱਕੀ
ਪੁਰ ਸੁਲਤਾਨ ਦੇ ਲਾਗੇ
ਆਦਿ ਵਿਰਾਟ ਸਾਗਰਾਂ ਤੀਕਣ
ਚਾਅ ਧਰਤ ਦਾ ਜਾਗੇ।

ਸ਼ਹਿਰ ਭੈਣ ਦਾ ਰਾਇ ਵੇਖਿਆ
ਉੱਚੇ ਬੁਰਜ ਮਸੀਤਾਂ।
ਵੱਡੇ ਕਿਲੇ ਉਸਾਰੇ ਲੋਧੀ
ਧਾਲ ਨਵਾਬੀ ਰੀਤਾਂ।

ਤਦੋਂ ਰਾਇ ਲੋਧੀਆਂ ਕੋਲੋਂ
ਰਥ ਘੋੜੇ ਕੁਝ ਮੰਗੇ
ਪੁਸ਼ਤਾਂ ਪਾਰ ਵੇਖਦੇ ਨਾਨਕ
ਬਾਜ਼ ਇਲਾਹੀ ਲੰਘੇ।

ਪੁਰ ਸੁਲਤਾਨ ਬਣੇਗਾ ਨਾਨਕ
ਦੀਨ ਦੁਨੀ ਦਾ ਮੋਦੀ
ਕਿਹੜਾ ਹੱਜ ਕਰੇਗਾ ਓਦੋਂ
ਤੁਰ ਦੌਲਤ ਖ਼ਾਂ ਲੋਧੀ।

ਜੰਞ 'ਚ ਬਿਸਮ ਬਿਸਮ ਹੋ ਸੋਚਣ
ਬਾਲਾ ਤੇ ਮਰਦਾਨਾ :
"ਤੈਂਡੀ ਰਮਜ਼ ਚੁੰਝ ਵਿਚ ਚਾਈ
ਉੱਡ ਰਹੇ ਅਸਮਾਨਾਂ।"

ਸੀ ਮਸੀਹ ਦਾ ਸੰਨ ਛਿਆਸੀ
ਸਦੀ ਸੋਲ੍ਹਵੀਂ ਨੇੜੇ
ਤਦੋਂ ਬਟਾਲੇ ਜੰਞ ਨੇ ਪਾਏ
ਜੇਠ ਮਹੀਨੇ ਫੇਰੇ।

ਖੁੱਲ੍ਹਾ ਨੂਰ ਅਰਸ਼ ਦਾ ਲੈ ਕੇ
ਨਾਨਕ ਨਾਲ ਯਕੀਨੇ
ਸੀਸ ਸੁਲੱਖਣੀ ਤਾਜ ਰਖਦਾ
ਡਾਢੇ ਜੇਠ ਮਹੀਨੇ।

ਨੈਣ ਕਹਿਣ ਦੁਲਹਨ ਦੇ "ਰਖਸਾਂ
ਰਾਹ ਬਿਖਮ ਵਿਚ ਜੇਰੇ।"
ਨੈਂ ਵਗੀ ਸ਼ਬਦ ਚੋਂ ਲੰਮੀ
ਤੋੜ ਬਿਧਰ ਦੇ ਘੇਰੇ।

ਭੰਨ ਤਲਖ਼ ਭੀੜੀਆਂ ਖੱਡਾਂ
ਚੜ੍ਹੇ ਰਹੇ ਹੜ੍ਹ ਨੂਰੀ
ਨੈਣ ਝੁਕੇ ਰਹੇ ਦੁਲਹਨ ਦੇ
ਸਾਵ੍ਹੇਂ ਸੱਚ-ਹਜ਼ੂਰੀ।

ਸੁਖਨ ਕਰੇ ਸਖੀ ਸੰਗ ਨਾਨਕ :
"ਪੁਛੇ : ਇਹ ਗੁਣਵੰਤੀ,
ਜਦ ਤਕ ਕੰਤ ਦੇਸ ਨਾ ਵੱਸੇ
ਧੀਰ ਧਰੇ ਕਿਉਂ ਕੰਤੀ ?

"ਆਖ ਰਹੀ ਮੈਂ, ਤੂੰ ਸੁਣ ਨਾਨਕ
ਗੱਲ ਤਿਰੀ ਇਸ ਮੰਨੀ
ਤੈਂਡੀ ਨਦਰ ਸੁਲੱਖਣੀ 'ਤੇ ਜਿਉਂ
ਝੁਕੀ ਫ਼ਜਰ ਸਿਰ ਕੰਮੀ।

"ਦੂਰ ਜਲਾਂ ਦੀ ਚੀਸ ਤਿਰੇ ਦਿਲ
ਰਹੇ ਜਦੋਂ ਤਕ ਜਾਗੀ,
ਭਾਵੇਂ ਕੰਤ ਕੌਲ ਹੀ ਵੱਸੇ
ਨਾਰ ਰਹੇ ਵੈਰਾਗੀ!"

ਨੈਣੀਂ ਸੰਗ! ਕੰਤ ਮੁਸਕਾਵੇ
ਸੁਣੀ ਸਖੀ ਦੀ ਬਾਣੀ
ਨੂਰ ਬਲੇ ਦੂਲਹਨ ਦੇ ਮੱਥੇ
ਕੰਤ-ਨਜ਼ਰ ਪਰ ਹਾਣੀ।

ਨਾਨਕ ਕਹੇ ਮਹੇਲੀ ਨੂੰ "ਸੁਣ!
ਸਮਾਂ ਸਿਦਕ ਜੇ ਦੇਵੇ,
ਟੱਪਣ ਸਮੇ ਕੰਤ ਦੇ ਪੈਂਡੇ
ਨਾਰ ਉਡੀਕਾਂ ਸੇਵੇ।

"ਸਮਾਂ ਵਸੇ ਦੂਲਹਨ ਦੇ ਮੱਥੇ
ਬਾਤ ਕੰਤ ਜੇ ਮੰਨੀ,
ਨਾਰ ਜੇ ਘੜਾ ਭਰੇ ਵਿਚ ਸੰਧਾਂ
ਕੰਤ ਵਸੇ ਵਿਚ ਧੰਮੀ।"

ਨਾਨਕ-ਬੋਲ ਰਾਧਕਾ ਬਣਕੇ
ਫੇਰ ਕੁਦਰਤੀਂ ਹੁੱਲੇ,
ਤਦ ਚੀਕੇ ਮਜ਼ਬਾਂ ਦੇ ਕੀਨੇ
ਜਿਵੇਂ ਬਿਰਧ ਥਲ-ਬੁੱਲੇ।

ਚਤੁਰ ਚਾਲ ਬਿਪਰ ਦੇ ਸਾਹਵੇਂ
ਰਾਗ ਹੋਣ ਮੁੜ ਗਹਿਰੇ,
ਚਾਰ ਚੁਫੇਰ ਦੂਰ ਤਕ ਲੱਗੇ
ਰਾਹ ਤੀਜੇ ਦੇ ਪਹਿਰੇ।

ਸ਼ਬਦ ਅਗੰਮ ਸੁਰਾਂ ਤਕ ਸ਼ੀਰੀਂ
ਵਰਭੰਡਾਂ ਜਿਉਂ ਖੁੱਲ੍ਹੇ,
ਪਾ ਰਿਹਾ ਸਦੀਆਂ ਦੇ ਕੰਨੀਂ
ਸੁਖ਼ਨ ਚਿਰਾਂ ਦੇ ਭੁੱਲੇ।

ਧੁਰ ਦੀ ਰੀਤ ਸੁਤੰਤਰ ਨਾਨਕ
ਸ਼ਬਦ ਅਗਾਧ 'ਚ ਬੰਨ੍ਹੇ
ਕੇਸ ਰਹਿਣ ਜੋਬਨ ਦੇ ਜੇਕਰ
ਸਗਲ ਭਵਨ ਵਿਚ ਮੰਨੇ।

ਸ਼ੰਕਾ, ਰੋਗ, ਹਸਦ ਦੀ ਪੀੜਾ।
ਗਲੀ ਮਜ਼ਬ ਦੀ ਭੀੜੀ।
ਪੁੱਛ ਪੁੱਛ ਕਬਰਾਂ ਨੂੰ ਥੱਕੇ
ਸੁੰਞੇ ਬੁੱਤ ਨਕੀਰੀ।

ਉੱਚੇ ਕੋਟ ਢਹਿਣ ਸਭ ਰੋਜ਼ੇ
ਧਰਮ ਰਹਿਣ ਨ ਝਿਮਦੇ,
ਰਹਿਣ ਸਰਾਪ ਸਦਾ ਹੀ ਚੋਰੀ
ਦਿਲ ਨਜ਼ਰ ਵਿਚ ਸਿਮਦੇ।

ਨਾਨਕ ਦੇ ਵੱਡ ਆਸਨ ਪਿੱਛੇ
ਡਿਗਦੀ ਕੰਧ ਸੀ ਕੋਈ।
ਹਾਸਿਦ ਤਪਣ, ਖੜੇ ਫਿਰ ਰੋਵਣ,
ਕੰਧ ਅਡੋਲ ਖਲੋਈ।

6

(ਬੈਂਤ)

ਜਗਤ-ਵੇਦਨਾ ਤੋਂ ਸੋਦਰੁ ਤਕ

(ੳ) ਨੂਰੀ ਬੇਪਰਵਾਹੀਆਂ

ਵਿਸੁਏ ਚਸੇ ਮਿਲ ਘੜੀ ਤੇ ਪਹਿਰ ਥਰਕਣ,
ਵਣ ਤਾਰਿਆਂ ਦੇ ਝਿਮ ਝਿਮ ਤਿਲ੍ਹਕਦੇ ਨੇ।

ਸੁਬਕ ਤੋਰ ਇਸ ਸਮੇ ਦੀ ਵਿਚ ਕਿਧਰੇ,
ਪਹਿਰੇਦਾਰ ਅਸਮਾਨ ਦੇ ਕਿਲਕਦੇ ਨੇ।
ਕਿਤੇ ਸਿੰਧ ਦੀ ਦਲਦਲੀ ਬੇਟ ਖਾਰੀ,
ਤਿਖਾ ਤਿਖਾ ਹੋ ਪੰਖਣੂ ਵਿਲਕਦੇ ਨੇ।
ਚੱਕਰ ਵਜੂ ਛੁਪਿ ਦਰੋ ਦੇ ਦੇਸ ਬੰਨ੍ਹਣ,
ਕਿਤੇ ਰਾਹ ਮਸੀਹਾ ਵੀ ਚਿਲਕਦੇ ਨੇ।

ਆਦਿ ਕਾਲ ਪੈਗੰਬਰੀ ਸੋਅ ਦੇਵਣ,
ਰਮਜ਼ਾਂ ਸੁੱਚੀਆਂ ਜ਼ਿਮੀਂ ਉਲੀਕੀਆਂ ਜੀ।
ਘਾਇਲ ਸੰਤ ਦੀ ਰਣੀਂ ਪਰ ਸੁਣੇ ਹੁੰਗਰ,
ਔਂ ਨੀਂਦਾਂ ਸਰਾਲਾਂ ਨੇ ਡੀਕੀਆਂ ਜੀ।
ਬਣ ਰਹੇ ਤਹਿਜ਼ੀਬਾਂ ਦੇ ਨੀਰ ਪੱਥਰ,
ਬੂੰਦਾਂ ਰੁੱਖ ਦੀ ਤਿਖਾ ਉਡੀਕੀਆਂ ਜੀ।
ਨਰ, ਪੰਛੀ, ਜਲਚਰਾਂ ਦੀ ਆਸ ਮੁੱਕੀ,
ਕੂਲਾਂ ਮੁੰਦ ਬਿਆਨ ਵਿਚ ਚੀਕੀਆਂ ਜੀ।

ਨਾਨਕ ਤੜਫ ਹੈਰਾਨ ਹੋ ਜੱਗ ਵੇਖੇ,
ਗ਼ੈਬੀ ਹੁਕਮ ਜਦ ਜਿੰਦ ਚੋਂ ਲੰਘਦਾ ਸੀ।
ਅਣਦਿਸ ਤੇਜ ਅਲੋਕੜੇ ਪੈਣ ਦਿਲ 'ਤੇ,
ਫ਼ਰਜ਼ ਪੱਤੇ ਮਸਕੀਨ ਜਿਉਂ ਕੰਬਦਾ ਸੀ।
ਡੋਲੇ ਧਰਤ ਮਸੀਹਾ ਦੀ ਵਿਚ ਗੋਦੀ,
ਪੈਂਦਾ ਜ਼ੋਰ ਜਦ ਹਵਸ ਦੀ ਜੰਗ ਦਾ ਸੀ।
ਨਾਨਕ ਹੁਕਮ ਅਟੱਲ ਦੀ ਦਾਤ ਲੈ ਕੇ,
ਕਰਦਾ ਮੋਹ ਵੀ ਰੁੱਤਾਂ ਦੇ ਰੰਗ ਦਾ ਸੀ।

ਮਾਹੀ ਮੰਗੂ ਦੀ ਨਜ਼ਰ ਦਾ ਸਬਰ ਹੋ ਕੇ,
ਘਾਹ ਦੀ ਅੰਤਲੀ ਚੁੱਪ ਨੂੰ ਭਾਲਦਾ ਸੀ।
ਚੁੱਕ ਦੇਸ ਪਰਦੇਸ ਦੇ ਦਰਦ ਡੂੰਘੇ,
ਸੁਹਲ ਕੁੰਬਲਾਂ ਵਿਚ ਸੰਭਾਲਦਾ ਸੀ।
ਗ਼ੈਬੀ ਹੁਕਮ ਦੀ ਸੱਦ ਅਮੋਘ ਜਰ ਕੇ,
ਸੁੱਤੇ ਪੱਥਰਾਂ ਵਿਚ ਜੀਵਾਲਦਾ ਸੀ।
ਮਹਾਂ ਸੁੰਨ ਵਿਚ ਕਿਤੇ ਉਡੀਕ ਲੱਭੇ,
ਇਸੇ ਸਿਦਕ ਵਿਚ ਜਿੰਦੜੀ ਜਾਲਦਾ ਸੀ।

ਨਿਹਚਲ ਧਾਮ ਉਹ ਜਿੰਦ ਦਾ ਪਿਆ ਲੱਭੇ,
ਗੇੜ ਢੂੰਡਕੇ ਲੱਖ ਚੁਰਾਸੀਆਂ ਦੇ।
ਉਸ ਤਾਜ 'ਤੇ ਰੋਸ਼ਨੀ ਨਿੱਤ ਕਰਦਾ,
ਜਿਹੜੇ ਤੀਰ ਈਮਾਨ ਬਨਵਾਸੀਆਂ ਦੇ।
ਕਰੇ ਪੈੜ ਬੇਵਤਨ ਦੇ ਨਾਲ ਤੁਰਕੇ,
ਸ਼ਿਕਵੇ ਸੁਣੇ ਉਹ ਕਬਰ-ਨਿਵਾਸੀਆਂ ਦੇ।
ਚਹੁੰ ਜੁਗਾਂ ਦੇ ਦਰਦ ਦੀ ਪਹਿਣ ਖਿੰਥਾ,
ਖੰਭ ਢੂੰਡਦਾ ਬੰਦ-ਖ਼ਲਾਸੀਆਂ ਦੇ।

ਰੁਣ ਝੁਣ ਸੰਤ-ਅਸੀਸ ਦੀ ਹੋਇ ਜਿੱਧਰ,
ਉਥੇ ਆਸਨਾ ਮਾਹੀ ਨੇ ਥਾਪਿਆ ਸੀ।
ਉਸ ਕੂੰਟ ਅਰਦਾਸ ਦੇ ਰਹਿਣ ਪਹਿਰੇ,
ਜਿੱਧਰ ਜੁਗਾਂ ਸੰਤਾਪ ਅਲਾਪਿਆ ਸੀ।
ਦੀਨ-ਦੁਨੀ ਤੋਂ ਪਾਰ ਦੇ ਰਾਜ਼ ਲੈ ਕੇ,
ਨਾਨਕ ਅਗਨ ਅਬੁੱਝ ਵਲ ਝਾਕਿਆ ਸੀ।
ਉਹਨੇ ਬੂੰਦ ਨਿਮਾਣੀ ਦੇ ਸਬਰ ਅੰਦਰ,
ਵੱਡਾ ਰਹਿਮ ਫ਼ਕੀਰਾਂ ਦਾ ਨਾਪਿਆ ਸੀ।

ਚੌਦਾਂ ਸੌ ਚੁਰਾਨਵੇਂ ਸਾਲ ਲੰਘੇ,
ਜਦੋਂ ਸਦੀ ਮਸੀਹ ਤ੍ਰਿਕਾਲ ਵੇਖੇ।
ਪੁੱਤ ਸਿਰੀ ਦੇ ਮੱਥੇ ਸੁਲੱਖਣੀ ਨੇ,
ਜਨਮ ਸਮੇ ਹੀ ਜੋਗ ਦੇ ਹਾਲ ਵੇਖੇ।
ਛਿਪ ਜਾਣਗੇ ਜਗ ਦੇ ਰੰਗ ਸੋਹਣੇ,
ਭਾਵੇਂ ਲੱਖਮੀ ਪੁੱਤ ਵੀ ਨਾਲ ਵੇਖੇ।
ਜੋਬਨ ਛਲੇਗਾ ਮਾਹੀ ਨੂੰ: ਰਵੀ ਸੋਚੇ,
ਚੜ੍ਹਣ ਛਿਪਣ ਦੇ ਰੰਗ ਸਭ ਬਾਲ ਵੇਖੇ।

ਤੱਕੇ ਦੂਰ ਸੁਲੱਖਣੀ ਨੈਣ ਭਰਕੇ,
ਮੰਜ਼ਿਲ ਕੰਤ ਦੀ ਪਲੋਂ ਪਲ ਹੋਰ ਜਾਪੇ।
ਚੌਦਾਂ ਤਬਕ ਗੁਆਚ ਗਏ ਵਿਚ ਨਜ਼ਰਾਂ,
ਮਿਲਕੇ ਵਿਛੜੀ ਹੁਣ ਚਿਲਕੋਰ ਜਾਪੇ।
ਉਹਦੇ ਸੁਖ਼ਨ ਚੋਂ ਜਿੰਦ ਦੇ ਨੀਰ ਵੱਗਣ,
ਭਾਵੇਂ ਸਮੇ 'ਤੇ ਖੜੀ ਇਕ ਗੋਰ ਜਾਪੇ।
ਦਸਤਕ ਦਰਾਂ 'ਤੇ ਸੁਣਾਂ, ਮੈਂ ਬਾਰ ਖੋਲ੍ਹਾਂ,
ਪਾਰ ਤਾਰਿਆਂ ਕੂਕਦਾ ਮੋਰ ਜਾਪੇ।

"ਉਹ ਤਾਂ," ਸੱਸ ਨੂੰ ਕਿਹਾ ਸੁਲੱਖਣੀ ਨੇ:
"ਮੋਹ ਤੋਂ ਸੱਖਣਾ, ਪਾਰ ਸਕੀਰੀਆਂ ਨੇ।
ਰਿਮ ਝਿਮ ਕੰਤ ਦੀ ਸਾਮ੍ਹਣੇ ਵਰ੍ਹੇ ਬੀਤੇ,
ਜਾਪਣ ਨੇੜ ਜੋ, ਦੂਰ ਫ਼ਕੀਰੀਆਂ ਨੇ।
ਭਾਵੇਂ ਪੁੱਤ ਦੋ ਨਜ਼ਰ ਦੇ ਰਹਿਣ ਸਾਵੇਂ,
ਉਹ ਜੋ ਚੁੱਪ, ਹਵੇਲੀਆਂ ਭੀੜੀਆਂ ਨੇ।
ਮੈਂ ਨੀਂਦ ਦੇ ਮੱਥੇ 'ਤੇ ਧਰੇ ਰਾਤੀਂ
ਬਿਰ੍ਹੋਂ-ਹਰਫ਼ ਪ੍ਰਦੇਸਨਾਂ ਚੀਰੀਆਂ ਨੇ।"

ਦੱਸੇ ਕਦੇ ਨਾ ਗੁੱਝੜਾ ਰੋਗ ਨਾਨਕ,
ਦੱਸੇ ਤਦੋਂ ਜੇ ਸਮੇਂ ਦਾ ਹਾਣ ਬੋਲੇ।
ਆਦਿ ਕਾਲ ਤਕ ਦੇਣ ਇਲਹਾਮ ਝਲਕਾ,
ਨਵੇਂ ਰਾਜ਼ ਨੂੰ ਰਾਜ਼ ਪਛਾਣ ਬੋਲੇ।
ਗੁਰੂ, ਨਬੀ, ਮਸੀਹ ਦੇ ਪੰਧ ਜਿੰਨੇ,
ਆਪੋ ਆਪਣਾ ਚੁੱਕ ਕੇ ਤਾਣ ਬੋਲੇ।
ਕਹਿਰਵਾਨ ਗੋਵਰਧਨ ਨੇ ਅੱਗ ਡੀਕੀ,
ਗੈਬੋਂ ਮੀਂਹ ਦੇ ਗਰਜਕੇ ਬਾਣ ਬੋਲੇ।

(ਅ) ਨਿਆਰਾ ਰੋਗ

ਰੋਗ ਸੋਗ ਤੇ ਜਿੰਨ ਦੀ ਗੱਲ ਚੱਲੀ,
ਨਾਨਕ ਮਗਰ ਕੁਲੱਛਣਾ ਚੋਰ ਜਾਪੇ।
ਆਲਮ ਆਖਦੇ ਏਸਦੀ ਪੀੜ ਅੰਦਰ,
ਦਿਲ ਦੇ ਰਿਜ਼ਕ ਦਾ ਨੇਮ ਹੀ ਹੋਰ ਜਾਪੇ।
ਵੇਂਹਦੀ ਜਦੋਂ ਸੁਲੱਖਣੀ ਵਲ ਹੁਜਰੇ,
ਨਾਨਕ-ਚੁੱਪ ਉਡਾਣ ਮੂੰਹ-ਜ਼ੋਰ ਜਾਪੇ।
ਰਾਇ ਦਸਦਾ: "ਏਸਦਾ ਰੋਗ ਨਿਆਰਾ,
ਪੌੜੀ ਉੱਤਰਾਂ; ਅੰਧ ਵੀ ਲੋਰ ਜਾਪੇ।"

ਮਹਿਤਾ ਵੈਦ ਸੁਜਾਨ ਨੂੰ ਜਾ ਆਖੇ:
"ਨਾਨਕ ਡੋਬਿਆ ਕਿਤੇ ਦਿਲਗੀਰੀਆਂ ਨੇ।
ਕਿਸੇ ਅੰਧ ਸੰਸਾਰ ਦੇ ਰਾਹ ਖ਼ਾਤਰ,
ਮਾਰੂ ਸੈਨਤਾਂ ਓਸ ਲਕੀਰੀਆਂ ਨੇ।
ਉਸਦੀ ਪਾਰ ਅਕਾਸ਼ ਤਕ ਚੁੱਪ ਘੁੰਮੇ,
ਹੁਜਰੇ ਉਹਦੇ ਅਨੂਪ ਅਮੀਰੀਆਂ ਨੇ।

ਲਵੇ ਰੋਗ ਅਪਕੜ ਦੀ ਸਾਰ ਦਾਤਾ,
ਪਾਲੇ ਉਹਦੇ ਪ੍ਰੇਤ ਫ਼ਕੀਰੀਆਂ ਨੇ।"

ਵੈਦ ਕੰਬਿਆ, ਪੁਛਦਾ: "ਦਸ ਨਾਨਕ,
ਕਵਨ ਕਰਕ ਕਲੇਜੜਾ ਡੰਗਦੀ ਏ।
ਤੇਰੇ ਰੋਗ ਦੀ ਚੀਸ ਹਿਸਾਬ ਲੰਮਾ
ਖੁਰ ਚੁੱਕੇ ਅਸਮਾਨ ਤੋਂ ਮੰਗਦੀ ਏ।"
ਨਾਨਕ ਦਸਦਾ, "ਕਰਕ ਜੋ ਵਿਚ ਸੀਨੇ,
ਚੁੰਮ੍ਹ ਬੂਹੇ ਸ਼ਹੀਦਾਂ ਦੇ ਲੰਘਦੀ ਏ।
ਪੁੱਛ ਵੈਦ ਸੁਜਾਣ ਤੂੰ ਦਿਲ ਕੋਲੋਂ,
ਦਾਰ ਕਿਹਨੂੰ ਪਛਾਣ ਕੇ ਕੰਬਦੀ ਏ।

"ਏਸ ਕਰਕ ਕਲੇਜੇ ਦੇ ਕੋਲ ਬਹਿਕੇ,
ਕੰਡੇ ਚੁਗੇ ਉਮੀਦ ਵੀਰਾਨਿਆਂ ਦੇ।
ਢੂੰਡਾਂ ਮਾਂ ਦੀ ਨਿਗ੍ਹਾ ਤੋਂ ਕੂੰਜ ਵਾਂਗੂੰ,
ਖ਼ੂਨੀ ਖੂਹ ਬੇਰਹਿਮ ਜ਼ਮਾਨਿਆਂ ਦੇ।
ਕਿਸੇ ਲੰਘੇ ਸਰਾਪ ਦੀ ਖ਼ੈਰ ਮੰਗਣ,
ਆਉਣ ਰਹਿਮਤਾਂ ਕੋਲ ਦੀਵਾਨਿਆਂ ਦੇ।
ਨਿੱਤ ਜਗ ਦੀ ਨੀਂਦ ਦੇ ਲਾਹ ਬਸਤਰ,
ਢੂੰਡੇ ਨਦੀ ਸ਼ਮਸ਼ਾਨ ਪਿਤਾਮਿਆਂ ਦੇ।

ਵੈਦ ਕਹੇ: "ਇਹ ਰੋਗ ਦਾ ਸੱਚ ਵੱਡਾ,
ਨਿਗ੍ਹਾ ਕਦੇ ਨਾ ਜਮਾਂ ਦੀ ਕੰਬਦੀ ਏ।
ਖਿੱਚੇ ਤੰਦੂਆ ਦੇਹ ਨੂੰ ਜਲ ਕਾਲੇ,
ਰੂਹ ਪਾਰ ਦੇ ਪੱਤਣੀਂ ਹੰਭਦੀ ਏ।"
ਨਾਨਕ ਕਹੇ: "ਅਰਦਾਸ ਦੀ ਨਦੀ ਡੂੰਘੀ,
ਦੇਹ ਨੂੰ ਸਾਗਰਾਂ ਵਾਂਗ ਤਰੰਗਦੀ ਏ।
ਚੱਕਰਵਿਊ ਸਭ ਤੋੜਕੇ ਜਮ ਵਾਲੇ,
ਸੁੱਟ ਦਗੇ ਪਤਾਲ ਵਿਚ ਟੰਗਦੀ ਏ।"

"ਝੁਕੇਂ ਰੋਗ 'ਤੇ ਵੈਦ ਸੁਬਹਾਣ ਕਾਹਤੋਂ ?"
ਨਾਨਕ ਜੁਗਾਂ ਦੇ ਰਹਿਮ ਨੂੰ ਤੋਲ ਬੋਲੇ।
"ਦਾਵਾ ਅੱਗ ਨਾ ਓਸਦੀ ਰਗ ਸਾੜੇ,
ਜਿਹੜਾ ਪੰਛੀ 'ਸਮਾਨ ਦੇ ਕੋਲ ਬੋਲੇ।

ਓਸ ਰੋਗ ਦੀ ਕੋਈ ਨਾ ਹਾਥ ਲੈਂਦਾ,
ਜਿਹੜਾ ਚਰਖ ਜ਼ਮੀਨ ਨੂੰ ਰੋਲ ਬੋਲੇ।
ਐਸੇ ਰੋਗ ਨੂੰ ਕਿਵੇਂ ਜ਼ਬਾਨ ਬਖ਼ਸ਼ੇਂ,
ਜੋ ਨਾਂ ਸੂਲ 'ਤੇ ਕਦੇ ਅਣਭੋਲ ਬੋਲੇ।"

ਪਹਿਲਾਂ ਵੈਦ ਨੇ ਸਮੇ 'ਤੇ ਨਿਗਾਹ ਮਾਰੀ,
ਫੇਰ ਪਿਤਾ ਨੂੰ ਭੇਦ ਜਾ ਦੱਸਿਆ ਈ:
ਰਿਸ਼ੀ ਮੁੰਨੀ 'ਤੇ ਓਸ ਚੋਂ ਪੈਣ ਚਾਨਣ,
ਜਿਹੜੇ ਰੋਗ ਨੇ ਓਸ ਨੂੰ ਡੱਸਿਆ ਈ।
ਬਾਹਰ ਨਿਕਲ ਪਤਾਲ ਦੀ ਕੈਦ ਵਿੱਚੋਂ,
ਨਿਹੁੰ ਸੂਲੀਆਂ ਚੀਰ ਕੇ ਹੱਸਿਆ ਈ।
ਕੁੰਟ-ਕੁੰਟ ਚੋਂ ਬਾਣੀ ਦਾ ਮੀਂਹ ਝੂੰਮੇ,
ਡੂੰਘਾ ਵੰਝਲੀ ਕੰਠ 'ਤੇ ਵੱਸਿਆ ਈ।

ਸੁਲਤਾਨਪੁਰ ਦੇ ਰਾਹਾਂ ਤੇ

ਨਾਨਕ ਤੁਰ ਦਿਲਗੀਰੀ ਦੀ ਛਾਂ ਹੇਠਾਂ,
ਨਿਸਦਿਨ 'ਕੱਲਾ ਪਤਾਲ ਵਿਚ ਡੁੱਬਦਾ ਸੀ।
ਜਦੋਂ ਨੀਂਦ ਦੇ ਵਿਚ ਗ਼ਲਤਾਨ ਦੁਨੀਆਂ,
ਉੱਠ ਰਿਜ਼ਕ ਯਤੀਮ ਲਈ ਚੁੱਗਦਾ ਸੀ।
ਜਲਾਂ ਥਲਾਂ ਵਿਚ ਢੂੰਡਦਾ ਸਾਂਝ ਸੁੱਤੀ,
ਉਹਦੀ ਜਾਗ ਅਨੂਪ ਵਿਚ ਪੁੱਗਦਾ ਸੀ।
ਪੈਂਡੇ ਆਪਣੀ ਚੁੱਪ ਦੇ ਹੇਠ ਜਿੰਨੇ,
ਲਾਕੇ ਗਲੇ ਹਰ ਖ਼ਾਕ ਵਿਚ ਉੱਗਦਾ ਸੀ।

ਹੁਜਰੇ ਵਿਚ ਦਿਲਗੀਰੀ ਦੇ ਨ੍ਹੇਰ ਗਹਿਰੇ,
ਨਾਨਕ ਕਿੱਥੇ ਕੁ ਪਤਾ ਨਾ ਲੱਗਦਾ ਏ।
ਭਿੜਦੇ ਹੌਲ ਤੇ ਸਿਦਕ ਦੇ ਵਾਣ ਡਾਢੇ,
ਹੋਇਆ ਰਾਇ ਨੂੰ ਫ਼ਿਕਰ ਕੁਝ ਜੱਗ ਦਾ ਏ।
ਪਹਿਰਾ ਏਸਦਾ ਪੀਰ ਜਿਉਂ ਦੁਨੀ ਉੱਤੇ,
ਖ਼ਲਕਤ ਕਹੇ: "ਪਰ ਇੰਝ ਨਾ ਫੱਬਦਾ ਏ।"
ਗਿਰ੍ਹਬਾਨ ਵਿਚ ਰਾਇ ਨੇ ਨਿਗ੍ਹਾ ਮਾਰੀ,
ਦੀਵਾ ਦੂਰ ਸੁਲਤਾਨਪੁਰ ਮੱਘਦਾ ਏ।

ਤਾਂ ਫਿਰ ਕਿਹਾ ਬੁਲਾਰ ਨੇ ਸੱਦ ਕਾਲੂ,
"ਠੱਲ੍ਹ ਪਵੇ ਜੇ ਕਿਵੇਂ ਉਦਾਸੀਆਂ ਨੂੰ।
ਨਾਨਕ ਸੰਦੜਾ ਪਾਕ ਦੀਦਾਰ ਹੋਵੇ,
ਦੌਲਖ ਖ਼ਾਂ ਜਹੇ ਜਗਤ-ਵਿਲਾਸੀਆਂ ਨੂੰ।
ਮੈਨੂੰ ਏਸਦਾ ਦਿਸੇ ਬੁਲੰਦ ਆਸਨ,
ਬਖਸ਼ਿ ਵਲੀ ਸੁਲਤਾਨਪੁਰ ਵਾਸੀਆਂ ਨੂੰ।
ਦੂਰੋਂ ਪੀਰ ਦੀ ਅਸਾਂ 'ਤੇ ਨਿਗ੍ਹਾ ਰਹਿਣੀ
ਬੇਟ ਯਾਦ ਜਿਉਂ ਕੂੰਜਾਂ ਪਿਆਸੀਆਂ ਨੂੰ।"

ਮਹਿਤੇ ਰਾਇ ਬੁਲਾਰ ਦੀ ਗੱਲ ਮੰਨੀ,
ਸੂਰਜ ਸਹਿਜ ਵੈਰਾਗ ਦਾ ਢੱਲਿਆ ਈ।
ਰਿਜ਼ਕ ਪੁੱਤ ਦਾ ਪਿਤਾ ਨੂੰ ਦਿਸੇ ਸਾਬਤ,
ਉੱਚਾ ਦਰ ਦਰਵੇਸ਼ੀ ਨੇ ਮੱਲਿਆ ਈ।
ਜੈ ਰਾਮ ਤੇ ਨਾਨਕੀ ਭੈਣ ਨੇ ਵੀ,
ਖ਼ਤ ਨਵੀਂ ਉਮੀਦ ਦਾ ਘੱਲਿਆ ਈ।
ਅਉਧ ਵਰ੍ਹੇ ਸਤਾਈ ਵੈਸਾਖ ਰੁੱਤੇ,
ਨਾਨਕ ਰਾਹ ਸੁਲਤਾਨਪੁਰ ਚੱਲਿਆ ਈ।

ਵਿਚ ਸਹਿਜ ਵੈਰਾਗ ਸੁਲੱਖਣੀ ਆ,
ਪਾਵੇ ਕੰਤ ਨੂੰ ਡੂੰਘੜਾ ਵਾਸਤਾ ਜੀ:
"ਭਾਵੇਂ ਖ਼ੂਹਣੀਆਂ ਖ਼ਾਕ ਦੇ ਵਿਚ ਰੁਲਸਨ,
ਸੁੰਞੀ ਧੂੜ ਨੂੰ ਵਿੰਨ੍ਹੇ ਨਿਰਾਸਤਾ ਜੀ।
ਤੈਂਡੇ ਨਾਲ ਹੀ ਮੈਂਡੜੀ ਪਾਤਸ਼ਾਹੀ,
ਅੰਬਰ ਧਰਤ ਦੀ ਜ਼ਰਾ ਨਾ ਵਾਸਤਾ ਜੀ।"
ਨਾਨਕ ਕੋਲ ਜਾ ਖੜੀ ਪ੍ਰਭਾਤ ਵਾਂਗੂੰ,
ਉਡਦੇ ਹੰਸ ਦਾ ਤਕਦੀ ਰਾਸਤਾ ਜੀ।

ਨਾਨਕ ਕਹੇ: "ਕਿਉਂ ਕਰੇਂ ਤੂੰ ਚਿੰਤ ਐਵੇਂ,
ਸੱਚਾ ਨਿਹੁੰ ਹੀ ਨਦਰ ਵਿਚ ਰੰਗਣਾ ਮੈਂ।
ਸਜਦੇ ਸੀਸ 'ਤੇ ਚਾ ਪੈਗ਼ੰਬਰਾਂ ਦੇ,
ਬਾਰ ਰਾਵੀ ਚਨਾਬ ਦੀ ਲੰਘਣਾ ਮੈਂ।
ਸੋ ਦਰੋਂ ਹੀ ਆਵੇਗੀ ਸੱਦ ਤੈਨੂੰ,
ਪੱਤਣ ਪਾਰ ਅਸਮਾਨ ਦਾ ਮੰਗਣਾ ਮੈਂ।

ਸੋਹਣੀ ਵੇਈਂ ਦੀ ਚੁੱਪ ਚੋਂ ਹਾਕ ਪੈਣੀ,
ਨਾਮ ਹੋ ਦਰਗਾਹੇ ਤਰੰਗਣਾ ਮੈਂ।"

ਮਾਂ ਬਾਪ ਬੁਲਾਰ ਦੇ ਕੋਲ ਨਾਨਕ,
ਮੋਹ ਧਰਤ ਦੇ ਗਲੇ ਲਾ ਬੋਲਦਾ ਏ।
ਜੋ ਨੇ ਤਾਨਾਂ ਰਬਾਬ ਦੇ ਵਿਚ ਹਾਲੇ,
ਕਿਸੇ ਦੈਵੀ ਉਡਾਣ ਵਿਚ ਘੋਲਦਾ ਏ।
ਜਿਥੋਂ ਸਫ਼ਰ ਅਸਮਾਨ ਦੇ ਸ਼ੁਰੂ ਹੋਏ,
ਓਥੋਂ ਤੀਕ ਉਡੀਕ ਨੂੰ ਫੋਲਦਾ ਏ।
ਵੇਖੋ! ਰਣਾਂ ਦੀ ਤੇਗ਼ ਦੇ ਹੋ ਸਾਹਵੇਂ,
ਮੁਨਸਿਫ਼ ਰੂਹ ਦੇ ਰਿਜ਼ਕ ਨੂੰ ਤੋਲਦਾ ਏ।

ਰਾਇ ਕਿਹਾ: "ਤਲਵੰਡੀ ਦਾ ਪੀਰ ਤੈਨੂੰ
ਸੋਹਣੇ ਅਰਸ਼ ਦੇ ਤਾਰਿਆਂ ਲਿਖਣਾ ਏਂ।
ਤੈਨੂੰ ਮੁਣਸ ਦੇ ਸਿਦਕ ਦੇ ਅੰਤ ਨੇੜੇ
ਹਾਦੀ ਸੱਚੀ ਦਰਗਾਹ ਨੇ ਟਿਕਣਾ ਏਂ।
ਕੱਤਕ ਪੁੰਨਿਆਂ, ਮੰਗੂਆਂ, ਛੰਭ, ਖੂਹਾਂ,
ਤੈਨੂੰ ਵਣ ਤੇ ਸੱਥਾਂ ਨੇ ਸਿੱਕਣਾ ਏਂ।
ਲੰਮੇ ਸਮੇ ਦੀ ਅੰਤਲੀ ਹੱਟ ਤੀਕਣ
ਤੇਰਾ ਬ੍ਰਿਹੋਂ ਅਮੁੱਲ ਹੋ ਵਿੱਕਣਾ ਏਂ।"

ਕੀਤਾ ਮਾਂ ਤੇ ਬਾਪ ਨੇ ਵਿਦਾ ਨਾਨਕ
ਨਦਰ ਦਾਨੇ ਦੀ ਪੈੜ ਦਾ ਨੂਰ ਜਾਪੇ।
ਰੁੱਖ, ਕੀਟ ਤੇ ਬੰਦੇ ਦੀ ਜੂਨ ਤੀਕਣ,
ਸਾਬਤ ਰਿਜ਼ਕ ਦਾ ਨਵਾਂ ਦਸਤੂਰ ਜਾਪੇ।
ਵੇਦਨ ਏਸਦਾ ਕਿਸੇ ਨ ਭੇਦ ਪਾਇਆ,
ਰਿਹਾ ਨਾਲ ਜੋ, ਸਦਾ ਹੀ ਦੂਰ ਜਾਪੇ।
ਕਿਤੇ ਨਦੀ ਨੂੰ ਸੱਦਦੇ ਰਹੇ ਮਾਂਝੀ,
ਮਾਂ-ਮੋਹ ਜਿਉਂ ਰੁੱਖ 'ਤੇ ਬੂਰ ਜਾਪੇ।

(ਇਤਿ ਸਰਗ ਚੌਥਾ)

ਸਰਗ ਪੰਜਵਾਂ

ਸੱਚ ਖੰਡ ਦੀ ਹਜ਼ੂਰੀ ਵਿਚ

1

ਇਲਹਾਮਾਂ ਦੀ ਝਲਕ

ਆਹਟ ਕੋਟ ਤਾਰਿਆਂ ਸੰਦੀ
ਦਿਲ ਧਰਤੀ ਦਾ ਛੋਹੇ,
ਛੁਪੇ ਗਰਜਦੇ ਤਬਕਾਂ ਹੇਠਾਂ
ਮੂਕ ਉਮੀਦ ਖਲੋਏ।

ਨੱਚ ਸਮੇ ਦੇ ਸਿਖਰ ਤਾਜ ਤੇ
ਜਾਣ ਹੇਠ ਨੂੰ ਹੇਕਾਂ,
ਕੰਵਲ ਜਹੀ ਚੁੱਪ ਦੇ ਹੇਠਾਂ
ਵਿਛੇ ਪਤਾਲ ਅਨੇਕਾਂ।

ਅਜ਼ਲ ਦੇ ਜਪਾਂ ਤਪਾਂ ਦੇ ਕੋਲੋਂ
ਜਾਗ ਜਾਗ ਕੇ ਪਾਣੀ
ਮਿੱਟੀ ਦੇ ਮਸਤਕ ਨੂੰ ਚੁੰਮਣ
ਬੋਲ ਅਜਨਬੀ ਬਾਣੀ।

ਝੁੰਡ ਖਜੂਰਾਂ ਦੇ ਖੜ੍ਹ ਵੇਖਣ
ਰਾਹ ਵੇਈਂ ਦੇ ਲੰਮੇ
ਧੀਆਂ ਦੀ ਸਿੱਕ ਉੱਤੇ ਵਾ ਨੇ
ਖਤ ਅੰਬਰ ਦੇ ਬੰਨ੍ਹੇ।

ਜੁਗ ਜੁਗ ਕੌਲ ਕਰੇ ਸੰਤਾਂ ਨੇ
ਰੈਣ-ਥਾਲ ਵਿਚ ਧਰਕੇ,
ਰੁਖ ਵੇਈਂ ਦੇ ਕੋਲ ਫਰੋਲਣ
ਆਦਿ ਜੁਗਾਦਿ ਦੇ ਵਰਕੇ।

ਦੂਰੋਂ ਆ ਇਲਹਾਮ ਪੁਰਾਣਾ
ਮਨ ਮਿੱਟੀ ਦਾ ਫੋਲੇ,
ਜੋ ਧਰਵਾਸ ਮਿਲੇ ਨਾ ਚਿਰ ਤੋਂ,
ਕਿਸੇ ਕਾਰਵਾਂ ਟੋਲੇ।

ਸ਼ਹਿਦ ਵਾਂਗ ਅੰਬਰ ਤੋਂ ਟਪਕਣ
ਨਿਰਵਾਨਾਂ ਦੇ ਅੱਖਰ,
ਹੱਥ ਵਾਂਗ ਦਰਵੇਸ਼ਾਂ ਅੱਡਣ
ਹਰ ਖਜੂਰ ਦੇ ਪੱਤਰ।

ਰਾਤ 'ਚ ਹੰਭਣ ਤੇ ਕੁਰਲਾਵਣ
ਕਿਤੇ ਸਿਦਕ-ਪਰਛਾਵੇਂ,
ਲਾ ਖੰਭ ਰਾਖ ਦੇ ਉੱਡਣ
ਹੋਣ ਖ਼ਿਆਲ ਨਿਥਾਵੇਂ।

ਦੋ ਨੂਰੀ ਪੈੜਾਂ ਮਗ ਸਿਰਜਣ
ਚੀਰ ਗੁਬਾਰ ਪੁਰਾਣੇ,
ਕਵਨ ਅਸੀਸ-ਹੜ੍ਹਾਂ ਵਿਚ ਥਰਕੇ
ਦਿਲ ਦੇ ਨਾਦ ਨਿਤਾਣੇ।

ਇਕ ਪਲ ਨਾਦ ਅਨੂਠਾ ਥਰਕੇ
ਛੂਹ ਲੈਂਦਾ ਸਭ ਤਾਰੇ,
ਨੈਣ ਅਨੰਤ ਜੋ ਸਚ ਖੰਡ ਦੇ
ਪੌਣਾਂ ਮੰਝ ਉਤਾਰੇ।

ਗੁੱਝੇ ਖੰਭ ਖੋਲ੍ਹ ਤਦ ਅੰਬਰ,
ਮੰਜ਼ਲ ਨਵੀਂ ਸ਼ਿੰਗਾਰੇ,
ਛੂਹਣ ਚਰਨ ਆ ਨੂਰੀ ਉਸਨੂੰ
ਤਿਮਰ ਸਮੇ ਜੋ ਸਾੜੇ।

ਚੀਕ ਹਰਾਸ ਪਵੇ ਪਲ ਦੂਜੇ
ਰਾਖ ਚੜ੍ਹੇ ਅਸਮਾਨੀਂ,
ਕਿਸੇ ਸਿਤਾਰੇ ਦੀ ਬਰਬਾਦੀ
ਖੜੀ ਦਿਸੇ ਸ਼ਮਸ਼ਾਨੀਂ।

ਪਰ ਕੱਢ ਕੇ ਸਮੇ ਅਥਾਹੋਂ
ਹੱਥ ਅੰਬਰਾਂ ਲੰਮੇ,
ਡੂੰਘੀ ਤਾਨ ਸਿਦਕ ਦੀ ਅੰਦਰ
ਪੈਰ ਮੌਤ ਦੇ ਬੰਨ੍ਹੇ।

ਫਿਰ ਵੀ ਪਾਕ ਤਾਰਿਆਂ ਛਾਵੇਂ
ਨੈਣ ਨਦਰ ਦੇ ਸੁੰਨੇ,
ਕਾਲ-ਫਾਸ ਵਿਚ ਰੂਹਾਂ ਘੁੰਮਣ।
ਦਿਲ ਅਰਦਾਸ 'ਚ ਭੁੰਨੇ।

ਨਿਕਲ ਖ਼ਲਾ ਚੋਂ ਕੰਡੇ ਅਣਗਿਣ
ਵਿੰਨ੍ਹਣ ਧਰ ਦੇ ਬੰਨੇ,
ਹਿਰਸਾਂ ਦੇ ਪਰਛਾਵੇਂ ਹੇਠਾਂ
ਕਰਨ ਧਰਮ ਸਭ ਅੰਨ੍ਹੇ।

ਤੋੜ ਧਾੜਵੀ ਸੌਨ ਜ਼ੰਜੀਰਾਂ
ਪਤ ਕੰਜਕ ਦੀ ਰੋਲਣ,
ਸੁੰਨ ਹੋਇ ਧਰਵਾਸ ਵਕਤ ਦੇ
ਨਾ ਸਿਸਕਣ ਨਾ ਬੋਲਣ।

ਪਾਵਨ ਕਦਮ ਜਗਾਣ ਕਿਸੇ ਦੇ
ਤਦੋਂ ਸ਼ਹੀਦੀ ਦਾਰਾਂ
ਭਰਨ ਸਮੇ ਦੀ ਸੁਹਲ ਤਾਨ ਵਿਚ
ਲਖ ਗੈਬੀ ਰਫ਼ਤਾਰਾਂ।

ਤੀਰ ਅਮੋਘ ਉਡੀਕਣ ਛੁਪਕੇ
ਵਲੀ ਸੰਤ ਦੇ ਭੱਥੇ,
ਧਰਮ ਜਦੋਂ ਕੰਕਰਾਂ ਵਾਂਗੂੰ
ਵੱਜਣ ਸਮੇ ਦੇ ਮੱਥੇ।

ਤਦੋਂ ਖ਼ਾਕ ਸੁਲਤਾਨ ਪੁਰੇ ਦੀ
ਅਜਬ ਨੂਰ ਹੋ ਰੈਣੀ,
ਇਲਹਾਮਾਂ ਦੀ ਚਮਕ ਜਗਾਈ
ਅਮਰ ਮੰਜ਼ਿਲਾਂ ਨੈਣੀ।

ਚਿੰਤਨ, ਯੱਖ ਕਰਮ ਦੇ ਫਲ ਨੂੰ
ਤੋੜਣ ਬਾਜ਼-ਉਮੀਦਾਂ,
ਲੈਣੇ ਸਿਰਜ ਅੰਬਰਾਂ ਸੀਨੇ
ਪਰਬਲ ਖੰਭ ਸ਼ਹੀਦਾਂ।

ਜਦੋਂ ਰਹੇ ਨਾ ਵਰਭੰਡਾਂ ਦੇ
ਇਕ ਵੀ ਕੁੰਟ 'ਚ ਜਾਨੀ:
ਸ਼ਬਨਮ ਤਦੋਂ ਧਰਤ ਦੀ ਜਾਗੀ
ਲੈ ਕੇ ਹੁਕਮ ਲਾਸਾਨੀ।

ਇਸ਼ਕ ਅਮੋੜ ਦੇ ਖੰਭਾਂ ਘੱਲੇ
ਸਾਬਤ ਕਦਮ ਮੁਰੀਦਾਂ,
ਆ ਸਾਂਭੀਆਂ ਨਭ-ਮੇਲੇ ਚੋਂ
ਗੁਰੂ ਸੰਦੀਆਂ ਦੀਦਾਂ।

ਬਾਂਝ ਸਿਲ ਸਮਿਆਂ ਦੀ ਉੱਤੇ
ਜਾਗ ਨਾਸਤਕ ਰੁੱਤਾਂ,
ਔਣ ਭਰਨ ਸ਼ਗਨਾਂ ਦੀ ਰਾਤੇ
ਜਲ ਵੇਈਂ ਚੋਂ ਘੁੱਟਾਂ।

2

ਜੈ ਰਾਮ ਦਾ ਸੁਪਨਾ ਤੇ ਨਾਨਕੀ

ਕੰਤ ਨਾਨਕੀ ਦੇ ਨੇ ਰਾਤੀਂ
ਵੇਖੀ ਪੈੜ ਅਗੰਮੀ,
ਲਖ਼ ਮੇਲੇ ਗਗਨਾਂ ਦੇ ਦੂਰੋਂ
ਹਾਕ ਮਾਰਦੇ ਲੰਮੀ।

ਬਲਦਾ ਵਿਚ ਸਥਾਤ ਦੇ ਗੋਸ਼ੇ
ਵੱਡੇ ਤੜਕੇ ਦੀਵਾ,
ਅੱਧੀ ਨੀਂਦ 'ਚ ਅੱਧਾ ਸੁਫ਼ਨਾ
ਵੇਖ ਰਿਹਾ ਮਨ ਖੀਵਾ।

ਦੀਵੇ ਨੇੜ ਨਾਨਕੀ ਛੁਹਦੇ
ਆ ਪਾਵਨ ਪਰਛਾਵੇਂ।
ਵੇਖੋ : ਕੋ ਪਲ ਪਹਿਰਾ ਦਿੰਦਾ
ਬਲੀ ਜੁਗਾਂ ਦੀ ਥਾਵੇਂ।

ਵਿਚ ਵਿਸਮਾਦ ਚਿੰਤ ਦੀ ਰੇਖਾ।
ਜੈ ਰਾਮ ਉੱਠ ਬੋਲੇ :
"ਵੀਰ ਤਿਰੇ ਦਾ ਅਜਬ ਤਰਾਜ਼ੂ
ਹੇਠ ਪਤਾਲਾਂ ਡੋਲੇ;

"ਲੋਧੀ ਦਾ ਦਰਬਾਰ ਵੇਖਦਾ
ਸਘਨ ਹਨੇਰਾਂ ਉਹਲੇ,
ਕਾਦੀ ਪੀਰ ਜਾਣ ਨਾ ਸੱਕੇ
ਕਵਨ ਵੱਥ ਉਹ ਤੋਲੇ!

"ਫੇਰ ਤਰਾਜ਼ੂ ਡੋਬ ਗਰਜੀਆਂ
ਛਲਕ ਅਜਨਬੀ ਛੱਲਾਂ,
ਹੋਰ ਹੀ ਨੇਮ ਜਗ ਵਿਚ ਚੱਲੇ
ਭੈਅ ਵਿਚ ਹੋਵਣ ਗੱਲਾਂ।

"ਰੋਹ ਵਿਚ ਕੂਕ ਮਾਰ ਜਗ ਆਵੇ
ਵੀਰ ਤਿਰੇ ਦੇ ਵੱਲੇ :
'ਇਸ ਮੋਦੀ ਦੀ ਅਜਬ ਵਾਟ ਨੇ
ਨੇਮ ਜਗਤ ਦੇ ਛੱਲੇ।'

"ਵੇਖਾਂ ਨਵ ਨਜ਼ਰ ਨਾਲ ਜਿੱਥੇ,
ਕੁਝ ਸੁਫਨੇ ਕੁਝ ਜਾਗਾਂ!
ਸਫ਼ਰ ਦੂਰ ਨਾਨਕ ਦੇ। ਫੜਦਾ,
ਹਸਦ ਦੁਨੀ ਦਾ ਵਾਗਾਂ।

"ਫੇਰ ਤਰਾਜ਼ੂ ਵਿੱਚੋਂ ਉੱਡਣ
ਬਾਜ਼ ਵਾਂਗ ਲਿਸ਼ਕਾਰਾਂ
ਮੁਣਸ-ਭਾਲ ਨੂੰ ਚੀਰ ਵਿਖਾਵਣ
ਜੁਗੀਂ ਛੁਪਣ ਜੋ ਗਾਰਾਂ।

"ਇਹ ਗਾਰਾਂ ਵਿਚ ਵਿੰਨ੍ਹ ਸੁੱਟਿਆ
ਨਾਨਕ ਨਾਲ ਮਸੂਮਾਂ,
ਵੀਰ ਤਿਰੇ ਦੇ ਸੁਖ਼ਨ ਵੰਗਾਰੇ
ਕਹਿਰ 'ਚ ਭਖੇ ਹਜੂਮਾਂ।

"ਖੜੀ ਦਿਸੇ ਸਭ ਕਾਲਾਂ ਅੱਗੇ
ਭਾਵੇਂ ਨਜ਼ਰ ਸੁਵੱਲੀ
ਜੇ ਉਹ ਬਰਕਤ ਵਾਲਾ ਫਿਰ ਵੀ
ਰੁਲਸੀ ਜਿੰਦ ਇਕੱਲੀ।

"ਮੋਦੀਖ਼ਾਨੇ ਚੋਂ ਕਿਉਂ ਉੱਠਣ
ਮੁੜ ਮੁੜ ਤੇਜ਼ ਅਲੰਬੇ ?
ਸੁਖ਼ਨ ਉਦ੍ਹੇ ਦੀ ਰੇਖ 'ਚ ਭਾਵੇਂ
ਜੀਣ ਰਿਸ਼ੀ ਹੋ ਬੰਦੇ।

"ਬੀਤਣ ਦਿਵਸ ਡੋਲਦੀ ਜਿੰਦੂ
ਨੀਂਦ ਘਿਰੀ ਵਿਚ ਗਹਿਰਾਂ,
ਟੁੱਟੇ ਭਰਮ ਦਹਿਲ ਵੀ ਜਾਵੇ
ਅਸਲ ਹੋਣ ਜੇ ਪੈੜਾਂ।

"ਸੋਅ ਪਵੇ ਨਾਨਕ ਦੀ ਭਾਵੇਂ
ਅੱਗ ਬਲੇ ਪਰ ਨੈਣੀਂ,
ਖ਼ੈਰ ਮੰਗ ਹਰ ਤਾਰੇ ਕੋਲੋਂ
ਪੰਛੀ ਉਡਦਾ ਰੈਣੀਂ।

"ਕਿਉਂ ਨਾਨਕ ਦਾ ਸੁਪਨਾ ਆਵੇ,
ਭੁਖ ਭੁਖ ਵਿਚ ਇਕੱਲਾਂ ?
ਕਿਉਂਕਰ ਉਸਦਾ ਕੌਲ ਭੁਲਾਵੇ
ਖ਼ਲਕਤ ਕੋਲ ਮਹੱਲਾਂ ?"

ਸੁਣੇ ਕੰਤ ਦੀ ਵਾਜ ਨਾਨਕੀ
ਭਿੰਨੇ ਅੰਮ੍ਰਿਤ ਵੇਲੇ,
ਜਦ ਨਾਨਕ-ਆਮਦ ਦੀ ਆਹਟ
ਨਾਲ ਬਿਆਸਾ ਖੇਲੇ।

"ਅੰਮ੍ਰਿਤ ਵੇਲਾ ਤਾਜ ਵੀਰ ਦਾ
ਵਿਚ ਬਿਆਸ ਦੇ ਬੇਲੇ,
ਨਾਗ ਵਣਾਂ ਦੇ ਫੁੱਲ ਉਠਾਕੇ
ਸੰਤ-ਨੀਂਦ 'ਤੇ ਮੇਲ੍ਹੇ।

"ਗਲ ਲਾ ਵੀਰ ਮਿਰੇ ਨੂੰ ਲੰਘਣ
ਆਦਿ ਜੁਗਾਦੀ ਮੇਲੇ,
ਰੋਂਦੀ ਮੁਣਸ-ਈਰਖਾ ਖੜਸਨ
ਅੰਤ ਜਮਾਂ ਦੇ ਚੇਲੇ।

"ਭਾਵੇਂ ਦੂਤੀ ਦੰਭ ਖਿਲੇਰਣ
ਮਾਰਨ ਡੰਗ ਝਮੇਲੇ,
ਮਿੱਟੀ ਵਿਚ ਸੁਫਨ ਜਿਉਂ ਉਸਦੇ
ਰਹਿਸਨ ਬੋਲ ਸੁਹੇਲੇ।

"ਪੈੜ ਉਦ੍ਹੀ ਦੇ ਫੁੱਲ ਉਡੀਕਣ
ਥਲ ਖ਼ਾਲੀ ਨਾ ਵਿਹਲੇ।
ਨਦਰ-ਦਾਤ ਦੇਣ ਲਈ ਉਹ ਤਾਂ
ਨਦੀ ਹਲਾਹਲ ਝੇਲੇ।

"ਦੌਲਤ ਖ਼ਾਂ, ਮੁੱਲਾਂ ਤੇ ਹਾਕਮ
ਹੌਲ ਖਾਣ ਤਦ ਭਾਰੇ,
ਪਤ ਪਰਵਾਣ ਨੇ ਜਦੋਂ ਤੋਲਣੇ
ਨੀਮ ਜਗਤ-ਵਰਤਾਰੇ।

"ਨਾਗ ਦੇ ਦੰਤ ਜਗ ਸਭ ਕੁੰਟੀਂ
ਸੂਲੀ ਵਾਂਗ ਛੁਪਾਏ,
ਨਿੱਜ ਵਾਟ ਮਸਨਦ ਜਿਉਂ ਓਥੇ
ਨਾਨਕ ਨਿੱਤ ਵਿਛਾਏ।"

ਫੇਰ ਦੁਆਵਾਂ ਦੇ ਹੋ ਪੰਛੀ
ਸੁਖ਼ਨ ਨਾਨਕੀ ਵਾਲੇ,
ਜੁਗਾਂ ਦੀ ਹਰ ਫ਼ਜਰ ਤੋਂ ਉੱਚੇ
ਉਡਦੇ ਕਰਨ ਉਜਾਲੇ।

ਕੰਠ 'ਚ ਪਰਲੋ ਤੋਬ ਸਿਮਰਦੇ
ਸਰਗਮ ਕਢ ਨਿਆਰੀ।
ਲੂਹੇ ਜਲਾਂ ਥਲਾਂ ਨੂੰ ਗਲ ਲਾ
ਕੌਲ ਕਰੇਂਦੇ ਭਾਰੀ।

3

ਵੇਈਂ ਦੇ ਜਲਾਂ ਉੱਤੇ ਨਾਨਕ-ਸਿਮਰਣ ਦੀ ਛੁਹ

ਫ਼ਜਰ ਪਈ ਵੇਈਂ ਦੇ ਜਲ ਤੇ
ਪੰਧ ਦਿਸਣ ਅਸਮਾਨੀ।
ਸਤ ਗਗਨ ਤੋਂ ਖ਼ਾਕ ਇਹ ਵੇਖਣ
ਲੱਥੇ ਖੰਭ ਨੂਰਾਨੀ।

ਲੋਕ ਰੱਬ ਦੇ ਕੌਲ ਕਰਨ ਜੋ
ਖ਼ਾਕ ਮੰਝ ਛੁਪ ਜਾਵਣ;
ਜੁਗ ਬੀਤਣ, ਕਮਲ ਜਿਉਂ ਖਿੜਕੇ
ਅਪਣੀ ਯਾਦ ਲਿਆਵਣ।

ਇਸ ਪਲ ਜਲ ਵੇਈਂ ਦੇ ਪਾਵਨ,
ਉਹਲੇ ਸਮਾਂ ਤੂਫ਼ਾਨੀ;
ਹੋਣ ਹਿਸਾਬ, ਰੋਣ ਸਭ ਕੌਮਾਂ,
ਪਲ ਪਲ ਚੜ੍ਹੇ ਗਿਲਾਨੀ।

ਤਦ ਵਣ-ਰਾਖ ਚੁੱਕ ਕੇ ਜਾਗਣ
ਨੈਂ ਦੇ ਕੌਲ ਪੁਰਾਣੇ।
ਓਹੀ ਲਹਿਰ ਵੇਖ ਮੁੜ ਹੱਸੇ
ਝੱਖੜ-ਰੁਲੇ ਮੁਹਾਣੇ।

ਜਪ ਤਪ ਰਾਖ ਰਾਖ ਹੋ ਉੱਡਣ,
ਅੰਨ੍ਹੇ ਖੂਹ ਗੁਮਨਾਮੀ!
ਜੋ ਵੀ ਵਾਟ ਚਿਰਾਂ ਤੋਂ ਭੁੱਲੀ
ਉਸ 'ਤੇ ਬੈਠੇ ਜਾਨੀ।

ਅਜਪਾ ਜਪ ਨੈਂ 'ਤੇ ਛਾਇਆ,
ਜਲ ਨਿਰਲੇਪ ਵਗੇਂਦੇ।
ਰੂਪ ਅਦਿੱਖ ਧਰਤ ਦਾ ਲੈ ਕੇ
ਰੁਖ਼ ਨਿਰਦੋਸ਼ ਸੁਹੇਂਦੇ।

ਵੇਈਂ ਦੇ ਵਹਿਣਾਂ ਵਿਚ ਦੈਵੀ
ਕਰਿ ਰਚਨਾ ਪੈਗਾਮਾਂ
ਸਾਂਭ ਲਿਆ ਨਾਨਕ ਦਾ ਸਿਮਰਣ
ਵਿਚ ਅਕਾਲ ਦੇ ਧਾਮਾਂ।

ਛਜਰ ਪਈ, ਵੇਈਂ ਦੇ ਪੱਤਣ
ਨਾਲ ਅਨੰਤਾਂ ਲੱਗੇ,
ਚਰਨ ਛੁਹੇ ਨਾਨਕ ਦੇ ਵਹਿਣਾਂ
ਕੋਟ ਬਰਸ ਤੋਂ ਅੱਗੇ।

ਹਾਥ ਲਵੇ ਨਾਨਕ ਦੀ ਵੇਈਂ,
ਨਿਹਚਲ ਨੈਣ ਉਡਾਰੂ।
ਇਹ ਪੰਛੀ ਅੰਬਰ ਨਾ ਮਾਵਨ
ਸਿੰਧ ਹੇਠ ਦੇ ਤਾਰੂ।

ਵਿਚ ਲਿਵਤਾਰ ਵਗੇਂਦੀ ਵੇਈਂ
ਬੁੱਕਲਿ ਸਮਾਂ ਸੁਆਵੇ,
ਮੂਕ ਗਰੰਥਾਂ ਦੇ ਛੁਹ ਅੱਖਰ
ਹੇਠ ਪਤਾਲ ਸਮਾਵੇ।

ਨਾਦ ਅਲੱਖ ਨੈਂ ਨੂੰ ਮਿਲਦੇ
ਆ ਜੋਗੀ ਜਿਉਂ ਦੂਰੋਂ।
ਨਾਨਕ ਦੇ ਆਸਨ ਵਲ ਉੱਡੇ
ਮੋਹ ਰੁੱਖਾਂ ਦੇ ਬੂਰੋਂ।

ਪੰਖੀ ਰੁੱਖ ਪਸ਼ੂ ਨੂੰ ਆ ਕੇ
ਸੈ ਇਲਹਾਮ ਬੁਲੰਦੇ,
ਸਾਜ ਰਿਹਾ ਅੱਖਰ-ਸਿੰਘਾਸਣ
ਨਾਨਕ ਨੈਂ ਦੇ ਕੰਢੇ।

ਘਟ ਘਟ ਤਦੋਂ ਨਾਦ ਸੀ ਵਾਜੇ
ਮੰਜ਼ਲਿ ਮੁਣਸ-ਯਕੀਨੇ।
ਉੱਪਰ ਬਹੁ ਘਮਸਾਨ ਸਮੇ ਦੇ,
ਇਕ ਪਲ ਨਿਹਚਲ ਸੀਨੇ।

ਸਿੱਕ ਸਿੱਕ ਵਰਭੰਡ ਢੂੰਡਦੇ
ਚੀਰ ਜੁਗਾਂ ਦੇ ਕੀਨੇ;
ਥਾਪ ਦੇਂਵਦੇ ਰੱਬੀ ਬੰਦੇ
ਜੋ ਪਲ ਮੁਣਸ ਯਕੀਨੇ।

ਰਾਹ ਦੁਆ ਦੇ ਅਨਿਕ ਅਸੰਖਾਂ
ਚਮਕਿ ਮੁੜੇ ਵਲ ਰੂਹਾਂ;
ਇਕ ਪਲ ਅੰਧ ਪਾਸ਼ਵੀ ਧਾੜਾਂ
ਚੁੰਮਨ ਤਰਸ-ਬਰੂਹਾਂ।

ਉੱਠ ਰਹੱਸ ਗਰੰਥਾਂ ਦੇ ਚੋਂ
ਤੇਜ਼ ਧਿਆਨੀ ਕਾਂਗਾਂ
ਫ਼ਜਰ ਡੰਗ ਕਾਲ 'ਤੇ ਮਾਰਨ
ਨਾਲ ਅਸੰਖਾਂ ਤਾਂਘਾਂ।

ਜਪ ਤਪ ਡੁੱਬੇ ਨੈਣ ਅਗੰਮੀ
ਲਸ ਸ਼ਬਨਮ ਚੋਂ ਲੰਘੇ;
ਕੁਦਰਤ-ਭੇਦ ਅਨੰਤ ਨਾਲ ਹੀ
ਖੜੇ ਰਹੇ, ਨਾ ਹੰਭੇ।

ਤਦੋਂ ਦੇਣ ਵੇਈਂ ਦੇ ਪੱਤਣ
ਧਾਮ ਨਾਨਕੀ ਸੌਆਂ।
ਇਹ ਮਹਿਮਾਨ ਧਰਤ ਦਾ ਕਿਹੜਾ?
ਕਰੇ ਗ਼ੈਬ 'ਤੇ ਲੋਆਂ।

ਦੌਲਤ ਖ਼ਾਂ ਦੇ ਸ਼ਹਿਰ ਪੁਰਾਣੇ
ਉਛਲੇ ਜ਼ਮਜ਼ਮ ਤਾਜ਼ੇ,
ਹੁਕਮ ਇਲਾਹੀ ਦੇ ਰਥ ਵੱਡੇ
ਆਣ ਖੜੇ ਦਰਵਾਜ਼ੇ।

ਨਾਨਕ ਵਿਚ ਬਾਜ਼ਾਰੀਂ ਉਂਗਲ
ਮਹਾਂ ਕਾਲ ਦੀ ਫੜ ਕੇ
ਖੜ੍ਹ ਖੜ੍ਹ ਫੋਲ ਰਿਹਾ ਸੋ ਦਰੁ ਦੇ
ਨਾਲ ਅਕੀਦਤ ਵਰਕੇ।

ਨਾਨਕ ਇੰਜ ਬਾਜ਼ਾਰੋਂ ਲੰਘੇ
ਜਿਉਂ ਅਜ਼ਾਨ ਪਰਵਾਜ਼ੇ,
ਉੱਡਣ ਬਾਜ਼ ਦੂਰ ਵਲ ਕਲਗੀ
ਰਹਿਣ ਫ਼ਕੀਰ ਨਮਾਜ਼ੇ।

ਸ਼ਹਿਰ ਦਿਆਂ ਵਿਚ ਕੋਟ ਮਹੱਲਾਂ
ਛੁਹ ਨਾਨਕ ਦੀ ਧੜਕੇ,
ਸਦੀ ਸਦੀ ਹਾਜੀਆਂ ਵਾਂਗਰ
ਨਾਲ ਸਜਦਿਆਂ ਥਰਕੇ।

ਬੂਰਾਂ ਵਾਂਗ ਵਿਗਸ ਦਿਲ ਪਾਂਧੀ
ਖਿੱਚ ਕਬਰ ਚੋਂ ਜਾਗਾਂ
ਸਦੀਆਂ ਵਿਚ ਇਲਹਾਮ ਉਡੰਦੇ
ਢੂੰਡਣ ਨਾਲ ਚਰਾਗਾਂ।

ਲਸ਼ਕਰ ਤੇ ਵਣਜਾਰੇ ਛੇੜਨ
ਨੌਬਤ ਜੁਗਾਂ 'ਚ ਭਾਰੀ
ਬਲੀ ਨਾਦ 'ਤੇ ਫ਼ਜਰਾਂ ਕਰਨੀ
ਸ਼ਹਿਰ ਤਰਫ਼ ਅਸਵਾਰੀ।

ਸੀਸ ਖਜੂਰਾਂ ਦੇ ਵਲ ਗ਼ੈਬੋਂ
ਤਾਜ ਪਵਿੱਤਰ ਸਰਕੇ,
ਦਸਤਕ ਮੁੱਢ ਕਦੀਮੀ ਉੱਜਲ
ਖੜੀ ਭੈਣ ਦੇ ਦਰ ਤੇ।

4

ਵੈਸਾਖ ਦੀ ਰਾਤ ਦਾ ਪਹਿਲਾ ਪਹਿਰ: ਲੋਧੀ ਅਤੇ ਬੇਗਮ

ਰੁੱਤ ਵਸਾਖ, ਚਮਕਦੇ ਤਾਰੇ,
ਛੁਹ ਪਾਵਨ ਦੇ ਲਾਗੇ,
ਜਿਵੇਂ ਸਮੇ ਦੇ ਕਹਿਰ ਤੋੜਕੇ
ਯੱਖ ਅਹਿਲਿਆ ਜਾਗੇ।

ਪਾਵਨ ਛੁਹ ਧਰਤੀ ਨੇ ਘੁੱਟੀ
ਜਿਸ ਪਲ ਬਿਰਖਾਂ ਸੀਨੇ
ਛੱਲਾਂ ਮਾਰ ਨਦੀ ਜਿਉਂ ਵੱਗੇ
ਸੁੱਤੇ ਸਾਲ ਮਹੀਨੇ।

ਇਕ ਪੈਗਾਮ ਕਾਲ ਪਥਰੀਲੇ
ਚੀਰ ਚੀਰ ਕੇ ਉੱਡੇ,
ਛੋਂਹਦਾ ਜਿਸ ਖ਼ਾਕ ਨੂੰ ਉਸਦੀ
ਅਰਜ਼ ਚਿਰਾਂ ਦੀ ਪੁੱਗੇ।

ਦਿੱਤੀ ਸਾਰ ਅਦਿੱਸ ਰਣਾਂ ਦੀ
ਰੁਲਦੇ ਥਲਾਂ 'ਚ ਤੀਰਾਂ,
ਲੰਮੀ ਨਜ਼ਰ ਬਣੇ ਜੁਗ-ਪੈਂਡੇ
ਲਹਿ ਵਿਚ ਅੰਧ ਜ਼ਮੀਰਾਂ।

ਸਭ ਸਮਿਆਂ ਦੀ ਨਜ਼ਰ ਉਠਾਕੇ
ਨਾਲ ਅਕੀਦਤ ਬਲਕੇ,
ਬੇਨਜ਼ੀਰ ਰਮਜ਼ ਕੁਈ ਤੱਕੀ
ਸਭ ਅਸਮਾਨਾਂ ਰਲਕੇ।

ਕਵਨ ਖ਼ਾਕ ਨੂੰ ਗਲੇ ਲਗਾਵਣ
ਧਾਹ ਜ਼ਮੀਰਾਂ ਨੂਰੀ?
ਖੜੇ ਅਸੰਖ ਕਾਫ਼ਲੇ ਭੁੱਲੇ
ਬ੍ਰਹਿਮੰਡਾਂ ਦੀ ਦੂਰੀ।

ਦੂਰ ਪੰਖਣੂ ਦੀ ਰਗ ਹੇਠਾਂ;
ਗਹਿਰਾਂ ਦੀ ਬਿਖ-ਭਾਣੀ!
ਹਠੀ ਪਹਾੜ ਤੋੜਕੇ ਵੱਗਣ
ਫ਼ਰਿਹਾਦਾਂ ਦੇ ਪਾਣੀ।

ਘਾਇਲ ਖੰਭ ਨੂੰ ਮਿਲਣ ਮੰਜ਼ਿਲਾਂ
ਨੇੜ ਕਹਿਰ ਦੇ ਤੀਰਾਂ
ਨਾਜ਼ਕ ਅੰਕੁਰ ਹੇਠ ਸੰਭਾਲੇ
ਸਿਦਕ ਕੋਟ ਤਸਵੀਰਾਂ।

ਕਣਕਾਂ ਦੇ ਬੋਹਲ ਤੋਂ ਉੱਡਣ
ਚੁੰਮ੍ਹ ਉਮੀਦ ਹਵਾਵਾਂ,
ਵਣ ਸਾਗਰ ਧਰਤੀ ਦੇ ਮਸਤਕ
ਲਿਸ਼ਕਣ ਨਾਲ ਦੁਆਵਾਂ।

ਮਿਲੇ ਰੈਣ ਨੂੰ ਖੰਭ ਹੁਮਾ ਦੇ,
ਸਭ ਪਰਛਾਵੇਂ ਹੂਰਾਂ!
ਲੋਅ ਤਾਰਿਆਂ ਦੀ ਫਿਰ ਗੁੰਦੀ
ਭੇਦ-ਭਰੇ ਛੁਪ ਬੂਰਾਂ।

ਬਾਜ਼-ਹੇਕ ਪੀ ਜਲ ਵੇਈਂ ਦੇ
ਕਾਲ-ਸਿਖਰ 'ਤੇ ਖਲ੍ਹਦੀ
ਭੂਤ-ਭਵਿੱਖ-ਭਵਾਨ ਦੇ ਪਹਿਰੇ
ਚਮਕ ਪੈਣ ਜਿਉਂ ਕਲਗੀ।

ਪੁਰ ਸੁਲਤਾਨ ਦੇ ਉੱਚ ਬੁਰਜ ਤੋਂ
ਟਿਮਕ ਰੰਗਲੇ ਦੀਵੇ,
"ਕਿਸਦਾ ਤਰਸ" ਰਾਤ ਤੋਂ ਪੁੱਛਣ
"ਮਰਗ ਪਾਰ ਜੋ ਜੀਵੇ?"

ਬਹੁ ਰੰਗਾਂ ਦੇ ਸ਼ਮ੍ਹਾਦਾਨ ਸੀ
ਜਗਦੇ ਕ਼ਿਲੇ ਦੇ ਸੀਨੇ,
ਲੋਪੀ ਭੈ ਵਿਚ ਬੇਗਮ ਸਾਵ੍ਹੇਂ
ਮੋੜ ਕਾਲ ਦੇ ਚੀਨੇ।

ਦਿਲ ਮਸਕੀਨ ਵਾਜ ਵਿਚ ਧੀਮੀ
ਖ਼ਾਨ ਰੁਕੇ, ਫਿਰ ਬੋਲੇ।
ਨਿਸ ਕਾਲੀ ਦਾ ਜੋਬਨ ਸੁੱਚਾ
ਭੈ ਪਾਵਨ ਵਿਚ ਤੋਲੇ:

"ਤੈਂ ਦੇਸ ਤੋਂ ਆਏ ਅਜਨਬੀ,
ਸੁਣ, ਬੁਲਾਰ-ਹਮਸ਼ੀਰਾ!
ਜਿਦ੍ਹੇ ਅਰੁੱਕ ਤੇਜ ਦੇ ਅੱਗੇ
ਸੱਚ ਜਗਤ ਦਾ ਭੀੜਾ।

"ਅਜ ਮੇਰੇ ਦਰਬਾਰ ਖੜਾ ਸੀ,
ਤੈਂ ਬਾਗਾਂ ਦਾ ਮੋਦੀ;
ਜਿਸਦੇ ਅਰਸ਼ਾਂ ਹੇਠ ਰੀਂਗਦੇ
ਦਿੱਲੀ ਦੇ ਸ਼ਾਹ ਲੋਧੀ।

"ਦਹਿਲ ਸਕੂਨ ਰਹੇ ਇਕ ਥਾਵੇਂ
ਕਾਂਗ ਬਿੰਦ ਨਾ ਹੁੱਟੀ,
ਇਲਮ-ਚੁੱਪ ਖੜੀ ਰਹੀ ਸਿਰ ਤੇ
ਜਾਨ ਮਿਰੀ ਸੀ ਘੁੱਟੀ।

"ਬੇ-ਕਿਰਾਂ ਦਰਗਾਹਾਂ ਦੇ ਰਾਹ
ਨਜ਼ਰ ਉਦ੍ਹੀ ਮੈਂ ਵੇਖੇ,
ਤਾਂਘ ਬਣੇ ਅਰਸ਼ ਵਿਚ ਕਿਰਦੇ
ਸਭ ਸ਼ਾਹਾਂ ਦੇ ਲੇਖੇ।

"ਅਹਿਲਕਾਰ ਆਰਿਫ਼ ਤੇ ਮੁੱਲਾਂ
ਜਾਨਣ ਮੋਦੀ ਭਾਵੇਂ,
ਤਿਲ ਤਿਲ ਅਮਲ ਹਸ਼ਰ ਨੂੰ ਦੇ ਕੇ
ਖੜੇ ਰਹੇ ਉਸ ਸਾਵ੍ਹੇਂ।

"ਫ਼ਰਕ ਸਮੇ ਤੇ ਉਸ ਨਜ਼ਰ ਦੇ
ਨਾ ਦਰਬਾਰ 'ਚ ਜਾਣੇ,
ਹੋ ਕੇ ਖੰਭ ਗ਼ੈਬ ਦੇ ਚਰਖਾਂ
ਸਹਸ ਅਠਾਰਾਂ ਛਾਣੇ।

"ਨਿੱਕੀ ਜਿਹੀ ਇਹ ਖੇਡ ਜਗ ਦੀ,
ਕੀ ਲਸ਼ਕਰ ਕੀ ਤੇਗਾਂ ?!
ਚੁੱਪ ਉਦ੍ਹੀ ਵਿਚ ਦੇਣ ਅਜ਼ਾਨਾਂ
ਉਬਲ ਰਹੇ ਵਿਚ ਦੇਗਾਂ।

"ਤੇਗ-ਜਲਾਲ ਫ਼ਰਸ਼ 'ਤੇ ਐਵੇਂ
ਬਣੇ ਅਰਸ਼ ਦੇ ਸਾਨੀ,
ਗ਼ੈਬ-ਹੱਥ ਨਾਨਕ ਨੂੰ ਬਖ਼ਸ਼ਣ
ਸ਼ਾਹਸਵਾਰ ਦੀ ਗਾਨੀ।

"ਉਦ੍ਹੇ ਮੱਥਿਉਂ ਧੁੱਪ ਅਦਲ ਦੀ
ਚੁਗੇ ਰਿਜ਼ਕ ਦੇ ਦਾਣੇ,
ਬਿਖਮ ਖਰ੍ਹਦੀ ਸਾਗਰ ਚੀਰਣ
ਲੈ ਲੈ ਜਿਦ੍ਹੀ ਮੁਹਾਣੇ।

"ਖਿੰਡਦੇ ਗਏ ਹਸ਼ਰ ਤਕ ਦਾਣੇ
ਚੁਗਦਾ ਜਾਂ ਮੈਂ ਕੱਲਾ,
ਕਿਉਂ ਮਸਕੀਨ ਜਿਹਾ ਤਕ ਮੋਦੀ
ਜਾਪ ਰਿਹਾ ਮੈਂ ਝੱਲਾ ?"

ਬੇਗਮ ਕਹੇ ਵਾਰ ਮਨ ਕੋਮਲ
"ਵਿਚ ਪਰਵਾਜ਼ ਸਮਾਵੇ।
ਮੈਂ ਵਤਨਾਂ ਦੇ ਉਸ ਰਾਹੀ 'ਤੇ
ਨਿੱਤ ਨਮਾਜ਼ ਝੁਕਾਵੇ।

"ਬਿਜਲੀ ਖਿੱਚ ਕਹਿਕਸ਼ਾਂ ਵਿੱਚੋਂ
ਸੀਸ ਅਜ਼ਾਨ ਸਜਾਵੇ,
ਸਿਰ ਚਾ ਕਾਰ-ਵਿਹਾਰ ਜਗਤ ਦੇ
ਬੇ-ਕਿਰਾਂ ਲੰਘ ਜਾਵੇ।

"ਭਾਵੇਂ ਖੰਭ ਉਸ ਦੇ ਗ਼ੈਬੀ
ਅਨਕਾ ਨਾਲ ਰਲਾਵੇ,
ਤਾਂ ਵੀ ਦੁਨੀ 'ਚ ਛਾਂ ਉਹਦੀ ਨੂੰ
ਪੰਧ ਵਕਤ ਦੇ ਪਾਵੇ।

"ਬਿਹਬਲ ਹੋ ਕੇ ਰਹੇ ਭਾਲਦੇ
ਨਿੱਤ ਹਮਸ਼ੀਰ ਜੋ ਮੇਰੇ,
ਇਸ ਨੂਰ ਦੇ ਰਾਜ਼ ਨਾ ਮੁੱਕੇ
ਊਡਦੇ ਗਏ ਅਗੇਰੇ।

"ਤਾਂ ਵੀ ਵੇਖ ਲਵੇ, ਨਾ ਐਵੇਂ
ਨਾਨਕ ਸੱਚ .ਪੁਗਾਵੇ;
ਛਲ ਖ਼ੁਦਾ ਦੇ ਜ਼ਾਤ ਬਸ਼ਰ ਦੀ
ਰਮਜ਼ ਲਤੀਫ਼ ਬਣਾਵੇ।"

ਸੁਖ਼ਨ ਨਵਾਬ ਸੁਣੇ ਤਾਂ ਜਾਵਣ
ਜਿਵੇਂ .ਮਦੀਨੇ ਹੇਕਾਂ,
ਸ਼ਬ ਦੀ ਹਿਰਾ 'ਚ ਛੁਪੇ ਉਡੀਕਣ
ਨਬੀ ਅਬੋਲ ਅਨੇਕਾਂ।

ਕੰਬੇ ਖ਼ਾਨ! ਰਾਤ ਦੇ ਉਹਲੇ
ਕਵਨ ਨਬੀ ਜੋ ਥੀਵਣ ?
ਮਕੜੀ-ਜਾਲੇ ਹੇਠ ਦੁਆਵਾਂ
ਹੌਲ ਸਬਰ ਦਾ ਪੀਵਣ।

ਬਹੁ ਮਾਸੂਮ ਰਾਤ ਦਾ ਜੋਬਨ
ਉੱਡ ਰਿਹਾ ਵਿਚ ਬਾਜ਼ਾਂ,
ਜਿਸ ਪਲ ਸ਼ੋਰ ਹਸ਼ਰ ਦਾ ਪੈਂਦਾ
ਲਾ ਗਲ ਲਵੇ ਨਮਾਜ਼ਾਂ।

ਫਿਰ ਨਵਾਬ ਕਹਿਕਸ਼ਾਂ ਤੀਕਣ
ਜਲ ਥਲ ਦਸਤਕ ਦਿੰਦਾ:
"ਅਗਨ ਅਬੁੱਝ ਧਰਤ ਵਲ ਸੁੱਟੇ
ਕਿਉਂ ਮਹਿਮਾਨ ਪਰਿੰਦਾ ?"

ਸੁਣੇ ਅਵਾਜ਼, ਸਫ਼ਰ ਅਣਵੇਖੇ!
ਦਿਲ ਨਵਾਬ ਨਾ ਆਕੀ:
"ਮਿਲਖ-ਗੁਮਾਨ ਸੜਣ ਹੋ ਕਲਵਲ
ਸਫ਼ਰ ਫ਼ਕੀਰੀ ਬਾਕੀ।"

ਗੁੰਦ ਨਵਾਬ ਕਹਿਕਸ਼ਾਂ ਸੁਹਣੀ
ਢਾਲ ਲਈ ਵਿਚ ਤੂਰਾਂ।
ਮੂਸਾ ਮੁੜ ਜਾਪੇ ਫ਼ਰਿਆਦੀ
ਘਿਰ ਵਿਚ ਸ਼ਾਨ-ਫ਼ਤੂਰਾਂ।

ਪੜ੍ਹੀ ਨਮਾਜ਼ ਇਸ਼ਾ ਦੀ, ਬੈਠਾ
ਦਹਿਲ ਸਕੂਨ-ਬਨੇਰੇ,
ਚੌਦਾਂ ਤਬਕ 'ਚ ਰਹੇ ਘੁੰਮਦੇ
ਸਿੰਘ ਜਲਾਲ ਚੁਫੇਰੇ।

5

ਵੈਰਾਗੀ ਥਰਥਰਾਹਟਾਂ: ਨਾਨਕ ਮੋਦੀ ਦੇ ਰੂਪ ਵਿਚ

(ੳ) ਕਾਲ ਅਤੇ ਕੁਦਰਤ

ਸੁਣੋ! ਕੀ ਵੱਜੇ ਸਾਜ਼!, ਰਾਹ ਵਿਸਮਾਦ ਦੇ
ਨਿਕਲ ਉੱਡਦਾ ਬਾਜ਼, ਸਮੇ ਦੀ ਨਾਭ ਚੋਂ
ਉੱਡੇ ਆਦਿ ਜੁਗਾਦਿ, ਚੁੰਝ 'ਚ ਡੋਬ ਕੇ
ਉਤਰੀ ਲੰਮੀ ਯਾਦ, ਤਦੋਂ ਵਣ ਰੁੱਖ ਤੇ
ਹਾਂ! ਮਹੀਨ ਪਰਵਾਜ਼, ਓਹਲੇ ਧੁੱਪ ਦੇ
ਹਰ ਪਲ ਹੈ ਆਜ਼ਾਦ, ਕਿਤੇ ਵਿਚ ਚੇਤਨਾ।
ਹਰ ਪੱਤੇ 'ਤੇ ਰਾਜ਼, ਧ੍ਰਵ ਜਿਉਂ ਖੜੇ ਨੇ
ਚਮਕ ਇਲਾਹੀ ਨਾਜ਼, ਝੁਕਦੇ ਗੈਬ ਤੇ।
ਪਹਿਰਾ ਦਿੰਦਾ ਬਾਜ਼, ਚੁੱਪ 'ਚ ਪੁੱਛਦਾ:
"ਕਿਸਦੀ ਹੈ ਆਵਾਜ਼, ਨਦੀ ਦੇ ਕੰਢੜੇ?
ਕੌਮਾਂ ਦੀ ਫ਼ਰਿਆਦ, ਬਹੁਤ ਸੀ 'ਕੱਲੜੀ
ਨਾ ਹੁੰਦੀ ਆਬਾਦ, ਬਾਝੋਂ ਦਰਦੀਆਂ।"
ਤਦੋਂ ਕ਼ਿਲੇ ਦੇ ਕੋਲ, ਉੱਠ ਇਕ ਪਾਸਿਉਂ
'ਤੇਰਾ ਤੇਰਾ' ਬੋਲ, ਪੌਣ 'ਚ ਹੁੱਲਦੇ।
ਚੁੱਕ ਰਿਜ਼ਕ ਦੀ ਪੰਡ, ਖ਼ੁਦਾਈ ਵਲਵਲੇ
ਰਹੇ ਧਰਤ ਨੂੰ ਵੰਡ, ਦਾਤੀਂ ਪੰਘਰਕੇ।

ਮੋਦੀਖ਼ਾਨੇ ਮੰਝ, ਸੱਚ ਦੇ ਦਫ਼ਤਰੋਂ
ਵਿਛਣ ਜਮਾਲੀ ਪੰਧ, ਖ਼ਾਤਰ ਪਾਂਧੀਆਂ।
ਸਭ ਮਿੱਠੜੇ ਸੁਆਦ, ਖ਼ਾਕ ਨੂੰ ਲਾਡਲੇ
ਵਿਚ ਬੁੱਕਲ ਵਿਸਮਾਦ, ਮੋਦੀ ਸਾਂਭ ਲਏ।
'ਤੇਰਾ' ਦਾ ਨਿਹੁ-ਨਾਦ, ਦਾਣੇ ਉੱਜਲਿਉਂ
ਧਾ ਜਾਵੇ ਵਲ ਯਾਦ, ਕੋਲ ਜੋ ਬੰਦਿਆਂ।
ਉਂਜ ਕਾਰਿੰਦੇ ਨਾਲ, ਬੱਧੇ ਰਮਜ਼ ਦੇ
ਮੋਦੀ ਨਾਲ ਜਮਾਲ, ਵਿਚਣ ਅਨੋਖੜੇ,
ਭਾਵੇਂ ਸੰਗ ਮੁਨੀਮ, ਅਕਲਾਂ ਵਾਲੜੇ
ਤੋਲਣਹਾਰੇ ਥੀਣ, ਬੰਦੇ ਹੁਕਮ ਦੇ,
ਵੱਡਾ ਰੁਤਬਾ ਛੱਡ, ਨਾਨਕ ਫੇਰ ਵੀ
ਚੁੱਕ ਤਰਾਜ਼ੂ, ਹੱਦ ਛੂਹਦਾ ਵਜਦ ਦੀ
ਉੱਚੀ ਦੇਂਦਾ ਸੱਡ, ਸੂਖਮ ਸੁਰਤ ਚੋਂ
ਰੂਹ ਨਾ ਹੋਵੇ ਅੱਡ, 'ਤੇਰਾ'-ਧੁਨੀ ਤੋਂ।
ਕਰੇ ਲਤੀਫ਼ ਹਿਸਾਬ, ਵਿਚ ਤਰਾਜ਼ੂਆਂ
ਇਲਹਾਮਾਂ ਦੀ ਵਾਗ, ਸਿਦਕਾਂ ਫੜੀ ਸੀ।
ਕਈ ਕਈ ਇੰਜ ਰੋਜ਼, ਲਿਵ ਵਿਚ ਤੋਲਦਾ
ਛੁਪੇ ਪੁਰਾਣੇ ਸੋਜ਼, ਰਮਜ਼ੀਂ ਬੰਨ੍ਹਦਾ।
ਅਹਿਲਕਾਰ ਜੋ ਨਾਲ, ਬੇਵਸ ਵੇਖਦੇ,
ਮਾਲਕ ਦੀ ਇਹ ਚਾਲ, ਅਜਬ ਨਵੇਲੜੀ।
ਖਿੱਚ ਰਿਹਾ ਵਿਸਮਾਦ, ਰੂਹ ਸੰਨਿਆਸ ਦੀ
ਰਾਵਲ ਸੂਫ਼ੀ ਖ਼ਾਸ, ਝੁਰਮਟ ਪਾਂਵਦੇ।
ਹੈ ਸੰਤ ਨੂੰ ਪਿਆਸ, ਏਸੇ ਕੁੰਟ ਦੀ
ਦੀਰਘ ਨਿੰਬਲ ਆਸ, ਉਡਦੀ ਆ ਰਹੀ।
ਸੁਬਕ ਅਲੌਕਿਕ ਸਾਲ, ਜਾਵੇ ਲੰਘਦਾ
ਮਸਤਕ ਵਿਚ ਸੰਭਾਲ, ਰਿਹਾ ਹਜ਼ ਸੱਜਰੇ।

(ਅ) ਬਾਲਾ ਤੇ ਮਰਦਾਨਾ

ਫਿਰ ਥਰਕਾਂਦੀ ਤਾਨ, ਖੰਭ ਅਦਿੱਸਵੇਂ
ਤਰ ਡੂੰਘੇ ਅਸਮਾਨ, ਆਵਣ ਵਲਵਲੇ।
ਲਸੇ ਮੂਕ ਇਲਹਾਮ, ਲੁਕ ਵਿਚ ਸ਼ਬਨਮਾਂ
ਹਰੀ ਧਰਤ ਦੀ ਜਾਨ, ਚੁੰਮਣ ਉੱਤਰੇ।

ਵਸਦੀ ਯਾਦ ਮਹਾਨ, ਦਿਲ ਤਲਵੰਡੜੀ
ਅਣਬੁੱਝੇ ਅਹਿਸਾਨ, ਨੀਂਦ ਪਲੋਸਦੇ।
ਜਦ ਕਦ ਲੰਘੇ ਬੀੜ, ਬਾਲਾ ਸਿੱਕਦਾ:
"ਮੁੜ ਉਹ ਆਇ ਅਖ਼ੀਰ, ਬਖ਼ਸ਼ਿਸ਼ ਵਾਲੜੀ,
ਧਾ ਮਿਲੇ ਆ ਵੀਰ, ਰੱਬ ਦਾ ਮੀਤ ਜੋ
ਭਟਕਣ ਖੰਭ ਅਧੀਰ, ਥਲ ਨੂੰ ਸਾਰ ਨਾ।
ਸੁਬ੍ਹਾ ਸ਼ਾਮ ਦੀ ਭੀੜ, ਪਾ ਕੇ ਰਿਸ਼ਮ ਤੇ
ਮਿਲਣ ਵਿਜੋਗੀ ਨੀਰ, ਲੈ ਲੈ ਨਦੀਆਂ।"
ਮਰਦਾਨਾ ਇਹ ਰਾਜ਼, ਲੱਭੇ ਸਾਜ਼ ਚੋਂ:
"ਤਿਲਕ ਗਈ ਪਰਵਾਜ਼, ਕਿੱਥੇ ਡਲ੍ਹਕਦੀ?
ਪਹਿਰਾ ਜਾਪੇ ਖ਼ਾਸ, ਜੂਹ ਇਸ ਪਿੰਡ ਦੀ
ਭੇਜ ਰਿਹਾ ਅਹਿਸਾਸ, ਬਾਜ਼ ਅਗੰਮ ਦਾ।
ਲਿਪਟੇ ਮੋਹ ਦੀ ਬਾਸ, ਤਨ ਮਨ ਰੁੱਖ ਦੇ
ਵਸੇ ਚਾਂਦਨੀ ਪਾਸ, ਰਹੇ ਅਦਿੱਸ ਜੋ।
ਕਿਸ ਕੁੰਟੋਂ ਧਰਵਾਸ, ਰੁਣ ਝੁਣ ਲਾਂਵਦਾ?
ਲੈਣ ਮਸੀਹੀ ਸਾਸ, ਕਬਰਾਂ ਜਾਗ ਕੇ!
ਜਾਵਾਂ ਪੁਰ ਸੁਲਤਾਨ, ਪੁੱਛਾਂ ਓਸ ਤੋਂ:
ਦਸ! ਅੱਪਣੇ ਅਸਮਾਨ, ਮੈਂ ਵੀ ਉੱਡਣਾ।"

(ੲ) ਸੁਲੱਖਣੀ

ਬਾਲ ਅਸੰਖ ਮਸ਼ਾਲ, ਕਦੇ ਸੁਲੱਖਣੀ
ਖੜੇ ਰਾਤ ਦੇ ਨਾਲ, ਤੱਕੇ ਮੰਜ਼ਿਲਾਂ।
ਦੂਰ ਧੁੰਦਲੇ ਪੰਧ, ਜਾਣ ਇਕੱਲੜੇ
ਕਿਤੇ ਸਾਕ ਨਾ ਅੰਗ, ਦਰਦੀ ਕਿਤੇ ਨਾ
ਨੀਰ ਰੇਤ ਨਾ ਰੁੱਖ, ਖ਼ੁਸ਼ਕ ਅਚਿਹਨਤਾ
ਨਹੀਂ ਪੈੜ ਨਾ ਮੁੱਖ, ਦਿਸਦੇ ਖੰਭ ਨਾ!!
ਉਸ ਪੈਂਡੇ 'ਤੇ ਕੰਤ, ਹਥ ਪਸਾਰਦਾ
ਤਦੋਂ ਰਹਿਮ ਦੀ ਅੰਸ, ਕੱਢੇ ਕੂੰਬਲਾਂ
ਵਗ ਨੀਰ ਤਦ ਉੱਠਣ, ਝੁਲਸੀ ਰੇਤ ਚੋਂ
ਗਾ ਦੁਆਵਾਂ ਫੁੱਟਣ, ਕੰਠ ਸਰਾਪਿਉਂ।
ਕਹੇ: "ਲਵਾਂ ਮੈਂ ਸਾਰ, ਜਾ ਕੇ ਕੰਤ ਦੀ
ਰੰਗ ਰੇਖ ਤੋਂ ਪਾਰ, ਵੇਖਾਂ ਉੱਡਕੇ।"

(ਸ) ਰਾਇ ਬੁਲਾਰ

ਤੁਰ ਤਲਵੰਡੀ ਵੱਲ, 'ਤੇਰਾ' ਧੁਨੀ ਦੀ
ਰੋਜ਼ ਆਂਵਦੀ ਛੱਲ, ਨਿਹਚਲ ਚੁੱਪ ਲੈ।
ਮਾਂ ਪਿਉ ਸਨ ਹੈਰਾਨ, ਮਨ ਕੁਝ ਟੋਂਹਦਾ
ਮੂਕ ਮੰਤ ਦੀ ਤਾਨ, ਕਿਤ ਵਲ ਖਿੱਚਦੀ ?।
ਸੁੱਤਾ ਰਾਇ ਬੁਲਾਰ, ਨੀਂਦ 'ਚ ਵੇਖਦਾ
ਚੜ੍ਹ ਇਕ ਸਿਖਰ ਪਹਾੜ, ਵਲੀ ਪੁਕਾਰਦੇ :
"ਤੇਰਾ ਧੁਨੀ ਕੀ ਮੰਤ ? ਇਸਦਾ ਅੰਤ ਕੀ ?
ਬਣ ਜਾਂਦੇ ਬੇਅੰਤ, ਮਰਕਜ਼ ਨੀਝ ਦੇ।
ਇਹ ਛੁਪਿਆ ਵਿਸਮਾਦ, ਉਹਲੇ ਵਣਾਂ ਕੀ ?
ਜਾਂ ਸਿਦਕਾਂ ਦੀ ਯਾਦ, ਸਫ਼ਰੋਂ ਮੁੜੀ ਹੈ ?
ਜਾਂ ਬਾਲੀ ਅਪਣੱਤ, ਅੱਗ ਵਿਜੋਗ ਦੀ
ਖਿੱਚਾਂ ਖਾਂਦੀ ਰੱਤ, ਆਦਮ ਜ਼ਾਤ ਦੀ!"
ਜਦ ਆਵਣ ਪੈਗ਼ਾਮ, ਵੇਈਂ ਪੱਤਣੋਂ
ਭੇਜਣ ਜਦੋਂ ਸਲਾਮ, ਦੂਰੋਂ ਕਾਰਵਾਂ
ਝੁਕ ਤਲਵੰਡੀ-ਸ਼ਾਮ, ਮੱਥੇ ਲਾਂਵਦੀ
ਸਮੇ 'ਚ ਡੁੱਬੇ ਨਾਮ, ਪਲ ਵਿਚ ਉੱਕਰੇ।

(ਹ) ਸੁਲੱਖਣੀ ਸੁਲਤਾਨਪੁਰ ਨੂੰ

ਗਲ ਵਿਚ ਪਾ ਕੇ ਰਾਤ, ਜੋਗੀ ਜੁਗਾਂ ਦੇ
ਪੁਰ ਸੁਲਤਾਨ ਦੀ ਵਾਟ, ਅਲਖ ਜਗਾਂਵਦੇ।
ਯਾਦ ਦੇ ਉਡਦੇ ਵਾਣ, ਲੰਘਣ ਖ਼ਾਕ ਚੋਂ
ਰਿਸ਼ੀਆਂ ਜਿਹੇ ਧਿਆਨ, ਟਿਮਕਣ ਦੀਪ ਜਿਉਂ।
ਫ਼ਜਰਾਂ ਹੋਣ ਤਾਂ ਜਾਗ, ਨੈਣ ਸੁਲੱਖਣੀ
ਲਾ ਦੇਵਣ ਸੰਗ ਯਾਦ, ਖੰਭ ਪੈਗੰਬਰੀ।
ਸਭ ਖੰਡੀਂ ਰਹੀ ਕੰਬ, ਤੰਦ ਰਬਾਬ ਦੀ
ਜਾਂਦੇ ਪੰਖਣੂ ਹੰਭ, ਸਿਕਦੇ ਰਾਗ ਨੂੰ।
ਚਿਰ ਦੇ ਵਲਵਲੇ ਸੰਗ, ਨਿੱਤ ਸੁਲੱਖਣੀ
ਵਸੇ ਜੋ ਬਿਰਹਾ ਤੰਦ, ਤਿਸ ਵਿਚ ਘੋਲਦੀ;
ਬਣ ਜਾਇ ਠਿੱਲ੍ਹ ਤਰੰਗ, ਨੀਂਦ ਰਬਾਬ ਦੀ
ਰਾਵੀ ਬਿਆਸਾ ਲੰਘ, ਨਾਨਕ ਸਿਮਰਦੀ

ਨਦੀ ਜਿਹਾ ਵਰਦਾਨ, ਲਭ ਕੇ ਗਰਦਸ਼ੋਂ
ਆ ਗਈ ਪੁਰ ਸੁਲਤਾਨ, ਨੀਂਗਰ ਨਾਲ ਲੈ।
ਸ਼ਹਿਰ ਦੀ ਸ਼ਾਹੀ ਚਾਲ, ਬੁਰਜਾਂ ਹੇਠ ਸੀ
ਵਾਰਦੀ ਪਈ ਜਮਾਲ, ਵਲ ਸੁਲੱਖਣੀ;
ਕੰਤ ਰਹੇ ਉਂਜ ਨਾਲ, ਕੋਲ ਸੀ ਨਾਨਕੀ
ਹੋਰ ਵਾਟ ਕੁਈ ਹਾਲ, ਲਿਖਦੀ ਸਮੇ ਤੇ।

(ਕ) ਤੜਪ ਮਾਤਾ ਪਿਤਾ ਦੀ

ਜਦ ਮਾਂ ਪਿਉ ਦੀ ਜਾਨ, ਵਿਚ ਖ਼ਾਮੋਸ਼ੀਆਂ,
ਸ਼ਿਕਵੇ, ਯਾਦ-ਤੂਫ਼ਾਨ, ਘੇਰ ਖਲੋਂਵਦੇ,
ਮੋਹ ਦੀ ਮਿੱਠੀ ਸ਼ਾਨ, ਓਦੋਂ ਸੁਲਗਦੀ
ਸਰਘੀ ਜਹੇ ਅਰਮਾਨ, ਜਾਗਣ ਨੀਂਦ ਚੋਂ
ਨੀਰਸ ਦੁਨੀ ਦੇ ਗੇੜ, ਅਕਲਾਂ ਘੁੱਟਦੇ
ਫੇਰ ਵੀ ਦਿਸੇ ਸਵੇਰ, ਲੋਧੀ-ਸ਼ਹਿਰ ਦੀ
ਦਾਵਾ ਅਗਨ ਚ ਪੱਤਰ, ਹਰੇ ਕਚੂਰ ਨੇ
ਕਿੰਜ ਪੜ੍ਹਣ ਕੁਝ ਅੱਖਰ, ਉਸ ਤੇ ਲਿਸ਼ਕਦੇ
ਸੁੰਵੀ ਉਮਰ ਦਾ ਜ਼ੋਰ, ਛਹਿੰਦਾ ਜਿੰਦ ਤੇ
ਪੱਥਰ ਰਿਹਾ ਜਿਉਂ ਰੋੜ੍ਹ, ਢਲੀ ਪਹਾੜ ਤੋਂ,
ਕੁਝ ਸੂਖਮ ਅਭਿਮਾਨ, ਯਾਦਾਂ ਡੰਗਦੇ
ਉੱਡ ਹਵਦੇ ਅਹਿਸਾਨ, ਵਾਂਗ ਵਰੋਲਿਆਂ
ਪੀ ਬਿਸਮਣ ਪਰ ਡ੍ਰੋਲ, ਪੁੱਤ ਅਸੀਸ ਦੀ
ਬੜਵਾ ਕਰੇ ਜਾਂ ਖੇਲ, ਸਾਗਰ ਜਾਲ ਕੇ।
ਇੰਜ ਇਸ ਸ਼ਹਿਰ ਦੀ ਜੂਹ, ਮਾਂ ਪਿਉ ਆਂਵਦੇ
ਮਰਕਜ਼ ਵੱਲ ਸੀ ਧੂਹ, ਲੈਂਦਾ ਸੱਚ ਜਾਂ।

(ਖ) ਰਾਇ ਬੁਲਾਰ ਸੁਲਤਾਨਪੁਰ ਨੂੰ

ਓਧਰ ਹੋ ਦਿਲਗੀਰ, ਰਾਇ ਬੁਲਾਰ ਵੀ
ਜਾਇ ਤਾਂ ਘੋੜੇ ਬੀੜ, ਲੋਧੀ-ਧਾਮ ਨੂੰ।
ਨਿਹਕਲੰਕ ਤੇ ਆਦਿਲ, ਮਸਤਕ ਰਾਇ ਦਾ
ਲੈ ਕੇ ਸਜਦਾ ਸਾਦਿਕ, ਦਰ ਕੋ ਲੱਭਦਾ।

ਖੰਭ ਸੰਜੋਗ ਵਿਜੋਗ, ਲੰਘ ਅਗੰਮ ਨੂੰ
ਖੋਹ ਕੇ ਸੰਸੇ ਰੋਗ, ਇਸ਼ਕ ਵਿਹਾਜਦੇ।
ਚਰਨ ਜੋ ਨੂਰ ਅਝੱਲ, ਬਾਲੇ ਜਰੇ ਸੀ
ਕਾਰਵਾਨ ਰਹੇ ਚੱਲ, ਜਿਸਦੇ ਮਗਰ ਹੀ।
ਲੱਖ ਸਾਲਾਂ ਦੀ ਹਾਕ, ਸੀਨੇ ਲਾਇਕੇ
ਚੁੱਕ ਪੁਸ਼ਤਾਂ ਦੀ ਰਾਖ, ਬਾਲੇ ਕਿਹਾ ਸੀ:
"ਸੁਣਦਾ ਰਿਹਾ ਜੇ ਦਿਲ, ਹੇਕ ਪੈਗੰਬਰੀ
ਮੌਤ-ਪਤਾਲ ਪਏ ਮਿਲ, ਸਦਾ ਉਡਾਣ ਜੋ
ਚੁੱਕ ਉਸ ਮਾਰਗੋਂ ਸੇਕ, ਪੰਖੀ ਪਰਬਲਾਂ
ਮੌਡੇ ਲਿਖੇ ਨੇ ਲੇਖ, ਉੱਡਾਂ ਸਦਾ ਹੀ।"
ਇਉਂ ਸੀ ਲੋਧੀ-ਸ਼ਹਿਰ, ਏਸ ਮੁਰੀਦ ਨੇ
ਧੋਤੇ ਰੂਹ ਤਨ ਪੈਰ, ਵੇਈਂ ਕੰਢੜੇ।

(ਗ) ਮਰਦਾਨੇ ਦੀ ਧਿਆਨ ਮੰਜ਼ਿਲ

ਸੁਣੋ! ਸੀ ਇਕ ਦਿਨ ਸ਼ਾਮ, ਵਿਚ ਤਲਵੰਡੜੀ
ਮਰਦਾਨਾ ਧਰ ਧਿਆਨ, ਵੇਖੇ ਮੀਤ ਨੂੰ।
"ਰੋਕਾਂ! ਰੁਕੇ ਨ ਤਾਂਘ," ਦਾਨਾ ਕੂਕਦਾ
"ਕੌਣ ਹੈ ਗੁਫ਼ਾ 'ਚ ਕਾਂਗ, ਡੱਕਣ ਵਾਲੜਾ?"
ਤੁਰਦਾ ਜਾਏ ਬਿਲਾਲ, ਜਿਉਂ ਜਿਉਂ ਮੰਜ਼ਿਲਾਂ
ਚੜ੍ਹੇ ਦੀਦਾਰ-ਜਮਾਲ, ਸਿਰ ਦਿਸਹੱਦਿਆਂ;
ਖੜਾ ਜਾ ਨਾਨਕ-ਬਾਰ, ਨਵੀਂ ਉਡੀਕ ਲੈ
ਰਚੇ ਇਹ ਪਾਕ ਦੀਦਾਰ, ਚਰਖ ਨਵੇਲੜੇ।
ਬਾਲਪਣੇ ਦੇ ਰਾਜ਼, ਨਜ਼ਰੀਂ ਸਾਂਭਕੇ
ਕਿਹਾ ਇਲਾਹੀ ਨਾਜ਼, "ਸੁਣ ਮਰਦਾਨਿਆਂ!
ਸਫ਼ਰ ਦੇ ਨਿੰਬਲ ਖ਼ਾਬ, ਮੈਂ ਸਾਂ ਲੈ ਰਿਹਾ
ਗੂੰਜੀ ਜਦੋਂ ਰਬਾਬ, ਜਲ ਥਲ ਸਾਡੜੀ;
ਰੱਖੇ ਫਰਿੰਦਾ ਸਾਜ਼, ਵੇਈਂ ਪਾਰ ਜੋ
ਦੂਰ ਦੇ ਸ਼ੀਰੀਂ ਨਾਜ਼, ਉਸ ਵਿਚ ਸੌਂ ਰਹੇ।
ਧੂਹ ਲਈਏ ਜੇ ਰਾਜ਼, ਓਸ ਰਬਾਬ ਦੇ
ਖਿਚ ਲਈਏ ਪਰਵਾਜ਼, ਤਾਰਾ-ਗਣਾਂ ਦੀ
ਲੰਘ ਜਾ ਵੇਈਂ ਪਾਰ, ਅਟਕੀਂ ਜ਼ਰਾ ਨਾ
ਰਾਹ ਵਿਚ ਨਿਹੁੰ ਦੀ ਦਾਰ, ਟੰਗੀਂ ਨਫ਼ਸ ਨੂੰ।"

(ਘ) ਮਰਦਾਨੇ ਦੀ ਰਬਾਬ ਦਾ ਸ੍ਰਿਸ਼ਟੀ-ਨਾਦ

ਮਰਦਾਨਾ ਵੱਡ ਜੋਧ, ਨਾਨਕ ਚਰਨ 'ਤੇ
ਅਮਲ ਦੀ ਖਿੰਥਾ ਓਢ, ਸ਼ਬਦ ਪਛਾਣਦਾ।
ਨਾਜ਼ਲ ਹੋਈ ਰਬਾਬ, ਉੱਚੇ ਨੇਮ ਚੋਂ
ਪੈਂਡੜੇ ਲਾ-ਜਵਾਬ, ਦੱਸੇ ਸ਼ਬਦ ਦੇ।
ਵਿਸ਼ਵ ਦੇ ਮਧੁਰ ਨਕਾਬ, ਢਕਦੇ ਸੁੰਨ ਜੋ
ਹੋਇ ਜਾਂ ਸੁਣਿ ਬੇਤਾਬ, ਤਿਖਾ 'ਚ ਵਿਲਕਦੀ
ਤਦੋਂ ਰਬਾਬ ਦੇ ਭੇਤ, ਰੁਣ ਝੁਣ ਅੰਦਰਾਂ
ਦਾਤਾਂ ਜਹੇ ਸੰਕੇਤ, ਹਰ ਪਲ ਦੇਂਵਦੇ
ਧਾਹ ਕੇ ਮਿਲੇ ਰਬਾਬ, ਕਬਰ ਯਤੀਮ ਨੂੰ
ਕੁੱਲ ਫ਼ਰਿਆਦੀ ਬਾਬ, ਪਰਤੇ ਅੰਬਰਾਂ।
ਕੰਠ ਖਲਾਅ ਦੇ ਸੁੱਕ, ਹਫ ਜਦ ਤੜਪਦੇ
ਸੁਧਾ ਦੇ ਵਹਿਣ ਅਮੁੱਕ, ਵਗਦੇ ਤੰਤ ਚੋਂ।
ਵਣ ਘਾਹ ਰੁੱਤਾਂ ਰੁੱਖ, ਪੀਣ ਅਲਾਪ ਨੂੰ
ਓਢਦੀ ਤਾਰਾ-ਚੁੱਪ, ਸ਼ਬਦ-ਲਿਬਾਸ ਨੂੰ।
ਪਰਦਿਆਂ ਪਿੱਛੇ ਤਾਲ, ਕਿੰਨੇ ਡੂੰਘੜੇ
ਮਾਰਦੇ ਖੰਭ ਵਿਸ਼ਾਲ, ਫ਼ਜਰੀ ਸੁਰਾਂ ਦੇ।
ਹੋਂਦ ਦੀ ਡੂੰਘੀ ਚਾਲ, ਸਮੇ ਬਣਾਂਵਦੀ
ਨਕਸ਼ ਰਹੇ ਕੁਈ ਪਾਲ, ਲੰਮੇ ਹੋਰਵੇ।
ਅਬਦ ਦੇ ਸੁਪਨੇ ਢਾਲ, ਨਵੀਂ ਰਬਾਬ ਜੋ
ਵੇਖਦੀ ਰੱਤ ਚ ਬਾਲ, ਪੰਧ ਅਮਿੱਟਵੇਂ।
ਰੰਗਦੀ ਉਸ਼ਾ ਦਿਨੰਤ, ਸ਼ਬਦ-ਅਸੀਸ ਲੈ
ਚੁੰਮਦੇ ਕਾਲ-ਦਿਗੰਤ, ਪਰਚਮ ਜਿੱਤ ਦੇ।
ਝੁਕ ਝੁਕ ਵੇਖਣ ਸੰਤ, ਅਮਲਾਂ ਅੰਦਰਾਂ
ਕਿਸ ਦੀਰਘ ਮਨ-ਮੰਤ, ਰਾਗ ਉਤਾਰਿਆ!
ਜੋ ਘਟ ਘਟ ਭਰਪੂਰ, ਨਾਦ ਅਗੰਮੜਾ
ਬਣ ਜਾਂਦਾ ਦਸਤੂਰ, ਤਾਰ ਰਬਾਬ ਦਾ,
ਤਿਸਦੀ ਛੁਹ ਦਾ ਬੂਰ, ਰੰਗੇ ਕੁਦਰਤਾਂ
ਖੜੇ ਪੁਕਾਰਨ ਨੂਰ, ਪੰਖੀ ਦੂਰ ਦੇ।
ਜਿਸ ਵਰਦਾਨ ਦੀ ਬੂਰ, ਨਾਨਕ ਸਾਮ੍ਹਣੇ
ਸ਼ਬਦ ਨੇ ਭੇਜੇ ਦੂਰ, ਉਹੀ ਸੁਨੇਹੜੇ।

ਉਡਣ ਆਗਾਸ ਸਕੂਨ, ਪੁੱਛਣ ਵਾਟ ਨਾ
ਲੰਘ ਗਏ ਹਰ ਜੂਨ, ਚੱਕਰ ਸੰਞ ਦੇ।
ਵਗਦੀ ਮਗਰ ਭਾਗੀਰਥ, ਗੰਗਾ ਜਿਸਤਰਾਂ
ਆਉਣ ਅਚਿਹਨ ਤੀਰਥ, ਪਿੱਛੇ ਸੁਰਾਂ ਇਉਂ,
ਧੋਤੀ ਜਲ ਸੰਗ ਰਾਖ, ਸਗ੍ ਦੇ ਬੇਟਿਆਂ
ਇਉਂ ਦੁਨੀਆਂ ਦੇ ਪਾਪ, ਧੋਤੇ ਸੁਰਾਂ ਨੇ।
ਕਦੇ ਉਠਾਵੇ ਝੱਲ, ਪਰੇ ਰਬਾਬ ਤੋਂ
ਵਿਜੈ-ਕਹਿਰ 'ਦੀ ਛੱਲ, ਸ਼ਬਦ 'ਚ ਗਰਜਦੀ
ਕਿਸੇ ਭਗੀਰਥ ਵੱਲ, ਰਾਹ ਮਲਸੀਹਾਂ
ਬੇਸਿਦਕੀ ਦੇ ਸੱਲ੍ਹ, ਸਹਿ ਜੋ ਦਹਿਲਦਾ,
ਵਾਣ ਅਮੋਘ ਨੇ ਚੱਲ, ਹਠ ਉਹ ਵਿੰਨ੍ਹਿਆ
ਜਿਸ ਸਿਲ਼ ਜਹੀ 'ਤੇ ਥਲ, ਵਿਛੇ ਸਹੰਸਰਾਂ।
ਦਰ ਕਾਲੀ ਦਾ ਮੱਲ, ਬੈਠਾ ਚਿਰਾਂ ਤੋਂ
ਚੰਨ ਤਾਰੇ ਤਾਂ ਰਲ, ਭੇਜਣ ਦਯਾ ਨੂੰ।
ਕਬਰ ਵਾਂਗ ਸਿਰ ਜੋੜ, ਸੀਸਿ ਭਗੀਰਥੇ
ਬਹੁਤ ਅਲਚਕ ਕਠੋਰ, ਵਿਛੇ ਧਿਆਨ ਸੀ
ਡਾਢੇ ਖ਼ੁਸ਼ਕ ਗੁਬਾਰ, ਸਨ ਅਗਿਆਨ ਦੇ
ਕੰਡੇ ਚੁੱਕ ਪਹਾੜ, ਵੇਖਣ ਗਹਿਰ ਜਿਉਂ,
ਕਾਲੀ-ਭਗਤ ਦੀ ਚਿੰਤ, ਰੇਤ 'ਚ ਖੁਭੀ ਸੀ
ਕਰਦਾ ਪਿਆ ਸੀ ਗਣਤ, ਦੈਵੀ ਅਮਲ ਦੀ;
ਆਖ਼ਿਰ ਸੁਣੀ ਰਬਾਬ, ਸਾਕਤ ਢੀਠ ਨੇ
ਸਿੰਮ੍ਹਿਆ ਰੂਹ 'ਚ ਖ਼ਾਬ, ਨਿਗ੍ਹਾ ਅਨੰਤ ਲੈ।
ਦਿਲ ਹੋਇਆ ਅਸਗਾਹ, ਗੋਤੇ ਖਾਂਦਿਆਂ
ਚਾਰ ਜੁਗੀਂ ਹਰ ਸਾਹ, ਲੈਂਦੀ ਜਿੰਦੜੀ
ਬੰਨ੍ਹੇ ਹੋਏ ਧਿਆਨ, ਊਚ ਨਿਵਾਣ ਨੂੰ
ਹੋਏ ਛੱਡ ਉਡਾਣ, ਜੇਤੂ ਗਗਨ ਦੀ।
ਬੰਨ੍ਹਣ ਸੁਬਹ ਤ੍ਰਿਕਾਲ, ਕਿਤੇ ਨ ਪਰਾਂ ਨੂੰ
ਰਵੀ ਚੰਨ ਜਿਸ ਥਾਲ, ਨਿਗ੍ਹਾ ਉਠਾਂਵਦੀ
ਚਰਨੀਂ ਝੁਕੇ ਭਗੀਰਥ, ਖੁੱਲ੍ਹੇ ਵਹਿਣ ਲੈ
ਉੱਪਰ ਕਮਲ ਦੇ ਦਲ, ਜੁਗ ਜੁਗ ਵਿਗਸਦੇ।
ਫਿਰ ਨਾਨਕ-ਦਰ ਆਵਣ, ਪੁਰ ਸੁਲਤਾਨ ਨੂੰ
ਮਗਰ ਭਗੀਰਥ ਪਾਵਨ, ਭਾਰੀ ਸੰਗਤਾਂ।

(ਙ) ਮਨਸੁਖ

ਮਨਸੁਖ ਵਿਚ ਲਾਹੌਰ, ਵੇਖੇ ਨੀਝ ਲਾ:
ਸੱਚ ਦੇ ਸੱਭੇ ਦੌਰ, ਯਾਰੋਂ ਸੱਖਣੇ।
ਫੂਛ ਸੋਚਾਂ ਦੇ ਝੱਲ, ਮੁਰਸ਼ਦ ਘਿਰੇ ਨੇ
ਸੂਰਜ ਧਰੁਵ ਅਟੱਲ, ਜੈਸਾ ਮੀਤ ਨਾ।
ਅੰਧ ਕਰਮ ਦੇ ਵਿੰਗ, ਘੇਰਣ ਚੇਤਨਾ
ਸੰਤ ਦੀ ਨਿਰਭਉ ਜਿੰਦ, ਕਿਸੇ ਮੁਕਾਮ ਨਾ।
ਜਿਸ ਧੁੱਪ ਵਿਚ ਫ਼ਰੇਬ, ਮੌਤ ਨ ਕਰ ਸਕੇ
ਕਿਸੇ ਸੰਤ ਦੇ ਲੇਖ, ਉੱਥੇ ਦਿਸਣ ਨਾ!
ਪੰਜ ਭੂਤਕੋਂ ਪਾਰ, ਬੰਦਾ ਖੜ੍ਹਾ ਨਾ
ਮਹਾਂ ਗਰਦਸ਼ੋਂ ਬਾਹਰ, ਨਰ ਦਾ ਜ਼ੋਰ ਕੀ!
ਮੂਕ ਰੋਏ ਮਨਸੁਖ, ਦੁਬਿਧਾ ਵਿੰਨ੍ਹਿਆ
ਮਿਲ ਰਾਵੀ ਦੇ ਰੁੱਖ, ਦੇਣ ਦਿਲਾਸੜੇ।
ਉਧਰ ਸੀ ਨਾਨਕ-ਛੁਹ, ਚੱਕਰ ਯੁਗਾਂ ਦਾ
ਛਿਪ ਛਿਪ ਚੜ੍ਹਦਾ ਮੋਹ, ਦਿਲਾਂ 'ਚ ਘੁੰਮਦਾ
ਸਿਦਕ ਦਾ ਸਾਬਤ ਰੋਹ, ਰੂਹਾਂ ਮਾਂਜਦਾ
ਉੱਡ ਦਯਾ ਲਏ ਟੋਹ, ਪੱਥਰ ਜਿੰਦ ਨੂੰ।
"ਤਪੇ ਜਿਗਰ ਜਿਉਂ ਲੋਹ," ਨਾਨਕ ਆਖਦੇ
"ਪਵੇ ਲਾਹੌਰ 'ਚ ਖੋਹ, ਮਿਰੇ ਮੁਰੀਦ ਨੂੰ।
ਦਿਵੋ ਭਗੀਰਥ ਮੱਤ, ਮਨਸੁਖ ਮੀਤ ਨੂੰ
ਰੰਕ ਅਨਾਥ ਦੀ ਪੱਤ, ਜੇ ਉਹ ਢਕੇਗਾ।
ਭਟਕੇ ਵੱਡ ਧਨਵੰਤ, ਜਿੰਨਾਂ ਵਾਂਗਰਾਂ
ਨੁਕਤਾ ਇਕ 'ਬੇਅੰਤ', ਅੰਦਰ ਦੱਸਣਾ।
ਸੁਰਤੀਂ ਮਰਗ ਦੇ ਮੋੜ, ਭੰਨੀਂ ਬੁੱਤ ਜਿਉਂ
ਜਿੱਤ ਜੋ ਨਵੀਂ ਨਿਕੋਰ, ਦੱਸੀਂ ਅਬਦ ਤੇ।"

ਸੁਣ ਕੇ ਹੁਕਮ ਲਾਹੌਰ, ਗਿਆ ਭਗੀਰਥਾ
ਪ੍ਰੇਤ ਜਿਉਂ ਘੁੰਮਨ ਦੌਰ, ਮਨਸੁਖ ਵੇਖਦਾ।
ਕਹੇ ਭਗੀਰਥ "ਸ਼ੋਰ, ਸੁੰਞੀ ਮੱਤ ਦੇ
'ਅਸਲ' ਸੁਤੰਤਰ ਹੋਰ, ਪਰਲਉ ਜਿੱਤਦਾ।
ਦਯਾ 'ਚ ਦੇਵੋ ਖੋਰ, ਵੈਭਵ ਰੰਗਲੇ
ਓਸੇ ਹੀ ਦਰਿ ਗੋਰ, ਜਿਸ ਘਰ ਮੀਤ ਨਾ।"

ਸੁਣ ਉੱਠੀ ਘਨਘੋਰ, ਜੇਤੂ ਰਣਾਂ ਦੀ
ਚੜ੍ਹੇ ਸੁਤੰਤਰ ਜ਼ੋਰ, ਅਰਸ਼ੀ ਢਾਲ ਲੈ।
ਖੜਾ ਆਣ ਮਹਿਮਾਨ, ਮਨਸੁਖ-ਦਰਾਂ ਤੇ
ਜਿਉਂ ਸੱਚਾ ਫ਼ੁਰਮਾਨ, ਪੁੱਜੇ ਧੁਰਾਂ ਤੋਂ।
ਜੋ ਕੁਝ ਵਸੇ ਅਮੁੱਲ, ਨਦਰ ਭਗੀਰਥੇ
ਪਿਆ ਅਖ਼ੀਰ ਸੀ ਹੁੱਲ, ਮਨਸੁਖ ਅੰਦਰਾਂ।
ਜਗ ਬੁਝ ਜੁਗਾਂ ਦੇ ਗੇੜ, ਪੁੱਜੇ ਓਸ ਥਾਂ
ਜਿੱਥੋਂ ਮਨਸੁਖ ਫੇਰ, ਕਦੇ ਨ ਤਿਲਕਣਾ।

(ਚ) ਨਾਨਕ ਦੀ ਨਮਾਜ਼

ਕਲਪਦਾ ਦੌਲਤ ਖ਼ਾਨ, ਉੱਚੇ ਬੁਰਜ 'ਤੇ:
"ਲੰਘਦਾ ਮਾਹ ਰਮਜ਼ਾਨ, ਰੋਜ਼ੇ ਬੀਤਦੇ।
ਨਾਜ਼ਲ ਹੋਏ ਕੁਰਾਨ, ਜਿਸ ਪਲ ਨਬੀ ਤੇ
ਅੱਜ ਵੀ ਉਸਦੀ ਸ਼ਾਨ, ਮੱਥੇ ਸੁਬਹ ਦੇ,
ਪਰ ਦਿਲ ਦੀ ਸੁੰਨਸਾਨ, ਵਕਤ ਨਮਾਜ਼ ਦੇ
ਕਦੇ ਨਾ ਉਹ ਇਲਹਾਮ, ਪਲ ਭਰ ਚੱਖਦੀ।
ਵਹੀ ਦੀ ਰੱਬੀ ਤਾਨ, ਸੁਣਨੀ ਲੋਚਦਾਂ
ਕਦੇ ਤਾਂ ਮੈਂ ਅਸਮਾਨ, ਤੱਕਾਂ ਓਸਦੇ।
ਕਹਿਣ ਫ਼ਕੀਰ ਕਿ ਰਾਜ਼, ਨਾਨਕ ਕੋਲ ਨੇ
ਹੁਮਾ ਦੀ ਰਗ ਦਾ ਸਾਜ਼, ਮਿਲਿਆ ਓਸ ਨੂੰ।
ਲਿਆਵਸੀ ਵਿਚ ਨਮਾਜ਼, ਦਿਲ ਮੈਂ ਦੱਸਦਾ
ਵਹੀ ਦਾ ਨੂਰੀ ਤਾਜ, ਰੂਹ 'ਤੇ ਰੱਖਸੀ।
ਬੰਨ੍ਹੇ ਉਸਦੇ ਨਾਦ, ਗ਼ੈਬੀ ਹਰਫ਼ ਨੇ
ਲੈ ਆਇ ਕੋਈ ਬਾਜ਼, ਅਰਸ਼ੋਂ ਵਹੀ ਨੂੰ;
ਇਲਹਾਮਾਂ ਦਾ ਸਵਾਦ, ਉਤਰੇ ਜਿੰਦ ਤੇ
ਘੁਲੇ ਨਮਾਜ਼ੀਂ ਯਾਦ, ਪਹਿਲੀ ਹਿਰਾ ਦੀ।
ਭਾਵੇਂ ਕਰਦੇ ਨਿੰਦ, ਵਾਰਿਸ ਸ਼ਰਾ ਦੇ:
'ਫ਼ਰਜ਼ ਇਮਾਨ ਦੀ ਚਿੰਦ, ਇਸਨੂੰ ਜ਼ਰਾ ਨਾ।
'ਕੁਫ਼ਰ ਫ਼ਰੇਬੀ ਡੰਗ, ਨਾਨਕ ਬੁੱਕਲੇ
'ਬੇਤਾਲੇ ਕੁੱਲ ਰੰਗ, ਆਲਸ ਨੀਂਦਰੇ।'
ਮੁੱਲਾਂ ਕਹੇ ਜਾਂ ਸਿਹਰ, ਮੋਦੀ ਕੋਲ ਨੇ
ਕਰੇ ਮੈਂ ਖੜ੍ਹੇ ਚੁਫੇਰ, ਮੁਨਸਫ਼ ਓਸਦੇ,

ਲਿਖੇ ਆ ਲੇਖ ਸਵੇਰ, ਮੋਦੀ ਵਾਲੜੇ
ਸੁਣੇ ਵਜਾਉਂਦੇ ਬਿਹਰ, ਰੱਬੀ ਕਾਫ਼ਲੇ।
ਕਹਿਣ ਮੁਨੀਮ ਤਮਾਮ, ਅੱਗੇ ਆਰਫ਼ਾਂ :
ਹਰ ਯੁਗ ਭਰੇ ਗੁਦਾਮ, ਜਾਪਣ ਏਸਦੇ।
ਨਵਾਂ ਇਹ ਅਲ-ਅਮੀਨ, ਤੁਰਿਆ ਜ਼ਿਮੀਂ ਤੇ
ਮੈਂ ਵੀ ਕਰੇ ਯਕੀਨ, ਵਕਤ ਹਿਸਾਬ ਦੇ।"

ਲੋਧੀ ਦੇ ਅਰਮਾਨ, ਨਾਨਕ ਲਈ ਜੋ
ਕਾਸਿਦ ਨਾਲ ਗੁਮਾਨ, ਤਪ ਤਪ ਦੱਸਦਾ।
ਨਾਨਕ ਕਹੇ : "ਬੇਜਾਨ, ਲੋਇਣ ਦੀਨ ਦੇ
ਨਹੀਂ ਮੁਰੀਦ ਦੀ ਸ਼ਾਨ, ਜਿੱਥੇ ਚਮਕਦੀ।
ਜਿਸ ਸਜਦੇ ਦੀ ਜਾਨ, ਪੱਤ ਹੈ ਦੀਨ ਦੀ
ਉਹ ਬਣਦੀ ਮਹਿਮਾਨ, ਧਾਮ ਅਸਾਡੜੇ;
ਦੀਨ ਦੇ ਵਹਿਣ ਮਹੀਨ, ਜਿਥੇ ਸੁੱਕਦੇ
ਉਸ ਥਲ ਵਿਚ ਕੀ ਜੀਣ, ਸਾਡਾ ਬੇਲੀਆ ?"

ਆਵੇ ਨੈਣ ਹਲੀਮ, ਕਾਸਿਦ ਦੂਸਰਾ
ਜਿਸਦੀ ਹੰਝ 'ਚ ਲੀਨ, ਰੈਣ-ਇਬਾਦਤਾਂ।
ਝੁਕ ਮਿੱਠਾ ਪੈਗਾਮ, ਦੌਲਤ ਖ਼ਾਨ ਦਾ
ਮੋਦੀਖ਼ਾਨੇ ਆਣ, ਕਾਸਿਦ ਦੇਂਵਦਾ :
"ਆਓ ਕਰੋ ਨਮਾਜ਼, ਨਾਲ ਅਸਾਡੜੇ
ਬਖ਼ਸ਼ ਦਿਓ ਮਿਅਰਾਜ, ਦਾ ਕੋ ਵਲਵਲਾ।
ਥੱਕ ਗਈ ਪਰਵਾਜ਼, ਕਹਿਣ ਅਕੀਦਤਾਂ
ਸੱਦੋ ਦੇ ਆਵਾਜ਼, ਹਿਰਾ ਦੀ ਚੁੱਪ ਨੂੰ।"
ਮੰਨ ਦੌਲਤ ਦੀ ਗੱਲ, ਨਾਨਕ ਚੱਲਿਆ
ਅਬਦ ਤੋਂ ਲੰਮੀ ਛੱਲ, ਭਰ ਵਿਚ ਸਜਦਿਆਂ।
ਆਇਆ ਨਗਰ ਸੀ ਚੱਲ, ਕੌਤਕ ਵੇਖਣੇ
ਜਾਮਾ ਮਸਜਿਦ ਵੱਲ, ਤੁਰੀ ਵਹੀਰ ਸੀ।
ਕੂਕੇ ਮੁਖੀ ਇਮਾਮ, ਵਜਦਾਂ-ਹੁੱਲਿਆ :
"ਆਈ ਨਾਲ ਜੋ ਖ਼ਾਨ, ਬਰਕਤ ਸ਼ਹਿਰ ਦੀ
ਇਕ ਦਿਨ ਇਦ੍ਹੀ ਅਜ਼ਾਨ, ਜਲ ਥਲ ਚੁੰਮਣੇ
ਚੜ੍ਹਿਆ ਨਭ ਇਸਲਾਮ, ਤਾਰਾ ਲਿਸ਼ਕਦਾ।"

ਤਾਂ ਫਿਰ ਸਹਿਮ ਦਾ ਜ਼ੋਰ, ਦਿਲਾਂ 'ਚ ਉੱਠਿਆ
ਲੁਕਿਆ ਕੁਫ਼ਰ ਦਾ ਸ਼ੋਰ, ਸਿਰਾਂ 'ਚ ਘੁੰਮਿਆ।
ਜ਼ੁਹਰ ਦੀ ਜਦੋਂ ਨਮਾਜ਼, ਆਈ ਸਿਖਰ ਤੇ
ਪਤਾ ਨਹੀਂ ਕੀ ਰਾਜ਼ ? ਨਾਨਕ ਹੱਸਿਆ!
ਡਰੇ ਰੰਕ ਤੇ ਰਈਸ, ਰੰਜਸ਼ ਮੋਮਨਾਂ
ਕਾਜ਼ੀ ਕਹੇ: "ਇਬਲੀਸ, ਕਬਰੋਂ ਨਿਕਲਿਆ।"
ਹੋਇ ਖ਼ਾਨ ਹੈਰਾਨ, ਪੁੱਛੇ: "ਨਾਨਕਾ:
"ਕਿਉਂ ਅਦਬੋਂ ਅਣਜਾਣ, ਰੱਬੀ ਲੋਕ ਵੀ ?"
ਸੁਣ ਨਾਨਕ ਗੰਭੀਰ, ਪਲ ਵਿਚ ਹੋਂਵਦਾ
ਸਭ ਕੌਮਾਂ ਦੀ ਪੀੜ, ਮੱਥੇ ਉੱਕਰੀ।
ਉਡ ਉਡ ਓਥੋਂ ਧੂੜ, ਸਾਹੀਂ ਰਲੀ ਸੀ
ਜਿਸ ਜੁਗ ਕ਼ਾਫ਼ਲੇ ਦੂਰ, ਭੁੱਲੇ ਰਾਹ ਨੂੰ।
"ਨਬੀ ਹੈ ਵਿਚ ਨਮਾਜ਼," ਸੁਖ਼ਨ ਉਚਾਰਿਆ
"ਖ਼ੁਹੁ ਮਹਿਮਾਨ ਨਿਵਾਜ਼, ਜਿੱਥੇ ਜ਼ਿੰਦਗੀ।
ਉਸ ਥਾਂ ਗੂੰਜਣ ਸਾਜ਼, ਧੁਰ ਦੇ ਨਾਮ ਦੇ
ਸੁਣੇ ਓਥ ਇਕ ਬਾਜ਼, ਪਹਿਰਾ ਕਾਲ ਦਾ।
ਐਪਰ ਖ਼ਾਨ, ਇਮਾਮ, ਜਾਣੇ ਅਜੇ ਨਾ
ਮੋਮਨ ਦੇ ਦਿਲ ਜਾਨ, ਪਹਿਣ ਨਮਾਜ਼ ਨੂੰ।
ਦੇਸ ਥਾਂ ਨਭ-ਧਾਮ, ਪੰਛੀ ਪਸ਼ੂ ਵੀ
ਪੱਤ ਦੇ ਹੇਠ ਛੁਪਾਣ, ਰੁਲਦੇ ਜਗਤ ਨੂੰ।
ਜਬਰਾਈਲ ਦਾ ਜਾਪ, ਸੁਣੇ ਨਮਾਜ਼ ਜੇ
'ਆਪਾ' ਸਕਣ ਨ ਥਾਪ, ਦਾਵੇ ਜਗਤ ਦੇ।
ਅੱਲਾ ਰਹੇਗਾ ਯਾਰ, ਉਸ ਨਮਾਜ਼ ਦਾ
ਰਹੇਗਾ ਪਹਿਰੇਦਾਰ, ਸਿਖਰ ਮੁਰਾਕਬੇ।
ਸੱਚ, ਹਲਾਲ ਤੇ ਖ਼ੈਰ, ਜਿਸਦੇ ਪੱਤਣੀਂ
ਧੋਣ ਘਾਇਲ ਦੇ ਪੈਰ, ਜ਼ਮਜ਼ਮ ਨੀਰ ਲੈ।
ਬਨਣ ਨਮਾਜ਼ ਦੇ ਨੂਰ, ਹਾਜੀ ਸਿਫ਼ਤ ਦੇ
ਪੱਕਦੀ ਰਹੇ ਖਜੂਰ, ਸੁਣ ਸੁਣ ਜ਼ਿਕਰ ਨੂੰ।
ਛੁਹਵੇ ਨਬੀ ਦੀ ਜੀਭ, ਮਿੱਠੇ ਫਲਾਂ ਨੂੰ
ਸੱਦਣ ਹਸ਼ਰਾਂ ਤੀਕ, ਹਰ ਮਹਿਮਾਨ ਨੂੰ।
ਪਵੇ ਅਦਿੱਸ ਚਿਲਕੋਰ, ਦੈਵੀ ਦਰਾਂ ਤੇ
ਇਸ ਥਾਂ ਹੋਰ ਨ ਹੋਰ, ਬਾਝੋਂ ਮੁਰਸ਼ਦਾਂ।
ਵਣਜ ਵਪਾਰ ਨ ਘੋੜ, ਪਹੁੰਚੇ ਉਸ ਥਾਂ
ਦੜ੍ਹਨ ਧੂੜ, ਨਾ ਜ਼ੋਰ, ਅੰਨ੍ਹੇ ਰਕਸ ਚੋਂ।

ਤੁਸੀਂ ਇਬਾਦਤ ਹੋਰ, ਕੀਤੀ ਐਪਰਾਂ
ਕਹਿਰ ਰਹੇ ਸੀ ਘੋਰ, ਮਨ ਦੀ ਕੰਦਰਾ
ਵਿੰਨ੍ਹਣ ਲਬ ਦੇ ਖੋਰ, ਜਿਗਰ ਨਮਾਜ਼ ਦਾ
ਛੂਪ ਜਿਉਂ ਕੀਟ ਦੀ ਤੋਰ, ਮਿਲਦੀ ਰੋਗ ਨੂੰ।
ਤੀਰ ਨਮਾਜ਼ੀਂ ਕੋਰ, ਉੱਡਣ ਹਿਰਸ ਦੇ
ਅਬੂ ਲਹਬ ਦਾ ਜ਼ੋਰ, ਵੜਦਾ ਚੋਰ ਜਿਉਂ।"

ਇਉਂ ਕਹਿ ਹੋਇਆ ਚੁੱਪ, ਨਾਨਕ ਹੱਸ ਕੇ
ਰੂਹ ਦੇ ਲੰਮੇ ਦੁੱਖ, ਦੋ ਪਲ ਸ਼ਫ਼ਾ ਦੇ!!
ਬਹੁ ਪ੍ਰਪੰਚ ਨੂੰ ਚੁੱਕ, ਬਾਝੋਂ ਨਦਰ ਦੇ
ਜਾਣ ਫ਼ਿਤਰਤਾਂ ਸੁੱਕ, ਜ਼ਹਿਰੀ ਰਾਖ ਤੇ,
ਐਪਰ ਸਕੇ ਨਾ ਰੁਕ, ਸਮਾਂ ਪੈਗ਼ੰਬਰੀ
ਜਲਣ ਨਮਾਜ਼ ਦੇ ਰੁੱਖ, ਕਰਦਾ ਹਰੇ ਹੈ।
ਗੁੱਝੇ ਜਾਪ ਅਮੁੱਕ, ਨਾਨਕ ਛੇੜਦਾ
ਜਬਰਾਈਲਾਂ ਦਾ ਮੁੱਖ, ਦਿਸੇ ਨਮਾਜ਼ ਨੂੰ।
ਸੁੱਟੀ ਜਲ ਥਲ ਰਾਖ, ਵਹਿਸ਼ੀ ਜ਼ੋਰ ਨੇ
ਲਹੂ ਚੋਂ ਨਿਕਲੇ ਰਾਗ, ਮੁੜ ਮੁੜ ਜੀਣ ਦਾ।
ਨਵੀਂ ਨਿਕਲਦੀ ਸ਼ਾਖ਼, ਬੰਦੀ-ਕ਼ਿਲੇ ਚੋਂ
ਪੰਜਾ ਲਾਉਂਦਾ ਆਪ, ਕਾਫ਼ਰ ਰੋਹ ਤੇ।
ਮਸਜਿਦ ਦੀ ਵਿਚ ਖ਼ਾਕ, ਬੁੱਧ ਪਛਾਣਦਾ
ਕਦੇ ਨ ਰੁੱਠੇ ਚਾਕ, ਦਿਲ ਦੇ ਕਾਅਬਿਉਂ।
ਦੂਰ ਹਿਰਾ ਵਲ ਝਾਕ, ਸ਼ਿਕਵਾ ਕਰੇ ਜਿਉਂ
"ਸੁਣੇ ਮਿਅਰਾਜ ਦੀ ਹਾਕ," ਮੋਮਨ ਆਖਦੇ। -5-

6

ਵਿਸ਼ਵ ਕੰਨਸੋਆਂ, ਮੁਰੀਦ ਅਤੇ ਸੋਦਰੁ

ਚੇਤ ਮਹੀਨਾ, ਅੰਮ੍ਰਿਤ ਵੇਲਾ
ਝਿਮ ਝਿਮ ਗਗਨ ਹੁਸੀਨ ਇਕੇਲਾ
ਮੂਕ ਮਹੀਨ ਅਮੀਕ ਸੁਹੇਲਾ
ਵੇਈਂ ਪਾਰ ਸੰਗੀਤ ਨਵੇਲਾ।
ਹੋਇ ਹਰਾਨ ਰਿਹਾ ਮਰਦਾਨਾ
ਚੁੱਪ ਰਬਾਬ! ਦੂਰ ਸੀ ਤਾਨਾਂ!

ਸ਼ਬਦ ਅਲੌਕਿਕ ਹੋ ਵਿਸਮਾਦੀ
ਨਭ ਪਤਾਲ ਨੂੰ ਕਰਦੇ ਨਾਦੀ
ਸਾਜ਼ ਦੀਆਂ ਪਰ ਤੰਦਾਂ ਊਂਘਣ
ਰਗਾਂ ਇਲਾਹੀ ਜਲ ਥਲ ਗੂੰਜਣ।
ਮਰਦਾਨੇ ਦੀ ਚਿੰਤਾ ਕੂਏ:
"ਨਾਨਕ ਅੱਜ ਨਾ ਖੋਲ੍ਹੇ ਬੂਹੇ।
ਕਿਤੇ ਦਿਸੇ ਨਾ ਅੰਮ੍ਰਿਤ ਵੇਲੇ
ਕਵਨ ਕੁੰਟ ਵਲ ਪੈਂਡੇ ਝੇਲੇ।
ਨਾ ਵਣ ਨਾ ਜੋਗੀ ਮਤਵਾਲੇ
ਕਿਸੇ ਵੀ ਚਾਪ ਸੁਣੀ ਨ ਹਾਲੇ!"
ਸੁਰਤ-ਸਿਖਰ 'ਤੇ ਚੜ੍ਹ ਮਰਦਾਨਾ
ਫ਼ਜਰਾਂ ਕੋਟ ਵੇਖਦਾ ਸ਼ਾਮਾਂ।
ਅੰਬਰ ਦੂਰ ਕਬਰ ਜਿਉਂ ਸੁੰਨੇ
ਰਾਖ 'ਚ ਗ਼ਰਕ ਕਦੇ ਨ ਰੁੰਨੇ।
ਤਾਂ ਪੱਥਰ ਦੇ ਸ਼ਾਹ ਸਵਾਰਾਂ
ਦਿੱਤੀ ਰਮਜ਼ ਵਾਂਗ ਗ਼ਮਖਾਰਾਂ:
ਅਣਗਿਣ ਅੰਬਰ ਜਿੱਤ ਜ਼ਮਾਨੇ
ਰੰਗ ਫੜਣ ਜਦ ਹੂਰਾਂ ਸਾਵ੍ਹੇਂ
ਇਬਲੀਸਾਂ ਦੇ ਬੰਦੀਖ਼ਾਨੇ
ਹਰ ਅਹਿਸਾਸੋਂ ਹੋਣ ਬਿਗਾਨੇ।
ਨੈਣ ਭਰੇ ਨਾਨਕ ਦਾ ਚੇਲਾ
ਕਿੰਨੀ ਵਾਰ ਵਿਛੜਿਆ ਮੇਲਾ।

ਵਣਾਂ 'ਚ ਕੂੰਦੇ ਪਰ ਇਕ ਤਾਰਾ
ਰਾਹ ਜਿਦ੍ਹਾ ਸਦੀਆਂ ਤੋਂ ਗਾੜ੍ਹਾ।
ਵਗਦਾ ਨੂਰ ਨੂਰ ਚੋਂ ਆਪੇ
ਚਰਨ-ਰੇਖ ਨਾਨਕ ਦੀ ਜਾਪੇ।
ਅੰਬਰ ਅੰਨ੍ਹੇ ਕੂਹਜ-ਸਰਾਪੇ
ਕਿੱਥੋਂ ਜਾਗੇ ਲੈ ਤਰਨਾਪੇ!
ਜਰਾ ਅਸੀਮ ਪੰਧ ਤੁਰ ਲੰਮੇ
ਚਰਨ-ਰੇਖ ਨੂੰ ਝੁਕ ਝੁਕ ਮੰਨੇ।
ਤੁਰ ਤੁਰ ਅੰਤ-ਪੜਾ ਨੂੰ ਥਾਪੇ
ਨਟ ਖਟ ਬਿੱਜ ਕਾਲ ਹਰ ਨਾਪੇ।

ਮੰਝਧਾਰ ਜਨਮਾਂ ਦੀ ਛਲਕੇ
ਜਿਸ ਨੁਕਤੇ 'ਤੇ ਜਗਨੂੰ ਡਲ੍ਹਕੇ।
ਜੋਜਨ ਚੀਰ ਜੁਗੀ ਉਹ ਬਲ ਕੇ
ਕੂਟ ਅਜੈ 'ਤੇ ਸੂਰਜ ਝਲਕੇ।
ਵਣ ਨੂੰ ਦੇਣ ਸੁਨੇਹੇ ਗੰਧਾਂ
ਲਿਪਟਣ ਨਾਲ ਰਾਗ ਬ੍ਰਹਿਮੰਡਾਂ
ਗਾ ਗਾ ਪੂਰਨ ਹੋਵੇ ਜਿੰਦੂ
ਚਰਨ-ਰੇਖ ਦਾ ਛੂਹਦੀ ਬਿੰਦੂ।

ਵੱਡੇ ਤੜਕੇ ਫਿਰ ਮਰਦਾਨਾ
ਵਿਹਦਾ ਹੌਂਦਾਂ ਵਿਚ ਤੂਫ਼ਾਨਾਂ
ਗੁੰਮ ਘਾਇਲ ਤਿਮਰ ਵਿਚ ਜਾਨਾਂ
ਬਿਰਧ ਨੇ ਹੁਣ ਜੋ ਕਲ ਰਕਾਨਾਂ।
ਉਬਲ ਕੜਾਹੇ ਹੇਠ ਗੁਫ਼ਾਵਾਂ
ਡੀਕ ਰਹੇ ਹੌਂਦ ਦੀਆਂ ਰਾਹਾਂ,
ਵਿਚ ਤਿਲ੍ਹਕਦੇ ਹੌਲਦੇ ਸਾਹਾਂ
ਜ਼ਹਿਰੀ ਖ਼ਾਰ ਫਰੋਲੇ ਰਾਹਾਂ
ਉੱਡਣ ਜਿਵੇਂ ਟੁੱਟ ਕੇ ਹਾਰੀ
ਭੁਜਾ ਮੇਘ ਨਾਦ ਦੀ ਭਾਰੀ।
ਜਨਮ ਜਨਮ ਸੁਰਤਾਂ ਰਲ ਜਾਵਣ
ਕੀਟ ਪੰਖਨੂ ਜੱਛ ਹੋ ਆਵਣ।
ਥਲਾਂ 'ਚ ਖੰਭ ਸੁਰਤ ਦੇ ਸੜਦੇ
ਹੋ ਗੁਮਨਾਮ ਦੁਆਵਾਂ ਕਰਦੇ।
ਆਖ਼ਰ ਸਿਦਕ ਪੰਧ 'ਤੇ ਆਵੇ
ਕੋਟ ਕਾਰਵਾਂ ਇਸ਼ਕ ਜਗਾਵੇ।
ਗਾਵਣ, ਸੌ ਦਰੁ ਤੱਕਣ ਦੂਰੋਂ
ਨਾ ਬੇਹੋਸ਼ ਹੋਣ ਇਸ ਤੂਰੋਂ,
ਰੁੱਤਾਂ ਸਬਜ਼ ਹੋਣ ਇਸ ਬੂਰੋਂ
ਪੰਧ ਅਸੰਖ ਬਣੇ ਇਸ ਨੂਰੋਂ।
ਚਰਨ-ਰੇਖ ਨਾਨਕ ਦੀ ਉੱਤੇ
ਬਹੁ ਜਨਮਾਂ ਦੇ ਸਜਦੇ ਸੁੱਤੇ।

ਸੀ ਬੀਤਣ 'ਤੇ ਚੇਤ ਮਹੀਨਾ
ਮਹਿਕਾਂ ਸੱਦੇ ਨਦੀ ਹੁਸੀਨਾ;

ਦਸਤਕ ਧੁੱਪ ਦੀ ਵਣਾਂ 'ਚ ਕੰਬੇ
ਹੱਟ ਪਟਣ ਰੁੱਖਾਂ ਚੋਂ ਲੰਘੇ।
ਸਬਰ ਅਨੰਤ ਚੁੱਕ ਮਰਦਾਨਾ
ਵਿਹਦਾ ਬੰਦ ਜੁ ਮੋਦੀਖ਼ਾਨਾ
ਵਿਚ ਰਬਾਬ ਛੂਪਣ ਅਜ ਤਾਨਾਂ
ਹਰਫ਼ ਦਿਸੇ, ਮਾਅਨਾ ਗ਼ੈਬਾਨਾ !!
ਜ਼ੁਹਰ-ਅੰਜ਼ਾਨ ਸੁਣੀ ਫਿਰ ਲੋਕਾਂ
ਪਾਕ ਭੈਅ ਖੜਾ ਲਾ ਰੋਕਾਂ।
ਖੜਣ ਉਡੀਕ 'ਚ ਮੂਕ ਦੁਆਵਾਂ
ਬਹੁ ਇਤਿਹਾਸ ਰਲਣ ਵਿਚ ਸਾਹਾਂ।
ਜ਼ੁਹਰ-ਨਮਾਜ਼ ਰੌਣਕੀਂ ਧੜਕੇ
ਖ਼ਾਬ ਗੌਸ ਕੁਤਬਾਂ ਦੇ ਤਰਕੇ।
ਉੱਠ ਸਮੇ ਮਹਿਮੂਦ ਦੇ ਘੁੰਮਣ
ਨਦੀ 'ਚ ਵਗਣ, ਖ਼ਾਕ ਨੂੰ ਚੁੰਮਣ
ਲੈਣ ਦੁਆ ਦੇ ਪਲ ਵਿਚ ਸਾਰਾਂ
ਹੜ੍ਹ ਅਰੂਪ ਵਲ ਜਾਣ ਬਜ਼ਾਰਾਂ।
ਹੜ੍ਹਾਂ 'ਚ ਛੁਹ ਇਤਿਹਾਸ ਦੀ ਤਾਰਨ
ਗ਼ੈਬੋਂ ਬੋਲ ਮਸੀਹਾ ਵਾਰਨ।
ਮਰਦਾਨੇ ਦੇ ਨੈਣ ਰੱਬਾਨੀ
ਮਿਹਰ ਖੜੀ ਵੇਹਣ ਅਸਮਾਨੀ;
ਜਾਪੇ ਧੁੱਪ ਬਜ਼ਾਰ 'ਚ ਖ਼ਾਬੀ
ਗਿਆ ਰੌਣਕਾਂ ਲੰਘ ਰਬਾਬੀ।
ਸ਼ਹਿਰ ਵਸਣ ਦੇ ਜਜ਼ਬੇ ਡੂੰਘੇ
ਬਹੁਤ ਵਾਰ ਸਮਿਆਂ ਵਿਚ ਊਂਘੇ।
ਦਿਸੇ ਗਜ਼ਨਵੀ-ਕਾਲ ਪੁਰਾਣਾ
ਪੁਰ ਸੁਲਤਾਨ ਦਾ ਆਦਿ ਠਿਕਾਣਾ।
ਸਿਰ 'ਤੇ ਚਾ ਪੱਕੀਆਂ ਫ਼ਸਲਾਂ
ਬੰਨ੍ਹ ਕਾਫ਼ਲੇ ਆਵਣ ਨਸਲਾਂ;
ਨਾਲ ਅਸੀਸਾਂ ਮਿਲੇ ਜ਼ਮਾਨਾ
ਗਲੇ ਲਗਾਵੇ ਧਾਹ ਮਰਦਾਨਾ,
ਹੜ੍ਹ ਇਤਿਹਾਸ ਦੇ ਨਕਸ਼ਾਂ ਵਾਲਾ
ਰਿਹਾ ਖ਼ਲਕਤਾਂ ਛੁਹਿ ਮਤਵਾਲਾ।
ਨਾਲ ਰੌਣਕਾਂ ਉੱਡਣ ਰੱਤਾਂ
ਵਲੀਆਂ ਬਾਝ ਮਿਲਣ ਨ ਮੱਤਾਂ।

ਸ਼ਹਿਰ ਫਿਰੇ ਮਰਦਾਨਾ ਪਿਆਸਾ
ਛਲਕ ਪਿਆ ਵਜਦਾਂ ਦਾ ਕਾਸਾ,
ਧੂਹ ਪਏ ਵੇਈਂ ਦੇ ਪਾਰੋਂ
ਨਾਦ ਸੁਣੇ ਕਿਸ ਜੋਗੀ ਦੁਆਰੋਂ!
ਤੁਰੇ ਰਬਾਬੀ ਚੇਤਰ ਰੁੱਤੇ
ਗਗਨੋਂ ਗਗਨ ਦਿਸਣ ਵਣ ਉੱਤੇ;
ਮਰਕਜ਼ ਨਾਦ ਗਿਣੇ ਨਾ ਜਿੰਨੇ
ਪੀਂਦੇ ਮਿਹਰ ਗਗਨ ਸੀ ਕਿੰਨੇ!
ਜੋ ਗਾਵੇ ਸੋ ਉੱਚਾ ਜਾਵੇ
ਨਾਦ ਮਗਰ ਨਾਦ ਪਿਆ ਆਵੇ।
ਪੰਧ ਕਰੇ, ਵੇਖੇ ਮਰਦਾਨਾ:
ਕਹਿਰੋਂ ਕਰਮ ਤੀਕ ਅਸਮਾਨਾਂ।
ਡੋਲਣ ਰੁਲਦੇ ਖੰਭ ਅਸੰਖਾਂ
ਵੇਖ ਲਏ ਗਗਨਾਂ ਦੇ ਅੰਤਾਂ
ਐਪਰ ਭਰ ਜਾਣ ਸੰਗ ਬਾਜ਼ਾਂ
ਲਹੂ-ਲੁਹਾਣ ਕੋਟ ਪਰਵਾਜ਼ਾਂ।
ਫਿਰ ਸੰਗੀਤ ਉਠਾਵੇ ਦੂਰੋਂ
ਗਾਵਨ ਪੰਛੀ ਸਾਜੇ ਨੂਰੋਂ
ਸਿੰਧ ਛੁਪੇ ਕੀਰਤਨ ਲਿਆਵਣ
ਚੀਰ ਕੀਟ ਦਾ ਸੀਨਾ ਗਾਵਣ;
ਕੀਟ ਦਾ ਜ਼ੋਰ ਚੜ੍ਹੇ, ਹੜ੍ਹ ਵਗਦੇ
ਰੋਮ ਮੁਰੀਦਾਂ ਦੇ ਸਭ ਜਗਦੇ।
ਤਦ ਪੌੜੀਆਂ ਦਿਸਣ ਅਨੇਕਾਂ
ਦਾਨਾ ਕਹੇ: "ਅਜਬ ਹੀ ਵੇਖਾਂ!
ਹਰ ਪੌੜੀ ਤੋਂ ਸੁਣਦਾਂ ਹੇਕਾਂ
ਗਾਈ ਦੁਆ ਕੀਟ ਤੋਂ ਸੇਖਾਂ।
ਸੁੰਨੇ ਰਹੇ ਕਿਤੇ ਨਾ ਅੰਬਰ
ਗਾਵਣ ਪੰਖੀ ਹੋ ਪੈਗੰਬਰ।"

ਖੜ੍ਹ ਕੇ ਰੰਗ ਮਹਿਕ ਦੇ ਗੋਸ਼ੇ
ਦਰਦ ਮਾਸੂਮ 'ਚ ਦਾਨਾ ਕੋਸੇ:
"ਜ਼ਰਾ ਵੇਖ ਆਦਮ ਦੀ ਹੋਸ਼ੇ!
ਖ਼ੂਨੀ ਵਕਤ! ਬਿਰਖ ਨਿਰਦੋਸ਼ੇ!"

ਫਿਰ ਆਸਨ 'ਤੇ ਦਿਸੇ ਅਚਾਨਕ
ਦੇਵੀ ਧਿਆਨ ਕਿਸੇ ਵਿਚ ਨਾਨਕ,
ਸਿਰ ਜੁੜੇ ਨੈਣਾਂ ਨੂੰ ਪਰਸੇ
ਕਰਮ ਅਦਿੱਖ ਕੁੰਟ ਚੋਂ ਬਰਸੇ,
ਨਾਨਕ ਦੇ ਨੈਣਾਂ ਵਿਚ ਪਾਵਨ
ਕੋਟ ਅਜਨਬੀ ਭੇਦ ਛੁਪਾਵਣ,
ਹੋ ਮਹਿਮਾਨ ਤੁਰਨ ਵੈਰਾਗੇ
ਪੈਂਡੇ ਛੱਡ ਤਪਾਂ ਜੋ ਝਾਗੇ
ਨੂਰ ਮਸੀਹਾ ਸਿਰ ਚੋਂ ਫੁੱਟੇ
ਧੋ ਦਾਰ ਦੇ ਪਾਪ ਸੀ ਉੱਠੇ;
ਸੀਸ ਅਨੇਕਾਂ ਪੈਂਡੇ ਥਾਪੇ
ਮਹਾਂ ਨਾਦ ਦਾ ਮਰਕਜ਼ ਜਾਪੇ
ਹਰ ਸਮੇ ਦੇ ਸੰਤ ਦੇ ਪੈਂਡੇ
ਠੀਕ ਏਸ ਮਰਕਜ਼ ਤਕ ਵਹਿੰਦੇ
ਖਿੜ ਵਿਸਮਾਦ-ਭਰੇ ਸਭ ਪੱਤੇ
ਅਨਹਦ ਨਾਦ-ਸਿਹਰ ਵਿਚ ਰੱਤੇ।
ਕੂਇ ਵੇਖ ਰਬਾਬੀ ਨਿਆਰਾ
ਕੀਟ ਮਤੰਗ ਤੀਕ ਜਗ ਸਾਰਾ:
"ਧਿਆਨ-ਖਿਰਨ ਕੰਠ ਹੈ ਸਾਡਾ
ਜੋ ਗਾਵੇ ਬ੍ਰਹਿਮੰਡ ਦੁਰਾਡਾ।"
ਫਿਰ ਕੋਇਲ ਨੇ ਦਰਦ ਫਰੋਲੇ
ਨਾਨਕ ਨੈਣ ਚਾਪ ਸੁਣ ਖੋਲ੍ਹੇ।
ਕੀ ਵੇਖੇ ? ਸਾਹਵੇਂ ਮਰਦਾਨਾ
ਵਿਚ ਰਬਾਬ ਮੂਕ ਅਫ਼ਸਾਨਾ!
ਕਹੇ ਰਬਾਬੀ: "ਮੀਤ ਸੁਹੇਲੇ!
ਛੋਡ ਗਿਉਂ ਕਿਉਂ ਅੰਮ੍ਰਿਤ ਵੇਲੇ ?
ਨਿਕਟ ਰਬਾਬ ਸ਼ਬਦ ਸੀ ਅੱਗੇ
ਤਰਬ ਅਨੰਤ ਰਗਾਂ 'ਤੇ ਲੱਗੇ!!
ਜੋ ਨੇੜੇ ਉਹ ਕਿਵੇਂ ਦੁਰਾਡਾ ?
ਇਹ ਕੀ ਦਰਦ ਦਿਵੇਂ ਤੂੰ ਡਾਢਾ!
ਤੱਕਿਉਂਮ ਜੋ ਸ਼ਬਦ ਦੇ ਮੇਲੇ
ਓਥੇ ਨਾਦ ਕਵਨ ਸੀ ਖੋਲੇ ?"
ਨਾਨਕ ਕਿਹਾ: "ਬਾਲਪਨ ਬੇਲੀ
ਸੋ ਦਰੁ ਵਾਲੀ ਨਦਰ ਨਿਵੇਲੀ

ਪਿਰ ਨੇ ਸ਼ਬਦ-ਤਰੰਗੀਂ ਠੇਲ੍ਹੀ
ਲੱਖ ਚੁਰਾਸੀ ਜੂਨ 'ਚ ਖੇਲ੍ਹੀ।
ਜੋ ਅਸਗਾਹ ਸ਼ਬਦ ਦੇ ਸੀਨੇ
ਜਿਸ ਵੀ ਜੂਨ ਨਾਦ ਉਹ ਚੀਨੇ
ਨਦਰ ਪਛਾਣ ਹੋਇ ਜੋ ਬਹੁੜੀ
ਉਹ ਜੂਨ ਗਾਵੇ ਹਰ ਪੌੜੀ।
ਓਹੀ ਗਾ ਸਕਦੇ ਜੋ ਗਾਵਨ
ਇਕੰਕਾਰ ਨੂੰ ਮੀਤ ਬਣਾਵਣ,
ਸਭ ਜੂਨਾਂ ਵਿਚ ਗੁਰਮੁਖ-ਪੈਂਡੇ
ਪਲ ਜਾਗਦੇ ਸਦੀਆਂ ਸੌਂਦੇ,
ਗਾ ਕਦੇ ਹੋ ਸਕਣ ਪੈਗੰਬਰ
ਕੀਟ ਫ਼ਰਿਸ਼ਤੇ ਦੈਂਤਾਂ ਅੰਦਰ।
ਫਿਰ ਵੀ ਨਾਦ ਨਾਦ ਦੀ ਮੰਜ਼ਿਲ
ਕਦੇ ਕੋ ਰੂਹ ਸੁਣੇਗੀ ਸੰਭਲ!"

ਸੁਣ ਬ੍ਰਹਿਮੰਡ ਤੱਕੇ ਮਰਦਾਨਾ
ਚੁੱਪ ਅਸਗਾਹ ਖਿੜੀ ਅਸਮਾਨਾਂ
ਜਿਉਂ ਵਿਸਮਾਦ 'ਚ ਭਰਨ ਇਕੱਲਾਂ
ਛੁਪੇ ਅਗੰਮ ਪਤਾਲੋਂ ਛੱਲਾਂ,
ਵੇਈਂ ਚੀਰ ਜਿਵੇਂ ਡੂੰਘਾਣਾਂ
ਅਣਗਿਣ ਵਹਿਣ ਵਗਣ ਵਿਚ ਤਾਨਾਂ
ਜਿਤ ਵਲ ਥਲੀਂ ਪਿਆਸੇ ਸੁੱਤੇ
ਉਤ ਵਲ ਵਹਿਣ ਵੇਈਂ ਦੇ ਫੁੱਟੇ।
ਵਹਿਣ ਅਨੇਕਾਂ ਵਿਚ ਮਰਦਾਨਾ
ਛੁਪ ਜਾਂਦਾ ਵਿਚ ਜਲ-ਨਿਰਵਾਨਾਂ।
ਲੰਘ ਪਤਾਲ ਅਗਾਸ ਦੇ ਰਾਹ
ਲੈਂਦਾ ਨਾਨਕ ਕੋਲ ਉਹ ਸਾਹ
ਐਪਰ ਅਜੇ ਵੀ ਵਿਚ ਅਸਗਾਹ
ਘਿਰ ਪੁੱਛਦਾ ਵਿਚ ਸੁਖ਼ਨ ਅਥਾਹ:
"ਕਿਵੇਂ ਕਦੋਂ ਬੰਦਾ ਕੀ ਗਾਵੇ?
ਆਖ਼ਰ ਤਾਂ ਦੇਹੀ ਖੁਰ ਜਾਵੇ!"
ਨਾਨਕ ਨੈਣ ਮਿਹਰ ਦੇ ਚੁੱਕੇ
ਸੱਚ ਖੰਡ ਤੀਕ ਜੋ ਉੱਚੇ

ਗਈ ਨਜ਼ਰ ਤਕ ਅਗਮ ਬਰੂਹਾਂ
ਉਤਰੀ ਫਿਰ ਪਤਾਲ ਦੇ ਖੂਹਾਂ
ਜਿਉਂ ਨਾਨਕ ਵੇਖੇ ਸਭ ਰੂਹਾਂ
ਦੇਂਦਾ ਸੀ ਅਨਹਦ ਜੁਗ-ਸੂਹਾਂ:
"ਸੁਣ ਰਬਾਬ ਦੇ ਡੂੰਘੇ ਨਾਦੀ
ਗਾਵਣ ਦੀ ਇਹ ਬਖ਼ਸ਼ ਅਨਾਦੀ
ਹੋਂਦ ਦੀਆਂ ਸਾਜੇ ਬਹੁ ਵਾਟਾਂ
ਬਾਗ ਦਿਸਣੰ, ਸ਼ੀਂਹ ਉੱਪਰ ਘਾਟਾਂ;
ਭਾਵੇਂ ਕਾਇਆ ਖ਼ਾਕ ਸਮਾਨਾ
ਫਿਰ ਵੀ ਸ਼ਬਦ 'ਚ ਰਹੇ ਟਿਕਾਣਾ;
ਹਸਤੀ ਦੇ ਲੱਖਾਂ ਤਰਨਾਪੇ
ਚੜ੍ਹਨ ਆਪਣੀ ਪੌੜੀ ਆਪੇ।
ਚੌਦਾਂ ਤਬਕ ਵਗੇ ਕੋ ਵੇਈਂ
ਲੱਗੀ ਸ਼ਬਦ-ਗਲ੍ਹੇ ਜੋ ਵੇਈਂ
ਯਾਰ ਮੁਰੀਦ ਆਪਣਾ ਲੱਭੇ
ਜਿਦ੍ਹਾ ਅਨੰਤ 'ਚ ਗੋਭਾ ਲੱਗੇ।
ਹੋਂਦ 'ਚ ਉੱਠਣ ਦੈਵੀ ਬੁੱਲ੍ਹੇ
ਉਸਦੇ ਵਲ ਜਾਂ ਸੋ ਦਰੁ ਖੁੱਲ੍ਹੇ,
ਤ੍ਰੈ ਕਾਲਾਂ ਤਕ ਰਹੇ ਉਡਾਰੀ
ਕਾਇਆ ਛਿਪੇ ਜਾਇ ਨ ਯਾਰੀ;
ਸ਼ਬਦ ਨਾਲ ਪਿਰ ਕੌਲ ਜੁ ਕੀਤੇ
ਨਿਭਸਨ ਭਾਵੇਂ ਕਾਇਆ ਬੀਤੇ
ਹੋਂਦ ਨੇ ਪੌੜੀ ਨਾਲ ਲਿਜਾਣੀ
ਕਾਲ ਚੇਤਨਾ, ਬਦਲਣ ਬਾਣੀ;
ਨਭ ਨੇ ਹੋਰ। ਨਵਾਂ ਹੈ ਠਾਣਾ,
ਪਿਰ ਦਾ ਇੱਕੋ ਕੌਲ ਪੁਰਾਣਾ।
ਨ ਫ਼ਰੀਦ ਨ ਦੇਹ ਦਾ ਮਾਣਾ
ਕਿਸ ਪੌੜੀ ਉਹ ਖੜਾ ਨ ਜਾਣਾ!
ਬਹੁ ਬੈਠੇ ਤ੍ਰੈ ਕਾਲ ਦੀ ਛਾਵੇਂ
ਬੈਠੇ ਕੌਣ ਫ਼ਰੀਦ ਦੀ ਥਾਵੇਂ?
ਕਰਮ ਖੰਡ ਦੇ ਓਪਰ ਦੁਆਰੇ
ਅਦਭੁਤ ਸੱਚ ਖੰਡ ਦੇ ਤਾਰੇ
ਪਿਰ ਦੀ ਮਿਹਰ ਹੇਠ ਜਦ ਵੇਖਾਂ
ਮਿਲਣ ਫ਼ਰੀਦ ਕਬੀਰ ਅਨੇਕਾਂ।

ਹੁਣ ਵੀ ਅਮਰਦਾਸ ਇਕ ਮੇਰਾ
ਢੂੰਡੇ ਅਸਲੀ ਲੋ ਦਾ ਡੇਰਾ,
ਛੁਹ ਪੁਨੀਤ 'ਚ ਝੱਲ ਵਲੱਲਾ
ਮੈਂ ਵਲ ਤੁਰਦਾ ਵਾਟ ਇਕੱਲਾ
ਪਰ ਜਦ ਰਮਜ਼ ਧੁਰਾਂ ਦੀ ਭੁੱਲੇ
ਛਲ ਕੇ ਰੋਲਣ ਥਲਾਂ 'ਚ ਬੁੱਲ੍ਹੇ
ਸੁਣੇ ਵੰਗਾਰ ਅਬੁੱਝ ਗਾਖਰੀ
ਕਵਨ ਕੁੰਟ ਹੈ ਨਦਰ ਆਖ਼ਰੀ!"

ਵਾਕ ਸੁਣੇ ਮਰਦਾਨਾ ਕੰਬੇ,
ਲਿਵਾਂ ਅਨੰਤ ਵਗਣ, ਸਿਰ ਹੰਭੇ;
ਸੰਤ ਦਿਸਣ ਫਿਰ ਵੇਈਂ ਕੰਢੇ
ਅਣਗਿਣ ਵਹਿਣ ਸੁਰਤ ਦੇ ਲੰਘੇ।
ਇਕੰਕਾਰ ਦੀਆਂ ਸਭ ਲਹਿਰਾਂ
ਵਲ ਆਵਣ ਨਾਨਕ ਦੇ ਪੈਰਾਂ।

7

ਵੇਈਂ ਪਰਵੇਸ਼: ਸੋਦਰੁ ਰੂਬਰੂ

ਸਦੀ ਮਸੀਹੀ ਕੰਬਦੀ, ਅਪਣੇ ਅੰਤ 'ਤੇ ਆ
ਸਾਗਰ ਨੇੜੇ ਪੁੱਜਦੇ, ਨਦੀ ਦੇ ਜਿਵੇਂ ਵਹਾ।
ਉਤਰੀ ਵਿਚ ਸੁਲਤਾਨਪੁਰ, ਉੱਚ ਹੁਕਮ-ਦਰਗਾਹ
ਵੇਈਂ ਚੁੱਕੀ ਸੀਸ 'ਤੇ, ਬਖ਼ਸ਼ਿਸ਼ ਦੇ ਅਸਗਾਹ।
ਸਦੀ ਈਸਵੀ ਸੋਲਵੀਂ, ਚੜ੍ਹਣ ਵਿਚ ਕੁਝ ਮਾਹ
ਆਦਮ ਲਈ ਵਿਛਾਂਵਦਾ, ਹੁਕਮ ਜਲਾਲੀ ਰਾਹ।
ਫੁੱਟੇ ਏਕ ਕਵਾਉ ਚੋਂ, ਜਿਸ ਪਲ ਲੱਖ ਦਰਿਆ
ਇਕ ਵਸਾਖ ਦੀ ਫ਼ਜਰ ਨੂੰ, ਉਹ ਪਲ ਬਖ਼ਸ਼ੇ ਚਾਅ।
ਦੀਨ ਦੇਸ ਵਿਚ ਡਉ ਜਲੈ, ਜਾਗੀ ਪਿਆਸ ਅਥਾਹ
ਨਦਰ ਜੁਗਾਂ ਦੀ ਹੇਠ ਸੀ, ਪਰ ਆਦਮ ਦਾ ਸਾਹ।
ਸਾਖਾਂ ਵੇਸ ਕਰੇਂਦੀਆਂ, ਦਿਲ ਦੇ ਮਿਲੇ ਗਵਾਹ
ਸਦੀਆਂ ਰੁਲੇ ਗਿਆਨ ਜੋ, ਇਸ ਪਲ ਕਰਦੇ ਦੁਆ।
ਕਿਸੇ ਅਬੋਲ ਅਜਾਨ ਨੂੰ, ਇਸ ਪਲ ਲਿਆ ਜਗਾ
ਮਾਰੂ ਰਾਖ ਅਮੁੱਕ ਚੋਂ, ਖੰਭ ਦਿੱਤੇ ਲਿਸ਼ਕਾ।

ਛੁਪਿਆਂ ਅਮਲਾਂ ਸਾਮ੍ਹਣੇ, ਜਦ ਪਲ ਖੜ੍ਹਾ ਇਹ ਜਾ
ਦੇਸ, ਸ਼ਾਹ, ਹਰ ਕੌਮ ਨੂੰ, ਹੌਲ ਸੀ ਦਿੱਤੇ ਪਾ।

ਸਘਨ ਮਨੋਹਰ ਤਾਰਿਆਂ, ਰਲ ਮਾਰੀ ਚਿਲਕੋਰ
ਡੂੰਘੇ ਕੋਹਾਂ ਅੰਦਰਾਂ, ਸੁਣੇ ਸੁਨੇਹਾ ਹੋਰ।
ਪਰਦੇ ਚੁੱਕ ਅਨੰਤ ਦੇ, ਸਿਦਕੀ ਬਾਜ਼ ਅਮੋੜ
ਗਏ ਲੈਣ ਜੋ ਜ਼ਿਮੀਂ ਤੇ, ਕਦੇ ਨ ਚਮਕੀ ਭੋਰ।
ਤੋੜੇ ਨਿਹੁੰ ਦੇ ਨਾਦ ਨੇਂ, ਰੱਬੀ ਹੁਕਮ ਦੇ ਛੋਰ
ਦਾਤਾਂ ਦੇ ਹੜ੍ਹ ਸਾਮ੍ਹਣੇ, ਕੀ ਆਦਮ ਦਾ ਜ਼ੋਰ!
ਹੈਬਤਨਾਕ ਖਲਾਅ ਨੂੰ, ਹੰਸ ਮਿਲੇ ਵਿਚ ਲੋਰ
ਗੀਤ ਪਛਾਣੀ ਆਪਣੀ, ਸ਼ਬਨਮ ਦੇ ਵਿਚ ਤੋਰ।
ਦਿਲ ਮਹਿਮਾਨ ਦਾ ਸਾਜਦਾ, ਬੂਹੇ ਨਵੇਂ ਨਿਕੋਰ
ਜ਼ਿਮੀਂ ਪੁਛੈ ਅਸਮਾਨ ਨੂੰ, "ਕਿੱਥੇ ਦਿਲ ਦਾ ਚੋਰ?"
ਮੁਨਕਰ ਅਤੇ ਨਕੀਰ ਜਦ, ਵੜੇ ਜਾ ਡੂੰਘੀ ਗੋਰ
ਦਾਮਨ ਰਹਿਮ ਦੇ ਤਾਰਿਆਂ, ਧਰੂ 'ਤੇ ਦਿਤੇ ਨਿਚੋੜ।
ਸੁਣਦੀ ਕਿਸੇ ਪਹਾੜ ਤੋਂ, ਤੇਸੇ ਦੀ ਘਨਘੋਰ
ਤਾਰੇ ਨਿਵ ਕੇ ਚੁੰਮਦੇ, ਡਿਗਦੇ ਜਲਾਂ ਦਾ ਸ਼ੋਰ।
ਵੱਡੇ ਤੜਕੇ ਕੂਕਦਾ, ਵੇਈਂ ਕੰਢੇ ਮੋਰ
ਕੌਲ ਜੁ ਕੀਤੇ ਪੱਤਣਾਂ, ਜਲ ਨਾ ਦੇਵਣ ਖੋਰ।

ਉਤਰੇ ਨਾਨਕ-ਪੈੜ 'ਤੇ, ਬੋਧੀ ਬ੍ਰਿਛ ਦੀ ਯਾਦ
ਹੁੰਦੇ ਵੇਈਂ-ਰਾਹ 'ਤੇ, ਕੋਟ ਧਿਆਨ ਅਬਾਦ।
ਤਾਰੇ ਵਾਰਨ ਅੰਬਰੋਂ, ਮਰਦਾਨੇ 'ਤੇ ਨਾਦ
ਨਾਨਕ ਪੀਰ ਦੀ ਪੈੜ 'ਤੇ, ਤੁਰੇ ਵਾਂਗ ਫ਼ਰਿਆਦ।
ਸਾਏ ਵਾਂਗੂੰ ਤੁਰ ਰਿਹਾ, ਮਰਦਾਨਾ ਹੋ ਸ਼ਾਦ
ਝਿਲਮਿਲ ਸੀਨੇ ਅੰਦਰਾਂ, ਜਿਉਂ ਤਿਲ੍ਹਕਣ ਵਿਸਮਾਦ।
ਆਹਟ ਸੁਣੇ ਤਾਂ ਜਾਗਦੇ, ਦਿਲ ਚੋਂ ਆਦਿ ਜੁਗਾਦਿ
ਤਾਰੇ ਉੱਠਣ ਰਿਖੀ ਜਿਉਂ, ਸੁੰਨ ਜੁਗਾਂ ਦੀ ਬਾਅਦ।
ਤਾਰੇ ਲੋਚਨ ਜ਼ਿਮੀਂ 'ਤੇ, ਮੁੜੇ ਇਲਾਹੀ ਦਾਦ
ਜਦੋਂ ਵੈਣ ਸੁਣ ਸੌਂ ਗਏ, ਲਸ਼ਕਰ ਹੋ ਬਰਬਾਦ।
ਜਦ ਅੱਖਰ ਜਦ ਕੁਦਰਤਾਂ, ਬੰਨ੍ਹਣ ਇਲਮ ਅਗਾਧ
ਤਕਵਾ ਲੈ ਕੇ ਨਦਰ ਦਾ, ਕਰਨ ਜਨੂੰਨ ਅਜ਼ਾਦ

ਚੁੰਮੇ ਸੀਤਲ ਲੋਅ ਨੇ, ਤਪਦੇ ਜੁਗ ਜੁਗ ਵਾਦ
ਰੰਗੇ ਉਨਮਨ-ਘਾਟ 'ਤੇ, ਗਰਦ-ਘਿਰੇ ਉਨਮਾਦ।
ਵਜਦ ਸੀ ਉਥੋਂ ਹੁਲਦਾ, ਜਿੱਥੇ ਕਦਮ ਅਨਾਦਿ
ਮਿੱਟੀ ਦੇ ਗਲ ਲਗਦੇ, ਧੁਰ ਦੇ ਕੁੱਲ ਸੁਆਦ।

ਹੱਟ ਪਟਣ ਸੁਲਤਾਨਪੁਰ, ਸਨ ਹਾਲੇ ਬਿਨ ਭੀੜ
ਤਾਰਿਆਂ ਦੀ ਛਾਂ ਜਾਪਦੇ, ਵਿਚ ਇਕੱਲ ਫ਼ਕੀਰ।
ਦਾਨਾ ਨਾਨਕ ਮਗਰ ਸੀ, ਜੁ ਹਰ ਰਾਹ ਦਾ ਪੀਰ
ਨਿਕਲ ਨਗਰ ਚੋਂ ਤੁਰ ਰਹੇ, ਵਲ ਵੇਈਂ ਦੇ ਤੀਰ।
ਬਣਦਾ ਇਕ ਇਕ ਕਦਮ 'ਤੇ, ਪੈਂਡਾ ਗਹਿਰ ਗੰਭੀਰ
ਧੁੰਧ ਕਿਸੇ ਵਿਚ ਘਿਰ ਰਿਹਾ, ਮਰਦਾਨਾ ਦਿਲਗੀਰ
ਨਾਨਕ ਦਿਸਦਾ ਕਿਤੇ ਨਾ, ਛਿਪਦੀ ਗਈ ਲਕੀਰ;
ਵਡ ਕੋਹਾਂ ਵਿਚ ਕਿਤੇ ਨਾ, ਤਾਰੇ ਦੇਣ ਨਜ਼ੀਰ
ਬਿਕਲ ਗਗਨ ਸਭ ਲਾਂਵਦਾ, ਨਾਲ ਦਿਲੇ ਦੀ ਪੀੜ
ਫੇਰ ਪਤਾਲ ਚ ਵੇਖਦਾ, ਜਲ ਥਲ ਹੋਇ ਅਧੀਰ।
ਪਾਂਧੀ ਯਾਦ ਜਾਂ ਆਇਆ, ਜਿਵੇਂ ਸੁਪਨ-ਤਸਵੀਰ
ਸੁਖ਼ਨ ਕਰੇ ਜਿਸ "ਵਲੀ ਜੀ, ਤਜੋ ਵਣਜ ਤੇ ਸੀਰ।"
ਅੰਮ੍ਰਿਤ ਵੇਲੇ ਡੁਸਕਦਾ, ਮਰਦਾਨਾ ਭਰ ਨੀਰ
ਵਲੀ ਦੇਣ ਦਿਲ ਢਕਣ ਨੂੰ, ਅੱਜ ਰਹਿਮ ਦੀ ਲੀਰ:
"ਨਾਨਕ ਮੁੱਢ ਕਦੀਮ ਦੇ, ਸਭ ਰੁੱਖਾਂ ਦਾ ਵੀਰ
ਕਵਨ ਲਹਿਰ 'ਤੇ ਠਿੱਲ੍ਹਿਆ, ਡੂੰਘ ਦਾ ਮਾਹੀਗੀਰ?"
ਸੁਣੀ ਪੁਕਾਰ ਤਾਂ ਸ਼ੇਸ਼ ਨੇ, ਕਿਹਾ: "ਦਿਲ ਰੱਖ ਵੀਰ।
ਭੈਣ ਦੇ ਮੋਹ ਜਿਉਂ ਮਿਲੇਗੀ, ਆ ਤੈਨੂੰ ਤਕਦੀਰ
ਅਜਰ ਜਰੇ ਜਿਸ ਅੰਤ ਦੇ, ਜੋ ਦਰਵੇਸ਼ ਅਖ਼ੀਰ
ਤੇਰੇ ਨਾਲ ਹੀ ਤੁਰੇਗਾ, ਵਿਚ ਜਗਤ ਦੀ ਭੀੜ।"

ਕੋਲ ਬੇਰੀਆਂ ਹਿੱਲਦਾ, ਆਦਮ-ਸਾਇਆ ਕੋ
ਵੇਈਂ- ਜਲਾਂ ਨੂੰ ਦੇ ਰਹੀ, ਉਤਰ ਸੁਨੇਹੇ ਲੋਅ।
ਖੇਵਟ ਬੇੜੀ ਸੰਦੜਾ, ਨੀਂਦਰਾਂ ਦੇਣ ਛੁਥੋ
ਮਾਂ ਜਿਉਂ ਧਰਤ ਜਗਾਂਵਦੀ, ਲੈ ਹਰ ਸਮੇ ਦੇ ਮੋਹ।
ਝੁੰਡ ਖਜੂਰਾਂ ਸਾਮ੍ਹਣੇ, ਨਾਨਕ ਜਾਏ ਖਲੋ
ਕਰੇ ਨਜ਼ਰ ਸਭ ਅੰਬਰਾਂ, ਹਰਫ਼ ਪੁਰਾਣੇ ਜੋ।

ਖੇਵਟ ਗੁਰੂ ਨੂੰ ਵੇਖਿਆ, ਵੇਈਂ ਦਿੱਤੀ ਸੋਅ
ਚੋਲਾ ਲਾਹਿਆ ਪੱਤਣੀਂ, ਜੱਗ ਤੋਂ ਉੱਚਾ ਹੋ।
ਖੇਵਟ ਸੋਚੇ "ਜਲਾਂ ਨੇ, ਰੱਖੇ ਭੇਤ ਲੁਕੋ
ਸੁਰਤਾਂ ਵਿਚ ਜੋ ਉੱਚੜੇ, ਪਾਰ ਅਕਲ ਦੀ ਟੋਹ।
ਇਕ ਪਲ ਨਾਨਕ ਆਪਣਾ, ਦੂਜੇ ਅਜਨਬੀ ਉਹ
ਇਕ ਪਲ ਜਾਪੇ ਸਾਹਮਣੇ, ਇਕ ਪਲ ਜਾਵੇ ਖੋ।
ਨਾਨਕ ਦੀ ਹਰ ਵਿਜੈ ਤੋਂ, ਚਮਕੇ ਪਾਰ ਸੰਜੋਅ
ਏਸ ਦੁਨੀ 'ਦੀ ਲਿਸ਼ਕ ਤੋਂ, ਬਸਤਰ ਉਹਦੇ ਅਛੂਹ।"
ਥਲ ਹੋ ਦਲਦਲ ਉਬਲਦੇ, ਜਗ ਦੇ ਨਾਲ ਧ੍ਰੋਹ
ਨਾਨਕ ਦੇ ਨਿਰਲੇਪ ਮਨ, ਜਿੱਤ ਲਿਆ ਹਰ ਰੋਹ।
ਜਾਪੇ ਲੰਘ ਵਜੂਦ ਨੂੰ, ਸੁਰਤੀਂ ਗਿਆ ਸਮੋ
ਜਾਨ ਲਤੀਫ਼ 'ਚ ਲਹਿਰਦਾ, ਜਿਸਦੇ ਕਿਤੇ ਨ ਕੋਹ।
ਪਰ ਜਦ ਪਹਿਰ ਨ ਬਹੁੜਿਆ, ਦਿਲ ਖੇਵਟ ਦੇ ਖੋਹ,
ਕੰਢੇ ਸਿਦਕ ਦੇ ਖੁਰਣਗੇ, ਕਿਸੇ ਨਾ ਦੇਣੀ ਢੋ।
ਫਿਰ ਸੋਚੇ "ਇਸ ਕਾਲ ਨੂੰ, ਜਿੱਤ ਨਾ ਸਕਿਆ ਕੋ,
ਬਸਤਰ ਪਏ ਜੋ ਪੱਤਣੀਂ, ਵੈਣ ਪਾਉਣਗੇ ਰੋ।" -5

ਨਾਨਕ ਗੋਤਾ ਮਾਰਿਆ, ਜਲ ਅਨੰਤ ਦੇ ਥੰਮ੍ਹ
ਵੇਈਂ ਰੂਹ ਜਿਉਂ ਵਗਦੀ, ਅੰਦਰ ਨਦਰ ਪਿਰੰਮ।
ਜਲ ਥਲ ਲੂਹੇ ਵਣਾਂ ਦੇ, ਮਹਿਕਾਂ ਚੁੱਕੇ ਗ਼ਮ
ਨਾਨਕ ਗੋਦ ਅਗੰਮ ਦੀ, ਨੈਂ ਵਗੇ ਛੰਮ ਛੰਮ।
ਬਾਹਰ ਜਗਤ ਜਲੰਦੜਾ, ਤੋੜ ਰਿਹਾ ਸੀ ਦਮ
ਸ਼ਬਦ ਇਲਾਹੀ ਵੱਜਿਆ, ਸੀਨੇ ਤੇਗਾ ਅਗੰਮ।
ਆਖ਼ਰ ਆਵੇ ਧਰਮ ਦਾ, ਪਿਰਮ ਪਿਆਲਾ ਕੰਮ
ਸਿਹਰ ਕਮੀਨੇ ਜਿੰਨ ਦੇ, ਕੰਕਰ ਹੁੰਦੇ ਜੰਮ।
ਹੁਕਮ ਅਕਾਲ ਦੇ ਆਖਿਆ, ਜਦ ਨਾਨਕ ਨੂੰ 'ਧੰਨ'
ਨਿਹਚਲ ਧਰਮ ਇਹ ਜ਼ਿਮੀਂ ਦਾ, ਤੁਰੇ ਕਾਲ ਸਭ ਮੰਨ।
ਚਮਕਣ ਨਾਨਕ-ਰਮਜ਼ ਦੇ, ਜੁਗ-ਸਿਖਰਾਂ 'ਤੇ ਵੰਨ
ਮੌਤ 'ਤੇ ਚਾਨਣ ਕਰਨਗੇ, ਮਿਟ ਮਿਟ ਸੂਰਜ ਚੰਨ।
ਪਾਕ ਵਜੂਦ ਨੂੰ ਆਪਣਾ, ਹੁਕਮ ਲਿਆ ਸੀ ਮੰਨ
ਫਿਰ ਕੁਦਰਤ ਦੀ ਚਾਲ ਵਿਚ, ਕੀਤੇ ਸਾਸ ਰਵੰਨ।
ਪਈ ਅਸੀਸ ਮਨੁੱਖ ਲਈ, ਬ੍ਰਹਿਮੰਡਾਂ ਦੇ ਕੰਨ
ਸਿਮਰਣ ਦੇਵੀ ਹੁਕਮ ਦੇ, ਵੇਈਂ ਹੇਠ ਵਗੰਨ। -6

ਉੱਪਰ ਵੇਈਂ ਫ਼ਜਰ ਸੀ, ਪਾਵਨ ਹੇਠ ਦੁਆਰ
ਪਿੱਛੇ ਜਿਸਦੇ ਕਮਲ ਸੀ, ਥਾਂ ਕਾਲਾਂ ਤੋਂ ਪਾਰ।
ਖੇੜਾ ਤਰਫ਼ ਅਨੰਤ ਦੇ, ਪਲ ਪਲ ਰਹੇ ਉਡਾਰ
ਹਰ ਪੱਤੀ 'ਤੇ ਕਿਰ ਰਹੇ, ਤ੍ਰੇਲ ਵਾਂਗ ਸੰਸਾਰ।
ਗੁੰਦਣ ਹਾਰ ਅਨੂਪ ਨੂੰ, ਰੁੱਤਾਂ ਖਿੱਤਾਂ ਵਾਰ .
ਬਿਨਾਂ ਮੇਦਨੀ ਏਸ ਨੂੰ, ਕਿਤੇ ਨ ਸੱਕਣ ਚਾੜ੍ਹ।
ਦਾਗੀ ਜਾਮੇ ਖ਼ਾਕ ਦੇ, ਕਹਿਣ ਖ਼ਾਕ ਨੂੰ ਹਾਰ:
"ਕਿਉਂ ਧੁਰ ਦੇ ਵਰਦਾਨ ਦੀ, ਸੰਤ ਲੈਣ ਨਾ ਸਾਰ?"
ਬਿਰਖ, ਨੀਰ ਤੇ ਖ਼ਾਕ ਤਾਂ, ਪੁੱਛਣ ਰੇਖ ਉਘਾੜ: .
"ਕਿੱਧਰ ਗਏ ਜ਼ਮੀਰ ਲੈ, ਉਹ ਪਹਿਲੇ ਅਸਵਾਰ!?"
ਖ਼ੂਨੀ ਦਾਗਾਂ ਆਖਿਆ, ਸੁਣੋ ਅਦਿੱਖ ਪੁਕਾਰ:
"ਦਾਰ ਦੇ ਹੇਠਾਂ ਧਰਮ ਜੇ, ਮੈਂ ਜਾਵਾਂ ਬਲਿਹਾਰ।"
ਚੜ੍ਹ ਨਾਨਕ ਤਦ ਵੇਖਿਆ, ਕੂਟ ਅਦਿੱਖ ਮਿਨਾਰ
ਬੁਝ ਬੁਝ ਸੂਰਜ ਮਿਟੇ ਨੇ, ਕਿਤ ਵਲ ਪਿਰ-ਦੀਦਾਰ?
ਡਿੱਗਣ ਸੁੰਨ ਅਥਾਹ 'ਤੇ, ਸੂਰਜ ਜਿਉਂ ਅੰਗਿਆਰ
ਧਰਮਹੀਣ ਬ੍ਰਹਿਮੰਡ ਦੇ, ਸਫ਼ਰ ਦਿਸੇ ਬੇਯਾਰ।
ਕੋਟਾਂ ਜੋਜਨ ਬਲ ਰਹੀ, ਪਰ ਅਗਨੀ ਵਿਚਕਾਰ
ਕਿਤੇ ਬੰਬੀਹਾ ਕੂਕਦਾ, ਜਿਉਂ ਸੁਪਨਾ ਜਲਧਾਰ।
ਵਰ੍ਹਦੀ ਅਗਨ ਤੇ ਸੁੰਨ ਨੇ, ਕਾਲ ਲਏ ਸੰਘਾਰ
ਪੱਲੇ ਸਾਹਵੇਂ ਨਾਮ ਦੀ, ਫਿਰ ਉੱਠੀ ਜੈਕਾਰ
ਉਸ ਦੁਆਲੇ ਧਰਤ ਦੇ, ਧਰਮ ਦੀ ਖਿੱਚੀ ਕਾਰ
ਖੁੱਲ੍ਹਿਆ ਸਾਹਵੇਂ ਸੂਰਜਾਂ, ਧਰਮਸਾਲ ਦਾ ਬਾਰ।

ਨਾਨਕ ਮੱਥੇ ਚਮਕਿਆ, ਫਿਰ ਪ੍ਰਚੰਡ ਗਿਆਨ
ਬ੍ਰਹਿਮੰਡਾਂ ਨੂੰ ਜਿੱਤ ਕੇ, ਜਿਉਂ ਕੋ ਲਿਸ਼ਕੇ ਵਾਣ।
ਸੰਤ ਸਮੂਹ ਫਿਰ ਵੇਖਦਾ, ਜਿਨ ਸਾਂਭੇ ਵਿਚ ਜਾਨ
ਨਾਲ ਸੀ ਹੋਇ ਮੇਦਨੀ, ਜੋ ਇਕਰਾਰ ਮਹਾਨ।
ਰਵੀ ਚੰਨ ਤੇ ਕਹਿਕਸ਼ਾਂ, ਗੁਪਤ ਖਲਾ, ਅਸਮਾਨ,
ਬਹੁ ਪ੍ਰਚੰਡ ਹੋ ਢੂੰਡਦੇ, ਨਾਨਕ-ਲਿਵ ਦਾ ਹਾਣ।
ਤੁਰੇ ਅਕਾਰ ਸੀ ਰਿਸ਼ਮ 'ਤੇ, ਬਣ ਬਿਬੇਕ ਦੀ ਸ਼ਾਨ
ਧਰੁ 'ਤੇ ਹਰ ਜੁਗ ਕਰ ਰਹੇ, ਸੰਤਾਂ ਦੀ ਪਹਿਚਾਣ;
ਪਰ ਮਿਟਦੇ ਜਦ ਖ਼ਾਕ ਤੋਂ, ਸੱਭੇ ਧਰਮ-ਨਿਸ਼ਾਨ
ਗਿਆਨ ਖੰਡ ਦੇ ਹੋਣ ਨ, ਵਲੀ ਸੰਤ ਮਹਿਮਾਨ।

ਦਿਸਦੀ ਜਲਦੀ ਪਿਰਥਵੀ, ਬੁੱਤ ਢਕਦੇ ਵਰਦਾਨ
ਧਰਮਸਾਲ ਦੇ ਆਂਗਣੇ, ਰੁਲੇ ਇਲਾਹੀ ਮਾਣ।
ਦੇਵੇ ਨਾਨਕ ਧਰਤ ਨੂੰ, ਫੇਰ ਪੁਰਾਤਨ ਦਾਨ
ਰੂਪ ਮਿਲੇ ਬ੍ਰਹਿਮੰਡ ਨੂੰ, ਨਿਗ੍ਹਾ ਕਰੀ ਜਦ ਨਾਮ।
ਨਾਨਕ ਦਸਤਕ ਦੇਂਵਦਾ, ਸੁਰਤ ਇਲਾਹੀ ਧਾਮ
ਘਾੜਤ ਰੂਪ ਅਸੰਖ ਦੀ, ਲਿਸ਼ਕਾਵੇ ਕੋ ਤਾਨ।
ਸਰਮ ਖੰਡ ਵਿਚ ਸੁਰਤ ਦੀ, ਗਰਜ ਸੁਣੀ ਬਲਵਾਨ
ਰੂਪ ਅਸੰਖਾਂ·ਰਿਸ਼ੀ ਹੋ, ਮਿਲਣ ਸੁਬਹ ਤੇ ਸ਼ਾਮ।
ਘਾੜਤ ਘੜੇ ਵਿਰਾਟ ਦਿਹੁੰ, ਦੇ ਸੁਰਤਾਂ ਦੀ ਧਾਨ
ਜਿੰਦ 'ਤੇ ਘੁੱਟਣ ਹੜ੍ਹਾਂ ਨੂੰ, ਨਾਨਕ ਦੇ ਅਰਮਾਨ।
ਉਧਰ ਸੀਨੇ ਮੇਦਨੀ, ਬੁੱਤ ਹੋਇ ਭੈਮਾਨ
ਥਲਾਂ 'ਚ ਦੱਬੇ ਫੇਰ ਵੀ, ਰਹੇ ਪਾਕ ਪੈਗ਼ਾਮ।
ਭਾਵੇਂ ਧਰਮੀ ਅਜ਼ਲ ਦੇ, ਬਿਖ ਹੀ ਸਕਣ ਪਛਾਣ
ਭਾਵੇਂ ਜ਼ਿਮੀਂ 'ਤੇ ਦਿਸਦੀ, ਮਸਾਂ ਪੈੜ ਸੁਬਹਾਨ
ਫਿਰ ਵੀ ਨਾਨਕ ਧਰਤ ਤੋਂ, ਲਏ ਗਵਾਹੀ ਆਣ
ਮੰਝ ਅਕਾਰਾਂ ਸਾਂਭਦਾ, ਸਦ ਰੂਹਾਂ ਦਾ ਤਾਣ।
ਧਰ 'ਤੇ ਲਿਆ ਅਕਾਰ ਨੇ, ਸਰਮ ਖੰਡ ਜਦ ਜਾਣ
ਰੁੱਖ ਪੰਖੀ ਹਰ ਜੀਵ 'ਤੇ, ਰਹੇ ਧਰਤ ਨੂੰ ਮਾਣ। -8

ਜਦੋਂ ਨਿਰੰਤਰ ਚਾਅਂ ਦੇ, ਵਿਗਸ ਰਹੇ ਸੀ ਨੂਰ
ਨਾਦ ਚੋਂ ਹੈਸਨ ਫੁੱਟਦੇ, ਖੰਡ ਜਿਵੇਂ ਨਵ ਬੂਰ
ਆਦਮ-ਨੀਂਦ ਪਲੋਸਦੀ, ਜਦੋਂ ਪੁਰਾਣੀ ਭੂਰ
ਝਰਨ ਅਗੋਚਰ ਖਿਰਨ ਚੋਂ, ਰਚਨਾ ਦੇ ਦਸਤੂਰ
ਜਦੋਂ ਕਰਮ-ਦਰ ਲਿਸ਼ਕਿਆ, ਨਾਲ ਰਿਸ਼ਮ ਮਸਤੂਰ
ਓਦੋਂ ਨਾਨਕ ਆਪ ਸੀ, ਜੋਧ ਮਹਾਂ ਬਲ ਸੂਰ;
ਸਾਏ ਛੁਹ ਨਾ ਸੱਕਦੇ, ਨਾਲ ਜੁ ਦੁਨੀ-ਗਰੂਰ
ਹਿਰਸ ਨਮੋਸ਼ੀ ਹਾਰ ਦੇ, ਡੁੱਬ ਗਏ ਸਭ ਪੂਰ;
ਧਰਤ ਦੇ ਛਲ ਵਿਕਰਾਲ ਦੇ, ਭਾਰ ਕਰਨ ਜੁ ਚੂਰ
ਧਿਆਨ-ਪੰਖ ਤੋਂ ਝਾੜ ਕੇ, ਨਾਨਕ ਉਡਿਆ ਦੂਰ।
ਤ੍ਰੈ ਗੁਣ ਪਾਵਣ ਜੋਜਨੀਂ, ਦੈਂਤਾਂ ਵਾਂਗ ਫਤੂਰ
ਨਾਨਕ ਲੰਘੇ ਅੰਤ ਨੂੰ, ਜਿਤਿ ਰੂਹਾਨੀ ਧੂੜ।
ਨੀਰ ਵਗਣ ਅਤਿ ਸੁੱਚੜੇ, ਕੰਤ-ਝਲਕ ਮਖ਼ਮੂਰ
ਨਾਨਕ ਦਾ ਸਿਰ ਨਿਵ ਰਿਹਾ, ਵਲ ਆਵਾਜ਼ ਹਜ਼ੂਰ।

ਜ਼ੋਰ ਇਲਾਹੀ ਜਿੰਦ ਦਾ, ਇੱਕੋ ਇੱਕ ਸਰੂਰ
ਹੈ ਨਿਰਲੇਪ ਜੇ ਦਿਸੇ ਵੀ, ਸੈ ਰੁੱਤਾਂ ਦੀ ਹੂਰ।
ਨਾਨਕ ਤਨੋ ਸੀ ਉਤਰੇ, ਜੁਗ ਜੁਗ ਚੜ੍ਹੇ ਮਨੂਰ
ਦਿਸਣ ਅਸੀਸ ਦੇ ਹੱਥ ਹੀ, ਬੁਝ ਗੇ ਕਹਿਰ-ਕਲੂਰ।
ਧਰਤੀ ਲਾਹੇ ਕੁੰਜ ਜਿਉਂ, ਕੋਟ ਕਲੰਕ ਕਰੂਰ
ਨਾਨਕ ਨੂੰ ਇਸ ਬਖ਼ਸ਼ ਦੀ, ਮੰਜ਼ਿਲ ਕਿਹਾ ਸਬੂਰ।
ਇਕੰਕਾਰ ਸਦੀਵ ਰਾਹ, ਕਰਨ ਲਈ ਮਨਜ਼ੂਰ
ਦਿਹੁ ਰਾਤ ਜਲ ਪੌਣ ਨੂੰ, ਮਿਲਦਾ ਰਹੇ ਜ਼ਰੂਰ।

ਬਖ਼ਸ਼-ਦਰਾਂ ਦੇ ਸਾਮ੍ਹਣੇ, ਲੱਥੀ ਭਿੰਨੜੀ ਛਾਂ
ਚੜ੍ਹਾਂ ਜੇ ਉੱਚੇ ਬੁਰਜ 'ਤੇ, ਸੁਣਾਂ ਤਾਂ ਇਸਦਾ ਨਾਂ।
ਢੂੰਡੀ ਨਾਨਕ ਆਪ ਹੀ, 'ਜਪੁ' ਦੇ ਸਾਹਵੇਂ ਥਾਂ
ਪਿਆਲਾ ਅੰਮ੍ਰਿਤ ਸੰਦੜਾ, ਹੁੰਦਾ ਗਿਆ ਅਗਾਂਹ;
ਛਿਣ ਵਿਚ ਤਨ ਮਨ ਭੁੰਚਿਆ, ਬੁੱਲ੍ਹ ਹੀ ਲਾਏ ਜਾਂ
ਨਾਨਕ ਵੇਖ ਨ ਸੱਕਿਆ, ਐਪਰ ਜ਼ਰਾ ਉਤਾਂਹ।
ਰਿਮ ਝਿਮ ਲੈ ਬ੍ਰਹਿਮੰਡ ਦੀ, ਫਿਰ ਇਕ ਉੱਠੀ ਬਾਂਹ
ਅਨਿਕ ਅਸੀਸਾਂ ਪੁੱਤ ਲਈ, ਜਿਉਂ ਲੈ ਆਈ ਮਾਂ।
ਫਿਰ ਖੜੀ ਝੁੱਕ ਸਾਮ੍ਹਣੇ, ਦੈਵੀ ਦਾਤ ਨਿਹਾਂ
ਜਾਗ ਜੁ ਮਹਾਂ ਧਿਆਨ ਚੋਂ, ਜਾਪੇ ਬਲੀ ਨਿਆਂ।
ਇਕ ਵਸਾਖ ਨੂੰ ਪਹਿਰਿਆ, ਨਾਨਕ ਵੇਸ ਅਨਾਂ
ਖ਼ਾਕ 'ਚ ਸੱਚ-ਜਲਾਲ ਦੇ, ਹੋਏ ਵਹਿਣ ਰਵਾਂ।
ਸੱਚ ਖੰਡ ਦੇ ਅਦਲ ਦੀ, ਘੁੰਮ ਗੀ ਪੈੜ ਜਹਾਂ
ਉਸ ਰਾਹ ਨਾਨਕ ਭੇਜਿਆ, ਗੁਰੂ ਦਾ ਨਾਦ ਮਹਾਂ।
ਪਿਰ ਅਣਵੇਖੇ ਸਾਮ੍ਹਣੇ, ਛਿੜ ਰਿਹਾ ਜ਼ਿਕਰ ਨਵਾਂ
ਜਗਤ ਜਲੰਦਾ ਠਾਰਸੀ, ਸਜਦਾ ਇਹੋ ਜਵਾਂ।

ਲੋਕ ਅਤੇ ਪਰਲੋਕ ਦੇ, ਜਿੱਥੇ ਅਰਥ ਅਲੱਖ
ਨਾਨਕ ਨੂੰ ਉਸ ਡੂੰਘ ਚੋਂ, ਨਾਦ ਸੁਣੇ ਪਰਤੱਖ,
ਜਿਸ ਲੀਲ੍ਹਾ ਅਸਗਾਹ ਨੂੰ, ਵੇਖ ਸਕੇ ਨ ਅੱਖ
ਸੰਤ ਗਿਆਨੀ ਰਿਸ਼ੀ ਦੇ, ਜਿਸ ਤਕ ਜਾਣ ਨ ਹੱਥ
ਉਸ ਨਿਰਵਾਨ ਵਿਰਾਟ ਚੋਂ, ਜਾਗ ਬਿਜਲੀਆਂ ਲੱਖ
ਨਾਨਕ ਦੀ ਜਗ-ਵਾਟ 'ਤੇ, ਯਾਦਾਂ ਦੇਵਣ ਰੱਖ।

ਸੱਚ ਖੰਡ ਦੀ ਫ਼ਜਰ ਚੋਂ, ਗੂੰਜ ਪਿਆ ਜਦ 'ਜਪੁ'
ਤਾਜ ਬਣੇ ਤਦ ਗੁਰੂ ਦਾ, ਸੂਰਜ ਜੋੜੇ ਤਪ।
ਸਾਗਰ ਜਪੁ ਦਾ ਸਾਂਭਿਆ, ਗੁਰੂ ਦੇ ਕੰਠ ਅਕੱਥ
ਬਰਕਤ ਜਿਸਦੀ ਰਹੇਗੀ, ਧਰ ਦੇ ਕਿਣਕੇ ਤੱਕ।
ਸਤਿਗੁਰ ਵੇਖੋਂ ਜਗਤ ਨੂੰ, ਹੋ ਕੇ ਨੈਂ ਤੋਂ ਵੱਖ
ਦਾਵਾ ਬੜਵਾ ਅਗਨ 'ਤੇ, ਕਿਰਣ ਮਿਹਰ ਦੇ ਕੱਖ।
ਕੁਦਰਤ ਦੀ ਹਰ ਮਿਹਰ ਚੋਂ, ਚੋਰੀ ਕੀਤੇ ਹੱਕ
ਅੱਗ ਚੋਂ ਪਾਣੀ ਕੱਢਕੇ, ਨਦੀ ਵਣਾਂ ਨੂੰ ਭੱਖ;
ਚਿੰਤਨ ਕਰਦੇ ਗੁਰੂ ਦਾ, ਕੋਣ ਹੁਕਮ ਦੇ ਪੱਖ
ਕਿਵੇਂ ਸਮਾਵੇ ਏਸ ਨੂੰ, ਧੁਰ ਦਾ ਕੰਬਦਾ ਚੱਕ!
ਰਹਿਮਤ ਨਾਨਕ ਜੋਤ ਹੀ, ਲਈ ਧਰਤ ਜੋ ਚੱਖ
ਨਾ ਹੋਵੇਗੀ ਕਦੇ ਵੀ, ਸੱਚ ਖੰਡ ਤੋਂ ਵੱਖ।
ਤਦ ਗੁਰ ਨੈਣੀਂ ਚਮਕਦੀ, ਹਰ ਮਹਿਮਾਨ ਦੀ ਪੱਤ,
"ਖੋਲ੍ਹ ਦਿਉ ਦਰ ਘਰਾਂ ਦੇ," ਕਿਹਾ ਧਰਤ ਦੀ ਸੱਥ।

8

ਸੁਲਤਾਨਪੁਰ ਵਿਚ ਧੁੰਮ: ਬਾਬੇ ਪਾਯਾ ਬਖ਼ਸ਼ਦਰ

ਪਹਿਰ ਬੀਤਿਆ : ਸਰਘੀ ਵੇਲਾ
ਪਵੇ ਮਲਾਹ-ਦਿਲ ਹੌਲ ਦੁਹੇਲਾ।
ਰੰਗ ਊਸ਼ਾ ਦੇ ਜੋ ਅਣਗਿਣਤੇ
ਦਿਸਣ ਮੌਤ ਦੇ ਬਾਜ਼ ਅਚਿੰਤੇ।
ਸੰਤ ਲਿਬਾਸ ਪਿਆ ਨੈਂ ਲਾਗੇ
ਹੌਲ ਪਵੇ, ਕੁਝ ਆਸ ਵੀ ਜਾਗੇ;
ਭੈ ਦੇ ਸੇਕ ਚ ਚਾਪ ਸੁਣੀਂਦੀ
ਬਰਕਤ-ਭਰੀ ਰਮਜ਼ ਵੀ ਥੀਂਦੀ।
ਖਿਖ ਜਿਉਂ ਤਲਖ ਹੁਏ ਵਣ ਰਾਈਂ
ਦੂਰੋਂ ਸੱਦ ਦਿਵੇ ਕੋ ਸਾਈਂ:
"ਪਤ ਮਾਨਵ 'ਤੇ ਦਾਗ ਪੁਰਾਣੇ
ਢਕ ਲੈਣੇ ਨਾਨਕ ਦੇ ਬਾਣੇ।"
ਸੱਦ ਸੁਣੇ ਖੇਵਟ ਪਲ ਰੋਵੇ
ਨ ਪਰ ਸਿਵੇ ਦੀ ਅੱਗ ਖਲੋਵੇ।

ਤ੍ਰੇਲ ਵਾਂਗ ਜਦ ਛੁਹਣ ਅਸੀਸਾਂ
ਬਲਦੇ ਹੱਥ ਚੁਕੇ ਇਬਲੀਸਾਂ।
ਜਾਪ ਰਿਹਾ ਇਹ 'ਕੱਲਾ ਬਾਨਾ
ਬਿਨ ਅਰਥ ਬ੍ਰਹਿਮੰਡ ਦਾ ਜਾਣਾ।
ਕੰਠ 'ਚ ਰਾਗ, ਰੁੱਖ ਤੇ ਖੇੜਾ,
ਨੈਣ ਮਲਾਹ, ਮੌਤ ਦਾ ਜੇਰਾ
ਇਕ ਪਲ ਰੁਕਦੇ, ਫਿਰ ਪਰਵਾਜ਼ਾਂ
ਇਕ ਪਲ ਹੌਲ, ਫੇਰ ਵਿਚ ਨਾਜ਼ਾਂ।
ਸੁਲਤਾਨਪੁਰੇ ਵਿਚ ਖੇਵਟ 'ਕੱਲਾ
ਹਰ ਜੁਗ ਨਦੀ-ਵਿਛੜਿਆ ਝੱਲਾ।
ਬਿਨ ਨਾਨਕ ਨੈਂ ਕੰਢੇ ਜਾਮਾ
ਥਲ 'ਤੇ ਜਿਉਂ ਪਾਂਧੀ ਬਿਨ ਸ਼ਾਮਾਂ!

ਕੂਕ ਮਲਾਹ ਸੁਣੀ ਸਭ ਧਾਮਾਂ
ਭੈ ਵਿਚ ਖੜਾ ਰਿਹਾ ਮਰਦਾਨਾ।
ਤਦ ਕੁਰਲਾਈ ਖ਼ਲਕਤ ਸਾਰੀ:
"ਸੰਤ ਵੀ ਡੋਬਣ ਨੀਰ ਜੁ ਭਾਰੀ।"
ਕੂਕੇ ਦਾਨਾ ਤਦੋਂ ਅਚਾਨਕ:
"ਦਰਗਾਹਾਂ ਦੇ ਓਹਲੇ ਨਾਨਕ।
ਮੈਂ ਜਾਣਾਂ ਜੁ ਚਿਰਾਂ ਦਾ ਬਰਦਾ
ਵੇਈਂ ਬਣੀ ਓਸਦਾ ਪਰਦਾ!
ਮੈਂ ਸਾਂ ਅੰਮ੍ਰਿਤ ਵੇਲੇ ਤੁਰਿਆ
ਨਾਲ ਮਹੀਨ ਰਿਸ਼ਤਿਆਂ ਜੁੜਿਆ।
ਓਧਰ ਦੈਵੀ ਜਾਗ ਸਤਾਣੀ
ਇਧਰ ਜਾਗ ਸੀ ਨੀਂਦ ਨਿਮਾਣੀ।
ਮੇਰੀ ਨੀਂਦ-ਧੁੰਧ ਦੇ ਓਹਲੇ
ਪਾਰ ਜੋਜਨਾਂ ਨਾਨਕ ਬੋਲੇ।
ਪਿਰ ਦੀਆਂ ਪਾਵਨ ਦਰਗਾਹਾਂ
ਗ਼ੈਬ ਦੇ ਰਾਜ਼ ਭਰਨ ਵਿਚ ਸਾਹਾਂ।"
ਨ ਪਰ ਹੂਲ ਕਾਹਾਹਾ ਥੰਮ੍ਹੇ
ਬੇਸਿਦਕਾ ਆਲਮ ਨਾ ਮੰਨੇ।
ਖ਼ਾਨ ਸੁਣੇ ਘਾਇਲ ਮਨ ਹੰਭੇ
ਸੁੰਞਾ ਸ਼ਹਿਰ ਥਲੀਂ ਜਿਉਂ ਕੰਬੇ!

“ਜਿਚਰਕ” ਕਹੇ “ਪਾਕ ਉਹ ਬੰਦਾ
“ਸ਼ਹਿਰ ਵਸੇ ਇਹ ਪੀਰਾਂ ਸੰਦਾ।
ਨਾਨਕ ਬਾਝ ਖ਼ਾਕ ਇਹ ਸੁੰਨੀ
ਕੁਕਨੁਸ-ਛਾਰ ਮੀਂਹ ਬਿਨ ਰੁੰਨੀ।
ਰਹਿਸਨ ਉਸ ਬਿਨ ਵਲੀ ਸੁਆਲੀ
ਸੁਪਨੇ ਬਾਝ ਕੁਰਾਨ ਤੋਂ ਖ਼ਾਲੀ
ਕਬਰ ਜਿਉਂ .ਹਸ਼ਰ-ਉਮੀਦਾਂ ਬਾਝੋਂ
ਜੜ੍ਹ ਬਿਨ ਖ਼ਾਕ, ਬੁੱਤ ਬਿਨ ਰਾਜ਼ੋਂ
ਸੁੰਨੀ ਮਸਜਿਦ ਬਾਝ ਨਮਾਜ਼ੋਂ
ਕੰਕਰ ਵਰਣ ਜਿੰਨ ਦੇ ਤਾਜ਼ੋਂ !!”
ਕੁਝ ਮਨ ਭੈਅ, ਕੁਝ ਦਿਲਗੀਰੀ
ਕੁਝ ਹਾਕਮ, ਕੁਝ ਨਾਲ ਫ਼ਕੀਰੀ
ਦੌਲਤ ਮਾਹੀਗੀਰ ਬੁਲਾਏ
ਘਣੇ ਜਾਲ ਲਹਿਰਾਂ 'ਤੇ ਪਾਏ।

ਦਿਨ ਦੂਜਾ ਪਈਆਂ ਤ੍ਰਿਕਾਲਾਂ
ਕੋਹਾਂ ਤਕ ਹਾਥ ਲਈ ਜਾਲਾਂ।
ਮੌਤ ਅਤੇ ਜੀਵਨ ਵਿਚਕਾਰਾਂ
ਦਿਲ ਨੇ ਸਫ਼ਰ ਕਰੇ ਸੈ ਵਾਰਾਂ।
ਦਾਨਾ ਚੀਸ ਅਗੰਮੀ ਜਰਦਾ
ਨਜ਼ਰ ਬਣੀ ਦਰਗਾਹੀ ਪਰਦਾ;
ਇਕ ਕਦਮ ਦਰਗਾਹਾਂ ਅੰਦਰ
ਢੂੰਹਦਾ ਪਰ ਨ ਦਿਸੇ ਪੈਗ਼ੰਬਰ।
ਅੰਤ ਕਾਲ ਸੀ ਖ਼ਾਨ ਦੀ ਸੋਚੇ
ਜਿਸ ਪਲ ਜਿੰਦ ਫ਼ਕੀਰੀ ਲੋਚੇ;
ਖ਼ਾਨ ਵੇਖਦਾ ਅਦਭੁਤ ਡੂੰਘਾਂ
ਤਲਖ਼ ਮੌਤ ਕਿਤੇ ਮਿੱਠ ਊਂਘਾਂ।:
ਸਭ ਸਾਏ ਕਬਰਾਂ ਚੋਂ ਵਕਤਾਂ
ਕਢ ਬੈਠਾਏ ਸਿਖਰ ਦਰਖ਼ਤਾਂ
ਫੇਰ ਉਤਰੇ ਵੇਈਂ ਸੀਨੇ
ਰੰਗਾਂ ਭਰੇ ਵਸਾਖ ਮਹੀਨੇ
ਜੈ ਰਾਮ ਵੇਂਹਦਾ ਵਿਚ ਦਰਦਾਂ
ਜ਼ਖ਼ਮੀ ਖੰਭ, ਸਿਵੇ ਤੇ ਗਰਦਾਂ।

ਫੇਰ ਠਾਰਦੀ ਲੂ ਹਰ ਝੱਲੀ
ਛਾਂ ਇਕ ਹਰੇ ਪੱਤ ਦੀ 'ਕੱਲੀ
ਦਿਲ 'ਤੇ ਚੋਰ ਚਾਪ ਆ ਖਹਿੰਦੀ
ਦਸਤਕ ਮਧੁਰ ਨਾਲ ਹੀ ਰਹਿੰਦੀ।

ਉਧਰ ਸਿਦਕ ਦੇ ਬੁਰਜ ਉਚੇਰੇ
ਨਾਲ ਸੁਰਤ ਦੇ ਲੰਮੇ ਜੇਰੇ
ਸਦਾ ਵਿਖਾਣ ਨਾਨਕੀ ਤਾਈਂ
ਜਦ ਨਾ ਮੌਤ-ਘੜੀ ਵਿਚ ਸਾਈਂ;
ਭਰਿ ਧਰਵਾਸ ਸੁਖਨ ਵਿਚ ਆਖੇ:
"ਵੀਰਾ ਖਿੜੇ ਵਸੇ ਤਰਨਾਪੇ।
ਜਿਚਰਕ ਨਾਲ ਨੂਰ ਨਾ ਭਿੰਨੇ
ਕਦਮ ਅਟੱਲ ਵੀਰ ਦੇ ਜਿੰਨੇ
ਤਿਚਰਕ ਮੌਤ ਤੋਂ ਬਹੁਤ ਅਗੇਰੇ
ਰਹਿਸਨ ਏਸ ਲੋਕ ਵਿਚ ਫੇਰੇ।"
ਉਧਰ ਸੋਢ ਦੇ ਸੂਹੇ ਸਾਏ
ਚਰਨ ਸੁਲੱਖਣੀ 'ਤੇ ਝੁਕ ਆਏ;
ਚਰਨ ਵਸੇ ਰਿਸ਼ਮ ਮਨਮੋਹਣੀ,
ਨੈਣੀਂ ਵਸੇ ਫ਼ਜਰ ਤਾਂ ਹੋਣੀ।

ਰਾਤ ਪਈ ਇਉਂ ਚਮਕਣ ਤਾਰੇ
ਜਿਵੇਂ ਉਡੀਕਾਂ ਤਾਜ ਸ਼ਿੰਗਾਰੇ।
ਧਰੂ ਤੋਂ ਨਭ ਤਕ ਧਰਮ ਦੇ ਨੈਣਾਂ
ਦਾਤ ਜਾਣ ਪਰਸੀਆਂ ਰੈਣਾਂ।
ਧਰਤ ਖੇਡ ਰਹੀ ਸੰਗ ਰਾਜ਼ਾਂ
ਥਰਕੇ ਉੱਡ ਨਾਲ ਰਗ-ਬਾਜ਼ਾਂ।
ਕਿਹਾ ਬਾਜ਼ ਨੂੰ ਨੈਂ ਦੇ ਵਹਿਣਾਂ:
"ਕੁਝ ਪਰਵਾਜ਼! ਜਿਹਨਾਂ ਨ ਸੈਣਾ।"
ਨਾਗ ਧਰਤ ਦੇ ਕੰਨ 'ਚ ਬੋਲੇ:
"ਤੈਂਡਾ ਤਾਜ ਅਜੇ ਨਾ ਡੋਲੇ;
ਮੈਂਡੇ ਫਣ 'ਤੇ ਵੀ ਚੰਨ ਤਾਰੇ
ਜਦ ਲਿਸ਼ਕੇ ਨਾ ਜੋਬਨ ਹਾਰੇ।"

ਸ਼ੀਂਹ ਕਹੇ: "ਮੈਂ ਸੱਚ ਦਾ ਜੇਰਾ
ਹੁਕਮ ਵੀ ਨੇਮ ਮਿਥੇ ਕੋ ਮੇਰਾ।
ਕਿਤੇ ਨ ਦਰਦ ਪੁਰਾਣਾ ਸਹਿਕੇ
ਮਿਰਗ ਦੀ ਰੱਤ ਧਰਤ ਵਿਚ ਮਹਿਕੇ।
ਵਿਜੈ ਦੀ ਧਮਕ ਪਈ ਹੈ ਸੀਨੇ
ਕੋ ਨ ਮੀਤ ਬੇਗਾਨਾ ਚੀਨੇ।"
ਇੰਜ ਰਾਤ ਇਹ ਪਸ਼ੂ ਤੇ ਪੰਖੀ
ਸੁਣਨ ਨਦਰ ਦੀ ਸੁਰ ਪਤਵੰਤੀ;
ਲਸੇ ਆਵੇਸ਼ ਰਾਤ ਦੇ ਮੱਥੇ
ਸੰਗਤ ਹੋਰ ਜੁੜੀ ਧਰੁ-ਸੱਥੇ।
ਚਿਤ੍ਰ ਗੁਪਤ ਦਾ ਲੇਖਾ ਧੁਰ ਦਾ
ਇਸ ਰਾਤੇ ਪੱਤਣ ਜਿਉਂ ਖੁਰਦਾ।
ਵਣਾਂ ਵਣਾਂ ਚੋਂ ਨਾਦ ਪੁਕਾਰੇ:
"ਗੁਰੂ ਜਾਗ ਰਹੇ ਕਿਸ ਦੁਆਰੇ?"

ਤੀਜੇ ਦਿਨ ਇਕ ਗਰਜ ਭਯਾਨੀ
ਉੱਠੀ ਜਿੱਧਰ ਨਦੀ ਦੇ ਪਾਣੀ।
ਜਿਵੇਂ ਸਿਹਰ ਤ੍ਰੈ ਕਾਲ ਦਾ ਟੁੱਟਾ
ਜਿਵੇਂ ਜਸ਼ਨ ਬਹੁਤ ਬੇ-ਰੁੱਤਾ
ਇਉਂ ਨਾਨਕ ਕੋ ਚਿਤਰ ਅਨੋਖਾ
ਨਦੀ 'ਤੇ ਫੈਲ ਤੁਰੇ ਜਿਉਂ ਧੋਖਾ।
ਜਿਉਂ ਅਟੱਲ ਬ੍ਰਹਿਮੰਡ ਦੀ ਨਾਂਹ
ਸੁਟਦੀ ਪਈ ਏ ਸ਼ਹਿਰ 'ਤੇ ਛਾਂ
ਇਉਂ ਸਰਾਪ ਉਹ ਜਾਪੇ ਖੁਰਦਾ
ਧੀਮਾ ਜਦੋਂ ਸ਼ਹਿਰ ਵਲ ਤੁਰਦਾ।
ਜੋ ਸੀ ਮੁਣਸ-ਚੇਤਨਾ ਖ਼ਾਲੀ
ਨਾਨਕ ਤਕਦੀ ਵਿਚ ਬੇਹਾਲੀ।
ਸੁਰਤ ਮਾਸੂਮ ਵਿਚ ਪਰ ਲੋਕਾਂ
ਤਕਿਆ ਗੁਰੂ ਤੋੜਕੇ ਰੋਕਾਂ;
ਕਾਮਲ 'ਹਾਂ' ਅੱਲਾ ਦੀ ਜਾਪੇ
ਅੰਤਰ ਅਸਲ ਮੰਝ ਜੁਗ ਝਾਕੇ;
ਪਹਿਣ ਰਿਹਾ ਗੁਰ ਦਾ ਪਰਛਾਵਾਂ
ਸੱਚ ਖੰਡ ਦੀਆਂ ਸਭ ਸੁਆਵਾਂ।

ਤਦ ਇਕ ਹੇਕ ਦੀਵਾਨੀ ਛਾਏ
ਬੇ-ਐਬ ਕੂੰਟਾਂ ਚੋਂ ਆਏ:
"ਹਿੰਦੂ ਮੁਸਲਮਾਨ ਨਾ ਕੋਈ
ਜਦੋਂ ਅਨੰਤ ਸੁਤੰਤਰ ਲੋਈ।"
ਸੁਣਿ ਕਾਜ਼ੀ ਮੁੱਲਾਂ ਸਭ ਤੜਪੇ:
"ਪੜ੍ਹਦਾ ਜਿੰਨ ਕੁਰਾਨ ਦੇ ਵਰਕੇ,
ਹਸ਼ਰੋਂ ਉਰੇ ਕਬਰ ਹੈ ਬੋਲੀ
ਦਿਲ ਸ਼ਤਾਨ ਦੇ ਲਾਅਨਤ ਖੋਲ੍ਹੀ;
ਸਭ ਤਰਫੀਂ ਘੁੰਮੇ ਬੇਹਾਲਾ
ਦੀਨ ਬਿਨਾਂ ਅੰਨ੍ਹਾ ਬੇਤਾਲਾ।"

ਸ਼ਹਿਰੋਂ ਪਰੇ ਗੁਰੂ ਦਾ ਠਾਣਾ
ਖ਼ਲਕਤ ਮਗਰ ਫ਼ਕੀਰਾਂ ਜਾਣਾ;
ਕਹਿਣ ਵੇਖ ਦਰਗਾਹੀ ਕੰਢਾ:
"ਬਿਨ ਗੁਰ ਦਰਸ ਨ ਜੀਵੇ ਬੰਦਾ"
ਮੇਲੇ ਵਿਚ ਨਗਨ ਹੋ ਰੂਹਾਂ
ਜਾ ਚੁੰਮਣ ਸੱਚ ਖੰਡ-ਬਰੂਹਾਂ।
ਰਾਜਾਂ ਦੇ ਸਭ ਕੂੜ ਦਿਵਾਜੇ
ਜੋ ਹੁਸ਼ਿਆਰ ਸਮੇ ਨੇ ਸਾਜੇ
ਲਾਹ ਰੂਹ ਹਰ ਕੂੰਟ 'ਚ ਉੱਡੀ
ਸਦ ਦਰਵੇਸ਼ ਕਾਲ ਹੋ ਪੁੱਗੀ।
ਨੌ ਖੰਡ ਵਿਚ ਵਿਛੀ ਵੀਰਾਨੀ
ਉਡਦੀ ਗੁਰ ਦੀ ਪੈੜ ਦੀਵਾਨੀ;
ਪਰ ਗੁਰ ਸ਼ਹਿਰ ਵਿਚ ਨਾ ਜਾਵੇ
ਸੱਦੇ ਖ਼ਾਨ ਭੁੱਲ ਸਭ ਦਾਅਵੇ।
ਅੰਤ ਬੁਲਾਵੇ ਵਾਂਗ ਮੁਰੀਦਾਂ
ਹਰ ਕਾਸਿਦ ਨੂੰ ਕਰ ਤਾਕੀਦਾਂ।
ਨਾਨਕ ਸੁਣੇ ਖ਼ਾਨ ਦੇ ਅੱਗੇ
ਸ਼ਰਾ ਲਤੀਫ ਦੇ ਨੁਕਤੇ ਸੱਭੇ।
ਪੁੱਛਣ ਆਰਿਫ਼ ਨਾਲ ਹਕੀਮਾਂ:
"ਹਿੰਦੂ ਮੋਮਨ ਦੀ ਕੀ ਸੀਮਾਂ?"
ਨਾਨਕ ਦੱਸੈ ਨਾਲ ਯਕੀਨਾਂ:
ਅੰਤਰ ਅਸਲ ਵਿਚ ਨ ਸੀਮਾਂ;

ਹਿੰਦੂ ਮੁਸਲਮਾਨ ਦੀ ਰੇਖਾ
ਨਿਰੀ ਠਗਉਰੀ ਜੇ ਨਾ ਲੇਖਾ;
ਜਦ ਇਲਹਾਮ ਸ਼ਰ੍ਹਾ ਹੀ ਲਿੱਖੇ
ਹਰਫ਼ ਕੁਰਾਨ ਹੋਣ ਤਦ ਫਿੱਕੇ;
ਮਜ਼ਬ ਨੂੰ ਘੇਰ ਲੈਣ ਜਦ ਕੀਨੇ
ਮੈਲੇ ਅਰਥ ਹੋਣ ਬੇ-ਦੀਨੇ।
ਉਦੋਂ ਅਨੰਤ ਰਹੇ ਨ ਕੋਈ
ਉਦੋਂ ਮਜ਼ਬ ਦੀ ਰੇਖ ਖਲੋਈ।"
ਸੁਣਿ ਲੋਧੀ ਨੂੰ ਦਿਸਣ ਰੱਬਾਨੀ
ਰੋਜ਼ੇ, ਜ਼ੁਹਦ, ਨਮਾਜ਼ ਨੂਰਾਨੀ।
ਜਪਾਂ ਤਪਾਂ ਤੋਂ ਪਾਰ ਫ਼ਕੀਰੀ
ਗਲੀ ਧਰਤ ਦੀ ਜਾਪੇ ਭੀੜੀ।
ਹਰ ਦਰਵੇਸ਼ੀ ਦਾ ਲਾਹ ਜਾਮਾ
ਸੁਰਤ ਕਰੇ ਪੈਂਡਾ ਬੇਨਾਮਾ।
ਜੋਗੀ ਸੰਤ ਤਪੀ ਨੂੰ ਪੈਂਡੇ
ਦਿਸ ਰਹੇ ਸਦੀਆਂ 'ਤੇ ਲਹਿੰਦੇ।
ਝੱਖੜ ਗੁਪਤ, ਗੁਪਤ ਹੀ ਬਾਹਾਂ
ਕਿਤ ਵਲ ਉਮੁਲ ਪੈਣ ਧੁਰ-ਰਾਹਾਂ!
ਗੁਰ ਢੂੰਡੇ ਖ਼ਲਕਤ ਦੇ ਸਾਹਾਂ
ਵਿਚ ਜ਼ਮੀਰ ਦੀਆਂ ਅਸਗਾਹਾਂ।
ਭੌਣ ਪਈ ਖ਼ਿਲਅਤ, ਇਕ ਵੇਖੇ
ਦਰਗਾਹਾਂ ਤਕ ਜਿਸ ਦੇ ਲੇਖੇ।
ਲੁਕਣ ਛਿਪਣ ਜਿਸ ਉੱਪਰ ਤਾਰੇ
ਪਲ ਪਲ ਸੱਚ ਖੰਡ ਲਸ ਮਾਰੇ।
ਪੁੱਛਣ ਗਗਨ ਗਲੀ ਆ ਭੀੜੀ
"ਕਿਹੜੀ ਖ਼ਿਲਅਤ ਲਏ ਫ਼ਕੀਰੀ ?!"
ਜਿੱਥੇ ਪੈਰ ਧਰੇ ਮਰਦਾਨਾ
ਖ਼ਿਲਅਤ ਜੋ ਲਿਆਂਦੀ ਅਸਮਾਨਾਂ
ਪਹਿਨਾਂਦਾ ਉਸ ਥਾਂ ਨੂੰ ਸਾਂਈ
ਧਿਆਨ ਦੀ ਲੋ ਸੁੱਟ ਗੁਰ ਮਾਹੀ।
ਦੌਲਤ ਖ਼ਾਂ ਦੀ ਭਰੀ ਕਚਹਿਰੀ
ਚਮਕ ਰਹੀ ਵਕਤਾਂ 'ਤੇ ਗਹਿਰੀ।
ਧੁਰ ਜਲਦੀ ਗੁਰ ਨੂੰ ਕਹੇ ਸਾਰੀ
"ਪੈਰਾਂ ਕਮਲ ਵਾਂਗ, ਹਉ ਵਾਰੀ!

ਨੈਂ ਵਿਚ ਖਿੜਣ, ਘਿਰਣ ਵਿਚ ਲਹਿਰਾਂ
ਭਾਂਖੜ ਝੁਕਣ, ਮੰਗਦੇ ਖ਼ੈਰਾਂ।"
ਭਾਣੇ ਹੁਕਮ ਖ਼ੁਦਾਈ ਅੰਦਰ
ਨਾਨਕ ਵੇਖ ਰਿਹਾ ਲਖ ਅੰਬਰ।

(ਇਤਿ ਸਰਗ ਪੰਜਵਾਂ)

ਸਰਗ ਛੇਵਾਂ

ਤਾ ਸਤਿਗੁਰਿ ਸਬਦੁ ਸੁਣਾਇਆ
(ਉਦਾਸੀ ਪਹਿਲੀ)

ਭਾਗ ਪਹਿਲਾ
ਅਗੰਮ ਦੀਆਂ ਸੱਦਾਂ

ਆਉਣ ਪੁਰ ਸੁਲਤਾਨ, ਕਿਰਨਾਂ ਅਗੰਮ ਚੋਂ
ਜਦ ਹੱਲਣ ਸ਼ਮਸ਼ਾਨ, ਘੇਰਨ ਜਿੰਦੜੀ।
ਤਪ ਤਪ ਸਰਕੇ ਸੁੰਨ, ਪੀਂਦੀ ਜਾਨ ਨੂੰ
ਧੂਹ ਸਮੇ ਦੇ ਛੱਮ੍ਹ, ਨੀਂਵਾਂ ਛੋਬਦੀ।
ਜੇਠ ਮਹੀਨੇ ਜਾਨ, ਮਰ ਮਰ ਜੀਵਦੀ
ਕਦੇ ਕਣੀ ਅਸਮਾਨ, ਸੁੱਟਣ ਨਾਮ ਦੀ!
ਤਾਂ ਅਗਨੀ ਵਿਚ ਹੱਦ, ਫੁੱਲ ਸਜਾਂਵਦੇ
ਉੱਠੇ ਬੁਲਬਲ-ਸੱਦ, ਲੂਹੇ ਵਣਾਂ ਚੋਂ :
"ਦੋ ਪੈੜਾਂ ਦਾ ਨੂਰ, ਜਲ ਥਲ ਗ਼ੈਬ ਤੇ!
ਵਜਦਾਂ ਚੁੱਕੇ ਬੂਰ, ਜਲਦੀ ਪਿਰਥਵੀ;
ਬੜਵਾ, ਡਉ ਦਿਨ ਰੈਣ, ਤਨ ਮਨ ਝੁਲਸਦੀ
ਮਾਂ-ਬੁੱਕਲ ਵਿਚ ਲੈਣ, ਨਾਨਕ ਬਹੁੜਣਾ।
ਜਦ ਬਾਰਾਂ ਦੇ ਰੰਗ, ਡੰਗੇ ਅੱਚਵੀ
ਦੋ ਪੈੜਾਂ ਦੇ ਖੰਭ, ਰੂਹਾਂ ਮੰਗਣੇ।
ਬਲ ਤਾਪਹਿ ਸਰ ਭਾਰ, ਲੰਮੀ ਵਾਟ ਤੇ
ਬਲਦੇ ਜਗ ਦੀ ਸਾਰ, ਸਤਿਗੁਰ ਲੈਣਗੇ।"

ਨੈਂ ਵਿਚ ਛਿੜੇ ਵਰਾਗ, ਅੰਮ੍ਰਿਤ ਵੇਲੜੇ
ਗੁਰ ਪੀਰਾਂ ਦੀ ਯਾਦ, ਸੀਨੇ ਖ਼ਾਕ ਦੇ।
ਨਵਾਂ ਖ਼ਾਸ ਕੋ ਰਾਜ਼, ਤਿਲ੍ਹਕੇ ਅਣੂ ਚੋਂ
ਹਰ ਕਤਰੇ ਵਿਚ ਜਾਗ, ਲਰਜ਼ੇ ਸਮੇ ਦੀ।

ਵਿਸ਼ ਕਦੀਮ ਦੀ ਨਾਗ, ਸੋਚਣ ਚੁੱਕ ਕੇ:
ਕਿਹੜੇ ਸ਼ੀਰੀਂ ਦਾਗ, ਦਿਲ 'ਤੇ ਉੱਤਰੇ!!
ਸਿਖਰ ਖਜੂਰਾਂ ਨਾਦ, ਅਣਦਿਸ ਪਰਾਂ ਦੇ
ਕਿਸਦੀ ਫੜਦੇ ਵਾਗ? ਕਿੱਥੇ ਮਨਜ਼ਿਲਾਂ?
ਚਿਰ ਦੇ ਸੁੱਕੇ ਬਾਗ, ਛੱਡੇ ਪੰਖਣੂ
ਕਰੇ ਕੌਣ ਆਬਾਦ, ਵਿਚ ਅਲੰਬਿਆਂ? -2-

ਵੇਈਂ-ਪੱਤਣ ਕੋਲ, ਸੂਖਮ ਸੂਰਤਾਂ
ਝਿਮ ਝਿਮ ਅੰਬਰ ਝੌਲ, ਭਰਦੇ ਸੱਚ ਦੀ
ਦਰਦ ਰਹੀ ਧਰ ਫੋਲ, ਝੁਕਦੇ ਤਬਕ ਨੇ
ਅਦਲ ਪਿਆ ਅਣਭੋਲ, ਸਹਿਜ ਪਛਾਣਦਾ।
ਭੇਦ ਸ਼ਬਦ ਦਾ ਬੋਲ, ਆਖ਼ਰ ਪਿਆ ਸੀ
ਕੂੰਦੀ ਨਦਰ ਅਡੋਲ: "ਸੁਣ ਮਰਦਾਨਿਆਂ
ਕਰਨ ਉਡੀਕ ਅਬੋਲ, ਪੈਂਡੇ ਧਰਤ ਦੇ।
ਮਾਨਵ-ਖ਼ਾਕ 'ਚ ਰੋਲ, ਲੰਮੇ ਸਮੇਂ ਨੂੰ
ਘੁੱਟ ਮਿਲਾਂਗੇ ਟੋਲ, ਬੰਦੇ ਰੱਬ ਦੇ।
ਬਹਿ ਨਾਨਕੀ ਕੋਲ, ਦੱਸੀ ਮੱਤ ਮੈਂ
ਦਿਆਂ ਰਮਜ਼ ਮੈਂ ਖੋਲ੍ਹ, ਸੌਂਦ ਸੁਲੱਖਣੀ।
ਮੋਹ ਤ੍ਰਿਖਾ ਨੂੰ ਘੋਲ, ਮਿਲੇ ਫ਼ਕੀਰ ਜੋ
ਅਪਣਾ ਪੰਥ ਅਮੋਲ, ਦੱਸਾਂ ਤਿਨਾ ਨੂੰ।" -3-

ਅੱਲਾ ਦਿੱਤਾ ਨੂੰ ਅਮਰ ਸਕੂਨ ਦੀ ਛੁਹ

ਕੱਲਾ ਇਕ ਫ਼ਕੀਰ, ਵੇਈਂ ਕੰਢੜੇ
ਵੇਖ ਰਿਹਾ ਦਿਲਗੀਰ, ਲੀਕ ਅਗੰਮ ਦੀ
ਜਿਸਦੀ ਜਰਦੇ ਪੀੜ, ਤਿੱਖੀ ਖੰਨਿਅਹੁੰ
ਸਾਬਰ ਸੂਫ਼ੀ ਪੀਰ, ਤੁਰ ਵਿਚ ਜੁਗਾਂ ਦੇ
ਹੋਇ ਕਾਰਵਾਂ-ਮੀਰ! ਫਿਰ ਉਹ ਛੱਡ ਕੇ
ਬੇਨਿਆਜ਼ ਤਜ ਭੀੜ, ਅੱਗੇ ਜਾਂਵਦੇ!
ਜਿਉਂ ਸੁਪਨ-ਤਾਬੀਰ, ਆਈ ਨੂਰ ਲੈ
ਪਲ ਜੁ ਦੂਰ ਗੰਭੀਰ, ਨੇੜੇ ਹੋ ਗਿਆ;

ਗੁਰੂ ਕਹੇ : "ਸੁਣ ਵੀਰ, ਅੱਲਾ ਦਿੱਤਿਆ
ਜਾਣਾ ਅਸਾਂ ਅਖੀਰ, ਨੂਰ ਪਛਾਣ ਲੈ।"
ਕੋਟਾਂ ਖੰਡਰ ਚੀਰ, ਅਰਥ ਨਵੇਲੜਾ
ਲਿਸ਼ਕੇ ਵੇਈਂ ਤੀਰ, ਨਾਨਕ ਸਾਮ੍ਹਣੇ!
"ਬਰਸਾਂ ਗੁਣੀ ਗਹੀਰ," ਕਿਹਾ ਫ਼ਕੀਰ ਨੇ
"ਖਿੱਚ ਅਨੰਤ ਲਕੀਰ, ਬੈਠਾ ਕੋਲ ਸੈਂ।
ਹਰਫ਼ ਜੁ ਬਾਝ. ਨਜ਼ੀਰ, ਨਾਦ ਅਲੱਖ ਦੇ
ਲੀਕੇਂ ਮੱਥੇ ਨੀਰ, ਵੇਈਂ ਵਗੇ ਜੋ।
ਲਖ ਪਰਵਾਜ਼ ਵਹੀਰ, ਘੱਤਣ ਅੰਬਰੀਂ
ਸੂਰਤ ਬਾਝ ਸਰੀਰ, ਦਿਲੀਂ ਨ ਵਸਦੀ।"

ਸਤਿਗੁਰ ਕਹਿਣ "ਨਿਸ਼ਾਨ, ਬੂਟ ਜੁ ਬੇਰ ਦਾ
ਜਿਸ ਵਿਚ ਮੈਂ ਦਿਲ-ਤਾਨ, ਸਦ ਹੀ ਥਰਕਣੀ
ਪੱਤਰ ਜਿਉਂ ਵਰਦਾਨ, ਫੁਟਸਨ ਏਸ ਚੋਂ
ਮੈਂ, ਸੁਣ! ਮੀਤ ਮਹਾਨ, ਤੁਧ ਨੂੰ ਸੌਂਪਦਾ।"
ਕਹੇ ਫ਼ਕੀਰ "ਨਿਸ਼ਾਨ, ਮਿੱਠੇ ਆਰਿਫ਼ਾ!
ਨਦੀ ਬੂਟ ਅਸਮਾਨ, ਅੰਤ ਅਕਾਂਵਦੇ
ਬੁੱਤ ਵਾਂਗ ਬੇਜਾਨ, ਜਾਪਣ ਨਜ਼ਰ ਨੂੰ
ਨਾ ਯਾਰੀ ਨਾ ਹਾਣ, ਦਿਲ ਨੂੰ ਬਖ਼ਸ਼ਦੇ।"
ਕਿਹਾ ਗੁਰੂ ਬਲਵਾਨ, "ਸੂਫ਼ੀ ਸੱਜਣਾ!
ਰੂਹ ਦੀ ਵਿਚ ਕਮਾਨ, ਹੜ ਪਰਵਾਜ਼ ਦੇ
ਤਰ ਜੋ ਲਾ-ਮਕਾਨ, ਵਕਤ ਉਡੀਕਦੇ
ਜਦੋਂ ਸ਼ਬਦ ਦੀ ਸ਼ਾਨ, ਸੁਰਤੀ ਪਾਰ ਦੀ
ਘੁੱਟ ਲੈਣ ਵਿਚ ਜਾਨ, ਬਲ ਬਲ ਪ੍ਰੀਤ ਤੋਂ,
ਜੋ ਵੀ ਉਦੋਂ ਨਿਸ਼ਾਨ, ਸਿਮਰਣ ਥਾਪਦਾ
ਤੂੰ ਕਾਲੀ ਅਰਮਾਨ, ਸੱਚ ਦਾ ਰਹੇਗਾ।
ਧਰਤੀ ਪਾਕ ਕਲਾਮ, ਰੱਖੇ ਸਾਂਭ ਕੇ
ਬੇਰ-ਚੁੱਪ ਚੋਂ ਨਾਮ, ਮਿਲੇ ਮੁਰੀਦ ਨੂੰ
ਖਿੜੇ ਰਾਹ ਗੁਮਨਾਮ, ਬੇਰ ਸੁਹਾਵਣੀ
ਜਿੱਥੇ ਸੁਬ੍ਹਾ ਨ ਸ਼ਾਮ, ਇਸਦੀ ਨਜ਼ਰ ਹੈ।
ਭਰਨ ਵਿਰਦ ਦੇ ਜਾਮ, ਦਿਲ ਜਦ ਮੁੱਦਤਾਂ
ਕਰਨ ਨਮਾਜ਼ ਸਲਾਮ, ਬ੍ਰਿਛ ਤੇ ਖ਼ਾਕ ਵੀ।"

ਅੱਲਾ ਦਿੱਤੇ ਝਾਲ, ਝੱਲੀ ਸ਼ਬਦ ਦੀ
ਉੱਠੇ ਅਜਬ ਭੁਚਾਲ, ਦਿਲ ਦੇ ਕੰਢੜੇ,
ਪਰਦੇ ਚੀਰ ਉਛਾਲ, ਵਕਤਾਂ ਵਾਲੜੇ
ਤੱਕੇ ਹੋ ਬੇਹਾਲ, ਨੁਕਤਾ ਅਸਲ ਦਾ।
ਹਰ ਮਜ਼ਾਰ ਚੋਂ ਕਾਲ, ਨਿਕਲੇ ਦੀਪ ਲੈ
ਨਵੀਂ ਅਕੀਦਤ ਨਾਲ, ਲੂਹੀ ਜ਼ਿਮੀਂ ਚੋਂ
ਰਿਹਾ ਰਹਿਮ ਨੂੰ ਭਾਲ, ਜਾਮੇ ਜੋੜ ਕੇ
ਲਿਸ਼ਕਣ ਖੰਭ ਰਸਾਲ, ਭੁੱਲੇ ਖੰਡਰੋਂ;
ਖੰਡ ਲੋਅ ਚੋਂ ਤਾਲ, ਸੁਣਦਾ ਪਿਆ ਸੀ
ਮੁੱਢ ਕਦੀਮੀ ਚਾਲ, ਤਾਰਾਗਣਾਂ ਦੀ
ਗੁੰਦ ਰਹੀ ਜੁ ਤਾਲ, ਲੰਮੇ ਕੂਚ ਦਾ
ਜੋ ਸਤਿਗੁਰ ਦੇ ਨਾਲ, ਰਹੇ ਰਬਾਬ ਤੇ।

ਸੁਲਤਾਨਪੁਰ ਨੂੰ ਅਲਵਿਦਾ

ਛੋੜ ਵਿਚ ਮਾਹ ਜੇਠ, ਸਾਕ ਕਬੀਲੜਾ
ਕਰਕੇ ਕੌਲ ਅਲੇਖ, ਨਜ਼ਰ ਸੁਲੱਖਣੀ
ਗੈਬੀ ਸਫ਼ਰ ਅਨੇਕ, ਭੈਣ ਨੂੰ ਦਸ ਕੇ
ਮਹਾਂ ਤਪੀ ਤੇ ਸ਼ੇਖ਼, ਸੁਪਨ ਚ ਬੰਨ੍ਹ ਕੇ
ਨਾਜ਼ਕ ਦਿਲ ਦੀ ਹੇਕ, ਨੈਂ ਨੂੰ ਬਖ਼ਸ਼ ਕੇ
ਛੱਡ ਖਜੂਰਾਂ ਹੇਠ, ਬਾਲ ਦਿਲਾਸੜੇ
ਨਾਨਕ ਧਾਰੇ ਭੇਖ, ਚੋਜ ਅਗੰਮੜਾ;
ਮਰਦਾਨੇ ਦੇ ਲੇਖ, ਟੋਰੇ ਨਾਲ ਹੀ
ਦੂਰ ਖ਼ਾਕ ਵਿਚ ਸੇਕ, ਜਿਸਦਾ ਡੁੱਬਿਆ।
ਓਧਰ ਨਜ਼ਰ ਵਿਸੇਖ, ਤੱਕੇ ਰਾਇ ਦੀ
ਅਣਦਿਸ ਪੈੜੋਂ ਲੇਖ, ਵਿਚ ਵਿਸਮਾਦ ਦੇ
ਤੋਰ ਰਹੇ ਕੋ ਰੇਖ, ਚੌਦਾਂ ਤਬਕ ਤੇ।
ਅਜੇ ਰੱਖ ਨਿਰਲੇਪ, ਤਾਂਘ ਅਟੱਲ ਨੂੰ
ਮਗ ਅਬੁੱਝ ਤੇ ਟੇਕ, ਦਿਲ ਵਿਚ ਸਾਂਭ ਕੇ
ਰੰਗ ਰਿਹਾ ਸੀ ਵੇਖ, ਬਾਲਾ ਬਾਰ ਦੇ
ਭਾਵੇਂ ਉਸਦੀ ਰੇਖ, ਵਿਚ ਉਦਾਸੀਆਂ।

ਬਿਆਸ ਬੇਟ ਵਲ
ਪਹਿਲੀ ਉਦਾਸੀ ਦੇ ਕਦਮ

ਫੜਿਆ ਛਡ ਸੁਲਤਾਨਪੁਰ, ਬਿਆਸ ਬੇਟ ਦਾ ਰਾਹ
ਛੱਤੀ ਜੁਗ ਦੇ ਨ੍ਹੇਰ ਚੋਂ, ਜਾਗ ਪਿਆ ਕੋ ਸਾਹ।
ਮਿਲੇ ਕੁਵਾਉ ਅਗੰਮ ਦਾ, ਪਲ ਪਲ ਹੋਇ ਅਥਾਹ
ਕਵਨ ਬਾਜ਼ ਹੈ ਉਡਿਆ, ਸਭ ਡੂੰਘਾਂ ਲਰਜ਼ਾ।
ਸੈ ਪਰਵਾਜ਼ਾਂ ਲੰਘ ਕੇ, ਲੈ ਸਤਿਗੁਰ ਦੀ ਬਾਹ
ਕਿਸ ਕਲਗੀ ਦੀ ਸਿਖਰ ਤੇ, ਕਰੇਗਾ ਅੰਤ ਪੜਾ?
ਖੜ ਮਰਦਾਨੇ ਵੇਖਿਆ, ਕੂਟ ਅਨੰਤ ਤੇ ਜਾ
ਨੇੜੇ ਉਸਦੀ ਪੈੜ ਦੇ, ਵਡ ਗਹਿਰਾ ਅਸਗਾਹ
ਜਿਸ ਵਲ ਵਗਦੇ ਕਾਲ ਦੇ, ਭੇਦ-ਭਰੇ ਦਰਿਆ।
ਚੁੱਪ ਅਛੂਹ ਚੋਂ ਫੜਕਦੇ, ਖੰਭ ਨਾਦਾਂ ਦੇ ਆ
ਦੁਨੀ ਦੇ ਵੱਡੇ ਸ਼ੋਰ ਸਭ, ਖੜ ਗਏ ਸੀਸ ਨਿਵਾ
ਨਦਰ ਨੂੰ ਭੁੱਲੇ ਕੋਟ ਗੜ੍ਹ, ਜਿਸ ਵਲ ਹੋਣ ਫ਼ਨਾਹ।

ਬੇਟ ਦੀ ਕਾਹੀ ਚੁੰਮਦੀ, ਧੀਆਂ ਜਿਉਂ ਤਿਰਕਾਲ
ਪੰਖੀ-ਕੰਠ ਚ ਮਿਲ ਰਹੇ, ਜਿਸ ਪਲ ਲੱਖਾਂ ਸਾਲ।
ਦੂਰ ਘਾਟ 'ਤੇ ਬੇੜੀਆਂ, ਜਿਉਂਕਰ ਸੁੱਤੇ ਕਾਲ
"ਸਖੀ ਮੈਂ ਵਗਦੇ ਨੀਰ ਦੀ," ਚਿੜੀ ਚੂਕਦੀ ਡਾਲ।
ਕਿਸ ਪਲ ਮੀਤ ਬਿਆਸ ਹੈ? ਕਿਸ ਪਲ ਡੂੰਘ ਚ ਜਾਲ:
ਰੱਖੇ ਬੇੜੀ ਪੱਤਣੀ, ਭੇਦ ਮਲਾਹਾਂ ਨਾਲ।
ਵਿਚ ਰਬਾਬ ਦੇ ਉਤਰੇ, ਵਣ-ਗੀਤਾਂ ਦੀ ਚਾਲ
ਸੋਦ ਚ ਛੁਪ ਛੁਪ ਜਾਂਵਦੀ, ਕਿਸ ਦੀਵੇ ਨੂੰ ਬਾਲ?
ਲੰਘਣ ਛੂਹ ਛੂਹ ਮੌਤ ਨੂੰ, ਕੋਟਾਂ ਪਾਵਨ ਤਾਲ
ਬਰਕਤ ਬੋਲ ਅਗੰਮ ਦੀ, ਰੱਖਣ ਵਹਿਣ ਸੰਭਾਲ।
ਗੁਰ ਵਲ ਆਵਣ ਨਦੀ ਦੇ, ਤੂਰ ਤੂਰ ਸੁਫ਼ਨ ਕਮਾਲ
ਵਗ ਵਗ ਰਾਤ ਨੂੰ ਬਾਲਸੀ, ਦੀਪ ਪੁਰਾਣੇ ਭਾਲ।

ਗੁਰੂ ਖੜੇ ਜਾ ਘਾਟ ਤੇ, ਸੰਗ ਰਬਾਬੀ ਯਾਰ
ਕੱਲ੍ਹੇ ਕਿਸੇ ਮਲਾਹ ਨੂੰ, ਸੱਦ ਕਹਿਣ: "ਚਲ ਪਾਰ

ਮੱਲੇ ਪੱਤਣ ਪਾਰ ਦੇ, ਥੇਹ ਚਟਾਨ ਉਜਾੜ;
ਲਈਏ ਹੇਠਾਂ ਤਾਰਿਆਂ, ਉਸ ਥਾਂ ਰੈਣ ਗੁਜ਼ਾਰ।"
"ਦੇਵਾਂ" ਕਿਹਾ ਮਲਾਹ ਨੇ: "ਪੱਤਣ ਓਸ ਉਤਾਰ
ਏਸ ਮੀਤ ਜਿਉਂ ਲਵੇਂ ਜੇ, ਡਾਢੇ ਜੁਗਾਂ 'ਚ ਸਾਰ।"
ਖੇਵਟ ਦੇ ਵਲ ਸਤਿਗੁਰਾਂ, ਕੋਮਲ ਨੈਣ ਉਲਾਰ
ਸੁਖ਼ਨ ਦੀ ਅੰਤਮ ਰਮਜ਼ ਨੂੰ, ਮਰਦਾਨੇ ਤੇ ਵਾਰ
ਕਿਹਾ: "ਵਗੇਂਦੇ ਨੀਰ 'ਤੇ, ਲੀਕਾਂ ਕਰਮ ਅਪਾਰ
ਉੱਚਿਉਂ ਉੱਚਾ ਕਰਾਂਗਾ, ਲੰਘ ਇਹ ਨੈਂ ਦਾ ਬਾਰ।
ਸਿਦਕ ਚ ਝੂਠੇ ਜਗਤ ਨੂੰ, ਝੂਠੀ ਅਗਨ ਵਿਸਾਰ
ਜੇਕਰ ਬਾਹਾਂ ਸਮਾਂ ਹੋ, ਘੁੱਟ ਲੈਣ ਇਕ ਵਾਰ
ਨਾ ਛਲ ਜਾਏ ਖੁਰੇ ਨਾ, ਉਸ ਥਾਂ ਦੀ ਲਿਵਤਾਰ,
ਜੇਕਰ ਕਾਇਮ ਮੁਹੱਬਤਾਂ, ਕਿਉਂਕਰ ਆਵੇ ਹਾਰ।"

ਉੱਚਾ ਘਾਟ ਬਿਆਸ ਦਾ, ਵਿੰਗ ਸਲੰਮੀ ਬੇਟ
ਆਦਿ ਜੁਗਾਦਿ ਜਿਉਂ ਦਿਸਦੀ, ਬੇੜੀ ਕੋਲ ਜੁ ਰੇਤ
ਚੁੱਕ ਰਬਾਬ ਮੁਰੀਦ ਨੇ, ਗੁਰ ਨੂੰ ਪਲ ਭਰ ਵੇਖ
ਕਿਹਾ: "ਗੁਰ ਇਸ ਸੁੰਦ ਨੇ, ਕਿਉਂ ਮੋਹੇ ? ਨਾ ਭੇਤ
ਵਗਦਾ ਆਦਿ ਜੁਗਾਦਿ ਚੋਂ, ਵਲ ਰਬਾਬ ਕਿਉਂ ਹੇਤ ?"
ਗੁਰੂ ਕਿਹਾ: "ਮਰਦਾਨਿਆਂ, ਸਾਡੇ ਪੰਧ ਅਨੇਕ
ਆਦਿ ਕਵਾਉ ਚੋਂ ਲਿਪਟਣਾ, ਤਨ ਤੇਂਡੇ ਵਿਚ ਸੇਕ
ਮੌਤ ਹਯਾਤੀ ਰੰਗਦੀ, ਜਿਸਦੀ ਇੱਕੋ ਹੇਕ
ਤਿਸਨੂੰ ਧਾਹ ਕੇ ਮਿਲਣਗੇ, ਨੀਰ ਵਗਣ ਜੋ ਹੇਠ।"
ਸੁਣਿ ਮਰਦਾਨੇ ਪੜ੍ਹੇ ਸੀ, ਉਡਦੇ ਅਣਗਿਣ ਲੇਖ
ਸਜ਼ਣ ਪੰਖਣੂ ਬੱਚੜੇ, ਸਭ ਕੌਮਾਂ ਦੇ ਖੇਤ।
ਅੰਦਰ ਇਕ ਪਲ। ਬਾਹਰ ਸੀ: ਕਾਲ ਕਾਲ ਦੇ ਭੇਖ
ਗੁਫ਼ਾ ਚ ਆਸਨ ਪਹਿਲੜਾ, ਪੰਧ ਗਿਣੇ ਨਾ ਜੇਤ
ਦਾਤ ਦਿਸੀ ਵਿਚ ਸੁਖ਼ਨ ਦੇ, ਕੁਲ ਬ੍ਰਹਿਮੰਡ ਸਮੇਤ।

ਉੱਚੇ ਘਾਟ ਬਿਆਸ ਤੇ, ਦੈਵੀ ਸੂਰਤਾਂ ਦੋ
ਵਾਰਨ ਤਾਰੇ ਸਿਰਾਂ ਤੇ, ਜਿਉਂ ਵਰਦਾਨ ਦੀ ਲੋ।
ਬਹੁਤ ਪੁਨੀਤ ਅਕਾਸ਼ ਚੋਂ, ਲੰਘ ਰਹੀ ਕੋ ਸੋਅ
ਅਜਬ ਪੁਰਾਣੇ ਸਫ਼ਰ ਦੀ, ਬਾਤ ਹੈ ਪਾਉਂਦੀ ਜੋ।

ਸੋਚੇ ਦਾਨਾ: "ਅੱਖਰੀਂ, ਨੀਂਦਰ ਜੁਗਾਂ ਦੀ ਢੋ
ਨਾਨਕ ਕਿਹੜੇ ਸੁਪਨ ਦੀ, ਹਿੱਕ 'ਚ ਪਾਵੇ ਖੋਹ ?
ਪ੍ਰਾਚੀਨ ਦੀ ਕੁੰਟ ਚੋਂ, ਆਉਣ ਪੰਧਾਊ ਕੋ
ਕਾਲ ਦੇ ਪਹਿਲੇ ਕਦਮ ਦਾ, ਮੂਕ ਜਗਾਵਣ ਮੋਹ।
ਭਾਵੇਂ ਉੱਡਣ ਕਹਿਕਸ਼ਾਂ, ਭੈਅ ਵਿਚ ਕੋਟਾਂ ਕੋਹ
ਡੂੰਘ ਅਮਿੱਤ ਨੂੰ ਥੰਮ੍ਹਦਾ, ਨਿਹਚਲ ਕੌਲ ਖਲੋ।
ਸ਼ਬਦ ਅਥਾਹ ਜਦ ਗੁਰਾਂ ਦੇ, ਤਨ ਮਨ ਲਿਆ ਲੁਕੋ
ਜਲਦੀ ਤੱਕੀ ਪਿਰਥਮੀ, ਕਲਵਲ ਗਿਆ ਮੈਂ ਖੋ।
ਔਹ ਨਬੀਆਂ ਦੀ ਪੈੜ ਨੂੰ, ਕੋਟ ਫ਼ਰੇਬ ਧਰੋਹ
ਥਲ ਤਪਦੇ ਜਿਉਂ ਲਿਪਟਦੇ, ਲਾਲ ਭਬੂਕੜੇ ਹੋ।
ਦਿੱਤੇ ਸ਼ਬਦ ਮਹੀਨ ਨੇ, ਦਿਲ ਇਬਲੀਸ ਦੇ ਧੋ
ਜਿਉਂ ਮਾਵਾਂ ਵਿਚ ਡਉ ਦੇ, ਧਰਨ ਦਿਲਾਸੜੇ ਰੋ।"

ਅੰਮ੍ਰਿਤ ਵੇਲੇ ਥਰਕਿਆ, ਆਸਾ ਦਾ ਵਿਸਮਾਦ
ਛੁਹਦਾ ਤਾਰ ਰਬਾਬ ਦੀ, ਤਾਰਾਗਣ ਦਾ ਨਾਦ
ਕਰਮ ਜੇਡ ਫ਼ੁਰਮਾਨ ਦੀ, ਪਹਿਲੀ ਸਗਲੀ ਯਾਦ
ਬ੍ਰਹਿਮੰਡਾਂ ਤੋਂ ਵੱਡੜੀ, ਤਾਂਘ ਕਰੇ ਆਬਾਦ।
ਪਹਿਲਾ ਆਸਨ ਚਾਉ ਦਾ, ਦਿਸੇ ਜੁਗਾਂ ਨਾ ਬਾਅਦ
ਨਾਵਾਂ ਥਾਵਾਂ ਗਗਨ ਦੇ, ਖ਼ਾਬ ਵਿਚ ਕੁਝ ਸੁਆਦ;
ਦਿਹੁੰ ਖਿੱਤਾਂ ਵਿਚ ਘੁੰਮਦੇ, ਭਾਵੇਂ ਪੰਧ ਅਗਾਸ
ਪਹਿਲੇ ਰਚਨਾ-ਚਾਉ ਨੂੰ, ਮਿਲੀ ਨ ਕੋ ਫ਼ਰਿਆਦ।
ਕਿਣਕਾ ਮੋਹ ਵਿਚ ਉੱਡਦਾ, ਜਾ ਵੱਜੇ ਮਨ-ਆਦਿ
ਕਾਲ ਗਵਾਹੀ ਦੇ ਰਿਹਾ, ਭੈ ਵਿਚ ਪਰੇ ਅਜ਼ਾਦ।
ਦਾਨਾ ਸੋ ਦਰੁ ਗਾਂਵਦਾ, ਲਿਵ ਵਲ ਤੁਰੇ ਅਨਾਦਿ
ਖਿੱਤੀਂ ਵਾਗੀਂ ਥੱਕਦੀ, ਆਦਮ ਦੀ ਔਲਾਦ।

ਅਰਦਾਸ ਅਤੇ ਜਮ

ਨਾਨਕ ਅੰਮ੍ਰਿਤ ਵੇਲੜੇ, ਫੇਰ ਕਰੀ ਅਰਦਾਸ
ਧਰਤ ਰਚਨ ਦੀ ਘੜੀ ਨੂੰ, ਸਜਦਾ ਕੀਤਾ ਖ਼ਾਸ
ਚੋਲਾ ਸੀਤਾ ਜਿੰਦ ਦਾ, ਕਦੇ ਨ ਹੋਵੇ ਨਾਸ
ਜਲ ਥਲ ਮਿਲਣ ਨੂੰ ਖੜੇ ਆ, ਉੱਚੇ ਘਾਟ ਦੇ ਪਾਸ;

ਝਿਮ ਝਿਮ ਤਾਰਾਗਣਾਂ ਦੀ, ਨਜ਼ਰੀਂ ਕਰੇ ਨਿਵਾਸ
ਰੁਣ ਝੁਣ ਨੂਰ 'ਚ ਸੱਚ ਕੀ, ਕੌਣ ਕਰੇ ਨਿਰਜਾਸ ?
ਸਿਮਰਣ ਜਿਉਂ ਵਰਭੰਡ ਨੂੰ, ਮਰਦਾਨੇ ਦੇ ਸਾਸ
ਕਾਲ ਕਾਲ ਤਕ ਘੁੱਟਦੇ, ਖੰਡ ਖੰਡ ਦੀ ਰਾਸ।
ਲੈ ਕੇ ਤਾਂਘ ਅਗੰਮ ਦੀ, ਤਕ ਕੇ ਬੰਦ ਖ਼ਲਾਸ
ਧਰਤੀ ਕੀਤੀ ਸੱਜਰੀ, ਦਰਿਆਵਾਂ ਦੀ ਪਿਆਸ।
ਸਾਜਨ ਦੇਸ ? ਵਿਦੇਸ ਜਾਂ ? ਛਿੜੇ ਵਰਾਗੀ ਆਸ
ਪੈੜ ਚਾਪ ਇਕ ਥਰਕਦੀ, ਮਰਦਾਨੇ ਦੇ ਪਾਸ।

ਤਦੋਂ ਰਬਾਬੀ ਬੋਲਦਾ, ਧਾਰ ਅਗੰਮੀ ਵੇਸ :
"ਜਮ ਜਦ ਮੱਲਣ ਲੱਗਿਆ, ਤਾਨ ਮਿਰੀ ਦਾ ਦੇਸ
ਤੂੰ ਪੰਜੇ ਤੇ ਥੰਮ੍ਹ ਲਏ, ਚੜ੍ਹੇ ਅਮੋੜ ਕਲੇਸ਼
ਨੈਣ ਚੁੱਕ ਤੂੰ ਕਾਲ ਚੋਂ, ਪੈੜ ਉਹ ਦਿੱਤੀ ਮੇਸ—
ਹੁਣ ਪਰਸੇ ਕੁਝ ਧਰਤ ਨੂੰ, ਸਜਦਾ ਜਿਵੇਂ ਹਮੇਸ਼ !
ਇਹ ਕਿਸ ਚਾਲ ਦੀ ਧਮਕ ਹੈ, ਭਰੀ ਮਸੂਮ ਵਰੇਸ ?"
ਗੁਰੂ ਕਹਿਣ "ਮਰਦਾਨਿਆਂ ! ਉਹ ਮੈਂ ਅਪਣਾ ਆਪ
ਕਾਲ ਚੋਂ ਕਾਲ ਨੂੰ ਜਾ ਰਿਹਾ, ਰਾਹ ਸਿਮਰਣ ਦੇ ਥਾਪ।
ਧਰ ਤੋਂ ਨਭ ਤਕ ਚੜ੍ਹਾਂ ਮੈਂ, ਚੁੱਕ ਸਾਜਣ ਦਾ ਜਾਪ
ਦਸ ਰੂਪਾਂ ਤਕ ਕਰ ਰਿਹਾ, ਰੌਸ਼ਨ ਅਪਣੀ ਦਾਤ।
ਕਰਾਂ ਇਹ ਘਾਟ ਅਨੰਦੁ ਦਾ, ਤੀਜੇ ਰੂਪ ਅਲਾਪ
ਸੁਣੀ ਤੂੰ ਉਸਦੀ ਕਾਲ ਚੋਂ, ਕੁਝ ਪਲ ਪਹਿਲਾਂ ਚਾਪ।"

ਬ੍ਰਹਿਮੰਡਾਂ ਸਿਰ ਲਿਸ਼ਕਿਆ, ਫੇਰ ਇਲਾਹੀ ਨਾਜ਼
ਕੂਟ ਅਦਿੱਸੋਂ ਲੱਭਦੀ, ਕੋਟ ਕੁੰਟ ਦੀ ਵਾਜ।
ਸੱਚਾ ਸ਼ਬਦ ਸਮਾ ਰਿਹਾ, ਵਿਚ ਨਿਮਾਣੇ ਸਾਜ਼
ਵਿਛੜੇ ਦੈਵੀ ਸਫ਼ੇ ਨੂੰ, ਪੜ੍ਹਨ ਧਰਤ ਦੇ ਰਾਜ਼।
ਹੋਵਣ ਛੁਪੇ ਗ੍ਰੰਥ ਚੋਂ, ਜੁਗ ਜੁਗ ਦੇ ਆਗਾਜ਼
ਧਰਮਾਂ ਦੀ ਪਤ ਢਕਣ ਦਾ, ਅਜਬ ਘਿੜੇ ਅੰਦਾਜ਼।
ਰਾਵੀ ਕੁੰਟੋਂ ਉੱਡਿਆ, ਸਤਲੁਜ ਪਾਸੇ ਬਾਜ਼
ਨਾਨਕ ਸੋਦਰੁ ਸਾਹਮਣੇ, ਵੇਖ ਰਿਹਾ ਪਰਵਾਜ਼।

ਜੁਗਾਂ ਦੇ ਵਹਿਣ 'ਚ ਗੁਰੂ ਜੀ, ਇਕ ਪਲ ਜੇਡ ਨਿਸ਼ਾਨ
ਬੰਨ੍ਹਣ ਸਿਦਕ 'ਚ ਨਾਲ ਲੈ, ਬਹੁ ਪੁਸ਼ਤਾਂ ਦੇ ਤਾਣ,

ਰੰਗਣ ਨੈਂ ਦੇ ਤੀਰ ਵੀ, ਨਾਲ ਕਦਮ ਅਸਮਾਨ।
ਪੰਧ ਸੰਜੋਗ ਵਿਜੋਗ ਦੇ, ਫਿਰ ਲਰਜ਼ੇ ਵਿਚ ਜਾਨ
ਚੁੱਕੇ ਨਾਨਕ ਧਰਤ ਦੇ, ਕੁਲ ਪਾਕ ਅਰਮਾਨ
ਜਿਵੇਂ ਸਗਲ ਬ੍ਰਹਿਮੰਡ ਦਾ, ਇੱਕੋ ਇਕ ਮਹਿਮਾਨ।
ਦਾਨਾ ਪੜ੍ਹੇ ਬਿਆਸ ਤੇ, ਉਸ ਅੱਖਰ ਦੀ ਸ਼ਾਨ
ਜੋ ਗੁਰ-ਨਜ਼ਰ ਦਾ ਫ਼ੈਜ਼ ਹੈ, ਜਾਂ ਸੋਦਰੁ ਫ਼ੁਰਮਾਨ।

ਬਿਆਸ ਤੋਂ ਪਵਿੱਤਰ ਛੰਭ ਤਕ

ਹੋ ਕੇ ਵਿਦਾ ਬਿਆਸ ਤੋਂ, ਛਿਣ ਕੇ ਸਾਜ ਅਨਾਂ
ਵੱਲ ਲਹੌਰ ਦੇ ਜਾਂਵਦੇ, ਖੜੀ ਉਡੀਕਦੀ ਛਾਂ।
ਦਿਸਣ ਛਿਪਣ ਬਹੁ ਡੰਡੀਆਂ, ਬਹੁਤ ਮਾਸੂਮ ਜਵਾਂ
ਰੁੱਖਾਂ ਉਹਲੇ ਖੜੇ ਆ, ਮੋਹ ਵਿਚ ਜਿਵੇਂ ਗਿਰਾਂ
ਮਿਲਣ ਛੰਭ ਤੇ ਬੇਰੀਆਂ, ਗੂੰਜ ਪਾਉਣ ਫਰਵਾਂ
ਕਿਤੇ ਵਲੇ ਕੇ ਅੰਬ ਵੀ, ਜਿਉਂ ਅਪਣੱਤ ਦੀ ਬਾਂਹ।
ਕੂਣ ਰੁੱਖ "ਸੁਣ ਪੰਖਣੂ, ਕੌਣ ਇਹ ਮੰਝ ਵਣਾਂ
ਰੈਣ ਫਜਰ ਦੇ ਚੋਗ ਨੂੰ, ਚੁਗੇਂ ਤੂੰ ਕੋਲ ਸਰਾਂ
ਦੱਸੇਂ ਤੂੰ ਇਸ ਗੈਬ ਦੇ, ਕੋਟਾਂ ਛੁਪੇ ਜੋ ਥਾਂ
ਇਹ ਰਾਹੀਆਂ ਥਿਨ ਲਵੇਂਗਾ, ਹੁਣ ਤੂੰ ਕਿਸਦਾ ਨਾਂ।"

ਵਾਹ ਕੇ ਉਡਦੀ ਖ਼ਾਕ ਤੇ, ਇੰਜ ਕਦੀਮ ਦੇ ਪੰਧ
ਸੌਂਪ ਕੇ ਨੂਰੀ ਸ਼ਬਦ ਨੂੰ, ਸੁਰ ਤੋਂ ਪਹਿਲੇ ਅੰਧ
ਪ੍ਰਥਮ ਪੰਖ ਦੇ ਗੀਤ ਦਾ, ਰੁੱਖ ਨੂੰ ਬਖ਼ਸ਼ ਅਨੰਦ
ਤੱਕਣ ਰਾਹੀ ਲਿਸ਼ਕਦਾ, ਵਿਚ ਬੇਰੀਆਂ ਛੰਭ।
ਜਲ ਵਿਚ ਰਿਸ਼ੀ ਦੀ ਯਾਦ ਜਿਉਂ, ਦਿਸਣ ਅਜਨਬੀ ਰੰਗ
ਮਿਲਦੇ ਰਹਿੰਦੇ ਸਿਦਕ ਨੂੰ, ਸਮੇ ਜੁ ਜਾਂਦੇ ਲੰਘ
ਕਿਸੇ ਕਿਸੇ ਜਲ ਡੂੰਘੜੇ, ਮਿਲਣ ਰਿਸ਼ੀ ਦੇ ਸੰਗ
ਧਰ ਵਿਚ ਕੌਲ ਹੈ ਬੀਜ ਦਾ: ਮੌਤਾਂ ਜਾਸਨ ਹੰਭ।

ਮਰਦਾਨਾ ਹੈਰਾਨ ਸੀ: "ਖ਼ਾਕ ਚ ਤਾਲ ਮਹੀਨ!
ਕਿਉਂ ਨਭ ਉਡਦੇ ਜੁਗਾਂ ਤੋਂ, ਲਹਿ ਜਲ ਛੰਭ ਤੇ ਪੀਣ।
ਕੌਣ ਹੈ, ਕਿਸ ਲਈ ਗੁਰੂ ਜੀ! ਕਾਲ ਦੇ ਪੈਂਡੇ ਥੀਣ ?
ਕਿਹੜੀ ਬਰਕਤ ਛੰਭ ਤੇ, ਕਿੱਥੋਂ ਆਇ ਯਕੀਨ

ਪੰਛੀ ਤੈਂ ਸਿਰਿ ਘੁੰਮ ਕੇ, ਕਿਉਂ ਗਾਵਣ ਆਮੀਨ ?"
ਗੁਰੂ ਕਹਿਣ : "ਬਿਨ ਗ਼ੈਬ ਦੇ, ਜੀਵ ਨ ਧਰ ਦੇ ਜੀਣ
ਗ਼ੈਬ ਦੇ ਸੁਪਨੇ ਬਾਝ ਤਾਂ, ਸੂਰਜ ਚੰਨ ਵੀ ਖੀਣ।
ਅਰਬਦ ਨਰਬਦ ਲੰਘ ਕੇ, ਸ਼ਬਦ ਹੋਇ ਧਰਿ ਲੀਨ
ਇਕ ਛਿਣ ਕਦੇ ਵਸਾਂਵਦਾ, ਜਾਂ ਇਕ ਥਾਂ ਬਹੁ ਦੀਨ।
ਇੰਜ ਹੀ ਇਸ ਥਾਂ ਸ਼ਬਦ ਚੋਂ, ਤ੍ਰੁੱਠੇ ਰਹਿਮ ਅਸੀਮ
ਘਣੀ ਛਾਂ ਵਿਚ ਬੇਰੀਆਂ, ਛੰਭ ਵਸੇ ਮਸਕੀਨ।"

ਸੁਣ ਮਰਦਾਨੇ ਪੁੱਛਿਆ, "ਕਿਸਦੇ ਚਾਉ ਅਨੰਤ
ਬਖ਼ਸ਼ੀ ਛੰਭ ਨੂੰ ਸ਼ਬਦ ਦੀ, ਸਦਾ ਅਸੀਸ ਬਸੰਤ ?"
ਗੁਰੂ ਕਹਿਣ "ਮਰਦਾਨਿਆਂ, ਬੀਤੇ ਸਾਲ ਬਿਅੰਤ
ਦਯਾ ਦਾ ਚੋਲਾ ਪਹਿਣ ਕੇ, ਗਾਹੇ ਅਸਾਂ ਦਿਗੰਤ
ਪਹਿਰੇ ਦਿੱਤੇ ਸੁੰਨ ਤੇ, ਰਹੇ ਕਾਲ ਦੇ ਕੰਤ
ਪਸਰੇ ਦਯਾ ਦੇ ਕਲਪ ਤੇ, ਐਪਰ ਜਦੋਂ ਦਿਨੰਤ
ਮੈਂ ਧਰ ਸੋਧਣ ਆਇਆ, ਲੈ ਸ਼ਬਦ ਦੀ ਮੰਤ।
ਛੋੜ ਦਿਆਂ ਵਿਚ ਸ਼ਬਦ ਮੈਂ, ਮਧੁਰ ਨਾਮ ਦਾ ਛੰਤ।
ਮੈਂ ਇਕ ਛਿਣ ਨੂੰ ਸਾਜਣਾ, ਜੁਗ ਜੁਗ ਜਿਦਾ ਗ੍ਰੰਥ
ਨੈਣ ਉਹ ਦੇਵਾਂ ਛੰਭ ਨੂੰ, ਵਿਹਣ ਅਦਿੱਸ ਜੁ ਪੰਥ
ਸੀਸ ਤਲੀ ਤੇ ਰੱਖ ਕੇ, ਜਿਤ ਵੱਲ ਆਵਣ ਸੰਤ
ਮਿਰਗ ਜਿਉਂ ਧਾਈ ਕਰਨਗੇ, ਤ੍ਰਿਖ ਵਿਚ ਡੁੱਬੇ ਜੰਤ।
ਮੌਂਡੇ ਛਿਣ ਹੀ ਖਿੜਣ ਗੇ, ਪੈਂਡੇ ਕੋਟ ਤੁਰੰਤ
ਛੰਭ 'ਚ ਆਸਨ ਧਰਮ ਦੇ, ਰਹਿਣ ਸਦਾ ਗੁਣਵੰਤ।"

ਅਮਰਦਾਸ ਦੀ ਇਲਾਹੀ ਕੰਬਣੀ

ਫ਼ਜਰ ਨੂੰ ਨਾਨਕ ਨੇੜ ਹੀ, ਦਸਤਕ ਸੁਣਦੀ ਰੂਹ
ਪਾਵਨ ਭੈ ਵਿਚ ਕੰਬਦੀ, ਬਾਸਰਕੇ ਦੀ ਜੂਹ।
ਛੰਭ ਤੀਕ ਸੀ ਥਰਕਦੇ, ਸੁਰ ਦੇ ਮੂਕ ਸਮੂਹ
ਰਹੀਆਂ ਸੀ ਇਕ ਜਿੰਦ ਨੂੰ, ਸੈ ਪਰਵਾਜ਼ਾਂ ਛੂਹ
ਅਮਰਦਾਸ ਗੁਰ ਬੁੱਕਲੇ, ਭਾਂਬੜ ਸਕਣ ਨ ਲੂਹ
ਅਣਵੇਖੇ ਸਿੰਧ ਡੂੰਘੜੇ, ਪਾਉਣ ਨੈਂ ਨੂੰ ਧੂਹ!
ਵਿਸ਼ ਤੇ ਅੰਮ੍ਰਿਤ ਬੰਦ ਨੇ, ਵਿਚ ਕਾਲਾਂ ਦੇ ਖੂਹ
ਤੀਜੇ ਰੂਪ ਚ ਹੁਕਮ ਨੇ, ਦੇਣੀ ਸਗਲੀ ਸੂਹ।

ਤੱਕੇ ਰਾਹ ਧਿਆਨ ਦੇ, ਅਮਰਦਾਸ ਨੇ ਕੰਬ:
ਘੇਰਨ ਬਿਰਖ ਭਬੂਕੜੇ, ਉਂਜ ਸੀ ਨੇੜੇ ਗੰਧ
ਜਗ ਦੇ ਧੂੰਏਂ ਵਿਚ ਨਾ, ਖੁਰਣਗੇ ਮੇਰੇ ਅੰਗ
ਜਲ ਵਿਚ ਪਾਵਨ ਚਰਨ ਨੇ, ਕਦੇ ਨ ਸੁੱਕੇ ਛੰਭ।
ਹੁਣੇ ਬੇਰੀਆਂ ਵਲੋਂ ਜੇ, ਤੁਰਾਂ ਤਾਂ ਜਾਵਾਂ ਹੰਭ
ਬ੍ਰਿਛਾਂ.ਉਹਲੇ ਖੜੇ ਨੇ, ਉਂਜ ਨਵੇਲੇ ਪੰਧ।
ਜਗ-ਧੂੰਏਂ ਵਿਚ'ਸੁੱਟਦਾ, ਜਮ ਬੇਕਿਰਕ ਕਮੰਦ
ਨੈਣ ਸੱਜਣ ਦੇ ਸੱਦ ਦੇ, ਨੇੜੇ ਉਂਜ ਬੁਲੰਦ।
ਪਹਿਲਾਂ ਸੁਪਨ 'ਚ ਸੱਦਿਆ, ਕਿਸੇ ਬਿਆਸ-ਤਰੰਗ
ਚੜ੍ਹਿਆ ਉੱਚੇ ਘਾਟ ਤੇ, ਪੈੜ ਮਿਰੀ ਦਾ ਰੰਗ।

ਰਾਵੀ ਦਾ ਪੱਤਣ ਅਤੇ ਅਨੰਤ

ਨਾਲ ਰਬਾਬੀ, ਰਾਵੀ ਪੱਤਣ
ਆਣ ਬਹੁੜਿਆ ਮਾਹੀ,
ਲੰਘੇ ਸਮੇਂ, ਚੁੱਪ ਵਿਚ ਦਿੱਤੀ
ਸ਼ਹਿਰ ਲਹੌਰ ਗਵਾਹੀ।

ਲੰਮੇ ਵਹਿਣ ਪਈ ਸੀ ਰਾਵੀ
ਕਦਮ ਗ਼ੈਬ ਦਾ ਜਾਪੇ।
ਬ੍ਰਹਿਮੰਡਾਂ ਦੀ ਨਵੀਂ ਸਿੱਕ ਨੂੰ
ਇਕ ਪਲ ਖੜਾ ਅਲਾਪੇ।

ਵਹਿਣ ਅਸੰਖ ਲਹਿਰ ਦੇ ਵੱਜਣ
ਇਕ ਉਡੀਕ ਦੇ ਪਲ ਤੇ
ਪੈਣ ਪਏ ਪਲਕਾਂ ਤੇ ਦੂਰੋਂ
ਕਿਸੇ ਗ਼ੈਬ ਦੇ ਝਲਕੇ।

ਕਿਤੇ ਰਬਾਬ ਛੁਪੀ ਵਿਚ ਰਾਵੀ
ਹਾਥ ਲਵੇ ਮਰਦਾਨਾ
ਦੂਰ ਦੂਰ ਸਮਿਆਂ ਦੇ ਉਹਲੇ
ਤਿਲ੍ਹਕ ਜਾਣ ਸਭ ਤਾਨਾਂ।

ਅੰਤ ਕਾਲ ਦੀ ਧਰਤ-ਚੇਤਨਾ
ਝਲਕ ਸ਼ਿੰਗਾਰੀ ਰਾਵੀ
ਫਿਰ ਪੈਂਡੇ ਨਾਨਕ ਦੇ ਦੱਸੇ
ਰਮਜ਼ ਧਰਤ ਦੀ ਸਾਵੀ।

ਫ਼ਜਰ ਸਖੀ ਨੂੰ ਨਦੀ ਆਖਿਆ
ਪਹਿਣ ਚੁੱਪ ਦਾ ਬਾਣਾ :
"ਦੋਹਾਂ ਸੁਰਤ ਅਗੋਚਰ ਤੀਕਣ
ਸਫ਼ਰ ਕਰਦਿਆਂ ਜਾਣਾ।

"ਨੇੜ ਸ਼ਬਦ ਉਹ ਜਿਸ ਤੇ ਕਰਸਨ
ਚੌਦਾਂ ਤਬਕ ਟਿਕਾਣਾ
ਪ੍ਰਥਮ ਨਾਦ ਨੇ ਕੁਦਰਤ-ਕੰਠੋਂ
ਹੁੱਲਿ ਰਬਾਬ ਸਮਾਣਾ।"

ਜੁੜੇ ਮਲਾਹ ਫਿਰ ਸਭ ਦੇਸਾਂ ਦੇ
ਤੱਕਣ ਰਾਵੀ-ਛੱਲਾਂ
ਛੁਹ ਛੁਹ ਜਗਤ-ਮਲਾਹ ਦੀ ਬੇੜੀ
ਕਰਨ ਵਜਦ ਵਿਚ ਗੱਲਾਂ।

ਲੰਘ ਦਰਿਆ ਤੁਰੇ ਜਦ ਨਾਨਕ
ਨੈਂ ਦੀ ਝਲਕ ਵਿਜੋਗੀ
ਗੋਤਾ ਮਾਰ ਛੁਪੇ ਅਤਿ ਡੂੰਘਾ
ਧਰ ਦੇ ਨੇਮ ਸੰਜੋਗੀ।

ਅੰਧ ਨਾਲ ਚਾਨਣ ਝੁਕ ਵੇਖੇ
ਦੋਹਾਂ ਧੁੰਧਾਂ ਉਹਲੇ
ਕਿਤ ਵਲ ਕਾਮਲ ਛਿਣ ਦੀ ਮੰਜ਼ਿਲ!
ਰਾਵੀ ਕਲਵਲ ਡੋਲੇ।

ਭਾਵੇਂ ਨਾਨਕ-ਵਾਟ ਦੁਆਲੇ
ਕਾਮਲ ਛਿਣ ਦਾ ਵਾਸਾ
ਐਪਰ ਮਾਸ ਝੜੇ ਨਹੁੰ ਨਾਲੋਂ
ਭਸਮ ਹੋਇ ਧਰਵਾਸਾ।

ਨਜ਼ਰ, ਪੈੜ ਤੇ ਛੂਹ ਮਿਟਣ ਦਾ
ਸੱਲ੍ਹ ਨਦੀ ਫਿਰ ਜਰਿਆ
ਮਾਨਵ ਬੇਵਤਨਾ ਹੋ ਜਿਉਂਕਰ
ਬੰਦ ਗੁਫ਼ਾ ਵਿਚ ਮਰਿਆ।

ਹਿਜਰ ਤੋਂ ਮੌਤ ਤੀਕ ਤਦ ਫੁੱਟੇ
ਮਾਂ-ਦਿਲ.ਸਮ ਧਰਵਾਸਾ
ਰਾਵੀ ਦੇ ਸੀਨੇ ਵਿਚ ਕੀਤਾ
ਧੁਰ ਸੰਜੋਗ ਨਿਵਾਸਾ।

ਖੜ ਅਰਦਾਸ ਕਰਨ ਫਿਰ ਲਹਿਰਾਂ
ਛੁਪਿਆ ਮਿਲੇ ਦਿਲਾਸਾ
ਮਰਨ ਬਾਅਦ ਦਾਨਾ ਜਿਉਂ ਹੋਵੇ
ਗੁਰ-ਕੰਠ ਲਗ ਪਿਆਸਾ।

ਸਮੇ ਚ ਦੂਰ ਸਿਦਕ ਪੀ ਲਿਸ਼ਕਣ
ਬਹੁ ਸੂਖਮ ਪਰਵਾਜ਼ਾਂ
ਥਿੱਤ ਵਾਰ ਸਾਲਾਂ ਦੇ ਪਾਰੋਂ
ਇਸ ਪਲ ਦੇਣ ਆਵਾਜ਼ਾਂ:

"ਜਲ ਬੂਟ ਰਾਵੀ ਤ੍ਰਿਣ ਪੱਤਣ
ਜਦੋਂ ਦਹਿਲ ਕੇ ਖੁਰਦੇ
ਜਦੋਂ ਗਗਨ ਸੁੰਗੜ ਵਿਚ ਸੁੰਨਾਂ
ਬਾਝ ਤਾਰਿਆਂ ਝੁਰਦੇ;

"ਵਿਚ ਅਦਿੱਸ ਨੀਰ ਮਨ ਨਾਨਕ
ਤਦ ਨੈਂ ਸੁਪਨ ਖਿੜਾਵੇ
ਭਾਰ ਮੂਰਛਾ ਹੇਠਾਂ ਦੱਬੀ
ਤੋੜ ਚਟਾਨ ਜਗਾਵੇ।"

ਸੈਦਪੁਰ ਵਲ

ਤੁਰੇ ਜਾਣ ਸੈਦਪੁਰ ਰਾਹ ਤੇ
ਨਾਨਕ ਤੇ ਮਰਦਾਨਾ
ਨਵ ਕੰਨਸੋਅ ਧਰਤ ਨੂੰ ਦਿੱਤੀ
ਸ਼ੁਕਰ ਭਰੇ ਅਸਮਾਨਾਂ।

ਲਿਸ਼ਕ ਬਿਬੇਕ ਪਿਆ ਵਿਚ ਸਮਿਆਂ
ਪਹਿਲ-ਉਦਾਸੀ ਰੁੱਤੇ
ਫੜਕ ਪਏ ਜਮ-ਭੈਅ ਚੀਰ ਕੇ
ਖੰਭ ਸੁੰਨ ਵਿਚ ਸੁੱਤੇ।

ਅੰਗਹੀਣ ਜੁਗਾਂ ਦੇ ਹੇਠੋਂ
ਪੱਤ ਮਾਨਵ ਦੀ ਉੱਠੇ
ਮੌਤ-ਖੂਹ ਵਿਚ ਹੱਥ ਮਿਹਰ ਦੇ
ਪਰਸ ਲੈਣ ਜੋ ਕੁੱਠੇ।

ਖ਼ਾਸ ਅੰਤ-ਬਿੰਦੂ ਇਕ ਛਿਣ ਤੇ
ਗਰਜ਼ ਗ਼ੈਬ ਚੋਂ ਧਮਕੇ
ਜਿਸਦੇ ਮੱਥੇ ਪੱਤ ਮਾਨਵ ਦੀ
ਸਦ ਸਾਬਤ ਹੀ ਚਮਕੇ।

ਛੁਪਿ ਮਹਿਮਾਨ ਨਿਵਾਜ਼ ਹੱਥ ਕੋ
ਚੁੰਮੇ ਸ਼ੂਨ 'ਚ ਜਾਨਾਂ
ਮੋਹ ਅਲੇਖ ਹੁਕਮ ਦਾ ਆਵੇ
ਵਲ ਕਬਰਾਂ ਸ਼ਮਸ਼ਾਨਾਂ।

ਬ੍ਰਹਿਮੰਡਾਂ ਦੇ ਉੱਚੇ ਦਰ ਤੋਂ
ਝਾਕ ਰਹੇ ਮਗ ਲੰਮੇ
ਵਿਜੈ-ਨਾਦ ਮੁੜੇ ਪਿਆ ਘਰ ਨੂੰ
ਰਗ ਧਰਤੀ ਦੀ ਥੰਮ੍ਹੇ।

ਕੋਟ ਬਰਸ ਤਕ ਬੈਠਣ ਪੈੜਾਂ
ਆਸ-ਰਹਿਤ ਲੈ ਸੁੱਞਾਂ
ਮੁੜ ਮਹਿਮਾਨ ਬਣੇ ਜਦ ਪਾਂਧੀ
ਹਰੀਆਂ ਹੋਵਣ ਕੁੰਜਾਂ।

ਨਾਨਕ ਹਸ ਮਾਨਵ-ਤਕਦੀਰਾਂ
ਜੋੜ ਸਜਾਵੇ ਭੁੱਥੇ
ਹੁਕਮ ਜਲਾਲ ਅਬੁੱਝ ਦੇ ਆਸਨ
ਦਗਣ ਪਏ ਗੁਰ-ਮੱਥੇ।

ਬਹੁ ਗੇਰੂ ਦਸਤਾਰਾਂ ਫੱਬਣ
ਨਾ ਜੋਬਨ-ਬਲ ਮੁੱਕੇ
ਨੈਂ-ਪੱਤਣ ਤੇ ਵੇਦ-ਰਿਸ਼ੀ ਜਿਉਂ
ਘੁੰਡ ਅਗਨ ਦਾ ਚੁੱਕੇ।

ਪੀਰ ਮੁਰੀਦ ਦਗਣ ਪਾ ਚੋਲੇ
ਕੋਲ ਸਿਦਕ, ਨਾ ਉੱਕੇ–
ਲੂਹੇ ਬਾਗ਼ ਹਰੇ ਸਭ ਹੋਸਨ
ਜੇ ਪੈਗ਼ਾਮ ਨਾ ਸੁੱਕੇ!

ਮੇਜ਼ਬਾਨ ਧਰਤੀ ਦੀ ਮੰਜ਼ਿਲ
ਆ ਖੜੀ ਗੁਰ ਸਾਹਵੇਂ।
ਦਿਸੇ ਪਾਕ ਰੋੜਾਂ ਦਾ ਬਿਸਤਰ
ਵਿਛਿਆ ਰੁੱਖਾਂ ਛਾਵੇਂ।

ਰੋੜਾਂ ਦੀ ਵਿਛਾਈ

ਰੋੜਾਂ ਦੀ ਸੇਜਾ ਤੇ ਨਾਨਕ
ਭਾਰ ਜਗਤ ਦੇ ਤੱਜੇ
ਸੈਦਪੁਰੇ ਦੇ ਘਰ ਕੰਧਾਂ ਤੇ
ਕਾਂਗ ਸੁਪਨ ਦੀ ਵੱਜੇ।

ਅਣਕਿਹਾ ਪੈਗ਼ਾਮ ਪੁਰਾਣਾ
ਧਾਹ ਰੋੜਾਂ ਗਲ ਲੱਗੇ
ਨਿਸਦਿਨ ਸੰਤ ਵਾਂਗ ਦਿਲ ਨਭ ਦਾ
ਬੈਠ ਰਿਹਾ ਗੁਰ ਅੱਗੇ।

ਨਾ ਦੱਸੇ ਨਾ ਬੁੱਝੇ ਕੋਈ
ਕਵਨ ਰਾਜ਼ ਦਰ ਲਾਲੋ ?
ਉਂਜ ਰਬਾਬ ਵਣਾਂ ਵਿਚ ਵੱਜੇ
ਤਾਨ ਸੁਣੇ ਘਰ ਲਾਲੋ।

ਦਹਿਲ ਪਵੇ ਭਾਗੋ ਦੇ ਮਹਿਲੀਂ
ਸਿੰਘ ਹਨੇਰ 'ਚ ਗੱਜੇ
ਖ਼ੂਨੀ ਚਾਂਗ ਲਸ਼ਕਰਾਂ ਵਾਲੀ
ਛੁਪੇ ਗਰੂਰ ਤੇ ਵੱਜੇ।

ਕੂਲੀ ਸੇਜ ਬਾਬਰੀ ਹਾਥੀ,
ਭੰਨ ਦੇਸਨ ਨਿਰਲੱਜੇ
ਸੂਕ ਨਾਰ ਗਲਿ ਸੋਨ ਜ਼ੰਜੀਰੀ
ਲਿਪਟ ਨਾਗ ਜਿਉਂ ਬੱਝੇ।

ਜ਼ਾਲਮ ਖ਼ਾਂ ਦੀ ਉੱਚ ਹਵੇਲੀ
ਅਦਲ ਗਰਜ ਕੇ ਬੋਲੇ:
"ਬਲੀ ਕਾਲ ਨੂੰ ਧੱਕੇ ਸਕਤਾ
ਅੰਧ ਨ੍ਹੇਰ ਦੇ ਉਹਲੇ।"

ਓਧਰ ਲਾਲੋ ਦੀ ਖੂਹੀ 'ਤੇ
ਸੁਨਣ ਭੈਅ ਵਿਚ ਨਾਰਾਂ:
ਪਾਪ ਨਗਰ ਵਿਚ ਜੋਬਨ ਰੁਲਣੇ
ਪੀਰ ਨ ਲੈਸਨ ਸਾਰਾਂ।

ਕਿਤੋਂ ਅਸੀਸ ਚਾ ਪਰ ਆਹਟਾਂ
ਘਰ ਲਾਲੋ ਦੇ ਆਵਣ
ਸੰਤ ਸਮੂਹ ਵਾਂਗ ਰਲ ਤਾਰੇ
ਤਕ ਮੰਜ਼ਿਲ ਜਿਉਂ ਗਾਵਣ।

ਲਾਲੋ ਦੀ ਦਹਿਲੀਜ਼ ਤਕ

ਵੱਡੇ ਤੜਕੇ ਉਠ ਮਰਦਾਨਾ
ਸੋਚ ਮੰਝ ਗੁਰ ਵੇਖੇ
ਕਰਦਾ ਵਿਚ ਸਮੇ ਦੇ ਹੁਜਰੇ
ਜਲਦੀ ਧਰ ਦੇ ਲੇਖੇ।

ਮਿਟੇ ਛੁਪਾਏ ਜ਼ੁਲਮੋ ਉੱਠੀ
ਚੀਖ਼ ਸੈਦਪੁਰ ਸੀਨੇ
ਵਾਣ ਥਲਾਂ ਦੇ ਰੋੜਾਂ ਉੱਤੇ
ਖੜ ਗਏ ਹਾੜ ਮਹੀਨੇ।

ਗੁਰ ਦੀ ਪੀੜੋਂ ਉੱਚੀ ਦੇਹੀ
ਸੂਖਮ ਖ਼ੂਨੀ ਨੋਕਾਂ
ਰੱਤ 'ਚ ਡੋਬ, ਛੁੱਪ 'ਤੇ ਤੋਲਣ
ਸੰਗ ਜੁਗਾਂ ਦੇ ਲੋਕਾਂ।

ਰੁਲੇ ਖੁਲੇ ਵਕਤਾਂ ਦੇ ਖ਼ੂਹੋਂ
ਉੱਠਣ ਧੀਮੇ ਹੌਕੇ
ਦਰ ਸੰਤੋਖ ਦੇ ਵਿਚ ਸੈਦਪੁਰ
ਖੁੱਲ੍ਹ ਰਹੇ ਜਿਸ ਮੌਕੇ।

"ਨਗਰ ਚ" ਕੂਕ ਕਿਹਾ ਮਰਦਾਨੇ
"ਸਾਡੇ ਅੱਗ ਬਰੂਹਾਂ
ਸ਼ਾਂਤ ਸਖਾਵਤ ਦਾ ਘਰ ਵੱਸੇ
ਨਾਲ ਦੋਜ਼ਖ਼ੀ ਰੂਹਾਂ।

"ਮੱਚ ਰਹੀ ਖ਼ਾਬਾਂ ਦੀ ਦਿਹਲੀ
ਜਿੰਨ ਲੈਣ ਖੜ ਸੂਹਾਂ
ਸਤ ਸੰਤੋਖ ਧਾਮ ਵਲ ਚੱਲੋ:
ਤੜਪ ਕਹਿਣ ਸਭ ਜੂਹਾਂ।"

ਗੁਰਾਂ ਕਿਹਾ : "ਦੀਵਾ ਇਹ ਸਾਂਭੀਂ,
ਦੀਨ ਸੰਗ ਮੈਂ ਚੱਲਾਂ,
ਜਿਸ ਪਲ ਸੂਰ ਅਸੰਖ ਬੁਝਣਗੇ
ਮੈਂ ਉਸ ਅੰਧ 'ਚ ਖੱਲ੍ਹਾਂ।

"ਰੂਹਾਂ ਗਗਨ ਰਵੀ ਜਦ ਸੁੰਗੜੇ
ਖੰਭ ਉਸ ਕੈਦ 'ਚ ਘੱਲਾਂ,
ਤਕਵਾ ਸਖੀ ਦਿਲੇ ਦਾ ਚਾ ਕੇ
ਰਾਹ ਪਲ਼ੈ ਦਾ ਮੱਲਾਂ।

"ਜਾ ਲਾਲੋ ਦੇ ਰਿਜ਼ਕੋਂ ਕੱਢਾਂ
ਪਾਕ ਧਿਆਨੀ ਛੱਲਾਂ
ਇਸ ਹੜ ਬਸ਼ਰ ਦੀ ਖੋਰ ਮੂਰਛਾ
ਸੱਲ੍ਹ ਹਾਰਾਂ ਦੇ ਝੱਲਾਂ।"

ਨਾਜ਼ਕ ਨਾਦ ਜਿਹੀ ਇਕ ਦਸਤਕ!
ਲਾਲੋ ਨਜ਼ਰ ਉਠਾਈ,
ਤਨ ਮਨ ਕੁਦਰਤ ਸਾਬਤ ਦਿੱਤੀ
ਗੁਰ ਦੀ ਸਗਲ ਗਵਾਹੀ!

ਪਾ ਲਾਲੋ-ਮਨ ਜੁਗ ਜੁਗ ਸਾਏ
ਕੁਈ ਕਾਰਵਾਂ ਤੁਰਿਆ
ਅੰਤ ਸਿੱਖ ਦੀ ਨਜ਼ਰ 'ਚ ਆਕੇ
ਗੁਰ-ਜਲਵਾ ਹੋ ਜੁੜਿਆ।

ਉਤਰ ਮੁਰੀਦ ਵਜਦ ਦੀ ਸਿਖਰੋਂ
ਵਾਟ ਜਗਤ ਦੀ ਜਰਦਾ,
ਸਾਹ ਉਮੀਦ ਲੈ, ਘੋੜ ਗੁਰੂ ਦਾ
ਦੌੜ ਜੁਗਾਂ ਤਕ ਫੜਦਾ।

ਕੇਤੇ ਕਾਲ ਉਡੀਕਾਂ ਘੁੰਮਨ
ਕੇਤੇ ਲਿਵ ਦੇ ਗੇੜੇ
ਕੇਤੇ ਸੱਚ ਮਿਲੇ ਰਾਹ ਅੰਦਰ
ਕੇਤੇ ਗੁਰੂ ਦੇ ਡੇਰੇ।

ਮਿਲੇ ਗੁਰੂ ਸਿੱਖ, ਕਿਸ ਅੰਤ ਤੇ ?
ਚਾਅ ਜ਼ੋਰ ਬਹੁ ਘੱਤਣ
ਕਿਉਂ ਸੰਜੋਗ ਵਿਜੋਗ ਦੀ ਬੇੜੀ
ਗੁਪਤ ਰਹੀ ਹਰ ਪੱਤਣ।

ਚਿਰ ਤਕ ਵਜਦ ਉਡੀਕ ਉਮੀਦਾਂ
ਲਾਲੋ ਸੀਨੇ ਹੁੱਲਣ,
ਆਖ਼ਰ ਭਰੇ ਬੱਦਲਾਂ ਵਾਂਗੂੰ
ਗੁਰੂ-ਦਰਸ ਲੈ ਝੁੱਲਣ।

ਸਭ ਰੁੱਤਾਂ ਦੇ ਬ੍ਰਿਛਾਂ ਉੱਤੇ
ਬੋਲ ਮੁਰੀਦ ਵਰਾਗੇ
ਵੇਖਣ ਸਿਕ ਰਬਾਬ ਦੇ ਪੱਤਣ
ਅਸਗਾਹੀਂ ਗੁਰ ਜਾਗੇ।

ਮਰਦਾਨਾ ਤਲਵੰਡੀ ਵੱਲ

ਤੋਸ਼ਾ ਸਾਂਭ ਜੁਗਾਂ ਤੋਂ ਲਾਲੋ
ਸੌਂ ਰਿਹਾ ਗੁਰ ਲਾਗੇ।
ਸੱਦ ਰਬਾਬ ਦੀ ਰਾਹ ਸਾਜਦੀ
ਜੋ ਮਰਦਾਨੇ ਝਾਗੇ।

ਤ੍ਰੈ ਦਿਨ ਸੁਣੀ ਰਬਾਬ ਇਲਾਹੀ
ਸੈਦਪੁਰੇ ਦੇ ਲੋਕਾਂ,
ਤਦ ਮਰਦਾਨੇ ਅਰਜ਼ ਗੁਜ਼ਾਰੀ :
"ਨਾ ਲਾ ਸਾਜਣ ਰੋਕਾਂ।

"ਰਾਤੀਂ ਰਾਹ ਅਮੁੱਕ ਮੈਂ ਤੋਰੇ
ਅਰਸ਼ ਫ਼ਰਸ਼ ਤੇ ਵੇਖੇ,
ਕਿਤੇ ਅਸੀਮ ਕਾਲ ਦੇ ਤੰਬੂ
ਬੰਦ ਮੁਣਸ ਦੇ ਲੇਖੇ।

"ਅੰਧ ਖ਼ਲਾ ਤੇ ਅੱਖਰ ਵਾਹੇ
ਪੈੜੋਂ ਚਮਕਣ ਲੀਕਾਂ,
ਘਿਰੇ ਲਾ-ਮਕਾਂ ਵਿਚ ਕਰਦੇ
ਸੈ ਜਬਰੀਲ ਉਡੀਕਾਂ।

"ਤੈਂ ਅਸੀਸ ਲੈ ਸਭ ਰੁੱਤਾਂ ਨੇ
ਭੇਜੇ ਬਿਰਖ ਦੁਰਾਡੇ,
ਜਿਹਨਾਂ ਦੀ ਛਾਂ ਹੇਠ ਉਡੀਕਣ
ਯਾਰ ਕਬੀਲੇ ਸਾਡੇ।

"ਸਾਕ ਸੈਣ ਸਾਨੂੰ ਸਭ ਦੇਸੀਂ
ਸਿੱਕ ਹੋਇ ਪਰਛਾਵੇਂ,
ਖੜ ਹਜੂਮ ਨੂੰ ਤੋਸ਼ਾ ਵੰਡੇ
ਰਾਇ ਬੁਲਾਰ ਹਰ ਥਾਵੇਂ।

"ਉਸ ਸਾਈਂ ਦਾ ਦਰਸ ਕਰਾਂ ਜੇ
ਇਕ ਪਲ ਮੈਂ ਤਲਵੰਡੀ,
ਅੱਕ ਰੇਤ ਆਹਾਰ ਕਰੇਂਦਾ
ਤੁਰਾਂ ਬਿਖਮ ਹਰ ਡੰਡੀ।"

ਰਾਇ ਨੂੰ ਮਿਲਣ ਬਾਰ ਦੀ ਵਾਟੇ
ਇਉਂ ਤੁਰਿਆ ਮਰਦਾਨਾ,
ਬ੍ਰਿਹਾ ਮੇਲ ਰਾਜ਼ ਕਰ ਦਿਲ ਦੇ
ਚੁੱਪ ਜਿਵੇਂ ਸਭ ਤਾਨਾਂ।

ਮਲਿਕ ਭਾਗੋ ਦਾ ਬ੍ਰਹਮ ਭੋਜ

ਪੰਖੀ ਮਿਰਗ ਨਾਗ ਰੁੱਖ ਤਕਦਾ,
ਦੂਰ ਗਿਆ ਮਰਦਾਨਾ
ਦੁਨੀ ਦੇ ਦਰਦ ਸੁਣੇ ਘਰ ਲਾਲੋ
ਹੋ ਗੁਰ ਲੀਨ ਧਿਆਨਾ।

ਤ੍ਰੈ ਦਿਨ ਘਰ ਲਾਲੋ ਦੇ ਨਾਨਕ
ਹੁਕਮ 'ਚ ਕੀਤੇ ਲੇਖੇ,
ਮਾਰ ਅਸੰਖ ਨਹੁੰਦਰਾਂ ਜਿਉਂਕਰ
ਚੀਰ ਛੁਪੇ ਅਘ ਵੇਖੇ।

ਤ੍ਰੈ ਦਿਨ ਸੁਣੀ ਘਰਾਂ ਵਿਚ ਲੋਕਾਂ
ਸਿੰਘ-ਗਰਜ ਅਤਿ ਗੈਬੀ
ਕੀਤਾ ਜਦੋਂ ਮਲਕ ਨੇ ਹਉਂ ਵਿਚ
ਬ੍ਰਹਮ ਭੋਜ ਇਕ ਦੇਵੀ।

ਲੂਣੇ ਮਧੁਰ ਰਸਾਂ ਦੀ ਉੱਡੀ
ਤਿੱਖੀ ਮਹਿਕ ਚੁਫੇਰੇ
ਉਂਜ ਲਹੂ ਦੇ ਤਾਲ ਨੂੰ ਤੋੜਨ
ਕੱਚੇ ਸਾਦ ਘਨੇਰੇ।

ਧਰਮ ਦੀ ਚਮਕ ਅੰਬਰੋਂ ਉੱਚੀ
ਜੋਗੀ ਪੀਰ ਸੀ ਮੋਹੇ,
ਦਯਾ ਪੁੰਨ ਸੱਚ ਦੇ ਦਾਅਵੇ
ਵਾਂਗ ਤਾਰਿਆਂ ਸੋਹੇ।

ਧਰਮ ਸੁਰਾਬ ਵਾਂਗ ਫਿਰ ਦਮਕੇ
ਮਹਿਕ-ਖਿੱਚ ਤੋਂ ਅੱਗੇ,
ਖੜੇ ਪਤਾਲੀਂ ਖ਼ੂਨੀ ਨੇਜ਼ੇ
ਸੰਤ-ਨਜ਼ਰ ਨੂੰ ਲੱਗੇ।

ਭੋਜ 'ਤੇ ਸੰਤ-ਸਭਾ ਕੁਲ ਸੱਦੀ
ਖੋਲ੍ਹੇ ਮਲਕ ਦੁਆਰੇ,
ਇਉਂ ਗਰੂਰ ਦਾ ਨਸ਼ਾ ਚਾਂਗਰੇ
ਜਿਵੇਂ ਪਹਾੜ ਉਲਾਰੇ।

ਕਦੇ ਰੋਹ ਵਿਚ ਕਦੇ ਹੌਲ ਕੇ
ਭਾਗੋ ਨਾਨਕ ਸੱਦੇ,
ਜਦੋਂ ਹੁਕਮ ਬਿਪਰ ਹੱਥ ਭੇਜੇ
ਪਰਤ ਜਿਗਰ 'ਤੇ ਵੱਜੇ।

ਦਿਸਣ ਧਰਮ ਦੇ ਗੁਪਤ ਟਿਕਾਣੇ
ਜਦ ਨਾਨਕ ਕੁਝ ਬੋਲੇ,
ਭਖੇ ਅਦਲ ਦਾ ਗਗਨ-ਤਰਾਜ਼ੂ
ਕੱਢ ਪਾਪ ਸਭ ਤੋਲੇ।

ਬਿਪ ਨੇ ਜਾਲ ਧਰਮ ਦੇ ਮੁਖ ਤੇ
ਜੋ ਬਿਖ ਵਾਂਗ ਵਿਛਾਏ
ਗੁਰ ਨੇ ਤੋੜ ਮਲਕ ਦੇ ਦਿਲ ਤੋਂ
ਥੰਮ ਪਤਾਲ ਹਿਲਾਏ।

ਬ੍ਰਹਮ ਭੋਜ ਦੇ ਪੁੰਨ ਦੀ ਛਾਵੇਂ
ਹੋਲ ਜਰੇ ਜਦ ਭਾਗੋ
ਗਰਜ ਸੁਣੀ ਨਾਨਕ ਦੀ ਨੇੜੇ :
"ਸੱਚ ਕਹਾਂ ਮੈਂ ਜਾਗੋ।

"ਬ੍ਰਹਮ ਭੋਜ ਦੇ ਮਧੁਰ ਰਸਾਂ ਦੀ
ਨਰਮ ਪੂਰਿਕਾ ਮੰਗਾਂ
ਟੁੱਕ ਅਛੂਤ ਕੋਧਰੇ ਦਾ ਵੀ
ਬਖ਼ਸ਼ ਦਿਓ ਬਿਨ ਸੰਗਾਂ।"

ਪੂੜਾ ਮਾਲ੍ਹ ਮਲੂਕ ਪੂਰਿਕਾ
ਗੁਰ ਫੜੇ ਹੱਥ ਸੱਜੇ,
ਖ਼ੁਸ਼ਕ ਤਾਮ ਕੋਧਰੇ ਮੰਦਾ
ਖੱਬੀ ਮੁੱਠ 'ਚ ਕੱਜੇ।

ਬ੍ਰਹਮ ਭੋਜ ਚੋਂ ਲਹੂ ਸਿੰਮਿਆਂ
ਖ਼ੁਸ਼ਕ ਤਾਮ ਚੋਂ ਸ਼ੀਰਾਂ,
ਢੂੰਡੇ ਪਾਪ ਪੁੰਨ ਦੇ ਮਰਕਜ਼
ਆ ਮਾਸੂਮ ਜ਼ਮੀਰਾਂ।

ਖਰੀ ਦੁੱਧ ਦੀ ਮਹਿਕ ਰਸੀਲੀ
ਸਾਦ ਅਨੰਤ ਚ ਖੋਈ,
ਬਖ਼ਸ਼ਸ਼ ਦਿਨ ਤੋਂ ਰਾਤ ਹੋਣ ਦੀ
ਤਿਸਦਾ ਤਕਵਾ ਹੋਈ।

ਹਰੇ ਸੱਜਰੇ ਰੁੱਖਾਂ ਵਰਗੀ
ਦਾਤ ਜੋੜ ਬ੍ਰਹਿਮੰਡਾਂ
ਛਾਂ ਨੂੰ ਰਿਜ਼ਕ ਨੇਕ 'ਤੇ ਵਾਰੇ
ਜਿਉਂਕਰ ਫ਼ੇਲ-ਤਰੰਗਾਂ।

ਨਿੱਕੀ ਕਿਰਤ ਮੁਣਸ ਦੀ ਧਰ ਤੋਂ
ਝੁਕ ਕੇ ਬਾਂਹ ਅਗੰਮੀ,
ਚੁੱਕ ਅਸੀਸ ਦਏ ਵਿਚ ਹੱਥਾਂ
ਸਗਲ ਜੁਗਾਂ ਜੋ ਮੰਨੀ।

ਹੁੱਥ ਕਿਰਤ ਦੀ ਜਾਣਾ ਜਿੱਥੇ
ਹੱਥ ਇਲਾਹੀ ਜਾਵੇ
ਮਨਜ਼ਿਲ ਤਰਫ਼ ਜਾਣ ਦੇ ਅੱਖਰ
ਮੱਥੇ ਕਾਲ ਲਿਖਾਵੇ।

ਜੁਗ ਬੀੜਨ ਤਾਂ ਸਭ ਦਰ ਖੋਲ੍ਹੇ
ਕਿਰਤ ਉੱਠ ਧਰ ਵਿੱਚੋਂ
ਫ਼ਸਲ ਅਹਾੜੀ ਸਾਉਣੀ ਵੰਡੇ
ਧਿਰ ਧੁਰ ਦੇ ਘਰ ਵਿੱਚੋਂ।

ਹਾਂ, ਤਮ ਜਗ ਦੇ ਪੱਤਣ ਪੈਂਦਾ
ਅੰਨ੍ਹਾ ਹੂਲ ਕਰਾਹਾ:
"ਕੀ ਇਹ ਸੰਤ ਮਲਾਹ ਅਜਨਬੀ
ਜੇ ਨਾ ਪਤਾ, ਕੀ ਲਾਹਾ ?

"ਕੀ ਇਹ ਸੰਤ ਕਰਮ ਜਾਂ ਜਾਦੂ ?
ਖ਼ਲਕਤ ਖੜੀ ਹਰਾਨੀ !
ਨੇਮ ਸ਼ਾਸਤ੍ਰ ਭਸਮ ਜਾਪਦੇ
ਕੁਲ ਅਰਚਾ ਮੰਤਾਨੀ।

"ਸੰਤ ਦੇ ਅੱਖਰ ਪੜ੍ਹੇ ਜਾਣ ਨਾ
ਜਾਂ ਜੋਤਸ਼ ਅੰਞਾਣਾ
ਸੱਚ ਦੀ ਜੋਤ ਮੂਰਤੀ ਤੋੜੇ
ਜਾਂ ਫ਼ਰੇਬ ਧਿੰਙਾਣਾ ?"

ਜਿੰਦ ਫਕੀਰ ਮਲਕ ਤਕ ਸਭ ਦੀ
ਦੰਭ ਤੜਪਦੇ ਭੰਬੀ,
ਹਮਕ ਲਹੂ ਦੀ ਕੂੜ ਕੁਸੈਲੀ
ਸਭ ਜੀਭਾਂ 'ਤੇ ਕੰਬੀ।

ਚੀਰ ਗੁਪਤ ਜੁਗਾਂ ਦੀ ਧਰ ਨੂੰ
ਦਗੇ ਖਾਰ ਜਿਉਂ ਊਂਠੇ,
ਦੀਨ ਦੁਖੀ ਦੇ ਲਹੂ 'ਚ ਭਿੱਜੇ
ਰੋਣ ਯਾਦ ਕਰ ਕੁੱਠੇ।

ਮਾਨਵ ਪਤ ਦੀ ਜਾਗ

ਮਲਕ-ਮਨੋਂ ਦੂਰ ਗੁਰ ਸੂਰਜ
ਲੋ ਜੁਗਨੂੰ ਵੀ ਜਾਵੇ,
ਖੁਣਸ-ਗਹਿਰ ਦੈਂਤ ਦੇ ਵਾਂਗਰ
ਸੁੰਘ ਰਕਤ-ਬੋ ਆਵੇ।

ਪਲ ਭਰ ਮਹਿਕ ਪੂਰੇ 'ਤੇ ਆਈ,
ਦੂਰ ਗਈ : ਪਛਤਾਏ,
ਹਉਂ ਹਿਰਸਾਂ ਦੇ ਖਾਰੇ ਪੱਥਰ
ਖੁਸ਼ਕ ਪਹਾੜ 'ਤੇ ਚਾਏ;

ਰਸੇ ਫੁੱਲ ਦੇ ਮੋਹ ਦਾ ਬਰਦਾ,
ਕੂਲ ਵਗੀ ਜੋ ਡੁੱਲੇ,
ਪੀ ਜ਼ੰਗਾਲ ਜਗਤ ਦਾ ਛੱਡੇ
ਲੋਹ ਬਾਜ਼ ਬੇਮੁੱਲੇ

ਤਨ ਮਨ ਰੋਹ ਅੱਚਵੀ ਸੀਨੇ
ਤਪੇ ਥਲਾਂ ਜਿਉਂ ਭੜਕੇ,
ਬੁੱਲੇ ਅੰਧ ਵਾਂਗ ਲਟਬੌਰਾ
ਗਿਆ ਖ਼ਾਨ ਦੇ ਦਰ ਤੇ

ਦੇਹੀ ਲੋਹ ਖ਼ਾਨ ਦੀ ਜਾਪੀ
ਢਲ ਢਲ ਬਣੀ ਵਿਜੋਗੀ
ਜ਼ਾਲਮ ਖ਼ਾਨ ਮਲਕ ਨੂੰ ਦੱਸੇ:
"ਪੁੱਤ ਗਿਆ ਹੋ ਰੋਗੀ।"

ਜਮ ਦੀ ਖੁਣਸ ਕਾਂਗ ਜਿਉਂ ਉੱਡੀ,
ਨਜ਼ਰ ਮਲਕ ਦੀ ਸਾੜੇ,
ਆਖੇ: "ਖ਼ੈਰ ਪਏ ਜੋ ਬੰਨ੍ਹੇਂ
ਸੰਤ ਸ਼ਹਿਰ ਜੋ ਤਾਰੇ।

"ਪੀਰ ਫ਼ਕੀਰ ਜੁਹਦ ਨਿਤ ਕਰਦੇ
ਪਰ ਇਕ ਤਪਾ ਨਿਆਰਾ
ਸ਼ਾਹ ਦੇ ਬਾਜ਼ ਵਾਂਗ ਉਸ ਫੜਿਆ
ਹੁਕਮ ਇਲਾਹੀ ਸਾਰਾ।

"ਜ਼ੋਰ ਕਰੇਂ ਤਾਂ ਰਹਿਮ ਤਪੇ ਦਾ,
ਰੋਗ ਸੋਗ ਹਰ ਸਕਦਾ,
ਜੇ ਜ਼ੰਜੀਰ 'ਚ ਬੰਨ੍ਹ ਬਹਾਵੇਂ
ਰਾਜ਼ ਉਸਦੇ ਤਪ ਦਾ।"

ਸੁਣ ਇਹ ਖ਼ਾਨ ਕਹਿਰ ਦੀ ਬੰਦਿਸ਼
ਗੁਰ ਰੱਖੇ ਵਿਚ ਸਾਏ
ਰਮਤੇ ਪੀਰ ਦਿਗੰਬਰ ਤਪੀਏ
ਨਿਸ਼ਨੂਰ ਸੁੰਨ ਦਬਾਏ।

ਗੁਰ ਨੂੰ ਗਰਜ ਕਹੇ: "ਆ ਦੱਸੋ,
ਕਿੱਥੇ ਸਿਹਰ ਖ਼ੁਦਾਈ ?
ਮੈਂ ਗਜ਼ਬ ਗ਼ਮ ਦਿਲ ਹੈ ਘਿਰਿਆ
ਦਿਉ ਸਕੂਨ ਇਲਾਹੀ।

"ਪੁੱਤ ਦਾ ਫ਼ਿਕਰ ਘਣਾ ਹੈ ਮੈਨੂੰ
ਵਲੀ ਦਾ ਸੁਖ਼ਨ ਅਲਾਉ
'ਕੱਲੇ ਇਸ ਅਣਹੋਏ ਮਨ ਨੂੰ
ਵਿਚ ਮਹਿਫ਼ਲਾਂ ਲਿਆਉ।"

ਨਾਨਕ ਆਖੇ : "ਸੁੰਨ-ਸਰਾਪੇ
ਮਨ ਦਾ ਹੁਕਮ ਸਹਾਰਾ,
ਚਮਕੇ ਦਾਤ, ਕਰੇ ਜੇ ਉਸ ਚੋਂ
ਤ੍ਰੈ ਪਰਚੰਡ ਇਸ਼ਾਰਾ।

"ਮੰਤ ਹੁਕਮ ਦੇ ਹਰ ਇਕ ਅੱਖਰ,
ਪੈਗ਼ੰਬਰ ਵਡ ਭਾਰਾ,
ਬਲੀ ਕਾਲ ਦੀ ਪਕੜੋਂ ਡਾਢਾ
ਹਰ ਮੰਤ ਤੋਂ ਬਾਹਰਾ।

"ਹਰ ਸਾਹ ਵਿਚ ਜੁਗਾਂ ਦੀ ਸ਼ਿੱਦਤ
ਨਾ ਕੋ ਹੁਕਮ-ਕਿਨਾਰਾ,
ਹਸਤੀ ਗ਼ਰਕ ਸੁੰਨ ਜੇ ਹੋਵੇ
ਕਦੇ ਪਵੇ ਲਿਸ਼ਕਾਰਾ!

"ਲਾ ਨਿਸ਼ਾਨ ਜੋ ਮੰਜ਼ਿਲ ਥਾਪੀ
ਮੌਤ ਵਿਚ ਜੁਗ-ਵਹਿਣਾਂ,
ਉਹ ਨਾ ਗੌਸ ਕੁਤਬ ਨੇ ਛੂਹਦੇ
ਨਾ ਵਿਚ ਦਿਨ ਨ ਰੈਣਾਂ।

"ਕੁਝ ਨ ਜ਼ੋਰ ਨਬੀ ਦਾ ਓਥੇ
ਹਰ ਪਲ ਹੁਕਮ ਅਪਾਰਾ,
ਤਨ ਅਰਦਾਸ ਦਾਤ ਲਿਸ਼ਕਾਵੇ
ਗਗਨ ਚ ਖੰਭ ਨਿਆਰਾ।

"ਜੇ ਅਰਦਾਸ ਦਾਤ ਦੇ ਅਰਸ਼ੀਂ
ਪੈਗ਼ੰਬਰ ਸਮ ਉੱਡੇ,
ਹੁਕਮ ਪਛਾਣ ਲਵੇ, ਜਮ ਜਿੱਤੇ,
ਸੂਰਜ ਹੋਣ ਨ ਬੁੱਢੇ।

"ਤੂੰ ਨਿਹਚਲ ਅਸਥਾਨ ਸਾਮ੍ਹਣੇ
ਦੂਨੀ ਦਾ ਹੱਕ ਜਤਾਵੇਂ
ਦਾਤ ਦੀ ਮਹਿਕ ਜਮ ਦੇ ਹੱਥੀਂ
ਹੋ ਨਿਰਵੈਰ ਨਾ ਲਾਵੇਂ।

"ਮੌਤ-ਨਿਸ਼ਾਨ ਰਹੇ ਵਿਚ ਦੇਹਾਂ
ਉੱਚ ਹੁਕਮ ਦੇ ਬਾਝੋਂ,
ਜੇ ਅਰਦਾਸ ਬਸ਼ਰ ਦੀ ਪੂਰਨ
ਦਾਤ ਮਿਲੇ ਕੁਝ ਤਾਜ਼ੋਂ।

"ਸੁੰਨ 'ਚ ਡੋਬ ਮੌਤ ਨੇ ਕੀਤਾ
ਤੈਂ ਪੁੱਤਰ ਬੇਨਾਵਾਂ,
ਰੱਬ ਦੀ ਜ਼ਾਤ ਅਮਾਨਤ ਮੇਰੀ
ਕਿਉਂ ਜਗ-ਹੁਕਮ ਬਜਾਵਾਂ ?"

ਗੁਰੂ ਨਾਨਕ ਦੀ ਭਵਿੱਖ ਬਾਣੀ

ਖ਼ਾਨ ਦੇ ਦਿਲ 'ਤੇ ਬੁੱਢੇ ਸਿਹਰਾਂ
ਕਰੇ ਕੁਸ਼ਗਣੇ ਸਾਏ,
ਛਿੜ ਜਿਨ੍ਹਾਂ ਦਾ ਨਾਚ ਰੂਹ 'ਤੇ
ਭੈਅ ਦੀ ਭਸਮ ਉਡਾਏ।

ਯੱਖ ਕਰੀ ਸੀ ਰੂਹ-ਖ਼ਾਨ ਦੀ,
ਢੀਠ ਨਾਸਤਕ ਸੁੰਨਾਂ,
ਪਲ ਭਰ ਟੱਪ ਸਿਹਰ ਦਾ ਸੁਪਨਾ
ਕੈਦੀ ਕਦੇ ਨਾ ਰੁੰਨਾਂ।

ਖ਼ਾਨ ਵਾਟ ਨਾ ਜਾਣੇ ਜਿੱਧਰ
ਖੂਹ ਬਿਖ ਦੇ ਜਮ ਪੁੱਟੇ,
ਕਿੰਜ ਸ਼ਬਖ਼ੂਨ ਵਿਚ ਦਿਲ ਸਮਝੇ
ਤੀਰ ਘੋੜ ਕਦ ਛੁੱਟੇ!

ਕਦੋਂ ਨਮਾਜ਼ ਖ਼ਲਾ ਵਿਚ ਲਟਕੀ
ਖ਼ਾਨ ਵਕਤ ਉਹ ਭੁੱਲੇ।
ਨਾ ਇਬਲੀਸ ਦੇ ਵਿਚ ਤਰਾਜ਼ੂ
ਲਫ਼ਜ਼ ਕੁਰਾਨੀ ਤੁੱਲੇ।

ਪਾਵਨ ਪੈੜ ਚਾਲ ਆ ਹਸ਼ਰੋਂ
ਪਾਪਾਂ ਵਿਚ ਨਾ ਲਰਜ਼ੀ,
ਸਿਹਰ-ਉਜਾੜਾਂ ਅੰਦਰ ਹਫਦਾ
ਦਹਿਲ ਛਲੇ ਆ ਫ਼ਰਜ਼ੀ।

ਦਾਤ ਦੀ ਪਰਮ ਸਿਖਰ ਨਾ ਆਵੇ
ਪਾਵਨ ਭੈਅ ਦੇ ਬਾਝੋਂ,
ਅਣਕਹੇ ਤਰਸ ਨੇ ਕਿਰਦੇ
ਰੁਣ ਝੁਣ ਵਾਂਗ ਨਮਾਜ਼ੋਂ।

ਰੂਹ ਕੁਫਰ-ਸ਼ਬਖ਼ੂਨ 'ਚ ਬੰਨ੍ਹੀ:
ਪਲ ਪਲ ਦੀ ਜਮ ਫਾਸੀ!
ਖ਼ਾਨ ਨੇ ਹੌਲ ਵਿਚ ਘਿਰਿ ਕੀਤੀ
ਗੁਰ ਦੀ ਬੰਦ ਖ਼ਲਾਸੀ।

ਨਾਨਕ ਘਰ ਲਾਲੋ ਦੇ ਜਾਵਣ
ਖ਼ਾਨ ਝੁਰੇ ਤੇ ਕੰਬੇ,
ਫਿਰ ਦੋ ਪਹਿਰ ਸ਼ਹਿਰ ਦੇ ਹਾਕਮ
ਪਾਕ ਖ਼ੌਫ ਚੋਂ ਲੰਘੇ।

ਛਿਣ ਹੈਰਾਨ ਛਿਣ ਵਿਚ ਮੋਹ ਦੇ
ਛਿਣ ਲਾਲੋ ਘਬਰਾਵੇ,
ਗੁਰ-ਨਜ਼ਰਾਂ, ਸੁਖਨਾਂ ਦੇ ਅੰਦਰ,
ਵਿਛੜ ਮੁਰੀਦ ਸਮਾਵੇ।

ਝੁਕ ਪੁੱਛੇ ਨਾਨਕ ਨੂੰ "ਕਿਉਂ ਇਹ
ਮੁੜ ਮੁੜ ਜਗਤ ਜਲੇਂਦਾ?
ਕਿਉਂ ਨਿਰਵੈਰ ਸੰਤ ਦੇ ਸਾਹਵੇਂ
ਹੋਇ ਮਾਸੂਮ ਨਾ ਬੰਦਾ?"

ਗੁਰੂ ਕਿਹਾ: "ਨਰ ਦਯਾ-ਸੁਪਨ ਜੇ
ਦਿਲ-ਅਸਗਾਹ 'ਚ ਤਾਣੇ,
ਦੀਨ ਯਤੀਮ ਸਾਧ ਦੀ ਵੇਦਨ
ਜੇਕਰ ਜਗਤ ਪਛਾਣੇ:

"ਤਦ ਜ਼ਮੀਰ ਅਛੂਹ ਸੱਜਰੀ
ਆਦਿ ਫ਼ਜਰ ਦਾ ਪਾਣੀ,
ਖੇੜਾ ਭਰੇ ਕੁਦਰਤਾਂ ਸੀਨੇ
ਬਣੇ ਮੁਨਸ ਦੀ ਬਾਣੀ,

"ਰਹੇ ਅਦਲ-ਦਰਬਾਰਾਂ ਅੰਦਰ
ਪ੍ਰਥਮ ਬੋਲ ਵਲ ਜ਼ਾਵੇ,
ਪਾਤਸ਼ਾਹਾਂ ਦੇ ਕੰਨਾਂ ਤੀਕਣ
ਹੁਕਮ-ਨਾਦ ਲੈ ਆਵੇ;

"ਪਹਿਲਾ ਬੋਲ ਬਰਕਤਾਂ ਸੰਦਾ
ਜੋ ਬ੍ਰਹਿਮੰਡ ਬਣਾਵੇ,
ਇਹੋ ਜ਼ਮੀਰ ਸੁਣੇ ਜਦ ਉਸਨੂੰ
ਅਦਲ ਨਵਾਂ ਰੁਸ਼ਨਾਵੇ।

"ਐਪਰ ਸੈਦਪੁਰੇ ਦੀ ਖ਼ਲਕਤ
ਬਿਨ ਧਰਮ ਇੰਜ ਕੱਲੀ,
ਕੁਫ਼ਰ ਦੀ ਚਾਦਰ ਵਿਚ ਲਿਪਟ ਕੇ
ਸੁੰਞ ਕਬਰ ਜਿਉਂ ਮੱਲੀ।

"ਵੇਦ-ਰਿਚਾ ਵਿਚ ਢਾਲ ਪੱਥਰਾਂ
ਵਣਜ ਹੋਣ ਵਿਚ ਰੈਣਾਂ
ਹਰਫ਼ ਕਤੇਬਾਂ ਦੇ ਕਰ ਕੈਦੀ
ਬੰਨ੍ਹ ਲਏ ਜਮ-ਨੈਣਾਂ।

"ਲਿਵ ਜਦੋਂ ਸਾਹਿਬ ਦੀ ਸਾਹਵੇਂ
ਵਣਜ ਧਰਤ ਦਾ ਪੁੱਗੇ,
ਕਈ ਜਨਮ, ਕਾਲਾਂ ਤਕ ਸੜਦੇ
ਬੀਜ ਰਹਿਣ ਬਿਨ-ਉੱਗੇ।

"ਤੁਰਨ ਇਕਾਂਤ ਥਲਾਂ ਵਿਚ ਫ਼ਜਰੀਂ
ਲਿਵ ਸਿਮਰਣ ਦੇ ਬੰਦੇ,
ਹਾਸਿਦ ਰੇਤਾਂ ਹੇਠ ਛੁਪਾਵਣ
ਜ਼ਹਿਰ-ਲਪੇਟੇ ਕੰਡੇ।

"ਵਕਤ ਖ਼ਲਾਅ ਅੰਤ ਤਕ ਲਾਲੋ!
ਸਜ਼ਾ ਕੁਫ਼ਰ ਦੀ ਲੰਮੀ,
'ਕਾਇਆ ਕਪੜੁ ਟੁਕੁ ਟੁਕੁ ਹੋਸੀ'
ਘੋੜ-ਕਿੜਾਂ ਪਾ ਕੰਨੀਂ।

"ਅੰਧ ਕੂਪ ਚੋਂ ਹੱਥ ਦਰੀ ਦੇ
ਕਰ ਸਿਆਹ ਜੁਗ-ਯਾਦਾਂ,
ਇਕ ਦਿਨ ਨਗਰ ਦਾ ਲਹੂ ਵੀਟਸਨ
ਉਠਸਨ ਜੁਗ-ਫ਼ਰਿਆਦਾਂ।

"ਇਸ ਨਗਰ ਦੇ ਲਹੂ 'ਚ ਵਹਿਕੇ
ਤਿਲ ਬੁਆੜ ਜਿਉਂ ਪਾਪੀ,
ਸਮਿਉਂ ਨਿਕਲ ਕੋਲ ਖੜ ਲਾਸ਼ਾਂ
ਰੋ ਤਕਸਨ ਨਿਜ-ਝਾਕੀ।

"ਗਰਭ 'ਚ ਬੀਜ ਸੜੇ ਸਭ ਕਾਲੀਂ,
ਵਿਚ ਪਾਪਾਂ ਦੇ ਅੰਗਾਂ,
ਜਿਧਰ ਧਰਮ ਪਰ ਛੁਰੀ ਲੁਕਾਈ
ਉਧਰ ਲਾਸ਼-ਦੁਰਗੰਧਾਂ।

"ਖ਼ੂਨੀ ਲਿਸ਼ਕ ਕੋਲ ਮਾਂ-ਵੈਣਾਂ
ਤਕਸਨ ਏਮਨਾਬਾਦੀ,
ਸਦੀ ਦੇ ਕੁਫ਼ਰ ਪਹਿਰ ਵਿਚ ਦੌਸੂ
ਮਾਸਪੁਰੀ ਬਰਬਾਦੀ।

"ਖ਼ਾਸ ਘੜੀ ਇਕ ਥਾਂ 'ਤੇ ਜੁੜਸਨ
ਖਾਣ ਸਜ਼ਾ ਜੋ ਬੰਦੇ,
ਭਾਵੇਂ ਦੇਸ ਕਾਲ ਦੇ ਦਜਲੇ
ਰੱਤ ਪੀ ਰਹਿਣ ਵਗੀਦੇ।"

ਪਰਤ ਪਰਤ ਲਾਲੋ ਸੁਣਿ ਵੇਖੇ
ਛੁਹ ਡੂੰਘੀਆਂ ਲਹਿਰਾਂ,
ਜਿਹਨਾਂ ਹੇਠਾਂ ਕੋਲ ਮੁੜਣ ਦੇ
ਲਿਖੇ ਮੁਸਾਫ਼ਰ-ਪੈਰਾਂ।

ਲਾਟ ਮੋਹ ਦੀ ਰੰਗਿ ਗ਼ਜ਼ਬ ਨੂੰ
ਧਾ ਲਾਲੋ ਗਲ ਲਾਏ,
ਘੇਰਨ ਦੇਸ, ਚੜ੍ਹਨ ਹੜ-ਸਾਗਰ,
ਆ ਨਵ ਖੇਵਟ ਗਾਏ।

ਵਗੀ ਦਾਤ ਦੇ ਸੁੱਚੇ ਨਭ ਚੋਂ
ਨੈਂ ਨਿੰਬਲ ਲੈ ਆਸਾਂ,
ਦਰਸ ਅਮੋਘ ਗੁਰੂ ਦਾ ਕਾਮਲ
ਜਿਸਦੀ ਵਿਚ ਅਰਦਾਸਾਂ।

ਸਘਣ ਸਰਾਪ ਪਾਪ ਵਿਚ ਲਾਲੋ
ਬੁੰਚ ਲਈ ਨੈਂ ਨਿੰਬਲ,
ਸਮਿਆਂ ਪਾਰੋਂ ਨਿਵ ਨਿਵ ਆਇ
ਵਾਂਗ ਮੁਰੀਦਾਂ ਸਿੰਬਲ।

ਬਾਲਾ ਤੇ ਮਰਦਾਨਾ ਰੋੜਾਂ ਦੇ ਬਿਸਤਰ ਸਾਮ੍ਹਣੇ

ਰੋ ਵੇਖਣ ਰੋੜਾਂ ਦਾ ਬਿਸਤਰ
ਬਾਲਾ ਤੇ ਮਰਦਾਨਾ
ਕੱਚੇ ਤਾਲ ਨੇੜ ਇਕ ਝੰਗੀ
ਹੇਠ ਤਪੇ ਅਸਮਾਨਾਂ।

ਬਾਰ 'ਚ ਦਰਦ ਰਾਇ ਦਾ ਚਾ ਕੇ
ਤੁਰ ਆਏ ਸਤਵਾਰਾ
ਬਾਬਲ-ਦੇਸ ਰਿਹਾ ਵਿਚ ਚਿੰਤਾ
ਸੁਣਿ ਕਠੋਰ ਤਪ ਭਾਰਾ।

ਦਾਨਾ ਚਿਤਵੇ : "ਕਿਉਂ ਦਰ ਜੰਨਤ
ਅੱਕ ਵਿਸ਼ੈਲਾ ਉੱਗੇ ?
ਸੱਚ-ਖੰਡ ਹੈ ਨੂਰ ਗੁਰੂ ਦਾ
ਤਪ-ਕੰਦਰਾ ਕਿਉਂ ਖੁੱਭੇ ?"

ਮੁੱਦਤਾਂ ਪਿੱਛੋਂ ਭੇਤ ਤਪਾਂ ਦੇ
ਨਾਨਕ ਵਿਚ ਉਜਾੜਾਂ
ਖੋਲ੍ਹੇ ਸੀ ਮਰਦਾਨੇ ਅੱਗੇ
ਦੇ ਕੁਦਰਤ ਨੂੰ ਸਾਰਾਂ:

ਗੁਰਾਂ ਕਿਹਾ: "ਇਸ ਤਨ ਮਨ ਕੀਤਾ
ਛੁਪੇ ਦਰਦ ਦਾ ਸੇਵਨ,
ਅੱਕ ਰੋੜ ਸੀ ਮੀਤ ਬਣਾਏ
ਜਰਨ ਲਈ ਜਗ-ਵੇਦਨ।

"ਤਨ ਮਨ ਸੌਂਪੇ ਦੀਨ-ਦਰਦ ਨੂੰ
ਕਰੀ ਰੇਤ ਮੈਂ ਸਾਖੀ,
ਇਕ ਵੀ ਤਨ ਦਾ ਰੋਮ ਰਿਹਾ ਨਾ,
ਦਰ ਸਾਜਨ 'ਤੇ ਆਕੀ।

"ਦੈਵੀ ਕੰਪ ਦੇ ਰਾਜ਼ ਧਰੇ ਮੈਂ
ਜੱਗ-ਅਗਨ ਦੇ ਅੱਗੇ,
ਖ਼ਾਬ ਸੱਚ ਖੰਡ ਦੀ ਦੇਹ ਦਾ
ਰੰਕ ਜ਼ਿਮੀਂ ਤਨ ਲੱਗੇ।

"ਪੈਂਡਾ ਸੱਚ ਖੰਡ ਦਾ ਲੰਮਾ
ਰੱਤ ਖ਼ਾਕ ਹੋ ਵੱਗੇ
ਮਰਗ-ਮਸਤਕੋਂ ਖਿੜ ਸੰਜੀਵਨੀ
ਪਰਲੈ ਤੀਕਣ ਫੱਬੇ।

"ਰੇਤਾਂ ਰੋੜ ਤਪਣ ਵਿਚ ਛਾਲੇ!
ਬਿਖ ਅੱਕਾਂ ਦੀ ਡੰਗੇ,
ਦੇਹ ਨੇ ਰੋਗ ਸਹਿ ਜਗ ਜੇਡੇ
ਤਰਸ ਵਡੇਰੇ ਮੰਗੇ।

"ਸੱਚ ਖੰਡ ਦੀ ਲੋ ਦੇ ਬਾਝੋਂ
ਤਪ ਦਰਮਾਂਦੇ ਖ਼ਾਲੀ,
ਜਿਸਨੇ ਦਰਸ ਕਰੇ ਧੁਰ ਦਰ ਦੇ
ਤਿਸਦੇ ਤਪਾਂ 'ਚ ਲਾਲੀ।"

ਰੋੜ-ਵਿਛਾਈ ਨੇੜ ਨ ਢੁੱਕੇ
ਉਸ ਪਲ ਬਾਲਾ ਦਾਨਾ,
ਜੁਗ ਜੁਗ ਦੇ ਸ਼ਾਹਾਂ ਦੇ ਸਜਦੇ
ਚੁੰਮਣ ਉਹ ਅਸਥਾਨਾਂ।

ਰਮਜ਼ ਦਿਸੇ ਦੋਵਾਂ ਨੂੰ ਅੱਗੇ
ਹੁਣੇ ਦੂਰ ਹੁਣ ਕੋਲੇ,
ਥਲ ਡੂਗਰ ਵਿਚ ਵਕਤ ਖੜਾ ਸੀ
ਚਾ ਸੰਤਾਂ ਦੇ ਚੋਲੇ।

"ਤਰਸ ਨਾਲ ਕਰ ਦੇਵੋ ਪੌਣਾਂ"
ਸੱਦ ਸੁਣੀ ਮਰਦਾਨੇ
ਰਲ ਫ਼ਕੀਰ ਹਮਸਫ਼ਰ ਕੂਕਦੇ
ਬੰਨ੍ਹ ਵਜਦ ਦੇ ਗਾਨੇ।

ਫਿਰ ਸੈਨਤ ਬਾਲੇ ਨੂੰ ਹੋਈ
ਹਰ ਕੰਢਾ ਜਿਉਂ ਸ਼ੁਅਲਾ,
ਜਲ ਥਲ ਬਸਤੀ ਨੂੰ ਜਾ ਛੂਹਦਾ
ਉਡ ਉਡ ਉਸਦਾ ਚੋਲਾ।

ਦੁੱਖ ਫ਼ਰੇਬ ਤਰਸ ਪਰ ਜਗ ਦੇ
ਸਭ ਨਾ-ਸ਼ੁਕਰੇ ਅੰਧੇ,
ਪਾੜ ਰਹੇ ਬਖ਼ਸ਼ਿਸ਼ ਦਾ ਚੋਲਾ
ਕਰਮ ਕਹਿਰ ਦੇ ਧੰਧੇ।

ਤਦ ਵਿਸਮਾਦ ਵਰਾਗ ਦੇ ਸੰਗਮ
ਖੜ ਉਚਰੇ ਮਰਦਾਨਾ :
"ਅਜ ਸਾਨੂੰ ਮਿਰਾਜ ਹੈ ਬਖ਼ਸ਼ੀ
ਮੇਜ਼ਬਾਨ ਅਸਮਾਨਾਂ।

"ਬਲੀ ਸਮੇ ਖਿੱਚਾਂ ਪੰਘਰਾਵਣ
ਤੇਜ਼ ਉਡਾਵਣ ਰੱਤਾਂ
ਵਿਛੜੇ ਚਾਅ ਮਿਲਣ ਘਰ ਲਾਲੋ
ਜ਼ੋਰ ਬਿਹੋਂ ਦਾ ਘੱਤਾਂ।

"ਜਿਉਂ ਹੁੱਬ ਕੇ ਨਦੀਆਂ ਛਲਕਣ
ਪੁੱਜ ਸਾਗਰਾਂ ਨੇੜੇ
ਪਾਕ ਮਿਰ੍ਹਾਜਾਂ ਚਾ ਦਿਲਾਂ ਦੇ
ਇਉਂ ਲਿਜਾਣ ਗੁਰ-ਵਿਹੜੇ।"

ਦਰਸ ਕਰੇ ਲਾਲੋ ਦੇ ਆਂਗਣ
ਅਣਦਿਸ ਦਿਸਿਆ ਆਪੇ,
ਸਮੇ ਵਿਚ ਨ, ਯਾਰ ਬਨਣ ਲਈ
ਸਮੇ 'ਚ ਵਸਿਆ ਜਾਪੇ।

ਡੂੰਘੇ ਵਜਦ ਵਸਣ ਵਿਚ ਨਦੀਆਂ
ਅਣਗਿਣ ਲਹਿਰਾਂ ਘੁੱਟਣ,
ਅਰਬ ਖਰਬ ਸਾਲਾਂ ਚੋਂ ਯਾਦਾਂ
ਦਿਲ ਸਾਗਰ ਵਿਚ ਉੱਠਣ।

ਧਾਹ ਮਿਲੇ ਨਾਨਕ ਨੂੰ ਦੋਵੇਂ
ਚੁੱਕ ਦਰਦ ਇਕਲਾਪੇ,
ਰਾਇ ਦੇ ਹਿਜਰ ਵਸਲ ਦਾ ਪੈਂਡਾ
ਹੁਣ ਲਾਲੋ-ਦਿਲ ਜਾਪੇ।

ਦਾਨਾ ਅਰਜ਼ ਕਰੇ "ਸੁਣ ਨਾਨਕ,
ਰਾਹ ਇਹ ਧੁਰੋਂ ਹੀ ਥਾਪੇ,
ਬਾਲਪਨ ਦੇ ਰੁੱਖ ਜਾ ਵੇਖੋ
ਯਾਦ ਕਰੇਂਦੇ ਮਾਪੇ।"

ਬਾਲਾ ਕਹੇ: "ਰਾਇ ਦਾ ਬਿਰਹਾ,
ਤਿਪ ਤਿਪ ਲਹੂ ਸਰਾਪੇ,
ਰੋਮ ਰੋਮ ਡੰਗ ਬਿਖ ਏਸਦੀ
ਤਿਮਰ ਪਤਾਲ 'ਚ ਝਾਕੇ।"

ਭੁੱਲ ਗਈ ਕੋ ਕੂੰਜ ਬੱਚੜੇ
ਦਿਲ ਦੁਸ਼ਿਅੰਤ ਅਲਾਪੇ;
ਹਰ ਤਕਦੀਰ ਉਡੀਕ ਰਾਇ ਦੀ
ਵਿਚ ਬਿਰਹਾ ਦੇ ਸਾਕੇ।

ਅੰਧ ਕਾਲ ਵਿਚ ਵਣਜ ਮੁਸਾਫ਼ਰ
ਛੁਪ ਛੁਪ ਦੇਣ ਸੁਆਵਾਂ,
ਓਢ ਸਿਦਕ ਤਨਿ, ਅਣਦਿਸ ਲਾਲੋ
ਆਪੇ ਕਰੇ ਦੁਆਵਾਂ।

ਜਲ ਥਲ ਚੋਭ ਰਿਹਾ ਜਦ ਬਿਰਹਾ
ਲਾਲੋ ਦਾ ਪਰਛਾਵਾਂ,
ਘਟ ਘਟ ਵਜਦਾ ਨਾਦ ਲਿਆਵੇ
ਬਣ ਕਾਸਿਦ ਥੇਨਾਵਾਂ।

ਸੁੰਨ ਜੁਗਾਂ ਦੀ ਛੂਹ ਪਹਿਲੀ ਲੋਂ
ਲਾਲੋ ਸੁਣੇ ਸਦਾਵਾਂ,
ਵਸਲ ਹਿਜਰ ਜੋ ਬਖ਼ਸ਼ੇ ਨਾਨਕ
ਬੰਦਾ ਨਹੀਂ ਨਿਥਾਵਾਂ।

ਗੁਰੂ ਨਾਨਕ ਤਲਵੰਡੀ ਨੂੰ

ਬੀਤਣ 'ਤੇ ਸੀ ਹਾੜ ਮਹੀਨਾ
ਧੁਖੇ ਪਤਾਲ ਤੀਕ ਧਰ-ਸੀਨਾ।
ਮੋਹ ਦੀ ਮਹਾਂ ਧਣੁਖ ਚੁਕ ਕੰਬੀ
ਇਕ ਪਲ ਹੋਸ਼ ਗੁਆ ਤਲਵੰਡੀ;
ਟੋਹ ਦਾ ਤਪਦਾ ਤੀਰ ਫਰੋਲੇ
ਹੌਂਕ ਹੌਲ ਰਹੇ ਵਾ-ਵਰੋਲੇ।
ਸਿੱਕ ਰਾਇ ਦੀ ਮਾਰ ਉਡਾਰੀ
ਦੂਰ ਸੁੰਧ ਵਿਚ ਨਜ਼ਰ ਉਤਾਰੀ।
ਔਣ ਝਨਾਂ ਰਾਵੀ ਦੋ ਕੂੰਜਾਂ
ਅੰਗਾਰਾਂ 'ਤੇ ਸੁੱਟਣ ਬੂੰਦਾਂ।
ਛਾਂ ਮਲੂਕ ਬਿਰਖਾਂ ਦੀ ਜਾਂਦੀ
ਛਾਂ ਅਨੰਤ ਦਾ ਰਹਿਮ ਜਗਾਂਦੀ;
ਸਾਂਗ ਖਲਾਵਾਂ ਤਪ ਤਪ ਮਾਰੀ
ਮਘੇ ਅਜੇ ਵੀ ਆਸ ਤਿਨਾੜੀ;
ਫੇਰ ਮਹੀਨ ਵਲਵਲੇ ਜਾਗੇ
ਤਨ ਮਨ ਸਿੰਧ ਚੀਰ ਨਭ ਝਾਗੇ।

ਸਿਖਰ ਦੁਪਹਿਰੇ ਓਢ ਕੇ ਧੁੱਪਾਂ
ਲਿਪਟੇ ਵਹੀ-ਨਾਦ ਤਨ ਰੁੱਖਾਂ
ਤਿਸ ਹੇਠ ਸਿਰ ਨਬੀ ਜਿਉਂ ਝੁਕਦਾ
ਹਰ ਸ਼ਾਹ ਵਿਚ ਇਬਾਦਤ ਰੁਕਦਾ,
ਇਉਂ ਹੀ ਰਾਇ-ਸੀਸ 'ਤੇ ਯਾਦਾਂ
ਨਾਜ਼ਲ ਹੋ ਵਾਂਗ ਵਹੀ-ਨਾਦਾਂ
ਤੇਜ਼ ਛੂੰਕਣ ਦਾਮਨੀ-ਵਾਟਾਂ
ਜੁਗ ਪਾਰੋਂ ਥਰਕਾਵਣ ਆਹਟਾਂ
ਗੁਰ ਲਿਸ਼ਕੇ ਵਿਚ ਨਵੇਂ ਨਸੀਬਾਂ
ਸਾਜ ਵਕਤ ਦੀਆਂ ਤਰਤੀਬਾਂ।
ਬਹੁ ਬੁਲਾਰ-ਮਨਿ ਚਾਅ ਮੁਰੀਦੀ
ਇਹ ਹੜ ਹੈ ਤਾਂ ਹੋਂਦ ਨਬੀ ਦੀ।
ਇਸ ਹੜ ਚੋਂ ਗੁਰ ਸਾਂਗ ਪਲੱਟੇ
ਜੇ ਸਿੱਖ-ਸਿਦਕ ਪਿਛਾਂ ਨ ਹੱਟੇ।
ਚਾਅ ਨਾ ਰਹੇ ਸਿਦਕ ਜੋ ਹਿੱਸੇ
ਪਾਰ ਜੁਗਾਂ ਗੁਰ-ਹੱਥ ਨ ਦਿੱਸੇ।
ਸਿੱਖ-ਮੱਤ ਬ੍ਰਹਿਮੰਡ ਜਾਂ ਮੱਥੇ
ਧਾ ਧਰਤੀ ਲਗਦੀ ਗੁਰ-ਕੰਠੇ।
ਲਵੇ ਅਕੀਦਤ ਢੂੰਡ ਪਗੰਬਰ
ਸੁਰਤਿ ਨਿਰੰਤਰ ਹੈ ਧਰ ਅੰਬਰ।
ਸਿੱਖ ਮਤ ਜਦ ਸਿਖਰ 'ਤੇ ਆਵੇ
ਅਪਣਾ ਹੁਕਮ ਆਪ ਹੋ ਜਾਵੇ
ਹੁਕਮ ਨਦਰ ਤਕ ਤੁਰਦਾ ਤੁਰਦਾ
ਗੁਰ ਦੇ ਨਕਸ਼ ਅਗੰਮ 'ਚ ਖੁਰਦਾ।

ਜਲਾਂ ਵਣਾਂ ਵਿਚ ਧੁੱਪ-ਰਕਾਨਾਂ
ਵੇਖ ਤੁਰਨ ਬਾਲਾ ਮਰਦਾਨਾ।
ਭੈਣ ਦਾ ਬੋਲ ਸੁਣੇ ਤਲਵੰਡੀ
ਵੇਈਂ ਤਕ ਜਾਣ ਮੋਹ-ਤਾਨਾਂ।
ਸੁਖ਼ਨ ਮਸੂਮ ਬਾਲਪਨ ਵਾਲਾ
ਪੰਖ ਫ਼ਜਰ ਦਾ ਜਿਵੇਂ ਸੁਹਾਣਾ।
ਘਰ ਬਾਬਲ ਦੇ ਖੜੀ ਨਾਨਕੀ
ਫ਼ਜਰ ਉਡੀਕੇ ਓਢ ਕੇ ਸ਼ਾਮਾਂ।

ਨਵ ਖੰਡਾਂ ਵਿਚ ਫੇਰ ਢੂੰਡਦੀ
ਨਵੀਂ ਪੈੜ ਚੋਂ ਮੋਹ ਪੁਰਾਣਾ।
ਪਰ ਮਾਂ ਪਿਉ ਮਨ ਚਿੰਤ ਪੁਰਾਣੀ
ਜਗਮਗ ਦਿਸਣ ਉਂਜ ਧੁੱਪ-ਸ਼ਾਨਾਂ।
ਸੱਦ ਪਵੇ ਤਾਂ ਦੀਨ ਦੁਨੀ ਵਿਚ
ਬਣੇ ਸੰਜੋਗ ਵਿਜੋਗ ਮੁਹਾਣਾ।
ਚੰਦ੍ਰ ਭਾਨ ਦਾ ਵਗਦਾ ਖੂਹਾ
ਸਿਖਰ ਦੁਪਹਿਰ ਗੁਰਾਂ ਦਾ ਠਾਣਾ।
ਗੁਰ-ਕੌਲਾਂ ਰ੍ਹਿਣ ਖ਼ਾਕ ਚ ਵਸਣਾ
ਜੇ ਬ੍ਰਹਿਮੰਡ ਵੀ ਬਦਲਣ ਬਾਣਾ।
ਜਿਨਾਂ ਦੇ ਤਨ ਮਨ ਦੇਸ ਪਰਾਏ
ਉਹ ਅੱਖਰ ਨਾ ਪੜ੍ਹੇ 'ਸਮਾਨਾਂ।

ਭੇਦ-ਭਰੀ ਛਾਂ ਹਰਟ ਨਿਰਾਲਾ
ਪਵੇ ਗ਼ੈਬ 'ਤੇ ਗੁਰੂ-ਉਜਾਲਾ
ਘੁੰਮੇ ਸੂਖਮ ਹੇਕ ਸੰਜੋਗੀ
ਜਿਵੇਂ ਸਮੇਰੋਂ ਭੇਜਣ ਜੋਗੀ
ਕੁਲ ਗ਼ੈਬ ਮਹਿਮਾਨ ਹੋ ਜਾਵੇ
ਸਮੇਂ ਦਾ ਦਸਤਰਖ਼ਾਨ ਵਿਛਾਵੇ।
ਘੜੀ ਜਾ ਦੱਸਣ ਬਾਲਾ ਦਾਨਾ
ਮਾਂ ਦਿਲ ਵਰਗਾ ਪਥ ਪਰਧਾਨਾ
ਦੇਣ ਗੁਰੂ ਦਾ ਇੰਜ ਹਵਾਲਾ
ਚੁੱਪ 'ਚ ਲੁਕ ਜੇ ਜਿਵੇਂ ਹਿਮਾਲਾ।
ਜਗ-ਕੈਦੀ ਜਦ ਗੁਰ 'ਤੇ ਹੱਸਣ
ਦੋਵੇਂ ਮੀਤ ਬਿਸਮ ਹੋ ਦੱਸਣ:
ਮਰਕਜ਼ ਮੁਣਸ ਦੇ ਅਗਮ ਅਗੋਚਰ
ਚਮਕ ਰਹੇ ਨਾਨਕ ਵਿਚ ਇਉਂ ਕਰ
ਅਬਦ ਤਕ ਜਿਉਂ ਕੋਈ ਉਜਾਲਾ
ਕਦਮ ਕਦਮ 'ਤੇ ਦਿਸੇ ਨਿਰਾਲਾ।
ਰਾਇ ਬੁਲਾਰ ਕੋਲ ਮਰਦਾਨਾ
ਛੇੜੇ ਦਰਦ ਹਕੀਕੀ ਤਾਨਾਂ
ਬਾਣੀ ਮੂਕ, ਰਬਾਬ ਨ ਕੋਈ
ਧਰ ਦਿਨ ਰੈਣ ਗਗਨ ਬਿਨ ਹੋਈ;

ਜੇ ਨਾਨਕ ਤਾਂ ਦਰਦ ਹਕੀਕੀ
ਪੰਧ ਉਦੇ ਜੇ ਨਜ਼ਰ ਸੰਦੀਕੀ;
ਸਦੀ ਸਦੀ ਗੁਰ-ਦਿੱਖ ਉਡੀਕੀ
ਜੋਸ਼ ਮੁਰੀਦੀ ਅੰਤ ਉਲੀਕੀ
ਲਹੂ ਜਾਣ ਫਿਰ ਦੇਣ ਗਵਾਹੀ
ਗੁਰੂ-ਜੋਤ ਪਰਤੱਖ ਦਿਖਾਈ।

ਮਾਤਾ ਪਿਤਾ ਨਾਲ

ਮਿਲਿ ਨਾਨਕ ਮਾਂ ਪਿਉ ਹਮਸਾਏ
ਚੰਦ੍ਰ ਭਾਨ ਦੇ ਖੂਹ ਤੋਂ ਆਏ।
ਚੁੱਪ ਬਹੁਤ ਜਿਉਂ ਸਦ ਬੇ-ਆਸੇ
ਭੈਅ ਪ੍ਰਲੋਕ ਦੇ, ਮੋਹ ਵਿਚ ਵਾਸੇ।
ਮਹਾਂ ਵੈਰਾਗ, ਰੋਸ ਬਹੁ ਜਾਪੇ
ਧੁਰ ਸੰਜੋਗ ਵੀ ਨੇ ਇਕਲਾਪੇ।
ਪਰ ਜੋ ਗੁਰੂ ਵੇਖ ਗੁਰ ਜੋਗੇ
ਮੌਤ ਪਾਰ ਚੁਗਣ ਜਾ ਚੋਗੇ।
ਦਰਾਂ ਚ ਖੜੀ ਨਾਨਕੀ ਵੇਖੇ
ਘਿਰ ਪਰਿਵਾਰ ਗਿਆ ਜਗ-ਲੇਖੇ।
ਮੰਗੂ ਵਣ ਕਰੀਰ ਵਣ ਟੋਭੇ
ਅਮਰ ਛੁਹ ਵਿਚ ਨਾਨਕ ਜੋਗੇ।
ਰਾਇ ਦਾ ਸੱਚ ਅਬਦ ਤਕ ਪੁਗਦਾ
ਬ੍ਰਿਹਾ ਨਿਆਂ ਕਰੇ ਚਹੁ ਜੁਗ ਦਾ।
ਵਜਦ ਲਵੇ ਮੌਤ ਦਰ ਖੁੱਲਾਂ
ਅਕਲਾਂ ਜਿੱਤ ਲੈਣ ਰਾਇ ਮੁੱਲਾਂ;
ਅਜਬ ਨਮਾਜ਼ੇ ਦੀਗਰ ਗੂੰਜੀ
ਨੀਂਦਰ ਬੇਇਲਮੀ ਦੀ ਹੂੰਝੀ।
ਪਾਂਧਾ ਖੜ ਵੇਖੇ ਹਰ ਥਾਵੇਂ
ਚਟਸਾਲ ਅੰਬਰ ਦੀ ਸਾਹਵੇਂ
ਤਾਰੇ ਰਵੀ ਲੈਣ ਕੋ ਸੰਥਾ
ਸ਼ਿਸ਼ ਬਣ ਢੂੰਡ ਰਹੇ ਨਵ ਪੰਥਾ
ਪੰਡਤ ਕਰੇ ਬਿਰਖ ਨਾ' ਗੱਲਾਂ
ਟੇਵੇ ਡੋਬ ਦਿਤੇ ਵਡ ਛੱਲਾਂ।

ਅਸਰ ਦੀਆਂ ਜਦ ਸੁਣੇ ਅਜ਼ਾਨਾਂ
ਨਾਲ ਅਕੀਦਤ ਝੁਕ ਮਰਦਾਨਾ
ਵੇਸ ਫ਼ਕੀਰਾਂ ਦੇ ਵਿਚ ਨਾਨਕ
ਪਿੰਡ ਦੀ ਸੱਥ 'ਚ ਦਿਸੇ ਅਚਾਨਕ।
ਲੌਂਦੇ ਪਹਿਰ ਖੂਹ 'ਤੇ ਜੁੜੀਆਂ
ਗੁਰੂ ਪਛਾਣ ਕਹਿਣ ਇਉਂ ਕੁੜੀਆਂ :
"ਨਿਰਾ ਸੰਤ, ਪਰ ਰੂਪ ਗ਼ਜ਼ਬ ਨੀ
ਉਂਜ ਤਾਂ ਉਹੀਉ ਉਂਜ ਅਜਨਬੀ।"

ਰਾਇ ਬੁਲਾਰ ਨਾਲ ਮਿਲਣੀ

ਤ੍ਰੈ ਸਾਲਾਂ ਤੋਂ ਉੱਪਰ ਬੀਤੇ
ਰਾਇ ਮੁੜ ਦਰਸ ਗੁਰੂ ਦੇ ਕੀਤੇ
ਚੜ੍ਹ ਵਰਭੰਡ ਦੀ ਉਚ ਹਵੇਲੀ
ਵੇਖੇ ਰਾਇ ਹਸ਼ਰ ਤਕ ਬੇਲੀ
ਕਿਣਕੇ ਵਿਚ ਇਕਰਾਰ ਅਮੁੱਲੇ
ਤ੍ਰਿਣ-ਸਥਰ ਕੁਦਰਤ ਵਿਚ ਹੁੱਲੇ।
ਸਿਖਰ ਮੁਰੀਦ-ਵਲਵਲੇ ਚੜ੍ਹ ਕੇ
ਵਾਂਗ ਆਵੇਸ਼ ਗਗਨ ਕੁਲ ਤਰ ਕੇ
ਉਮੁਲੇ ਲਿਸ਼ਕੇ ਗੁਪਤ ਸਿਤਾਰੇ
ਰੁਲੇ ਖੰਭ ਚੁਗਿ ਜੁਗਾਂ ਦੇ ਸਾਰੇ।
ਕਾਮਲ ਪੀਰ ਰਾਇ-ਦਿਲ ਵੱਸੇ
ਉੱਠੇ ਕਾਂਗ ਮੰਜ਼ਿਲਾਂ ਦੱਸੇ
ਰਾਖ ਚੋਂ ਉਠ ਕਹਿਕਸ਼ਾਂ-ਡਾਰਾਂ
ਦੇਣ ਫ਼ਜਰ-ਪੰਖੀ ਜਿਉਂ ਸਾਰਾਂ
ਬਿਰਧ ਸੂਰ ਦੇ ਭੁਰਦੇ ਕੰਢੇ
ਪਾਕ ਤਾਂਘ ਵਿਚ ਬਣੇ ਅਲੰਬੇ।
ਬੁਝੀ ਕਹਿਕਸ਼ਾਂ ਨੂੰ ਰੁਸ਼ਨਾ ਕੇ
ਤਾਂਘ ਰਾਇ ਦੀ ਗਲ ਵਿਚ ਪਾ ਕੇ
ਧੂਹ ਕਾਮਲ ਦਰਸ ਨੂੰ ਪਾਵੇ
ਰਾਖ ਦੇ ਸੀਤ ਚਰਖ ਗਰਮਾਵੇ।
ਮੁੜ ਨਿਸ਼ਾਨ ਵਕਤ ਦੇ ਅੰਧੇ
ਸਦਾ ਅਹਿੱਲ ਮੌਤ ਦੇ ਕੰਢੇ

ਝੂਣ ਝੂਣ ਤਲਬ ਪਈ ਰੰਗੇ
ਸਿਦਕ ਅਟੱਲ ਖੜੇ ਚੁਕ ਬੰਦੇ।
ਕਦਮ ਬੁਲਾਰ ਧਰੇ ਇਕ ਦਿਲ ਦਾ
ਨਾਨਕ ਨੌਂ ਖੰਡ ਲੰਘ ਮਿਲਦਾ।

ਸਾਉਣ ਮਹੀਨੇ ਵਿਚ ਮਾਂ ਦੀ ਤ੍ਰਿਖਾ

ਲਸੇ ਦਾਮਨੀ, ਸਾਵਣ ਚੜ੍ਹਿਆ
ਬੀੜ ਜਦੋਂ ਚਹੁੰ ਕੁੰਟੀਂ ਹਰਿਆ
ਵਣ ਤ੍ਰਿਣ ਮੋਰੀ ਰੁਣ ਝੁਣ ਲਾਇਆ
ਪੌਣ 'ਚ ਸਾਜ਼ ਅਛੂਹ ਸਮਾਇਆ।
ਨਾਨਕ ਹੁਣ ਤਕ ਵਿਚ ਤਲਵੰਡੀ
ਬੰਨ੍ਹੇ ਸੱਚ-ਹੜਾਂ ਦੀ ਕੰਧੀ।
ਮੀਤ ਜੋ ਬਾਲਪਨ ਦੇ ਸਾਰੇ
ਦਿਲ ਦੀ ਚੁੱਪ ਨ ਭੰਜਨਹਾਰੇ
ਸੁਖਕ ਰਬਾਬ ਸੁਰਾਂ ਸਮ ਡੂੰਘੀ
ਜਲਵੇ ਪਾਕ ਸਾਮ੍ਹਣੇ ਗੂੰਗੀ
ਗੁਰ ਜਦ ਨਾਲ ਵੇਖਦੇ ਪਿਆਰੇ
ਵਾਟ ਗਾਖੜੀ ਦੇ ਝਲਕਾਰੇ।
ਮਿਲ ਨਾਨਕ ਪਰਿਵਾਰ ਹਰਾਨਾ
ਭੈ ਡਾਢੇ ਵਿਚ ਜਾਂ ਕੁਰਬਾਨਾ
ਸ਼ਿਕਵਾ ਕਰਦਾ ਫਿਰ ਦਰਮਾਂਦਾ:
"ਹੱਟ ਪਟਣ ਕਿਉਂ ਖੇਤੋਂ ਵਾਂਝਾ!"
ਪੱਤ ਅਗੰਮ ਦੇ ਚਰਖ਼ ਉਚੇਰੇ
ਜਿੱਥੇ ਵਸਣ ਗੁਰੂ ਦੇ ਜੇਰੇ
ਭਾਵੇਂ ਮੋਹ ਅਦਿੱਸ ਜਗਾਵਣ
ਨਾ ਪਰ ਛੁਹ ਪਰਵਾਰ 'ਚ ਆਵਣ।
ਨੂਰ ਦਿਸੇ ਨਾਨਕ 'ਤੇ ਭਾਵੇਂ
ਭਾਗ ਦਿਸਣ ਵੀਰਾਨ ਨਿਥਾਵੇਂ।
ਸਾਰ ਨਾਨਕੀ ਨੂੰ ਸੀ ਪੂਰੀ
ਕਾਰ ਜਗਤ ਦੀ ਕਦੋਂ ਅਧੂਰੀ;
ਪੱਤ 'ਚ ਕਾਰ ਰਹੇ ਗੁਰ ਕੇਰੀ
ਰਵੀ ਸਮ ਤਿਸ ਵਣਜ ਦੀ ਫੇਰੀ।

ਗੁਰ-ਆਵੇਸ਼ ਜਦੋਂ ਨ ਮੋਹੇ
ਖੁਸ਼ਕ ਵਪਾਰ! ਕਿਰਤ ਨ ਸੋਹੇ।
ਦਇਆ ਚ ਭੁੰਚ ਮਾਂ ਦੇ ਗ਼ਮ 'ਤੇ
ਨਾਨਕ ਕਹੇ: "ਅਸੀਂ ਹਾਂ ਰਮਤੇ
ਕੁਝ ਦਿਨ ਬੈਠ ਤਿਰੇ ਮਾਂ ਦਰ 'ਤੇ
ਕਰਾਂਗਾ ਪੱਤ-ਲੋ ਘਰ ਘਰ 'ਤੇ।
ਇਸ ਲੋ ਰਹਿਸਨ ਸਦ ਮੋਂ-ਪੈੜਾਂ
ਵਣਜਾਰੇ ਮੰਗਸਨ ਮੋਂ-ਪ੍ਰੇਰਾਂ।
ਕਰੇਗੀ ਸੱਦ ਮਿਰੀ ਹੋ ਉੱਚੀ
ਕਿਰਤ ਵਣਜ ਖੇਤੀ ਨੂੰ ਸੁੱਚੀ।
ਬਾਣੀ ਨਾਦ ਦੀ ਕਿਰਤ ਪਕੇਰੀ
ਭੁੱਲ ਮਿਟ ਪਾਵੇਗੀ ਮੁੜ ਫੇਰੀ।
ਸੌ ਸਮਿਆਂ ਵਿਚ ਪੁਸ਼ਤਾਂ ਤਰਸਨ
ਯਾਦਾਂ ਵਾਂਗ ਛਾਂਜਿਆਂ ਬਰਸਨ।"

ਸ਼ਾਮ ਘਣਾਂ ਨੂੰ ਜੋਬਨ ਘੇਰੇ
ਮੱਥਿਉਂ ਤਿਲ੍ਕਣ ਖਿਜਲੀ-ਸਿਹਰੇ।
ਬਰਸੀ ਤ੍ਰੇਲ-ਚੁੱਪ ਜੋ ਊਂਘੀ
ਚਮਕ ਨਭਾਂ ਦੀ ਰਗ ਵਿਚ ਗੂੰਜੀ।
ਤੱਕਣ ਮਾਂ ਧੀ ਨਾਨਕ ਸੁੱਤੇ
ਸਹਿਜ ਅਲੇਪ ਬਰਸਦੀ ਰੁੱਤੇ।
ਦੂਜਾ ਪਹਿਰ ਦਿਵਸ ਦਾ ਲੰਘੇ
ਮੁਕ ਨੀਂਦ ਗੁਰ-ਸੁਰਤਿ ਤਰੰਗੇ।
ਘਟਾਂ ਚੜ੍ਹਣ, ਮਾਂ ਨਾਨਕ ਵੇਖੇ
ਬ੍ਰਿਹਾ ਮੋਹ ਕਰਨ ਪਏ ਲੇਖੇ।
ਦਾਮਨਿ ਹੋਇ ਹਸਰਤਾਂ ਕੂੰਦਨ
ਲਹਿ ਪਤਾਲ ਵਿਚ ਅਮਿਉ ਢੂੰਡਣ।
ਮਾਂ ਕਹੇ: "ਕਿਉਂ ਨਾਨਕ ਧੀਏ
ਦੇਸ ਰਹੇ, ਪਰਦੇਸੀਂ ਜੀਏ?
ਸੀਤ ਫੁਹਾਰਾਂ, ਚਿੰਤ ਤਪਾਏ,
ਜੇ ਹੈ ਵੇਸ ਫ਼ਕੀਰ, ਤਾਂ ਜਾਏ।"
ਸੁਣ ਧੀ ਦਿਵੇ ਦਿਲਾਸਾ ਮਾਂ ਨੂੰ:
"ਧੀ ਸਦਕੇ ਹੁਣ ਸਾਂਭੀਂ ਛਾਂ ਨੂੰ।

ਥਲ ਤਪਸ਼ਾਂ ਜਦ ਵੀਰ ਹੰਢਾਏ
ਛਾਂ ਤੈਂਡੀ ਪੱਖੀ ਲੈ ਜਾਏ।
ਤੈਂ ਛਾਂ ਵਸੇ ਅਸੀਸ ਨੀ ਮਾਏ
ਹਰ ਪਲ ਉਡਸੀ ਦੇਸ ਪਰਾਏ।
ਰੋਹੀ ਖੱਡ ਡੁੰਮ੍ਹ ਦੇ ਧੋਖੇ!
ਤੋਹ ਵਿਚ ਲੈ ਆਉਣ ਬਿਖ-ਬੋਕੇ।
ਕਾਲ-ਫੰਧ ਜਦ ਵੀਰ ਦੇ ਨਾਲੇ
ਛਹਿ ਵਿਚ ਨਾਗ, ਤੇ ਛਲਣ ਉਜਾਲੇ
ਚਾਈਂ ਤਦੋਂ ਅਸੀਸ ਹਵਾਏ
ਮਾਂ ਦੀ ਛਾਂ ਤਿਰੇ ਸੰਗ ਜਾਏ।"
ਧੀ ਕਹੇ: "ਛੱਡ ਦੁਨੀ ਦੇ ਲੇਖੇ"
ਦਰਦ ਮਾਸੂਮ ਦੂਰ ਤਕ ਵੇਖੇ
ਤ੍ਰਿਖਾ 'ਚ ਜਿਵੇਂ ਕੂੰਜ ਅਸਮਾਨੀ
ਯਾਦਾਂ ਵਿਚ ਧਰੁਵਾਂ ਦੇ ਪਾਣੀ
ਭਰ ਵੈਰਾਗ ਨਾਨਕੀ ਸਾਹੀਂ
ਮਾਂ ਨੂੰ ਲੈ ਅਪਣੱਤ ਦੀ ਬਾਹੀਂ
ਵਲ ਦਲਾਨ ਪਲੋਸ ਲਿਆਈ
ਚਿੰਤ ਮਾਸੂਮ ਸੰਗ ਥੱਰਾਈ।

ਤੁਲਸਾਂ ਅਤੇ ਅਨੰਤ ਦਾ ਰਹੱਸ

ਬੀਤੀ ਘੜੀ, ਚਿੰਤ ਮਾਂ ਤੱਜੇ
ਪਰੇ ਖੜੀ ਤੁਲਸਾਂ ਨੂੰ ਸੱਦੇ।
ਕਹੇ: "ਜਗਾ ਨਾਨਕ ਨੂੰ ਬੱਚੀ!
ਕੁਝ ਖਾਵੇ, ਇਹ ਨੀਂਦ ਨ ਅੱਛੀ।"
ਜਦ ਤੁਲਸਾਂ ਨਾਨਕ ਜਾ ਦਰਸੇ
ਨੀਂਦਾਂ 'ਤੇ ਨਿਰਵਾਨ ਸੀ ਬਰਸੇ;
ਓਥੇ ਬਿਮਲ ਸਮੁੰਦ ਸੀ ਠਹਿਰੇ
ਅਤਿ ਗੰਭੀਰ ਬਿਬੇਕ 'ਚ ਲਹਿਰੇ।
ਤੁਲਸਾਂ ਧਾਹ ਚਰਨ ਤਦ ਪਰਸੇ
ਸੁਰਤਿ-ਲਿਲਾਟ ਧੁਰਾਂ ਤਕ ਸਰਸੇ;
ਮਹਾਂ ਬਿਬੇਕ ਲਿਸ਼ਕ ਫਿਰ ਪਲਟੇ
ਜਲ ਦਿਰੰਤ ਹੋ ਤਾਂਡਵ ਝਲਕੇ।

ਦਿਸੇ ਵਿਰਾਟ ਸਮੁੰਦ ਜੋ ਗਹਿਰੇ
ਭੀਸ਼ਣ ਨਾਗ ਮੱਛ ਵਿਚ ਤੈਰੇ।
ਭੈਰਵ ਨਾਦ ਮੁੜੇ ਨ ਮੋੜੇ
ਗਾਹ ਮੌਤ ਮੁੜਸਨ ਇਹ ਘੋੜੇ!
ਝੱਖੜ ਕਿਸੇ ਸਿੱਖ ਨੂੰ ਹੋੜਣ
ਡਾਢੇ ਸਿਦਕ-ਜਹਾਜ਼ ਨੂੰ ਤੋੜਣ;
ਦੂਰ ਸੰਗਲਾਦੀਪ ਦੇ ਕੰਢੇ
ਸੂਕ ਸਿੰਧੁ ਮਨਸੁਖ ਨੂੰ ਡੰਗੇ
ਸਿੱਖ-ਸਿਦਕ ਪਰ ਖੜੇ ਜੋ ਭਵਜਲ
ਥੰਮ੍ਹ ਲਵੇ ਗੁਰ ਸਾਗਰ ਕਲਵਲ।
ਗਰਜ ਰਹੇ ਤਾਂਡਵ ਵਿਚਕਾਰੇ
ਨਾਨਕ ਵਾਜ ਸਿੱਖ ਨੂੰ ਮਾਰੇ।
ਸੁਣ ਗੁਰ-ਸੱਦ ਸ਼ਾਂਤ ਹੋ ਲਹਿਰਾਂ
ਖੜ ਮੁਰੀਦ ਜਿਉਂ ਮੰਗਨ ਖ਼ੈਰਾਂ।
ਤੁਲਸਾਂ ਕੂਕ ਮੁੜੀ ਮਾਂ ਵੱਲੇ
ਜਗ ਵਿਚ ਉਸ ਦੇ ਬੋਲ ਇਕੱਲੇ!
ਕਹੇ: "ਖਰੂਦੀ ਸਾਗਰ ਝੱਲੇ
ਰੁਲੇ ਬਾਲ ਜਿਉਂ ਬੇੜੇ 'ਕੱਲੇ!
ਰੱਬ ਦਾ ਖੇਵਟ ਹੋ ਗੁਰ ਘੱਲੇ
ਹੌਲਨਾਕ ਭੰਵਰ ਨੂੰ ਠੱਲ੍ਹੇ।
ਔਹ ਗੁਰ ਨੀਂਦ ਗਹੀਰ ਚੋਂ ਆਏ
ਮੰਥਨ ਮਹਾਂ ਰਤਨ ਲਿਸ਼ਕਾਏ।"
ਸੁਣ ਤ੍ਰਿਪਤਾ ਇਉਂ ਰੋਸ 'ਚ ਦੱਸੇ:
"ਤੁਲਸਾਂ ਵਾਂਗ ਜਗਤ ਕੁਲ ਹੱਸੇ!
ਸੁਣ ਤੂੰ! ਵੇਸ ਤਿਰੇ 'ਤੇ ਬੱਚੇ
ਸਾਂਗ ਬਣਾਵਣ ਲੋਕੀਂ ਕੱਚੇ।"
ਨਾਨਕ ਕਹੇ: "ਇਹ ਕਮਲੀ ਮਾਏ
ਕਰ ਨਾ ਰੰਕ 'ਤੇ ਰੋਸ ਅਜਾਇ।"
ਭੈਣ ਕਹੇ: "ਵੀਰਾ ਇਹ ਕਮਲੀ
ਹੁਣ ਨ ਰਹਿਮ ਤਿਰੇ ਬਿਨ ਸੰਭਲੀ।"
ਗੁਰ ਦੱਸਣ: "ਇਹ ਰੱਬ 'ਚ ਵਸਦੀ
ਜੋ ਨ ਭੇਦ ਅਨੰਤ ਦੇ ਦਸਦੀ।
ਵਜਦ 'ਚ ਸਦਾ ਰਹੇ ਇਹ ਬੰਦੀ
ਨਸ਼ਿਉਂ ਬਾਹਰ ਨਾ ਇਦ੍ਹੀ ਬੁਲੰਦੀ।

ਵਲ ਉਸ ਪੈੜ ਹੇ ਪਾਗਲ ਉੱਡੇ
ਜਿੱਥੋਂ ਪੰਧ ਧਰਮ ਦੇ ਉੱਗੇ
ਤਕ ਪੰਜਾ ਉਹ ਕੂਕਨ ਲੱਗੇ
ਸਿੰਧੂ ਪਹਾੜ ਰੁਕੇ ਜਿਸ ਅੱਗੇ।
ਸੂਖਮ ਵਾਟ ਦੀ ਰੇਖ ਨਾ ਵਾਹੇ
ਚੀਖ ਪਵੇ ਤਕ ਪਹਿਲੇ ਸਾਏ।
ਇਹ ਦੁਨੀਆ ਤੂੰ ਗੁਣ ਪੀ ਅਮਲੀ
ਜਿਸ ਵਿਚ ਤੁਲਸਾਂ ਜਾਪੇ ਕਮਲੀ।"
ਸੁਣ ਇਹ ਬਚਨ ਨਾਨਕੀ ਤੱਕੇ
ਨਾਗ ਸਾਜ਼ਿਸ਼ਾਂ ਦੇ ਬਿਖ-ਮੱਤੇ
ਗੁਪਤ ਭੋਰਿਆਂ ਵਿਚ ਖੂਹ ਕੱਚੇ
ਦਿਲ ਦੇ ਛਲ੍ਹ ਜਿੱਥੇ ਸਦ ਮੱਚੇ
ਪਾਪ ਅਗਮ ਡੂੰਘ ਤਕ ਹੱਸੇ
ਤੰਦੂਆ ਹੋ ਚੇਤਨਾ ਕੱਸੇ।

ਫਿਰ ਤਿਪ ਅਮਿਉ ਦੀ ਗੁਰ ਵਾਰੇ
ਮਥੇ ਸਮੁੰਦ, ਤੋੜ ਬਲ ਸਾਰੇ।
ਲਾਹ ਕੋਟ ਜਨਮ ਦੇ ਲੀੜੇ
ਕਰੇ ਨਗਨ, ਭੰਨ ਰਾਹ ਭੀੜੇ।
ਚਕਰ ਸੁਦਰਸ਼ਨ ਚੁੱਕ ਬਿਬੇਕਾਂ
ਦੰਭ ਜ਼ਮੀਰ ਦੇ ਕੱਟ ਅਨੇਕਾਂ
ਸੱਚ ਗੁਜ਼ਾਰੇ ਇਉਂ ਵਿਚ ਲੇਖਾਂ
ਨੈਂ ਫ਼ਰਿਹਾਦ ਬਣੇ ਜਿਉਂ ਹੇਕਾਂ
ਖ਼ੁਸ਼ਕ ਪਹਾੜਾਂ ਨੂੰ ਜੋ ਚੀਰਣ;
ਤੇਸਾ ਸੱਚ ਕੋਲ ਹੈ ਵੀਰਨ
ਸਮੇ ਦੇ ਸਖ਼ਤ ਕੜਾਂ ਨੂੰ ਤੋੜੇ
ਅਮਿਉ-ਨੈਂ ਉਛਾਲ ਵਿਚ ਬੋੜੇ
ਬਿਖ ਕੌਮਾਂ ਦੇ ਦਿਲ ਦੀ ਘੋਰੇ
ਪਾਪ-ਚਟਾਨ ਭਰੇ ਹਟਕੋਰੇ।
ਜਮ ਦੀ ਨੀਂਹ ਉਤਰ ਗੁਰ ਚੱਲੇ
ਪਾਪ ਪੁੰਨ ਜਾ ਵੇਖੇ ਥੱਲੇ
ਰਹੇ ਕੰਥਾ ਨਾਮ ਦੇ ਥੁੱਲੇ
ਤਲੇ ਮਿਰਤ-ਪੈਰਾਂ ਜੋ ਹੁੱਲੇ।

ਫਿਰ ਹਜੂਮ ਭੈਣ ਨੂੰ ਦਿੱਸੇ
ਕਹਿਣ ਅਨੰਤ ਰੂਹ ਦੇ ਕਿੱਸੇ
ਰਾਜ਼ਦਾਨ ਨਬੀਆਂ ਦੇ ਲੱਖਾਂ
ਕੁਣ ਨਾ ਪਾ ਸਮੇ ਵਿਚ ਅੱਖਾਂ
ਚਾਨਣ ਸਹਿਜ ਅਲੇਪ ਰਹਿੰਦੇ
ਹੋਣ ਸ਼ਹੀਦ ਤਾਂ ਫਿਰ ਵਿਗਸੰਦੇ
ਕੁਝ ਹਜੂਮ ਮਦ-ਮਾਣ 'ਚ ਹੱਸਣ
ਬੋਲ ਵਿਗਾੜ ਭੇਦ ਬਹੁ ਦੱਸਣ।
ਗੁਰ ਇਉਂ ਸੁਥਕ ਕਰੇ ਜਗ-ਵਾਟਾਂ
ਅੰਤ ਪਛਾਨਣ ਆਦਮ ਜ਼ਾਤਾਂ।
ਕੁਝ ਊਣੇ ਕੁਝ ਪੂਰੇ ਗਾਵਨ
ਹੋ ਗੰਭੀਰ ਰੋਣ ਸ਼ਰਮਾਵਣ,
ਗੁਰ ਬਿਨ ਇਹ ਵੀ ਲੋਕ ਨ ਥੀਵਣ
ਰਾਜ਼ ਮਹੀਨ ਮਿਲੇ ਤਾਂ ਜੀਵਣ।
ਹਰ ਛਿਣ ਭਵਜਲ ਦਾ ਗੁਰ ਲੰਘੇ
ਮਿਲਣ ਲੋਕ ਪਰਲੋਕ ਦੇ ਬੰਦੇ।
ਇੰਜ ਨਾਨਕੀ ਵੀਰ ਨੂੰ ਵੇਖੇ
ਦਾਤ ਇਹੋ ਤੁਲਸਾਂ-ਦਰ ਟੇਕੇ।

ਭਾਗ ਦੂਜਾ

ਤਲਵੰਡੀ ਨੂੰ ਅਸੀਸ

ਦੇਸ ਝਨਾਂ ਰਾਵੀ ਦਾ ਬਣਿਆਂ
ਸਤਿਗੁਰ ਲਈ ਪਰਾਇਆ,
ਸਿੰਘ ਬੁੱਕੇ, ਸੱਚ-ਬਾਜ਼ ਦਾ
ਹਰ ਕਾਲ 'ਤੇ ਸਾਇਆ!

ਠੰਢੀ ਹਵਾ ਝਨਾਂ ਦੀ ਨਾਨਕ
ਗਲ ਦੇ ਨਾਲ ਲਗਾ ਕੇ,
ਕਿਹਾ : "ਤੂੰ ਆਵੀਂ ਜਦ ਮੈਂ ਸੱਦਾਂ
ਕੁੰਜ ਸਮੇ ਦੀ ਲਾਹ ਕੇ।

"ਨੀਰ ਵਿਸ਼ੈਲੇ, ਜਲੇ ਵਣਾਂ ਨੂੰ
ਦੱਸੀਂ ਵਗੇ ਜੇ ਰਾਵੀ
ਬਾਂਝ ਅਸੰਖ ਦਿਲਾਂ 'ਤੇ ਜਿਸਦੀ
ਧਰਤ ਵਿਛਾਵਾਂ ਸਾਵੀ।"

ਗੁਰ ਨੂੰ ਦੇਸ ਝਨਾਂ ਰਾਵੀ ਦੇ
ਵਡਭਾਗੇ ਮਿਲ ਚੱਲੇ,
ਚੋਰ ਯਾਰ ਮੂਰਖ ਜਾਂ ਪੰਡਤ
ਸ਼ਾਹ ਮੰਤਕ ਵਿਚ ਰੱਲੇ।

ਪੀਰ ਮੁਰੀਦ ਸੰਤ ਬਹੁ ਖੇਵਟ
ਲਸ਼ਕਰ ਤੇ ਵਣਜਾਰੇ,
ਮਿਲੇ ਜੋ ਗੁਰ ਨੂੰ ਹੋਸਨ ਇਕ ਦਿਨ
ਚਹੁੰ ਕੂੰਟਾਂ ਦੇ ਤਾਰੇ।

ਬੋਧ ਸਰੇਵੜ ਗੋਰਖਪੰਥੀ
ਬਹੁਤ ਗਿਆਨੀ ਵੇਖੇ,
ਰਾਵੀ ਨਾਲ ਝਨਾਂ ਦੇ ਹੜ ਵੀ
ਚੜ੍ਹਦੇ ਗੁਰੂ-ਬਿਬੇਕੇ।

ਮੋਰ ਦੀ ਕੂਕ ਰਲੀ ਘਨਘੋਰੀਂ
ਦਿਹੁੰ ਸਾਵਨ ਦੇ ਲੰਘੇ,
ਜਾਲਦੇ ਬਿਮਲ ਸੰਘਣੇ ਜੋਬਨ
ਰਾਗ ਮਲਾਰ ਤਰੰਗੇ।

ਮੀਂਹ ਧੁੱਪ ਦੇ ਛਤਰਾਂ ਥੱਲੇ
ਜਗਦਾ ਸੱਚ ਪੁਨੀਤਾ,
ਇਕ ਬਿਨ ਹੋਰ ਬਹੇ ਨ ਜਿਸ ਤੇ
ਗੁਰ ਬੁਣ ਤੁਰੇ ਦੁਲੀਚਾ।

ਮੀਂਹ ਵਰ੍ਹਦੇ ਭਾਦੋਂ ਦੇ ਥੰਮ੍ਹੇ
ਤਪ ਤਪ ਧੁੱਪਾਂ ਡੰਗਣ,
ਮਾਲੂ ਦੇ ਹਰਿਆਂ ਝੁੰਡਾਂ ਤਾਈਂ
ਹੜ ਪੀਲਾਂ ਦੇ ਰੰਗਣ।

ਵਣਾਂ 'ਚ ਰੁੱਖ ਮਾਲੂ ਦੇ ਭਾਰੀ
ਛਾਂ ਮਾਣੀਂ ਅਸਵਾਰਾਂ,
ਕਿਤੇ ਰਬਾਬ ਵਜੇ ਵਿਚ ਜੰਗਲ
ਸੁਣਨ ਜਾਂਗਲੀ ਨਾਰਾਂ।

ਲੈ ਗੁਰੂ-ਮਨ ਰੁੱਖ ਨੈਂ ਪੰਖੀ
ਚਲਦਾ ਕੋਹ ਕਰੋੜੀ,
ਜਿਵੇਂ ਅਫੁਰ ਅਨੰਤ ਗਾ ਰਾਗੀਂ
ਆਦਿ ਨੀਂਦ ਸੀ ਤੋੜੀ।

ਦੇਹੰ ਵਿਸਮਾਦ ਤੋਂ ਧੁਰ ਦੀ ਯਾਦ 'ਚ
ਤਲਵੰਡੀ ਨੇ ਰਹਿਣਾ,
ਸਦਾ ਪੁੰਗਰਦਾ ਰੁੱਖ ਇਹ ਕੱਢੇ
ਉਮੂਲ ਡਉ ਚੋਂ ਟਹਿਣਾਂ।

ਬਾਜ਼ ਦਾ ਰਹੱਸ

ਮਾਂ ਨੇ ਬਾਜ਼ ਤੱਕਿਆ ਦੂਰੋਂ
ਸਿਖਰ ਦੁਪਹਿਰਾਂ ਪਈਆਂ,
ਤ੍ਰੇ ਕਾਲਾਂ ਚੋਂ ਨਿਕਲ ਉਡਾਣਾਂ
ਖੰਭ ਜਿਦ੍ਹੇ ਹੋ ਗਈਆਂ।

"ਇਹ ਤਾਂ ਬਾਜ਼ ਧਰਮ ਦਾ ਮਾਏ"
ਕਿਹਾ ਨਾਨਕੀ : "ਜਾਪੇ,
"ਉਡਦਾ ਜਿਧਰ ਖ਼ੈਰ ਸਦ ਮੰਗਣ
ਕੁੱਲ ਧਰਤ ਦੀ ਮਾਪੇ।

"ਮੱਛ ਅਸਰਾਲ ਰਹਿਣ ਬਿਖ-ਸਾਗਰ
ਗਰਜ ਰਹੇ ਬਲਕਾਰੀ,
ਜਦ ਨਾ ਆਰ ਪਾਰ ਤਾਂ ਦੇਵੇ
ਖ਼ਬਰ ਮਲਾਹ ਦੀ ਸਾਰੀ।

"ਮੱਛ ਭਯਾਨ। ਪਿੱਠ 'ਤੇ ਤੁਰਦੇ
ਵੀਰ ਨਾਲ ਮਰਦਾਨਾ,
ਲੈਅ ਗ੍ਰੰਥ ਦੀ ਬਾਜ਼ ਦੇ ਕੋਲੋਂ
ਤਰਦੀ ਵਿਚ ਅਸਮਾਨਾਂ।

"ਸੂਹੇ ਗਗਨ ਭਾਂਖੜਾਂ ਅੰਦਰ
ਬਾਜ਼ ਉਡੰਦਾ ਜਾਏ,
ਝੁਕ ਵੇਖਾਂ ਤਾਂ ਬਲਦੀ ਤਵੀ 'ਤੇ
ਵੀਰ ਪਿਆ ਮੁਸਕਾਏ।

"ਸੀਸ ਮੰਗਦੀ ਤੇਗ ਨੂੰ ਉਡਦੇ
ਬਾਜ਼ ਦੇ ਨੈਣ ਪਛਾਣਨ,
ਦੂਰ ਸ਼ਹੀਦਾਂ ਦੇ ਸ਼ਮਸ਼ਾਨੀਂ
ਮੁੜ ਨਾਨਕ ਨੂੰ ਜਾਨਣ।

"ਵੇਖ ਰਹੀ ਮੈਂ, ਕਦੇ ਨ ਭੁੱਲਾਂ,
ਮਾਏ ਬਾਜ਼ ਨਿਰਾਲਾ,
ਦੇਸ ਭੇਸ ਹਰ ਸੰਤ ਦਾ ਵੇਖੇ
ਲੁਕਿਆ ਕਿਤੇ ਉਜਾਲਾ।

"ਮਾਂ-ਮੋਹ ਦਾ ਵਡ ਦਰਵਾਜ਼ਾ
ਬਾਜ਼ ਨ ਕਦੇ ਭੁਲਾਏ,
ਜਨਮੋਂ ਉੱਚੇ ਜਲਣ ਨ ਥੱਕਣ
ਖੰਭ ਜੁ ਫੜਕਣ ਮਾਏ।

"ਮੰਗੂ ਖੂੰਡੀ ਖੇਡ ਪਟੋਲੇ
ਮੈਂ ਵਿਚ ਸ਼ਬਦ ਲੁਕਾਏ,
ਬਾਲਪਨ ਦੀ ਗਿੱਲੀ ਮਿੱਟੀ
ਬੇਦ ਕਿਤੇਬ ਲਿਆਏ।

"ਕੀ ਪੜ੍ਹਿਆ ? ਮੈਂ ਗੌਣ ਨ ਜਾਣਾ
ਭੋਲੇ ਮੋਹ ਨੇ ਮਾਏ,
ਵੀਰ ਨਾਲ ਜੁ ਦੇਸ ਮੈਂ ਵੇਖੇ
ਨਜ਼ਰ ਬਾਜ਼ ਨੂੰ ਆਏ।"

ਤਲਵੰਡੀ ਨੂੰ ਵਿਦਾਇਗੀ

ਧੂਹ ਅਮੋੜ ਪਈ ਗੁਰ ਚੱਲੇ
ਨਾਲ ਮੀਤ ਮਰਦਾਨਾ,
ਕੱਲਰ ਸਿੰਚ ਰਹੇ ਸਭ ਤੀਰਥ
ਸੱਚ ਤਾਂ ਲਾ ਮਕਾਨਾ।

ਵਾਂਗ ਕਲੰਦਰ ਸੱਚ ਦੀ ਮਸਤੀ
ਲੰਘੇ ਉੜ ਜ਼ਮਾਨਾ,
ਰੋਲਸੀ ਕ੍ਰਿਆ ਕੂੜ ਦੁਨੀ ਦੀ
ਪੂਲੈ ਚੁੰਮ੍ਹ ਨਿਸ਼ਾਨਾ।

ਬ੍ਰਿਛ ਦੀ ਸੁੱਕੀ ਛਿੱਲ ਸੜੇ ਜਿਉਂ
ਸਭ ਤੀਰਥ ਇਉਂ ਰੋਗੀ,
ਜ਼ਹਿਰ ਪਤਾਲ ਤੀਕ ਸਭ ਸਾੜੇ
ਚਾ ਅੰਮ੍ਰਿਤ ਵਡ ਜੋਗੀ।

ਬੰਧਨ ਵੇਲੇ ਬੇੜਾ ਬੰਨ੍ਹਣ
ਪਾਕ ਪਟਨ ਗੁਰ ਚੱਲੇ,
ਲੈ ਤੌਹੀਦ ਅਮਰ ਦਾ ਤੋਸ਼ਾ
ਮੀਤ ਨਾਲ ਤੁਰ ਚੱਲੇ।

ਖੜਾ ਕਬੀਲਾ ਪੰਡਤ ਮੁੱਲਾਂ
ਰਾਇ ਬੁਲਾਰ ਤੇ ਬਾਲਾ,
ਕਾਲੇ ਕੋਹੀਂ ਜਲ ਭਰ ਤੱਕਣ
ਚੜ੍ਹ ਛਿਪ ਰਿਹਾ ਉਜਾਲਾ।

ਸੀ ਸੁਲੱਖਣੀ ਘਰ ਬਾਬਲ ਦੇ
ਕੰਤ ਵਿਦਾ ਜਦ ਹੋਏ,
ਬ੍ਰਿਹੋਂ ਉਦ੍ਹਾ ਗੁਰ ਕੰਠਿ ਪਰਸਣਾ
ਸੰਗ ਰੁਲੇ ਅਣਹੋਏ।

ਤਕ ਪਰਿਵਾਰ ਰਬਾਬੀ ਸੰਦਾ
ਨਾਨਕ ਇੰਜ ਉਚਾਰੇ:
"ਮੀਤ ਮਿਰਾ ਇਹ ਸੱਚ ਖੰਡ ਤਕ
ਵਿਛੜਿ ਸਿਦਕ ਨਾ ਹਾਰੇ।

"ਵੇਖ ਲਖ ਦਰ, ਬ੍ਰਿਹੋਂ-ਹੰਝ ਲੈ
ਦਰਗਾਹਾਂ ਸ਼ਿੰਗਾਰੇ,
ਜਦ ਗੁਰ-ਤੇਗ਼ ਮੰਗੇ ਹਰ ਵਾਰੀ
ਸੀਸ ਆਪਣਾ ਵਾਰੇ।"

ਬਾਲ ਜਿਉਂ ਚੁੱਪ ਰਾਇ ਨੂੰ ਨਾਨਕ
ਕਿਹਾ: "ਚਿੰਤ ਕਿਉਂ ਆਏ ?
ਜਦੋਂ ਮੋਹ ਤੌਹੀਦ 'ਚ ਪੰਘਰੇ
ਦੇਸ ਨ ਰਹਿਣ ਪਰਾਏ।

"ਭੋਲੀ ਤਲਬ ਤਿਰੀ ਵਿਚ ਜੀਵਾਂ
ਨੂਹ-ਬੇੜੇ ਦੇ ਵਾਸੀ।
ਬੁਝੇ ਮੁਰੀਦ ਦਾ ਦੀਪ, ਬਣੇ ਤਾਂ
ਵਾਟ ਪੀਰ ਦੀ ਫਾਸੀ।"

ਮਾਂ ਵਲ ਵੇਖ ਕਿਹਾ ਝੁੱਕ ਸਤਿਗੁਰ:
"ਤਿਖ ਅਸੀਸ ਦੀ ਮਾਏ।
ਮਾਂ ਧਰਵਾਸੇ ਬਾਝੋਂ ਰਹਿਣੇ
ਅੰਤ ਕਾਲ ਤਿਰਹਾਏ।"

ਮਾਂ-ਧਰਵਾਸ ਮੰਝ ਇਹ ਧਰਤੀ
ਖੇਡਣ ਪੁੱਤਰ ਧੀਆਂ
ਮਾਂ-ਅਸੀਸ ਤਕੇ ਵਰਭੰਡੀਂ
ਮੌਜਾਂ ਤਾਰਿਆਂ ਦੀਆਂ।

ਖੰਡ ਅਨੀਲ 'ਚ ਖੜੀ ਨਾਨਕੀ
ਨਾਲ ਤ੍ਰਿੰਵਣ ਭੈਣਾਂ,
ਸਹਿਜ ਉਸ਼ਾ ਖਿੜੇ, ਨ ਬੋਲੇ
ਜਾਪ ਅਜਪਾ 'ਚ ਰਹਿਣਾ।

ਭੈਣ ਸ਼ਹੀਦ ਵਾਂਗ ਧਾਹ ਮਿਲਦੀ
ਦਰਗਾਹਾਂ ਦੇ ਸਾਹ ਨੂੰ
ਲੱਖਾਂ ਸੰਤ-ਘਾਟ ਛੁਹ ਵਗਦੇ
ਸਿਮਰਣ ਦੇ ਦਰਿਆ ਨੂੰ।

ਦੀਪਾਲਪੁਰ ਵਲ

ਅਜੇ ਨ ਗੁਰੂ ਆਰਜਾ ਸੰਦੇ
ਤੀਹ ਵਰ੍ਹੇ ਸਨ ਪੁੰਨੇ,
ਪੂਰਬ ਦਿਆਂ ਤੀਰਥਾਂ ਨੇ ਜਦ
ਤੇਜ ਇਲਾਹੀ ਚੁੰਮੇ।

ਬਾਜ਼ ਅਰੂਪ ਰਾਜ਼ ਦੇ ਪਹਿਲਾਂ
ਮੁਲਕ ਦੂਰ ਦੇ ਘੁੰਮੇ,
ਹਰੇ ਕਚੂਰ ਜੁਗਾਂ ਚੋਂ ਸੋਆਂ
ਸੁਣਨ ਪਏ ਜੁਗ ਸੁੰਨੇ।

ਫਿਰ ਨਾਨਕ ਨੇ ਨਾਲ ਰਬਾਬੀ
ਝੱਲ ਰਾਵੀ ਦੇ ਗਾਹੇ।
ਬਹੁਤ ਅਜਨਬੀ ਢੋਕਾਂ ਅੰਦਰ
ਬਹਿ ਮਹਿਮਾਨ ਸਦਾਏ।

ਬਿਰਖਾਂ ਨੂੰ ਰਾਵੀ ਤਕ ਨਾਨਕ
ਬਖ਼ਸ਼ੀ ਛਾਂ ਹੁਮਾ ਦੀ।
ਮੰਗੂ ਮਿਰਗ ਸ਼ੁਤਰ ਬਹੁ ਪੰਖੀ
ਦਾਤ ਲੈਣ ਇਸ ਰਾਹ ਦੀ।

ਮਹਿਕ ਮਾਸੂਮ ਜਹੀ ਉਹ ਮਿੱਟੀ
ਜੁਗ ਪਹਿਲਾਂ ਅਣਛੋਹੀ,
ਪੰਖੀ ਪਸ਼ੂ ਪੜ੍ਹੇ ਕੋ ਅੱਖਰ
ਜਿਸ ਵਿਚ ਉਹ ਖ਼ੁਸ਼ਬੋਈ।

ਢੂੰਡ ਦਿਲਾਂ ਨੂੰ ਲੈ ਲੈ ਜਾਵਣ
ਅੱਖਰ ਨਗਨ ਦੁਆਰੇ,
ਰਾਵੀ ਸੱਤਘਰਾ ਤਕ ਆਏ
ਪਰਸ ਅਰੂਪ ਕਿਨਾਰੇ।

ਉਦੋਂ ਦੀਪਾਲਪੁਰ ਤਕ ਸੁੱਚੇ
ਰਾਹ ਹਰਿਆਲੇ ਫੱਬਣ,
ਭਾਵੇਂ ਵਹਿਣ ਬਿਆਸ ਨੇ ਬਦਲੇ
ਕੁਝ ਕੂਲਾਂ ਪਰ ਵੱਗਣ।

ਪੀਰ ਮੁਰੀਦ ਵੜੇ ਉਸ ਨਗਰੀ
ਛੱਡ ਮਹਿਮਾਨੀ ਢੋਕਾਂ,
ਸੁਣੀ ਰਬਾਬ, ਦਰਸ ਵੀ ਕੀਤੇ,
ਪੁਰ ਦੀਪਾਲ ਦੇ ਲੋਕਾਂ।

ਓਸ ਸਹਿਮ ਚੋਂ ਪੁਸ਼ਤਾਂ ਜਾਗਣ
ਲੈ ਕੁਝ ਆਸ ਅਧੂਰੀ,
ਕ਼ਿਲਾ ਸ਼ਹਿਰ ਦਾ ਬੇਪੱਤ ਕੀਤਾ
ਜਦੋਂ ਕਿਬਰ ਤੈਮੂਰੀ।

ਬਾਗ਼ ਮੀਨਾਰ ਵਿਹਣ ਇਹ ਪਾਂਧੀ
ਸ਼ਹਿਰ ਮਸਜਿਦਾਂ ਵਾਲਾ
ਨਹਿਰ ਫ਼ਿਰੋਜ਼ੀ ਨੂੰ ਸੀ ਚੇਤੇ
ਦਿਲ ਤੈਮੂਰ ਦਾ ਕਾਲਾ।

ਅਜੇ ਚੁਰਾਸੀ ਗੁੰਬਦ ਲਿਸ਼ਕਣ
ਜੇ ਤੈਮੂਰ ਨ ਤੋੜੇ,
ਇਕ ਦਿਨ ਕੁਦਸਨ ਏਸ ਸ਼ਹਿਰ ਵਿਚ
ਬਾਬਰ ਮੀਰ ਦੇ ਘੋੜੇ।

ਤੁਗ਼ਲਕ ਦੀ ਮਸਜਿਦ ਦਾ ਰੁਲਣਾ,
ਖ਼ਾਨਗਾਹਾਂ ਦੇ ਖੰਡਰ,
ਦੱਸਣ ਗਰਜੇ ਕਿਬਰ ਪਾਪ ਦਾ
ਜਿਸ ਥਾਂ ਬੋਲ ਪੈਗ਼ੰਬਰ।

ਪਕੜ ਚਲਾਕ ਨਾਸਤਕ ਖ਼ੰਜਰ
ਸ਼ਾਹ ਹਿਰਸਾਂ ਦਾ ਲੜਦਾ,
ਗਲ ਵਿਚ ਬੰਨ੍ਹ ਮਜ਼੍ਹਬ ਦਾ ਗਾਨਾ
ਢਾਹੁਣ ਮਸੀਤਾਂ ਚੜ੍ਹਦਾ।

ਕੜ ਭਾਰਾ ਸਿਆਹ ਤੇ ਸੁੰਞਾ
ਡੂੰਘਾ ਦਿਲਾਂ 'ਚ ਦੱਬੇ,
ਜਿਸਦੇ ਦਹਿਲ 'ਚ ਬੰਦੀ ਹੋ ਕੇ
ਲੋਕ ਸਿਸਕਦੇ ਸੱਭੇ।

ਸ਼ਹਿਰ 'ਚ ਗੁਰ ਆਏ ਤਾਂ ਭੈ ਦੇ
ਕੜ ਟੁੱਟੇ ਖਾ ਛੱਲਾਂ,
ਵਿਰਦ ਖ਼ੁਦਾ ਦਾ ਉਡ ਉਡ ਕਰਦਾ
ਨਾਲ ਹੁਮਾ ਦੇ ਗੱਲਾਂ।

ਸ਼ਹਿਰ ਦੇ ਵਿਚ ਚੁਰਾਸੀ ਖੂਹਾਂ
ਛੂਹ ਨਾਨਕ ਦੀ ਜਾਗੀ,
ਜਿਉਂ ਚਿਰ-ਸੁੱਕੇ ਬਿਆਸ-ਤਲ 'ਤੇ
ਪਰਤਣ ਜਲ ਵੈਰਾਗੀ।

ਦਿਲਾਂ 'ਚ ਵਗ ਵਗ ਜੋ ਨੇ ਬੁਣਦੇ
ਸਮੇਂ 'ਚ ਚਿਹਨ ਸੁਹਾਣੇ
ਮੁੜ ਮੁੜ ਧਰ 'ਤੇ ਲਿਸ਼ਕਣ ਭਾਵੇਂ
ਖ਼ਾਕ-ਨਕਸ਼ ਮਿਟ ਜਾਣੇ।

ਦੈਵੀ ਸੱਦ ਖ਼ਾਸ ਥਾਂ ਅਪਣੀ
ਮੰਜ਼ਿਲ ਜਦੋਂ ਬਣਾਵੇ,
ਜੁਗਾਂ ਪਿਛੋਂ ਯਾਦ ਉਹ ਥਾਂ ਦੀ
ਮੋਏ ਮਜ਼੍ਹਬ ਜਗਾਵੇ;

ਜੋ ਇਲਹਾਮ ਵਾਂਗ ਲਿਸ਼ਕਾਵੇ
ਤਾਰਾਗਣ ਅਣਜਾਣੇ,
ਜੋ ਤਾਂਘ ਦੇ ਵਿਸਰੇ ਦਰਾਂ ਨੂੰ
ਕੋਟ ਬਰਸ ਤਕ ਜਾਣੇ।

ਹੌਕਾ ਸੁਹਲ ਧਰਮ ਦਾ ਸੁਣ ਕੇ
ਤਾਰਾ ਚੜ੍ਹਿਆ ਲੰਮਾ,
"ਮਨ ਵਿਚ ਰਹਿਮ ਲਸੇ, ਤਨ ਪਾਟੇ,"
ਕਿਹਾ ਤਪਦਿਆਂ ਥੰਮ੍ਹਾਂ।

ਤਪਦੇ ਥੰਮ੍ਹਾਂ ਵਿਚ ਸਿੰਮਦੀ
ਬਰਕਤ ਪਿਰਮ-ਸਰੂਰੀ,
ਅੱਗੇ ਡਉ ਦੇ ਚੜ੍ਹਣ ਭਬੂਕੇ
ਪੁੰਗਰੇ ਮਗਰ ਅੰਗੂਰੀ।

ਧਰਮਾਂ ਦੇ ਖੰਡਰ ਦੇ ਹੇਠੋਂ
ਨਾਦ ਰਬਾਬ ਸੁਣੀਵੇ,
ਸੁਣ ਸੁਣ ਭਸਮ ਉਤਰਦੀ ਨਭ ਚੋਂ
ਤਾਂ ਮੁੜ ਕੁਕਨੂਸ ਥੀਵੇ।

ਮੰਝ ਦੀਪਾਲਪੁਰ ਮਰਦਾਨਾ
ਸੁਣਦਾ ਸੱਚ ਅਗੰਮੀ:
"ਚਾਲੀ ਜੁਗ ਦੀ ਆਰਜਾ ਨਾਲੋਂ
ਮਿਹਰ ਸਜਣ ਦੀ ਲੰਮੀ।

"ਸਿਦਕ ਜੇ ਹੈ ਭੀ ਹੋਸੀ ਸਚ ਦਾ
ਰਹੇ ਦੀਨ ਵਿਚ ਉੱਚਾ
ਰੱਤ ਪੀਣੇ ਸ਼ਾਹਾਂ ਦੇ ਸਾਹਵੇਂ
ਰੋਹ ਧਰਮ ਦਾ ਮੁੱਚਾ।

"ਪ੍ਰੇਮ ਖੇਲਣ ਦਾ ਚਾਉ ਗੁਆਵਣ
ਜਦ ਵੀ ਧਰਮੀ ਤੇਗ਼ਾਂ,
ਤਦੋਂ ਅਧਰਮ ਜ਼ਰਾ ਨਾ ਡੋਲੇ
ਛਲ ਕੀਤੇ ਮਨ-ਵੇਗਾਂ।"

ਜ਼ਖ਼ਮੀ ਹਰੇ ਸ਼ਹਿਰ ਇਉਂ ਸੁਣਿਆਂ
ਜੋ ਗੁਰ ਸ਼ਬਦ ਸੁਣਾਇਆ,
ਬੰਦ ਗੁਫ਼ਾ ਵਿਚ ਜਲ ਦੀ ਕੁਲ ਕੁਲ
ਜਿਵੇਂ ਸੁਣੇ ਤ੍ਰਿਹਾਇਆ।

ਪਹਿਲੀ ਵਾਰ ਪਾਕਪਟਨ ਵਲ

ਪਈ ਧੂਹ ਫਿਰ ਪਾਕਪਟਨ ਦੀ
ਰਾਹ ਗੁਮਨਾਮ ਅਲਾਪਣ,
ਕਿਤੇ ਉਜਾੜ ਕਿਤੇ ਵਣ ਕੰਬੇ
ਕਿਤੇ ਬਸਤੀਆਂ ਜਾਪਣ।

ਹਰ ਸਦੀ ਦੀ ਯਾਦ ਨੂੰ ਦਿੰਦੇ
ਪੀਰ ਮੁਰੀਦ ਹੁੰਗਾਰਾ।
ਵਾਟ ਪਏ, ਦੇ ਧਰਤ-ਸੋਗ ਨੂੰ
ਵਾਂਗ ਤਬੀਬ ਸਹਾਰਾ।

ਗੁਰ ਨੂੰ ਸਬਰ ਨਿਮਾਣੇ ਧਰ ਦੇ
ਦੱਸਣ ਦੁੱਖ ਕਦੀਮੀ
ਵੈਦ ਉਡੀਕ ਰਹੇ ਜੋ ਚਿਰ ਤੋਂ
ਬਹਿ ਵਿਚ ਤ੍ਰੇਲ-ਹਲੀਮੀ।

ਸਮਾਂ ਸਗਲ ਪਿਰਥਮੀ-ਦੇਹ ਸੀ,
ਯਾਦ ਅਨੰਤ ਤਿਹਾਈ;
ਜ਼ਖ਼ਮ ਨਿਰੰਤਰ ਦੀ ਕੋ ਵੇਦਨ
ਸ਼ਿਕਵੇ ਮੂਕ ਲਿਆਈ।

ਪਰ ਜਦ ਕੌਮ ਮਜ਼੍ਹਬ ਜਾਂ ਬੰਦਾ
ਸ਼ਫ਼ਾ ਤਬੀਬ ਦੀ ਮੰਨੇ,
ਯਾਦ ਅਵਾਕ ਚ ਸਾਂਭੇ ਧਰਤੀ
ਗ਼ਮਾਂ 'ਚ ਰਹਿ ਚਿਰ ਲੰਮੇ।

ਬਣਸੀ ਸ਼ਫ਼ਾ ਖਸਮ ਕੀ ਬਾਣੀ
ਦਿਲ ਸਭ ਮੂਲ ਪਛਾਣੇ,
ਖ਼ਾਕ ਦਾ ਸਿਦਕ ਸਮਾਂ ਗਲ ਲਾਵੇ
ਰਖ ਦੀਵੇ ਅਸਮਾਨੇ।

ਨੀਰ ਵਗੰਦੇ ਜਦੋਂ ਵਿਸਾਰਣ
ਰੂਹ ਦੇ ਸਗਲ ਟਿਕਾਣੇ,
ਰਾਖ਼ ਉਡੰਦੀ ਹੀ ਜਦ ਵੇਖਣ
ਨੈਂ ਨੂੰ ਭੁੱਲ ਮੁਹਾਣੇ

ਤਦ ਗੁਰ ਪੱਤ ਧਰਮ ਦੀ ਸਾਜੇ,
ਵਿਜੈ ਸਗਲ ਵਿਚ ਦੁੱਖਾਂ।
ਬੇਪੱਤ ਕਦੇ ਲੁਕੇ ਖਾ ਸ਼ਰਮਾਂ
ਕਦੇ ਦਿਸੇ ਵਿਚ ਧੁੱਪਾਂ।

ਨਾਨਕ ਕਾਫ਼ਲਿਆਂ ਸੰਗ ਚੱਲੇ
ਜੋ ਸਾਂਗਾਂ ਨੇ ਵਿੰਨ੍ਹੇ,
ਗੁਜ਼ਰ ਗਏ ਸਮਿਆਂ ਵਿਚ ਸਤਿਗੁਰ
ਰਹਿਮ ਜਗਾਏ ਕਿੰਨੇ!

ਸੜ ਸੜ ਪੰਖੀ ਡਉ ਵਿਚ ਡਿੱਗਣ
ਸੜ ਸੜ ਸਿਸਕਣ ਹੌਕੇ,
ਵਾਂਗ ਤਬੀਬ ਖੜਾ ਜਦ ਨਾਨਕ
ਪਰ ਵੰਡੇ ਇਸ ਮੌਕੇ।

ਵੱਡਾ ਰਹਿਮ। ਖੰਭ ਜੋ ਨਿੱਕੇ,
ਗੁਰ-ਨੇਮ ਬਲਕਾਰੀ,
ਛੂਹ ਕੇ ਜਿਸਨੂੰ ਤਾਰੇ ਲਾਵਣ
ਸਿਖਰ ਅਨੰਤ ਉਡਾਰੀ।

ਦੁੱਖ ਧਰਤ ਦੇ, ਵਲੀ ਅਸੀਸਾਂ,
ਮਿਲ ਜੋ ਕਾਲ 'ਚ ਉੱਗਣ,
ਭਾਵੇਂ ਧਰਮ ਹੋਣ ਸੁਕ ਰੋਗੀ
ਅੰਤ ਹਰੇ ਹੋ ਪੁੱਗਣ।

ਸ਼ਕਰਗੰਜ ਦੀ ਨਗਰੀ 'ਤੇ ਰੋਸ਼ਨੀ

ਅੱਸੂ ਮਾਹ ਦੀ ਰਾਤ ਚਾਨਣੀ
ਪਾਕਪਟਨ 'ਤੇ ਹੁੱਲੇ,
ਸਤਲੁਜ-ਵਹਿਣਾਂ ਦੇ ਵਿਚ ਆਉਂਦੇ
ਚੂਲਸਤਾਨ ਦੇ ਬੁੱਲੇ।

ਨਾਗ ਚੂਲ ਦੇ ਮਾਰੂ ਜ਼ਹਿਰਾਂ
ਘੁਲ ਵਿਚ ਯਾਦ ਗੁਨਾਹਾਂ,
ਰੌ ਮਜ਼ਾਰ ਵਲ ਸ਼ਕਰਗੰਜ ਦੇ
ਭੇਜਣ ਹੱਥ ਹਵਾਵਾਂ।

ਵਲ ਮਸਊਦ ਡੰਗ ਜੋ ਨਾਗਾਂ
ਘਾਤ 'ਚ ਕਦੇ ਚਲਾਏ,
ਸ਼ੀਰੀਂ ਨਜ਼ਰ ਨੂੰ ਢੂੰਡਦੇ ਦੂਰੋਂ
ਇਸ ਦਰਗਹ ਵਲ ਆਏ।

ਚਿਰ ਦੱਬੀਆਂ ਚੂਲ 'ਚ ਨੇਸਾਂ
ਬੇਕਿਰਕ ਅਤਿ ਬਾਗੀ,
ਪੌਣਾਂ ਨਾਲ ਰਲਣ ਛੱਡ ਖੱਡਾਂ
ਲੈ ਤੌਬਾ ਫ਼ਰਿਆਦੀ।

ਮਾਂ ਸ਼ਹੀਦ ਆ ਸ਼ਕਰਗੰਜ ਦੀ
ਚੁੰਮੇ ਦਰ ਫ਼ਿਰਦੌਸੀ,
ਵਿਚ ਚਾਨਣੀ ਮਰੀਅਮ ਜਾਪੇ
ਖਿਮਾ ਸਬਰ ਜੋ ਭਉ ਸੀ।

ਸ਼ੇਖ਼ ਬ੍ਰਹਮ ਖ਼ਾਨਕਾਹ ਸਾਹਵੇਂ
ਲਹਿ ਮਰਾਕਬੇ ਅੰਦਰ,
ਪੱਤਣ ਵਾਂਗ ਕਦੇ ਖੁਰ ਡੁੱਬੇ
ਕਦੇ ਤਣੇ ਜਿਉਂ ਅੰਬਰ

ਧੁਖਦਾ ਕਦੇ ਮਾਲੀਹ ਜਿਸ ਤਰਾਂ
ਕਦੇ ਨਾਲ ਪੈਗੰਬਰ
ਕਦੇ ਸੁਚੇਤ ਪਾਤਣੀ ਗਾਵੇ
ਕਦੇ ਰੋਇ ਵਿਚ ਭੰਬਰ।

ਦਿਸੇ ਫ਼ਰੀਦ ਦੂਰ ਵਿਚ ਝੱਖੜ
ਜੋ ਸਤਲੁਜ ਢਕ ਲੈਂਦਾ,
ਕੁਟਿਲ ਸਰਾਲ ਵਾਂਗ ਜਲ ਜਕੜੇ
ਵਹਿਣ ਰਹੇ ਪਰ ਵਹਿੰਦਾ।

ਧੁਖੇ ਸ਼ੇਖ਼ ਦੇ ਵਿਚ ਮਰਾਕਬੇ
ਦੁੱਖ ਫ਼ਰੀਦ ਦਾ ਡਾਢਾ
ਕੁਝ ਕੁ ਬੋਲ ਸਬਰ ਦੇ ਸੁਣਦਾ
ਅਜੇ ਕੁਰਾਨ ਦੁਰਾਡਾ।

ਜਰ ਜਰ ਹੌਲ ਸ਼ੇਖ਼ ਨੇ ਰਾਤੀਂ
ਸੁਖ਼ਨ ਕਰੇ ਵਡ ਤੜਕੇ:
"ਰਾਤੀਂ ਸੜੇ ਬੰਦਗੀ ਅੰਦਰ
ਇਲਹਾਮਾਂ ਦੇ ਵਰਕੇ।

"ਸੁਣੀਂ ਕਮਾਲ! ਸ਼ਕਰਗੰਜ ਮੈਂ 'ਤੇ
ਮਿਹਰ ਕਰੀ ਡਰ ਡਰ ਕੇ,
ਰਮਜ਼ ਤ੍ਰੇਲ ਵਾਂਗ ਸੀ ਪੈਂਦੀ
ਅਗਨ ਪਤਾਲੀਂ ਗ਼ਰਕੇ।

"ਬਿਖ ਗੰਦਲਾਂ ਤੋੜ ਲਿਆਈ
ਮੈਂ ਮੁਰਸ਼ਿਦ ਦੇ ਦਰ 'ਤੇ,
ਕਿਉਂ ਫਿਰ ਰਿਹਾ ਰਹਿਮ ਦਾ ਪਹਿਰਾ
ਮੈਂ ਗ਼ਰੀਬ ਦੇ ਘਰ 'ਤੇ।"

ਭੈਅ ਵਿਚ ਰੰਗ ਵਜਦ ਦਾ ਭਰਕੇ
ਸੁਣਿ ਕਮਾਲ ਇਉਂ ਬੋਲੇ:
"ਰਾਤੀਂ ਚੂਲ 'ਚ ਸੁਰ ਇਕ ਮਿੱਠੀ
ਸ਼ਹਿਦ ਹਸ਼ਰ ਵਿਚ ਘੋਲੇ।

"ਹਸ਼ਰਾਂ ਰਹਿਸਨ, ਦੋਜ਼ਖ ਰਹਿਸਨ,
ਵਲੀ-ਸਿਦਕ ਨਾ ਡੋਲੇ,
ਨੂਰ ਜਿਦ੍ਹਾ ਤਕ ਪਾਕਪਟਨ ਦੇ
ਦਰ ਤੈਮੂਰ ਨਾ ਖੋਲ੍ਹੇ।"

ਕਿਹਾ ਮੁਰੀਦ: "ਰਹਿਮ ਜਗ ਭਾਵੇਂ
ਦਿਲ ਗੁਨਾਹ ਵੀ ਟੋਲੇ,
ਜਗਤ-ਚੁੜੇਲ ਕੁਰਾਨ ਦੇ ਅੱਖਰ
ਪੁੱਠੇ ਕਰੇ, ਫਰੋਲੇ!"

"ਖੇੜੇ ਲੂਹ ਸੁੱਟੇ ਨੇ ਬੜਵਾ
ਸ਼ੇਖ ਕਿਹਾ: "ਹੜ ਰੋਲੇ
ਜਾ ਕੇ ਢੂੰਡ ਉਜਾੜੀਂ ਬਰਕਤ
ਮਾਂ-ਦਿਲ ਜਾਪੇ ਕੋਲੇ।"

ਅਜਬ ਰਬਾਬ ਸੁਣੇ ਵਿਚ ਜੰਗਲ
ਕਦਮ ਕਮਾਲ ਨਾ ਮੋੜੇ,
ਲੰਗਰ ਲਈ ਦਿਸੇ ਰੁੱਖ ਸੁੱਕੇ
ਕਿਵੇਂ ਕੁਹਾੜਾ ਹੋੜੇ!

ਮ੍ਹਾਲ ਕਰੀਰ ਅੱਕ ਸੀ ਜਿੱਧਰ
ਜੰਡ ਕਿਕਰਾਂ ਬੇਰਾਂ,
ਕਾਹੀ ਦਭ ਬੇਟ ਦੀ ਖਿੜਦੀ
ਨਾਗ ਮਿਲਣ ਹਰ ਵੇਰਾਂ।

ਓਸ ਕੁੰਟ ਨਾਨਕ ਮਰਦਾਨਾ
ਸੁਣ ਰਹੇ ਵਿਚ ਸਵੇਰਾਂ,
ਜੋ ਵਰਭੰਡ ਰਚਨ 'ਤੇ ਸੁਣੀਆਂ
ਨਿਹਕਲੰਕ ਰੂਹ ਭੇਰਾਂ।

ਸਬਦ ਕਮਾਲ ਸੁਣੇ ਤਾਂ ਲਿਸ਼ਕੇ
ਕਲਮ ਹਰਫ਼ ਤੇ ਪੱਟੀ,
ਸਗਲ ਅੰਤ 'ਤੇ ਧਰਮ ਦਿਸੇ ਜੋ
ਖਿੜੇ, ਘਟੇ ਨਾ ਰੱਤੀ।

ਬਹਿ ਕਮਾਲ ਫਿਰ ਹਰਫ਼ ਉਲੀਕੇ
ਫਿਰ ਮੁਰਸ਼ਦ ਵਲ ਤੁਰਦਾ,
ਤਾਰ ਰਬਾਬ 'ਤੇ ਜਿੰਦ ਵਿਛਾਈ
ਮੂਲ ਪਛਾਣੇ ਧੁਰ ਦਾ।

ਸ਼ੇਖ਼ ਬ੍ਰਹਮ ਨੂੰ ਜਾ ਮੁਰੀਦ ਨੇ
ਕਿਹਾ: "ਸੁਣੋ ਹੇ ਸਾਂਈਂ
ਜਿਸ ਪਲ ਮਨ ਵਹਦਤ ਨੂੰ ਭੁੱਲੇ
ਉਸ ਪਲ ਚੜ੍ਹਣ ਬਲਾਈਂ।

"ਚਿਰ ਦੇ ਛੁਪੇ ਕਿਬਰ ਜਦ ਮਨ ਚੋਂ
ਹਿੰਙ-ਬਾਸ ਜਿਉਂ ਉੱਠੇ
ਸ਼ੁਕਰਾਂ ਬਾਝ ਮਾਸ ਇਹ, ਮੁਰਸ਼ਦ!
ਧੁਖੇ ਰਾਤ ਭਰ ਕੁੱਠੇ।

"ਤਦ ਉਹ ਚੂਲ 'ਚ ਮਿਲਿਆ ਮੈਨੂੰ
ਜੋ ਨਾ ਕਦੇ ਨਿਥਾਵਾਂ,
ਰਾਤੀਂ ਰਿਹਾ ਬੰਦਗੀ 'ਤੇ ਸੀ
ਪਹਿਰਾ ਜਿਦ੍ਹਾ ਸੁਖਾਵਾਂ।

"ਭਰੇ ਇਬਾਦਤ ਸਦ ਉਹ ਤੈਂਡੀ
ਸੰਗ ਸੁਖ਼ਾਣੀ ਨਾਵਾਂ,
ਭੰਨੇ ਹਿਰਸ ਮਰਾਕਬੇ ਜਦ ਵੀ
ਮਾਖਿਉਂ ਕਦੇ ਦੁਆਵਾਂ।"

ਸ਼ੇਖ਼ ਬ੍ਰਹਮ ਕਹੇ: "ਮੰਨ ਤੀਲਾ
ਚੁੰਮ੍ਹੇ ਵਲੀ ਉਹ ਮੈਨੂੰ,
ਸਭ ਤਬਕਾਂ ਦੀ ਆਂਧੀ ਰੋਲੇ
ਰਾਹ ਗੁਮਨਾਮ ਚ ਜੈਨੂੰ।"

ਕਿਹਾ ਕਮਾਲ, "ਸੁਣੋ ਹੇ ਮੁਰਸ਼ਦ!
ਚੁੱਕ ਸੁੰਨ ਇਹ ਚੱਲੋ,
ਵਲੀ ਜੇ ਵਹਿਣ ਅਦਲ ਦੇ ਚਾੜ੍ਹੇ
ਨਾਲ ਸਜਦਿਆਂ ਝੱਲੋ।

"ਬੇੜਾ ਬੰਧ ਸਕੇ ਨਾ ਭਾਵੇਂ
ਪੱਤਣ 'ਤੇ ਜਾ ਖੱਲ੍ਹੋ,
ਨੈਂ ਨੂੰ ਦਿਲ ਦੇ ਰਾਜ਼ ਪੁਰਾਤਨ
ਹੱਥ ਘਾਤਣੀ ਘੱਲੋ।"

ਸੁਣ ਸ਼ੇਖ਼ ਬਿਹਬਲ ਹੋ ਤੁਰਿਆ
ਨਾਲ ਮੁਰੀਦ ਪਿਆਰਾ,
ਪਿੱਛੇ ਰੁੱਖ ਸਬਜ਼ ਤੇ ਗ਼ਾੜ੍ਹੇ
ਅੱਗੇ ਚੂਲ ਕਰਾਰਾ।

ਟਿੱਬੇ ਨੇੜ ਉਜਾੜਾਂ ਖੁੱਲ੍ਹਾਂ
ਬ੍ਰਿਛ ਕਮਾਲ ਪਛਾਣੇ,
ਸੁਣ ਕੁਝ ਤਾਨਾਂ, ਵੇਖ ਅਜਨਬੀ,
ਸ਼ੇਖ਼ ਵੀ ਸਾਂਝਾਂ ਜਾਣੇ।

ਗੁਰ ਨੂੰ ਵੇਖ ਸ਼ੇਖ਼ ਵਿਚ ਸਜਦੇ
ਲਹਿ ਹੈਰਤ ਵਿਚ ਰੋਵੇ,
ਜਿਵੇਂ ਵਿਸ਼ਾਲ ਨਿਰੰਤਰ ਜੁਗ ਜੁਗ
ਦਿਲ ਨਾਨਕ ਵਿਚ ਖੋਵੇ।

ਕਰ ਕੁਝ ਬਚਨ ਸ਼ੇਖ਼ ਇਉਂ ਪੁੱਛੇ:
"ਕੰਪ ਦਿਲਾਂ ਵਿਚ ਕਿਉਂ ਏ?
ਹਰ ਵਲੀ ਦੇ ਦਾਅਵੇ ਹੇਠਾਂ
ਮੌਤ ਧਰੇਂਦੀ ਨਿਉਂ ਹੈ!

"ਠਿੱਲਣ ਤੀਕ ਜਿੰਦ ਨਾ ਥੰਮ੍ਹੇ
ਸਹਿਮ ਚੜ੍ਹੇ ਦਰਿਆ ਦੇ,
ਜਮਾਂ ਸਾਮ੍ਹਣੇ ਮੁਰਸ਼ਦ ਹਾਰਨ
ਲੈ ਲੇਖੇ ਹਰ ਸਾਹ ਦੇ।

"ਮਿੱਠੇ ਰੰਗ ਕਸੁੰਭੇ ਅੰਦਰ
ਕਿਉਂ ਨੈਣ ਅਸਗਾਹ ਦੇ?
ਕਿਉਂ ਸਿਹਰ ਹੋਣ ਵਿਚ ਜ਼ਿਕਰੀਂ
ਕੰਤ ਹੋਣ ਹਰ ਰਾਹ ਦੇ?"

ਗੁਰ ਦੱਸੇ "ਸੁਣ! ਵਾਗ ਤਪਾਂ ਦੀ
ਫੜੀ ਮਿਲਣ ਦੇ ਚਾਅ ਜੇ,
ਮਰਗੋਂ ਨਬੀ ਹਸ਼ਰ ਤਕ ਦਿਸਦਾ
ਹੈ ਸਬਰ ਵਿਚ ਸਾਹ ਜੇ।

"ਸਬਰ ਸਿਦਕ ਦੇ ਜੋਬਨ ਅੰਦਰ
ਨਿਹਚਲ ਤਨ ਮਨ ਪਾਵੇ,
ਆਵਾਗੌਣ ਦੇ ਰੰਗ ਰਿਸਾਲੂ
ਸਹਿਜ ਖੇਡ ਵਿਚ ਲਿਆਵੇ।

"ਰਿਜ਼ਕ-ਸੱਚ ਦੀ ਧਰਤੀ ਅੰਦਰ
ਮੁਣਸ ਦਾ ਹੱਕ ਜਮਾਵੇ,
ਹੱਥ ਮੁਰਸ਼ਦ ਦਾ ਵਿਚ ਤਾਰਿਆਂ
ਗੁਣਾਂ ਨਾਲ ਰੁਸ਼ਨਾਵੇ।

"ਸੀਸ ਜੁਗਾਂ ਦੇ ਪਹਿਰਾ ਉੱਚਾ
ਨਾਲ ਯਕੀਨ ਗੁੰਜਾਵੇ,
ਜਗਤ-ਚੁੜੇਲ ਖੇਤ ਨਾ ਸਾੜੇ
ਰਿੜ ਤਕ ਰਾਜ਼ ਪੁਚਾਵੇ।

"ਵਰ ਲੈ ਨਾਲ ਹਕੀਕੀ ਨੈਣਾਂ
ਰੰਗ ਕਸੁੰਭ ਦਾ ਡੋਲਾ,
ਲਾਹ ਕੇ ਮੌਤ-ਕਿੱਲੀਉਂ ਸੇਖਾ
ਪਹਿਣ ਮਜੀਠੀ ਚੋਲਾ।"

ਬੋਲ ਇਹ ਹੁਕਮ-ਰਬਾਬ ਚੋਂ ਆਏ
ਥਰਕੇ ਸ਼ੇਖ਼ ਦੇ ਮੱਥੇ,
ਲਹੂ ਅਨੰਤ ਸੱਚ ਦਾ ਤੁਰ ਤੁਰ
ਤਨ ਬਿਬੇਕ ਜਾ ਲੱਥੇ।

ਮੌਤ-ਛੂਹ ਬਿਨ ਹੁਕਮ ਉਹ ਜਿੱਥੇ
ਨਾ ਪੈੜਾਂ ਨਾ ਲੀਹਾਂ,
ਵਰਭੰਡਾਂ ਦੇ ਜਿਸਮ ਹੇਠ ਹੀ
ਮੌਤ ਬਣਾਵੇ ਨੀਹਾਂ।

ਉਸ ਹੁਕਮ ਤਕ ਸ਼ੇਖ਼ ਦਾ ਮਸਤਕ
ਵਿਚ ਸਜਦੇ ਲਹਿ ਜਾਵੇ,
ਬੰਦੇ ਨੂੰ ਹੀ ਫ਼ੈਜ਼ ਇਹ ਧੁਰ ਦਾ
ਮਿਲਣ ਲਈ ਬਸ ਆਵੇ।

ਢਲੀ ਦੁਪਹਿਰ ਸੰਢ ਫਿਰ ਥਲ 'ਤੇ
ਸਤਲੁਜ-ਪੱਤਣ ਭੀੜਾਂ,
ਗੌਰੀ ਗਈ ਲੰਘ ਸਣ ਲਸ਼ਕਰ
ਕੁਝ ਲਿਖ ਮੰਝ ਜ਼ਮੀਰਾਂ।

ਪਾਂਧੀ ਮਿਲਣ, ਅਸੰਖਾਂ ਪੈੜਾਂ
ਥਲੀਂ ਪਛਾਣ ਗੁਆਚੇ,
ਕਦੇਂ ਚੋਰ ਕਦ ਪੀਰ ਜਾਂਵਦੇ
ਕਦੇਂ ਪੈਗ਼ੰਬਰ ਸਾਚੇ!!

ਨਾਗ ਮਿਰਗ ਪਾਂਧੀ ਤੇ ਪੰਛੀ
ਪੈਰ-ਚਿੰਨ੍ਹ ਜੋ ਥਾਪਣ,
ਸ਼ੇਖ਼ ਨੂੰ ਇਹੋ ਅ-ਗਿਣ ਰੇਖ ਵਿਚ
ਰਾਹ ਵਲੀ ਦੇ ਜਾਪਣ।

ਇਹੋ ਪਛਾਣ ਹੀ ਦਿਲ ਤੈਮੂਰੀ
ਨਿਗ੍ਹਾ ਰਹਿਮ ਦੀ ਕੀਤਾ,
ਸ਼ਕਰਗੰਜ ਦੇ ਵਲੀ-ਦਰਦ ਨੂੰ
ਰੋਹ ਤੇਗ਼ਾਂ ਜਦ ਪੀਤਾ।

ਪਟਨ 'ਤੇ ਸੁਬਕਤਗੀਨ ਵਾਂਗ ਨਾ
ਜ਼ੋਰ ਚੁਗੱਤੇ ਕੀਤੇ,
ਯਾਦ ਫ਼ਰੀਦ, ਫ਼ਰੂਕ ਉਮਰ ਤਕ
ਕਿਬਰ ਤੈਮੂਰੀ ਵੀਟੇ।

ਗ਼ਾਰ 'ਚ ਰਹਿਮ ਵਲੀ ਦਾ ਉਤਰੇ
ਮੱਥੈ ਜ਼ਹਿਰ ਖੜੱਪਾ,
ਖ਼ੂਨੀ ਖੁੱਡ ਦੇ ਹੇਠ ਦਿਖਾਵੇ
ਮੁੱਖ ਹਿਰਾ ਦਾ ਸੱਚਾ।

ਸ਼ੇਖ਼ ਬ੍ਰਹਮ ਦੇ ਪਾਕ ਜ਼ੁਹਦ ਸੀ
ਜਦ ਉਲਰੇ ਵਿਚ ਲੀਕਾਂ,
ਗੁਰ-ਮਗ ਤਿਨ੍ਹੂ ਪਿਆਰ ਦਿਖਾਵੇ
ਕਰਦਾ ਰਹਿਮ ਉਡੀਕਾਂ।

ਇਉਂ ਤਬਕਾਂ ਦੇ ਕੋਟ ਰਾਹ ਤੋਂ
ਗੁਰੂ-ਨਕਸ਼ ਨਾ ਗੁੰਮੇ,
ਜਦੋਂ ਇਸ਼ਕ਼ ਵਿਚ ਪਾਕ ਅਜ਼ਮਤਾਂ
ਸ਼ੇਖ਼ ਥਲੀਂ ਜਾ ਚੁੰਮੇ।

ਰਾਹ 'ਚ ਹੋਰ ਮਹੀਨ ਰਾਹ ਨੇ,
ਹੋਰ ਵੀ ਅਣਦਿਸ ਸ਼ਾਨਾਂ;
ਤਾਰੇ ਪੰਛੀ ਮੀਨ ਦੇ ਰਾਹ ਵੀ
ਰੱਖਣ ਨਬੀ-ਉਡਾਣਾਂ।

ਮਿਲ ਨਾਨਕ ਨੂੰ ਕਾਂਗ ਇਸ਼ਕ਼ ਦੀ
ਬਣੀ ਸ਼ੇਖ਼ ਦੇ ਸਾਹ ਵੋ
ਕੀਟ ਤੋਂ ਰਾਹ ਰਵੀ ਤਕ ਵੇਖੇ
ਦੂਰ ਦਿਸਣ ਨ ਰਾਹ ਜੋ।

(ਇਤਿ ਸਰਗ ਛੇਵਾਂ)

ਸਰਗ ਸੱਤਵਾਂ

ਚੜਿਆ ਸੋਧਣਿ ਧਰਤਿ ਲੁਕਾਈ

.(ਪਹਿਲੀ ਉਦਾਸੀ ਚਾਲੂ ਹੈ)

ਪਾਕਪਟਨ ਦੇ ਪੱਤਣ ਤੋਂ
ਦਰਿਆ ਸਤਲੁਜ ਨੂੰ ਪਾਰ ਕਰਦਿਆਂ :

ਲੰਮੀ ਲੰਮੀ ਵਰੋਂਦੜੀ ਨਦੀ ਸਤਲੁਜ
ਪਾਕਪਟਨ 'ਤੇ ਫ਼ਜਰ ਨਿਰੰਜਨੀ ਸੀ।
ਪਾਂਧੀ ਬਾਰ ਦੇ ਖੜੇ ਆ ਪੱਤਣਾਂ 'ਤੇ
ਚੁੱਪ ਮੰਝ ਅਣੋਖੜੀ ਕੰਬਨੀ ਸੀ
ਲੱਖਾਂ ਸਾਲ ਦੀ ਯਾਦ ਨੇ ਪਾਣੀਆਂ ਚੋਂ
ਲਹਿਰ ਸ਼ਹੁ ਵਿਚ ਰਲੀ ਜਿਉਂ ਮੰਗਨੀ ਸੀ।
ਵਕਤ ਖੜਾ ਹਰ ਤਬਕ ਦੇ ਕਦਮ ਪਿੱਛੇ
ਵੇਖਣ ਲਈ ਇਕ ਘੜੀ ਜੁ ਲੰਘਨੀ ਸੀ।

ਸਤਲੁਜ ਪਰਸਦੀ ਚੂਲ ਵਲ ਪੌਣ ਵੱਗੀ
ਰਹਿਮ ਨਾਗ ਦੀ ਬਿਖ ਨੂੰ ਚੁੰਮਿਆ ਸੂ।
ਥਲ ਦਾ ਕਾਰਵਾਂ ਛੁਪੇ ਗੁਨਾਹ ਲੱਭਦਾ
ਦਾਮਨ ਪਕੜ ਸਮੀਰ ਦਾ ਘੁੰਮਿਆ ਸੂ।
ਕਿਸਨੇ ਆਦਿ ਜ਼ਮੀਰ ਦੇ ਘੁੰਡ ਚਾਏ ?
ਤੀਰ ਡੰਗਿ ਮਾਸੂਮ ਨੂੰ ਰੁੰਨ੍ਹਿਆ ਸੂ!
ਭਾਵੇਂ ਖ਼ਾਕ ਨੇ ਕੋਟ ਸੰਤਾਪ ਸਾਂਭੇ
ਨਾ ਪਰ ਕੌਲ ਪੈਗੰਬਰੀ ਗੁੰਮਿਆ ਸੂ।

ਪੁਸ਼ਤਾਂ ਬੰਨ੍ਹ ਹਜੂਮ ਵਲ ਨਦੀ ਆਵਣ
ਨਿਕਲ ਸੁੱਚੜੇ ਖ਼ਾਬ ਅਸਮਾਨੀਆਂ ਚੋਂ।
ਆਦਮ ਠੱਗਿਆ ਜਾਏ ਨ ਮਰੇ ਜਿੱਥੇ
ਢੂੰਡਣ ਥਾਂ ਉਹ ਅਜਬ ਨਿਸ਼ਾਨੀਆਂ ਚੋਂ।

ਤੱਕਣ ਗੁਰੂ ਦੀ ਬੇੜੀ ਨੂੰ ਜਾਗ ਮੋਏ
ਜੁਗਾਂ ਪਾਰਲੇ ਹਰਫ਼ ਨੂਰਾਨੀਆਂ ਚੋਂ।
ਕੁਲ ਵਕਤ ਨੂੰ ਛਾਨਣੀ ਛਾਨਣੀ ਕਰ
ਲਮ੍ਹਾ ਲਿਸ਼ਕਿਆ ਦੂਰ ਵੀਰਾਨੀਆਂ ਚੋਂ।

ਤਕ ਬੇੜੀ 'ਚ ਦਾਨੇ ਦੇ ਨਾਲ ਨਾਨਕ
ਨਾਦ ਮਨ ਅਪਰੰਪਰ ਦਾ ਵੱਜਿਆ ਸੂ।
ਕਫ਼ਨ ਉੱਡਿਆ ਪਾਟ ਕੇ ਵਲ ਅੰਬਰ
ਖ਼ਾਕ ਹੇਠ ਜਿਸ ਪੁਸ਼ਤਾਂ ਨੂੰ ਕੱਜਿਆ ਸੂ।
ਧੌਂਸਾ ਆਦਮ-ਇਤਿਹਾਸ ਦਾ ਹੋਇ ਉੱਚਾ
ਸ਼ੀਂਹ ਆਖ਼ਰੀ ਅਦਲ ਦਾ ਗੱਜਿਆ ਸੂ।
ਕੌਲ ਗੁਰੂ ਦੀ ਮਿਹਰ ਦਾ ਵਿਚ ਸਦੀਆਂ
ਨਾਲ ਡੂੰਘਿਆਂ ਪਾਣੀਆਂ ਬੱਝਿਆ ਸੂ।

ਮਰਗੋਂ ਪਰੇ ਦੀ ਸੱਜਰੀ ਮੈਂ ਆਦਮ,
ਤੱਕੇ ਅੰਤ ਪਛਾਣ ਦੀ ਘੜੀ ਉੱਤੇ।
ਬੇਐਬ ਜ਼ਮੀਰਾਂ ਦੀਆਂ ਚੜ੍ਹਣ ਕਾਂਗਾਂ
ਗੂੰਜਣ ਛੁਪੀ ਸਿਕੰਦਗੀ ਮੜ੍ਹੀ ਉੱਤੇ।
ਸੰਤਾਂ ਬਾਝ ਪਹਾੜਾਂ 'ਤੇ ਕਰਮ ਕੀਤਾ
ਦਿਸੇ ਅੱਥਰੂ ਵੇਲ ਨਵ ਹਰੀ ਉੱਤੇ।
ਸਤਲੁਜ ਵੇਖ ਕੇ ਕਰਨ ਅਰਦਾਸ ਕੌਮਾਂ
ਖੜੀਆਂ ਸਦ ਨਿਰਵਾਨ ਦੀ ਗੜ੍ਹੀ ਉੱਤੇ।

ਡੂੰਘੇ ਵਹਿਣ 'ਤੇ ਨੀਝ ਲਾ ਕਹੇ ਦਾਨਾ :
"ਅੰਤ ਸੁੱਕ ਹਰ ਨਦੀ ਨੇ ਜਾਵਣਾ ਹੈ।
ਜਿਹਨਾਂ ਰੱਬ ਦੇ ਨਾਦ ਨੂੰ ਰੱਜ ਸੁਣਿਆਂ
ਕਦੇ ਉਨ੍ਹਾਂ ਵੀ ਗੋਰ ਸਮਾਵਣਾ ਹੈ।
ਬੰਦਾ ਲਵੇ ਮਿਅਰਾਜ ਤੋਂ ਆਸਰਾ ਕਿਉਂ,
ਜਦੋਂ ਖ਼ਾਕ ਨੂੰ ਅੰਤ ਬਣਾਵਣਾ ਹੈ ?
ਮੰਤਕ, ਦੀਨ ਤੇ ਕਰਮ ਦੇ ਰੰਗ ਖੁਰਣੇ,
ਐਥਾਂ ਗੁਰੂ ਜੀ ਬਸ਼ਰ ਵਲ ਆਵਣਾ ਹੈ।"

ਦਿਲ 'ਤੇ ਲਾ ਮਰਦਾਨੇ ਦੀ ਚੀਸ ਬਿਹਬਲ,
ਧਰੂ ਨੇ ਆਸਾਂ ਜਗਾ ਬਹੁ ਘੁੱਟੀਆਂ ਸੀ;

ਕੰਢੇ ਖੜੇ ਬ੍ਰਹਮ ਵਲ ਮਿਹਰ-ਨਜ਼ਰਾਂ
ਨਾਲ ਸੁਹਲ ਵਰਾਗ ਗੁਰ ਸੁੱਟੀਆਂ ਸੀ।
ਆਦਿ ਅੰਤ ਦੀ ਗੋਰ ਚੋਂ ਅਜਬ ਸੁੰਨਾਂ
ਚੀਕ ਵਲ ਦਰਿਆ ਦੇ ਉੱਠੀਆਂ ਸੀ;
ਵਹਿਣਾਂ ਵਿਚ ਮਸੀਹਾ ਦਾ ਦਿਸੇ ਪੰਜਾ
ਕੌਮਾਂ ਭ੍ਰੇ ਨੇ ਜਿੱਥੇ ਨ ਲੁੱਟੀਆਂ ਸੀ।

ਨਾਨਕ ਕਹੇ : "ਮਰਦਾਨਿਆਂ ਨਦਰ ਸੱਚੀ,
ਤਾਜ ਬਖ਼ਸ਼ਿਆਂ ਬਿਨਾਂ ਨ ਬੋਲਦੀ ਹੈ।
ਤ੍ਰੈ ਕਾਲ ਵਿਚ ਕੌਮਾਂ ਦਾ ਸਫ਼ਰ ਜਿੰਨਾ,
ਨਦਰ ਓਨਾ ਕੁ ਹੱਕ ਹੀ ਤੋਲਦੀ ਹੈ।
ਭਾਵੇਂ ਮੁਨਸ ਵਿਚ ਐਬ ਅਸੰਖ ਹੋਵਣ,
ਨੂਰ ਅੰਤਲਾ ਨਦਰ ਫਰੋਲਦੀ ਹੈ;
ਚੜ੍ਹਦੀ ਮੌਤ ਦੀ ਬਿਖ ਜਦ ਸਾਲ ਲੱਖਾਂ,
ਇੱਕੋ ਪਲ ਹੀ ਤਰਸ ਦਾ ਘੋਲਦੀ ਹੈ।

"ਅਦਲ, ਮਿਹਰ ਤੇ ਅਮਲ ਦੇ ਵੇਗ ਵਿੱਚੋਂ,
ਇਕ ਖਿਨ ਇਲਾਹੀ ਮੈਂ ਥਾਪਣਾ ਹੈ,
ਰੁਲਣ ਖੂਹਣੀਆਂ ਸਮੇ ਅਨੰਤ ਅੰਦਰ
ਪਰ ਨ ਸਾਬਤੀ ਉਦ੍ਹੀ ਸਰਾਪਣਾ ਹੈ,
ਜਦ ਹਿਰਸ ਦੀ ਕਾਂਗ ਮੂੰਹ ਜ਼ੋਰ ਹੋਵੇ
ਛੜ੍ਹੂ ਐਸਾ ਕਿ ਕਿਤੇ ਨ ਜਾਪਣਾ ਹੈ,
ਜਦੋਂ ਕੌਮਾਂ ਪਛਾਣਸਨ ਪੱਤ ਮੁੜ ਕੇ
ਗਹਿਰੋਂ ਨਿਕਲ ਕੇ ਉਨ੍ਹੇ ਅਲਾਪਣਾ ਹੈ।

"ਏਸ ਖਿਨ ਇਲਾਹੀ ਦੇ ਪਾਕ ਜਲਵੇ,
ਸਦਾ ਦੀਨ ਦੀ ਨਜ਼ਰ ਨੂੰ ਰੰਗਣਾ ਨਹੀਂ;
ਇਹਦੀ ਸੁੱਚੜੀ ਲੋਅ ਦੇ ਮੰਥਨਾਂ ਚੋਂ,
ਸਦਾ ਜਾਗ ਪੈਗੰਬਰਾਂ ਲੰਘਣਾ ਨਹੀਂ;
ਕਦੇ ਦੇਸਾਂ ਨੇ ਇਦ੍ਹਾ ਅਨੀਲ ਜੋਬਨ,
ਭੁੱਲ ਸਾਂਝੀ ਦੁਆ ਵਿਚ ਮੰਗਣਾ ਨਹੀਂ;
ਬਿਮਲ ਫ਼ਜਰ ਜਹੀ ਵਾਟ ਪਰ ਏਸਦੀ ਨੇ,
ਜਾ ਗੋਰ ਨਿਖਸਮੀ ਨੂੰ ਅੰਗਣਾ ਨਹੀਂ।

"ਰਚਿਣਾ ਖਿਨ ਇਲਾਹੀ ਨੇ ਸ਼ਬਦ ਅੰਦਰ,
ਜ਼ਾਹਰ ਛੁਪੀ ਅਸੀਸ ਦਾ ਰੂਪ ਹੋਵੇ;
ਕੌਮਾਂ ਹੋਣ ਬੇਪੱਤ ਜਦ ਹਿਰਸ ਅੰਦਰ,
ਸ਼ਬਦ ਠੰਢੜੀ ਸਿੱਲ ਜਿਉਂ ਮੂਕ ਹੋਵੇ।
ਸ਼ਬਦ ਗੁਰੂ ਦਾ ਰੂਪ ਹੋ ਜਾਂਵਦਾ ਹੈ,
ਸਿਦਕ ਪਾਲਿ ਜਦ ਅਰਜ਼ ਅਨੂਪ ਹੋਵੇ;
ਭਾਵੇਂ ਬਣੇ ਗ੍ਰੰਥ ਜਾਂ ਅਮਲ ਸਾਬਤ,
ਜਾਂ ਫਿਰ ਖਿਨ ਇਲਾਹੀ ਦੀ ਹੂਕ ਹੋਵੇ।"

ਦਾਨੇ ਸ਼ਬਦ ਅਸੰਖ ਦੇ ਦਰਸ ਕੀਤੇ
ਕਰਨ ਪਏ ਉਡਾਣ ਵਲ ਅੰਬਰਾਂ ਦੇ,
ਰੁੱਖ ਬਾਲ ਮਾਸੂਮ ਜਿਉਂ ਗਲੇ ਲਾ ਕੇ
ਧੁਰ 'ਤੇ ਲਾਉਣ ਨਿਸ਼ਾਨ ਪੈਗੰਬਰਾਂ ਦੇ;
ਕਦੇ ਛੁਪਣ ਤੇ ਕਦੇ ਫਿਰ ਜ਼ਾਹਰ ਹੋਵਣ
ਵੇਖਣ ਚੋਜ ਜ਼ਮਾਨੇ ਦੇ ਭੰਵਰਾਂ ਦੇ;
ਤਿੰਨ ਕਾਲਾਂ 'ਤੇ ਚਮਕਦਾ ਖਿਨ ਇੱਕੋ
ਦੰਭ ਜਾਲ ਕੇ ਤੀਰਥਾਂ ਮੰਦਰਾਂ ਦੇ।

ਕਿਣਮਿਣ-ਨਾਦ ਬ੍ਰਹਿਮੰਡ ਜਿਉਂ ਹੋਇ ਸਾਰਾ
ਇਉਂ ਗੁਰ ਉਤਰੇ ਕੂਟ ਅਗੰਮ ਤੋਂ ਸੀ।
ਦਾਨੇ ਜਾਣਿਆਂ ਸੁਰਤਿ ਅਕਾਲ ਪਾ ਕੇ
ਸਿੱਖੇ ਰਾਜ਼ ਗੁਰ ਖ਼ਾਕ ਦੇ ਗ਼ਮ ਤੋਂ ਸੀ।
ਨਾਨਕ ਦਿੱਤੇ ਹਮੇਸ਼ ਹਿਸਾਬ ਧੁਰ ਦੇ
ਰਿਸ਼ਤੇ ਫੇਰ ਵੀ ਉੱਚੜੇ ਜਮ ਤੋਂ ਸੀ।
ਦਿਲ ਦਾ ਨਾਦ ਹਰ ਮੌਤ ਤੋਂ ਪਾਰ ਹੋਵੇ
ਦਾਨੇ ਮੰਗੀ ਅਸੀਮ ਪ੍ਰਿਮ ਤੋਂ ਸੀ।

ਮਰਦਾਨੇ ਦੇ ਸ਼ੰਕਿਆਂ ਥਾਣੀ ਦਿਸਦੀ ਰੂਹ ਦੀ ਨਿੰਬਲ ਮੰਜ਼ਿਲ

ਤੁਰਦੇ ਸਤਲੁਜ ਲੰਘ, ਗੁਰ ਮਗ ਲੰਮੜੇ
ਬਹੁ ਵਿਸਮਾਦੀ ਰੰਗ, ਧਰਤ ਵਖਾਂਵਦੀ:
ਭੂਤ ਭਵਿੱਖ ਦੇ ਜੰਗ, ਨਾਲੇ ਮਹਿਫ਼ਲਾਂ
ਝੱਗੋ ਝੱਗ ਤੁਰੰਗ, ਰੁਕਦੇ ਕਿਤੇ ਨਾ।

ਵਣ ਰਹੇ ਸੀ ਜਲ, ਹਾਥੀ ਗਰਜਦੇ
ਰੱਤ ਪੀ ਸੁੱਤੇ ਥਲ, ਮੋਹਣੀ ਗਾਂਵਦੀ।
ਲਸ਼ਕਰ ਘੇਰਣ ਕੂਹਨ, ਡਾਢੇ ਧਾੜਵੀ
ਸ਼ਾਹੀ ਗੋਸ਼ੇ ਸੁਹਣ, ਨਖ਼ਰੇ ਨਾਰ ਦੇ।
ਰਣਾਂ 'ਚ ਖ਼ਾਲੀ ਰੱਥ, ਦੈਂਤ ਭਜਾਂਵਦੇ
ਕੂਹਣ ਖ਼ਲਾ ਵਿਚ ਹੱਥ, ਅਰਜਨ ਕਾਨ੍ਹ ਨੂੰ।
ਜਗ ਦੀ ਹਰ ਇਕ ਵੱਥ, ਸੁਪਨੇ ਹੇਠ ਸੀ
ਸੋਹੇ ਜੋਬਨ-ਨੱਥ, ਨੇੜੇ ਸਾਂਗ ਦੇ।
ਜਮ ਦਲ ਘਨੇ ਅਕੱਥ, ਰੂਹਾਂ ਵਿੰਨ੍ਹਦੇ
ਘੇਰੀ ਮਾਣਸ-ਮੱਤ, ਦੁੰਦਰ ਕਲਜੁਗਾਂ।
ਭੜ ਭੜ ਸਮਾ ਅਮੀਕ, ਬਲੇ ਭੀਹਾਵਲਾ
ਨੇੜੇ ਸਾਗਰ ਤੀਕ, ਸੁੱਟੇ ਅੰਬਰੋਂ।
ਮਰਦਾਨਾ ਬੇਹਾਲ, ਤਪ ਤਪ ਵੇਖਦਾ :
ਢਾ ਰਿਹਾ ਬਣ ਕਾਲ, ਮੰਦਰ ਗ਼ਜ਼ਨਵੀ;
ਸਮੇ ਨੂੰ ਘੁੱਟ ਸਰਾਲ, ਵਿਸ਼ ਉਡਾਂਵਦੀ
ਕੋਟ ਜ਼ਮੀਰਾਂ ਗਾਲ, ਖ਼ੂਨ 'ਚ ਛੱਪਦੀ;
ਕਰਦੀ ਸੁਰਤਿ ਮਲੀਨ, ਵਿਸ਼ਵ ਅਸੰਖ ਦੀ
ਕਾਲੀ ਗਹਿਰ ਮਹੀਨ, ਡਿੱਗੇ ਜਿੰਦ 'ਤੇ।
ਕਲਜੁਗ ਰਿਹਾ ਲਪੇਟ, ਸਚ ਅਮਿਤੋਜ ਨੂੰ
ਲਏ ਦੀਨ ਸਭ ਹੇਠ, ਜਮ ਦੇ ਭੈਅ ਨੇ।
ਜਾਦੂ ਦਾ ਧਰਵਾਸ, ਤਿਲ੍ਹਕੇ ਨਾਗ ਜਿਉਂ
ਨਰ ਦੇ ਉਖੜੇ ਸਾਸ, ਹੱਸਣ ਸਿਦਕ 'ਤੇ।
ਤੋੜਣ ਕੂਕ ਹਜੂਮ, ਸ਼ਾਹੀ ਮਸਜਿਦਾਂ
ਮੁੜ ਫਿਰ ਦੇਣ ਸਕੂਨ, ਸੰਤ ਵੀ ਆਂਵਦੇ।
ਇਕ ਦਰ ਹੋ ਬੇਦੀਨ, ਕੌਮਾਂ ਬੈਠੀਆਂ
ਇਕ ਦਰ ਨੂਰ ਹੋ ਥੀਣ, ਨੈਣ ਸਵੰਬਰੀ।
"ਤੁੱਛ ਬੰਦੇ ਦੀ ਥਾਂ," ਦਾਨਾ ਰੋਂਵਦਾ
"ਪੱਤਰ ਜੋੜ ਨਾ ਛਾਂ, ਚੌਦਾਂ ਤਬਕ ਤੇ।
ਸਾਬਤ ਕਿਤੇ ਨਾ ਹਾਂ, ਸਿਦਕਾਂ ਵਾਲੜੀ
ਪਿਰ ਦੀ ਕਿਤੇ ਨ ਬਾਂਹ, ਗਲੇ ਯਤੀਮ ਦੇ!"
ਨਾਨਕ ਕਿਹਾ : "ਪਛਾਣ, ਹੁਣ ਮਰਦਾਨਿਆਂ
ਖ਼ਾਲਸ ਸੁਰਤਿ ਦਾ ਤਾਣ, ਬੰਦੇ ਕੋਲ ਹੈ।
ਹੋਣ ਨ ਕੀੜੀ ਤੁੱਲ, ਅੰਬਰ ਕਹਿਕਸ਼ਾਂ
ਜਾਣੇ ਰਾਜ਼ ਅਮੁੱਲ, ਜਦ ਉਹ ਆਪਣੇ।

ਚੁੰਮੇ ਦਾਤ ਅਨੰਤ, ਜਦ ਵਿਚ ਵਲਵਲੇ
ਅਦਲ 'ਚ ਅਪਣਾ ਅੰਤ, ਵੇਖੇ ਕਿਤੇ ਜਾਂ।
ਨ ਨਰ ਨਾਰ ਦੀ ਜ਼ਾਤ, ਤੁੱਛ ਮਰਦਾਨਿਆਂ
ਸੁਣੇ ਅਮਲ ਵਿਚ ਨਾਦ, ਜੋ ਬ੍ਰਹਿਮੰਡ ਦਾ।
ਦਿਸੇ ਭੀਹਾਲੀ ਅੱਤ, ਚਲ ਕੇ ਵੇਖੀਏ!
ਕਿਉਂ ਕਰ ਕੋਹੀ ਮੱਤ, ਹਿਰਸਾਂ ਜਾਦੂਆਂ ?
ਕਿੰਨੀ ਪੱਤ ਮਨੁੱਖ, ਲੁਟੀ ਕਲਜੁਗਾਂ
ਕਿੰਨਾ ਦੀਰਘ ਦੁੱਖ, ਵਸਿਆ ਜਿੰਦੜੀ।
ਪੀਰ ਛੁਪਾਵੇ ਜਿੰਦ, ਉਹਲੇ ਸਿਹਰ ਦੇ,
ਪਿਰ ਦੀ ਦਾਤ ਨ ਬਿੰਦ, ਸਾਂਭੀ ਰਾਵਲਾਂ।
ਰੱਤੋ ਰੱਤ ਨੇ ਦਾਨ, ਬਿਪਰੀ ਨੇਮ ਦੇ
ਫਿਰੇ ਵਪਾਰੀ ਗਿਆਨ, ਤੀਰਥ ਘੇਰਦਾ।
ਮੁੜ ਮੈਂ ਰੱਖਾਂ ਪੈਜ, ਖ਼ਾਲਸ ਮੱਤ ਦੀ
ਜਾਗੇ ਨਿੰਬਲ ਸਹਿਜ, ਵਿਚ ਜਗ-ਰਿਸ਼ਤਿਆਂ।
ਜਿੰਦਾ ਕਰਾਂ ਈਮਾਨ, ਪਹਿਲਾਂ ਮੌਤ ਤੋਂ
ਜਗਤ-ਕਾਰ ਚੋਂ ਤਾਨ, ਨਿਕਲੇ ਮਿੱਠੜੀ।"

ਇਉਂ ਕਹਿ ਨਾਨਕ ਦੂਰ, ਥਲਾਂ 'ਚ ਝਾਕਦੇ
ਜਲਿਆ ਰੇਤ ਚ ਬੂਰ, ਬਿਰਖ ਪਛਾਣਦੇ।
ਪੁੱਛਣ ਥਲ ਦੇ ਲੋਕ, "ਕਿਹੜੇ ਅਜਨਬੀ,
ਭੇਜ ਰਹੇ ਹਰ ਝੋਕ, ਚੁੱਪ ਪੈਗੰਬਰੀ ?"
ਕੰਢੇ ਥਲ ਦੇ ਤੂਰ, ਨਾਨਕ ਜਾਪਦੇ
ਪਾਉਣ ਮਰੇ ਬੇਨੂਰ, ਨਜ਼ਰ ਕਲੀਮ ਦੀ।
ਖੜੇ ਸੰਢ ਦੇ ਬਾਰ, ਸਾਏ ਜੁਗਾਂ ਦੇ
ਵਣਜਾਰੇ ਅਸਵਾਰ, ਪੁੱਛਣ : "ਕੌਣ ਨੇ ?"
ਕਿਤੇ ਸਰਾਂ ਦਾ ਮਸਤਕ, ਭਖੇ ਉਡੀਕਦਾ
ਨਗਰ ਗਿਰਾਂ ਵਿਚ ਦਸਤਕ, ਸੁਣਦੀ ਚਿਰਾਂ ਤੋਂ।
ਬਹੁ ਸਦੀਆਂ ਦੀ ਸਾਂਝ, ਛਿੜੇ ਰਬਾਬ ਜਿਉਂ
ਚਹੁੰ ਕੂੰਟ ਵਿਚ ਬਾਂਗ, ਪਿਰ ਦੇ ਮਿਲਣ ਦੀ।
ਮਾਣਸ ਜਾਤ ਦੇ ਬੋਲ, ਮਿੱਟੀ ਸਾਂਭਦੀ
ਪਾਵੇ ਨਾਨਕ ਝੋਲ, ਸਮੇ ਜੁ ਤਾਂਘਦੇ।
ਮਰਦਾਨੇ-ਦਿਲ ਕਾਂਗ, ਵਕਤ ਲਪੇਟ ਕੇ
ਆਦਿ ਸੁੰਨ 'ਤੇ ਸਾਂਗ, ਮਾਰੇ ਕਹਿਰ ਦੀ।

ਫੇਰ ਰਬਾਬੀ ਕੂਕ, ਢੂੰਡੇ ਗੁਰੂ ਨੂੰ :
"ਕਵਨ ਸਮੇ ਦੀ ਹੂਕ, ਦਿਲ ਵਿਚ ਘੁੰਮਦੀ !"
ਗੁਰ ਮਰਦਾਨੇ ਨਾਲ, ਸੱਚ-ਮਿਅਰਾਜ ਹੋ
ਬ੍ਰਹਿਮੰਡਾਂ ਦੇ ਸਾਲ, ਨਿਗ੍ਹਾ ਵਸਾਂਵਦੇ।
ਉਦੇ ਕਰਨ ਵਰਦਾਨ, ਕੁਦਰਤ ਮੱਥਿਉਂ
ਸ਼ਿਵਜੀ-ਲਿਟਾਂ ਵਗਾਨ, ਪਾਵਨ ਗੰਗ ਜਿਉਂ।
ਤੁਰੇ ਇੰਜ ਕਈ ਮਾਸ, ਨਦਰ ਅਸੀਸ ਲੈ
ਦਿਸਣ ਪੰਧਾਨੂ ਖ਼ਾਸ, ਰੋਹੀ ਨਗਰ ਦੇ।
ਗੁਰੂ-ਅਉਧ ਜਦ ਤ੍ਰੀਹ, ਪਰਸੇ ਪੁੰਨਿਆ
ਲੰਘੀ ਸਦੀ ਮਸੀਹ, ਇਉਂ ਫਿਰ ਤੁਰਦਿਆਂ।
ਸੈਆਂ ਮਾਰਗ ਡੋਬ, ਗੁਰ ਵਿਚ ਵਲਵਲੇ
ਖਾ ਨਸਲਾਂ ਦੇ ਰੋਗ, ਪੁੱਜੇ ਤੀਰਥੀਂ;
ਦੰਭ ਤ੍ਰਿਸ਼ਨਾ ਭੀੜ, ਪਾਵਣ ਜਿੰਦ 'ਤੇ
ਫਿਰ ਵੀ ਰੂਹ ਦਾ ਤੀਰ, ਆਦਮ ਚੁੰਮਣਾਂ। -2-

ਪਿਹੋਵਾ ਤੀਰਥ ਉੱਤੇ ਮਾਇਆ ਦੇ ਜਾਲ ਟੁੱਟਣੇ; ਸੁਰੱਸ੍ਵਤੀ ਅਤੇ ਗੁਰੂ ਗ੍ਰੰਥ ਸਾਹਿਬ ਦਾ ਆਵੇਸ਼ ਹੋਣਾ

ਜੇ ਧੁਰ ਸੱਚ, ਕਿਉਂ ਦੇਰ ? ਦਾਨਾ ਓਦਰੇ :
ਵਾਰ ਮਹੀਨੇ ਗੇੜ, ਸਿਰਜੇ ਸਮਾ ਕੀ ?
ਸਭ ਇਲਹਾਮ ਨੇ ਚੁੱਪ, ਖ਼ਾਲੀ ਹਿਰਾ ਹੈ।
ਗਏ ਸੁਨੇਹੇ ਮੁੱਕ, ਕਿਉਂ ਜਬਰੀਲ ਦੇ ?
ਭਾਵੇਂ ਵਜਦੀ ਬਿਹਰ, ਦਿਸਣ ਨ ਕਾਫ਼ਲੇ
ਜੁਗਨੂੰ ਜਿਉਂ ਗੁਰ-ਮਿਹਰ, ਖਿਨ ਹੀ ਚਮਕਦੀ।
ਹੁੰਮਸ ਗਹਿਰਾਂ ਘੇਰ, ਤੀਰਥ ਲਏ ਨੇ
ਦਿਸਣ ਪਿਹੋਏ ਨੇੜ, ਫਿਰ ਵੀ ਯਾਤਰੀ।
ਕੱਚ ਰਸਮ ਦਾ ਲੋਰ, ਚੜ੍ਹਿਆ ਮੁਣਸ ਨੂੰ
ਤਲਖ਼ ਲਿਵ ਦਾ ਜ਼ੋਰ, ਹੋਵੇ ਖੀਣ ਨਾ।
ਚਿੰਤਨ ਤੁੰਦ ਦੇ ਬੋਲ, ਇਉਂ ਦਿਲ ਡੋਬਕੇ
ਮਰਦਾਨੇ ਅਣਬੋਲ, ਗੁਰ ਨੂੰ ਵੇਖਿਆ।
ਤਦ ਹੀ ਸੰਸੇ ਰੋਹ, ਲੱਗੇ ਖੁਰਣ ਸੀ
ਆ ਇਲਹਾਮੀ ਲੋਅ, ਕੰਦਰੀਂ ਝਾਕਦੀ।

ਤੀਰਥ ਸੁੱਕੇ ਤਾਲ, ਮੁੜ ਕੇ ਲਹਿਰਦੇ
ਦੱਬੇ ਵਿਚ ਪਾਤਾਲ, ਢੂੰਡੇ ਸੁਰਤਿ ਨੇ।
ਬਣ ਮਰਦਾਨਾ ਮੋਹ, ਝਿਲਮਿਲ ਪੁੰਨਿਆ
ਖਿੱਚੇ ਜਗ ਦੀ ਖੋਹ, ਵਾਂਗ ਸਮੁੰਦ ਦੇ।

ਥਾਨ ਪਿਹੋਵਾ ਖ਼ਾਸ, ਤੀਰਥ ਹਿੰਦ ਦਾ
ਕਦੇ ਲਿਆ ਧਰਵਾਸ, ਜਿੱਥੇ ਪਾਂਡਵਾਂ
ਮਹਾਂ ਯੁੱਧ ਦੀ ਕੰਜ, ਲਾਹ ਜ਼ਮੀਰ ਤੋਂ
ਗੁਰੂ-ਘਾਤ ਦਾ ਰੰਜ, ਜਰ ਕੇ ਜਿੰਦ ਤੇ
ਵਡ ਜਿੱਤਾਂ ਦੇ ਮਾਣ, ਡੋਬ ਉਦਾਸੀਏਂ
ਅਣਖ ਅਝੱਕ ਦੇ ਬਾਣ, ਸੌਂਪ ਅਧਰਮ ਨੂੰ
ਪਾਂਡਵ ਆਏ ਚੱਲ, ਤੀਰ ਸੁਰੱਸਤੀ
ਮੰਗੇ ਰਹਿਮ ਦੇ ਜਲ, ਗੀਤਾ ਹੁੰਦਿਆਂ।
ਨਿਆਂ 'ਚ ਦੰਭ-ਕਲੰਕ, ਛੁਪ ਗੇ ਨਾਗ ਜਿਉਂ
ਬਲੀ ਜਾਪਦੇ ਰੰਕ, ਤਾਜ ਨੂੰ ਪਹਿਣ ਕੇ।
ਕ੍ਰਿਸ਼ਨ ਦੇ ਰਥ ਦੀ ਸ਼ਾਨ, ਧੁੰਧਲੀ ਜਾਪਦੀ
ਸੀ ਪਿੱਛੇ ਸੁੰਨਸਾਨ, ਸਚ ਜੋ ਅੰਤਲਾ।
"ਕਿੱਥੇ ਅਰਥ ਮਹਾਨ," ਪਾਂਡਵ ਪੁੱਛਦੇ
ਤੋੜੋ ਧਰ ਅਸਮਾਨ, ਛੁਪਿਆ ਸੱਚ ਜੋ।"
ਅੰਤ ਨਦੀ ਵਲ ਜਾਣ, ਕਹੇ ਸੁਰੱਸਤੀ :
"ਮਿਲੇ ਬਿਬੇਕ ਮਹਾਨ, ਨਾ ਬਿਨ ਦਯਾ ਦੇ।"
ਏਸੇ ਤੀਰਥ ਕੋਲ, ਨਾਨਕ ਉੱਤਰੇ
ਜੁਗ ਸੰਤਾਪ ਅਬੋਲ, ਖੜ ਗੇ ਸਾਮ੍ਹਣੇ।
ਥਰਕੀ ਫੇਰ ਰਬਾਬ, ਦਾਨੇ ਸੰਦੜੀ
ਬਹੁ ਸਦੀਆਂ ਦੀ ਜਾਗ, ਲਿਸ਼ਕੀ ਅੰਬਰੀਂ।
ਮੰਝ ਸ਼ਬਦ ਅਨਮੋਲ, ਨਾਨਕ ਲੀਨ ਸੀ
ਸਦੀਆਂ ਆਵਣ ਖੋਲ੍ਹ, ਨਵੇਂ ਗਰੰਥ ਨੂੰ।
ਮਾਣਸ-ਕਰਮ 'ਤੇ ਲੋ, ਕੀਤੀ ਸ਼ਬਦ ਨੇ
ਜਿਸ ਪਾਸੇ ਵੀ ਸੋਅ, ਸੱਚੇ ਦਿਲਾਂ ਦੀ;
ਤ੍ਰੈ ਕਾਲ ਰਹੇ ਘੁੰਮ, ਏਸੇ ਸ਼ਬਦ 'ਤੇ
ਹੁੰਦੀ ਸੁੰਨ ਮਸੁੰਨ, ਛਿਪਦਾ ਇਹ ਜਦੋਂ;
ਅਮਲ ਲਏ ਜਾਂ ਹੱਕ, ਦਿਸ ਨੂੰ ਛੁਹਣ ਦਾ
ਬਣੇ ਪੈਗ਼ੰਬਰ-ਅੱਖ, ਜਲ ਥਲ ਵੇਖਦੀ;

ਵਹਿਮ ਹੋਏ ਪਰਧਾਨ, ਸਗਲੀ ਦੂਨੀ 'ਤੇ
ਰਹੇ ਬਿਬੇਕ 'ਚ ਜਾਨ, ਜਦੋਂ ਨ ਸ਼ਬਦ ਦੀ;
ਏਸੇ ਸ਼ਬਦ ਦੀ ਤਾਨ, ਫੜੀ ਰਬਾਬ ਨੇ
ਨੇੜ ਦੂਰ ਅਸਮਾਨ, ਨਵੇਂ ਗਰੰਥ ਦੇ।

ਗੁਪਤ ਸੁਰੱਸਤੀ ਨੇੜ, ਤੀਰਥ ਸਾਮ੍ਹਣੇ
ਅਦਭੁਤ ਦਿਸੇ ਸਵੇਰ, ਨਾਨਕ ਸੀਸ 'ਤੇ।
ਅਜੇ ਰਬਾਬ ਸੀ ਬੰਦ, ਰੱਵੀ ਗੰਭੀਰ ਸੀ
ਅਜਬ ਉਡੀਕ ਬੁਲੰਦ, ਛਾਈ ਅੰਬਰੀਂ।
ਹਰ ਮਾਸੂਮ ਵਰੇਸ, ਜਿੱਤੇ ਦੰਭ ਨੂੰ
ਮਰਦਾਨਾ ਜਗ-ਵੇਸ, ਤਕ ਹੈਰਾਨ ਸੀ।
ਸੰਤ ਨਿਰਾਲੇ ਵੇਖ, ਆਵਣ ਯਾਤਰੀ
ਅਨਿਕ ਸੁਆਦ ਅਲੇਖ, ਗੁਰੂ ਜਗਾਂਵਦੇ।
ਝਬ ਦਿੱਤੇ ਪਰ ਤੋੜ, ਚਾ ਇਹ ਪੰਡਤਾਂ
ਵਜਦ ਨ ਮਾਨਣ ਹੋਰ, ਖੁਣਸੀ ਦਿਲਾਂ ਦੇ।
"ਦਾਨ ਦਿਉ, ਇਹ ਰੀਤ" ਪੰਡਤ ਆਖਦੇ
"ਦਮਕੇ ਵੈਭਵ ਮੀਤ, ਮੱਥੇ ਤੁਸਾਂ ਦੇ।
ਅਲੰਕਾਰ ਹੈ ਦਾਨ, ਇਸ ਥਾਂ ਵਾਰਿਆ
ਬਣੇ ਜੋੜ ਅਸਮਾਨ, ਨਿੱਕੀ ਮੁੰਦਰੀ।"
"ਦਾਨ ਬੁੱਤ ਇਹ ਸੁੰਨ" ਦਾਨੇ ਟੋਕਿਆ
ਕਿਉਂ ਕਰ ਲੱਗੇ ਪੁੰਨ, ਦਾਤੀ ਜ਼ੋਰ ਜੇ?"
ਨਾਨਕ ਕਹਿਣ "ਇਹ ਸੱਚ, ਵਾਹ ਮਰਦਾਨਿਆਂ!
"ਕੀਤੇ ਧਰਮਾਂ ਕੱਚ, ਲਿਵ ਤੋਂ ਦੂਰ ਹੋ।
ਬਿਪਰ! ਦਿਆਂ ਨ ਦਾਨ, ਬਿਨ ਪ੍ਰਕਾਸ਼ ਮੈਂ
ਬਣੇ ਨ ਸੱਚਾ ਨਾਮ, ਵਣਜ ਜਹਾਨ ਦਾ।
ਕਾਦੀ ਰਾਵਲ ਲੋਕ, ਤੁਸੀਂ ਬ੍ਰਾਹਮਣੋ
ਗਲੇ ਮਾਸ ਦੀ ਥੋਕ, ਧਰਮ ਦੇ ਮੰਗਦੇ।
ਦਬਦੇ ਹੋਣ ਸਰਾਪ, ਸਗਲੀ ਚੇਤਨਾ
ਵੇਦ ਕਤੇਬ ਦੇ ਜਾਪ, ਮੱਲੇ ਗ਼ਰਜ਼ ਨੇ।
ਦੇਹ ਦੇ ਇਲਮ ਮਹੀਨ, ਰੂਹ 'ਤੇ ਚੜ੍ਹੇ ਨੇ
ਖਿਲਰੇ ਟੁੱਟ ਯਕੀਨ, ਤਸਕਰ-ਮਾਲ ਜਿਉਂ।
ਜੋਤਸ਼ ਦੇ ਧਰਵਾਸ, ਪਲ ਨਾ ਠਹਿਰਦੇ
ਜੋਗ ਦੇ ਪੂਰਨ ਸਾਸ, ਦਹਿਲੇ ਮਰਗ ਤੋਂ।

ਸੁੰਨ ਜਬਲ ਵਿਕਰਾਲ, ਉਲਰੇ ਸੱਚ 'ਤੇ
ਬਿਨਾਂ ਅਮਲ ਬੇਤਾਲ, ਨਸਲਾਂ ਦੱਬੀਆਂ।
ਵਣਜੇ ਦੇਵੀ ਵੇਸ, ਪਿਰ ਤਜ ਵੇਸ ਜੋ
ਸੱਦੇ ਘਨੇ ਕਲੇਸ਼, ਦੀਨ ਤੇ ਦੇਸ 'ਤੇ।"

ਇਉਂ ਕਹਿ ਹੋਏ ਮੂਕ, ਨਾਨਕ ਸਤਿਗੁਰੂ
ਗੁਪਤ ਸੁਰੱਸਤੀ ਸ਼ੂਕ, ਪਈ ਪਤਾਲ ਚੋਂ।
ਜੋਗੀ ਬਿਪਰ ਦਿਗੰਬਰ, ਸ਼ੈਵ ਸਰੇਵੜੇ
ਨਾਦ ਸੁਨਣ ਵਿਚ ਅੰਬਰ, ਤਲੇ ਜੁ ਸਾਗਰਾਂ।
ਦਿਸੀ ਬਿਬੇਕ ਦੀ ਵਾਟ, ਦਿਲ ਜੁ ਆਦਿ ਦਾ
ਰਹੇ ਵਾਂਗ ਜੋ ਰਾਤ, ਨਾਲ ਮਨੁੱਖ ਦੇ
ਕਦੇ ਇਹ ਸ਼ੀਰੀਂ ਦਾਤ, ਸੱਚੇ ਗੁਰੂ ਦੀ
ਕਦੇ ਨ ਪੁੱਛੇ ਬਾਤ, ਰੁੱਠੀ ਨਾਰ ਜਿਉਂ।
ਇਹੋ ਬਿਬੇਕ ਅਕੱਥ, ਦਿਸਿਆ ਸਾਮ੍ਹਣੇ
ਜਿਵੇਂ ਸੁਰੱਸਤੀ ਹੱਥ, ਕੱਢੇ ਧਰਤ ਚੋਂ।
ਸੈਲ ਪਤਾਲ ਦੇ ਤੋੜ, ਉਛਲੇ ਨੀਰ ਸੀ
ਬਿਖ ਮਾਇਆ ਦੀ ਘੋਰ, ਪੀਤੀ ਹੜ੍ਹਾਂ ਨੇ।
ਪੰਨਾ ਦਿਸੇ ਅਨੰਤ, ਉਡਦਾ ਜਲਾਂ 'ਤੇ
ਅੱਖਰ ਵਾਂਗ ਬਸੰਤ, ਜਿਸ ਤਨ ਵਿਗਸਦੇ।
ਧਰਤੀ ਤੋਂ ਨਭ ਤੀਕ, ਪੰਨਾ ਸੁਰਾਂ ਦਾ
ਜਾਪੇ ਪਾਕ ਉਡੀਕ, ਹਰ ਇਕ ਕਾਲ ਦੀ।
"ਅੱਖਰ ਇਹੋ ਅਨੰਤ, ਇਕ ਦਿਨ ਬਣਨਗੇ
"ਅੰਤਮ ਗੁਰੂ ਗ੍ਰੰਥ" ਨਾਨਕ ਦੱਸਿਆ :
ਪੀਣ ਸਰਾਲਾਂ ਸਾਹ, ਸੁੱਤੇ ਮੁਣਸ ਦੇ
ਦੇਸਨ ਉਹਨੂੰ ਜਗਾ, ਅੱਖਰ ਦਿਸਣ ਜੋ,
ਤਦੋਂ ਦੰਭ ਹਰ ਲਾਹ, ਲਿਸ਼ਕੂ ਜਿੰਦੜੀ
ਗੁਪਤ ਇਹ ਨਦੀ ਵਗਾ, ਮੈਂ ਸਮਝਾ ਰਿਹਾ।"

ਲਏ ਮਰਦਾਨੇ ਸੁਣ, ਜਦ ਇਹ ਸੁਖ਼ਨ ਸੀ
ਦੂਰ ਹੋਈ ਰੁਣ ਝੁਣ, ਬਾਣੀ ਸੰਦੜੀ;
ਰੋਕੇ ਸੂਰਮਾ ਖੜ, ਮਾਇਆ ਝੁੱਲਦੀ
ਧੂਏ ਪਤਾਲੋਂ ਜੜ, ਧਰੁ ਕੰਬਾਇਕੇ;.

ਰਿਹਾ ਜੁਗਾਂ ਵਿਚ ਸ਼ਾਕ, ਸੀਸ ਨਿਵਾਇ ਕੇ
ਛਲ ਫ਼ਰੇਬ ਦੀ ਰਾਖ, ਛੱਤ ਹੈ ਕਬਰ ਦੀ;
ਖਿੰਡੇ ਤਰੱਕੇ ਅੰਗ, ਰਣਾਂ 'ਚ ਜਿਸ ਤਰ੍ਹਾਂ
ਹਸਦ ਕੂੜ ਦੇ ਪੰਧ, ਇਉਂ ਜੁਗ ਬੁੱਸਦੇ:;
ਭੈਅ ਨੇ ਭੋਰੇ ਪੁੱਟ, ਨਰ ਨੂੰ ਸੁੱਟਿਆ
ਤੰਗ ਕੈਦ ਵਿਚ ਘੁੱਟ, ਜਮ ਧਮਕਾਂਵਦਾ।
ਤਾਂ ਇਕ ਧੁਨੀ ਦਿਗੰਤ, ਸੁਣਦੇ ਯਾਤਰੀ
ਅੱਖਰ ਗਾਉਣ ਨ ਅੰਤ, ਨੂਰੀ ਸਫ਼ੇ ਤੋਂ
ਰਾਜ਼ ਰਹੱਸ ਬਿਅੰਤ, ਦੱਸਣ ਜੁਗਾਂ ਨੂੰ
ਪ੍ਰਥਮ ਖਿਨਾਂ ਦੀ ਮੰਤ, ਵਾਲੇ ਸੱਚ ਵੀ
ਜਿਉਂਕਰ ਗਾਏ ਗੰਗ, ਪਹਿਲੀ ਨਜ਼ਰ 'ਤੇ
ਨਾਦ ਸੁਰਗ ਦੇ ਸੰਗਿ, ਨਾਲ ਹਿਮਾਲਯਾ।
ਪੱਤਹੀਣ ਨਿਰਪੰਥ, ਡਿੱਗੇ ਮੁਣਸ ਜੋ
ਦਿਲ ਦੇ ਪਾਰ ਗਰੰਥ, ਢੂੰਡਣ ਤੁਰ ਪਏ
ਨਿੰਬਲ ਪਾਕ ਲਤੀਫ਼, ਜਿਸ ਤਕ ਸਫ਼ਰ ਨੇ
ਜਿਸ ਵਿਚ ਗੁਰੂ-ਉਡੀਕ, ਸਮੇ ਖਿੜਾਂਵਦੀ
ਨੂਰੀ ਕਰ ਜੋ ਕਾਲ, ਅੰਦਰ ਚੇਤਨਾ
ਲਾਹ ਕੁਦਰਤ ਦੇ ਜਾਲ, ਮਾਇਆ ਸੰਦੜੇ।
ਬਿਸਮੇ ਦਾਨਾ ਵੇਖ, ਹਰ ਇਕ ਅੱਖਰੋਂ
ਸਦੀਏਂ ਭਗਤ ਅਨੇਕ, ਨਿਕਲੇ ਰਵੀ ਜਿਉਂ
ਜੁਗਾਂ ਦੀ ਵਿਚ ਇਕੱਲ, ਜਦ ਕੋ ਸੂਰਮਾ
ਖੜੇ ਸੱਚ-ਪਿੜ ਮੱਲ, ਲੱਖਾਂ ਸਾਮ੍ਹਣੇ
ਗਗਨ ਦਮਾਮੇ ਘੋਰਣ, ਤਾਂ ਇਸ ਅੱਖਰੋਂ
ਰਣਾਂ 'ਚ ਮਾਵਾਂ ਤੋਰਣ, ਪੁੱਤ ਅਸੀਸ ਦੇ
ਦੇਣ ਪੱਤ ਦੇ ਕੱਜਣ, ਵੱਢੀ ਦੇਹ ਨੂੰ
ਕੋਟ ਭਗਤ ਕਰ ਰੱਜਣ, ਦਰਸ ਸ਼ਹੀਦ ਦਾ।
ਪਿਆ ਨਿਹਾਲੇ ਚੋਜ, ਦਾਨਾ ਸੱਚ ਦੇ
ਗੁਰੂ ਸਿੱਖ ਵਲ ਰੋਜ਼, ਝੂਰਦਾ ਸਿਦਕ ਜੋ।
ਰੱਖਿਆ ਤਲੀ ਗ੍ਰੰਥ, ਸਿੰਧ ਅਨੰਤ ਨੇ
ਅੱਖਰ ਸੁਬਹ ਦਿਨੰਤ, ਜਗਣ ਮਨੁੱਖ 'ਤੇ।

ਕੁਰਖੇਤਰ ਵਿਖੇ ਧਰਮ ਦੇ ਮੌਲਕ ਸਹਿਜ ਅਤੇ ਜੀਵਨ ਦੀ ਕੁਦਰਤੀ ਚਾਲ ਦਾ ਪ੍ਰਕਾਸ਼ ਅਥਵਾ ਨਕਲੀ ਅਤੇ ਅਸਲੀ ਗੁਰੂ ਦਾ ਨਿਬੇੜਾ

ਗਿਆ ਸਿਆਲਾ ਬੀਤ, ਫੇਰ ਬਸੰਤ ਵੀ;
ਨੈਂ ਅਦਿੱਸ ਜਿਉਂ ਗੀਤ, ਜਲ ਥਲ ਵਸੋਂ ਨੂੰ
ਦੂਰ ਭਵਿੱਖ ਅਤੀਤ, ਛੂੰਹਦਾ ਜਾ ਰਿਹਾ।
ਮਰਦਾਨਾ ਗੁਰ ਮੀਤ, ਨਾਲ ਰਬਾਬ ਸੀ,
ਰੱਬ-ਸੁਖ਼ਨ ਸੁਰਜੀਤ, ਹੋਏ ਸੁਨ ਚੌਂ
ਚੁੱਪ ਹੁਕਮ ਜਗਜੀਤ, ਮਿਲਦਾ ਜਿੰਦ ਨੂੰ।
ਗ਼ਰਕੇ ਬੁੱਢੀ ਭੀਤ, ਕਬਰੀਂ ਕੂੜ ਦੀ
ਲੋਥ ਜਹੀ ਹਰ ਰੀਤ, ਭੁਰ ਭੁਰ ਬਿਨਸਦੀ।
ਸੋਲ੍ਹਵੀਂ ਸਦੀ ਮਸੀਹ, ਪੰਚਮ ਮਾਸ ਸੀ
ਭੱਠ ਤਪੰਦੜੇ ਸੀ, ਚਹੁੰ ਦਿਸ ਜੇਠ ਦੇ
ਜਦੋਂ ਸੁਣੀ ਕੁਰਲਾਟ, ਰਣ ਕੁਰਖੇਤਰੋਂ
ਬਹੁਤ ਜੁਗਾਂ ਦੀ ਵਾਟ, ਜਿਸਦੀ ਧੂੜ 'ਤੇ।
ਦਰਸ਼ਨ ਜੋ ਗੰਭੀਰ, ਦੀਰਘ ਸੰਘਣੇ
ਦੱਸਣ ਦਰਦ ਜ਼ਮੀਰ, ਜ਼ਰਾ ਨ ਤੜਪ ਕੇ।
ਸੈ ਜੂਏ ਦੇ ਫੰਧ, ਕੱਸਣ ਧਰਮ ਨੂੰ
ਮਗਰਮੱਛ ਵਿਚ ਅੰਧ, ਛਹਿ ਲਾ ਬੈਠਦਾ।
ਛੂਹ ਗੀਤਾ ਦਾ ਸੱਚ, ਮੰਨੇ ਰੱਤ ਨਾ
ਕਿਉਂਕਰ ਸਾਬਤ ਪੱਤ, ਜੂਏ ਡੁੱਬਦੀ।
ਗੁਰਮੁਖ ਮਨਮੁਖ ਚਾਲ, ਬੇ-ਪਹਿਚਾਣ ਹੋ
ਧਰਮ ਯੁੱਧ 'ਤੇ ਜਾਲ, ਪਾਵੇ ਦੰਭ ਦੇ;
ਨਕਲ ਲਤੀਫ਼ ਕਮਾਲ, ਦਰਸ ਵਿਰਾਟ ਦੀ
ਬੀਰ ਕਰੇ ਬੇਤਾਲ, ਵਾਂਗ ਮਾਰੀਚ ਦੇ;
ਚਮਕਿ ਸ਼ੋਖ਼ ਸ਼ਿੰਗਾਰ, ਢਕਦੇ ਚੇਤਨਾ
ਵਿਸਰੇ ਸਚ ਆਚਾਰ, ਰਣ ਵਿਚ ਕਾਨ੍ਹ ਨੂੰ;
ਤਲੇ ਤ੍ਰਬਕੇ ਕਾਲ, ਪਹੀਏ ਰਥ ਦੇ
ਤੱਕੇ ਕਰਨ ਪਲਾਲ, ਕਾਨ ਜ਼ਮੀਰ ਦੇ;
ਬਹੁਤ ਸੁਣੱਖੇ ਤਾਲ, ਟੁੱਟੇ ਸ਼ਬਦ ਦੇ
ਸ਼ਰਮ 'ਚ ਲੁਕਣ ਕਮਾਲ, ਅਰਜਨ-ਵਾਣ ਦੇ।

ਦਸਦਾ ਕੂਕ ਨਿਸ਼ਾਦ, ਦਗਾ ਦੇਣ ਦਾ
ਗੁਰੂ-ਦੱਛਣਾ ਯਾਦ, ਰੋ ਰੋ ਆਂਵਦੀ,
ਅਜੇ ਸੁਣੇ ਫ਼ਰਿਆਦ, ਦਿਲ ਮਾਸੂਮ ਦੀ
ਰਣ-ਵਾਣਾਂ ਨੂੰ ਯਾਦ, ਅਜੇ ਅੰਗੂਠੜਾ।
ਕਰੇ ਭਗਤ ਜਦ ਹੇਤ, ਨਕਲੀ ਖੇਡ ਦਾ
ਛਲ ਉੱਡਣ ਬਣ ਪ੍ਰੇਤ, ਧਰਮੀ ਯੁੱਧ 'ਤੇ।
ਨ ਰਖਵਾਨ ਨੂੰ ਭੇਤ, ਸਾਬਤ ਵਫ਼ਾ ਦੇ
ਥਰਹਰ ਕੰਪੇ ਜੇਤ, ਡੋਲਣ ਸੂਰਮੇ;
ਮਰਗ ਉਡਾਵੇ ਰੇਤ, ਖੰਡਰ ਦੱਬ ਕੇ
ਰਾਖ-ਭੇਰਿਆਂ ਹੇਠ, ਸੜਦੇ ਬਿਰਖ ਨੇ।
ਮਰਦਾਨਾ ਵਿਕਰਾਲ, ਬੰਜਰ ਤੱਕਦਾ
ਰਾਖ 'ਚ ਲਿਪਟੇ ਸਾਲ, ਜਿਸ ਤੇ ਉੱਲਰੇ
ਨਾਨਕ ਦਿਲ ਦੀ ਜਾਣ, ਉਸਨੂੰ ਦਸਦੇ:
"ਵਿਚ ਡਾਢੇ ਘਮਸਾਨ, ਸੱਚ ਜਾਂ ਵਿਸਰੇ,
ਇਕ ਪਲ ਇਕ ਹੀ ਤਾਨ, ਅੰਤਮ ਧਰਮ ਦੀ,
ਜਦ ਤਿਲ ਜਿੰਨਾ ਕੂੜ, ਮੌਤ ਮਹੀਨ ਹੋ
ਪਿਆ ਗ੍ਰਹਿਣੇ ਨੂਰ, ਜੁਗਾਂ ਦੇ ਯੁੱਧ ਦਾ
ਹੋ ਤਦ ਪੁਸ਼ਤਾਂ ਗ਼ਰਕ, ਵਿਚ ਬ੍ਰਹਿਮੰਡ ਦੇ
ਹੇਠ ਵਿਜੈ ਦੇ ਵਰਕ, ਲੀਕਣ ਹਾਰ ਨੂੰ।
ਦਾਗ਼ ਭਰਿਸ਼ਟ ਮਲੀਨ, ਮਾਨਵ ਜਾਤ ਦੇ
ਧਰਮਾਂ ਵਿਚ ਹੀ ਥੀਣ, ਝਟਕੇ ਕਰਮ ਜਾਂ।"

ਸੁਣਿ ਜੁਗ ਉੱਠੇ ਜਲ, ਦਾਨੇ ਸਾਮ੍ਹਣੇ
ਬੀਆਬਾਨ ਕਲਵਲ, ਵਿਛੇ ਰਬਾਬ 'ਤੇ।
ਮਰਗ-ਜਗਤ ਦੇ ਸੀਸ, ਬਲੇ ਜਨੂਨ ਸੀ
ਖਰਬ ਡੰਗ ਦੀ ਚੀਸ, ਮਸਤਕ ਵਿੰਨ੍ਹਦੀ।
ਕਿਣਮਿਣ ਕਿਰੀ ਉਡੀਕ, ਫਿਰ ਬ੍ਰਹਿਮੰਡ ਚੋਂ
ਗਤੀ ਅਡੋਲ ਅਮੀਕ, ਚੁੰਮੇ ਦਿਲਾਂ ਨੂੰ
ਪਰਬਤ ਖੱਡ ਪਤਾਲ, ਸੂਰਜ ਕਹਿਕਸ਼ਾਂ
ਦਿੱਗ ਵਿਜੈ ਦੀ ਚਾਲ, ਲਾਉਣ ਜਿੰਦ 'ਤੇ।
ਕੂੜ ਰਮਜ਼ ਦੀ ਤਾਰ, ਵਾਂਗ ਸਰਾਪ ਦੇ
ਧਰਮ ਯੁੱਧ ਕਰ ਪਾਰ, ਉੱਡੇ ਜੁਗਾਂ 'ਤੇ
ਕਾਲ-ਤਿਮਰ ਵਿਚ ਹੌਲ, ਪੁਸ਼ਤਾਂ ਵਿੰਨ੍ਹਦੇ
ਇੱਕੋ ਗੁਰ ਦਾ ਕੌਲ, ਕਾਮਲ ਕਰ ਰਿਹਾ।

ਇੱਕੋ ਗੁਰੂ-ਅਸੀਸ, ਜਾ ਹਰ ਸਿਵੇ 'ਤੇ
ਹਰ ਮੋਏ ਦੀ ਚੀਸ, ਚੁੰਮ੍ਹ ਜਗਾਂਵਦੀ
ਕੌਮਾਂ ਲੈਣ ਪਛਾਣ, ਜੁਗ ਜੁਗ ਰਾਖ ਚੋਂ
ਹਰੀ ਭਰੀ ਸੁਬਹਾਣ, ਅਪਣੀ ਸ਼ਾਖ਼ ਨੂੰ।

ਧੁਨ ਇਕ ਸੁਣੀ ਸਨੇਤ, ਤੀਰਥ ਬਿਸ਼ਨ ਦੇ:
"ਕਰਨ ਲਈ ਦਿਗ-ਜੇਤ, ਸਤਿਗੁਰ ਆਂਵਦੇ।
ਸੂਰਜ ਗ੍ਰਹਣ ਅਨੇਕ, ਵੇਖੇ ਸਮੇ ਨੇ
ਔਪਰ ਵਿਚ ਕੁਰਖੇਤ, ਨਾਨਕ ਬਸ਼ਰ ਨੂੰ
ਦੇਵਣ ਗੇ ਕੋ ਭੇਤ, ਧੁਰ ਦੇ ਹੱਕ ਦਾ
ਪੁੰਨ ਪਾਪ ਜਦ ਹੇਠ, ਨੂਰੀ ਦੇਹ ਤੋਂ!!"
ਇਹੋ ਧੁਨੀ ਆਖ਼ੀਰ, ਲੱਗੇ ਗ੍ਰਹਣ ਜਾਂ
ਸੁਣੀ ਹਰਾਨੀ ਭੀੜ, ਬ੍ਰਹਮ ਤਲਾਬ 'ਤੇ
ਸਿੱਧ ਬਟੀ ਦਾ ਥਾਨ, ਜਿਸਦੇ ਕੰਢੜੇ
ਬਹੁ ਸਿੱਧੀਆਂ ਪ੍ਰਾਣ, ਜਿੱਥੇ ਸਾਜਦੇ
ਹੱਠ ਜੋਗ ਦਾ ਮਾਣ, ਜਿੱਥੇ ਗਰਜਦਾ
ਕਾਲ ਕਰਨ ਭੈਅ ਮਾਨ, ਜੋਗ ਸਮਾਧੀਆਂ।
ਦਿੰਦਾ ਨਾਦ ਜੁਆਬ, ਉਸ ਥਾਂ ਗੁਰੂ ਦਾ
ਕੂੰਦੇ ਨਾਲ ਰਬਾਬ, ਸ਼ਬਦ ਅਗੰਮ ਦੇ;
ਪਾਕ ਹੁਕਮ ਦੀ ਆਬ, ਗੂੰਜੀ ਅੰਬਰੀਂ
ਨਿਰਭੈਅ ਸਮ ਉਕਾਬ, ਝਪਟੀ ਸਿਹਰ 'ਤੇ
ਖੜ ਵਿਚ ਅੰਬਰ-ਨਾਭ, ਤਬਕ ਘੁਮਾਂਵਦੀ
ਕਿਰੇ ਗ੍ਰਹਣ ਦਾ ਖ਼ਾਬ, ਕੂੜੀ ਕੰਜ ਜਿਉਂ।
ਫਿਰ ਜਾਗੀ ਇਕ ਤਾਨ, ਸਿਦਕੀ ਸਹਿਜ ਦੀ
ਹਰ ਸਿੱਧੀ ਅੰਞਾਣ, ਜਾਪੇ ਬਾਲੜੀ
ਪਰਸੇ ਜਿਦੀ ਰਵਾਲ, ਤਾਰਾ-ਜੁਗਾਂ ਨੂੰ
ਜਿਸ ਵਿਚ ਦੇਵਣ ਤਾਲ, ਖਰਬਾਂ ਸਿੱਧੀਆਂ
ਮਾਨਵ ਦਿਲ ਦੇ ਨਾਲ, ਪਰ ਜੋ ਧੜਕਦੀ
ਜੋ ਨਭ-ਸਿਖਰ ਪਾਤਾਲ, ਕੀਟ-ਪਿਆਸ ਵੀ।
"ਮਨ 'ਚ ਕੇਹਾ ਭੁਚਾਲ" ਜੋਗੀ ਪੁੱਛਦੇ
"ਤਕ ਹਮਾਰਾ ਹਾਲ, ਨਾਨਕ ਮਹਿਰਮਾ
ਨਿਰਬਲ ਸਿੱਧੀ-ਜਾਲ, ਸਾਗਰ ਛਲਕਦੇ!!
ਭੁੱਲ ਗਈ ਉਹ ਚਾਲ, ਸਾਡੀ ਸਾਧਨਾ?"

ਸੁਣਿ ਰਬਾਬ ਵਿਚ ਬੋਲ, ਨਾਜ਼ਲ ਹੋਂਵਦੇ
ਜੋ ਦੱਸਣ ਅਨਮੋਲ, ਮਰਕਜ਼ ਜਿੰਦ ਦਾ।
ਸਿੱਧ ਖਟੀ ਦੇ ਕੋਲ, ਮਹਿਰਮ ਦਿਲਾਂ ਦਾ
ਰੂਹ ਪੁਸ਼ਤਾਂ ਦੀ ਫੋਲ, ਦਸਦਾ ਰਾਜ਼ ਕੋ।

ਉਦੋਂ ਗ੍ਰਹਣ ਦੇ ਨਾਮ, ਵਡ ਹਜੂਮ ਨੇ
ਭੈ ਵਿਚ ਕਰੇ ਸਨਾਨ, ਨਾਲੇ ਪੁੰਨ ਵੀ
ਤਦ ਨਾਨਕ ਦਾ ਨੂਰ, ਪਿਆ ਗ੍ਰਹਣ 'ਤੇ
ਪਈ ਦਿਲਾਂ 'ਤੇ ਬੂਰ, ਨਵ ਪੈਗਾਮ ਦੀ
ਨਭ ਨਭ ਉਡਦੀ ਹੂਰ, ਪਰਤੇ ਸੁਰਗ ਜਿਉਂ
ਹੁੱਤ ਅਕਹਿ ਦੇ ਬੂਰ, ਲਾ ਕੇ ਪਰਾਂ 'ਤੇ।
ਫਿਰ ਧੁੰਮੀ ਸਰ-ਬਾਰ, ਗੱਲ ਅਨੋਖੜੀ
ਜਦ ਸੀ ਮਿਰਗ-ਸ਼ਿਕਾਰ, ਕੰਵਰ ਦੁਰੇਡੜੇ
ਧੋ ਵਿਚ ਦਰਸ ਅਪਾਰ, ਗੁਰੂ ਨੂੰ ਭੇਟਿਆ
ਜਿਸਦੇ ਖਿਨ ਦੀ ਧਾਰ, ਚੀਰੇ ਜੁਗਾਂ ਨੂੰ।
ਚੁੰਮੇ ਕੰਵਰ ਜਮਾਲ, ਰਾਜੋਂ ਉੱਚੜਾ
ਕੰਵਰਾਨੀ ਵੀ ਨਾਲ, ਝੁਕੀ ਸਲੋਨੜੀ।

ਚੜ੍ਹੀ ਸੁਆਦੀ ਬਾਸ, ਰਿਝਦੇ ਮਾਸ ਦੀ
ਪੌਣਾਂ ਡੰਗਿ ਹੁਲਾਸ, ਅੰਬਰ ਵਿੰਨ੍ਹਦਾ।
ਹੌਲਣ ਸੰਗ ਹਰਾਸ, ਸੈਆਂ ਯਾਤਰੀ
ਭਗਤ ਹੋਣ ਬੇਆਸ, ਸੱਚੇ ਗੁਰੂ ਦੇ।
ਕੁਝ ਢੂੰਡਣ ਵਿਸਮਾਦ, ਅਜ਼ਲੀ ਸੈਨਤਾਂ
ਚੋਜ ਰਹੇ ਇਹ ਯਾਦ, ਨਿਆਰਾ ਦੂਨੀ ਤੋਂ।
ਭੱਠ ਵਾਂਗ ਅਭਿਮਾਨ, ਤਪਦੇ ਬਿਪਰ ਦੇ
ਰਿਸ਼ੀ ਮੁਨੀ ਹੈਰਾਨ, "ਕੈਸੀ ਖੇਡ ਹੈ!"
ਕਹਿਣ "ਅਜਰ ਇਹ ਪਾਪ, ਦਿਵਸ ਗ੍ਰਹਣ ਦੇ
ਛਲ ਸੀ ਜਾਂ ਸੀ ਜਾਪ, ਹੁਣੇ ਜੁ ਗਾਇਆ?"
ਤਰਕ ਸੁਦਰਸ਼ਨ ਚੁੱਕ, ਨਾਨੂ ਨੀਝ ਦਾ
ਦਿਗ ਵਿਜੈ ਦੀ ਭੁੱਖ, ਲਹੂ 'ਚ ਬਾਲਕੇ
ਚੁੱਕ ਧੁਰੰਧਰ ਨਾਪ, ਅਪਣੀ ਹਉਂ ਦਾ
ਕ੍ਰੋਧ ਖੁਣਸ ਦੇ ਤਾਪ, ਬਲ ਕੇ ਗਰਜਿਆ:

"ਕਿਸ ਮਲੇਛ ਦੀ ਥਾਪ, ਲਈ ਅਤੀਤ ਤੂੰ
ਕਿਉਂ ਖੁਣਦੈਂ ਤੂੰ ਸ਼ਾਪ, ਮਾਨਵ ਮੱਥੜੇ ?
ਸਦਾ ਅਦੁੱਤੀ ਜਾਪ, ਛੱਡੋਂ ਪੁੰਨ ਦਾ
ਭਿੱਟੇ ਸ਼ੂਦਰ-ਭਾਫ਼, ਰਸਨਾ ਸਾਡੜੀ।"
"ਪੂਰਨ ਇਹ ਬ੍ਰਹਿਮੰਡ," ਸਤਿਗੁਰ ਦੱਸਦੇ
"ਸੱਚ ਭੰਨ ਨ ਵੰਡ, ਬਾਮ੍ਹਣ ਸੱਜਣਾ।
ਦਯਾ ਕਰੇਂਦੀ ਅੰਤ, ਜੀਵ ਅਨੇਕ ਦਾ
ਰਿਜ਼ਕ-ਬੀਜ ਬੇਅੰਤ, ਸੱਭੇ ਜੀਵ ਨੇ।
ਦੇਹ ਦੀ ਅਣਦਿਸ ਚਾਲ, ਲਭਦੀ ਰੋਸ਼ਨੀ
ਹਰ ਪਲ ਭਕਸ਼ੇ ਮਾਲ, ਜੀਵਨ ਵਾਲੜਾ।
ਵਿਚ ਜੇ ਰੱਬੀ ਤਾਂਘ, ਦੇਹਾਂ ਵਿਗਸਣਾ
ਦਯਾ ਦੀ ਉੱਜਲ ਕਾਂਗ, ਡੋਬੇ ਜੰਤ ਵੀ।
ਸਭ ਪਲ ਹੋਣ ਸ਼ਹੀਦ, ਸਿਮਰਣ ਵਾਲੜੇ
ਮਾਸ ਖਾਣ ਦੀ ਰੀਤ, ਭਾਵੇਂ ਪਾਲਦੇ।
ਦੇਹੀ ਮੰਗੇ ਮਾਸ, ਮੰਜ਼ਿਲ ਆਦਿ ਤੋਂ
ਕੂੰਜਾਂ ਵਾਂਗੂੰ ਸਾਸ, ਉਡਦੇ ਚੋਗ ਨੂੰ।
ਅਣਦਿੱਸ ਕਾਇਆ ਵਿਚ, ਦਿਸਦੀ ਦੇਹ ਜੋ
ਪਾਵਨ ਦਰ ਦੇ ਹਿੱਤ, ਜੇਕਰ ਪਾਲਦੀ
ਮਾਸ ਰਹੇਗਾ ਮਿੱਤ, ਦੇਹ ਅਨੂਪ ਦਾ
ਕੋ ਵਿਗਾਸ ਅਜਿੱਤ, ਰੱਗਾਂ 'ਚ ਦੌੜਸੀ।
ਹੁਕਮ ਅਗੰਮੀ ਆਪ, ਸੇਵਨ ਮਾਸ ਦਾ
ਸਹਿਜ ਅਨੰਤ 'ਚ ਥਾਪ, ਦਿੱਤਾ ਆਦਿ ਤੋਂ,
ਸਹਿਜ ਅਨੂਪ ਪਸਾਰ, ਪਰਸੇ ਮੰਜ਼ਿਲਾਂ
ਜੁਗ ਜੁਗ ਮਾਸ ਅਹਾਰ, ਭੁੱਲੇ ਕਦੇ ਨਾ।
ਕੋਟ ਗ੍ਰੰਥ ਤੇ ਨਾਥ, ਕਰਮ ਰਹੱਸ ਦੇ
ਜੋਬਨਵੰਤੀ ਆਥ, ਚੱਖੇ ਮਾਸ ਨੂੰ।"
"ਮਾਸ-ਅਹਾਰ ਪਲੀਤ," ਨਾਨੂੰ ਤਮਕਦਾ
"ਸੰਤ! ਇਲਮ ਬਦਨੀਤ, ਗੱਲ ਬਣਾਂਵਦਾ।"
ਛੂਹ ਗੁਰ ਕਹਿਣ ਰਬਾਬ, ਦਾਨੇ ਸੰਦੜੀ :
"ਇਕ ਬਿਨ ਹੋਰ ਨ ਬਾਬ, ਆਦਮ ਜ਼ਾਤ ਦਾ
ਇਲਮ ਨ, ਇਹ ਲਿਵਤਾਰ! ਨਰ ਦੇ ਥੀਣ ਦੀ
ਸ੍ਰਿਸ਼ਟ-ਨੇਮ ਸਾਕਾਰ, ਦੇਵੇ ਚਾਨਣਾ!
ਮਾਸ-ਅਹਾਰ ਨ ਸ਼ਾਪ, ਨਾ ਇਹ ਰੋਗ ਹੈ
ਜੋ ਇਹ ਰਚਨਾ-ਜਾਪ, ਕਰਦਾ ਮਿੱਠੜਾ।

ਧਰਮੀ ਦੇ ਲਈ ਮਾਸ, ਮਾਂ ਦਾ ਦੁੱਧ ਹੈ
ਮਾਂ-ਅਹਿਸਾਨ ਦੇ ਸਾਸ, ਲੈਂਦਾ ਖਾਇ ਜਾਂ।
ਛੋਹੇ ਰਸ ਇਹ ਜੀਭ, ਬਾਲ ਮਸੂਮ ਹੋ
ਗਰਭ ਤੋਂ ਚਾਨਣ ਤੀਕ, ਖਿੜਦੀ ਜਾਂਵਦੀ।
ਜੋ ਕਰਦੇ ਵਿਭਚਾਰ, ਛੁਪ ਛੁਪ ਦੂਨੀ ਤੋਂ
ਰੋਗੀ ਮਾਸ-ਅਹਾਰ, ਕੀਤਾ ਤਿਨ੍ਹਾਂ ਨੇ।
ਬੁਸਦੀ ਹੋ ਮੁਰਦਾਰ, ਜ਼ਿੰਦਾ ਜਿੰਦ ਵੀ
ਸਾਦ ਜੁ ਲਵੇ ਹਜ਼ਾਰ, ਰਾਤੀਂ ਸੰਨ੍ਹ ਲਾ।
ਸ਼ੋਰ ਮਾਸ-ਪਰਹੇਜ਼, ਦੰਭ ਜਗਾਂਵਦਾ
ਕਰੇ ਵਖਾਵੇ ਤੇਜ਼, ਪਾਵਨ ਹੋਣ ਦੇ,
ਧਿਆ ਵਧਾਵੇ ਜੂਠ, ਨਕਲੀ ਜਗਤ ਦੀ
ਦੀਨ ਦੀ ਪਾਵਨ ਕੂਟ, ਪੰਘਰ ਤਪੇ ਜਿਉਂ।
ਤਮਕਿ ਮਾਸ ਨੂੰ ਗਾਲ, ਦੇਣ ਜਾਂ ਪਾਰਸਾ
ਰਸਮ-ਖਲਾਅ ਵਿਕਰਾਲ, ਵਧਦਾ ਦੈਂਤ ਹੋ!
ਸਹਿਜ ਬਿਬੇਕ ਅਪਾਰ, ਜਗ ਦੀ ਗਤੀ ਜੋ
ਮੂਰਖ ਸ਼ੋਰ ਗਵਾਰ, ਉਸਨੂੰ ਰੋੜਦਾ।"

ਫੜਕਣ ਅਨਲ ਦੇ ਪਰ, ਸੁਰਤੀ ਬਿਪਰ ਦੀ
ਕੋਟ ਅੰਬਰ ਵਿਚ ਘਰ, ਦੱਸਣ ਮੁਨਸ ਦੇ,
ਨਿਕਲੀ ਮੌਲਦੀ ਜੜ੍ਹ, ਬੁਝਦੇ ਕਾਲ ਚੋਂ
ਆਉਣ ਸੁਨੇਹੇ ਦਰ, ਲੈ ਮਹਿਮਾਨ ਕੋ
ਚੜ੍ਹ ਅਨੁਰਾਗ ਦੇ ਹੜ੍ਹ, ਰਸਮਾਂ ਡੋਬਦੇ
ਨੀਝ ਅਲੇਪ ਕੋ ਤਰ, ਆਵੇ ਕਮਲ ਜਿਉਂ,
ਵੇਂਹਦਾ ਪਰਬਲ ਗੜ੍ਹ, ਨਾਨੂ ਨਦਰ ਦੇ
ਡੂੰਘੜੇ ਡੋਰੇ ਵੜ, ਚੜ੍ਹਨਾ ਭੁੱਲਿਆ।
ਚੁਕ ਰਿਹਾ ਜਿਉਂ ਬੋਟ, ਡਾਢੀ ਵੇਦਨਾ
ਮੰਗ ਰਿਹਾ ਰੋ ਓਟ, ਰੁਲਦਾ ਝੱਖੜੀਂ।
ਆਖੇ: "ਤ੍ਰੈ ਗੁਣ-ਚੋਟ, ਭੰਬੇ ਹੋਂਦ ਨੂੰ
ਭਰਮ ਰਲੇਂਦੇ ਖੋਟ, ਅੰਦਰ ਚੇਤਨਾ।
ਕਰਦਾ ਬ੍ਰਹਮ-ਖ਼ਿਆਲ, ਦਿਲ 'ਤੇ ਰੌਸ਼ਨੀ
ਜਕੜ ਲੈਣ ਪਰ ਜਾਲ, ਡਿਗ ਕੇ ਸੁੰਨ ਚੋਂ।
ਪੜ੍ਹ ਵਿਚ ਕਥਾ ਪੁਰਾਣ, ਨਾਨਕ ਆਉਣ ਦੀ
ਪਰਛਾਵੇਂ ਨਾਦਾਨ, ਨੱਚੇ ਅਹੂੰ ਦੇ।

ਸੱਚ ਬਣਾਵੇ ਕੱਚ, ਹਉਂ ਬਹੁ ਰੰਗਲੀ
ਨਕਲਾਂ ਸਿਰਜੇ ਮੱਤ, ਚਰਖਾਂ ਤੀਕਰਾਂ।
ਉਤਰੇ ਮੈਂਡੇ ਲੇਖ, ਚਿੰਤਨ ਡੂੰਘੜੇ
ਭਰਮ 'ਚ ਨਾਨਕ-ਭੇਖ, ਭਟਕਣਿ ਧਾਰ ਕੇ
ਨਾਨੂੰ ਨਾਨਕ ਏਕ, ਕੀਤੇ ਤਰਕ ਸੀ
ਹਉਮੈ ਚਿੰਤਨ ਨੇਕ, ਔਝੜ ਪਾ ਗਈ!
ਹੁਣ ਨਾਨਕ ਪਰਤੱਖ, ਦਿਸਦਾ ਸਾਮ੍ਹਣੇ
ਜਦ ਸਾਂ ਕਾਲ ਦੀ ਅੱਖ, ਛੁਪ ਤੂੰ ਰਿਹਾ ਕਿਉਂ?"

ਗੁਰ ਸਹਿਜੇ ਬਿਨ ਦੇਰ, ਦਿਗ ਵਿੱਜਈ ਨੂੰ
ਕਹਿਣ: "ਸ਼ਾਸਤਰ ਗੇੜਿ, ਰਚਿਉ ਵਾਦ ਤੂੰ,
ਤ੍ਰੈ ਕਾਲਾਂ ਨੂੰ ਵਿਹਣ, ਰਿਸ਼ੀ ਅਗੰਮੜੇ
ਪਰ ਜਦ ਹਉਂ ਨੂੰ ਦੇਣ, ਚਾਨਣ ਆਪਣੇ
ਫੜ ਲੈਂਦੀ ਹੈ ਆਥਿ, ਤਾਂ ਫਿਰ ਸੰਤ ਵੀ
ਕੱਢ ਲਵੇਂਦੀ ਸਾਸ, ਸੁੱਤੇ ਸਿਦਕ ਦੇ,
ਨਵੇਂ ਅਰਥ ਸਭ ਥੀਣ, ਭਰਮ ਬਿਬੇਕ ਦੇ
ਚਕਰ ਵਿਊ ਵਿਚ ਜੀਣ, ਉਮਰਾ ਕੀਟ ਦੀ,
ਤਦ ਆਰਿਫ਼ ਤੇ ਢੋਰ, ਫ਼ਰਕ ਗਵਾਂਵਦੇ
ਪੈਗੰਬਰ ਤੇ ਚੋਰ, ਭੀੜ 'ਚ ਗੁੰਮਦੇ;
ਪਾਏ ਸੂਖਮ ਜ਼ੋਰ, ਨਕਲੀ ਰਾਸ ਹੀ
ਚੜ੍ਹਣ ਸਾਧ ਨੂੰ ਲੋਰ, ਸੰਗਤ ਮੂੜ ਦੀ
ਪਾ ਗਿਆਨ ਦੇ ਸ਼ੋਰ, ਸ਼ਾਹਾਂ ਸਾਮ੍ਹਣੇ
ਹੱਸ ਕੇ ਪੁੱਟਣ ਗੋਰ, ਫੇਰ ਸ਼ਹੀਦ ਦੀ।
ਛਲ ਵਿਚ ਰਿਹਾ ਇਮਾਨ, ਤੈਂਡਾ ਬਿਪਰ ਜੀ
ਧਰਮੀ ਨੁਕਤਾ-ਦਾਨ, ਤੂੰ ਹੈਂ ਸਦਾ ਤੋਂ।"

ਦਿਨ ਗਿਆ ਸੀ ਲੰਘ, ਘਟੇ ਹਜੂਮ ਨਾ
ਥਾਨੇਸਰ ਨੂੰ ਰੰਗ, ਥਰਕੀ ਸੰਝ ਸੀ।
ਉਮ੍ਹਲੇ ਚਾਅ ਨਿਸ਼ੰਗ, ਸੂਰਜ ਸੀਨਿਉਂ
ਕੋਲ ਕਰਨ ਵਿਚ ਸੰਝ, ਮੁੜ ਮੁੜ ਚੜ੍ਹਣ ਦੇ।
ਖੁਭੇ ਜੁ ਹਉਂ ਦੇ ਡੰਗ, ਹੋਂਦ 'ਚ ਡੂੰਘੜੇ
ਕਿਰੇ, ਤਾਂ ਭੀਸ਼ਮ-ਅੰਗ, ਹੋਇ ਅਰੋਗ ਸੀ।

ਸ਼ਿਵ ਨੂੰ ਕੀਤਾ ਦੰਗ, ਨਿਰਮਲ ਤਾਂਘ ਕੋ
ਸਗਲੀ ਬਿਖ ਨੂੰ ਮੰਗ, ਕੁਦਰਤ ਪੀ ਲਿਆ।
ਰੇਤ 'ਚ ਘਿਰੀ ਤਰੰਗ, ਮੋਹ 'ਚ ਵਗੀ ਇਉਂ
ਜਿਉਂ ਦਿਲ ਲਾਵੇ ਗੰਗ, ਗੁਪਤ ਸੁਰੱਸਤੀ।
ਬਿਨਾ ਗ੍ਰਹਿਣ ਆਨੰਦ, ਕਣ ਕਣ ਗੁਜ਼ਰ ਕੇ
ਬਿਮਲ ਵਜੂਦ ਅਨੰਗ, ਨਰ ਨੂੰ ਬਖ਼ਸ਼ਦਾ
ਜੋ ਰੂਹਾਂ ਦੇ ਸੰਗ, ਚੱਖਦਾ ਸਿਰਜਦਾ
ਨਰ ਦੇ ਸਾਦ ਅਭੰਗ, ਉੱਜਲ ਕੁਦਰਤੀ।

ਕੁਰਖੇਤਰ ਨਰ ਨਾਰ, ਰਮਤੇ ਸਾਧ ਜੋ
ਕਰਦੇ ਸਗਲ ਦੀਦਾਰ, ਪਲ ਵਿਚ ਕਾਲ ਦਾ;
ਦੂਰ ਦੁਰਾਡੇ ਵੇਦ, ਤੀਰ ਸੁਰੱਸਤੀ
ਪਾ ਰਹੇ ਸੀ ਭੇਤ, ਪੂਰਨ ਹੋਣ ਦੇ;
ਲੈ ਰਹੇ ਕੁਝ ਹਾਥ, ਪਾਂਡਵ ਧਰਮ ਦੀ
ਵਾਂਗ ਤੰਦੂਏ ਆਥ, ਖਿੱਚੇ ਹੋਠ ਨੂੰ;
ਦੰਭ ਨਾਲ ਅਵਤਾਰ, ਥਾਂ ਥਾਂ ਉਲਝਦੇ
ਚੁੱਕਣ ਐਸਾ ਭਾਰ, ਪੁੱਜਣ ਸਿਖਰ ਨਾ!
ਤਿਨਾਂ ਦੀ ਨਜ਼ਰ ਜਮੂਦ, ਖਰਬਾਂ ਵੇਖ ਕੇ
ਨਾਨੂੰ ਕਹੇ: "ਵਜੂਦ, ਨਕਲੀ ਸਾਧ ਦੇ!"
ਫਿਰ ਵੀ ਕੋ ਲਿਵਤਾਰ, ਉੱਜਲ ਹੋਣ ਦੀ
ਸ਼ਹਿਰ ਸਮੁੰਦ ਉਜਾੜ, ਹਰ ਥਾਂ ਚੁੰਮਦੀ
ਤੱਕੇ ਖਿੜੇ ਹਜੂਮ, ਦਿਗ ਵਿੱਜਈ ਨੇ
ਮਾਨਵ ਸਦਾ ਮਸੂਮ, ਸੁਨਣ ਰਬਾਬ ਨੂੰ।
ਲਾਹੇ ਬਸਤਰ ਗੋਰ, ਮੋਏ ਬੁੱਸਿਆਂ
ਨਾਨੂੰ ਕੂਕੇ "ਚੋਰ, ਕਿਤੇ ਨ ਮੌਤ ਦਾ।"
ਬਸਤਰ ਗਹਿਰ ਦੇ ਘੋਰ, ਲਾਹੇ ਤਾਰਿਆਂ
ਨਾਨੂੰ ਕਹੇ: "ਨ ਹੋਰ! ਇਹੀਓ ਨੂਰ ਹੈ!"

ਬਾਬੇ ਦੇ ਪਾਣੀਪਤ ਦਿੱਲੀ ਵਲ ਜਾਂਦਿਆਂ ਕੱਤਕ ਪੂੰਨਿਆ ਨੂੰ ਮਾਤਾ ਤ੍ਰਿਪਤਾ, ਸੁਲੱਖਣੀ ਅਤੇ ਨਾਨਕੀ (ਮਾਂ, ਪਤਨੀ ਤੇ ਭੈਣ) ਦੇ ਮੁਰੀਦ ਤਥਾ ਨਾਰੀ-ਵਲਵਲੇ

ਮਹਾਂ ਧਿਆਨ ਦੀ ਰੇਖ ਸੀ, ਜਦ ਪੂਰਬ ਦੇ ਰਾਹ
ਖ਼ਾਕ ਨਿਖਸਮੀ ਲਏ ਜਦ, ਪੈਗ਼ਾਮਾਂ ਦੇ ਸਾਹ
ਤਦ ਸੀ ਕੱਤਕ ਪੂੰਨਿਆ, ਮਾਂ-ਮਨ ਗਈ ਰੁਸ਼ਨਾ
ਤਨ ਮਨ ਤਾਰਾਗਣਾਂ ਦੇ, ਅਣਵੇਖੇ ਅਸਗਾਹ
ਲਾ ਲਿਵ ਤ੍ਰਿਪਤਾ ਵੇਖਦੀ, ਸੈ ਜਿੰਦਾਂ ਨੂੰ ਧਾਹ
ਵਗਦਾ ਤ੍ਰੀਹ ਇਕ ਬਰਸ ਦਾ, ਰੂਹ-ਰਿਸ਼ਮੋਂ ਦਰਿਆ
ਸੁੱਤੇ ਸੁੰਨ ਪੁਲਾੜ ਚੋਂ, ਵਿਗਸੇ ਖੰਭ ਅਥਾਹ
ਜਦ ਫੜਕਣ ਤਾਂ ਉਗਮਦੇ, ਨਵ ਅਸਮਾਨ ਅਗਾਹ;
ਦੇਣ ਦੁਰੇਡੇ ਜੁਗਾਂ ਤਕ, ਮੀਤ ਦੀ ਦਸਤਕ ਜਾ
ਹੰਸ ਹੋਇ ਤਦ ਉਤਰੀਆਂ, ਸੰਤ-ਬਾਣੀਆਂ ਗਾ
ਰੋਗ ਸੋਗ ਤੋਂ ਪਾਰ ਜਾ, ਛਲਕੇ ਨੂਰ-ਉਮਾਹ
ਪੈੜ ਪੁੱਤਰ ਦੀ ਜਾਂਵਦੀ, ਨਦੀ ਜਥਲ ਥਲ ਗਾਹ,
ਹੜ੍ਹ ਕਮਲਾਂ ਦੇ ਹੁੱਲਦੇ, ਪੈੜਾਂ ਤੋਂ ਘੁੰਡ ਚਾ
ਇਕ ਜੁਗ ਦੇ ਵਿਚ ਵੜਣ ਜੋ, ਦੂਸਰਾ ਦੇਣ ਜਗਾ।
ਲਿਵ ਸੀ ਝਿਮ ਝਿਮ ਪੂੰਨਿਆ, ਚੁੱਪ ਦੇ ਸੁਖ਼ਨ ਪੁਗਾ
ਏਸ ਰਾਤ ਵਿਚ ਸੱਚ ਦੇ, ਮਾਂ ਬਿਨ ਕੌਣ ਗਵਾਹ। -1-

ਪੈਂਦੀ ਸਚ ਨੀਸਾਣੁ ਦੀ, ਤਲਵੰਡੀ 'ਤੇ ਲੋਅ
ਇਕ ਹੀ ਜਿਸਦਾ ਰੰਗ ਹੈ, ਵਾਧ ਘਾਟ ਨਾਂਹ ਕੋ
ਜਿਸਦੀ ਨੂਰੀ ਚੁੱਪ ਚੋਂ, ਸੁਣੇ ਅਕਹਿ ਕੰਨਸੋਅ
ਜਿੱਥੇ ਜੁਗ ਸਭ ਘੁੰਮ ਕੇ, ਗਏ ਪੈਗ਼ਾਮ ਸੀ ਹੋ
ਰਾਹ ਉਸ ਤੁਰੀ ਸੁਲੱਖਣੀ, ਪੂਨਮ ਮਹਿਕ ਨੂੰ ਚੋ
ਥਾਨ ਥਨੰਤਰ ਥਰਕਦਾ, ਮਿਠ ਬੈਣੀ ਦਾ ਮੋਹ
ਚਿਟ ਬਾਣੇ ਨੂੰ ਚਾਨਣੀ, ਰਿਸ਼ਮੀਂ ਲਏ ਸਮੋ
ਕਾਲੇ ਨੈਣ ਨਕ ਲੰਮੜਾ, ਜਲ ਥਲ ਰਹੇ ਨੇ ਸੁਹ!
ਖੰਭ ਦਿੱਤੇ ਅਸਮਾਨ ਦੇ, ਸਤਿਗੁਰ-ਸੁਰਤ ਨੇ ਦੋ
ਸਦੀਆਂ ਮੂਨਾਂ ਵਾਂਗਰਾਂ, ਛਾਂ ਮੰਝ ਜਾਣ ਖਲੋ,

ਵਣਜਾਰੇ ਬਹੁੰ ਦੂਰ ਦੇ, ਪਾਉਣ ਸਮੇ ਨੂੰ ਖੋਹ
ਸੁੱਕੀ ਨਦੀ ਉਡੀਕਦੀ, ਖੇਵਟਾਂ ਦੀ ਖ਼ੁਸ਼ਬੋ।
ਸੰਤ ਪੀਰ ਗੁਰ ਰੁੱਠ ਕੇ, ਟਪਦੇ ਜਾਵਣ ਕੋਹ
ਰਖਸਨ ਪੱਤ ਮੁਰੀਦ ਵੀ, ਕੌਲ ਮਿਲੇ ਜਦ ਉਹ।
ਕੋਠੇ ਖੜੀ ਨੂੰ ਆਂਵਦਾ, ਡੂਗਰ ਵਾਟ ਦਾ ਮੋਹ
ਸਕਣ ਨ ਪਿਰ ਦੀ ਪੈੜ ਨੂੰ, ਸਾਗਰ ਨਦੀ ਡੁਬੋ।

ਸਿਖਰ ਹਵੇਲੀ ਨਾਨਕੀ, ਯਾਦ ਕਰੇਂਦੀ ਵੀਰ
ਪਰਸੋ ਕੱਤਕ ਪੁੰਨਿਆ, ਵਗਦੇ ਵੇਈਂ ਨੀਰ।
ਅੱਜ ਜੁ ਰਿਸ਼ਮਾਂ ਮੋਹਣੀਆਂ, ਕਲ ਹੋਸਨ ਦਿਲਗੀਰ
ਅੱਜ ਅਕਾਸ਼ ਪੈਗੰਬਰੀ, ਹੋਣ ਯਤੀਮ ਅਖ਼ੀਰ,
ਲੁਕ ਲੁਕ ਬਾਗ਼ੀਂ ਦਸਦੀ, ਪੌਣ ਪੁਰਾਣੀ ਪੀੜ
ਹੇਠ ਖਜੂਰਾਂ ਸੌਂ ਰਹੇ, ਸਮੇ ਦੇ ਮਾਹੀਗੀਰ।
ਸੁਪਨਾ ਜਾਪੇ ਪੁੰਨਿਆ, ਭੈਣ ਹੋਇ ਗੰਭੀਰ
ਮਾਂ ਪਿਉ ਮਾਸੀ ਫੁੱਫੀਆਂ, ਰਹਿਣ ਨ ਜਗ 'ਤੇ ਸੀਰ
ਨਾ ਮਾਮੇ ਨ ਮਾਮੀਆਂ, ਨਾ ਉਹ ਸਾਥ ਨ ਭੀੜ
ਐਸੀ ਸੁੰਞ 'ਚ ਅਜਬ ਹੈ! ਨਾਨਕ ਨਹੀਂ ਅਧੀਰ।
ਰਿਸ਼ਤੇ ਸਾਹ ਤੋਂ ਨੇੜ ਜੋ, ਅੰਤ ਹੋਣ ਬੇਪੀਰ
ਕਬਰਾਂ ਸਿਵੇ ਪੁਲਾੜ ਨਾ, ਹੋਂਦ ਨ ਕਿਤੇ ਜ਼ਮੀਰ!
ਖ਼ੂਨੀ ਚੁੱਪ 'ਚ ਲੁਕੀ ਹੈ, ਵਾਂਗ ਸਰਾਲ ਜ਼ੰਜੀਰ
ਦੌਲਤ ਖ਼ਾਨ ਖ਼ੁਲਾਰ ਨੂੰ, ਪਲ ਪਲ ਕਰੇ ਜ਼ਹੀਰ
ਚੀਸ ਅਜਰ ਨੂੰ ਜਰਣ ਉਹ, ਘਿਰ ਵਿਚ ਸੁੰਞ ਹਕ਼ੀਰ
ਕਿਰਨ-ਹੜ੍ਹਾਂ ਵਿਚ ਤਰਨਗੇ, ਮਗ ਅਸਰਾਰ ਨੂੰ ਚੀਰ।
ਬੋਹਿਥ ਦਾ ਪ੍ਰਕਾਸ਼ ਫਿਰ, ਹੋਇ ਸੁੰਞ ਦੇ ਤੀਰ
ਜਿੱਥੇ ਕੁਝ ਨਾ ਓਸ ਥਾਂ, ਵਿਗਸੀ ਨਦਰ-ਲਕੀਰ।
ਤੱਕਿਆ ਹਫਦੇ ਨਾਨੀਆਂ, ਵੀਰ ਵਾਂਗ ਤਕਦੀਰ
ਸੁੰਞ ਇਸ ਅਪਰ ਅਪਾਰ ਚੋਂ, ਲੰਘੇ ਜਿਵੇਂ ਸਮੀਰ।
ਗਈਆਂ ਪੁਸ਼ਤਾਂ ਨੇੜ ਸੀ, ਬਹੁ ਪਰਵਾਸ ਅਮੀਰ
ਬੋਹਿਥ ਕਦੇ ਨ ਟੁੱਟਣਾ, ਜ਼ਾਮਨ ਰਹੇ ਫ਼ਕੀਰ।

ਪਾਨੀਪਤ ਵਿਚ ਬੂ ਅਲੀ ਕਲੰਦਰ ਦੇ ਤਸਵੁੱਫ਼ੀ ਰਾਹ ਅਥਵਾ ਸ਼ੇਖ਼ ਸ਼ਰਫ਼ ਸਾਨੀ ਉੱਤੇ ਗੁਰੂ ਸਾਹਿਬ ਦੀ ਬਖ਼ਸ਼ਿਸ਼ ਹੋਣੀ

ਖ਼ਾਕ ਛੁਹਣ ਪਾਣੀਪਤ ਸੰਦੀ
ਆ ਕੋਮਲ ਤਿਰਕਾਲਾਂ,
ਤਬਕਾਂ ਦੀ ਸਦ ਵਾਟ ਦਾ ਲਮਹਾ
ਚਮਕ ਰਿਹਾ ਵਿਚ ਸਾਲਾਂ।

ਧਰ ਵਿਚ ਜਦ ਰੁੱਖਾਂ ਦੇ ਸਬਰਾਂ
ਬਹੁ ਵਰਦਾਨ ਲੁਕਾਏ,
ਭਾਰ ਪੈਣ ਜੁ ਮੇਦਨੀ ਉੱਤੇ
ਵਿਹਣ ਅਬਦ ਤਕ ਸਾਏ।

ਕਹਿਰ ਬਾਬਰੀ ਦਾ ਕੋ ਫੁਰਨਾ
ਨੈਂ ਅਦਿੱਸ ਵਿਚ ਵੱਗੇ,
ਪਾਪ ਦੀ ਜੰਞ ਅਤੀਤ ਚੀਰਦੀ
ਉਡ ਭਵਿੱਖ ਤੋਂ ਅੱਗੇ।

ਹੌਲ ਦਾ ਜ਼ੋਰ ਖੰਨਿਅਹੁੰ ਤਿੱਖਾ
ਪਾਣੀਪਤ 'ਤੇ ਲਹਿੰਦਾ,
ਰਤ ਦੀ ਮੰਝਧਾਰ ਵਿਚ ਟਿੱਲਾ
ਦਰਵੇਸ਼ੀ ਦਾ ਰਹਿੰਦਾ।

ਸਾਨੀ ਸ਼ੇਖ਼ ਸ਼ਰਫ਼ ਦਾ ਏਥੇ
ਵਸੇ ਰੂਹਾਨੀ ਠਾਣਾ,
ਜਿਦ੍ਹਾ ਮੁਰੀਦ ਤਾਹਿਰ ਨਿਤ ਪੜ੍ਹਦਾ
ਰਮਜ਼ਾਂ ਦਿਲ ਸੁਬਹਾਣਾ।

ਨਾਨਕ ਪਾਣੀਪਤ ਦੇ ਰਾਹ ਤੇ
ਬੁਝਦੇ ਧਰਮ ਵੰਗਾਰੇ,
ਕੁਝ ਨਕਸ਼ਾਂ ਨੂੰ ਤੋੜ ਵਿਛੋੜੇ
ਕੁਝ ਤਾਂ ਹੋਰ ਸ਼ਿੰਗਾਰੇ।

ਨਿੱਕੀ ਵਾਟ ਹੋਂਵਦੀ ਲੰਮੀ
ਮਿਲਣ ਧਰਮ ਬਹੁ ਹਾਰੇ,
ਭਾਂਤ ਭਾਂਤ ਦੇ ਲੋਕ ਅਜਨਬੀ
ਭੇਸ ਅਨੇਕ ਨਿਆਰੇ।

ਸ਼ਹਿਰੋਂ ਬਾਹਰ ਖੂਹ 'ਤੇ ਬੈਠੇ
ਨਾਨਕ ਤੇ ਮਰਦਾਨਾ,
ਚੁੱਪ ਦੁਆ ਨੂੰ ਸਜਦਾ ਕੀਤਾ
ਝੁਕ ਪੋਹ ਦੇ ਅਸਮਾਨਾਂ।

ਤਦੋਂ ਮੁਰੀਦ ਸ਼ਰਫ਼ ਦਾ ਆ ਕੇ
ਭਾਂਘ ਨੀਰ ਦੀ ਕਰਦਾ,
ਸੋਚੇ: "ਕਵਨ ਹਕੀਕਤ ਦਾ ਮੈਂ
ਅਦਮ ਸਮੇ ਤੋਂ ਬਰਦਾ।"

ਅਣਗਾਹੇ ਖੰਡਾਂ ਚੋਂ ਰੂਹਾਂ
ਭਾਜ ਉਨ੍ਹਾਈ ਆਵਣ,
ਦੋ ਦਰਵੇਸ਼ਾਂ ਦੇ ਨੈਣਾਂ ਤਕ
ਰਾਜ਼ ਲੁਕਾਈ ਆਵਣ।

ਤਦੋਂ ਸਲਾਮ ਅਲੈਕਮ ਤਾਹਿਰ
ਸਨਮੁਖ ਗੁਰੂ ਉਚਾਰੇ,
ਜਿਉਂ ਮਸਰਾ ਦੇ ਸਤ ਅਰਸ਼ਾਂ 'ਤੇ
ਬੋਸਾ ਮਧੁਰ ਉਤਾਰੇ।

ਗੁਰੂ ਸਲਾਮ ਅਲੇਖ ਨੂੰ ਮੋੜਣ
ਤਾਹਿਰ ਹੋਇ ਹੈਰਾਨਾ;
ਹਰ ਛਿਣ ਦਿਸੇ ਸਲਾਮਤ ਉਸਨੂੰ
ਬਣੇ ਅਲੇਖ ਜ਼ਮਾਨਾ!

ਦਹਿਲੇ: "ਕੀ ਇਹ ਖ਼ਾਬ ਸ਼ਰਾ ਦਾ,
ਜਾਂ ਨੇ ਸ਼ਰਾ ਅਨੇਕਾਂ?
ਦਿਨ ਦੇ ਚੜ੍ਹਣ ਛਿਪਣ ਵਿਚ ਮੈਂ ਤਾਂ
ਸਾਬਤ ਸ਼ਰਾ ਨੂੰ ਦੇਖਾਂ!"

ਬਿਖ ਅਨੰਤ ਚੋਂ ਅਮਿਉਂ ਸਿੰਮ੍ਹਦਾ,
ਕੁਝ ਮੁਰੀਦ ਨੇ ਪੀਤਾ,
ਰਾਗ ਅੰਬਰਾਂ ਦੇ ਜਿਉਂ ਮਿਲ ਕੇ
ਬਿਸਮਿਲ ਪੰਛੀ ਕੀਤਾ।

ਤਦੋਂ ਮੁਰੀਦ ਸ਼ਰਫ਼ ਦਰ ਜਾਵੇ
ਸਿੰਧ ਅਲੇਖ ਦਾ ਤਰਕੇ।
ਖੰਭ ਅਲੇਪ ਸਲਾਮ ਦੇ ਖਰਬਾਂ
ਤਾਰਾ ਗਣਾਂ 'ਚ ਫੜਕੇ।

"ਖੂਹ ਤੇ ਦੋ ਦਰਵੇਸ਼ਾਂ ਵਿੱਚੋਂ"
ਕਹੇ "ਇਕ ਬਹੁੰ ਪਿਆਰਾ।
ਮੈਂ ਸਲਾਮ ਵਿਚ ਬਖ਼ਸ਼ਿਸ਼ ਦਾ ਜੋ
ਭਰੇ ਅਲੇਖ ਹੁੰਗਾਰਾ।

"ਉਂਜ ਸਲਾਮ 'ਤੇ ਤਨ ਮਨ ਵਾਰੇ
ਉਂਜ ਸਲਾਮ ਨਾ ਮੰਨੇ।
ਭੰਨੇ ਜਿਸ ਥਾਂ ਬੁੱਤ ਦਬਾਏ
ਦੀਨ ਦੇ ਹਰਫ਼ ਸਵੰਨੇ।

"ਸ਼ਰਾ ਦੇ ਖ਼ਾਲੀ ਸੁਖ਼ਨਾਂ ਅੰਦਰ
ਨਬੀ-ਨਮਾਜ਼ ਜਗਾਵੇ।
ਕਾਅਬੇ ਦੀ ਪੈੜ ਨੂੰ ਖ਼ਾਕੋਂ
ਅਬਦ ਤੀਕ ਲੈ ਜਾਵੇ।"

ਬੋਲ ਸੁਣੇ ਪੀਰ ਤਾਂ ਸਿਰ ਤੇ
ਰੱਖਣ ਤਾਜ ਨਮਾਜ਼ਾਂ।
ਬਗ਼ਲਗੀਰ ਦੂਰੋਂ ਆ ਹੋਵਣ
ਕੁਹਨ ਦੀਆਂ ਮਿਅਰਾਜਾਂ।

ਬਹੁਤ ਲਤੀਫ਼ ਸੁਨੇਹੇ ਆਵਣ
ਛਿਪਦੇ ਸੂਰਜ ਵੱਲੋਂ।
ਛੂਪ ਛੂਪ ਹੋਣ ਦੁਪਹਿਰਾਂ ਨਾਜ਼ਲ
ਨਭ ਦੀ ਸੂਹੀ ਛੱਲੋਂ।

ਪੀਰ ਕਹੇ : "ਚਲ ਉਸ ਦਰ ਹੋਸਨ
ਨਬੀ-ਸਮੇ ਵਿਚ ਗੱਲਾਂ।
ਨਿਕਲ ਮੁਰਾਕਬੇ ਡੂੰਘੇ ਚੋਂ ਮੈਂ
ਨਾਨਕ ਦੇ ਵਲ ਚੱਲਾਂ।"

ਪੀਰ ਅਚੁੱਤ ਦਰਸ ਜਾ ਕੀਤੇ,
ਨਭ ਟਪ ਸੁਰਤ.ਨ ਹੰਭੇ।
ਨਵੇਂ ਮਜ਼ਬ ਦਾ ਤੇਜ ਨਵੇਲਾ
ਤਲਬ ਕਰੇਂਦਾ ਸੰਗੇ।

ਕਦੇ ਸਫ਼ਰ ਬੇਦਾਗ਼ ਧੁੱਪ ਦਾ
ਕਦੇ ਗੁਫ਼ਾਵੀਂ ਕੰਧੇ,
ਸੂਰਜ ਪੰਧ ਉਡੀਕਣ ਜਿਸ ਥਾਂ
ਬਾਜ਼ ਇਹ ਉਥੋਂ ਲੰਘੇ।

ਨਾਨਕ ਦੇ ਕੇਸਾਂ 'ਤੇ ਜੋਬਨ
ਚਰਨ ਚਮਕਦੇ ਨੰਗੇ।
ਅੰਤ ਇਕ ਹੀ ਆਸਨ ਦਿਸਿਆ
ਪੀਰ ਬਹੁਤ ਦਰ ਲੰਘੇ।

ਛਿਪਦੇ ਸੂਰਜ ਦੇ ਦਿਲ ਅੱਖਰ
ਲੀਕਣ ਜੁਗਾਂ ਦੇ ਘੇਰੇ,
ਤਾਂਘਣ ਬਲੀ ਸਿਤਾਰੇ ਬੁਝ ਬੁਝ
ਦੂਰ ਰਹਿਮ ਦੇ ਜੇਰੇ।

ਦੈਂਤ ਅਸੀਮ ਹੋਣ ਬੁਝ ਸੂਰਜ
ਸਾਹ-ਰਹਿਤ ਜੁਗ ਵਿੰਨ੍ਹਣ।
ਚੁੱਪ ਸਰਾਪ ਲਪੇਟਣ ਕੱਸਣ
ਅੰਤ ਅਸੀਸਾਂ ਭਿੰਨ੍ਹਣ।

ਕਹਿਕਸ਼ਾਂ ਦੇ ਨੂਰੀ ਰਾਹ 'ਤੇ
ਬੁਝੀ ਖ਼ਾਕ ਜਦ ਬਾਕੀ,
ਰਹਿਣ ਅਸਹਿ ਜਬਲ ਸੁੰਨ-ਘੁੱਟੇ
ਅਮਿਉ ਨਦਰ ਦੇ ਸਾਖੀ।

ਦੱਬੇ ਭਾਰ ਸਰਾਪ ਦਾ ਡੂੰਘਾ
ਡੁੱਬ ਤਾਰਿਆਂ ਅੰਦਰ
ਛੁਪ ਛੁਪ ਖ਼ਾਬ ਚੜ੍ਹਨ ਦੇ ਲੈ ਲੈ
ਸਿਰਜਣ ਬੁਤ ਪੈਗੰਬਰ।

ਵਿਚ ਵਿਸਮਾਦ ਅੰਬਰੀ ਲਾਲੀ
ਤਕ ਪੀਰ ਇਉਂ ਆਖੇ :
"ਨਾ ਪਾਪੋਸ਼, ਕੇਸ ਕਿਉਂ ਲੰਮੇ ?
ਮਜ਼੍ਹਬ ਨਿਆਰਾ ਜਾਪੇ।

"ਨਾ ਬਖ਼ਸ਼ਿਸ਼ ਅਲਾਹ ਦੀ ਏਥੇ
ਇਹ ਰਬਾਬ ਤਾਂ ਖ਼ਾਲੀ;
ਨਾ ਕੋ ਰਾਗ ਕਲੰਦਰ ਜੇਡਾ,
ਰਾਗ ਗ਼ੁਲਾਮ ਸੁਆਲੀ।

"ਅਜਬ ਹੀ ਸੂਫ਼ੀ! ਜਾਂ ਤੂੰ ਜੋਗੀ ?
ਕਵਨ ਮਜ਼੍ਹਬ ਦਾ ਵੱਲੀ ?
ਤੈਂਡੀ ਕਫ਼ਨੀ ਹੇਠੋਂ ਦੇਵਣ
ਡਾਢੇ ਜ਼ੁਹਦ ਦਿਖਾਲੀ।"

ਸੈਨਤ ਕਰ ਰਬਾਬ ਵਲ ਡੂੰਘੀ,
ਗੁਰ ਮੁਸਕਾ ਸੁਣਿ ਬੋਲੇ :
"ਕੁਦਰਤ ਸਗਲ 'ਚ ਲਾ ਮੈਂ ਗੋਤਾ,
ਢੂੰਡੇ ਤਨ ਦੇ ਚੋਲੇ।

"ਅਦਮੋਂ ਅਬਦ ਤੀਕ ਕੁਲ ਕੁਦਰਤ,
ਧੁਰੋਂ ਜਗਾ ਚਮਕਾਰਾ
ਜਦ ਸੁਣਦੀ ਸਣ ਕੇਸਾਂ ਦਿਸਦਾ
ਨਰ ਚਾਨਣ ਵਿਚ ਸਾਰਾ।

"ਕੇਸ ਕੇਸ ਹਰ ਰੋਮ ਰੋਮ ਤਕ
ਬਸ਼ਰ ਦੀ ਕਾਮਿਲ ਹਸਤੀ,
ਪਲ ਪਲ ਪਰਮ ਨੇਮ ਸੰਗ ਚਮਕੇ
ਵਿਚ ਤਾਰਾ-ਗਣ ਬਸਤੀ।

"ਓਸੇ ਸਾਬਤ ਸੂਰਤ ਦਾ ਮੈਂ
ਪੈਗ਼ੰਬਰ ਵਣਜਾਰਾ,
ਨੰਗੇ ਚਰਨ! ਕਾਲ ਹਰ ਛੋਹਾਂ
ਹੋ ਕੋਮਲ ਲਿਸ਼ਕਾਰਾ।

"ਅਨਹਦ ਨਾਦ ਬ੍ਰਹਮ ਦਾ ਡੂੰਘਾ,
ਹੈ ਪਾਪੋਸ਼ ਅਸਾਡਾ;
ਸਦੀਆਂ ਟਪ ਸਮੇਂ 'ਤੇ ਲਿਖਦਾ
ਸ਼ਬਦ ਖ਼ਮੋਸ਼ ਅਸਾਡਾ।

"ਰਹਿਣ ਰਵਾਨ ਬਿਬੇਕ ਮਿਰੇ ਵਿਚ
ਜ਼ੁਹਦ ਨਿਰੰਤਰ ਲੱਖਾਂ,
ਮੈਂ ਹਸਤੀ ਦਾ ਖ਼ਰਾ ਨਜ਼ਾਰਾ
ਅੰਤ ਕਾਲ-ਮਨ ਰੱਖਾਂ।

"ਜ਼ੁਹਦ ਦੇ ਕਹਿਰ ਦੁਪਹਿਰੇ ਰੂਹੋਂ
ਰੰਗ ਕਸੁੰਭਾ ਖੋਰਾਂ,
ਨਜ਼ਰਾਂ ਦੇ ਵਿਚ ਹੋਣ ਸਲਾਮਤ
ਤਦੋਂ ਅਗੰਮੀ ਭੋਰਾਂ।

"ਤਰਵਰ ਦੇ ਸਬਰਾਂ ਨੂੰ ਲੈ ਕੇ
ਨੈਂ ਦੀ ਪਾਲ ਸਖਾਵਤ,
ਜ਼ੁਹਦ ਛੋੜ ਵਹਿਣਾਂ ਨੂੰ ਦੇਵਣ
ਨਿਰੀ ਰੇਤ ਨੂੰ ਦਾਅਵਤ।

"ਰੇਤ 'ਚ ਖੜ੍ਹਕੇ ਰੂਹਾਂ ਵੇਖਣ
ਜ਼ੁਹਦ ਨ ਕੁਝ ਵੀ ਮੰਗਣ,
ਬੇਨਿਆਜ਼ ਜਿੰਦਾਂ ਦੇ ਅੱਗੇ,
ਕੋਟ ਮੰਜ਼ਿਲਾਂ ਲੰਘਣ।

"ਬੰਜਰ ਬੁਝੇ ਅਮਲ ਨੂੰ ਤੋਰਣ
ਨੂਰੀ ਜ਼ੁਹਦ ਇਲਾਹੀ,
ਕੁਲ ਧਰ ਦੇ ਦਰਵੇਸ਼ ਹੋਣ ਦੀ
ਤਾਂ ਗੁਰ ਦੇਣ ਗਵਾਹੀ।

"ਵੇਦ ਕਤੇਬ ਸਦਾ ਜੋ ਹਾਜ਼ਰ
ਹੋਣ ਉਦੋਂ ਜਿਉਂ ਗੋਰਾਂ,
ਜਦੋਂ ਸਮੇ ਦੇ ਸਬਰ ਭੁਲਾਵਣ
ਕੁਲ ਦਰਵੇਸ਼ੀ ਲੋੜਾਂ।

"ਪਾਕ ਜ਼ੁਹਦ ਵਿਚ ਵਸਣ ਅਜ਼ਾਨਾਂ
ਲਹਿ ਰਬਾਬ-ਦਿਲ ਜਾਵਣ,
ਉਠ ਧਿਆਨ ਲਾਉਣ ਵਿਚ ਅਮਲਾਂ
ਸੈ ਦਰਵੇਸ਼ ਜਗਾਵਣ।

"ਰਾਗ ਵੇਸ ਜਦ ਪਿਰ ਦਾ ਹੁੰਦਾ,
ਰਾਗ ਨ ਬਣੇ ਸੁਆਲੀ,
ਰਹਿਣ ਕਲੰਦਰ ਵਿਚ ਉਡੀਕਾਂ
ਰਾਗ ਸਬਰ ਦਾ ਵਾਲੀ।

"ਸੁਣੋ ਫ਼ਕੀਰ! ਹਯਾਤੀ ਦੇ ਜਿਸ,
ਕਾਮਲ ਪੰਧ ਪਛਾਣੇ;
ਸੋ ਦਰੁ ਦੇ ਉਸ ਨੂਰ 'ਚ ਰੰਗੇ
ਧਰ ਦੇ ਖੰਭ ਨਿਤਾਣੇ।"

ਪੀਰ ਮੁਰੀਦ ਸੁਖ਼ਨ ਇਹ ਸੁਣਦੇ
ਵਜਦਾਂ ਦੀ ਰੁਣ ਝੁਣ ਚੋਂ;
ਵਹਿਣ ਹਕੀਕਤ ਦੇ ਚੜ੍ਹ ਵਗਦੇ
ਇਸ਼ਕ ਅਕਹਿ ਦੀ ਧੁਨ ਚੋਂ।

ਜਿਵੇਂ ਕਲੰਦਰ ਖੂਹ ਸੀ ਦਿੱਤੇ
ਹੜ੍ਹ ਵਿਚ ਇਲਮ ਰੁੜ੍ਹਾਈ,
ਕੂੜ ਕਾਰ ਸਭ ਇਉਂ ਹੀ ਜਗ ਦੀ
ਪਲ ਵਿਚ ਸ਼ੇਖ਼ ਭੁਲਾਈ।

ਜਿਵੇਂ ਭਰੇ ਦਰਿਆ ਚੋਂ ਉਸਨੂੰ
ਹੱਥ ਖ਼ੁਦਾਈ ਧੂਹਿਆ,
ਫੇਰ ਅਲੀ-ਦਿਲ ਲਗਕੇ ਬਲਿਆ
ਤੂਰ ਅਦੁੱਤੀ ਲੂਹਿਆ;

ਇਓਂ ਹੀ ਸਾਨੀ ਸ਼ਰਫ਼ ਨੂੰ ਡੂੰਘੇ
ਇਲਮੋਂ ਨਵੇਂ ਕਿਨਾਰੇ,
ਇਸ਼ਕ ਅਮੋਘ ਗੁਰੂ ਦਾ ਖਿੱਚੇ
ਜਿਧਰ ਮੀਤ ਨਭ ਤਾਰੇ।

ਜਿਉਂ ਬ੍ਰਹਿਮੰਡ ਅਫੁਰੋਂ ਥਰਕਦੇ
ਉੱਠੇ ਰਾਗ ਰਬਾਬੋਂ,
ਚਿਰੂ ਦੀਨ ਦੇ ਪੂਰਨ ਹੁੰਦੇ
ਗੁਰ ਨਾਨਕ ਦੇ ਖ਼ਾਬੋਂ।

ਗੁਰੂ ਨਾਨਕ ਦਾ ਦਿੱਲੀ ਵਿਚ ਮਜਨੂੰ ਫ਼ਕੀਰ ਦੇ ਵਜਦ ਅੰਦਰ ਸਾਬਤ ਤਸੱਵੁਫ਼ ਦੀ ਮੌਲਿਕਤਾ ਨੂੰ ਜਗਾਉਣਾ ਅਤੇ ਸ਼ਹਿਨਸ਼ਾਹ ਸਿਕੰਦਰ ਲੋਧੀ ਨੂੰ ਮੌਤ ਦੇ ਰਹੱਸਾਂ ਸਾਹਮਣੇ ਖੜਾ ਕਰਕੇ ਉਸ ਅੱਗੇ ਆਪਣੇ ਬੰਦੀ ਛੋੜ ਹੋਣ ਦਾ ਜਲਾਲ ਪਰਤੱਖ ਕਰਨਾ

ਵੱਡੇ ਤੜਕੇ ਦਰ ਦਿੱਲੀ ਦੇ
ਇਕ ਪੈਗਾਮ ਖਲੋਏ,
ਵਗ ਵਗ ਫੜਣ ਜਦੋਂ ਜਲ ਜਮਨਾ
ਹੁਸਨ ਅਨੰਤ ਦੀ ਲੋਇ।

ਤਾਰਾ-ਗਣਾਂ ਦੇ ਕਦਮ ਅਸੰਖਾਂ
ਲੋਅ ਮਹੀਨ ਹੋ ਕੰਬਣ
ਜਦੋਂ ਵਹਿਣ ਜਮਨਾ ਦੇ ਨਭ ਤੋਂ
ਹੁਸਨ-ਹਿਸਾਬ ਨੂੰ ਮੰਗਣ।

ਕਿਤੇ ਅਮਿੱਤ ਖ਼ਲਾਅ 'ਚ ਗਾਰਾਂ
ਜੁਗਾਂ ਤੋਂ ਹਰਫ਼ ਲੁਕਾਏ,
ਪਾ ਗਿਆਨ ਦਾ ਜਗਮਗ ਬਾਣਾ
ਤੁਰ ਰਿਸ਼ੀਆਂ ਜਿਉਂ ਆਏ।

ਸੁਣਨ ਦਸਤਕਾਂ ਬ੍ਰਹਿਮੰਡਾਂ ਚੋਂ
ਨੌਮ ਪੈਗੰਬਰ ਜਾਗੇ,
ਅਨਿਕ ਗੁਪਤ ਗਾਰਾਂ ਚੋਂ ਉੱਠਣ
ਨਵ ਪੈਗ਼ਾਮ ਸੁਭਾਗੇ।

ਮਹਾਂ ਕਹਿਕਸ਼ਾਂ ਦੇ ਪਰ ਲਾ ਕੇ
ਮਾਰੀ ਵਕਤ ਉਡਾਰੀ,
ਰਾਜ਼ ਅਗਾਧ ਚੀਰ ਕੇ ਡੂੰਘਾ
ਵੇਖੇ ਗੁਰੂ ਦਿਦਾਰੀ।

ਜੋ ਤਾਰੇ ਬੇਵਤਨ ਅੰਬਰੀਂ
ਇਸ ਪਲ ਯਾਰ ਨੂੰ ਮਿਲਦੇ,
ਜਮਨਾ, ਕੁਤਬ ਮਿਨਾਰਾ, ਟਿੱਲਾ,
ਬਣੇ ਮੁਸਾਫ਼ਿਰ ਦਿਲ ਦੇ।

ਇਸ ਪਲ ਗੁਰੂ-ਮੁਖ 'ਤੇ ਕਰਦਾ
ਵਕਤ ਹਯਾਤੀ-ਛਾਵਾਂ,
ਕਿਧਰੇ ਕਤਰੇ, ਛਿਣ ਸੁੱਤੇ ਵਿਚ
ਹੋਵਣ ਵਕਤ-ਦੁਆਵਾਂ।

ਨੈਂ-ਵਹਿਣਾਂ ਵਿਚ ਵਕਤ ਖਲੋਤਾ
ਛੁਪੇ ਗਗਨ ਗਲ ਲਾਵੇ,
ਇਕ ਯਾਦ ਵਿਚ ਪੀ ਸਦੀਆਂ ਨੂੰ
ਮਿਟੀ ਤਾਰੀਖ਼ ਜਿਵਾਵੇ।

ਬਣਿਆਂ ਵਕਤ ਸੀ ਕੁਲ ਹਯਾਤੀ
ਨਦਰ ਛੁਹੇ ਆ ਬੰਦੇ,
ਨਭ ਦੇ ਛਤਰ ਨੂਰਾਨੀ ਚੀਰਣ
ਤਿਮਰ ਮੌਤ ਦੇ ਅੰਧੇ।

ਅੰਬਰ ਤੋਂ ਪਾਤਾਲ ਤੀਕਰਾਂ
ਲਸੇ ਨੌਮ ਪੈਗੰਬਰ,
ਛਲਕੇ ਬੇਨਿਆਜ਼ ਕੋ ਜੀਵਨ
ਠੰਢੇ ਅਸਥਾਂ ਅੰਦਰ।

ਵੱਡੇ ਤੜਕੇ ਜਮਨਾ ਕੰਢੇ
ਦਰ ਹੁਜਰੇ ਦੇ ਥਰਕੇ,
ਨਵੇਂ ਵਜਦ ਤੇ ਨਵੀਂ ਨਜ਼ਰ ਵਿਚ
ਦਿਸਣ ਕੁਰਾਨ ਦੇ ਵਰਕੇ।

ਅਰਸ਼ ਅਸੀਮ ਕਿਤੇ ਨਾ ਕੰਢਾ,
ਮਜਨੂੰ ਦਾ ਦਿਲ ਨਿੱਕਾ!
ਸਾਬਤ ਇਸ਼ਕ ਮਾਰਦਾ ਠਾਠਾਂ
ਸਰਬ ਕਾਲ ਤੋਂ ਤਿੱਖਾ।

ਸਦਾ ਸਲਾਮਤ ਸਦਾ ਸੁਤੰਤਰ
ਕੁੱਲੀ ਗਗਨਾਂ ਥੱਲੇ,
ਹਰ ਦਸਤਕ ਤੋਂ ਪਰੇ ਦੁਰੇਡੀ
ਸੁਥਕ ਇਸ਼ਕ ਬਸ ਪੱਲੇ।

ਹੜ੍ਹ ਡਾਢੇ ਵਿਚ ਇਲਮ ਹਕੀਕਤ
ਮਨ ਮਜਨੂੰ ਦਾ ਝੇਲੇ,
ਆਖ਼ਰ ਹੁਜਰੇ ਦੇ ਵਿਚ ਦਸਤਕ
ਸੁਣਦੀ ਅੰਮ੍ਰਿਤ ਵੇਲੇ।

ਸੁਣ ਦਸਤਕ ਨੂੰ ਮਜਨੂੰ ਕੂਕੇ:
"ਜਫ਼ਰ ਬਹੁਤ ਮੈਂ ਜਾਲੇ,
ਖ਼ਾਵੇਂ ਥਰਕਣ ਅਜਬ ਮਿਰ੍ਹਾਜਾਂ,
ਧੁਰ ਦੀ ਛੁਹ ਨਾ ਹਾਲੇ।

"ਹਾਂ, ਇਸ ਨਾਜ਼ਕ ਦਸਤਕ ਪਿੱਛੇ
ਹਸਦੀ ਕੁੱਲ ਹਯਾਤੀ,
ਦੁਲਹਨ ਵਾਂਗ ਮੌਤ ਨੂੰ ਲਾਵੇ
ਨਾਲ ਨਸ਼ੀਲੀ ਛਾਤੀ।

"ਸੁੰਨ ਕਾਲ ਦੇ ਪੱਥਰ ਟੁੱਟੇ
ਨਾਚ ਛਿੜੇ ਕੋ ਮੋਰੇ,
ਖ਼ਾਕ ਮਰਗ ਦੀ ਗਗਨ ਉਤਾਰਣ
ਅਮਰ ਸਾਸ ਜੋ ਮੋਰੇ।"

ਦਰ ਚੋਂ ਧੂਹ ਪਵੇ ਦਰ ਖੁੱਲੇ!
ਨਾਨਕ ਮਜਨੂੰ ਸਾਵ੍ਹੇਂ,
ਫੇਰ ਰਬਾਬੀ ਦੀ ਚੁਪ ਦੱਸੇ
ਜੁਗ ਜੁਗ ਦੇ ਸਿਰਨਾਵੇਂ।

ਦਾਨੇ ਦੀ ਪਿਰ-ਤਾਂਘ ਸਾਜਦੀ
ਰੋਮ ਰੋਮ ਮਿਜ਼ਰਾਬਾਂ,
ਤਿਤ ਵਲ ਮੂਕ ਸੰਗੀਤ ਜੁਗਾਂ ਦੇ
ਉਲਰ ਰਹੇ ਵਿਚ ਖ਼ਾਬਾਂ।

ਫਿਰ ਲਿਪਟੀਆਂ ਮਿਜ਼ਰਾਬਾਂ ਤੇ
ਵਕਤ ਦੀਆਂ ਸਭ ਤਾਨਾਂ,
ਜਿਨ੍ਹਾਂ ਦੇ ਬਿਜ-ਵੇਗ ਨੂੰ ਲਾਵੇ
ਲਿਵ ਮਜਨੂੰ 'ਤੇ ਦਾਨਾ।

ਫਿਰ ਫ਼ਕੀਰ ਦੇ ਤਨ ਮਨ ਉੱਤੇ
ਲੱਗੇ ਹਥ ਨੂਰਾਨੀ
ਜਿਹਨਾਂ ਵਿਚ ਨਵ ਛੁਹ ਧਰਤੀ ਦੀ,
ਉਂਜ ਸਭ ਕੁਝ ਅਸਮਾਨੀ!

ਮਜਨੂੰ-ਦਿਲ ਹੈ ਇਸ਼ਕ ਹਕੀਕਤ
ਸਭ ਗਗਨਾਂ ਦਾ ਕਾਂਬਾ,
ਜਿਧਰ ਸ਼ੇਸ਼ ਜਿਉਂ ਵਕਤ ਝੂਮਦਾ
ਚਾ ਕਾਲਾਂ ਦਾ ਝਾਂਜਾ।

ਰਲ ਮਰਦਾਨਾ ਨਾਨਕ ਮਜਨੂੰ
ਜਮਨਾ ਕੰਢੇ ਆਏ,
ਜਿਸ ਫ਼ਜਰ ਤ੍ਰੈ ਕਾਲ ਦੀ ਰਹਿਮਤ
ਵਿਚ ਦੇਹੀ ਸਿਮ ਜਾਏ।

ਨਾਨਕ ਨਜ਼ਰ ਕਰੇ ਵਲ ਵਹਿਣਾਂ
ਦਿਲ ਫ਼ਕੀਰ ਦਾ ਕੰਬੇ
ਲਾਏ ਕਦੇ ਸੀ ਪੂਰ ਮੁਸਾਫ਼ਿਰ
ਮਿਹਰ ਜਿਦ੍ਹੀ ਨੇ ਕੰਢੇ।

ਰਹੇ ਮਹੀਨ ਰਮਜ਼ ਵਿਚ ਸੂਫ਼ੀ
ਜੋ ਨਿਰੀ ਅਸਮਾਨੀ
ਹੁਣ ਇਸ ਵਕਤ-ਮੋੜ 'ਤੇ ਕਰਦਾ
ਧਰਤੀ ਦੀ ਮਹਿਮਾਨੀ।

ਦਾਮਨ ਪਾਕ ਯਾਦ ਦਾ ਫੜਕੇ
ਅਨਕਾ-ਸਿਖਰ 'ਤੇ ਜਾਵੇ,
ਹੇਠ ਵਗਣ ਜਮਨਾ ਦੇ ਪਾਣੀ
ਸਿਖਰ ਗ਼ੈਬ ਗਲ ਲਾਵੇ।

ਲੰਘੇ ਸਮੇ ਦਾ ਹਰਫ਼ ਅਦੁੱਤੀ
ਧੁਨੀ ਅਗੰਮ ਬਣਾਵੇ,
ਮਜਨੂੰ-ਖ਼ਾਬ ਤਿੜਾਂ ਵਿਚ ਗੁੰਦੇ
ਕਰੇ ਗਗਨ ਸਭ ਸਾਵੇ।

ਸੂਫ਼ੀ ਦੇ ਮਸਤਕ ਵਿਚ ਭਾਵੇਂ
ਲਰਜ਼ੇ ਉੱਚ ਅਣਦਿੱਸੇ
ਇਲਮ ਚ ਆਖ਼ਿਰ ਹੁੰਮ ਹੁਮਾਏ
ਮੁਣਸ ਮਿਹਰ ਦੇ ਕਿੱਸੇ :

ਮੰਝਧਾਰਾਂ ਵਿਚ ਵਹਿਣ ਖਰੂਦੀ
ਫਸੇ ਜਦੋਂ ਵੀ ਪਾਂਧੀ,
ਮਜਨੂੰ ਅਸਲ ਪੜਾ 'ਤੇ ਲਾਏ
ਮੋੜ ਮੌਤ ਦੀ ਆਂਧੀ।

ਚਮਕ ਪਏ ਸੂਫ਼ੀ ਦੇ ਮੱਥੇ
ਜੋ ਅਹਿਸਾਸ ਗੁਆਚੇ,
ਪੰਧ ਹਕ਼ੀਕ਼ਤ 'ਤੇ ਵੀ ਥੱਕਣ
ਬਾਝ ਮਸੀਹਾ ਸਾਚੇ।

ਨਾਨਕ ਫੇਰ ਤਸੱਵੁਫ਼ ਦੇ ਪਰ
ਖੋਲ੍ਹੇ ਵਲ ਪਰਵਾਜ਼ਾਂ,
ਉਡਦਾ ਸ਼ਬਦ ਅਦਿੱਖ ਗਗਨ ਚੋਂ
ਚਮਕ ਪਵੇ ਵਿਚ ਤਾਜਾਂ,

ਜਿਸਦੀ ਛੂਹ ਲਿਵੇਂ ਹੋ ਰੋਸ਼ਨ
ਕੌਮਾਂ ਅਤੇ ਸਮਾਜਾਂ,
ਕੋਟ ਅਪਕੜ ਫ਼ਾਸਲੇ ਚੁੰਮੇ
ਰਹਿ ਵਿਚ ਘਰ ਦੇ ਕਾਜਾਂ।

ਕਰੇ ਕੀਰਤਨ ਜਮਨਾ ਕੰਧੀ
ਗੁਰਾਂ ਨਾਲ ਮਰਦਾਨਾ,
ਨਿਹਚਲ ਥਾਂਵ ਮੀਤ ਦੇ ਦੱਸੇ
ਲੱਖਾਂ ਕਾਲ-ਨਿਸ਼ਾਨਾਂ।

ਸ਼ਹਿਨਸ਼ਾਹ ਦੇ ਫੀਲ-ਮਹਿਲ ਚੋਂ
ਵੈਣ ਸੁਣਨ ਫਿਰ ਡੂੰਘੇ,
ਭਾਵੇਂ ਬਿਰਖ ਗੀਤ ਲੈ ਜਾਗਣ
ਜ਼ਖ਼ਮ ਹੋਣ ਛਾਂ ਹੂੰਗੇ।

ਸ਼ਾਹੀ ਸ਼ਹਿਰ ਦੇ ਬੰਦ ਦਰਾਂ ਵਿਚ
ਗੀਤ ਹਯਾਤੀ ਗੂੰਜੇ,
ਖੋਲ੍ਹੇ ਪਾਸਬਾਨ ਦਰ ਤੜਕੇ
ਮੌਤ ਮਿਲੀ ਜੋ ਊਂਘੇ।

ਫੀਲ-ਮਹਿਲ ਚੋਂ ਸੁਣ ਕੁਰਲਾਟਾਂ
ਤਰਸ ਨਿਧਾਨ ਵਿਰਾਗੇ,
ਰੋਂਦੀ ਪਈ ਚੁਫੇਰੇ ਲੋਈ
ਤ੍ਰੈ ਦਰਵੇਸ਼ਾਂ ਲਾਗੇ।

ਨਾਨਕ ਦੇ ਮਸਤਕ ਚੋਂ ਲਿਸ਼ਕੀ
ਰੂਹ ਵਕਤ ਦੀ ਭਾਰੀ,
ਜਿਸ ਵਿਚ ਰੱਤ ਵਾਂਗ ਸੀ ਚਲਦੀ
ਕੋ ਅਰਦਾਸ ਪਿਆਰੀ।

ਗੁਰ-ਅਰਦਾਸ ਹੁਕਮ ਇਕ ਹੋਏ
ਹਰ ਛਿਣ ਦਾਤ ਸਹੇਲੀ,
ਸਗਲਾ ਸਿਦਕ ਹਮੇਸ਼ ਆਰਜਾ
ਬਣੇ ਗੁਰੂ ਦੇ ਬੇਲੀ।

ਮੋਈ ਦੇਹ ਫ਼ੀਲ ਦੀ ਹੇਠਾਂ
ਦਾਤ ਖ਼ੁਦਾਈ ਸੋਏ,
ਗੁਰ-ਅਰਦਾਸ ਦੀ ਪਾ ਜੁ ਸੈਨਤ
ਨੂਰ ਜਿੰਦ ਦਾ ਹੋਏ।

ਸੁਣੀ ਫ਼ੀਲ ਦੇ ਜੀਣ ਦੀ ਆਖ਼ਿਰ
ਸ਼ਾਹ ਸਿਕੰਦਰ ਸੋਇ,
ਨਾਲ ਨਜ਼ਰ ਨਾਸਤਕ ਹਾਥੀ
ਵੇਖ ਹਸਦ ਵਿਚ ਖੋਏ।

ਪਲ ਭਰ ਰੰਗ ਆਸਤਕ ਚੜ੍ਹਿਆ
ਫ਼ੀਲ ਦਿਸੇ ਤਾਂ ਜੀਂਦਾ
ਦਾਤ ਖ਼ੁਸ਼ੀ ਤਕ ਨਜ਼ਰ ਨਾਸਤਕ!
ਸ਼ਾਹ ਜਮ ਨਾਲ ਦਸੀਂਦਾ।

ਕਹੇ ਪਾਤਸ਼ਾਹ "ਸੁਣੀਂ ਫ਼ਕੀਰਾ!
ਪੱਤ ਕਰੀਂ ਮੁੜ ਹਰਿਆ!
ਵਲੀ ਕਹਾਂ ਮੈਂ ਜੇ ਤੂੰ ਮੁੜ ਕੇ
ਫ਼ੀਲ ਨੂੰ ਜ਼ਿੰਦਾ ਕਰਿਆ।"

"ਏਸ ਦੁਨੀਂ ਦੇ ਸ਼ਾਹਾਂ ਦੇ ਨਾ"
ਗੁਰੂ ਕਹਿਣ "ਹਮ ਬੰਦੇ।
ਸਿਫ਼ਤ-ਸਲਾਹ ਦੀ ਦਾਤ ਮਿਲੇ ਜੇ
ਜ਼ੋਰ ਜਗਤ ਦੇ ਮੰਦੇ।

"ਜਿੰਦ ਮੌਤ ਹਨ ਵੱਖ ਇਲਾਹੀ,
ਇਹ ਹੈ ਰੱਤ ਨਿਮਾਣੀ,
ਪਿਰ ਨੂੰ ਜਦੋਂ ਪਛਾਣੇ ਮਿਲਦੀ
ਇਸ ਨੂੰ ਦਾਤ ਸੁਹਾਣੀ।

"ਕਾਲ ਜਿੰਦ ਦੀ ਦਾਤ 'ਚ ਪਲਦੇ
ਤਕ ਮਾਸੂਮ ਸੁਆਲੀ,
ਨਜ਼ਰ ਆਸਤਕ ਨੂੰ ਛੁਹ ਜਾਗੇ
ਠੰਢੇ ਪਿੰਜਰ ਖ਼ਾਲੀ।

"ਜਗ ਦਾ ਜਬਰ ਹਿਰਸ ਤੇ ਪੈਸਾਂ
ਪਾਕ ਜ਼ਾਤ ਨਾ ਮੰਨੇ,
ਉਦੋਂ ਅਗੋਚਰ ਦਾਤ ਰੱਬ ਦੀ
ਵੜੇ ਨ ਮੌਤਾਂ ਬੰਨੇ।

"ਕਲਿ ਕਾਤੀ ਰਾਜੇ ਕਾਸਾਈ,
ਆ ਨੂੜੇ ਜਮ-ਭੇਸਾਂ;
ਜਿੰਦ ਮਰਗ ਦੇ ਪਾਵਨ ਕਰਦੇ
ਨੇਮ ਹੱਥ ਦਰਵੇਸ਼ਾਂ।

"ਸ਼ਾਹ ਦੇ ਹੁਕਮ ਕਹਿਰ ਨੂੰ ਸੁਣਕੇ
ਸੁੰਨ ਫ਼ੀਲ ਨਾ ਬੋਲੇ।
ਮੌਤ-ਕ਼ਿਲੇ ਦੇ ਦਰ ਨਾ ਮੁੜਕੇ
ਦਾਤ ਇਲਾਹੀ ਖੋਲ੍ਹੇ।"

ਸ਼ਾਹ ਸਿਕੰਦਰ ਦੇ ਦਿਲ ਪਹਿਲਾਂ
ਦਹਿਲ ਹਜ਼ਾਰਾਂ ਧੜਕੇ;
ਕਰੇ ਦੁਆ ਫਿਰ, ਮਹਾਂ ਸੁੰਨ ਚੋਂ
ਜਿਉਂ ਅਨਕਾ-ਪਰ ਫੜਕੇ।

ਜਿਵੇਂ ਅਕ਼ੀਦਤ ਗੁਪਤ ਗ਼ਾਰ ਚੋਂ
ਢੂੰਡੇ ਪਾਵਨ ਵਰਕੇ
ਧਰ ਦੇ ਮੁੱਢ ਕਦੀਮ ਨੈਣ ਜਿਉਂ
ਹਰਫ਼ ਆਦਿ ਨੂੰ ਤੜਫੇ,

ਸ਼ਾਹ ਦਿੱਲੀ ਦੀ ਹਸਰਤ ਇਉਂ ਹੀ
ਹੋ ਬੰਦੀ-ਦਰ ਖੜਕੇ
ਪਹਿਲਾ ਨੂਰ ਵਿਸ਼ਵ ਦਾ ਢੂੰਡੇ
ਜੋ ਪਰਲੈ ਵਿਚ ਗ਼ਰਕੇ।

ਗੁਰੂ ਨਾਲ ਮਰਦਾਨਾ ਮਜਨੂੰ
ਵਿਹਣ ਵਿਚ ਸ਼ਾਹ-ਨਜ਼ਰਾਂ।
ਜਿਨ੍ਹਾਂ 'ਚ ਆਦਮ-ਕਾਲ ਉਦੇ ਸੀ
ਨਿਹਕਲੰਕ ਜਦ ਫ਼ਜਰਾਂ।

ਬੰਦੀਵਾਨ ਕਦੇ ਸੀ ਮਜਨੂੰ
ਵਿਚ ਧਿਆਨ ਦੀਵਾਰਾਂ;
ਹੋਇ ਅਜ਼ਾਦ, ਰਹਿਮ ਵਿਚ ਇਲਮਾਂ
ਗੁਰ ਭਰਿਆ ਦੇ ਸਾਰਾਂ।

ਰਾਜੇ ਸ਼ੀਂਹ ਮੁਕੱਦਮ ਕੁੱਤੇ,
ਹਿੰਸਾ ਹਸਦ ਲਿਆਵਣ,
ਅੰਬਰ ਜੇਡ ਜ਼ਮੀਰਾਂ ਦੇ ਵਿਚ
ਬੰਦੀ-ਨਗਰ ਬਣਾਵਣ।

ਜਮ ਜਦ ਸ਼ਾਹ ਬਣਨ ਤਾਂ ਹੁੰਦੇ
ਜਿੰਦ-ਦਾਤ ਖਿਨ ਖ਼ਾਲੀ,
ਫੜੇ ਵਕਤ ਜਿਸ ਵਲੀ ਦਾ ਦਾਮਨ
ਉਹੀ ਜਿੰਦ ਦਾ ਵਾਲੀ।

ਸ਼ਾਹ ਜਦ ਹੋਏ ਸੰਤ ਦਾ ਸੁਫ਼ਨਾ,
ਸਭ ਜਮ-ਖੇੜਾਂ ਖੋਰੇ,
ਬੰਦੀ-ਨਗਰ ਕਾਲ ਵਿਚ ਲੱਖਾਂ
ਵਾਂਗ ਗਾਜ਼ੀਆਂ ਤੋੜੇ।

ਇਲਮ-ਗਾਰ ਤੋਂ ਪੱਥਰ-ਘਰ ਦੇ
ਬੰਦੀਵਾਨ ਨਿਵਾਸੀ,
ਖੁੱਲ੍ਹ ਗਗਨ ਦੀ ਅੰਤ ਵੇਖਦੇ
ਸ਼ਾਹ ਜੇ ਪਾਇ ਖ਼ੁਲਾਸੀ।

ਦਰ ਨਾਨਕ ਦਾ ਲਕ ਸ਼ਹਿਨਸ਼ਾਹ
ਸਮੇ 'ਚ ਜਿੰਦ ਸਮੋਵੇ,
ਧਰੁ ਦੇ ਪਹਿਲੇ ਘਰ ਦਾ ਚਾਨਣ
ਹਰ ਬੰਦੀ ਵਲ ਛੋਵੇ।

ਸ਼ਾਹ, ਮਜਨੂੰ, ਸਭ ਲੋਕ ਜੁ ਬੰਦੀ,
ਰਾਹ ਭਿੰਨ ਹਰ ਜੂਨੀ,
ਕੁਝ ਦੇ ਸਫ਼ਰ ਮਹੀਨ ਵਾਲ ਤੋਂ
ਕੁਝ ਦੇ ਡੂਗਰ ਖ਼ੂਨੀ।

ਐਪਰ ਨਜ਼ਰ ਦੇ ਵਖ ਪੜਾ ਸਭ,
ਫਿੱਕੇ ਨਾਲ ਮਜੀਠੀ,
ਵਰ ਪਾਉਣ ਸਭ ਦੈਵੀ ਹਿਰਸੀ,
ਨਜ਼ਰ ਅਲੌਕਿਕ ਡੀਠੀ।

ਸ਼ਾਹ ਦੇ ਕਹਿਰਵਾਨ ਮੁਖ ਨੇੜੇ
ਹਰ ਮਾਸੂਮ ਖਲੋਵੇ,
ਜਮ ਦਾ ਰੂਪ ਢਲੇ ਵਿਚ ਦੋਜ਼ਖ਼
ਤਕ ਨਾਨਕ ਨੂੰ ਰੋਵੇ।

ਬੰਦੀਖ਼ਾਨੇ ਸੜਦੇ ਬੰਦੀ
ਗੁਰੂ ਪਛਾਣ ਸਿਕੰਦਰ
ਕਰੇ ਅਜ਼ਾਦ ਜਿਵੇਂ ਵਿਚ ਹਸ਼ਰਾਂ
ਉੱਪਰ ਮਿਹਰ ਪਗੰਬਰ।

ਚਿਸ਼ਤੀ ਪੀਰ ਹੋਰ ਬਹੁ ਸੂਫ਼ੀ
ਗੁਰ ਵਲ ਜੋਗੀ ਧਾਏ,
ਸ਼ਾਹੀ ਸ਼ਹਿਰ ਦੀ ਚਹਿਲ ਪਹਿਲ ਵਿਚ
ਬੰਦੀ-ਛੋੜ ਸਦਾਏ। -5-

ਮਾਯਾਪੁਰੀ (ਹਰਿਦੁਆਰ) ਵਿਚ ਗੁਰੂ ਨਾਨਕ ਤੇ ਮਰਦਾਨੇ ਦੇ ਪ੍ਰਵੇਸ਼ ਨਾਲ ਸੱਚ ਦੇ ਰਹੱਸਮਈ ਪ੍ਰਕਾਸ਼ ਹੋਣੇ

ਪੰਦਰਾਂ ਸੌ ਸੀ ਇਕ, ਸੰਨ ਜੁ ਈਸਵੀ
ਗੁਪਤ ਜ਼ਿਮੀਂ ਦੀ ਸਿੱਕ, ਵਣ ਵਣ ਪੁੰਗਰੀ;
ਮਾਯਾ ਪੁਰ ਨੇ ਭਿੱਖ, ਮੰਗੀ ਸੱਚ ਦੀ
ਰੰਗ ਦੀ ਉੱਜਲ ਦਿਖ, ਜਾਣੇ ਦਰਦ ਨੂੰ।
ਗੁਪਤ ਸਮੇ ਦੀ ਹਿੱਕ, ਕਿਸ ਨੂੰ ਤਾਂਘਦੀ ?
ਰੰਗ ਅਨਿਕ ਰਹੇ ਲਿਖ, ਮਾਹੀ-ਦਰਸ ਨੂੰ।
ਸਤਿਗੁਰ ਚਰਨਾਂ ਤੀਕ, ਮਾਯਾ ਪੁਰੀ ਤੋਂ
ਵਗਦੀ ਚੁੱਪ ਅਮੀਕ, ਕੋ ਅਰਦਾਸ ਲੈ।

ਸ਼ਾਹੀ ਸ਼ਹਿਰ ਦੇ ਵਿਚ, ਅਣਦਿਸ ਏਲਚੀ
ਘੁੰਮਦਾ ਲੈ ਕੇ ਤਿਖ, ਦੂਰ ਦੁਰੇਡੜੀ
ਜਾਂ ਉਹ ਚੀਰ ਕੇ ਹਿੱਕ, ਮਾਯਾ ਸੰਦੜੀ
ਗਲੀਏਂ ਫਿਰਦਾ ਸਿੱਖ, ਮੁੱਢ ਕਦੀਮ ਦਾ
ਚਾਏ ਪਿਆ ਜਲਾਲ, ਦੂਰ ਅਕਾਸ਼ ਦਾ
ਦਿਸਦਾ ਨਾਨਕ ਨਾਲ, ਚਾਰੇ ਕੁੰਟ ਹੀ।
ਸੁਣੇ ਅੰਤ ਗੁਰ-ਸੋਅ, ਮਾਯਾਪੁਰੀ ਚੋਂ:
"ਚੀਰ ਵਧੇਗੀ ਲੋਅ, ਤੀਜੇ ਪੰਥ ਦੀ।
ਦਾਨੇ ਦੀ ਮਿਜ਼ਰਾਬ, ਫਿਰਦੀ ਸਮੇ ਤੇ
ਫੜੀ ਚੁੰਝ ਵਿਚ ਵਾਗ, ਜਿਸਦੀ ਬਾਜ਼ ਨੇ
ਚਮਕਣਿ ਵਾਂਗ ਚਰਾਗ਼, ਸੀਸ ਜੁ ਤਲੀ ਤੇ
ਬਣੇ ਤੇਗ਼ ਦਾ ਰਾਗ, ਸ਼ਬਦ ਗ੍ਰੰਥ ਦਾ।"

ਵਗੇ ਵਗੇ ਇਹ ਰੰਗ, ਨਜ਼ਰ ਅਨੰਤ ਦੀ
ਪਲਾਂ 'ਚ ਸਿਮਦਾ ਰੰਗ, ਜਿਵੇਂ ਮਹੇਸ਼ ਦਾ।
ਬਣਕੇ ਲਸਦੀ ਵੰਗ, ਉਮਾ ਅਦਿੱਖ ਦੀ
ਛਣਕ ਰਹੇ ਸਭ ਅੰਗ, ਸ਼ੰਕਰ ਨੇੜ ਨੇ।
ਲਿਸ਼ਕੇ ਮੰਤ ਕਮਾਲ, ਆ ਪਰਲੋਕ ਚੋਂ
ਫਿਰ ਮਾਯਾ ਦੇ ਨਾਲ, ਲਿਪਟੇ ਵੇਲ ਜਿਉਂ।
ਗਾਵੇ ਸ਼ਬਨਮ ਖ਼ਾਬ, ਸੁੱਚੀ ਖ਼ਾਕ ਤੇ
ਜਾਗੇ ਮਾਯਾ-ਰਾਗ, ਚੀਰ ਪਾਤਾਲ ਨੂੰ।
ਸੀ ਵਿਸਾਖ ਦੇ ਕੇਸ, ਲਹਿਰੀਂ ਖਿਲਰੇ
ਸਘਣ ਵਣਾਂ ਦੇ ਵੇਸ, ਨੈਂ ਸ਼ਿੰਗਾਰਦੇ।
ਚਤੁਰ ਗਿਣਤੀਆਂ ਸੋਅ, ਦੇਵਣ ਗੂੰਜ ਕੇ:
"ਬਿਰਖ ਰਾਸ 'ਤੇ ਲੋਅ, ਪੈਂਦੀ ਰਵੀ ਦੀ।
ਨਮੋ ਕਰੇਂਦਾ ਨੂਰ, ਪਾਵਨ ਦਰਾਂ ਤੇ
ਵਾਟ ਮੇਖ ਦੀ ਦੂਰ, ਪਿੱਛੇ ਜੋਜਨਾਂ।
ਇਹ ਮੁੜ ਦੈਵੀ ਚਾਪ, ਨੂਰੀ ਪਗਾਂ ਦੀ
ਬਣੇ ਅਦੁੱਤੀ ਜਾਪ, ਰਾਸ਼ੀ ਕੁੰਭ ਤੇ।"
ਸਿਮਰਣ ਗੰਗਾ-ਤੀਰ, ਬੈਠੇ ਜੁਗਾਂ ਤੋਂ
ਕੌਲ ਰਹੇ ਵਿਚ ਨੀਰ, ਤੁਰ ਗੇ ਸੰਤ ਦੇ।
ਥਰਕੀ ਫੇਰ ਰਬਾਬ, ਛੋਹਾਂ ਮੂਕ ਪੀ
ਪਰਸਿ ਅਰੂਪ ਜੁ ਖ਼ਾਬ, ਰਿਸ਼ੀਆਂ ਵਾਲੜੇ।

ਮਰਦਾਨੇ ਨੂੰ ਯਾਦ, ਫਿਰ ਦੋ ਦੇਸ ਜੋ
ਕੱਢੇ ਪਾਵਨ ਨਾਦ, ਮਾਯਾ ਕੱਟ ਕੇ।
ਕੇਲਾਂ ਭਰੇ ਸੀ ਵਣ, ਮਧਰੇ ਬਿਰਖ ਵੀ
ਝਿੱਕੇ ਪਰਬਤਾਂ ਤਨ, ਗਗਨ ਸਮਾਧੀਆਂ।
ਚੁੰਮੇ ਤਾਰ ਮਹੀਨ, ਹਰ ਇਲਹਾਮ ਨੂੰ
ਪੱਤ ਪੱਤ ਤੇ ਬੀਨ, ਜਿਸਦੀ ਵੱਜਦੀ।
ਨਾਨਕ ਨਾਲ ਯਕੀਨ, ਹੁੰਮਸ ਤੋੜਦੇ
ਘੁੱਟ ਕਰੇ ਜੋ ਹੀਣ, ਨਜ਼ਰਾਂ ਰੱਬ ਤੋਂ।
ਸੌਂਦੀ ਕੂਲ ਹੁਸੀਨ, ਬਖਸ਼ੇ ਨਿਗ੍ਹਾ ਜੋ
ਸੂਖਮ ਤੀਰਥ ਜੀਣ, ਆਂਙਣ ਜਿੰਦ ਦੇ;
ਖੜ੍ਹ ਨਾਨਕ-ਦਰ ਪੀਣ, ਸੁੱਚੇ ਜਲਾਂ ਨੂੰ
ਬਿਨਾਂ ਬੂਟ ਸੁਕ ਥੀਣ, ਜੁਗੀਂ ਪਹਾੜ ਜੋ।

ਮਾਯਾ ਪੁਰੀ ਪੁਨੀਤ, ਤੀਰਥ ਗੰਗ ਤੇ
ਮੌਤੋਂ ਅਗਲੀ ਰੀਤ, ਥਾਪਣ ਓਸ ਥਾਂ।
ਅਨਿਕ ਸੁਪਨ ਕਰ ਪਾਰ, ਮਾਯਾ ਪੁਰੀ ਤੋਂ
ਇਹੀਓ ਹਰੀ ਦੁਆਰ, ਤੀਰਥ ਬਣੇਗਾ।
ਵਹਿਣ ਉੱਜਲੇ ਰੰਗ, ਝੂਮ ਬਣਾਂਵਦੀ
ਨਭ ਦੀ ਕਰਨ ਉਮੰਗ, ਕੂੰਬਲ ਵਾਂਗ ਜੋ।
ਛਿੜੀ ਰਬਾਬੋਂ ਹੋਰ, ਬਾਣੀ ਤਦੋਂ ਸੀ
ਧੂੰ-ਲਿਪਟੀ ਹਰ ਗੋਰ, ਜੁਗ ਜੁਗ ਕੰਬਦੀ।
ਬਹੁ ਧਰਮ ਦੇ ਵੇਸ, ਝੁਰਮਟ ਪਾ ਰਹੇ
ਲੰਘੇ ਪਈ ਵਰੇਸ, ਖਿੜਿਆ ਧਰਮ ਨਾ!
ਜੋਤਸ਼ ਦੇ ਬਹੁ ਜਾਲ, ਘੇਰਨ ਨਦੀ ਨੂੰ
ਨਿੰਬਲ ਸਚ ਬੇਹਾਲ, ਫਾਥਾ ਮੀਨ ਜਿਉਂ।
ਸਹਿਜ ਸੁਰਤ ਵਿਚ ਸ਼ੋਰ, ਵਰਣਾਂ ਪਾਇਆ
ਤਰਕ 'ਚ ਲੁਕਿਆ ਚੋਰ, ਮਿੱਠੇ ਛਲਾਂ ਦਾ।
ਪੁਸ਼ਤਾਂ ਦੇ ਸਭ ਪੰਧ, ਪਾਂਡੇ ਲੀਕਦੇ
ਮਰਗ-ਦਿਸ਼ਾ ਦੇ ਅੰਧ, ਬੈਠੇ ਨਾਪਦੇ।
ਚੜ੍ਹਦਾ ਜਦੋਂ ਵਸਾਖ, ਲੋਕ ਨੇ ਦਸਦੇ:
ਢੂੰਡ ਲਵੇ ਨੈਂ ਆਪ, ਪਿਤਰੀ ਧਾਮ ਨੂੰ।
ਅਰਧ ਕੁੰਭ ਫਿਰ ਕੁੰਭ, ਜਦ ਵੀ ਆਂਵਦਾ
ਹਰ ਮੋਏ ਦੀ ਰੂੰਗ, ਦਿਲ 'ਤੇ ਵੱਜਦੀ।

ਸਭ ਦੇਸਾਂ ਦੇ ਲੋਕ, ਹੁੰਮ ਹੁਮਾਉਂਦੇ
ਨੈਂ ਚੋਂ ਭਰਦੇ ਓਕ, ਪਿਤਰਾਂ ਵਾਸਤੇ।
ਜਦ ਸੂਰਜ ਵਲ ਭੀੜ, ਨੈਂ-ਜਲ ਵਾਰਦੀ
ਤਦ ਲਹਿੰਦੇ ਵਲ ਨੀਰ, ਗੁਰਾਂ ਤਰੌਂਕਿਆ।
ਹਰੀ ਭਗਤ ਸਭ ਸ਼ੈਵ, ਪਾਂਡੇ ਕੂਕਦੇ:
"ਇਹੋ ਸ਼ਾਸਤਰ-ਐਬ, ਕਹਿਣ ਅਧਰਮ ਦਾ
ਹੋਵਣ ਵਰਣ ਅਧੀਰ, ਰਾਹ ਤਕ ਦਾਨਵੀ
ਨੈਂ 'ਚ ਕੌਣ ਬੇਪੀਰ, ਹੱਥ ਨੇ ਪਾਸ਼ਵੀ?"
ਸੁਣ ਨਾਨਕ ਗੰਭੀਰ, ਡੂੰਘਾਂ ਉੱਤਰੇ
ਮਹਾਂ ਨੇਮ ਦੇ ਤੀਰ, ਨੈਂ ਬ੍ਰਹਿਮੰਡ ਦੀ।
ਗੁਰਾਂ ਕਿਹਾ "ਕਿਉਂ ਆਪ, ਨੀਰ ਤਰੌਂਕਦੇ?
ਮੇਰਾ ਵੀ ਕੋ ਜਾਪ! ਕਿਉਂਕਰ ਰੋਸੜੇ?
ਹੁਕਮ ਲਤੀਫ਼ ਅਨਾਮ, ਜਲ ਥਲ ਲਿਸ਼ਕਦਾ,
ਕਹਿਨ ਪਿਤਰ ਦੇ ਧਾਮ, ਉਸ ਬਿਨ ਪਰਸਣੇ।
ਜਦ ਸੋਦਰੁ ਤਕ ਸ਼ਾਮ, ਪੈਂਦੀ ਯਾਦ ਦੀ
ਤਾਂ ਸੂਰਜ ਜਿਉਂ ਆਮ, ਮਿਲਦੇ ਪਿਤਰ ਨੇ।
ਸਾਚ ਨਾਇ ਦਾ ਨੂਰ, ਜਦ ਕੁਝ ਜਾਣੀਏਂ
ਦਿਸਣ ਮੌਤ-ਦਸਤੂਰ, ਜਿੰਦੋਂ ਪਰੇ ਤਾਂ
ਐਪਰ ਪਿਤਰੀ ਧਾਮ, ਥਾਪਣ ਮੁਲਸ ਨਾ
ਪਾਕ ਹੁਕਮ ਪੈਗਾਮ, ਦੇਵਣ ਮਰਗ ਨੂੰ।
ਜੇ ਹਨ ਠੋਸ ਨਿਸ਼ਾਨ, ਪਿਤਰੀ ਧਾਮ ਦੇ
ਹੋਣ ਪੰਚ ਪਰਵਾਨ, ਦਰਗਹ ਤੀਕ ਨਾ।
ਗਗਨ, ਕਾਲ ਵਿਚ ਦੀਪ, ਮਰੇ ਨ ਬਾਲਦੇ
ਕੋਟ ਮੰਡਲਾਂ ਤੀਕ, ਫਿਰਨ ਰਹੱਸ ਹੋ।
ਇੰਦ ਚੰਦ ਤੇ ਸੂਰ, ਕੇਤੇ ਦੇਸ ਨੇ
ਸਾਚ ਨਾਇ ਤੋਂ ਦੂਰ, ਜੋ ਸਨ ਕਿਤੇ ਨਾ!
ਸੁੰਗੜੇ ਕਿਵੇਂ ਅਨੰਤ, ਮਾਨਵ ਧਾਮ ਤੇ?
ਤਿਖ ਦਾ ਕਰੋ ਨ ਅੰਤ, ਮੁਦਰਾ ਥਾਪ ਕੇ।
ਨਾ ਅਗੰਮ ਨੂੰ ਸਾਂਗ, ਵਿੰਨੇ ਜ਼ਰਾ ਵੀ
ਅੰਕੁਰ, ਬੀਜ ਨ ਬਾਂਗ, ਥਾਂ ਕੋ ਮੱਲਦੇ।
ਘਾੜਤ ਜਦੋਂ ਹਮੇਸ਼, ਘੜਣੀ ਹੁਕਮ ਨੇ
ਖ਼ਾਸ ਦਿਸ਼ਾ ਤੇ ਦੇਸ, ਸਾਂਭਣ ਪਿਤਰ ਨਾ
ਉੱਪਰ ਮਾਯਾ-ਪੰਧ, ਗੋਰਾਂ ਫਬਦੀਆਂ
ਚਾੜ੍ਹ ਮੁਲੰਮਾ ਰੰਗ, ਜਾਪਣ ਦੁਲਹਨਾਂ।

ਕਿਉਂ ਜਲ ਭੇਜੋ ਮੀਤ, ਬੰਨ੍ਹੋ ਅਦਲ ਕਿਉਂ ?
ਪਿਤਰ ਹੋਣ ਜੇ ਕੀਟ, ਮਹਿਰਮ ਬਣਨ ਨਾ।"

ਪੰਡਤ ਕਹਿਣ "ਪੁਨੀਤ, ਕਥਨ ਪੁਰਾਣ ਦੇ
ਹੈ ਅਪਮਾਨ ਕੁਰੀਤ, ਮੁਦਰਾ ਤੇਂਡੜੀ।"
ਨਾਨਕ ਕਹੇ ਤਰੇਂਕ, ਪਾਣੀ ਪੱਛਮਾਂ :
"ਸ਼ਾਖ਼ ਰਹੀ ਹਰ ਹੋਕ, ਬਾਝੋਂ ਮੋਹ ਦੇ;
ਕਰਦੇ ਬੀਜ ਉਡੀਕ, ਮਾਨਵ-ਸਾਂਝ ਦੀ
ਬਾਲ ਦੇ ਨੈਣਾਂ ਤੀਕ, ਧਰਤੀ ਵਿਗਸਦੀ।
ਮੈਂਡੀ ਯਾਦ ਮਾਸੂਮ, ਧਰਤੀ-ਮੁੱਢ ਦੀ
ਸਿਮਰਣ ਜਿਦ੍ਹਾ ਕਾਨੂੰਨ, ਧੁਰ ਤੋਂ ਥਾਪਿਆ;
ਜਿੱਥੇ ਕੋਮਲ ਜਾਪ, ਸਿੱਖੇ ਅੰਕੁਰਾਂ
ਜਿਸ ਵਿਚ ਚਿੰਤ ਸਰਾਪ, ਮਾਨਵ ਪਾਪ ਦੇ
ਕਾਲ-ਸਰਾਲ ਦੀ ਵਿਸ਼, ਜਿਸ ਚੋਂ ਲੰਘਦੀ
ਬਾਲਪਨਾ ਰਿਹਾ ਲਿਖ, ਜਿਥੇ ਬੈਠਕੇ;
ਹੈ ਅਰਦਾਸ ਹਮੇਸ਼, ਓਧਰ ਮੈਂਡੜੀ
ਕਰੇ ਨਵੇਲੇ ਵੇਸ, ਸਾਂਝ ਜ਼ਮੀਨ ਦੀ।
ਭੇਜੇ ਫ਼ਜ਼ਲ ਅਮਿੱਟ, ਯਾਦਾਂ ਧਰਤ ਨੂੰ
ਮੈਂਡੀ ਓਕ ਦੇ ਵਿਚ, ਲਿਖਦਾ ਨੀਰ ਤੇ।
ਇਹ ਹੈ ਸ਼ਬਦ ਅਦਿੱਖ, ਬੰਨ੍ਹੇ ਕਾਲ ਨਾ
ਭਰਦਾ ਧਰ ਵਿਚ ਸਿੱਕ, ਪਿਰ ਦੀ ਰੰਗਲੀ।
ਬਾਲਪਨੇ ਦੇ ਅੰਗ, ਹੁੱਲਣ ਖ਼ਾਕ ਚੋਂ
ਮੈਂ ਤਲਵੰਡੀ-ਰੰਗ, ਚਾੜ੍ਹਾਂ ਗੰਗ ਤੇ।
ਬੁੱਤ ਬਣਨ ਨਾ ਮੀਤ! ਮੈਂਡੀ ਯਾਦ ਦੇ
ਥਾਪ ਸਕੇ ਨਾ ਰੀਤ, ਮਿਹਰ ਅਨੰਤ ਦੀ।
ਪਾਣੀ ਵਾਰਾਂ ਦੇਸ, ਆਦਿ ਆਵੇਸ਼ ਚੋਂ
ਹੋਏ ਸੁਤੰਤਰ ਵੇਸ, ਧਰਤੀ ਸਗਲ ਦਾ;
ਵਿਸ਼ ਲੈ ਪਾਪ ਹਮੇਸ਼, ਬੈਠੇ ਨੀਂਦ ਤੇ
ਨਵ ਰੂਹ ਹੁਣ ਪ੍ਰਵੇਸ਼, ਕਰਨੇ ਤੀਰਥੀਂ।
ਨਿਹਕਲੰਕ ਆਵੇਸ਼, ਕੱਢੇ ਪਰਾਂ ਨੂੰ
ਧਰ ਦੇ ਚੁੱਕ ਕਲੇਸ਼, ਪੰਛੀ ਉੱਡਣਾ।"
ਧਮਕ ਪਏ ਸੀ ਕਾਲ, ਇਉਂ ਗੁਰ-ਸੁਖ਼ਨ ਚੋਂ
ਤਕਦਾ ਚੀਰ ਭੁਚਾਲ, ਸ਼ਬਦ-ਸਕੂਨ ਸੀ;

ਨਿਰਾ ਅਜ਼ਾਦ ਕਮਾਲ, ਤੁਰਦਾ ਕਾਫ਼ਲਾ
ਖ਼ਾਲਸ ਦਰਗਹ-ਚਾਲ, ਮਿੱਟੀ ਚੁੰਮਦੀ;
ਆਈ ਮਧੁਰ ਦੁਪਹਿਰ, ਅੰਬਰ-ਸਿਦਕ ਲੈ
ਮਾਯਾ ਪੁਰ ਦੀ ਗਹਿਰ, ਗਈ ਪਤਾਲ ਨੂੰ।
ਪਹਿਨੇ ਸ਼ਬਦ ਪਹਾੜ, ਉੱਪਰ ਤਾਰਿਆਂ
ਚੜ੍ਹੇ ਖਲਾ ਕਰ ਪਾਰ, ਜਿਸ ਤੇ ਚੇਤਨਾ
ਤਿਧਰ ਲਿਖਣ ਪੈਗ਼ਾਮ, ਹੱਥ ਪੈਗ਼ੰਬਰੀ
ਵਾਂਗ ਆਵੇਸ਼ ਅਨਾਮ, ਚੁੱਕਣ ਪੰਖਣੂ।

ਮੁੜ ਆ ਖਿੜੀ ਉਸ਼ੇਰ, ਅੰਬਰ ਨਿੱਖਰੇ
ਰਹੇ ਕਾਲ ਨੂੰ ਗੇੜ, ਬੋਲ ਪੈਗ਼ੰਬਰੀ।
ਜਦ ਸੰਜੋਗ ਵਿਜੋਗ, ਝਰੇ ਰਬਾਬ ਚੋਂ
ਸਰਬ ਕਾਲ ਦਾ ਜੋਗ, ਇਸ਼ਕ ਚ ਲਹਿਰਿਆ;
ਸਭ ਮਾਯਾ ਦੇ ਸੋਗ, ਤਜੇ ਬਿਬੇਕ ਨੇ
ਸ਼ਿਵ-ਕੰਠ ਨੇ ਰੋਗ, ਖਿੱਚੇ ਜੁਗਾਂ ਦੇ।
ਛਿਣ ਇਹ ਵਾਂਗ ਦੁਪਹਿਰ, ਸਦ ਹੀ ਲਿਸ਼ਕਣਾ
ਐਪਰ ਦਿਲਾਂ ਚ ਜ਼ਹਿਰ, ਬੈਠੀ ਅਜੇ ਵੀ।
ਹੋਈ ਮੂਕ ਰਬਾਬ, ਮਿਲਕੇ ਸ਼ਬਦ ਨੂੰ
ਪਰਬਲ ਖੜੇ ਜੁਆਬ, ਵਕਤਾਂ ਸਾਮ੍ਹਣੇ;
ਸੀ ਸਮੁੰਦ ਗੁਰ ਸ਼ਾਂਤ, ਰੰਗ ਨਿਹਾਲਦੇ
ਅਗਨ ਬਲੇ ਬਹੁ ਭਾਂਤ, ਪਿਆਰੀ ਜੁਗਾਂ ਨੂੰ।
"ਬਲੇ ਅਗਨ" ਗੁਰ ਕਹਿਣ, "ਜਾ ਮਰਦਾਨਿਆਂ।
ਵੇਖ ਵਣਾਂ ਦੇ ਨੈਣ, ਚਮਕਣ ਸਾਮ੍ਹਣੇ।
ਚੁੱਲਾ ਬਲੇ ਤਾਂ ਮੋਹ, ਦਿਲ ਵਿਚ ਜਾਗਦਾ
ਅਗਨ ਦਾ ਮਿੱਠਾ ਰੋਹ, ਲੈ ਆ ਏਸ ਥਾਂ।"
ਗਿਆ ਵੈਸ਼ਨਵ ਕੋਲ, ਦਾਨਾ ਜਦੋਂ ਹੀ
ਕਿੜ-ਲੱਦੇ ਵਿਸ਼-ਬੋਲ, ਸੁਣੇ ਸਵੇਰ ਨੇ:
"ਰੇ ਨਰਕੀ ਬਦ ਪੂਤ" ਬਿਪਰ ਕੁਭਕਿਆ
"ਕਿਉਂ ਮਲੇਛ ਜਮਦੂਤ, ਚੌਂਕਾ ਭਿੱਟਿਆ ?"
ਬਿਪਰ ਕੜਕਿਆ ਚੁੱਕ, ਕੁਭਕਾ ਕਹਿਰ ਦਾ
ਭਰ ਦਿਲ ਮਿਹਰ ਅਮੁੱਕ, ਗੁਰ ਮੁਸਕਾਂਵਦੇ।

ਗੁਰ ਕਹਿਣ "ਤੈਂ ਜਾਪ, ਪਾਵਨ ਬਹੁਤ ਜੋ,
ਖੁੰਢਾ ਨਿਰਾ ਸਰਾਪ, ਕਾਰ 'ਚ ਬੰਦ ਜੋ।
ਮਿਰਾ ਰਬਾਬੀ ਖ਼ਾਸ, ਮਾਰੇਂ ਇੰਜ ਤੂੰ!?
ਸਾਂਭੇ ਇਸਦੇ ਸਾਸ, ਨਦਰ ਅਕਾਲ ਨੇ।
ਸਭ ਪਿਤਰਾਂ ਨੂੰ ਆਪ, ਬੁੱਤ 'ਚ ਢਾਲਦੇ
ਜਪਾਂ ਤਪਾਂ ਵਿਚ ਪਾਪ, ਚੋਰੀਂ ਨੂੜਦੇ।
ਜਿੰਦ ਤੋਂ ਪਿਤਰਾਂ ਤੀਕ, ਅੰਨ੍ਹਾ ਕਾਲ ਹੈ
ਫਿਰੇ ਕੁਸ਼ਗਨੀ ਲੀਕ, ਕੂੜੇ ਰਾਜ ਦੀ।
ਧਰਤੀ ਤੋਂ ਦਰਗਾਹ, ਤੀਕਨ ਨਿੰਦਿਆ
ਤੋੜ ਰੂਹ ਤੋਂ ਸਾਹ, ਗਹਿਰ ਚੜ੍ਹਾਂਵਦੀ।
ਬੰਨ੍ਹ ਕੁਦਇਆ ਕਸਾਇਣ, ਅੰਦਰ ਕਾਰ ਦੇ
ਕਰੇ ਸ਼ਾਸਤਰ-ਨੈਣ, ਜੋਤੋਂ ਸੱਖਣੇ।
ਆਲ ਪਤਾਲ ਕੁਬੁੱਧ, ਬੋਲੇ ਡੂੰਮਣੀ
ਕਰੀ ਉਡੰਦੀ ਸੁੱਧ, ਸੁੰਨੀ ਸ਼ੋਰ ਨੇ।
ਕ੍ਰੋਧ ਤੁਰੇ ਜਮ-ਚਾਲ, ਪਰ ਉਹ ਜ਼ੋਰ ਨਾ
ਹੈ ਗੁਮਰਾਹ ਚੰਡਾਲ, ਛਲਿਆ ਜਾਵਣਾ।
ਤਕਵਾ ਦੇਸ ਤੇ ਭੇਸ, ਇਸਦਾ ਲੈਣ ਜੋ
ਮੁੱਕ ਜਲਾਲ-ਵਰੇਸ, ਜਾਣੀ ਧਰਮ ਦੀ।
ਖ਼ੂਨ ਸਾਜ਼ਿਸ਼ਾਂ ਵੈਰ, ਨਾਲ ਪੈਗ਼ੰਬਰਾਂ
ਬੀਜ ਹਰਾ, ਜੋ ਖ਼ੈਰ, ਦਿਲ ਹੈ ਮੰਗਦਾ।
ਰਹੇ ਸ਼ੁਕਰ ਦੀ ਪੈੜ, ਗਾਰੀਂ ਲਿਸ਼ਕਦੀ,
ਹੁੰਮਸ, ਬੰਜਰ ਗ਼ੈਰ, ਜਿੱਥੇ ਕੁਫ਼ਰ ਦਾ।
ਹਾਂ! ਇਕ ਪਲ ਦੀ ਜ਼ਹਿਰ, ਜੁਗਾਂ 'ਚ ਫੈਲਦੀ
ਪਰ ਮੈਂ ਵਿਜੈ ਦੇ ਪੈਰ, ਸਮੇ 'ਚ ਰਹਿਣਗੇ।"
ਨਵ ਪੈਗ਼ਾਮ ਨਿਸ਼ੰਗ, ਸੱਚੋਂ ਲਿਸ਼ਕਿਆ
ਗਿਆ ਵੈਸ਼ਨਵ ਸੰਗ, ਸਤਿਗੁਰ-ਤੇਜ ਤੋਂ।
ਜਿਸ ਪਲ ਬੋਲ ਇਹ ਅੰਧ, ਸੁਣੇ ਸੁਵੱਲੜੇ
ਉਸ ਪਲ ਦੀ ਇਕ ਤੰਦ, ਫੜਣੀ ਔਤ ਨਾ।
ਰਹੂ ਭੁਚਾਲੀ ਤੰਦ, ਸ਼ੁਕਰਾਂ ਹੱਥ ਹੀ
ਧੁਰ ਦੇ ਕਪੜ ਰੰਗ, ਰੂਹਾਂ ਉਂਨਣਾ।
ਛੇੜਣ ਵਲੀ ਰਬਾਬ, ਕੌਮਾਂ ਅੰਦਰਾਂ;
ਗੁਪਤ ਹੋਣ ਤਾਂ ਰਾਗ, ਕੁਕਨਸ ਵਾਂਗ ਨੇ।

ਭਾਗ ਦੂਸਰਾ

ਗੁਰੂ ਨਾਨਕ ਅਤੇ ਭਾਈ ਮਰਦਾਨੇ ਦਾ ਮਾਯਾਪੁਰੀ ਤੋਂ ਪਹਾੜਾਂ ਦੇ ਰਾਹ ਤੁਰਨਾ ਅਤੇ ਸੱਚ ਦੇ ਨਿਹਕਲੰਕ ਜਲਵੇ ਜ਼ਾਹਰ ਹੋਣੇ

ਮਾਯਾਪੁਰ ਤੋਂ ਵੱਡੇ ਤੜਕੇ
ਨਾਨਕ ਦਾਨਾ ਚੱਲੇ,
ਹਰ ਕਲੰਕ ਤੋਂ ਪਾਵਨ ਜਾਪਣ
ਕਾਲ ਦੇ ਪੰਧ ਸੁਵੱਲੇ।

ਅਨਹਦ ਬਾਣੀ ਥਰਕ ਥਰਕ ਕੇ
ਪਰਦੇ ਚੁੱਕ ਵਿਖਾਵੇ
ਦੂਰ ਤਾਰਿਆਂ ਦੀ ਛਾਂ ਹੇਠਾਂ
ਰਿਸ਼ੀ ਅਜਨਬੀ ਖ਼ੱਲੇ।

ਸੁਨਣ ਪਏ ਕੰਨਸੋਆਂ ਜਿੰਨ੍ਹਾਂ
ਨੀਂਦ ਅਹਿਲਿਆ ਤੋੜੀ
ਭੁੱਲੇ ਸੁਰ ਅਸੰਖ ਸਾਲ ਤੋਂ
ਨਾਦ-ਇਸ਼ਕ ਨੇ ਵੱਲੇ।

ਸੁਥਕ ਸੁਰਤ ਦੇ ਖੰਭ ਅਨੇਕਾਂ
ਤਨ ਸੋਆਂ ਦੇ ਲਿਸ਼ਕਣ,
ਢੂੰਡ ਕਾਲ ਚੋਂ ਗਗਨ ਜੁ ਸੁੱਤੇ
ਪਾਵਣ ਹਰਫ਼ਾਂ ਪੱਲੇ।

ਕੀਟ ਤੋਂ ਨਰ ਤੀਕ ਦੇ ਸੁਫਨੇ
ਕਿਸੇ ਨਜ਼ਰ ਨੇ ਚੁੰਮੇ,
ਲਖ ਦਰਿਆ ਮਿਲਣ ਵਿਚ ਸਮਿਆਂ
ਪਾਕ ਕਦਮ ਦੇ ਥੱਲੇ।

ਕੌਣ ਸਥੂਲ ਦੇ ਭੇਦ ਨੂੰ ਪਾਵੇ ?
ਕੌਣ ਸੁਰਤ ਨੂੰ ਜਾਣੇ ?
ਤ੍ਰੇਲ ਦਿਸੇ ਜੋ ਉਸ ਚੋਂ ਲਹਿਰੇ
ਸਾਬਤ ਸਾਗਰ ਝੱਲੇ।

ਵੱਡੇ ਤੜਕੇ ਅਨਲ ਪੰਖਣੂ
ਮਸਤ ਬਿਬੇਕਾਂ ਟੋਹੇ
ਕਿਸੇ ਸਰਿਸ਼ਟੀ ਨਿਕਲ ਗ਼ੈਬ ਚੋਂ
ਫੜੇ ਗੁਰਾਂ ਦੇ ਪੱਲੇ।

ਨਾ ਛਲ, ਝੂਠੀ ਸ਼ਕਲ ਕਿਤੇ ਨਾ
ਸੱਚ ਚਮਕਦਾ ਇੱਕੋ
ਸਿਦਕ ਸਥੂਲ ਗ਼ੈਬ 'ਤੇ ਸਾਂਝਾ
ਕਿਤੇ ਨ ਕਦਮ ਇਕੱਲੇ।

ਵਿਸ਼ਵ ਦੇ ਕੂੜ ਭੁਲੇਖੇ ਸੱਭੇ
ਕਾਂਗ ਉਨਮਨੀ ਧੋਰੇ,
ਰਵੀ ਨੂੰ ਲੰਘ, ਝੂੰਮ ਬ੍ਰਹਿਮੰਡੀਂ,
ਬੁਰਜ ਕਹਿਕਸ਼ਾਂ ਮੱਲੇ।

ਯੁਗੀਂ ਰੁਲਣ ਧਿਆਨ ਦੇ ਪਿੰਜਰ
ਯੁਗ ਗੋਰਖ ਦੇ ਪਿੱਛੋਂ
ਬੁਝੇ ਜੋਗ ਦੇ ਬੁੱਤਾਂ ਅੰਦਰ
ਰਹਿਮ ਪਿਆ ਗੁਰ ਘੱਲੇ। -1-

ਮਰਦਾਨੇ ਨੂੰ ਪਹਾੜਾਂ ਦੀ ਰਮਣੀਕਤਾ ਵਿਚ ਗੁਰੂ ਨਾਨਕ ਲਈ ਅਰਦਾਸ ਕਰਦੇ ਭਗਤਾਂ ਦੇ ਦੀਦਾਰ ਅਤੇ ਕਾਲ-ਪਾਰ ਦੀਆਂ ਝਲਕਾਂ

ਕੋਟ ਦੁਆਰ ਤੀਕ ਫਿਰ ਨਾਨਕ
ਤੁਰੇ ਨਾਲ ਮਰਦਾਨੇ,
ਪੰਛੀ ਮਿਰਗ ਨਾਗ ਵਿਚ ਜਾਗੇ
ਲੰਘੇ ਰਿਸ਼ੀ-ਘਰਾਨੇ।

ਛਿੱਕੇ ਹਰੇ ਪਰਬਤਾਂ ਉੱਤੇ
ਪੰਖੀ ਚੋਗ ਤਕ ਚੁਗਦੇ
ਹਸਰਤ ਨਾਲ ਦੂਰ ਦੇ ਤਾਰੇ
ਕਹਿਣ: "ਅਸੀਂ ਤਾਂ ਪੁਗਦੇ
"ਘਰ ਸਾਡੇ ਮਾਸੂਮ ਇਹ ਜਿੰਦਾਂ
ਉੱਡ ਕਦੇ ਜੇ ਆਵਣ
ਲੋਹ ਅਗਨ ਪੱਥਰ ਜਦ ਸਾਡੇ
ਬਹੁ ਜੁਗ ਪੰਧ ਮੁਕਾਵਣ .

"ਹਿੰਸਾ ਦੇ ਜਲਵੇ ਇਹ ਨੂਰੀ
ਸ਼ਾਹ ਜਲਾਲ ਅਸਾਡੇ,
ਸ਼ੀਰੀਂ ਏਸ ਚਹਿਕ ਦੇ ਬਾਝੋਂ
ਰਹਿਣ ਸੱਖਣੇ ਡਾਢੇ।"

ਕੋਟ ਦੁਆਰੋਂ ਪੌੜੀ ਤੀਕਣ
ਦਿਨ ਲੰਘੇ ਬਹੁ ਰਾਤਾਂ,
ਸੰਤ ਸਿੱਧ ਰਾਜੇ ਤਕ ਦਿੰਦੇ
ਸਹਿਜ ਅਰੂਪ ਸੁਗਾਤਾਂ।

ਜੋਗੀ ਜੰਗਮ ਦਯਾ ਵਿਲੱਖਣ
ਗੁਰ ਤੋਂ ਪਏ ਵਿਹਾਜਣ।
ਭਾਵੇਂ ਮਾਹੀ ਦਿਸੇ ਸਾਮ੍ਹਣੇ
ਪੰਥ ਅਚਿਹਨ ਨਿਵਾਜਣ।

ਹਰ ਅਰਦਾਸ ਜਹੇ ਪਲ ਅੰਦਰ
ਕੁਲ ਰਮਤੇ ਵਿਸਮਾਦੀ,
ਕਵਨ ਪੰਥ ਜੋ ਵਾਰੇ ਮਿਹਰਾਂ
ਨਵਾਂ ਹੈ ਜਾਂ ਅਨਾਦੀ ?

ਤਦ ਮਰਦਾਨੇ ਨਜ਼ਰ ਉਠਾਈ
ਰਲੀ ਜੋ ਵਿਚ ਅਗਾਸਾਂ,
ਉਮ੍ਹਲਣ ਸਿਖਰ ਅਗੰਮੀ ਉੱਤੋਂ
ਨਾਨਕ ਵਲ ਪਿਆਸਾਂ:

"ਅਜ ਦੀ ਰਾਤ ਨਵੇਲੀ ਬਾਬਾ"
ਬੋਲੇ ਮਸਤ ਰਬਾਬੀ,
"ਕੀ ਰੂਹਾਂ ਪਰਬਤ 'ਤੇ ਅਸਲੀ,
ਜਾਂ ਕੋ ਝਲਕ ਸੁਰਾਬੀ?

"ਸਰ ਸਿੰਨਣ ਫਿਰ ਕਰਨ ਦੁਆਵਾਂ
ਮਸਤਕ ਦਗਣ ਉਨਾਬੀ
ਮਿਰਗ ਮਰੀਚ ਵਿਲਕਦਾ ਜੁਗ ਜੁਗ
ਵਿੰਨ੍ਹ ਗਏ ਸਰ ਨਾਭੀ।

"ਰੂਹਾਂ ਕਵਨ ਪਹਾੜੀ ਉੱਤੇ?
ਭੱਥੇ ਤੀਰ ਸਤਾਣੇ,
ਵਿੰਨ੍ਹਣ ਚਰਨ ਤਿਰੇ ਜਦ ਕੰਡੇ
ਰੋਣ ਤਾਰਿਆਂ ਛਾਵੇਂ।"

ਸ਼ਬਨਮ ਜਿਵੇਂ ਬਿਰਖ-ਤਨ ਲੱਗੀ
ਪਹਿਣ ਅਕੀਦਤ-ਚੋਲੇ,
ਬੋਲ ਮੁਰੀਦੀ ਲਾ ਮਸਤਕ ਤੇ
ਇਉਂ ਨਾਨਕ ਸੀ ਬੋਲੇ:

"ਭਗਤ ਖੜੇ ਰੂਹਾਂ ਜਿਉਂ ਮੀਤਾ
ਤਿਖ ਉਹਦੀ ਹੋ ਸਾਰੇ
ਲੋਕੋਂ ਤੇ ਪਰਲੋਕੋਂ ਮੈਨੂੰ
ਜੋ ਅਰਦਾਸ ਪੁਕਾਰੇ

"ਉਂਜ ਰਵਿਦਾਸ ਕਬੀਰ ਨੇ ਜ਼ਿੰਦਾ
ਹਨ ਫ਼ਰੀਦ ਫਿਰਦੌਸੀਂ,
ਕੌਸ ਰੰਗੀਨ ਜਹੇ ਰਾਹ ਸਿਰਜਣ
ਵਲੀ-ਉਡੀਕ 'ਚ ਕੌਸੀਂ

"ਜਦ ਉਹ ਰਾਹ ਛੁਹਣ ਪਗ ਮੇਰੇ
ਧੜਕਣ ਭਗਤ-ਇਸ਼ਾਰੇ
ਇਸ ਜਗਤ ਦਾ ਸਾਹ ਬਣ ਜਾਵਣ
ਮੈਨੂੰ ਜਮ ਲਲਕਾਰੇ।

"ਸਮਿਉਂ ਪਹਿਲਾਂ ਸਿਮਰਣ ਚੱਲੇ
ਨਿਝਰ ਨਿਰੰਤਰ ਨੂਰੀ,
ਜੁਗ ਜੁਗ ਸਿਰਜ ਰਿਹਾ ਸੀ ਮੈਨੂੰ
ਰਹੀ ਫੇਰ ਵੀ ਦੂਰੀ।

"ਜੈਦੇਵ ਨਾਮਾ ਤ੍ਰਿਲੋਚਨ
ਰਾਮਾਨੰਦ ਵੈਰਾਗੀ,
ਪੈੜ-ਚਾਪ ਮੇਰੀ ਅਰਦਾਸੀ
ਸੁਨਣ ਮਿਰੇ ਬਿਨ ਜਾਗੀ।

"ਜ਼ਾਹਰਾ ਕਦੇ ਛਿਪੀ ਲਖ ਵਾਰੀ
ਜੁਗਾਂ 'ਚ ਪੈੜ ਅਸਾਡੀ,
ਔਹ ਪਹਾੜੀ ਸੰਤ-ਧਾਮ ਹੈ
ਰੂਹ ਦੀ ਖੇਡ ਦੁਰਾਡੀ।

"ਕਦੇ ਨੇੜ ਮੈਂ ਕਦੇ ਦੂਰ ਮੈਂ
ਭਗਤ-ਦੁਆ ਵਿਚ ਵੱਸਾਂ,
ਮਰਨ ਜੀਣ ਮੈਂ ਲੰਘ ਸੰਤ ਦੇ
ਕੌਲ ਜੁ ਕੀਤੇ ਦੱਸਾਂ।

"ਹੋਣ ਅਤੀਤੋਂ ਕੰਦੇ ਭਵਿੱਖੋਂ
ਸਫ਼ਰ ਪੈਗੰਬਰ ਜਾਰੀ
ਨੂਰ-ਲਕੀਰ ਅੰਤ ਨੂੰ ਮੇਰੀ
ਕਰੇ ਰਵੀ-ਅਸਵਾਰੀ।"

ਤਦ ਅਗੰਮ ਕੂਟ ਤੇ ਚੜ੍ਹਕੇ
ਦਾਨਾ ਸੁਰਾਂ ਸ਼ਿੰਗਾਰੇ,
ਤਾਰ ਤਾਰ ਨੂੰ ਖੰਭ ਬਖ਼ਸ਼ ਕੇ
ਗੁਰੂ ਗ੍ਰੰਥ ਉਤਾਰੇ।

ਮਾਰੂ ਰਾਗ ਦੀ ਤੇਗ਼ ਜਲਾਲੀ
ਕਲੀ ਕਾਲ ਸਿਰ ਧਮਕੇ
ਤੱਤੇ ਥੰਮ੍ਹ ਕੋਲ ਦਸ ਵਾਰੀ
ਸਹਿਜ ਉਡੀਕ 'ਚ ਚਮਕੇ।

ਫਿਰ ਵੰਗਾਰ ਤਿਲੰਗ ਦੀ ਉੱਠੇ
ਕਾਲ ਸੂਰ ਸੰਘਾਰੇ,
ਬਾਬਰ ਬਾਣੀ ਰਹਿਮ ਦਾ ਹੰਝੂ
ਸੈਦ ਖ਼ਾਨ 'ਤੇ ਵਾਰੇ।

ਮਰਦਾਨਾ ਦਸ ਵਾਰ ਨਿਹਾਲੇ
ਰਾਗ ਗ੍ਰੰਥ ਦੇ ਅੰਦਰ,
ਵਿਛੇ ਖ਼ਾਰ ਕੰਕਰ ਬਿਖ-ਲੱਦੇ
ਹੇਠਾਂ ਪੈਰ ਪੈਗੰਬਰ।

ਤੁਰਨ ਦੁਆਵਾਂ ਨਾਲ ਜੁਗਾਂ ਦੇ
ਤ੍ਰਿਖਾ 'ਚ ਜਲ ਥਲ ਡੱਬਣ,
ਘਾਇਲ ਰਬ ਦੇ ਬੰਦੇ ਜਿਹੜੇ
ਤਾਜ ਤਿਨਾਂ ਦੇ ਲੱਭਣ।

ਸਮੇ ਅਸੀਮ ਚ ਵਾਂਗ ਜੁਗਨੂੰਆਂ
ਖਿਲਰ ਜਾਣ ਅਰਦਾਸਾਂ
ਗੁਰਾਂ ਦੇ ਬਿਮਲ ਮੁਖ ਤੋਂ ਵਾਰੇ
ਨਕਸ਼ ਜੁ ਪਾਕ ਅਗਾਸਾਂ। -2-

ਰੂਹ ਦੇ ਠੰਢੇ ਬੁੱਤਾਂ ਦੀ ਕੂੜੀ ਪਾਲ ਟੁਟਣੀ ਅਤੇ ਅਲਮੋੜੇ ਦੇ ਹਿੰਸਕ ਰਾਜੇ ਉੱਤੇ ਦਇਆ ਮਿਠਾਸ ਦੀ ਜਿੱਤ

ਤਿਲਕ ਰਹੀ ਪਰਬਤ ਤੋਂ ਡੰਡੀ
ਕਾਲ ਦੀ ਤ੍ਰਿਖਾ ਛੁਪਾਏ
ਨਾਸ਼ਮਾਨ ਖ਼ਾਕ ਵਲ ਦੂਰੋਂ
ਅਮਰ ਕੌਲ ਉਡ ਆਏ।

'ਆਖਾਂ ਜੀਵਾਂ।' ਸੱਦ ਦੌੜਦੀ
ਨੂਰੀ ਪਿੰਡਾਂ ਵੱਲੇ,
ਨਾ ਕਬਰਾਂ ਸ਼ਮਸ਼ਾਨ ਦਿਸੰਦੇ
ਬ੍ਰਹਿਮੰਡਾਂ ਦੇ ਥੱਲੇ।

ਅਗਮ ਪਦਾਰਥ ਮੂਕ ਜੁਗਾਂ ਸਿਰਿ
ਜੋ ਵਿਕਰਾਲ ਤੇ ਗੂੰਗੇ,
'ਆਖਾਂ ਜੀਵਾਂ' ਦੀ ਸੋਅ ਸੁਣਕੇ
ਰੂਹ-ਵਿਸਮਾਦ 'ਚ ਊਂਘੇ।

ਸੁੰਨੇ ਨੂਰ ਕਰੋੜਾਂ ਕੋਸਾਂ
ਹੱਥ ਰਹਿਮ ਦਾ ਕੋਈ
ਫੜਣ ਲਈ ਸਿਕਦੇ ਤਾਂ ਜੀਂਦੇ
ਵਿਸਰ ਜਾਣ ਰੂਹ ਮੋਈ।

ਰਹੇ ਅਸੀਮ ਮੂਰਛਾ ਗਗਨੀਂ
ਨਾ ਰੂਹਾਂ ਨਾ ਜਾਨਾਂ,
ਭਾਵੇਂ ਢੀਠ ਹਜੂਮ ਨੂਰ ਦੇ
ਘੂਮਨ ਵਾਂਗ ਤੂਫ਼ਾਨਾਂ।

ਨਾਮ ਨਾਲ ਹੁਸਨ ਦੀ ਕਰਵਟ
ਜੜ੍ਹ ਅਨੰਤ ਲੈ ਲੈਂਦੇ,
ਨਾਮ ਦੀ ਲਹਿਰ ਨਾਲ ਹੀ ਸੂਰਜ
ਬਲ ਰੂਹਾਂ ਵਿਚ ਪੈਂਦੇ।

ਨਾਨਕ ਬਿਰਖ ਅਤੇ ਸੰਨਿਆਸੀ
ਨੈਆਂ ਤੇ ਮਰਦਾਨਾ
ਇਕ ਰੂਪ ਹੀ ਬਖ਼ਸ਼ਿਸ਼ ਜਾਪਣ
ਨਾਮ ਦੀਆਂ ਸਭ ਸ਼ਾਨਾਂ।

ਉੱਚੇ ਝਿੱਕੇ ਸਭ ਥਾਂ ਵੇਖਣ
ਪੀਰ ਮੁਰੀਦ ਦੀ ਯਾਰੀ,
ਕਿਣਕੇ ਤਿੜ ਪੱਤਰ 'ਤੇ ਉਤਰੀ
ਯਾਦ ਸਮੇਂ ਦੀ ਸਾਰੀ।

ਤੁਰ ਡੰਡੀ ਅੰਤ ਅਲਮੋੜੇ
ਜੋਤ ਇਲਾਹੀ ਕੂੰਦੀ,
ਸ਼ੂਕ ਰਬਾਬ 'ਚ ਲਖ ਦਰਿਆ ਦੀ
ਆਦਿ ਕਵਾਊਂ ਗੂੰਜੀ।

ਨਗਰੋਂ ਬਾਹਰ ਜਲੂਸ ਅਨੋਖਾ।
ਲੋਕ ਬਿਕਲ, ਕੁਝ ਹੱਸਣ,
ਗ਼ਮ ਵਿਚ ਗੁੰਮ ਦਿਸੇ ਕੋ ਬੰਦੀ
ਸੈਅ ਸੈਨਤਾਂ ਦੱਸਣ।

ਨਰ ਦੀ ਬਲੀ ਦੇਣ ਲਈ ਰਾਜਾ
ਰੱਤ-ਭਕਸ਼ਨੀ ਅੱਗੇ
ਰਾਜ-ਨਸ਼ੇ ਵਿਚ ਭੀੜ ਵੇਖਦਾ
ਸਾਹ ਹੀਣ ਜੋ ਲੱਗੇ।

ਸਾਕਤ-ਰੀਤ ਦੀ ਮਿੱਝ ਤਾਂਤਰਿਕ
ਆ ਕੱਚਿਆਨ ਉਠਾਵੇ,
ਗ਼ਰਬ ਗ਼ੁਸੈਲਾ ਹਉਂ ਵਿਚ ਘਿਰਿਆ
ਸਿਰ ਭੂਪਤ ਚੜ੍ਹ ਜਾਵੇ।

ਸੁਰ ਰਬਾਬ ਦੀ ਫੇਰ ਕਟਕਦੀ
ਪਿਆ ਜਾਂ ਹਾਲ ਅਗੰਮੀ,
ਤੰਤ੍ਰ-ਸੋਚ ਨੂੰ ਝਟਕ ਤੋੜਦੀ
ਨਭ ਤੋਂ ਪਹਿਲਾਂ ਜੰਮੀ।

ਸੁਰ ਰਬਾਬ ਛੁਹ ਮਨ ਰਾਜੇ ਦਾ
ਹੀਣ ਰਿਹਾ ਨਾ ਆਕੀ
ਨਾਮ ਦੇ ਜੀਣ ਥੀਣ ਪਲ ਤੀਕਣ
ਜਾਪ ਕਰੇ ਮਨ ਬਾਕੀ।

ਰਤ ਵੀਟਣੀ ਨਰ ਦੀ ਜਿੱਥੇ
ਨਰ ਹੀ ਹੁਕਮ ਉਥਾਪੇ,
ਨਵ ਤਲਬ ਰਾਜਨ ਦੀ ਲਿਆਈ
ਉਸ ਥਾਂ ਗੁਰ ਨੂੰ ਆਪੇ।

ਭੂਪਤ ਵੇਖ ਉਚਰਦੇ ਨਾਨਕ:
"ਪੀ ਸੂਰਜ ਜੁਗ ਲੰਘਣ
ਪਾਕ ਨਿਸ਼ਾਨ ਜਿੰਦ ਦਾ ਆਖਰ
ਖ਼ਾਕ ਅਮਿੱਤ ਤੋਂ ਮੰਗਣ।

"ਮੂਕ ਅਸੰਖ ਪੁਲਾੜ ਚ ਤਪਦੇ
ਖ਼ਾਕ ਅਗਨ ਲੋਹ ਭਾਰੇ,
ਤਿਖਾ ਅਥਾਹ ਨਾਮ ਦੀ ਤੀਬਰ
ਰੱਤ ਅਮੁੱਲ ਪਸਾਰੇ।

"ਅਰਬਦ ਨਰਬਦ ਤਿਮਰ ਜਦੋਂ ਸੀ
ਨਾਮ ਕੂਣ ਤੋਂ, ਛਲਕੇ
ਹੜ੍ਹ ਮੂੰਹ-ਜ਼ੋਰ ਜਾਨ ਦੇ ਤ਼ਦ ਸੀ
ਲਹੂ-ਕਾਂਗ ਬਣ ਝਲਕੇ।

"ਆਣ ਜਾਣ ਦੀ ਖੇਡ ਅਮੁੱਲੀ
ਸਹਿਜ ਤਰਸ ਵਿਚ ਚੱਲੇ,
ਮਾਨਵ-ਬਲੀ ਦੇਣ ਜੋ ਰਾਜੇ
ਦੂਰ ਤਿਨ੍ਹਾਂ ਤੋਂ ਖੱਲੇ।

"ਜਦ ਬਲਹੀਣ ਨਿਮਾਣੇ ਬੰਦੀ
ਤਕ ਤੇਗ਼ ਦਰਮਾਂਦੇ,
ਯੱਖ ਇਕ ਸਿੱਲ ਚ ਜੁਗ-ਬਿਬੇਕ ਹੋ
ਗ਼ਰਕ ਸੁੰਨ ਵਿਚ ਜਾਂਦੇ।

"ਕਿਉਂ ਆਦਿ ਅਰਦਾਸ ਚੋਂ ਜਨਮੇ
ਤੂੰ ਉਸ ਨਰ ਨੂੰ ਭੁੱਲੇਂ ?
ਤਿਸ ਦੀ ਰੱਤ ਵੀਟ ਕਿਉਂ ਅਪਣੇ
ਪਹਿਲੇ ਘਰ ਨੂੰ ਭੁੱਲੇਂ ?"

ਸੁਣਕੇ ਭੂਪ ਦੇ ਤਨ ਚੋਂ ਲੰਘੇ
ਸਫ਼ਰ ਨ ਜਾਣਾ ਕਿੰਨੇ!
ਰੱਤ ਦੀ ਪਹਿਲ ਬੂੰਦ ਜਗਣ ਤਕ
ਸੂਰਜ ਜਗੇ ਸੀ ਜਿੰਨੇ।

ਕੱਪੜ ਅਦਲ ਮਰਗ ਰੂਹ ਸੰਦੀ
ਦਾਤ ਸਮੇ ਤੋਂ ਲੰਮੀ
ਦੇਹ ਦੇ ਰੋਮ ਰੋਮ ਚੋਂ ਲੰਘੀ
ਪਾਪ ਪੁੰਨ ਜੋ ਬੰਨ੍ਹੀ।

ਆਦਮ ਜ਼ਾਤ ਦੇ ਪਹਿਲੇ ਖਿਣ ਤਕ
ਭੂਪਤ ਦਾ ਮਨ ਜੀਵੇ,
ਉਡਕੇ ਤੰਗ ਤਰੱਕੇ ਜਲ ਚੋਂ
ਖੰਭ ਅਸੀਮ ਜਿਉਂ ਥੀਵੇ।

ਬਲੀ ਉਡੀਕ ਰਿਹਾ ਜੋ ਬੰਦਾ
ਤੁਰ ਭਾਂਬੜ ਵਿਚ ਜੀਵੇ,
ਤੇਗ਼ ਦੀ ਕਹਿਰੀ ਧਾਰ ਸਾਮ੍ਹਣੇ
ਦਾਮਨ ਧਾਰ ਦਿਸੀਵੇ।

-3-

ਮਿੱਠੇ ਰੀਠੇ ਅਤੇ ਗੋਰਖ ਮਤੇ ਤਕ ਨਵੇਂ ਬਿਰਖ ਅਤੇ ਨਵੀਆਂ ਕੂੰਬਲਾਂ ਦਾ ਖੇੜਾ, ਰਿੱਧੀਆਂ ਸਿੱਧੀਆਂ ਦੇ ਬੱਜਰ ਬਿਬੇਕ ਵਿਚ ਗੁਰੂ ਨਾਨਕ-ਮਿਹਰ ਦੀ ਸਹਿਜ ਮਿਠਾਸ ਉਪਜਣੀ

ਭੂਪ ਬਿਜੈ ਪ੍ਰਕਾਸ਼ ਜਦੋਂ ਸੀ
ਮਾਯਾਪੁਰੀ ਚ ਆਏ,
ਬੰਨ੍ਹ ਯਾਂਤ੍ਰਿਕ ਸੂਤਰਾਂ ਅੰਦਰ
ਧਰਮ ਵੈਸ਼ਣਵ ਲਿਆਏ,

ਉਹ ਗੜ੍ਹਵਾਲ ਦਾ ਭੂਪ ਧਰਮ ਦੀ
ਤਿਖ ਬਿਨ ਚਾਲ ਸੁਕਾਏ,
ਜਦ ਪੌੜੀ, ਬਦਰੀ, ਕੇਦਾਰਾ
ਵਿਚ ਸ਼ਰਧਾ ਸੁੰਗੜਾਏ,

ਵਿਚ ਗੜ੍ਹਵਾਲ ਦੇ ਰਾਜ ਸਨਾਤਨ
ਗਿਆਨ ਬਿਰਧ ਕੁਮਲਾਏ,
ਰੇਖ ਪੱਥਰਾਂ ਦੀ ਜਦ ਬੰਨ੍ਹੇ
ਸ਼ਿਵ ਵਿਸ਼ਨੂ ਦੇ ਸਾਏ,

ਨਿਹਕਲੰਕ ਸਿਖਰ ਤੋਂ ਤਦ ਗੁਰ
ਐਸੇ ਗਗਨ ਦਿਖਾਏ
ਜਿੱਥੇ ਸੱਚ ਦਾ ਇਕ ਨਜ਼ਾਰਾ
ਇੱਕੋ ਬੋਲ ਪੁਗਾਏ;

ਅਸਲ ਬਿਨ ਅਸਲ ਨਾ ਜਿੱਥੇ
ਅਪਣੀ ਰੇਖ ਬਣਾਏ
ਕਿਸੇ ਦਲੀਲ ਦਾ ਜ਼ੋਰ ਨ ਜਿੱਥੇ
ਸੱਤ-ਪਛਾਣ ਗੁਆਏ,

ਜਿਸ ਥਾਂ ਕੋ ਨਾ ਇਲਮ ਦੂਨੀ ਦਾ
ਐਸਾ ਭਰਮ ਵਿਛਾਏ
ਗੁਰ ਤੇ ਆਮ ਮੁਣਸ ਜਾ ਜਿੱਥੇ
ਖੋ ਹਜੂਮ ਵਿਚ ਜਾਏ;

ਇਉਂ ਅਲਮੋੜੇ ਦਾ ਸ਼ਾਹ ਵੇਖੇ
ਸਦ ਵਿਸ਼ਾਲ ਉਹ ਖੋਰਾਂ
ਗੇਂਦ ਜਿਨ੍ਹਾਂ ਦੀ ਖੇਡ ਸਿੱਖੀਆਂ
ਬ੍ਰਹਿਮੰਡਾਂ ਨੇ ਤੋਰਾਂ

ਰੜ ਦੀ ਪ੍ਰਥਮ ਬੂੰਦ ਤੋਂ ਪਹਿਲੀ
ਪੈੜ-ਚਾਪ ਉਹ ਜਾਣੇ,
ਜਦੋਂ ਅਗਨ ਤੇ ਖ਼ਾਕ ਨੇ ਆ ਕੇ
ਛਤ੍ਰ ਅਨੰਤ ਸੀ ਤਾਣੇ।

ਗੁਰੂ ਵਿਦਾ ਹੋ ਅਲਮੋੜੇ ਤੋਂ
ਕਰਨ ਪਰਬਤੀ ਵਾਟਾਂ,
ਨੈਂ ਦੀ ਕੂਲ ਕੂਲ ਸ਼ੇਰ ਬਲਾਏ
ਵਲ ਪਥਰੀਲੇ ਘਾਟਾਂ।

ਬਿੱਛੂ, ਬਾਘ, ਨਾਗ ਨੂੰ ਸੱਦੇ
ਮੋਹਣੀ ਕੁਦਰਤ-ਹਿੰਸਾ,
ਬਿਖ ਦੇ ਘਾਟ ਸ਼ਹਿਦ ਛਲਕਾਵਣ
ਤ੍ਰੇਲਾਂ ਦੀ ਆਹਿੰਸਾ।

ਭੂਰ ਵਾਂਗ ਸਭ ਕੁੰਟੀਂ ਵਰ੍ਹਦੀ
ਵਣ ਤ੍ਰਿਣ ਗੁਰੂ-ਹਲੀਮੀ,
ਕਣ ਕਣ ਕੁਦਰਤ ਦਾ ਗਲ ਲਾਵੇ
ਸਹਿਜ ਮਿਹਰ ਕੋ ਧੀਮੀ।

ਝੂਟ ਪੀਂਘ ਤਾਰਿਆਂ ਦੀ ਤੇ
ਕਰੇ ਹਲੀਮੀ ਲੌਆਂ,
ਗੁਰ ਸੰਗ ਗਈ ਪਤਾਲ ਅਕਾਸ਼ੀਂ
ਟੱਪ ਪਹਾੜੀ ਕੋਹਾਂ।

ਉੱਚੀ ਝਿੱਕੀ ਦਿਸਣ ਵਾਟ 'ਤੇ
ਗੋਰਖ ਪੰਥੀ ਡੇਰੇ,
ਕੰਦਰਾਵੀਂ ਜਾਂ ਬਿਰਖ-ਓਟ ਵਿਚ
ਚੋਅ ਡੰਡੀਆਂ ਨੇੜੇ।

ਭੇਤ ਪ੍ਰਾਣਾਯਾਮ ਦੇ ਡੂੰਘੇ
ਸਾਂਭ ਜੋਗੀਆਂ ਰੱਖੇ
ਬ੍ਰਹਮਰੰਧਰ ਦੇ ਅਮਿਉਂ ਭਾਵੇਂ
ਰੁੱਤ ਬਾਲਪਨ ਚੱਖੇ।

ਸ਼ਕਤੀ ਗਈ ਤਨਾਂ ਤੇ ਚੜ੍ਹਦੀ
ਉੱਡਣ ਮਾਯਾ-ਬੁੱਲ੍ਹੇ
ਰੁਤ ਮਾਸੂਮੀ ਦੀ ਜਦ ਬੀਤੀ
ਜੋਗੀ ਮਾਣ ਚ ਭੁੱਲੇ।

ਤਨ ਦਾ ਬਲ ਸੀ ਵਿਚ ਸਿੱਧੀਆਂ
ਰੂਹ-ਵੇਗ ਸੀ ਧੀਮਾ,
ਫਣ ਹੰਕਾਰ ਦੇ ਜ਼ਹਿਰ ਉਗਲਦੇ
ਧੁਖੇ ਬਿਬੇਕ 'ਚ ਕੀਨਾ।

ਸੀਤ ਅਚਿਹਨ ਫ਼ਿਜ਼ਾ ਵਿਚ ਘੁੰਮੇ
ਤਨ ਦੇ ਅਦਭੁਤ ਚੱਕਰ,
ਪਰੇ ਤੋਂ ਪਰੇ ਚੇਤਨਾ ਉੱਡੀ
ਘੜ ਘੜ ਸਿੱਧੀ-ਅੱਖਰ।

ਇੜਾ ਪਿੰਗਲਾ ਸੁਖਮਨ ਤੀਕਣ
ਤੁਰੀਆ ਨੂੰ ਭਰਮਾਵੇ,
ਜੋਗੀ ਮੱਲ ਗਿਆਨ ਦੇ ਘਰ ਨੂੰ
ਸ਼ਕਤੀ ਨੱਥ ਚਲਾਵੇ।

ਸ਼ਕਤੀ ਦੇ ਰਸ ਮਿੱਠੇ ਜਾਪਣ
ਪਲ ਵਿਚ ਹੋਵਣ ਕੌੜੇ,
ਨਾਜ਼ਕ ਦਿਲ ਦੀ ਕੂਕ ਨ ਸੁਣਦੇ
ਭੀੜ ਪਈ ਨਾ ਬਹੁੜੇ।

ਹਠ-ਤਾੜੀ ਵਿਚ ਕੰਨ ਪਾਟਿਆਂ
ਪੈੜ-ਚਾਪ ਕੋ ਮਿੱਠੀ
ਸੁਣੀ ਕਮਾਊਂ ਦੇ ਵਣ ਅੰਦਰ
ਉਨਮਨ ਤੋਂ ਜੋ ਮਿੱਠੀ।

ਘਣੇ ਵਣਾਂ ਵਿਚ ਜਾਣ ਉਤਰਦੇ
ਨਾਨਕ ਤੇ ਮਰਦਾਨਾ,
ਜੋਗੀ-ਮੱਠ ਕਿਤੇ ਵਿਚ ਉਹਲੇ
ਸੁਨਣ ਕਿੰਗਰੀ-ਤਾਨਾਂ।

ਸਿੰਙੀ-ਨਾਦ ਸੁਣੇ ਧੂੰ ਉੱਠੇ
ਉੱਪਰ ਬਿਰਖਾਂ ਹਰਿਆਂ,
ਪੈੜ-ਚਾਪ ਜਦ ਸੁਣੀ ਹੋ ਜ਼ਿੰਦਾ
ਯੱਖ ਸਮਾਧ 'ਚ ਮਰਿਆਂ।

ਬਹੁਤ ਕੱਦ ਬ੍ਰਿਛਾਂ ਦੇ ਲੰਮੇ
ਕੁਝ ਮਧਰੇ ਕੁਝ ਭਾਰੇ
ਮਹਿਕਾਂ ਲੁਕ ਲੁਕ ਬਾਤ ਸੁਣਾਵਣ
ਕੋਮਲ ਕੁੰਜਾਂ ਬਾਰੇ।

ਚੀਲ ਦਿਆਰ ਕਿਤੇ ਕੋ ਪਿੱਪਲ
ਮੀਤ ਰਹਿਣ ਤਕ ਸਦੀਆਂ,
ਵਗਣ ਅਨੂਪ ਭਿਆਨ ਰਾਹ ਤੇ
ਤੇਜ਼ ਤੀਰ ਜਿਉਂ ਨਦੀਆਂ।

ਪੀਰ ਮੁਰੀਦ ਗੀਠਿਆਂ ਦਾ ਵਣ
ਬਿਖਮ ਵਾਟ ਕਰ ਲੰਘੇ
ਮਠ ਜੋਗੀਆਂ ਦਾ ਇਕ ਦਿਸਦਾ
ਨੈਂ ਨਿਰਮਲ ਦੇ ਕੰਢੇ।

ਦੀਰਘ ਮੁਚੁ ਗੀਠੜੇ ਥੱਲੇ
ਸਥਰਾਂ ਨੂੰ ਰੁਸ਼ਨਾਵਣ
ਦੂਰ ਦੇ ਪਿਰ ਦੀ ਸਿਕ ਅਨੋਖੀ
ਵਿਚ ਪਰਦੇਸ ਲਿਆਵਣ।

ਛੇੜ ਰਬਾਬ, ਰੋਕ ਫਿਰ ਦਾਨਾ
ਕਹੇ "ਸੁਣੋ! ਗੁਰ ਵੱਡੇ,
ਰੰਗ ਵਜਦ ਦੇ ਛੁਰਨ ਤਾਰ ਤੇ
ਨਾ ਪਰ ਦੇਹ-ਰਸ ਛੱਡੇ;

"ਕਰਾਂ ਆਹਾਰ ਲੋਚ ਭਰਮਾਵੇ
ਉਂਜ ਰੱਬੀ ਸੁਰ ਜਾਣਾਂ
ਤੋਂ ਜਿਉਂ ਰੂਹ-ਕੂਟ ਹੁਣ ਮੈਂ ਨਾ
ਦੇਹ ਤੋਂ ਪਾਰ ਪਛਾਣਾਂ!"

ਕਰ ਆਦੇਸ ਝਿੰਗਰ ਇਕ ਜੋਗੀ
ਗੁਰ ਪਛਾਣ ਇਉਂ ਬੋਲੇ:
"ਸੱਚੇ ਸੁਖਨ ਕਰੇ ਤੌਂ ਚੇਲਾ
ਅਸੀਂ ਭੁੱਖ ਦੇ ਗੋਲੇ।

"ਛੱਤੀ ਭੋਜਨ ਵਿਚ ਵਣਾਂ ਦੇ
ਪਰ ਪੰਛੀ ਹੀ ਜਾਨਣ,
ਗੁਰੂ ਹੋਣ ਤਾਂ ਉਹ ਵੀ ਭਾਵੇਂ
ਮਿੱਠੀ ਵੱਥ ਪਛਾਨਣ।"

ਤੇਜ਼ ਵਿਅੰਗ ਦੀ ਬਿੱਜ-ਧਾਰ ਨੂੰ
ਗੁਰੂ-ਸੁਰਤਿ ਸੁਣ ਕੱਟੇ
ਕੁਦਰਤ ਸਖੀ ਦੇ ਰੂਪ ਨਿਆਰੇ
ਗੁਰ-ਨਜ਼ਰਾਂ ਵਿਚ ਰੱਤੇ।

ਗੁਰ-ਅਸੀਸ ਦੇ ਜਲਵੇ ਛੁਹ ਕੇ
ਹੜ੍ਹ ਅਦਿੱਖ ਸੀ ਹੁੱਲੇ
ਦਿਲ ਕੁਦਰਤ ਦੇ ਝੁਕ ਝੁਕ ਸਾਂਭੇ
ਗੁਰ-ਵਰਦਾਨ ਅਮੁੱਲੇ।

ਦੀਰਘ ਮੁਚ ਰੁੱਖ ਦੇ ਫਲ ਸੀ
ਰੁੱਤਾਂ ਕੜਵੇ ਜਾਣੇ.
ਤੀਖਣ ਸੁਰਤਿ ਰਬਾਬੀ ਦੀ ਪਰ
ਮਿੱਠੇ ਤੁਰਤ ਪਛਾਣੇ।

ਵੇਗਵਾਨ ਅਨੁਭਵ ਜੋਗੀ ਦੇ
ਹਾਥ ਲਿਆ ਸੱਚ ਆਪੇ,
ਸ਼ਕਤੀ-ਅਹੁੰ ਚੋਂ ਖੁਣਸ ਜਾਗ ਪਰ
ਰਮਜ਼ ਅਬੋਧ ਸਰਾਪੇ।

ਦਾਨਾ ਬ੍ਰਿਛ ਦੀ ਸਿਖਰ ਟਾਹਣ ਤੋਂ
ਫਲ ਮਿੱਠੇ ਲੈ ਆਂਵੇ,
ਜੋਗੀ ਨੇ ਵੰਗਾਰ ਸੀ ਘੱਤੀ:
"ਕਿਉਂ ਬਿਖ ਨਿਰੀ ਲਿਆਵੇ?"

ਅਹੁੰ-ਗਾਰ ਵਿਚ ਸ਼ਿਵ-ਮਾਯਾ ਚੋਂ
ਸਿਰਜ ਨਾਗ ਉਹ ਕੰਬੇ,
ਪਾਰੇ ਵਾਂਗ ਜੋ ਤਿਲਕ ਰੁੱਖ ਤੇ
ਪੱਤ ਟਹਿਣ ਸਭ ਡੰਗੇ।

ਡੰਗ-ਫਰੇਬ 'ਚ ਪਰ ਮਰਦਾਨਾ
ਬਿਖ ਬੇਸੁੱਧ ਨ ਕੀਤਾ,
ਸੱਚ-ਝਲਕ ਨੇ ਨਾਗ ਰੁੱਖ ਤੇ
ਤਮੋ-ਸਿੱਲ ਕਰ ਸੀਤਾ।

ਹਉਂ ਦੇ ਤਪਦੇ ਥੰਮ੍ਹ ਸੀ ਪਾਟੇ
ਤਮ ਕਰ ਫੀਤਾ ਫੀਤਾ,
ਚਸ਼ਮੇ ਰਹੇ ਰਹਿਮ ਦੇ ਵਗਦੇ
ਸਹਿਮ ਜੋਗੀਆਂ ਪੀਤਾ।

ਕਰਮੀ ਵੰਨ ਚੜ੍ਹੇ ਗੁਰ-ਘਰ ਚੋਂ
ਫਲ ਅੰਮ੍ਰਿਤ ਕਰ ਲੀਤਾ,
ਪਲਾਂ 'ਚ ਜੋਗੀ ਤਰਸ ਦੇ ਹਾਣੀ
ਮਨ ਜੀਤੇ ਜਗ ਜੀਤਾ।

ਜਗ ਵਿਚ ਜਿਵੇਂ ਕਾਰਤਿਕ ਪਿੰਜਰ
ਅਗਨ ਦਵੇਖ ਜਲਾ ਕੇ
ਮਾਂ ਨੂੰ ਦੇ ਸ਼ਾਪ ਰਿਹਾ ਤਪਦਾ
ਭਟਕ ਭਟਕ ਪਛਤਾ ਕੇ

ਕਿਸੇ ਅਦਿੱਖ ਅਸੀਸ ਨਾਲ ਸੀ
ਹੋਇਆ ਸ਼ਾਂਤ ਪਿਹੋਵੇ,
ਹਠ-ਤਪਸ਼ ਜੋਗੀਆਂ ਦੀ ਨੂੰ
ਮਾਂ ਵਾਂਗ ਗੁਰ ਧੋਵੇ।

ਮਿੱਠੇ ਰੀਠੇ ਦੇ ਜਦ ਸਾਹਵੇਂ
ਨਾਥ-ਸਿਹਰ ਸੀ ਟੁੱਟੇ,
ਕਿੱਥੇ ਮਾਣ ? ਘਾਇਲ ਦਿਲ ਭਟਕਣ !
ਦੇਣ ਉਲਾਂਭੇ ਰੁੱਠੇ।

ਗੋਰਖ ਮਤੇ ਤੀਕ ਵਿਚ ਮੱਠਾਂ
ਧੂੰਅ ਖੁਣਸ ਦਾ ਧੁੱਖੇ,
ਪਹਿਰੇ ਦੇਣ ਸਿੱਧੀਆਂ ਦਿਲ ਤੇ
ਫੇਰ ਗਏ ਕਿਉਂ ਲੁੱਟੇ !

ਗੁਰ-ਅਜ਼ਮਤ ਦੀ ਸਿਖਰ ਵੇਖਦੇ
ਬੇਬਸ ਜੋਗੀ ਝੂਰਣ,
ਚੀਸ ਅਬੋਲ 'ਚ ਮਿਲਣ ਦਿਲਾਸੇ
ਤਾਨ ਰਬਾਬ ਜਾਂ ਉੱਠੇ।

ਉਂਜ ਤਾਂ ਕਰਮ ਗੁਰੂ ਦਾ ਵੱਡਾ
ਸਭ ਦਿਸਹੱਦੇ ਚਾਨਣ,
ਪਰ ਨਾਥਾਂ ਲਈ ਸੁੰਨ ਖ਼ਲਾ ਇਹ !
ਪਾਰ ਗਏ ਤਾਂ ਕੁੱਠੇ।

ਸਿੱਧ-ਮੱਠਾਂ ਵਿਚ ਕਈ ਮਹੀਨੇ
ਗੁਰ ਅਪਣੱਤ 'ਚ ਘੁੰਮੇ,
ਫਿਰ ਵੀ ਦਿਲ ਤੋਂ ਪੁੱਛਣ ਜੋਗੀ:
"ਹਾਰ ਗਏ ਕਿਸ ਰੁੱਤੇ!"

ਸਫ਼ਰ ਕਰੇ ਸਿੱਧੀਆਂ ਦੇ ਜੋ
ਨਾ ਸਿੱਧਾਂ ਨੂੰ ਭੁੱਲਣ,
ਚੋਟ ਇਲਾਹੀ ਸ਼ਬਦ ਦੀ ਐਪਰ
ਪਵੇ ਢੀਠ ਗੜ੍ਹ ਉੱਤੇ।

ਗੋਰਖ ਮਤੇ ਦਾ ਹਠ ਡਾਢੜਾ
ਪਾਰ ਪਹਾੜਾਂ ਗਰਜੇ,
ਉਮ੍ਹਲੇ ਤਾਰ ਰਬਾਬੋਂ ਖੇੜੇ
ਪੂਰਬ ਸਮੇ 'ਚ ਸੁੱਤੇ।

ਬਾਲਪਨ ਦੇ ਚਾਅ ਦਾਨੇ ਨੂੰ
ਯਾਦ ਔਣ ਤਾਂ ਸੋਚੇ:
ਭਾਵੇਂ ਜਿੱਤਾਂ ਦੇ ਵਡ ਲਸ਼ਕਰ,
ਆਂਙਣ ਧੂੜਾਂ ਲੁੱਤੇ!

ਸੋਚ ਅਨੰਤ ਗਗਨ ਜਦ ਲੰਘੀ
ਮੋਹ ਸ਼ਬਨਮ ਦਾ ਖਿੜਿਆ
ਨੰਨ੍ਹੇ ਪਹੇ ਯਾਦ ਕਰ ਦਾਨਾ
ਨਾ ਵਿਚ ਕਾਲ ਵਿਗੁੱਤੇ।

-2-

ਸਿੱਧ ਮੱਤੇ ਦੇ ਸੁੱਕੇ ਪਿਪਲ ਤੋਂ ਤਰਸ ਦੀ ਅਮਰ ਹਰਿਆਵਲ ਤਕ

ਆਏ ਉਤਰ ਪਹਾੜਾਂ ਉੱਤੋਂ
ਫਿਰ ਨਾਨਕ ਮਰਦਾਨਾ,
ਦਸਤਕ ਵਣਾਂ ਵਿਚ ਦਰ ਨਾਥਾਂ
ਦਿੰਦਾ ਨਵ ਪਰਵਾਨਾ।

ਦਿਉਹਾ ਨਦੀ ਵਗੇ ਵਿਚ ਵਣ ਦੇ
ਸਿੱਧ ਮਤੇ ਸਿਰ ਸੰਙਾਂ,
ਅਲਖ ਜਗਾਉਣੀ, ਰੂਹ ਤੋਲਣੀ,
ਜੋਗੀ ਵਰਗੇ ਰੰਗਾਂ।

ਹਰਾ ਕਦੇ ਔਹ ਸੁੱਕਾ ਪਿੱਪਲ
ਢਕ ਲਿਆ ਇਉਂ ਬਦੀਆਂ,
ਡੁੱਬੇ ਤਾਰੂ ਜਿਵੇਂ ਬੁਲਾਵਣ
ਨਭ ਉੱਚੇ ਵਿਚ ਸਦੀਆਂ,

ਸੁੰਵੇ ਥੜੇ 'ਤੇ ਦੰਡ ਭੋਗਦਾ
ਇਉਂ ਸ਼ਰਮਿੰਦਾ ਥੀਵੇ,
ਚੁੱਪ 'ਚ ਖ਼ਾਬ ਸ਼ਹੀਦ ਤਪਣ ਜਿਉਂ
ਦੰਭ-ਸਰਾਲ ਜਾਂ ਪੀਵੇ।

ਤਰਸ ਨਿਧਾਨ ਆ ਇਹੀਓ ਪਿੱਪਲ
ਭਾਰੇ ਵਣੀਂ ਨਿਵਾਜੇ
ਫੇਰ ਅਸੀਸ ਵੈਦ ਦੀ ਮਿੱਠੀ
ਤਾਰ ਰਬਾਬ 'ਚ ਵਾਜੇ।

ਸੁੱਕੇ ਰੁਲਦੇ ਪਿੱਪਲ ਉੱਤੇ
ਇਉਂ ਹੁੱਲੇ ਪਤ ਸਾਵੇ,
ਜੁਗਾਂ ਬਾਦ ਜਿਉਂ ਥੇਹ ਭੁੱਲੇ 'ਤੇ
ਪੈੜ ਸ਼ਹੀਦ ਸੁਹਾਵੇ।

ਗੁਪਤ ਹਰੀ ਕਾਂਗ ਰੁਖ ਅੰਦਰ
ਕੰਬ ਗਈ ਫਿਰ ਸੰਗੀ,
ਜਿਉਂ ਗੁਨਾਹ ਦੇ ਮਸਤਕ ਥਾਣੀ
ਦਯਾ ਸੰਤ ਦੀ ਲੰਘੀ।

ਤਦੋਂ ਜੋਗ-ਚੇਤਨਾ ਅੰਦਰ
ਦਯਾ-ਕੂੰਬਲਾਂ ਮਉਲਣ
ਦੇਹ-ਨਕਸ਼ ਬੇਨਕਸ਼ ਕਾਂਗ ਹੋ
ਜਿਸਦੀ ਫ਼ਿਜ਼ਾ 'ਚ ਘੋਲਣ।

ਰੂਲ ਦਾ ਗਗਨ ਉਤਰਿਆ ਤਦ ਸੀ
ਚੁੰਮ੍ਹ ਵਿਰਾਟ ਹਿਮਾਲਾ,
ਜਦ ਮੂੰਹ ਖੋਲ੍ਹ ਬਿਦੇਹ ਸਮਾਧੀ
ਪੀਤੀ ਕਾਮ-ਜੁਆਲਾ।

ਚਿਰ ਪਿੱਛੋਂ ਤਕ ਹਰਿਆ ਪਿੱਪਲ
ਸਿਧ ਭੁੱਲੇ ਨਿਜ ਥਾਵਾਂ,
ਬ੍ਰਹਮਰੰਧਰ ਦੀ ਕੂਟ 'ਤੇ ਵੱਜਣ
ਜਾ ਬੇਚੈਨ ਹਵਾਵਾਂ।

ਰੈਣ ਪਈ ਜੁਗ-ਨੀਂਦਾਂ ਤਾਰੇ
ਝਿਲਮਿਲ ਵਣ 'ਤੇ ਤਾਨਣ,
ਦਰ ਮੱਠਾਂ ਦੇ ਬਲਣ ਧੂਣੀਆਂ
ਨਾਥ ਦਿਸਣ ਵਿਚ ਚਾਨਣ।

ਠੰਢੀ ਰਾਤ ਠਰੇ ਮਰਦਾਨਾ
ਚਿਣਗ ਲੈਣ ਨੂੰ ਜਾਵੇ,
ਕਹਿਰ ਦਵੈਖ ਮਿਲੇ ਪਰ ਅੱਗੋਂ
ਹੱਥ ਮਲੇ ਪਛਤਾਵੇ।

ਤਾਂ ਫਿਰ ਕਿਸੇ ਅਜਨਬੀ ਧੂਣੀ
ਮਹਿਮਾਨਾਂ ਘਰ ਬਾਲੀ,
ਤਦੋਂ ਬਣੇ ਆ ਇਸ ਅਗਨੀ ਦੇ
ਤਾਰੇ ਨਵੇਂ ਸੁਆਲੀ।

ਸੈ ਧੂਣੀਆਂ ਵਿਚ ਇਕ ਧੂਣੀ
ਚੁਭੇ ਪਈ ਦਿਲ ਨਾਥਾਂ,
ਖੁਣਸਾਂ ਡੰਗ ਦੇਣ ਉਸ ਦਿਲ ਨੂੰ
ਨਾ ਦੇਵੇ ਜੋ ਹਾਥਾਂ।

ਵਣ ਵਿਚ ਵਗੀ ਹਨੇਰੀ, ਗਰਜਣ
ਬਿੱਜ ਅਤੇ ਮੰਝਧਾਰਾਂ,
ਸਿੱਧਾਂ ਦੇ ਬਹੁ ਵਾਰ ਨਿਰਾਲੇ
ਜਰੇ ਬਿਰਖ ਦੁਖਿਆਰਾਂ।

ਸਿੱਧੀ-ਮਾਯਾ ਭਸਮ ਕਰੇਂਦੀ
ਸਿਧ-ਧੂਣੀਆਂ ਸੱਭੇ,
ਪਿੱਪਲ ਹੇਠ ਬਲੇ ਜੋ ਅਗਨੀ
ਸਰਬ ਕਾਲ-ਜਿੱਤ ਲੱਗੇ।

ਧੁੰਧ ਜੋਗ-ਸਿੱਧੀਆਂ ਦੀ ਤੇ
ਬਾਬਾ ਸਹਿਜ ਉਤਾਰੇ,
ਡੋਬ ਸਕੂਨ 'ਚ ਝੱਖੜ ਮਾਤੇ
ਫਿਰ ਰਬਾਬ ਧੁਨਕਾਰੇ।

ਤਾੜੀ ਵਿਚ ਵਿਲਾਸ ਦੇ ਮੰਥਨ
ਕਰ ਕਰ ਨਾਥ ਗੁਆਚੇ,
ਦਸਮ ਦੁਆਰ ਦੀ ਫ਼ਜਰ ਉਤਾਰੀ
ਆ ਗੁਰ ਨਾਨਕ ਸਾਚੇ।

ਪੁੱਛਣ ਨਾਥ : "ਕਵਨ ਗੁਰ ਤੇਰਾ
ਕਵਨ ਪੰਥ ਮੰਨ ਚੱਲੇਂ ?
ਕੈਸਾ ਵੇਸ ਕਵਨ ਹੈ ਮੁਦਰਾ
ਕਿਸ ਆਸਨ ਨੂੰ ਮੱਲੇਂ ?"

ਫਿਰ ਪੁੱਛਣ : "ਕਿੰਜ ਨਾਦ ਵਜਦਾ
ਬਾਝੋਂ ਸਿੰਙੀ ਖਿੰਥਾ ?
ਉੱਜਲ ਸੱਚ ਜੁਗਾਂ ਤੋਂ ਹਮਰਾ
ਸ਼ਕਤ ਤੁਮਾਰੀ ਹਿੰਸਾ।"

ਨਾਨਕ ਕਹਿਣ : "ਗੁਰੂ ਜੋ ਭੇਜੇ
ਪੰਥ-ਨੂਰ ਦਰਗਾਹੋਂ,
ਕੈਸਾ ? ਕਿੰਜ ਕਹਾਂ ? ਹੈ ਸੱਚਾ
ਧੁਰ ਦੇ ਪਹਿਲੇ ਸਾਹੋਂ।

"ਜਦੋਂ ਪੰਥ ਨਵਾਂ ਪ੍ਰਕਾਸ਼ੇ
ਦੇਹ-ਨੂਰ ਨਾ ਚੁੰਮ੍ਹਾਂ,
ਕਦ ਮਹਿਬੂਬ ਨਿਹਾਲਾਂ ਸੱਚਾ
ਤਬਕ ਤਬਕ ਵਿਚ ਘੁੰਮਾਂ।

"ਕਿਸ ਦੇ ਅੱਗੇ ਫ਼ਰਸ਼ ਵਿਛਾਵਾਂ
ਕੋ ਨਾ ਦੂਜਾ ਪੁੱਗੇ,
ਕਿਸ ਆਦਮ ਦਰ ਸੀਸ ਝੁਕਾਵਾਂ ?
ਪੰਥ ਨੂਰ ਚੋਂ ਉੱਗੇ।

"ਆ ਪ੍ਰਕਾਸ਼ ਧਰਮ ਦਾ ਪਹਿਲਾ
ਵਿਚ ਧਰ-ਪੰਥ ਜਾਂ ਹੁੰਦਾ,
ਉਸਦੇ ਸੂਰਜ ਸਮ ਗੁਰ ਵਰਗਾ
ਗੁਰ ਨਰ-ਬੰਸ ਨਾ ਹੁੰਦਾ।

"ਕਿਵੇਂ ਤਰਾਜ਼ੂ ਨਜ਼ਰ ਉਹ ਆਵੇ
ਵਿਚ ਮੈਨੂੰ ਬ੍ਰਹਿਮੰਡਾਂ,
ਜਿਸਨੇ ਤੋਲ ਲਈ ਗੁਰ-ਬਰਕਤ
ਸੰਗ ਸੂਰਜੀ ਰੰਗਾਂ।

"ਗੁਰ ਨਿਰਲੇਪ ਅਸੀਮ ਹਮਾਰਾ
ਨਵਾਂ ਪੰਥ ਲਹਿਰਾਵੇ,
ਅਪਣਾ ਕਰਮ ਵਾਰ ਸਿਰ ਹਮਰੇ
ਮੈਂ ਰਾਹ ਸਿੱਧ ਵਿਛਾਵੇ।

"ਗੁਰ ਦਾ ਕਰਮ ਦੀਦਾਰ ਜਾਂ ਦੇਵੇ
ਸੋ ਦਰੁ 'ਤੇ ਸਿਰ ਟੇਕਾਂ,
ਖਿੰਥਾ ਭਸਮ ਦੀ ਕੁੰਜ ਸੁੱਟ ਕੇ
ਪੰਥ ਨਵੇਲਾ ਦੇਖਾਂ।

"ਕਿੰਗ, ਭਸਮ, ਮੁੰਦਰਾਂ, ਡੰਡਾ,
ਲਹਿਰ ਅਗੰਮ ਦੇ ਤੀਲੇ,
ਧਰਮ ਮਿਰਾ ਬ੍ਰਹਿਮੰਡੋਂ ਅੱਗੇ
ਪਿਰ ਢੂੰਡੇ ਹਰ ਹੀਲੇ।

"ਸਭ ਧਰਮਾਂ ਦੀ ਪੈੜ-ਚਾਪ ਹੀ
ਮਿੱਠਾ ਨਾਦ ਬਣਾਵੇ,
ਸੱਚਾ ਗੁਰੂ ਸੁਣੇ ਜਦ ਉਸਨੂੰ
ਸਭ ਕਾਲਾਂ ਤਕ ਜਾਵੇ।"

ਇਉਂ ਜੋ ਸੁਖ਼ਨ ਫ਼ਜਰ ਤਕ ਆਏ
ਸਿੱਧਾਂ ਸੁਣੇ ਸ਼ਤਾਬੀ,
ਅਜਬ ਰੈਣ ਸੀ ਅਜਬ ਨੂਰ ਸੀ
ਤਕ ਤਕ ਸੁਣੇ ਰਬਾਬੀ।

ਅਜ਼ਮਤ ਦਿਸੇ ਨਿਮਰ ਸਿਰ ਝੁਕਦੇ
ਕੂਕਨ ਸ਼ੌਕ-ਤਰੰਗਾਂ:
"ਜਿਦ੍ਹੀ ਉਡੀਕ ਰਹੇ ਤਕ ਪਰਲੋਂ
ਮੈਂ ਉਸ ਰਾਹ ਤੋਂ ਲੰਘਾਂ।"

ਐਪਰ ਹਾਰ ਚੁਭੇ ਭੈਂਅ ਪਕੜੇ
ਹਉ ਇਹ ਵਾਂਗ ਦਰਿੰਦੇ,
ਭੋਲੇ ਬਾਲ ਦੇ ਚਾਅ ਸੀ ਭੁੱਲੇ
ਹੋ ਜੋਗੀ ਸ਼ਰਮਿੰਦੇ।

ਨਾਦ ਮਲੂਕ ਸੁਣੇ ਸਭ ਸਿੱਧਾਂ
ਤਮਕ ਖਾਣ ਫਿਰ ਡਾਢੀ,
"ਲੈ ਸੰਨਿਆਸ ਛੋਡ ਵਣ ਜਾਵੇ,"
ਕਹਿਣ "ਧਰਤ ਇਹ ਸਾਡੀ।"

"ਨਾ ਧਰ ਕਿਸੇ ਦੀ" ਨਾਨਕ ਬੋਲੇ:
"ਧਰਮ ਲਈ ਇਹ ਥਾਪੀ,
ਅਸੀਂ ਅਜਨਬੀ ਦੂਰ ਦੇ ਬੰਦੇ
ਮਿਲਖ ਕਿਤੇ ਨਾ ਮਾਪੀ;

"ਪਰ ਜੇ ਸੰਤ ਦੀ ਬਰਕਤ ਸੁੱਚੀ
ਜਲ ਜਿਉਂ ਕਿਤੇ ਸਮਾਵੇ,
ਓਸ ਦੇਸ ਦਾ ਕਣ ਕਣ ਸਮਝੋ
ਸੰਤ-ਨੈਣ ਹੋ ਜਾਵੇ।

"ਉਸਦਾ ਦੇਸ ਓਸਦਾ ਵਣ ਇਹ
ਜਿਸਦੀ ਬਰਕਤ ਬੋਲੇ,
ਸੰਤ-ਅਸੀਸ ਤ੍ਰੇਲ ਜਿਉਂ ਠੰਢੀ
ਮਨ ਧਰਤੀ ਦਾ ਤੋਲੇ।"

ਨਾਲ ਪਤਾਲ ਸਿੱਧ ਲਿਵ ਜੋੜਣ
ਕਣ ਕਣ ਜਪੁ ਸੀ ਝਰਿਆ,
ਪਿੱਪਲ ਹਰਾ ਮਧੁਰ ਜਿਉਂ ਰੀਠਾ
ਇੰਜ ਸਿਦਕ ਧਰ ਭਰਿਆ।

ਤਦੋਂ ਰਬਾਬ ਵਾਂਗ ਧਰ ਥਰਕੀ
ਜੁਗ-ਨੀਂਦਰ ਚੋਂ ਜਾਗੀ,
ਸਭ ਕਾਲਾਂ ਵਿਚ ਗੁਰ-ਪੈੜਾਂ ਨੂੰ
ਵੇਖ ਵੇਖ ਵੈਰਾਗੀ।

ਸਿਧ ਮਤੇ ਨੂੰ ਨਾਨਕ ਮਤਾ ਹੀ
ਮਹਾਂ ਰਹੱਸ ਅਲਾਪੇ,
ਜੀਵ ਜੰਤ ਪੌਣ ਨੂੰ ਦੱਸੇ
ਭੇਤ ਕੂੰਬਲਾਂ ਆਪੇ।

ਸਿੱਧੀਆਂ ਸਾਹਮਣੇ ਮਿਹਰ, ਪੱਤ ਅਤੇ ਸੱਚ ਦੀ ਮਹਾਨਤਾ ਦਰਸਾ ਕੇ ਨਾਨਕ ਮਤਾ ਤੋਂ ਵਿਦਾਇਗੀ

ਲਹੂ ਵਾਂਗ ਬ੍ਰਹਿਮੰਡ ਦੇ ਪੈਂਡੇ
ਅਗਮ ਲਤੀਫ਼ ਰਗਾਂ ਵਿਚ ਵਹਿੰਦੇ;
ਦੂਰ ਗਰਜਦਾ ਹੁਕਮ ਸਤਾਣਾ
ਬਖ਼ਸ਼ੇ ਨਗਨ ਖ਼ਾਕ ਨੂੰ ਬਾਣਾ,
ਜੋ ਅਤੋਲਵੀਂ ਮਿੱਟੀ ਜਾਪੇ
ਸਜ ਅਕਾਲ ਦੀ ਕੂਟ ਅਲਾਪੇ।
ਸੂਰਜ ਦੇਣ ਲਿਸ਼ਕ ਫਿਰ ਭਾਰੀ
ਕਾਲ-ਟੋਰ ਮਾਂ ਧਰਤ ਚਿਤਾਰੀ।
ਨਾਦ ਚੁੱਪ, ਨਾਦ ਗੁੰਜਾਰਾਂ
ਸਿਰਜ ਰਿਹਾ ਕਾਲ-ਮੰਝਧਾਰਾਂ।
ਧਰੂਵ ਤਾਰੇ ਵਾਂਗ ਪੈਗ਼ੰਬਰ
ਦਿਸਣ ਜਦੋਂ ਦਿਸਦੇ ਨਵ ਅੰਬਰ।
ਚਿੱਤ ਬਿਸ਼ੇਖ ਤਦੋਂ ਗਰਮਾਵੇ
ਕਾਲ-ਕਦਮ ਧਮਕ ਜਹੀ ਪਾਵੇ।

ਅਨਕ ਸਮੂਹ ਚੇਤਨਾ ਸੰਦੇ
ਭਿੰਨ ਵਰਣ ਨਸਲਾਂ ਦੇ ਬੰਦੇ
ਹੋ ਬੇਤਾਲ ਤੁਰਨ ਵਿਚ ਭੀੜਾਂ
ਥਲੀਂ ਜਿਵੇਂ ਹੱਡੀਆਂ ਲੀਰਾਂ।
ਤਦ ਰੁਮਕਾਵਨ ਆ ਪੈਗ਼ੰਬਰ
ਸਮਾ ਵਿਸ਼ਾਲ ਚੇਤਨਾ ਅੰਦਰ।
ਬੂੰਦ ਬਿਰਖ ਨ, ਨਕਸ਼ ਤੋਂ ਖ਼ਾਲੀ
ਹੋਣ ਅਦਿੱਖ ਪੁਲਾੜ ਸੁਆਲੀ
ਕਾਲ ਦਾ ਸਹਿਜ ਬੰਨ੍ਹਦਾ ਤਾਨਾਂ
ਗ਼ੈਬੋਂ ਧਰ ਡੀਕ ਵਿਚ ਪ੍ਰਾਣਾਂ।
ਧੁੰਧ ਅਸਰਾਲ 'ਚ ਰੁਦਨ ਅਨੋਖੇ
ਕਿੱਥੇ ਅਸਲ ? ਤਿਲਕਦੇ ਧੋਖੇ!
ਤਾਂ ਰੂਹਾਂ ਜਿੱਥੋਂ ਗੁਰ ਵੇਖਣ
ਸੀਸ ਅਡੋਲ ਕੂਟ ਵਲ ਟੇਕਣ।
ਸਮਾਂ ਅਤੋਲੀ ਖ਼ਾਕ 'ਚ ਦੱਬੇ
ਜੇ ਗੁਰ-ਨੂਰ ਨ ਜਿੰਦ ਨੂੰ ਲੱਗੇ।
ਇਉਂ ਗੁਰ ਸਿੱਧ ਮਤੇ ਜਦ ਆਏ
ਸੁਰ ਕਰ ਸਮਾਂ, ਪ੍ਰਾਣ ਰੁਮਕਾਏ।
ਹਉਂ ਵਿਚ ਬੰਦ ਸਿੱਧੀਆਂ ਲੱਖਾਂ
ਕੈਦੀ ਦੈਂਤ ਜਿਵੇਂ ਬਿਨ ਅੱਖਾਂ
ਛੁਹਣ ਮਿਹਰ-ਹੱਥ ਜਦ ਸਦੀਆਂ
ਹਉਂ-ਕੰਦਰਾਂ ਨੂੰ ਤੋੜਨ ਨਦੀਆਂ।
ਸਿੱਧ ਮਤੇ ਤੋਂ ਨਾਨਕ ਚੱਲੇ
ਨ ਕੋ ਹੋਰ, ਜਦੋਂ ਪਤ ਖੱਲ੍ਹੇ!
ਸੁਰ ਵਿਚ ਕਾਲ ਰਹੇ ਹਰ ਥਾਵੇਂ
ਸੱਚ ਨਿਸ਼ੰਗ, ਪੱਤ ਦੇ ਸਾਹਵੇਂ। -1-

ਪੂਰਬ ਦੇ ਅਨੇਕ ਮੈਲੇ ਹੋਏ ਤੀਰਥਾਂ ਵਲ

ਵੱਡੇ ਤੜਕੇ ਕੁਤਬ ਇਲਾਹੀ
ਵੇਖ ਰਿਹਾ ਹਰ ਸਮੇ ਦੇ ਰਾਹੀ।
ਰਿਹਾ ਪਛਾਣ ਹਜੂਮ ਦੇ ਅੰਦਰ:
"ਕਿਸਦੀ ਪੈੜ, ਵੇਖਦੇ ਅੰਬਰ?"

ਰਾਹ ਅਨੇਕ ਵਿਚ ਗੁਰ ਸਾਚੇ
ਨਕਸ਼ ਬੇਦਾਗ਼ ਸਦਾ ਜੋ ਵਾਚੇ।
ਬੇਤਾਲ ਭੀੜਾਂ ਵਿਚ ਜਾਣੇ
ਰੂਹ ਅਚਿੰਤ ਦੇ ਅਸਲ ਟਿਕਾਣੇ।
ਕੂਟ ਅਟੱਲ ਵਿਜੈ ਦੀ ਵੱਲੇ
ਜਲਦੀ ਦੇਖ ਪਿਰਥਵੀ ਚੱਲੇ।
ਮਰਦਾਨੇ ਨਾਨਕ ਦੇ ਸਾਏ
ਉਜੜੇ ਸਮਿਆਂ ਦੇ ਹਮਸਾਏ
ਵਣ ਤਿਣ ਤਾਨ ਰਬਾਬ ਸਮਾਏ
ਜੁਗ ਜੁਗ ਰੁਲਦੇ ਮੁਨਸ ਜਗਾਏ।
ਤੇਗ ਵਾਂਗ ਤਪਣ ਖੰਭ ਚਿੜੀਆਂ
ਦਿਸਣ ਬਾਜ਼-ਪਰਵਾਜ਼ਾਂ ਘਿਰੀਆਂ।
ਵਾਚੇ ਮਰਦਾਨੇ ਦੇ ਨੈਣਾਂ
ਨਾਨਕ-ਕਦਮ ਪਾਰ ਦਿਹੁ ਰੈਣਾਂ।
ਨਾਨਕ-ਸੁਖ਼ਨ ਸੁਣੇ ਮਰਦਾਨਾ:
"ਤੀਰਥ ਮੇਲੇ ਬਾਝ ਈਮਾਨਾਂ
ਗੁਰ-ਖਿਣ ਸਾਂਭੇ ਜਗਤ ਵੀਰਾਨਾ
ਨਦੀ ਸਰ ਵੀ ਕਰਨ ਸਨਾਨਾ
ਲਿਸ਼ਕੇ ਸੰਤ-ਤੇਗ ਜਿਉਂ ਉੱਚਾ
ਆਖਾਂ ਸੱਚ ਸਦਾ ਜੋ ਸੁੱਚਾ।" -2-

ਟਾਂਡਾ ਵਣਜਾਰਾ ਵਿਚ ਅਸਲੀ ਤੇ ਨਕਲੀ ਵੈਰਾਗ ਦਾ ਫ਼ਰਕ

ਤੁਰ ਆਏ ਗੁਰ ਟਾਂਡੇ ਬਾਰੇ
ਜਿੱਥੇ ਵਣ ਚੀਰ ਵਣਜਾਰੇ
ਖੋਤੇ ਘੋੜ ਖੱਚਰਾਂ ਉੱਤੇ
ਔਣ ਸਦਾ ਧਾਨਾਂ ਦੀ ਰੁੱਤੇ।
ਕਲ ਸੀ ਜਸ਼ਨ ਨਗਰ ਵਿਚ ਹੋਏ
ਬਾਲਕ ਜਨਮ ਲਿਆ, ਅਜ ਮੋਏ।
ਸੀ ਕੁਰਲਾਟ ਪਈ ਸਭ ਰੋਏ
ਰਾਉ ਰੰਕ ਘਰ ਦਿਸੇ ਨ ਲੋਇ।
ਡੂੰਘੇ ਵੈਣ ਸੁਣੇ ਮਰਦਾਨੇ:
ਪੁੱਛੇ: "ਕਿਉਂ ਇਹ ਦਰਦ ਪੁਰਾਣੇ?"

ਨਾਨਕ ਕਹਿਣ: "ਜਗਤ ਵਣਜਾਰਾ
ਵਣਜ-ਵੱਥ ਨਾ ਜਾਣਨਹਾਰਾ
ਜਦ ਮਾਸੂਮ ਬਾਲ ਤੁਰ ਜਾਵਣ
ਦੰਭੀ ਖ਼ਾਬ ਨਾਲ ਕੁਰਲਾਵਣ;
ਮੋਹ ਕੁਪੱਤੀ ਨਾਰ ਦੇ ਵਾਂਗ
ਘਰ ਘਰ ਜਲੇ ਅੰਗਾਰ ਦੇ ਵਾਂਗ
ਘਰ ਖੁਸਦੇ ਤਾਂ ਧਾਹੀਂ ਪਿੱਟੇ
ਤਿੱਥ ਗ੍ਰੰਥ ਪੁਰੀ ਸਭ ਭਿੱਟੇ,
ਦੰਭ ਅਚੇਤ ਦੁੱਖ ਦੇ ਅੰਦਰ
ਬਣ ਜਾਵੇ ਨਿਰਲੱਜ ਪਗੰਬਰ।
ਦਰਦ ਅਗਾਹ ਜਰੇ ਵਿਚ ਧੋਖੇ
ਰਾਹ ਨ ਜਾਣੇ, ਦੇਵੇ ਹੋਕੇ
ਨਾਮਰਜਾਦ ਜਿੰਦ ਤੇ ਚਾੜ੍ਹੇ
ਮੈਲੇ ਚੋਲੇ, ਜੋ ਅਤਿ ਭਾਰੇ
ਸਹਿਜ ਰਵਾਨੀ ਮੋਹ ਦੀ ਤੋੜੇ
ਬੰਜਰ ਤੜਪ ਵਲ ਮੁੱਖ ਮੋੜੇ;
ਟੰਗੇ ਰਹਿਣ ਸਿਦਕ ਸਭ ਪਿਆਸੇ
ਮੌਤ ਦੇ ਡੰਗ ਚੁਭਣ ਹਰ ਪਾਸੇ;
ਪਾਪ ਤਾਪ ਮਨਸਾ ਵਿਚ ਬੰਨ੍ਹੇ
ਬ੍ਰਿਹਾ-ਬੰਦੀ ਕਰਨ ਮੁਲੰਮੇ।
ਨਾਮਰਜਾਦ ਰੂਹ ਇਹ ਨੂਰੀ
ਮੈਲੀ ਹੋਇ ਨ, ਰਹੇ ਜੇ ਪੂਰੀ,
ਨਿਹਕਲੰਕ ਪੰਥ ਸਦ ਵੇਖੇ
ਰਹਿਣ ਅਖੰਡ ਮਰਗ ਤਕ ਲੇਖੇ।" -3-

ਅਯੁੱਧਿਆ : ਰਾਮ-ਯਾਦਾਂ ਦੀ ਮੱਧਮ ਪਈ ਪਾਵਨਤਾ ਉੱਤੇ ਗੁਰੂ ਨਾਨਕ ਦਾ ਆਤਮਕ ਪ੍ਰਕਾਸ਼

ਉਹੀਓ ਚੰਦ ਉਹੀ ਨੇ ਤਾਰੇ
ਬਦਲ ਜਾਣ ਸੂਖਮ ਝਲਕਾਰੇ।
ਰਾਜ਼ ਰਬਾਬ ਸੁਰਾਂ ਜਿਉਂ ਖੋਲ੍ਹੇ
ਕੌਲ ਛੁਪਣ ਤਾਰੀਖ਼ਾਂ ਓਹਲੇ।

ਖ਼ਾਕ 'ਚ ਸੁਥਕ ਨਿਜ਼ਾਮ ਇਲਾਹੀ
ਛੂਹ ਤੁਰੇ ਇਤਿਹਾਸ ਦਾ ਰਾਹੀ;
ਬਦਲ ਲੈਣ ਤਹਿਜ਼ੀਬਾਂ ਚੋਲੇ
ਅੰਤ ਭਸਮ ਕਰ ਖ਼ਾਕ ਜੁ ਰੋਲੇ।
ਕੌਲ-ਤਰੰਗ ਫੇਰ ਵੀ ਜਾਗੇ
ਨੈਣ ਭਰੇ ਬੰਜਰਾਂ ਲਾਗੇ,
ਛੁਪੇ ਅਬੋਲ ਰਹਿਣ ਘਾਹ ਸਾਵੇ
ਕਰਨ ਉਡੀਕ ਬਿਰਖ ਨੈਂ ਆਵੇ।
ਕੌਲ ਗ਼ੈਬ ਦੇ ਲਸ਼ਕਰ ਜੋੜੇ
ਸੁਰ ਹੇਠ ਨਵ ਰਮਜ਼ ਨੂੰ ਤੋਰੇ।
ਉਹੀਓ ਦਿਵਸ ਉਹੀ ਨੇ ਰੈਣਾਂ
ਦਿਲ-ਚਾਅ ਹੋਰ, ਹੋਰ ਸਿਕ ਨੈਣਾਂ।
ਖੜੇ ਰਹਿਣ ਪੈਗ਼ੰਬਰ ਓਹਲੇ
ਦੇਣ ਆਵੇਸ਼ ਨਾਲ ਜੁ ਤੋਲੇ।

ਤਾਂਘ ਉਠੀ, ਨਾਨਕ ਫਿਰ ਸੋਚੇ:
"ਤੱਕੀਏ ਰਾਮ ਸ਼ਹਿਰ ਮਨ ਲੋਚੇ।
ਕਰਨੇ ਜੱਗ, ਸਰੀਰ ਤਪਾਉਣੇ
ਪੌਣ ਜਿਵੇਂ ਸਰਜੂ ਨੂੰ ਸੋਕੇ।
ਤੀਰਥ-ਦਰਸ, ਸੰਧਿਆ, ਪੂਜਾ,
ਮੀਤ-ਉਡੀਕ ਬਾਝ ਸਭ ਧੋਖੇ।
ਲੋਹ ਤਿਸਾ ਨੇ ਪੁੰਨ ਨਪੀੜੇ
ਸਰਜੂ-ਵਹਿਣ ਤਪਾਂ ਇਹ ਰੋਕੇ।
ਠੰਢੀ ਰੈਣ ਕਿਤੇ ਨ ਤਾਰੇ
ਦੀਪ ਜਗੇ ਜਾ ਦੇਵਾਂ ਹੋਕੇ।
ਰਾਮ-ਕਦਮ ਦੀ ਚਾਪ ਤੋਂ ਅੱਗੇ
ਗੁਰ ਅਕਾਲ ਦੇ ਨੂਰ ਅਨੋਖੇ।
ਲੰਕ ਅਯੁੱਧਿਆ ਤਕ ਪੈਰ-ਚਿੰਨ੍ਹ
ਖੰਭ, ਨਜ਼ਰ, ਸਭ ਮਿਟੇ ਚਿਰੋਕੇ।
ਭੁੱਲੇ ਫੋਕਟ ਕਰਮ ਸਿੱਕ ਨੂੰ
ਭਸਮਾਂ ਲੁੱਤੇ ਸੁਰਤ ਝਰੋਖੇ।
ਤੁਰ ਮਰਦਾਨੇ ਵਲ ਅਯੁਧਿਆ
ਵਿਚ ਰਬਾਬ ਦੇ ਕੌਲ ਸਮੋ ਕੇ।"
ਇਉਂ ਸੋਚਣ ਕਾਲ-ਹੜ੍ਹ ਅੰਦਰ
ਵਣਾਂ 'ਚ ਤੁਰਨ, ਗਵਾਹ ਸੀ ਅੰਬਰ।

ਝਲਕੇ ਤਦੋਂ ਨਦੀ ਦੇ ਪਾਣੀ
ਜਿਹਦੇ ਨਾਮ ਬਹੁਤ ਪਰ ਜਾਣੀ।
ਵਹਿਣ ਘਾਘਰਾ ਠੇਲ੍ਹਣ ਬੇੜੀ
ਨਿੱਕੀ ਰਮਜ਼ 'ਚ ਕਾਲ-ਹਨੇਰੀ!
ਬਾਹਰ ਸਕੂਨ ਅਨੂਪ ਰਵਾਨੀ
ਅੰਤਰ ਮਹਾਂ ਵੇਗ ਲਾਸਾਨੀ।
ਤੇਜ਼ ਤੇਗ ਜਿਉਂ ਸਦਾ ਸੁਹੇਲਾ
ਮੱਥੇ ਜਪੁ ਚੋਂ ਪੰਥ ਨਵੇਲਾ;
ਬੁੱਤ ਸ਼ਿਕਨ ਤਾਰੀਖ਼ੀ ਤੇਗਾਂ
ਕਰਵਟ ਲਈ ਸ਼ਹੀਦੀ ਵੇਗਾਂ;
ਮੁਦਰਾ ਮਧੁਰ ਲਘੂ ਜੋ ਜਾਪੇ
ਧਰਮ-ਵਿਜੈ ਮੁਣਸ ਲਈ ਥਾਪੇ।
ਨਾਦ ਨਾਦ ਤਦ ਹੋਇ ਜ਼ਮਾਨਾ
ਵਿਚ ਅਯੁਧਿਆ ਗੁਰ, ਮਰਦਾਨਾ।
ਪੁਰਬ ਦਿਵਾਲੀ ਨੂੰ ਗੁਰ ਸੱਚੇ
ਪੂਜਾ ਦੇ ਬਹੁ ਭੇਖ ਸੀ ਤੱਕੇ,
ਦਸ਼ਰਥ ਪੁਰੀ 'ਚ ਪੰਡਤ ਸਿੱਖੇ
ਵੇਚਣ ਸਾਲਗਰਾਮਾਂ ਟਿੱਕੇ
ਸੱਚ ਗ੍ਰੰਥਾਂ ਵਿਚ ਜੋ ਲਿੱਖੇ
ਬਦਲ ਦੇਣ ਪਾ ਵਲ ਛਲ ਤਿੱਖੇ;
ਦੇਹ-ਰਸ ਅਤੇ ਕਾਮ ਵਿਚ ਬਿਸਮੇ
ਹਨ ਸੰਗ ਪਾਲੇ ਬਿਪਰ ਕ੍ਰਿਸ਼ਮੇ।
ਕਰਨ ਰੀਡਕਾ ਯਾਦ ਬੈਰਾਗੀ
ਗ਼ਰਜ਼ਾਂ ਕਰਨ ਦੇਵ ਬਹੁ ਦਾਗ਼ੀ
ਢਾਲਣ ਦਾਮਾਂ ਵਿਚ ਪੁਜਾਰੀ
ਤੁਲਸੀ ਸਾਲਗਰਾਮ ਦੀ ਯਾਰੀ
ਬਿਸ਼ਨ-ਚਾਉ ਵਲ ਜਿੰਦ ਨ ਮੋੜੀ
ਮੁਣਸ-ਦਮਨ ਦੇ ਰਸ ਵਿਚ ਬੋੜੀ
ਸੁੱਟੇ ਛਡ ਕੇ ਦੀਪ ਇਲਾਹੀ
ਭੱਠੀ ਅੰਧ ਪਤਾਲ ਤਪਾਈ।
ਤਦ ਦਾਨਾ ਤਾਰਾਂ ਨੂੰ ਛੋਹੇ
ਸ਼ਬਦ ਗੁਰੂ-ਅਮਲ ਵਿਚ ਸੋਹੇ;
ਸਿਦਕ ਦਾ ਰੂਪ ਰਹੇਗਾ ਓਹੀ
ਛਲ ਨਾ ਰੰਗ ਕਸੁੰਭਾ ਕੋਈ!

ਬਾਣੀ, ਦਰਸ, ਬੰਦਗੀ ਮਿੱਠੀ
ਖਿਣ ਵੀ ਤਮ੍ਹਾਂ ਕਰੇ ਨਾ ਫਿੱਕੀ;
ਕਾਮ ਤੇਗ ਦੀ ਪੱਤ ਨ ਖੋਰਣ
ਜ਼ੋਰ ਸ਼ਬਦ ਦੀ ਸੁਰ ਨ ਤੋੜਣ,
ਇਉਂ ਰਬਾਬ ਚੋਂ ਰਾਗ ਵਗੇ ਸੀ
ਯੱਖ ਜੁਗੀਂ ਗੁਰ-ਰਾਜ਼ ਜਗੇ ਸੀ
ਗੁਰਮੁਖ ਤੜਕੇ ਵਾਰ ਸੁਣਾਵਣ
ਰਣ, ਘੋੜੇ, ਤੇਗਾਂ ਸਭ ਗਾਵਣ
ਦੂਰ ਸ਼ਹੀਦ ਦਾ ਸੁਣੇ ਦਮਾਮਾ
ਪਾਰ ਸਮੇ ਬੈਠਾ ਮਰਦਾਨਾ
ਬੋਲ ਅਗੰਮੀ ਤਾਰ ਸੁਣਾਏ
ਬਾਜ਼-ਉਡਾਣ 'ਚ ਗਗਨ ਸਮਾਏ। -4-

ਪ੍ਰਯਾਗ ਤੇ ਕਾਸ਼ੀ ਵਿਖੇ ਗੁਰੂ ਨਾਨਕ ਦੇ ਸ਼ਬਦ-ਸੰਗੀਤ ਦੀ ਕਰਮ ਕਾਂਡੀ ਜਾਦੂ-ਬਣਤਰਾਂ ਵਲ ਵਿਜੈਈ ਸੁਤੰਤਰ ਲਹਿਰ

ਪੀਰ ਮੁਰੀਦ ਦੇ ਚਾਉ ਭਮਾਸ਼ੇ
ਜਗ ਨੂੰ ਜਿੱਤ ਰਹੇ ਵਿਚ ਹਾਸੇ।
ਕਦੇ ਉਦਾਸੇ, ਕਦੇ ਹੁਲਾਸੇ
ਬੀਤ ਰਹੇ ਦਿਹੁੰ ਰੈਣ ਚੁਮਾਸੇ;
ਭਾਂਤ ਭਾਂਤ ਦੀ ਪੂਜਾ ਵੇਂਹਦੇ
ਮਨ-ਗੋਰਾਂ ਵਿਚ ਜਮ ਨੂੰ ਫੋਹਦੇ
ਮੰਦਰ, ਵਣ, ਗਰਾਮ ਨੂੰ ਛੋਂਹਦੇ
ਤੁਰੇ ਜਾਣ ਅਜਨਬੀ ਮੋਂਹਦੇ
ਲੰਮੀ ਨੀਂਦ ਕਦੇ ਬਹੁ ਪਿਆਸੇ
ਕਦੇ ਨੈਂ ਰੋਹੀ ਦੇ ਵਾਸੇ।
ਸਿਰ ਪ੍ਰਯਾਗ, ਕਾਸ਼ੀ ਤੇ ਗਯਾ
ਝਿਲਮਿਲ ਨਵਾਂ ਗਗਨ ਕੋ ਰਿਹਾ।
ਕਹੇ ਨੇੜ ਤਿਰਬੈਣੀ ਦਾਨਾ:
"ਇਹ ਜਗ ਦਗੇਬਾਜ਼ ਦਾ ਠਾਣਾ।
ਕਹਿਣ ਅਮਰ ਬੋਹੜ ਇਕ ਏਥੇ
ਜਿੱਥੋਂ ਸੁਰਗ ਜਾਣ ਡਿਗ ਕੇਤੇ।

ਇਸ ਥਾਂ ਹੀ ਕਰਵਤਰ ਵੰਗਾਰੇ:
ਮੇਰੇ ਦੰਦ ਜਰੇ ਇਕ ਵਾਰੇ
ਸਦ ਮੁਜਾਹਿਦ ਦੇ ਹੱਕ ਜਮਾਵੇ
ਮੌਤ 'ਚ ਅਮਰ ਹਯਾਤ ਖਿੜਾਵੇ।
ਹਿੰਸਾ ਖੇਡ ? ਜਾਂ ਹੱਕ ਨਿਸ਼ਾਂ ਹੀ ?
ਕੱਚਾ ਰੰਗ ? ਕੋ ਸਿਹਰ ਦਾ ਨਾਂ ਕੀ ?"
ਨਾਨਕ ਆਖੇ: "ਵੇਖ ਰਬਾਬੀ
ਹਠ ਚੋਂ ਕਰਾਮਾਤ ਜਦ ਜਾਗੀ
ਜਨਮਣ ਭਰਮ ਭੈਅ ਬੇਤਾਬੀ
ਸਤਿ 'ਚ ਦੈਂਤ ਹੋ ਕਰਨ ਖ਼ਰਾਬੀ।
ਜਿਹੜੀ ਸਿਖਰ ਸੰਤ-ਲਿਵ ਜਾਗੀ
ਉਥੇ ਕਰਾਮਾਤ ਛਲ ਦਾਗੀ।
ਕਾਸ਼ੀ ਤਕ ਕਰਵਤ੍ਰ ਇਹ ਖ਼ੂਨੀ
ਹਠ ਵਿਚ ਚੱਲੇ ਢੀਠ ਜਨੂੰਨੀ।
ਅਮਲ ਹੋਣ ਨਾਸਤਕ ਪੁੱਠੇ
ਜਾਦੂ ਲੁਕੇ ਰਹਿਣ ਇਕ ਗੁੱਠੇ
ਹਠ ਦਾ ਕਹਿਰ ਰਹੇ ਪਰ ਫਿਰ ਵੀ
ਹਉਂ ਵਿਚ ਕਰਾਮਾਤ ਹੈ ਬਿੜਦੀ,
ਹਠ ਅਸੰਖ ਕਾਸ਼ੀ ਤਕ ਕਟਕਣ
ਜਲ ਵਿਚ ਤਪੀ ਖੜੇ, ਕਈ ਲਟਕਣ।
ਕਰਾਮਾਤ ਦੇ ਸਾਦ ਕੁਸੈਲੇ
ਸੱਚੋਂ ਬਾਹਰ ਖੜੇ ਹੋ ਮੈਲੇ,
ਹਠ-ਜ਼ੋਰ ਦੀ ਕਰਨ ਗ਼ੁਲਾਮੀ
ਛਲੀਆ ਰਾਜ, ਨਿਰੀ ਪਹਿਨਾਮੀ!
ਉਥੇ ਸੰਤ-ਵਾਕ ਨ ਪੁੱਗੇ
ਸਿੱਧੀ ਚੋਂ ਬਸ ਕੰਕਰ ਉੱਗੇ
ਨਾ ਮੁਕਤੀ ਨਿਰਵਾਨ ਨ ਓਥੇ
ਦਿਲ ਨ ਕਦੇ ਜੁਗਤੀਆਂ ਧੋਤੇ।"

ਜੁੜੇ ਹਜੂਮ ਤੀਰ ਤਿਰਬੇਣੀ
ਵਿਸਰੀ ਸਦ ਜੋ ਮਾਹੀ ਦੇਣੀ।
ਭੈਅ ਭਰਮ ਦੀ ਕੂਕ ਚੁਫੇਰੇ
ਗਹਿਰ 'ਚ ਲਿਵ ਨਿੰਬਲ ਨੂੰ ਘੇਰੇ।
ਕਾਹਲਾ, ਹੌਂਕ ਰਿਹਾ ਇਕ ਪੰਡਤ
ਚਿੰਤ 'ਚ ਵੇਖੇ ਗੁਰ ਵਿਚ ਸੰਗਤ;

ਕਰੁਣ ਵਿਚ ਭਿੱਜ ਕੂਕਿਆ ਉੱਚੀ :
"ਸੰਤੋ ਤਜੋ ਗੋਤ ਕਿਉਂ ਸੁੱਚੀ ?
ਸੂਰਜ ਮਕਰ ਰਾਸ ਸੰਭਾਲੇ
ਕੁੰਭ ਚੋਂ ਅੰਮ੍ਰਿਤ ਡੁਲਦਾ ਹਾਲੇ।
ਟੁੱਬੀ ਲਾਉ, ਰਸਾਤਲ ਧੂੰਹਦਾ!
ਸੰਖਾਸੁਰ ਵੜ ਅੰਧ ਚ ਕੂੰਦਾ।
ਕਾਲ ਮਹਾਂ ਦਲਦਲ ਵਿਚ ਤਿਲ੍ਹਕੇ
ਕਰਣ ਵੇਖ ਸਰ ਕਾਨ ਦੇ ਵਿਲਕੇ।"
ਨਾਨਕ ਕਹਿਣ "ਸਿਦਕ ਨਾ ਮੰਨੇ
ਮੂੰਡ ਮੁੰਡਾਏ, ਸੰਗਲ ਬੰਨ੍ਹੇ।
ਗੰਗਾ-ਜਲ ਚੋਂ ਦਾਤ ਨ ਲੱਭੇ
ਜੇ ਦਿਲ-ਸ਼ਹਿਦ ਨਾ ਧਰ ਵਿਚ ਵੱਗੇ।
ਦਿਲ ਰਹਿਸੀ ਦਿਲ ਹੁਕਮ 'ਚ ਜੋੜੇ
ਜੋ ਵਕਤ ਕਾਇਨਾਤ ਨੂੰ ਘੋਰੇ।
ਸਾਹ-ਤਰੰਗ ਨਾ ਅੰਧ ਚ ਗਰਕੇ
ਜਦੋਂ ਸੁਤੰਤਰ ਲਿਵ ਹੀ ਥਰਕੇ;
ਦਾਨਵ ਸ਼ੁਕ੍ਰ ਦਾ ਭੈਅ ਨ ਸਹਿਣਾ
ਕੁੰਭ ਦਾ ਅਮਿਉ ਕੁੰਭ 'ਚ ਰਹਿਣਾ।
ਨਾ ਸੰਖਾਸੁਰ, ਸਿੰਧ ਨ ਖੌਲੇ
ਮਿਹਰ-ਵੇਦ ਹਰ ਖ਼ਾਕ 'ਚ ਮਉਲੇ।
ਹੁਕਮ ਪਛਾਣੋ ਤਾਂ ਇਹ ਜਾਪੇ :
ਧਰ ਇਹ ਮਿਹਰਬਾਨ ਜਿਉਂ ਮਾਪੇ।"
ਸੁਣ ਦਿਲ ਨੈਣ ਹੋਰ, ਬਿਪ ਸੰਗੇ
ਮੁੜ ਪਏ ਸਾਹ ਮੂਰਛਿਤ ਹੰਭੇ।
ਛਿੜੀ ਰਬਾਬ ਗਏ ਵਿਕਲਾਪੇ
ਪੰਘਰੇ ਬੁਤ ਰਸਮ ਦੇ ਥਾਪੇ। -5-

ਚਤਰਦਾਸ ਅਤੇ ਗੁਰੂ ਨਾਨਕ : ਬਲਵਾਨ ਤਰਕ ਅਤੇ ਅਜੈ ਸਿਮਰਣ

ਗੁਰ ਦਾਨਾ ਜਦ ਪੁੱਜੇ ਕਾਸ਼ੀ
ਧੁਰ ਪਤਾਲ ਦੀ ਨੂਰ ਵਿਗਾਸੀ।
ਮਾਂ ਕੂੰਜਾਂ ਦੀ ਹੇਕ ਸੁਣੀ ਜਿਉਂ
ਚਿਰਾਂ ਪਿਛੋਂ ਬੋਟ ਸੰਨਿਆਸੀ।

ਕਿਤੇ ਗੰਧ ਨਵ ਸਰਸਵਤੀ ਦੀ
ਢੂੰਡੇ ਗੰਗਾ ਨੈਂ ਪਰਵਾਸੀ।
ਬਾਜ਼-ਪਰਾਂ ਤੇ ਗਾ ਗਾ ਬੈਠੇ
ਹੁੰਮਸ-ਛਿਣ ਪਾ ਬੰਦ ਖ਼ਲਾਸੀ।
ਸ਼ਿਵ ਪੁਰੀ ਦੀ ਨੀਂਹ 'ਚ ਸੁੱਤਿਆਂ
ਕਰਵਟ ਲਈ ਜੁਗਾਂ ਇਕ ਪਿਆਸੀ।
ਇਕ ਖਿਣ ਹੋ ਪ੍ਰਕਾਸ਼ ਦਾ ਐਡਾ
ਚੁੰਮੇ ਜੂਨੀ ਲੱਖ ਚੁਰਾਸੀ।
ਗੰਗ-ਘਾਟ ਦੇ ਸ਼ਮਸ਼ਾਨਾਂ ਨੇ
ਵੇਖੀ ਟੁਟਦੀ ਜਮ ਦੀ ਫਾਸੀ
ਜਿਦ੍ਹੇ ਵਿਸ਼ੈਲੇ ਅਰਬਾਂ ਰੋਜ਼ੇ
ਨੈਂ ਦੀ ਰੌਦਰ ਕਾਂਗ ਵਹਾਸੀ।
ਪਰ ਜਗ-ਪਾਪ ਹਰਨ ਦਾ ਝੂਠਾ
ਸ਼ੰਕਰਪੁਰੀ ਨ ਮਾਣ ਭੁਲਾਸੀ।
ਗਿਆਨ-ਜ਼ੋਰ ਵੀ ਸੰਤਾਂ ਅੱਗੇ
ਪਾਪ ਦੀ ਜੰਞ ਵਾਂਗ ਚੜ੍ਹ ਆਸੀ।
ਹੋਏ ਤਲਖ਼ ਗ੍ਰੰਥ ਪੁਰਾਣੇ
ਹਉਂ ਦੀ ਬਿਖ ਵਿਚ ਗਿਆਨ ਹੁਲਾਸੀ।
ਤਕ ਪੈਗੰਬਰ, ਨਵੇਂ ਜਾਪ ਸੁਣ,
ਸਭ ਸਿਹਰਾਂ ਦੀ ਚਮਕ ਵਿਨਾਸੀ।
ਚੁੰਮੀ ਸ਼ਿਵ ਦੇ ਖ਼ੂਨੀ ਆਰੇ
ਅਸਲ ਸ਼ਹੀਦ ਦੀ ਰੂਹ ਬਨਬਾਸੀ।
ਹਾਂ! ਗ਼ੈਬੋਂ ਇਕ ਪੰਜਾ ਉਠਸੀ
ਜਦ ਬ੍ਰਹਿਮੰਡ ਭਸਮ ਹੋ ਜਾਸੀ।

ਚਤਰਦਾਸ ਸ਼ਿਵ ਭਗਤ ਪੁਰਾਣਾ
ਪਹਿਣੇ ਕਦੇ ਬਿਸ਼ਨ-ਚਿੰਨ੍ਹ ਬਾਣਾ।
ਪੜ੍ਹੇ ਗ੍ਰੰਥ ਤੁਰੇ ਰਾਹ ਭੀੜੇ
ਅਰਥ ਬਰੀਕ ਕਰੇ ਫਿਰ ਚੀਰੇ।
ਤੁਲਸੀ ਪਹਿਣ ਹੋਇ ਬਿਪ ਜੋਗੀ
ਸੁਰਤ ਦੇ ਚੀਰ ਹਰੇ ਹੋ ਰੋਗੀ
ਵੇਖੇ ਵਿਸ਼ਵ ਨਾਥ-ਦਰ ਆਇ
ਹਠ ਭਗਤੀ ਦੇ ਥੱਕੇ ਸਾਏ।

ਸੂਰਾ ਘਾਇਲ ਜਿਵੇਂ ਵਿਸ ਘੋਲੇ
ਵੇਦ ਗੁਆ ਜਿਉਂ ਬਰਮਾ ਡੋਲੇ
ਕਾਲ 'ਚ ਇੰਜ ਦ੍ਵੈਤ ਰੁਲਾਏ
ਵੇਦ ਗਿਆਨੀ ਨੂੰ ਭਰਮਾਏ।
ਇਕ ਦਿਨ ਚਤਰਦਾਸ ਪਰ ਸੁਣੀਆਂ
ਲਹਿਣ ਪਤਾਲ, ਰਬਾਬੀ ਧੁਨੀਆਂ
ਨੈਣ ਕਰਨ ਬਰ੍ਹਮਾ ਦੇ ਨੂਰੀ
ਨਾਭ 'ਚ ਸੁਰਤ ਜਗੇ ਆ ਪੂਰੀ।
ਵਿਸ਼ਵ ਨਾਥ ਦਾ ਉੱਚਾ ਮੰਦਰ
ਪਥਰੀਂ ਸਜੀ ਜਿਵੇਂ ਲਿਵ ਅੰਬਰ
ਸੈਲ ਪਰਸਦਾ ਵੇਦ ਗਿਆਨੀ
ਦੂਰੋਂ ਖਿੱਚ ਪਈ ਸੁਬਹਾਣੀ
ਸ਼ਿਵ-ਨੈਣਾਂ ਚੋਂ ਵਹੁਨ ਤਰੰਗਾਂ
ਤਰਨ ਕੈਲਾਸ਼ੇ ਹਿਮ-ਸੁਗੰਧਾਂ
ਸੈਲ ਦੀਆਂ ਭਾਰੀਆਂ ਕੰਧਾਂ
ਬੂੰਦ ਬੂੰਦ ਪੀਣ ਖਿਣ-ਗੰਧਾਂ।
ਹੋਵੇ ਚਤਰਦਾਸ ਵੈਰਾਗੀ
ਕੂੰਜ-ਸਿੱਕ ਜਿਉਂ ਸੰਵ 'ਚ ਜਾਗੀ
ਫਿਰ ਜਿਉਂ ਨਾਰ 'ਡੀਕ ਸੰਗ ਜਾਵੇ
ਪਰਾਂ ਦੀ ਥਰਕਣ ਹੰਭ 'ਚ ਆਵੇ।
ਬਾਗ਼ਾਂ ਵਿਚ ਕਿਤੇ ਮਰਦਾਨਾ!
ਲੁਕਸ਼ ਮਹਿਲ ਤਕ ਗੂੰਜਣ ਤਾਨਾਂ।
ਗੁਰ ਦੀ ਸੋਅ ਸੁਣੀ, ਭੈ ਖਾਵੇ
ਚੜ੍ਹੇ ਹੜ੍ਹੀਂ ਤਰਨਾ ਵੀ ਚਾਹਵੇ।
ਸ਼ਬਦ, ਰਬਾਬ, ਮੇਘ, ਬਿਜ, ਦਾਨਾ
ਜਾਪਨ ਏਕ, ਬਿਧਰ ਹੈਰਾਨਾ!
ਕਹੇ ਚਤਰ ਤਕ ਸਤਿਗੁਰ ਪੂਰਾ :
"ਕੁਝ ਤਾਂ ਰਿਸ਼ੀ ਤਿਰੇ ਵਿਚ ਊਰਾ ?
ਗੰਡਕ ਨਦੀ ਤੇ ਸਾਲਗਰਾਮਾਂ
ਨਿਹੁੰ ਬਿਸ਼ਨ ਦੇ, ਪਰਬਤ-ਸ਼ਾਮਾਂ
ਕਿਉਂ ਭੁੱਲੇਂ ਪਾਵਨ ਮੁਦਰਾਵਾਂ
ਵੇਦ ਦੀਆਂ ਗੰਭੀਰ ਰਿਚਾਵਾਂ।"
ਗੁਰੂ ਕਹਿਣ : "ਸੁਣ! ਉਦੋਂ ਗਿਆਨੀ
ਦਰਸ਼ਨ ਦੀ ਮੈਂ ਭਰਾਂ ਨ ਹਾਮੀ

ਵੇਦ ਪੁਰਾਣ ਹਉਂ-ਰੇਖ ਜਾਂ ਚੁੰਮ੍ਹਨ
ਖਿਮਾ ਵਿਹੂਣੇ ਦਿਲਾਂ 'ਚ ਘੁੰਮਣ।
ਵਿਚ ਗ੍ਰੰਥਾਂ ਨਾਦ ਉਚੇਰੇ
ਢਹਿ ਜਾਣ ਜਦ ਸਿਦਕ ਬਨੇਰੇ
ਅੰਧ ਕਰਮ ਤਨ ਸਾਬਤ ਵੰਡੇ
ਬੁੱਤ ਜਿਵੇਂ ਭੋਰੇ ਵਿਚ ਠੰਢੇ।
ਧਰਮ-ਚਿਹਨ ਸਭ ਥਾਣ ਵਿਹੂਣੇ
ਖਿਮਾ ਵਿਚ ਰਹਿਣ ਜੇ ਊਣੇ;
ਖਿਮਾ ਵਿਹੂਣੀ ਗਣਤ ਬਿਬੇਕੀ
ਹਰ ਜੁਗ ਸੌਖੇ ਮਾਣਸ-ਨੇਕੀ।
ਸੱਚ ਨਾਲ ਆਚਾਰ ਜੋ ਉੱਚੇ
ਗਣਤ ਅਸੀਮ, ਅਕਲ ਤੋਂ ਸੁੱਚੇ।
ਮਹਾਂ ਵਿੱਦਿਆ ਖਿਮਾ ਦੇ ਅੰਬਰ
ਤੀਲਾ ਜਾਂ ਇਕ ਬੋਲ੍ਹ ਪੈਗੰਬਰ।
ਪੜ੍ਹ ਪੜ੍ਹ ਤਪਣਾ ਸੁੱਕੀ ਬਾਣੀ
ਸੂਰਜ ਵਿਚ ਜਿਵੇਂ ਨ ਪਾਣੀ।"
ਸੁਣੇ ਸੁਖ਼ਨ, ਬਿਪ ਗੁਰੂ ਮਨਾਵੇ
ਘਾਇਲ ਕੰਠ ਪੰਖੀ ਜਿਉਂ ਗਾਵੇ
ਕੁਕਨੁਸ-ਭਸਮ ਜਿਵੇਂ ਮੀਂਹ ਮੰਗੇ
ਰੁਮਕ ਸਮੀਰ ਮਸਾਣ ਚੋਂ ਲੰਘੇ
ਪੰਖ ਭੇਦ ਜੁ ਸਿੰਧ 'ਤੇ ਖੋਲ੍ਹੇ
ਨੈਂ ਦੇ ਧੁਰ ਚਸ਼ਮੇ ਤਕ ਬੋਲੇ। -6-ਅ

ਭਗਤ ਕਬੀਰ, ਭਗਤ ਰਵਿਦਾਸ ਅਤੇ ਹੋਰ ਭਗਤਾਂ ਉੱਤੇ ਗੁਰੂ ਨਾਨਕ ਮਿਲਾਪ ਪਿੱਛੋਂ ਚੜ੍ਹਿਆ ਗੁਰੂ-ਲਿਵ ਦਾ ਮਜੀਠੀ ਰੰਗ

ਪੰਦਰਾਂ ਸੌ ਤ੍ਰੈ ਸੰਨ ਈਸਾ
ਲਸੇ ਗੰਗ-ਤਾਰਾ ਸ਼ਿਵ-ਸੀਸਾ।
ਮੰਦਰ, ਗਲੀ, ਘਾਟ ਤੇ ਮੇਲਾ
ਸ਼ਿਵ ਰਾਤ-ਦਰ ਅੰਮ੍ਰਿਤ ਵੇਲਾ
ਭ੍ਰਮਣ ਯਾਤਰੀ ਕਾਸ਼ੀ-ਗਲੀਆਂ
ਸਾਰਨਾਥ ਤੀਕ ਜੋ ਚਲੀਆਂ।

ਬੋਧੀ, ਸ਼ੈਵ, ਵੈਸ਼ਣਵ, ਜੈਨੀ,
ਕਾਲ ਚੜ੍ਹੇ ਅੱਜ, ਹੁੜਸਣ ਵਹਿਣੀਂ।
ਮੰਤਵ ਫਲ ਬਦਲੇ ਹਰ ਪੂਜਾ
ਇਕ ਮੁਖ ਹੋਇ ਤ੍ਰਭਕ ਕੇ ਦੂਜਾ,
ਜਮ ਤੋਂ ਪੁਛ ਹਰਿ ਨਾਮ ਸ਼ਿੰਗਾਰੇ
ਲੱਖਾਂ ਰੂਪ ਸੁਆਰਥ ਧਾਰੇ,
ਔਪਰ ਛੰਦ ਰਿਹਾ ਨਾ ਸੀਤਾ
ਛੁਪ ਛੁਪ ਮੀਤ ਕਸੁੰਭਾ ਕੀਤਾ।
ਉਹ ਘਾਟ ਜਿੱਥੇ ਪੰਜ ਨਦੀਆਂ
ਗੁਪਤ ਗਿਆਨ ਭਰੇ ਵਿਚ ਸਦੀਆਂ
ਉਠੀ ਉਥੇ ਇਕ ਤਾਨ ਇਲਾਹੀ
ਦਸਮ ਦੁਆਰ ਤੀਕ ਧੂਹ ਪਾਈ
ਸੁਣ ਰਵਿਦਾਸ ਗਏ ਸੀ ਖਿੱਚੇ
ਇਸੇ ਵਜਦ ਕਬੀਰ ਸੀ ਜਿੱਤੇ
ਭਗਤ ਵਿਹਣ ਗੁਰ ਸੂਰਤ ਸਾਵੀਂ
ਚੀਰਣ ਜਨਮ-ਗਹਿਰ ਬੇਨਾਵੀਂ।
ਢੁੱਕੇ ਤਦੋਂ ਕਬੀਰ ਸੰਧਉਰਾ
ਲਿਵ ਦਾ ਸੜੇ ਸਿਬਾਲ ਜੁ ਕਉਰਾ।
ਅਸਥਾਵਰ ਤੋਂ ਕੀਟ ਪਤੰਗਾ
ਕਾਮਲ ਨੂਰ ਹੇਠ ਹੈ ਬੰਦਾ।
ਜਿਉਂ ਨਾਨਕ ਉਸ ਲਿਵ ਦਾ ਹਾਣੀ
ਜੋ ਰੁਖ ਨਾਗ ਹੰਸ ਤਕ ਜਾਣੀ
ਕੋਟ ਨੈਣ ਨੌ ਖੰਡ ਦਾ ਹੋਵੇ
ਪਾਪ ਸਮੁੰਦ ਜੋ ਮਿਹਰ 'ਚ ਧੋਵੇ
ਜਦ ਇਹ ਦਰਸ ਭਗਤ 'ਤੇ ਲਹਿੰਦਾ
ਤਾਂ ਗੁਰ ਵਾਂਗ ਦਿਸੇ ਉਹ ਪੈਂਡਾ।
ਉਹੀ ਜਨਮ ਕਬੀਰ 'ਤੇ ਚਮਕੇ
ਜੋ ਨਾਨਕ ਦੀ ਲਿਵ ਦੇ ਮਣਕੇ
ਜੋਗੀ ਜਤੀ ਤਪੀ ਚੋਂ ਘੁੰਮੇ
ਛਤ੍ਰਪਤੀ ਭੇਖਾਰੀ ਚੁੰਮੇ
ਹੁੱਲ ਪਈ ਗਿਆਨ ਦੀ ਆਂਧੀ
ਸੜੇ ਸੈਲ ਜੁਗਾਂ ਦੇ ਢਾਂਦੀ
ਤ੍ਰਿਸਨ ਛਾਣ ਤਿਣ ਤਿਣ ਹੋ ਉੱਡੀ
ਸਾਹ ਸੀ ਨਵੇਂ, ਹਵਾ ਨ ਬੁੱਢੀ,

ਹਰ ਤੀਲੇ ਚੋਂ ਤਿਲ੍ਹਕੇ ਅੰਬਰ
ਤੂਰ-ਲਿਸ਼ਕ ਹੁਣ ਜਰਣ ਪੈਗ਼ੰਬਰ।
ਆਂਧੀ ਹਰਫ਼-ਜਮੂਦ ਨੂੰ ਤੋੜੇ
ਗੁਫ਼ਾ ਨੂੰ ਨਾਲ ਤਾਰਿਆਂ ਜੋੜੇ।
ਦਰਦ ਅਸੀਮ! ਭਗਤ ਦੇ ਭੂੰਚੇ
ਨਭ ਚੋਂ ਨਭ ਖਿੜੇ ਜਿਉਂ ਗੁੰਚੇ।
ਗਗਨ ਦਮਾਮੇ ਗਰਜ ਕਰਾਰੇ
ਬੇਹੇ ਨਕਸ਼ ਮਜ਼੍ਹਬ ਦੇ ਸਾਰੇ
ਸਿਮਰਣ ਦੀ ਲਿਵਤਾਰ ਤੋਂ ਮੇਸਣ
ਲੋਚੇ ਬਾਗ਼ਾ ਧਰਤ ਪਰਦੇਸਣ!
ਕਾਲ ਦੀ ਗੁਰਜ ਬੁਸੇ ਦਿਲ ਤੋੜੇ
ਹੋਰ ਸਵਾਰ ਵਜਦ ਦੇ ਘੋੜੇ!
ਨਾਨਕ ਜਦੋਂ ਕਬੀਰ ਨੇ ਦੇਖੇ
ਭੁੱਲਿਆ ਭਗਤ ਪੁਰਾਣੇ ਲੇਖੇ
ਲਿਵ ਦੇ ਬੁੱਢੇ ਸੰਗਲ ਭੰਨੇ
ਨਭ ਟੱਪ ਤੀਰ ਖੁਭੇ ਜਮ-ਹੰਨੇ।
ਨਾਨਕ ਭਗਤਾਂ ਵਰ੍ਹੇ ਉਡੀਕੇ
ਹਰਫ਼ ਬਿਰੰਗ ਫ਼ਿਜ਼ਾ ਵਿਚ ਲੀਕੇ
ਬਰਸੀਂ ਵਿਛੜ ਰਹੇ ਵੈਰਾਗੇ
ਗੁਰੂ ਦੀ ਫ਼ਜਰ ਵਿਚ ਹੀ ਜਾਗੇ
ਭਗਤ ਅਨੇਕ ਗੁਰੂ ਜਿਉਂ ਬੋਲੇ
ਦੇਸ ਬਿਦੇਸ ਤੀਕ ਰਾਹ ਖੋਲ੍ਹੇ
ਸੀ ਨਾਨਕ ਗ਼ੈਬੀ ਜਾਂ ਸਾਹਵੇਂ
ਭਗਤ ਰਬਾਬ ਸੁਨਣ ਹਰ ਥਾਵੇਂ
ਤੋੜ ਦੇਣ ਸਭ ਚਿਹਨ ਪੁਰਾਣੇ
ਬੋਲਣ ਹੋਇ ਅਲੇਖ, ਅੰਞਾਣੇ!
ਕਾਸ਼ੀ ਵਿਚ ਜਦੋਂ ਗੁਰ ਵੇਖੇ
ਗਾਵਨ: ਜਨਮ ਤੁਮਾਰੇ ਲੇਖੇ।

ਗੁਰੂ ਨਾਨਕ ਤੇ ਮਰਦਾਨੇ ਦਾ ਗਯਾ ਵਿਚ ਪ੍ਰਵੇਸ਼: ਯੁਗਾਂ ਦੇ ਭਾਰ ਹੇਠੋਂ ਪੱਥਰ ਚੀਰ ਕੇ ਪੁੰਗਰੀਆਂ ਕਰੂੰਬਲਾਂ ਵਾਂਗ ਧਰਮ ਦਾ ਨਵਾਂ ਆਵੇਸ਼

ਬੋਧ ਬ੍ਰਿਛ ਲੰਡਿਆਂਵਦੀ, ਵਗਦੀ ਫਜਰ-ਹਵਾ
ਲੱਥੇ ਫਲਗੂ ਨਦੀ ਤੇ, ਮੁੜ ਨਿਰਵਾਨ ਦੇ ਚਾ।
ਪਾਵਨ ਲਹਿਰਾਂ ਉਛਲੀਆਂ, ਜੁਗਾਂ ਤੀਕ ਲਿਵ ਲਾ
ਕੋਟਾਂ ਸਫ਼ਰ ਧਿਆਨ ਦੇ, ਗਹਿਰਾਂ ਲਏ ਲੁਕਾ
ਬੁੱਧ-ਚਰਨ ਦੀ ਰੋਸ਼ਨੀ, ਲਈ ਫ਼ਰੇਬ ਚੁਰਾ
ਜਲ ਫਲਗੂ ਦੇ ਬਨਣ ਨਾਂ, ਵਿਸ਼ਨੂੰ ਦਾ ਦਰਿਆ!
ਵਿਸ਼ਨੂੰ-ਪਗ ਦੇ ਮੰਦਰੀਂ, ਬੁੱਧ ਪਿਆ ਮੁਸਕਾ
ਚੌਲ ਨ ਮੰਨੇ ਪਿੱਤਰਾਂ, ਦੀਵੇ ਗਏ ਬੁਝਾ
ਮਿਹਰ ਬਣੇ ਨਾ ਪਾਤਣੀ, ਜਮ ਖੜਾ ਹਰ ਰਾਹ
ਪਰਸਣ ਪੱਤਣ ਪਾਰ ਦੇ, ਪਿੰਡ ਪਤਲ ਕਿੰਜ ਜਾ? -1-

ਨਾਨਕ ਦਾਨਾ ਖੜੇ ਆ, ਫਲਗੂ ਨੈਂ ਦੇ ਤੀਰ
ਕਾਲ ਚੋਂ ਲਿਵ ਦੀ ਕਹਿਕਸ਼ਾਂ, ਬਰਸ ਰਹੀ ਦਿਲ ਨੀਰ
ਬੂੰਦ ਬੂੰਦ ਸਭ ਗਗਨ ਹੋ, ਸਿੰਮ ਗਏ ਵਿਚ ਸਮੀਰ
ਜਪ ਤਪ ਸੂਰ ਅਕਾਲ ਵੀ, ਧੋਤੇ ਗਏ ਅਖ਼ੀਰ।
ਆਵੇ ਮੋਹ ਕੋ ਉੱਡਦਾ, ਸੈ ਦਿਸਹੱਦੇ ਚੀਰ
ਛਿਨ ਅਡੋਲ ਵਿਚ ਮੋਨ ਸੀ, ਜਿਉਂ ਕੋ ਨਜ਼ਰ ਫ਼ਕੀਰ।
ਖੋਹ ਪਈ ਤਦ ਖ਼ਾਕ ਨੂੰ: "ਕਿੱਥੇ ਅਮਰ ਸਰੀਰ?"
ਤਦੋਂ ਦਿਲਾਸਾ ਮਿੱਠੜਾ, ਸੁਣਿਆਂ ਜਿੰਦ ਅਧੀਰ
ਪਰਸੇ ਸੱਚੇ ਕੌਲ ਦੀ, ਕਾਮਲ ਕੁਈ ਨਜ਼ੀਰ:
"ਹੋਣਾ ਅੰਤ ਸਰੀਰ ਜਾਂ, ਨਾਸ਼ਮਾਨ ਦਿਲਗੀਰ
ਸਾਦ ਅਸੰਖਾਂ ਝਰਨਗੇ, ਵਿਚ ਸੁਜਾਤਾ ਖੀਰ।" -2-

ਫਲਗੂ ਕੰਢੇ ਗੁਰਾਂ ਨੂੰ, ਦਾਨਾ ਅਰਜ਼ ਕਰੇ:
"ਨਾਸ਼ਮਾਨ ਇਸ ਦੇਹ ਦੇ, ਭੈਅ ਨ ਕਿਸੇ ਹਰੇ

ਸੀ ਕਾਸ਼ੀ ਚੰਦਰੌਲੀ, ਬਲਦੇ ਸਿਵੇ ਬੜੇ
ਸੱਜਣ ਖ਼ਾਕ ਜੀਰਾਣ ਦੀ, ਵੇਦਨ ਖ਼ਾਕ ਜਰੇ,
ਤਪ ਤਪ ਦਿਲ ਹਰਿਨਾਥ ਦਾ, ਜੇਕਰ ਕਦੇ ਠਰੇ
ਪਲ ਭਰ ਰਹਿਣ ਦਿਲਾਸੜੇ, ਆਖ਼ਰ ਵਲੀ ਮਰੇ!"
ਗੁਰੂ ਕਹਿਣ "ਭੈਅ ਜਾਂਵਦਾ, ਜੇ ਦਿਲ ਰਹਿਮ ਭਰੇ
ਦੁਖ ਦਾਰੂ ਨੇ ਹੋਂਵਦੇ, ਜੇ ਦੁਖ ਹੋਣ ਖਰੇ
ਆਹ ਅਨਾਥ ਹਰ ਸਮੇ ਦੀ, ਬਾਪ ਹੋ ਸੀਸ ਧਰੇ
ਰੂਹ ਦੇ ਇਲਮ 'ਚ ਤਦੋਂ ਹੀ, ਰਹਿਮ ਦਾ ਨੇਮ ਖੜੇ
ਤਨ ਮਨ ਰੂਹ ਵਿਚ ਥਰਕ ਕੇ, ਜਿਸ ਨੇ ਖੰਭ ਜੜੇ
ਜਿਹਨਾਂ ਇਸ ਉਸ ਲੋਕ ਦੇ, ਯੋਜਨ ਲਖ ਤਰੇ।
ਮਹਾਂ ਚੁੱਪ ਨੂੰ ਤਜ ਕੇ, ਮਿਹਰ ਜੋ ਰਹਿਣ ਪਰੇ
ਧਰਮ ਦੇ ਅੰਬਰ ਅਗਮ ਤੋਂ, ਜਿਹੜਾ ਕਰਮ ਡਰੇ
ਇਕ ਥਾਂ ਘੁੰਮਨ ਓਸਦੇ, ਸ਼ਕਤੀ-ਤੇਜ ਖੜੇ
ਦਾਮਨ ਪਿਰ ਦਾ ਦਿਸੇ ਨਾ, ਭਾਰੇ ਖੰਭ ਝੜੇ
ਰੁੱਤ ਵਿਸਾਖ ਇਹ ਬ੍ਰਿਛ ਨੇ, ਬਹੁ ਰਮਣੀਕ ਹਰੇ
ਕੁਦਰਤ ਅਜਬ ਅਥਾਹ ਨੂੰ, ਸਾਕਤ ਕਿੰਜ ਵਰੇ।"

ਸੁਣ ਮਰਦਾਨਾ ਕੰਬਦਾ, ਕੂਕੇ ਬਹੁਤ ਖਪੇ:
"ਦੁਖ ਤਾਂ ਅਲਖ ਮੁਕਾਂਵਦਾ, ਕਿਉਂ ਦੁਖ-ਨਾਮ ਜਪੇ
ਰਹਿਮ ਖੰਭ ਸੜ ਜਾਣਗੇ, ਦੁਖ ਤਾਂ ਬਹੁਤ ਤਪੇ!"
ਗੁਰਾਂ ਕਿਹਾ: "ਮਰਦਾਨਿਆਂ! ਕੋ ਨਾ ਸਾਥ ਖਲੇ
ਅਮਲਾਂ ਬਾਝੋਂ ਭੂਪ ਵੀ, ਡਾਢੇ ਦੁਖ ਦਲੇ
ਦੀਰਘ ਵਿਚ ਸਮਾਧੀਆਂ, ਨਾ ਨਿਰਵਾਨ ਪਲੇ।
ਵਿਚ ਲੋਕਾਂ ਦੀ ਵੇਦਨਾ, ਜਦ ਨਿਰਵਾਨ ਰਲੇ
ਰਹਿਣ ਪੰਧ ਤਦ ਏਸਦੇ, ਨੂਰ ਅਗੰਮ ਤਲੇ।
ਦੀਵਾ ਕੋਈ ਪੈਗੰਬਰੀ, ਧੀ ਦੁੱਖ-ਤੇਲ ਬਲੇ
ਖੱਡ ਜਬਲ ਵਿਚ ਰੁਲਦੀਆਂ, ਪੁਸ਼ਤਾਂ ਲਾਇ ਗਲੇ।
ਪਿਤਰ ਮਿਲਣ ਬਿਨ ਪੰਖ ਨਾ, ਰਸਮਾਂ ਹੱਥ ਮਲੇ
ਨੈਂ ਦੇ ਕੀਟ ਕੀ ਜਾਣਦੇ, ਕਿਸ ਪਲ ਬਰਫ਼ ਢਲੇ?"

ਐਸੇ ਬੋਲਾਂ ਗਯਾ ਦਾ, ਦਿਲ ਦਿੱਤਾ ਰੁਸ਼ਨਾ
ਸੱਚ ਇਹ ਲੁਕੇ ਤਾਂ ਮਿਲੇ ਵੀ, ਸਦੀ ਸਦੀ ਵਿਚ ਗਾ।

ਸੈਲ ਅਸਹਿ ਦੇ ਹੇਠ ਸੀ, ਗਯ ਲਏ ਮੁੜ ਸਾਹ
ਜਿਸ ਨਿਰਛਲ ਦੀ ਸੁਰਾਂ ਨੇ, ਪਾਵਨ ਪੱਤ ਖੁਹਾ
ਪੂਰਬ ਜੁਗਾਂ 'ਚ ਦੱਬਿਆ, ਕਿਤੇ ਗਯਾ ਦੇ ਰਾਹ;
ਹੋਈ ਗੁਰ ਨੂੰ ਦੇਖ ਇਉਂ, ਤਿਸਦੀ ਨਜ਼ਰ ਗਵਾਹ
ਇਕ ਛਿਨ ਬੁੱਧ-ਨਿਸ਼ਾਨ ਜਿਉਂ, ਜਾਗੇ ਗੁਰ-ਛੁਹ ਪਾ।
ਦੇਵਾਂ ਦੀ ਵਿਹੁ ਭੁੱਲ ਕੇ, ਮਾਣਸ-ਡੰਗ ਭੁਲਾ
ਕਣ ਕਣ ਬੁੱਧ ਦਾ ਚਰਨ ਹੋ, ਲਿਸ਼ਕੇ ਬੇਪਰਵਾਹ।
ਨਾ ਪਰਦੇ ਨਾ ਦਮਨ ਸੀ, ਬਿਪ-ਚਾਲਾਂ ਬੇਵਾਹ
ਕੱਫ਼ਨ ਜਿਵੇਂ ਉਤਾਰਿਆ, ਗਯ ਪਤਾਲ ਚੋਂ ਆ। -5-

ਗੁਰੂ ਨਾਨਕ ਸਾਹਿਬ ਦਾ ਬਿਸ਼ੰਭਰਪੁਰ (ਪਟਨਾ ਨੇੜੇ) ਵਿਖੇ ਸਾਲਸ ਰਾਇ ਜੌਹਰੀ ਨੂੰ ਅਸਲੀ ਅਤੇ ਨਕਲੀ ਪੈਗੰਬਰ ਦੀ ਪਛਾਣ ਦਾ ਰਾਹ ਅਤੇ ਫ਼ਰਕ ਦੱਸਣਾ

ਉਰਵੇਲਾ ਤੋਂ ਵਿਦਾ ਹੋ, ਪੀ ਫਲਗੂ ਦੇ ਨੀਰ
ਛੋਹਦੇ ਖ਼ਾਕ ਸੁਵੰਨੜੀ, ਸਮੇ ਜੁ ਕਰੇ ਅਮੀਰ
ਜਾਵਣ ਉੱਤਰ ਕੂੰਟ ਨੂੰ, ਪੀਰ ਮੁਰੀਦ ਅਖ਼ੀਰ
ਬ੍ਰਿਛ ਇੰਜ ਗੁਰ ਵੇਖਦੇ, ਮਿਲ ਵਿਛੜੇ ਜਿਉਂ ਵੀਰ।
ਬੁੱਢੇ ਪਿੱਪਲ ਬੋਹੜ ਤੋਂ, ਪੁੱਛੇ ਪਈ ਸਮੀਰ :
"ਤੁਰ ਚੱਲੇ ਆ ਕੁਦਰਤੀ, ਨਿਅਮਤ ਭਰੇ ਫ਼ਕੀਰ
ਕਾਹਤੋਂ ਪੰਛੀ ਹੋਂਵਦੇ, ਸੰਗ ਮੁਣਸ ਦਿਲਗੀਰ ?"
ਬ੍ਰਿਛ ਕਹਿਣ ਗਏ ਰਿਸ਼ੀ ਦੇ, "ਅਸੀਂ ਸਾਂ ਛਤਰ ਹਕੀਰ
ਰਿਸ਼ੀ ਮੁੜੇ ਪਤ ਪਏ ਨੇ, ਹਰੀ ਹਰੀ ਫਿਰ ਪੀੜ।
ਪੰਖ ਰੋਣ ਪਰ ਥਕਦੇ, ਸਮੇ ਹੋਣ ਬੇਨੀਰ
ਮੁਣਸ-ਧਾਮ ਤੇ ਵਣਾਂ ਨੂੰ, ਤਦ ਇਹ ਮਿਲਣ ਫ਼ਕੀਰ।
ਚੁੰਮ੍ਹੇ ਸੁੱਕੀ ਸ਼ਾਖ਼ ਨੂੰ, ਇਲਹਾਮੀ ਤਾਸੀਰ
ਖੰਭ, ਉਡਾਣ ਤੇ ਹੇਕ ਦੀ, ਥਰਕਣ ਵਿਚ ਸਰੀਰ!"
ਇਉਂ ਗੰਗਾ ਵਲ ਜਾ ਰਹੇ, ਮੁੜ ਦਾਨਾ ਤੇ ਪੀਰ
ਯਾਦ ਕਰਾ ਹਰ ਬੋਹੜ ਨੂੰ, ਮੁੱਢ ਕਦੀਮੀ ਸੀਰ।
ਖੰਡਰ ਪਾਟਲੀ ਪੁਤਰ ਦੇ, ਤਕ ਹੱਸੇ ਤਕਦੀਰ
ਮੁੱਦਤਾਂ ਲੰਮੀ ਨਜ਼ਰ ਨੇ, ਜਦ ਚੁੰਮ੍ਹੇ ਰਾਹਗੀਰ।

ਗਰਜਣ ਸਦੀਆਂ ਚੁੱਪ ਚੋਂ, ਜਮ ਦੀ ਟੱਪ ਲਕੀਰ
ਜਿਸਨੂੰ ਮੋਏ ਲਸ਼ਕਰਾਂ, ਸੁਣ ਕੇ ਭਰਿਆ ਨੀਰ।
ਵੇਗ ਸੰਜੋਗ ਵਿਜੋਗ ਦੇ, ਆਵਣ ਵਾਂਗ ਸਫ਼ੀਰ
ਜਾਗ ਪੈਣ ਸੌ ਵੇਖਦੇ, ਕੋ ਰੱਬੀ ਤਹਰੀਰ।

ਤੜਕੇ ਸਾਲਸ ਰਾਇ ਨੂੰ, ਪਈ ਨੀਂਦ ਵਿਚ ਸੋਅ
ਖੰਡਰਾਂ ਸੀਨੇ ਉਤਰੀ, ਪਰੀ ਜਿਹੀ ਇਕ ਲੋਅ
ਜਿਉਂ ਅਣਬੁੱਝੀ ਸਦਾ ਤੋਂ, ਸਾਹਵੇਂ ਗਈ ਖਲੋ
ਜੋ ਰੱਖੀ ਸੀ ਕਹਿਕਸ਼ਾਂ, ਗੋਸ਼ੇ ਕਿਸੇ ਲੁਕੋ
ਚੰਨ ਸੂਰ ਦੇ ਚਾਨਣੇ, ਚਿਰ ਦਾ ਭੇਤ ਸੀ ਜੋ
ਵਣਾਂ 'ਚ ਛੁਪ, ਫਿਰ ਨਿਕਲਿਆ, ਰਹਿਮ-ਸਮਾਧੀ ਹੋ।
ਸਾਲਸ ਕਹੇ : "ਬਹੁ ਆਂਵਦਾ, ਉਸ ਚਾਨਣ ਦਾ ਮੋਹ
ਵੇਖਾਂ ਦੂਰ ਦੁਰਾਡੜੇ, ਸਮਝ ਨ ਪੈਂਦੀ ਕੋ!
ਪਰਖੇ ਖੋਟੇ ਖਰੇ ਮੈਂ, ਲਾਲ ਸਹੰਸਰ ਛੁਹ
ਪਰ ਮੈਂ ਰੱਬੀ ਜ਼ਾਤ ਦੀ, ਪਰਖ ਦਾ ਜਾਣੀ ਹੋ!
ਅਸਲੀ ਨਕਲੀ ਚਿਹਨ ਦੇ, ਫ਼ਰਕ ਨ ਸਕਿਆ ਧੋ
ਧੁਰ ਕੀ ਬਾਣੀ ਸੁਣੇ ਨਾ, ਸ਼ਬਦ ਨ ਦੇਵਣ ਟੋਹ
ਆਮ ਬੋਲ, ਇਲਹਾਮ ਦੇ, ਫ਼ਰਕ ਨ ਅੰਧ ਚ ਖੋ
ਦਿਸਣ ਪੜਾ ਨ ਅਰਥ ਦੇ, ਬਿਮਲ ਬਿਬੇਕ ਡੁਬੋ
ਰੱਖੇ ਸਿਦਕਾਂ ਕਿਤੇ ਨ, ਸੁਖ਼ਨਾਂ ਵਿਚ ਪਰੋ।"

ਖੰਡਰ ਪਾਟਲੀ ਪੁਤਰ ਦੇ, ਨੇੜੇ ਦੀਪ ਜਗੇ
ਪਿੰਡ ਬਿਸ਼ੰਭਰ ਪੁਰੇ ਦੇ, ਚੁੱਲ੍ਹੀਂ ਅੱਗ ਮਘੇ
ਧੌਲਰ ਸਾਲਸ ਰਾਇ ਦੇ, ਲਾਲਾਂ ਨਾਲ ਦਗੇ
ਮਾਂਝੀ, ਸੰਤ ਤੇ ਠੱਗ ਨੂੰ, ਮਿਲ ਮਿਲ ਗੰਗ ਵਗੇ।

ਜੂਹ ਗ੍ਰਾਮ ਦੀ ਜਾਗਦੀ, ਰੈਣ ਰਬਾਬ ਸੁਣੇ
ਜੀ ਪਈਆਂ ਥੇਹ ਕੰਕਰਾਂ, ਸੁਣਿਆ ਨਾਦ ਹੁਣੇ
ਰੂਹ ਰੂਹਾਂ ਦੀ ਦੋਸਤੀ, ਵਜਦ ਅਗੰਮ ਚੁਣੇ
ਨਾਲ ਸ਼ਹੀਦ ਜਲਾਦ ਵੀ, ਡੂੰਘੇ ਦਰਦ ਬੁਣੇ।

ਜਦੋਂ ਸਵੇਰਾਂ ਬੀਤੀਆਂ, ਚੁੱਪ ਰਬਾਬ ਕਰੇ
ਕਦ ਪੈਂਡੇ ਇਹ ਮੁੱਕਣੇ, ਦਾਨਾ ਭੁੱਖ ਜਰੇ
ਨਾਨਕ ਲਾਲ ਅਮੁੱਲੜਾ, ਹੱਥ ਮੁਰੀਦ ਧਰੇ
ਜਿਸਨੂੰ ਜੌਹਰੀ ਪਰਖਿਆ, ਆ ਵਿਸਮਾਦ ਘਰੇ।

ਸਾਲਸ ਕਹੇ : "ਇਹ ਲਾਲ ਕਿਉਂ, ਬੇਨਿਆਜ਼ ਰੁਲੇ ?
ਨਾਲ ਇਹ ਵੱਥ ਅਮੁੱਲੜੀ, ਕਿਵੇਂ ਅਨਾਜ ਤੁਲੇ।
ਕਵਨ ਵਲੀ, ਕਿਸ ਸਖੀ ਦੇ, ਇਸ ਵਿਚ ਰੰਗ ਘੁਲੇ ?
ਧਨੀ ਨਿਆਰਾ ਕੌਣ ਉਹ, ਤਿਸ ਵਲ ਜਿੰਦ ਜੁਲੇ।"

ਸਾਲਸ ਦਾਨੇ ਮਗਰ ਹੀ, ਖੰਡਰਾਂ ਵਲ ਚਲੇ
ਵਡ ਵਿਸਮਾਦ, ਅਚੰਭੜੇ! ਸ਼ੌਕੋ ਨਾਲ ਰਲੇ
ਕੁਝ ਪੰਛੀ ਗਾ ਸਕਣਗੇ, ਜੰਗਲ ਜਦੋਂ ਬਲੇ
ਉਹ ਹੱਥ ਥੰਮ੍ਹੇ ਗਗਨ ਨੂੰ, ਜੋ ਡਉ ਮੰਝ ਜਲੇ।

ਦਰਸ ਕਰੇ ਦਿਹੁੰ ਬੀਤਦੇ, ਸਾਲਸ ਪਰਖੇ ਨੂਰ
ਬੈਠਾ ਨਾਲ ਮੁਨੀਮ ਦੇ, ਪੁਛਦਾ "ਕੀ ਦਸਤੂਰ ?
ਸੰਤ ਵੇਸ ਸਭ ਮਿੱਠੜੇ, ਢਕ ਢਕ ਤੁਰਨ ਮਨੂਰ
ਮੈਂ ਹੀਰੇ ਸਭ ਪਰਖ ਕੇ, ਚੀਰ ਲਵਾਂ ਜਾ ਤੂਰ
ਖ਼ਾਲਸ ਬੰਦਾ ਢੂੰਡਦਾ, ਅੰਤ ਰੁਲਾਂ ਕਿਉਂ ਦੂਰ ?"

ਸੁਣ ਲਿਸ਼ਕੀ ਗੁਰ ਮੱਥੜੇ, ਮਹਾਂ ਅੰਤ ਦੀ ਲੀਕ
ਲੈ ਲੈ ਉੱਡੀ ਬਿਜਲੀਆਂ, ਸਿਦਕੀ ਚੁੱਪਾਂ ਤੀਕ
ਜਾਵਣ ਵਲ ਅਨੰਤ ਦੇ, ਜਿਉਂ ਪੰਖੀ ਰਮਣੀਕ
ਦੱਸਣ ਸਾਲਸ ਰਾਇ ਨੂੰ, "ਜੋ ਹੈ ਲਾ-ਸ਼ਰੀਕ
ਤਿਸ ਵਲ ਉੱਡੇ ਬਾਜ਼ ਜਿਉਂ, ਜੇਕਰ ਕੂਕ ਸਦੀਕ
ਇੱਕੋ ਪੂਰਾ ਮੰਨ ਕੇ, ਕੋਟ ਜਨਮ ਲਏ ਡੀਕ
ਤ੍ਰੈ ਕਾਲੀਂ ਤਾਂ ਨਿਗ੍ਹਾ ਦੀ, ਲਿਸ਼ਕੇ ਤਾਰ ਬਰੀਕ।
ਸਿਦਕ ਲੈ ਉੱਡੇ ਇਸ਼ਕ ਨੂੰ, ਹੁਕਮ ਇਲਾਹੀ ਤੀਕ
ਚੜ੍ਹੇ ਸਮੁੰਦਰ ਵਾਂਗਰਾਂ, ਇੱਕੋ ਤ੍ਰਿਖਾ ਅਮੀਕ
ਜਿਹਨਾਂ ਪੂਰਾ ਪਰਸਿਆ, ਨੀਝ ਤਿਨ੍ਹਾਂ ਦੀ ਠੀਕ
ਪੈਂਡੇ ਕਰਨ ਜੋ ਰੂਹ ਦੇ, ਕਦੇ ਨ ਮੰਗਣ ਭੀਖ।

"ਜੇ ਪੂਰੇ ਦੀ ਮਿਹਰ ਦੇ, ਲਹਿਣ ਨ ਸਿਖਰੋਂ ਨੂਰ
ਹੁੰਦੀ ਤਦੋਂ ਹਜੂਮ ਚੋਂ, ਗੁਰੂ-ਪਛਾਣ ਜ਼ਰੂਰ।
ਸੱਚੇ ਤੀਕਰ ਜਾਣ ਦਾ, ਜੇ ਨਾ ਰਹੇ ਸਰੂਰ
ਧਰ ਸੋਹਣੀ 'ਤੇ ਘਿਸਰਦਾ, ਕੀੜੇ ਜੇਡ ਗ਼ਰੂਰ
ਵੱਡੇ ਤਖ਼ਤ ਘੁਮਾਰ ਦੀ, ਬਣ ਜਾਂਦੇ ਨੇ ਧੂੜ
ਨ ਪੁੰਗਰਣ ਨਵ ਸ਼ਾਖ਼ ਜਿਉਂ, ਧਰਮਾਂ ਦੇ ਦਸਤੂਰ।
ਤੂੰ ਲਾਲਾਂ ਦਾ ਪਾਰਖੂ, ਨਰ-ਪਛਾਣ ਤੋਂ ਦੂਰ
ਹੋਵੇ ਮਿਹਰ ਜੇ ਸਿਦਕ 'ਤੇ, ਪੈਣ ਸੁਰਤ ਨੂੰ ਬੂਰ।"

ਬਖ਼ਸ਼ੇ ਸੱਚੇ ਤਖ਼ਤ ਨੇ, ਗੁਰ ਨੂੰ ਜਿਵੇਂ ਯਕੀਨ
ਜਦ ਵੇਈਂ ਵਿਚ ਉੱਤਰੇ, ਰਾਜ਼ ਬਿਸੰਖ ਮਹੀਨ
ਅਸਗਾਹਾਂ ਤਕ ਸੁਣੇ ਸੀ, ਕੌਲ ਇਲਾਹੀ ਮੀਨ
ਰਾਹ ਦੱਸੇ ਉਹ ਜਿਨਾਂ ਤੇ, ਧਰਮ ਸਦਾ ਹੀ ਜੀਣ
ਇਉਂ ਸਾਲਸ ਨੂੰ ਗੁਰਾਂ ਨੇ, ਝੁਕੇ ਜੁ ਸੰਗ ਮੁਨੀਮ
ਸਿਰੋ ਪਾ ਸੀ ਬਖ਼ਸ਼ਿਆ, ਨਾਲੇ ਸੁਰਤ ਅਸੀਮ।
ਮਹਾਂ ਅਚੰਭੇ ਕੱਟ ਕੇ, ਦਿਸਣ ਜੁ ਭਰਮ ਹੁਸੀਨ
ਕੌਮਾਂ ਭਟਕਣ ਸਦਾ ਹੀ, ਸੁਣ ਜਿਹਨਾਂ ਦੀ ਬੀਨ
ਸਮੇ ਦੇ ਸਿਹਰਾਂ ਛਕੇ ਨੇ, ਜੋ ਗੁਰ-ਪੈਂਡੇ ਬੀਣ
ਦੱਸੇ ਜਿਹੜੇ ਰੋਗ ਨਾ, ਜਗ ਦੇ ਕਿਸੇ ਹਕੀਮ,
ਹੋਇ ਇਹ ਦੈਂਭੀ ਫ਼ਾਸਲੇ, ਲਿਵ ਨਿੰਬਲ ਵਿਚ ਲੀਨ
ਮਿਲਿਆ ਸਾਲਸ ਰਾਇ ਨੂੰ, ਗੁਰ-ਪਛਾਣ ਦਾ ਦੀਨ
ਤ੍ਰੈ ਕਾਲੀਂ ਜਗ-ਕਾਫ਼ਲੇ, ਪਰਖੇ ਨਾਲ ਯਕੀਨ।
ਯਾਦਾਂ ਪਾਕ 'ਚ ਉਤਰਦੇ, ਮੁਢ ਕਦੀਮੀ ਦੀਨ
ਨਦਰ ਨਿਰੰਤਰ ਨਦੀ ਜਿਉਂ, ਤਰਦਾ ਦਿਸੇ ਮੁਨੀਮ।

ਮਰਦਾਨੇ ਦੀ ਤਾਰ 'ਤੇ, ਬਹੁ ਪੈਗੰਬਰ ਬੀਣ
ਇਕ ਪਲ ਸ਼ਾਹ ਵੰਗਾਰ ਕੇ, ਫਿਰ ਕੰਬਨ ਹੋ ਖੀਣ
ਨਾ ਨਿਰਵੈਰ ਦੇ ਹੱਥ ਨੇ, ਨਾ ਉਹ ਸਿਦਕ ਯਕੀਨ
ਪੈਗੰਬਰ ਦੀ ਦਯਾ ਵੀ, ਭਟਕ ਹੋਏ ਬੇਦੀਨ!!
ਜੁਗਾਂ 'ਚ ਭੌਣ ਮਨੁੱਖ ਦੇ, ਵਾਂਗ ਕੀੜਿਆਂ ਜੀਣ
ਕਾਇਰਾਂ ਦੇ ਵਗ ਹੌਂਕਦੇ, ਖ਼ਾਲੀ ਤੇ ਪਤਹੀਣ
ਰੋਹ ਤੇਗ਼ਾਂ ਦੇ ਸਾਮ੍ਹਣੇ, ਕੀ ਨਾਨਕ ਤੋਂ ਪੀਣ?
ਦਾਤਾਂ ਦਸ ਨ ਹੁੰਦੀਆਂ, ਹੱਥ ਛੂਹਣ ਜੇ ਗੀਣ!

ਖੜੇ ਉਡੀਕਾਂ ਵਿਚ ਨੇ, ਭਾਵੇਂ ਅਜੇ ਮਲੀਨ
ਰਾਹ ਮੱਕੇ ਬਗ਼ਦਾਦ ਦੇ, ਪਾਟੇ ਸਿਦਕ ਨੂੰ ਸੀਣ
ਦਾਤ ਲੈਣ ਨਿਰਵੈਰ ਤੋਂ, ਫੇਰ ਕਹਿਣ 'ਆਮੀਨ'!
ਦਲ ਬਹੁ ਖ਼ਾਲਸ ਪੰਥ ਦੇ, ਗੁਰੂ-ਜੋਤ ਰੰਗੀਣ
ਆਵਣ ਚਿੜੀਆਂ ਹੁੰਮ ਕੇ, ਕਰਨ ਬਾਜ਼ ਬਲਹੀਣ
ਜਦ ਗੁਰ ਦਿਸਣ ਨ ਸਿੱਖ ਨੂੰ, ਜਦ ਉਹ ਕਾਲ ਚ ਲੀਨ
ਜੋ ਹੱਥ ਖਰਬਤ ਥੰਮ੍ਹਦੇ, ਲੈਣ ਸ਼ਬਦ ਚੋਂ ਚੀਣ। -5-

ਗੁਰੂ ਨਾਨਕ ਅਤੇ ਮਰਦਾਨਾ ਕਾਮਰੂਪ ਵਿਚ; ਸਿਹਰ, ਰੂਪ ਅਤੇ ਕਾਮ-ਤ੍ਰਿਸ਼ਨਾ ਇਲਾਹੀ ਨਦਰ ਦੇ ਰੂਬਰੂ

ਬਖ਼ਸ਼ ਅਮੋਘ ਪਛਾਣ, ਸਾਲਸ ਰਾਇ ਨੂੰ
ਜਿਸਦੇ ਨਜ਼ਰ-ਨਿਸ਼ਾਨ, ਘੁੰਮਨ ਅੰਬਰੀਂ
ਚਾਰ ਨੈਣਾਂ ਅਸਗਾਲ, ਜਿਸਨੂੰ ਦਿਸਦੀਆਂ
ਅਨਕ ਪੈਗੰਬਰ ਤਾਲ, ਪਈ ਨਿਖਾਰਦੀ
ਦਿਲ ਕੌਮਾਂ ਦੇ ਬੀਜ, ਓਸ ਪਛਾਣ ਨੂੰ
ਨਰ ਨਾਰੀ ਦੀ ਨੀਝ, ਉਸ ਵਿਚ ਰੰਗਕੇ
ਕੋਟ ਅਜਨਮੇ ਸਾਲ, ਅਜੇ ਅਦਿੱਖ ਜੋ
ਕੋ ਪੰਥ ਲਏ ਭਾਲ, ਜਿਸਨੂੰ ਕਦੇ ਆ
ਉਹੀ ਪਰਖ ਰਮਣੀਕ, ਪਾ ਦਿਲ ਮੁਣਸ ਦੇ
ਜਲ ਥਲ ਖੜੀ ਉਡੀਕ, ਵੇਖੀ ਸਤਿਗੁਰਾਂ;
ਵਿਚ ਅਗੰਮੀ ਲੋਰ, ਆਖਣ : "ਬੇਲੀਆ
ਤਕਸਨ ਰਵਿ ਸਸ ਹੋਰ, ਪੈਂਡੇ ਸਾਂਝੜੇ
ਕਾਮਰੂਪ ਦੇ ਦੇਸ, ਚਲ ਮਰਦਾਨਿਆਂ
ਜਿੱਥੇ ਨਾਰਾਂ ਵੇਸ, ਕਰਨ ਨਵੇਲੜੇ।
ਭੌਮਾਸੁਰ ਹੜ੍ਹ ਕਾਮ, ਕਾਲ 'ਤੇ ਚਾੜ੍ਹਦਾ
ਸਤੀ ਦਾ ਲੈ ਲੈ ਨਾਮ, ਪਾਗਲ ਕੂਕਦਾ
ਜਾਲ ਸ਼ੁਦਾ ਵਿਚ ਅੰਗ, ਮਦ ਵਿਚ ਡੋਬਕੇ
ਪੁਸ਼ਤਾਂ ਤੀਕ ਤਰੰਗ, ਠੇਲ੍ਹੇ ਅੱਗ ਦੀ;
ਤਾਂਡਵ ਨਾਚ ਤੇ ਜ਼ਹਿਰ, ਵਰ੍ਹਿਆ ਕਾਮ ਦਾ
ਚਕਰ ਸੁਦਰਸ਼ਨ ਕਹਿਰ, ਮੰਗੇ ਧਰਮ ਤੋਂ।

ਯੋਨੀ ਸਤੀ ਦੀ ਸਹਿਕ, ਡਿੱਗੀ ਧਰਤ ਤੇ
ਕੁਸਮ ਸਰਾਂ ਦੀ ਮਹਿਕ, ਗਈ ਨ ਧਰਮ ਚੋਂ
ਸ਼ਿਵ ਦੀ ਅੰਨ੍ਹੀ ਹੂਕ, ਨਸਲਾਂ ਡੰਗਦੀ
ਕਾਮਨ ਪਾਇ ਮਲੂਕ, ਯੋਨੀ ਸਤੀ ਦੀ
ਮੁਣਸ-ਰੱਤ ਤੇ ਰਾਖ, ਡਿਗਦੀ ਨਾਰ ਦੀ,
ਸੁਣੇ ਜਨੂੰਨੀ ਹਾਕ, ਦੂਰੋਂ ਨੇੜਿਉਂ।
ਤਿੱਬਤ, ਚੀਨ, ਅਸਾਮ, ਢਾਕੇ ਤੀਕਰਾਂ
ਸਿਕਮ, ਭੂਟਾਨ 'ਚ ਤਾਨ, ਸੁਣੀ ਕਬੀਲਿਆਂ।
ਯੋਨੀ ਪੀਠ ਬੇਚੈਨ, ਬਾਹਰੋਂ ਸ਼ਾਂਤ ਹੈ
ਕਾਮਨ ਕਦੇ ਨ ਸੈਣ, ਉਧਰ ਨਾਰ ਦੇ,
ਸੀਤਲ ਨਦੀ ਰਵੰਨ, ਕਰੀਏ ਉਸ ਥਾਂ
ਤਪੇ ਸਮੁੰਦਰ ਬੰਨ੍ਹ, ਮੀਤ ਹਮੇਸ਼ ਦੇ!
ਛਿਨ ਆਗਾਸ ਅਸ਼ਾਂਤ, ਧਰਮ 'ਚ ਬੰਨ੍ਹੀਏ
ਕਿਤੇ ਤਾਂ ਬੂੰਦ ਸ੍ਵਾਂਤ, ਖਾਰੇ ਸਾਗਰੀਂ!"

ਵੇਖ ਨਕਸ਼ ਬਹੁ ਵੇਸ, ਪੈਂਡੇ ਅਜਨਬੀ
ਤਕਦੇ ਪਰਬਤ ਦੇਸ, ਨੈਂਆਂ ਵਗਦੀਆਂ,
ਪੁੱਜੇ ਉਸ ਪਰਦੇਸ, ਸਤਿਗੁਰ ਸਾਡੜੇ
ਜਿਸਦੇ ਸਿਹਰ ਦਿਨੇਸ਼, ਵੇਖ ਨ ਸਕਦਾ
ਜਿੱਥੇ ਸਦਾ ਮਹੇਸ਼, ਸਤੀ 'ਚ ਬਲ ਰਿਹਾ
ਨਦੀਆਂ ਵਗਣ ਹਮੇਸ਼, ਦਿਲ ਨੂੰ ਠੰਢ ਨਾ;
ਛਲਕਣ ਨੈਂ ਜਿਉਂ ਕੇਸ, ਨਾਰਾਂ ਸੰਦੜੇ
ਨਭ ਦੀ ਬਾਂਝ ਵਰੇਸ, ਤਰਸੇ ਜਿਨ੍ਹਾਂ ਨੂੰ!

ਨੀਲਾਂਚਲ ਦੀ ਕੁੰਟ, ਜਾਂਦੇ ਸਤਿਗੁਰੂ
ਜਿੱਥੇ ਸ਼ਿਵ ਬੈਕੁੰਠ, ਨਾਰੀ ਨਾਦ ਦਾ
ਕੋਟ ਚੰਦਉਰੀ-ਰੰਗ, ਮੋਂਹਦੇ ਧਰਮ ਨੂੰ
ਮਦ ਮਾਸ ਦੇ ਫੰਧ, ਛਲਦੇ ਯਾਤਰੂ।
ਕੰਤਨਗਰ ਤੋਂ ਚੱਲ, ਧੁਬਰੀ ਤੀਕਰਾਂ
ਮਧੁਰ ਸਿਹਰ ਦੇ ਛੱਲ, ਢਾਹੁਣ ਜਿੰਦ ਨੂੰ।
ਕਿਤੇ ਮਾਲਦਾ-ਪੱਤਣ, ਤੰਦੂਆ ਦੰਭ ਲੈ
ਤਮ੍ਹਾਂ ਵਿਸ਼ੈਲੀ ਕੱਤਣ, ਲੁਕ ਲੁਕ ਸੰਤ ਤੋਂ।

ਦੂਰ ਗੁਹਾਟੀ ਤੀਕ, ਸਾਕਤ-ਚੇਤਨਾ
ਟੂਣੇ ਮਹਾਂ ਬਾਰੀਕ, ਰੱਤ 'ਚ ਰੱਖਦੀ
ਜੋਗ ਭੋਗ ਦਾ ਜ਼ੋਰ, ਜਾਦੂ ਸਿਰਜਦਾ
ਧਰਮ-ਅਨੰਦ 'ਚ ਸ਼ੋਰ, ਦੇਹ ਦਾ ਉੱਲਰੇ
ਸਗਲ ਨਾਰ ਹੋ ਨਾਗ, ਵਲਦੀ ਆਤਮਾ
ਪਕੜ ਲਏ ਫਿਰ ਵਾਗ, ਹਰ ਇਲਹਾਮ ਦੀ।
ਘੁੰਮ ਰਿਹਾ ਵਿਚ ਕਾਲ, ਪੀਠ ਕਾਮਾਖਯਾ
ਸੁੱਧ ਬੁੱਧ ਰਿਹਾ ਢਾਲ, ਪੁਸ਼ਤਾਂ ਸੰਦੜੀ
ਜਿਵੇਂ ਬਾਂਸ ਦੇ ਝੁੰਡ, ਜੁੜਦੇ ਲੋਕ ਜੀ
ਭਰਦੇ ਰੱਤ ਦੀ ਕੁੰਡ, ਦੇਵੀ ਸਾਮ੍ਹਣੇ
ਮਦ ਵਿਚ ਕਰੇ ਮਲੀਨ, ਸੁਰਤਾਂ ਸੁੱਚੀਆਂ
ਧੁਰ ਦਾ ਦੈਂਤ ਯਕੀਨ, ਪਾਵੇ ਬੰਨ੍ਹਿਆਂ,
ਦੇਹ ਦੀ ਸੂਖਮ ਕਾਰ, ਚਤੁਰ ਨਸ਼ੀਲੜੀ
ਦੱਬ ਰਹੀ ਵਿਚ ਗ਼ਾਰ, ਨੂੜ ਕੇ ਧਰਮ ਨੂੰ।

ਤਿਰਕਾਲਾਂ ਦੇ ਪੰਧ, ਗਲੀਏਂ ਸਹਿਮਦੇ
ਪਰ ਬੁੱਢੇ ਬ੍ਰਹਿਮੰਡ, ਕਦੇ ਨ ਹੋਵਣੇ।
ਕਾਮਰੂਪ ਬਾਜ਼ਾਰ, ਚੰਚਲ ਰੰਗਲਾ
ਛੇੜ ਰਹੱਸ ਅਪਾਰ, ਅਣਦਿਸ ਥਰਕਦਾ
ਜਿਉਂ ਨੀਲਾਂਚਲ ਪਾਰ, ਸੋਹੇ ਚਾਂਦਨੀ
ਜਿਉਂਕਰ ਰਵੀ-ਦੁਆਰ, ਧਰ ਦਾ ਨਿਰਤ ਕੋ।
ਪਾਵੇ ਗੁੱਝੀ ਧੂਹ, ਪੀਠ ਕਾਮਾਖਯਾ
ਨਾਰ-ਨਕਸ਼ 'ਤੇ ਰੂਹ, ਚਮਕੇ ਹੁਸਨ ਦੀ,
ਰੱਤ ਦੀ ਕਾਂਗ ਅਥਾਹ, ਬਹੁ ਰਸ ਭਿੰਨੜੀ
ਬ੍ਰਹਮ ਪੁੱਤਰ ਦਰਿਆ, ਰਗਾਂ 'ਚ ਸ਼ੂਕਦਾ
ਕਾਮਰੂਪ ਦੇ ਰੱਸ, ਵਾ 'ਤੇ ਤੈਰਦੇ
ਜਿੰਦ ਅਚਿੰਤੇ ਕੱਸ, ਲੈਣ ਫ਼ਕੀਰ ਦੀ,
ਮਰਦਾਨਾ ਰਿਹਾ ਲੋਚ, ਮਹਿਕ ਬਜ਼ਾਰ ਦੀ
ਕਿਵੇਂ ਲੈਣ ਗੁਰ ਰੋਕ, ਰਾਹ ਦਰਵੇਸ਼ ਦੇ ?

ਵਣ-ਬਾਂਸਾਂ ਦੀ ਪੌਣ, ਲੰਘੀ ਗਲੀ ਚੋਂ
ਦਾਨਾ ਕਹੇ "ਮੈਂ ਕੌਣ ?, ਕਿਸਦੀ ਤਾਨ ਮੈਂ ?

ਹੈ ਡੂੰਘਾ ਵਿਸਮਾਦ, ਉਂਜ ਮੈਂ ਜਾਣਦਾ,
ਕਿਸ ਨੂੰ ਕੀਤਾ ਯਾਦ, ਨਵਾਂ ਮੈਂ ਦਹਿਰ ਚੋਂ ?
ਗਏ ਪੈਗੰਬਰ ਲੰਘ, ਸਜਦੇ ਕਰੇ ਨਾ!
ਕੁਫ਼ਰਾਂ ਘਰੇ ਨਿਸ਼ੰਗ, ਕਿਉਂ ਮਹਿਮਾਨ ਮੈਂ ?
ਕਿਸਦੇ ਚਮਕਣ ਅੰਗ ? ਇਕ ਪਲ ਜਾਣ ਲਾਂ
ਛਣਕ ਰਹੀ ਇਹ ਵੰਗ, ਕਿਸ ਪਰਵਾਜ਼ ਚੋਂ ?
ਜਦ ਮੈਂ ਧਰ ਦੇ ਨਾਲ, ਤੁਰਾਂ ਕਦੀਮ ਤੋਂ
ਕਿਉਂ ਇਹ ਗਗਨ ਅਜ਼ਾਦ, ਮੇਰੇ ਸਾਮ੍ਹਣੇ ?
ਕਿਉਂ ਪੈਗੰਬਰ-ਨਾਦ, ਮੈਨੂੰ ਛੇੜਦਾ ?
ਆਦਿ ਜੁਗਾਦਿ ਅਬਾਦ, ਕਰ ਕਰ ਦਸਦਾ!"
ਸਿੰਧ ਖਰੂਦੀ ਵਾਂਗ, ਪ੍ਰਸ਼ਨ ਅਗੰਮ ਦੇ
ਤਾਰ ਰਬਾਬ 'ਤੇ ਕਾਂਗ, ਮਾਰਨ ਗਰਜਦੀ।
ਨੂਰ ਸ਼ਾਹ-ਦਰ ਖ਼ਾਬ, ਲੋਰ 'ਚ ਝੂੰਮਦੇ
ਸੁੰਨ 'ਚ ਰੱਖ ਰਬਾਬ, ਦਾਨਾ ਖੜਾ ਜਾ।
ਬਲੇ ਅਬੁੱਝ ਪਿਆਸ, ਸੀਨੇ ਅਜਨਬੀ
ਜਿਵੇਂ ਵਿਚ ਬਨਬਾਸ, ਗੁਾ ਬਿਨ ਭਟਕਦਾ,
ਨੂਰਾਂ ਖੜੀ ਅਕਾਸ਼, ਚੁੱਕੀ ਚਾਂਦਨੀ
ਗ਼ਸ਼ ਖਾ ਮਹਿਲਾਂ ਪਾਸ, ਰਾਹੀ ਡਿੱਗਿਆ
ਹੜ੍ਹ ਰਿਸ਼ਮਾਂ ਨੇ ਡੰਗ, ਦਾਨਾ ਸੁੱਟਿਆ
ਚੰਚਲ ਸਿਹਰਾਂ ਸੰਗ, ਚਾਇਆ ਧੌਲਰੀਂ।

ਵਸਣ ਨੂਰ ਸ਼ਾਹ ਧਾਮ, ਨਾਰਾਂ ਬਾਂਕੀਆਂ
ਸਰ ਸਿੰਨ੍ਹਣ ਪੀ ਜਾਮ, ਟੂਣੇ ਹਾਰਨਾਂ,
ਪਰ ਅੱਜ ਦਿਸਣ ਉਦਾਸ, ਰਾਗ ਨ ਧੌਲਰੀਂ!
ਲਿਆ ਕਦੋਂ ਸੰਨਿਆਸ, ਪਿਰ ਨੇ ਯਾਦ ਨਾ।
ਭੁੱਲ ਜਾਣ ਹਰ ਰਾਸ, ਸਦਾ ਨਸ਼ੀਲੀਆਂ
ਬਾਂਝ ਜਿਵੇਂ ਰਣਵਾਸ, ਮਰਦੇ ਭੂਪ ਜਾਂ।
ਬੰਦੀ ਕਰਨ ਫ਼ਕੀਰ, ਰੰਨਾਂ ਹੱਸ ਕੇ
ਤਕ ਕੇ ਸੱਚ ਅਖ਼ੀਰ, ਭਉ 'ਚ ਰੋਂਦੀਆਂ।
ਜਦੋਂ ਲਹੂ ਦਾ ਲੋਰ, ਲਹਿਰੇ ਸਿੰਧ ਹੋ
ਨਜ਼ਰਾਂ ਦੀ ਜਦ ਡੋਰ, ਉੱਡੇ ਹੰਸ ਜਿਉਂ
ਉਦੋਂ ਫ਼ਕੀਰ ਦੀ ਮੌਜ, ਡੰਗੇ ਕਾਮ ਜੇ
ਡੁੱਬੇ ਤਨ ਦਾ ਸੂਹਜ, ਵਿਚ ਸ਼ਰਮਿੰਦਗੀ

ਸਿਹਰ, ਰੂਪ ਤੇ ਕਾਮ, ਜਿੱਤ ਕੇ ਹਾਰਦੇ
ਪਿੰਜਰੇ ਪਾ ਇਲਹਾਮ, ਰਹਿਣ ਸੁਆਦ ਨਾ,
ਸਿਹਰ ਪਕੜ ਸੱਚ-ਨਾਮ, ਅੰਤ ਗੁਆਚਦਾ
ਆ ਦਰਵੇਸ਼ ਦੀ ਸਾਮ, ਕੰਬੇ ਜੋਬਨਾ,
ਪਹਿਲਾਂ ਨਾਰਾਂ ਮੋਹ, ਦਾਨਾ ਹੱਸੀਆਂ
ਫਿਰ ਪਛਤਾਵਣ ਰੋ, ਆਦਿ ਗੁਨਾਹ ਚੋਂ।
ਟੁੱਟੀ ਜੋਬਨ ਵੰਗ, ਸਾਧ ਦੇ ਸਾਮ੍ਹਣੇ
ਆਦਿ ਗੁਨਾਹ ਦਾ ਰੰਗ, ਫਿੱਕਾ ਪੈ ਗਿਆ,
ਪਰ ਨੂਰਾਂ ਦਾ ਮਾਣ, ਓਵੇਂ ਰੰਗਲਾ
ਡਾਢਾ ਅਣਦਿਸ ਤਾਣ, ਕੋਲ ਛਬੀਲੜੀ।

ਮਰਦਾਨਾ ਅਧ ਰੈਣ, ਪੀਨਕ ਤੋੜਕੇ
ਬਾਰੀ ਚੋਂ ਨਭ-ਨੈਣ, ਤਕਦਾ, ਗਣਤ ਨਾ।
ਤੀਰਥ ਜਿਵੇਂ ਅਨੰਤ, ਦਰਸ਼ਨ ਦੇ ਰਿਹਾ
ਕੋਟ ਸਿਆਣਪ ਮੱਤ, ਦਿਸੇ ਜੁ ਲੰਘਕੇ
ਜੜ ਅਗਨੀ ਨੂੰ ਚੀਰ, ਵਿਗਸੀ ਮੂਰਛਾ
ਧੋਂਦੇ ਅੰਬਰ-ਨੀਰ, ਦੇਹ ਗਿਆਨ ਦੀ।
ਘੋਰੇ ਚੱਕਰ ਵਿਊ, ਕਿਸੇ ਉਡਾਣ ਨੇ
ਭੈਅ ਤੋਂ ਡੂੰਘੇ ਖੂਹ, ਅੰਦਰ ਤਪਨ ਜੋ।
ਤਨ ਜ਼ਹਿਰੀਲੇ ਮੰਤਰ, ਖੁਭੇ ਫ਼ਕੀਰ ਦੇ
ਕੇ ਆਭਾ ਸੁਤੰਤਰ, ਬੈਠੀ ਗੋਦ ਲੈ,
ਗਗਨ ਦਾ ਤੀਰਥ ਮਾਂ, ਰਾਹੀ ਪੁੱਤ ਦੇ
ਦਸ ਦਸ ਥਲਾਂ ਦੇ ਨਾਂ, ਕੰਡੇ ਕੱਢਦੀ,
"ਅੰਗ ਜੁੜੇ ਬੇ-ਜੋੜ, ਨਸ ਜੋ ਨੱਸਣਾ"
ਤਾਰਿਆਂ ਦੇ ਸੈ ਘੋੜ, ਦਿੰਦੇ ਸੈਨਤਾਂ;
ਸੁੱਕੇ ਖੂਹੀਂ ਕਾਲ, ਰਹੇ ਨ ਦੱਬਿਆ
ਝੁਕੀ ਜਸ਼ਨ ਦੀ ਡਾਲ, ਯੂਸਫ਼ ਘਾਇਲ ਤੇ।
ਜਿਉਂ ਦਾਨੇ ਨੂੰ ਬਾਲ, ਸਹਿਜ ਚ ਖੜਾ ਹੋ
ਖਿੜੀ ਕਹਿਕਸ਼ਾਂ ਨਾਲ, ਜੁਗਾਂ ਤੋਂ ਵੇਖਦਾ।
ਮਿਰਤ ਪਤਾਲ ਨੂੰ ਘੂਕ, ਸੁੱਤਾ ਛੱਡ ਕੇ
ਪੁੰਗਰੇ ਸ਼ਾਖ਼ ਅਨੂਪ, ਜਿਉਂਕਰ ਸਮੇ ਚੋਂ।
ਪੈੜਾਂ ਗਣਤ ਨਾ ਕੋ, ਚਮਕਣ ਅੰਬਰੀਂ
ਬਾਲਪਨੇ ਦੀ ਲੋਅ, ਦਿਸੇ ਚੁਫੇਰ ਹੀ।

ਆਗਾਸਾਂ ਆਗਾਸ, ਬੁੱਕਲ ਪੀਰ ਦੀ
ਮਰਦਾਨੇ ਨੂੰ ਪਾਸ, ਸੱਦੇ ਬਾਲ ਜਿਉਂ।
ਨਭ-ਚਾਨਣ ਦੇ ਖੰਭ, ਮਹਾਂ ਉਡਾਣ ਚੋਂ
ਦਿੰਦਾ ਨਾਦ ਬੁਲੰਦ, ਸੁੰਨ ਰਬਾਬ ਨੂੰ।
ਪਰ ਇਹ ਨਜ਼ਰ ਦੀ ਸ਼ਾਨ, ਰਹੀ ਅਸੀਮ ਨਾ
ਗਗਨ ਬਣੇ ਸ਼ਮਸ਼ਾਨ, ਹੁਣੇ ਜੁ ਚਮਕਦੇ,
ਮੈਲ ਕਿਸੇ ਇਹ ਰੂਹ, ਕੀਤੀ ਉੱਡਦੀ
ਖੰਭ ਗਿਰਾਏ ਲੂਹ, ਭਸਮ ਪਤਾਲ ਤੇ।

ਚਿੰਤ ਭਰੀ ਸ਼ਾਹ ਨੂਰ, ਤਕਦੀ ਅਜਨਬੀ
ਸੋਚੇ: "ਇਦ੍ਹੇ ਸਰੂਰ, ਬੰਨ੍ਹੇ ਅਸੀਂ ਵੀ,
ਇਸਦੇ ਕਿਉਂ ਦਸਤੂਰ, ਚੱਲਣ, ਦਾਸ ਜੇ?
ਬੇਹੋਸ਼ੀ ਵਿਚ ਚੂਰ, ਹੁਕਮ ਚਲਾਂਵਦਾ!
ਬ੍ਰਿਛ ਸੁਕਾਇਆ; ਬੂਰ, ਅਜੇ ਵੀ ਮਹਿਕਦਾ
ਸੁਣੇ ਆਹਟ ਕੋ ਦੂਰ, ਭਾਵੇਂ ਡੰਗਿਆ।
ਬੰਨ੍ਹ ਲਏ ਮੈਂ ਪੂਰ, ਨਦੀਆਂ ਸਣੇ ਹੀ
ਤਜਦੇ ਰਾਜ ਗ਼ਰੂਰ, ਭੈਣਾਂ ਵੀਰ ਵੀ;
ਪਰ ਇਸਦੀ ਕੋ ਹੂਰ, ਯਾਦ ਨ ਛੱਡਦੀ
ਨਾ ਕਰਦਾ ਮਨਜ਼ੂਰ, ਮੈਂਡੇ ਨਾਜ਼ ਨੂੰ।
ਉਂਜ ਫੱਕਰ ਮਖ਼ਮੂਰ, ਨਾ ਪਰ ਕੀਲਿਆ,
ਸਿਹਰ ਹੋਏ ਬੇਨੂਰ, ਨ੍ਹੇਰ 'ਚ ਤੁਰਾਂ ਮੈਂ।

"ਬਲੀ ਕਦਮ ਦਾ ਨਾਦ, ਸੁਣੇ ਫ਼ਕੀਰ ਨੂੰ
ਨਾਜ਼ਕ ਨਾਰ ਦੀ ਚਾਪ, ਇਹ ਨ ਜਾਪਦੀ,
ਇਸਦੀ ਮੂਰਛਾ ਬੰਦ, ਨ੍ਹੇਰ ਜੁਗਾਦਿ ਦੇ
ਦਿਸੇ ਨ ਉਸ ਵਿਚ ਅੰਧ, ਗਿਰਜਾ ਏਸਦੀ;
ਪਰ ਝੱਖੜੀਂ ਇਹ ਸੰਗ, ਕਰਦਾ ਵਲੀ ਦਾ
ਪੰਜਾ ਜਿਵ੍ਹਾ ਬੁਲੰਦ, ਹੁੰਦਾ ਧੁੰਧ ਚੋਂ।
ਇਹ ਮੇਰੇ ਅਨੁਮਾਨ; ਗਹਿਰ 'ਚ ਸੱਚ ਹੈ!
ਯਾਦ ਇਦ੍ਹੀ ਪੈਗਾਮ, ਪਰ ਜੋ ਉਤਰਦੇ
ਉਹਨਾਂ ਵਿਚ ਨਾ ਨਾਰ, ਗੀਣ ਵੀ ਜਾਪਦੀ,
ਇਕ ਸਮਰੱਥ ਉਡਾਰ, ਇਸਦੇ ਅੰਬਰੀਂ।"

ਬ੍ਰਹਮ ਪੁਤਰ ਵਲ ਹੇਕ, ਨੂਰਾਂ ਸੁਣੀ ਤਾਂ
ਤੋੜ ਰਿਹਾ ਕੋ ਵੇਗ, ਤੰਦ ਅਦਿੱਸ ਦੀ।
ਜੋਗ ਭੋਗ ਚੋਂ ਨੱਚਣ, ਬਣ ਬਣ ਸਿੱਧੀਆਂ
ਮਾਣ ਮੱਤੜੀ ਕੱਤਣ, ਤੰਦ ਵਿਸ਼ੈਲੜੀ
ਵੇਖਣ ਮਾਹੀ ਪੱਤਣ, ਨਾਗਾਂ ਵਾਲੜੇ
ਪਰ ਜਿਗਰੇ ਨ ਲੱਭਣ, ਸ਼ੀਹਾਂ ਜੇਡੜੇ
ਡੰਗ ਨ ਪਿੱਛੇ ਹੱਟਣ, ਕਾਂਗਾਂ ਚੜ੍ਹਦੀਆਂ
ਰਣ ਵੰਗਾਰਾਂ ਘੱਤਣ, ਔਹ ਗੁਰ ਪੀਰ ਨੂੰ।
ਪਹਿਲਾ ਧੁੰਧੂਕਾਰ, ਪਰਲੋਂ ਭੱਖ ਕੇ
ਸੂਰਜ ਚੰਨ ਅਪਾਰ, ਪੀ ਜੋ ਸਿਮਟਿਆ
ਉਸ ਨੂੰ ਲਾ ਲਿਵਤਾਰ, ਨੂਰਾਂ ਤੋਲਦੀ
ਮਹਾਂ ਚੱਕਰ ਵਿਚਕਾਰ, ਸੁਣਦੀ ਟਾਪ ਸੀ;
ਕਲਗੀ ਘੋੜ ਤੇ ਤੇਗ਼, ਉਡਦੇ ਆਂਵਦੇ
ਪਰ ਸਨ ਅਜੇ ਅਲੇਖ, ਤੇਗ਼ ਦੇ ਸੋਤ ਜੋ।
ਕਿਤੇ ਦਿਸੀ ਨਾ ਰੇਖ, ਵੇਦ ਕਤੇਬ ਦੀ
ਨਰ-ਆਹਟ ਕੋ ਨੇਕ, ਫਿਰ ਵੀ ਸੁਣ ਰਹੀ।
ਆਦਿ ਧੁੰਧ ਚੋਂ ਬਾਹਰ, ਲਿਸ਼ਕੇ ਗਗਨ ਜਿਉਂ
ਭੰਨ ਸਿਹਰ ਦੀ ਗਾਰ, ਗੈਬੀ ਚੁੱਪ ਲੈ,
ਇਉਂ ਲਿਸ਼ਕੇ ਕਰ ਪਾਰ, ਨਾਨਕ ਸੂਰਮਾ
ਲਾਇ ਨਿਸ਼ਾਨ ਦੁਆਰ, ਸੁਰਤਿ ਅਟੱਲ ਦੇ।

ਥਰਹਰ ਕੰਪੈ ਜੀਅ, ਸੋਹਣੀ ਨੂਰ ਦਾ
ਧਾਗੇ ਸਕਣ ਨ ਸੀਅ, ਕੂੰਟਾਂ ਬਿਖਰੀਆਂ,
ਥਾਣ ਵਿਹੂਣੇ ਮੰਤਰ, ਰੁਲਦੇ ਜਾਪਦੇ
ਪਰਬਤ ਥਲੀ ਸੁਤੰਤਰ, ਡਰਨ ਨ ਖ਼ਾਰ ਤੋਂ।
ਰੂਪ ਦੇ ਭਾਵੇਂ ਸ਼ਾਪ, ਮੋਹਿਆ ਅਜਨਬੀ
ਮੰਤਰ ਸਕੇ ਨ ਨਾਪ, ਸੁਰਤੀ-ਅੰਤ ਨੂੰ।
ਪੱਥਰ-ਬੇੜੀ ਤੁੱਲ, ਮਾਯਾ ਨਾਰ ਦੀ
ਕੂੰਟਾਂ ਰਹੀਆਂ ਹੁੱਲ, ਜਿਸ ਵਿਚ ਬੰਦ ਹੋ
ਸਿੰਧ-ਕਾਂਗ ਪਈ ਭੁੱਲ, ਪਰ ਜਦ ਆਪ ਤੇ
ਤਦ ਅਨੰਤ ਦੀ ਖੁੱਲ੍ਹ, ਵੇਖੇ ਡੁੱਬਦੀ।
ਬੇਨੇਮੀ ਦਾ ਜ਼ੋਰ, ਅੰਦਰ ਟੂਣਿਆਂ
ਲੁਕ ਛਿਪ ਦੇਵਣ ਖੋਰ, ਕੰਢੇ ਨਦੀ ਦੇ

ਚੋਰੀਂ ਖੋਲ੍ਹਣ ਭਿੱਤ, ਸਾਬਤ ਸੱਚ ਦੇ
ਸਬਜ਼ ਕੁਦਰਤਾਂ ਵਿੱਚ, ਲੁਕਦਾ ਕੀਟ ਜਿਉਂ।
ਸਭ ਮੰਤਰ ਨਿਰਮੋਹ, ਇਸ ਕਾਇਨਾਤ ਤੋਂ
ਥਲਾਂ 'ਚ ਘੋਗੇ ਖੋ, ਭੁੱਲਣ ਸਿੰਧ ਨੂੰ।
ਗਿਰੇਵਾਨ ਵਿਚ ਨੂਰ, ਇਕ ਪਲ ਝਾਕਦੀ
ਕੁਝ ਕੁ ਗੁਰੂ-ਸਰੂਰ, ਕੁਝ ਕੁ ਭੁਸਕਦੀ,
ਸੁਰਤ-ਤਰਾਜ਼ੂ ਨਾਲ, ਅੰਬਰ ਤੋਲਦੀ
ਕਵਨ ਛਾਨਣੀ ਕਾਲ, ਪਲ ਵਿਚ ਛਾਣਿਆਂ!
ਲੰਘੀ ਉਮਰ 'ਤੇ ਝਾਤ, ਪਾਵੇ ਆਖ਼ਰੀ :
"ਇਹ ਜੋ ਬੁਝੇ ਨ ਦਾਤ। ਔਹ ਰਿਣ-ਮਾਲਕੀ !!"
ਤਨ ਮਨ ਤੰਤਰ-ਜਾਲ, ਨੂਰ ਲਪੇਟਿਆ,
"ਕੀ" ਗਰਜੇ ਭਰਨਾਲ, "ਇਹ ਕਚ ਧਾਗੜਾ!"
ਜੋਗ ਭੋਗ ਦੀ ਡੋਰ, ਹਉਂ ਵਿਚ ਉਲਝਦੀ
ਬਸ ਅਪਣੀ ਵਿਚ ਗੋਰ, ਸੁਣਦੀ ਹੂੰਗਰਾਂ।
ਤੰਤ ਮੰਤ ਦੀ ਖੇਡ, ਅਜਗਰ ਭਾਰ ਲੈ
ਵਿਸ ਦੇ ਕਾਸੇ ਜੇਡ, ਹਉਂ ਲੈ ਚੱਲਦੀ।

ਇਉਂ ਨਾਨਕ ਨੂੰ ਵੇਖ, ਨੂਰਾਂ ਵਿਲਕਦੀ
ਆਦਿ ਕੰਠ ਦੀ ਹੇਕ, ਸੁਣ ਲਏ ਮੌਤ ਜਿਉਂ।
ਲਾ ਰਬਾਬ ਨੂੰ ਖੰਭ, ਮਧੁਰ ਹੁਮਾ ਦੇ
ਤੋੜ ਅਦਿੱਖ ਜੁ ਤੰਦ, ਹੱਸੀ ਨੂਰ ਸ਼ਾਹ।
ਤੰਤ ਮੰਤ ਚੋਂ ਰੂਪ, ਗੁਰੂ ਅਨੂਪ ਨੂੰ
ਜਦ ਵੇਖੇ ਇਕ ਹੂਕ, ਚੁੰਮੇ ਚਰਨ ਇਉਂ :
ਮੋਰ ਮੇਘ-ਸੰਗੀਤ, ਸੁਣੇ ਪੈਧਾਲ ਚੋਂ
ਚੁੰਮ੍ਹੇ ਬਿਜਲੀ-ਲੀਕ, ਦਿਲ ਦੇ ਖੰਭ ਲੈ।
ਪਈ ਰਬਾਬ ਨੂੰ ਸੋਅ, ਵਿਛੜੇ ਜੁਗਾਂ ਦੀ
ਇਉਂ ਵਿਚ ਨਾਨਕ-ਮੋਹ, ਦਾਨਾ ਉਮ੍ਹਲਦਾ :
ਜਿਉਂ ਸਾਰੰਗ ਵਿਰਲਾਪ, ਬੰਦੀ ਸਾਗਰੀਂ
ਹੋ ਮੀਹਾਂ ਦਾ ਜਾਪ, ਵਣ ਨੂੰ ਮਿਲੇ ਆ,
ਡੂੰਘੀ ਥਲਾਂ 'ਚ ਸਿੱਪ, ਦੱਬੀ ਚਿਰਾਂ ਤੋਂ
ਜਿਉਂਕਰ ਸਿੰਧ ਦੀ ਹਿੱਕ, ਲਗਦੀ ਅੰਤ ਨੂੰ।

ਧਨਾਸਰੀ ਦੇਸ ਤੋਂ ਕਟਕ (ਕਲਿੰਗ) ਤਕ ਗੁਰੂ ਨਾਨਕ ਸਾਹਿਬ ਤੇ ਮਰਦਾਨਾ ਜਾਦੂ (ਸਿਹਰ), ਸੁਆਰਥੀ ਹਿੰਸਾ ਅਤੇ ਸੰਸਾਰੀ/ਦੈਵੀ ਕਲਾ ਦੇ ਵੰਨਸਵੰਨੇ ਰੂਪਾਂ ਨਾਲ ਹਮ ਕਲਾਮ

ਨਾਨਕ ਲਾਇ ਧਿਆਨ, ਤੱਕੀ ਪਿਰਥਵੀ
ਰਮਜ਼ਾਂ ਦੇਣ 'ਸਮਾਨ, ਹੁਣ ਵੀ ਪੂਰਬੋਂ।
ਡੰਗੋ ਮਹਾਂ ਸੁਆਲ, ਗੁਰੂ-ਲਿਲਾਟ ਨੂੰ
ਰੱਤੇ ਰਣ ਦੇ ਨਾਲ, ਚੱਲੇ ਸਦਾ ਜੋ;
ਪੁੱਛੇ ਸਿਧ ਹੰਗਾਲ, ਗ਼ੈਬੀ ਮੀਨ ਹੋ
ਰੂਹ ਜਲਣ ਦੇ ਹਾਲ, ਸ੍ਰਿਸ਼ਟੀ ਰਚਨ ਤੋਂ;
ਜਿਦ੍ਹੀ ਰਮਜ਼ ਦੀ ਚਾਲ, ਬਿਹਬਲ ਤਿੱਖੜੀ
ਇਲਮ ਕਰੇ ਪਾਮਾਲ, ਦੇ ਰੂਹ-ਦਸਤਕਾਂ।
ਤਦੋਂ ਰਬਾਬੀ ਹਾਕ, ਮਹਾਂ ਸੁਆਲ ਦੀ
ਸੁੰਨਾਂ ਚੋਂ ਬੇ-ਵਾਕ, ਸੁਣਦਾ ਗਰਜਦੀ।
ਨਦੀ ਧਨਾਸਰੀ ਵਲ, ਚੱਲੇ ਸਤਿਗੁਰੂ
ਨੂਰ ਦੀ ਬ੍ਰਿਹਾ-ਛੱਲ, ਪੈੜਾਂ ਚੁੰਮਦੀ,
ਕੂੰਜ ਵਾਂਗ ਮਜ਼ਲੂਮ, ਉੱਡੇ ਸਿਰਾਂ ਤੇ
ਫਿਰ ਨੱਸੇ ਜਿਉਂ ਮੂਨ, ਵਣਾਂ 'ਚ ਓਦਰੀ।
ਨਾਨਕ ਤੋਂ ਧਰਵਾਸ, ਝੁਕ ਕੇ ਮੰਗਦੀ
ਤਾਂ ਭੈਣ ਜਹੀ ਆਸ, ਸਿੱਕ ਮਾਸੂਮ ਵੀ
ਉਤਰੀ ਤਾਜ ਦੇ ਵਾਂਗ, ਉੱਚੇ ਪੰਜਿਉਂ
ਮਹਿਕੀ ਪਾਵਨ ਕਾਂਗ, ਗਈ ਚੰਦਉਰੀ
ਰਿਹਾ ਨ ਰੱਤ-ਖ਼ੁਮਾਰ, ਨੈਣੀਂ ਚੰਡਿਕਾ
ਖੁਰ ਗਏ ਸਾਦ ਹਵਾੜ, ਜਲੇ ਕਸੁੰਭੜਾ! -1-

ਬ੍ਰਹਮਪੁੱਤਰ ਦੇ ਨੀਰ, ਜਿੱਧਰੋਂ ਵਗਦੇ
ਉਸ ਪਾਸੇ ਰਾਹਗੀਰ, ਤੁਰਦੇ ਮੇਘ ਜਿਉਂ;
ਜੋ ਮਿਲਦਾ ਸੋ ਖ਼ਾਸ, ਬਣਦਾ ਜਾ ਰਿਹਾ
ਚਰਨ ਦੇਣ ਧਰਵਾਸ, ਹਿੰਸਾ ਜ਼ਹਿਰ ਨੂੰ;

ਕਣ ਕਤਰੇ ਵਿਚ ਦੌਰ, ਸਦ ਇਹ ਚਮਕਣਾ
ਮਿਟੇ ਤਾਂ ਬਦਲੇ ਤੌਰ, ਧਰ ਦੇ ਇਸ਼ਕ ਦੇ;
ਗੈਂਡੇ ਰਿਛ ਲੰਗੂਰ, ਮੱਝਾਂ ਜਾਂਗਲੀ
ਹਾਥੀ ਸ਼ੀਂਹ ਸਰੂਰ, ਨਦੀਆਂ ਵਣਾਂ ਦੇ
ਮੀਂਹ ਕਣੀ ਦੇ ਯਾਰ, ਲੰਮੇ ਜੁਗਾਂ ਤੋਂ
ਕੀਟ ਨਾਗ ਦੀ ਸਾਰ, ਪੰਖੀ ਯਾਦ ਨੇ
ਲੈਣ ਰੇਖ ਤੋਂ ਜਾਣ, ਰੁਖ ਤੇ ਆਲ੍ਹਣੇ
ਜਾਨਣ ਪਰ-ਅਰਮਾਨ, ਕੰਦਰਾ-ਆਰਜਾ
ਬ੍ਰਹਮ ਪੁੱਤਰ ਕਰ ਪਾਰ, ਆਵਣ ਉੱਤਰੋਂ
ਲੈ ਦੱਖਣ ਦੀ ਸਾਰ, ਬਰਮਾ ਟੱਪਦੇ।
ਪੰਖੀ ਪਸ਼ੂ ਦੇ ਚਾ, ਸਤਿਗੁਰ ਮਿਲੇ ਜੇ
ਮਹਾਂ ਹੋਂਦ ਦੇ ਰਾਹ, ਤੌਂ ਵੀ ਦਿਸਣਗੇ।
ਬਾਹਰੋਂ ਨਿੱਕੇ ਪੰਧ, ਜਾਪਣ ਗੁਰੂ ਦੇ
ਵੱਜੇ ਚਾਪ-ਤਰੰਗ, ਤਟ ਬੇਅੰਤ ਤੇ
ਲਘੂ ਜੁ ਕਦਮ ਅਥਾਹ, ਹੋਵਣ ਗੁਰੂ ਦੇ
ਅਨਹੱਦ ਨਾਦੋਂ ਸਾਹ, ਲਵੇਂ ਰਬਾਬ ਜਿਉਂ;
ਖਾਣ ਵਿਲੱਖਣ ਵਿੰਗ, ਸੋਆਂ ਛੰਡੀਆਂ
ਪੈਰਾਂ ਹੇਠਾਂ ਜਿੰਦ, ਝੂਮੇ ਵਣਾਂ ਦੀ
ਜਿਵੇਂ ਨਾਚ਼ ਮਿਰਗਿੰਦ, ਜਾਪੇ ਲੌਕਤਾ
ਕਾਲ ਧਰਤ ਜਿਸ ਬਿੰਦ, ਪਿਉ ਧੀ ਮਿਲਣ ਜਿਉਂ।

ਤੋੜ ਰਬਾਬੀ ਚੁੱਪ, ਵਣ ਵਿਚ ਬੋਲਿਆ:
"ਸਾਜਨ ਸੁੱਕੇ ਰੁੱਖ, ਕਰਦੈਂ ਹਰੇ ਤੂੰ
ਛਿਪੇ ਸਮੇ ਦੀ ਧੁੱਪ, ਮੁੜ ਕੁਮਲਾਂਵਦੇ
ਰਹਿਣ ਕਲੰਕੀ ਮੁੱਖ, ਵਣ ਦੇ ਸਦਾ ਹੀ!
ਨੂਰ ਸ਼ਾਹ ਦੀ ਰੂਹ, ਹੁਣ ਬੇਐਬ ਹੈ
ਅੰਤ ਹਨੇਰੇ ਖੂਹ, ਇਸਨੇ ਗ਼ਰਕਣਾ।
ਸਦੀਆਂ ਲੰਘਣ ਫੇਰ, ਜਿੰਦ ਤਰੱਕਦੀ
ਧਰਮ ਨਸਲ ਸਭ ਘੇਰ, ਕਲਜੁਗ ਲਵੇਗਾ।
ਇਕ ਬੰਦੇ ਨੂੰ ਦਾਤ, ਕਿਉਂ ਹੋ ਬਖ਼ਸ਼ਦੇ
ਜਦੋਂ ਦੀਨ ਤੇ ਜ਼ਾਤ, ਵਸ ਸ਼ੈਤਾਨ ਦੇ?
ਇਕ ਦੋ ਸੁੱਚੇ ਲੋਕ, ਦੂਨੀ ਚ ਹੋਣਗੇ
ਸਮਾਂ ਲਗਾਂਦਾ ਰੋਕ, ਕਿਉਂ ਮੁੜ ਸੱਚ ਤੇ?"

ਨਾਨਕ ਕਹਿਣ : "ਮਿਸਾਲ, ਇਕ ਹੈ ਸੱਚ ਦੀ
ਇਕ ਬੰਦਾ, ਛਿਣ, ਸਾਲ, ਜਾਂ ਸਭ ਸੱਚ ਨੇ
ਛੋੜਣ ਨਵੇਂ ਸੁਆਲ, ਸਦੀਆਂ ਤੀਕਰਾਂ।
ਇਕ ਜਿੰਦ ਹੱਕਦਾਰ, ਬਣੇ ਜੇ ਦਾਤ ਦੀ
ਛਿਪ ਕੇ ਵੀ ਲਵੇ ਸਾਰ, ਨਸਲਾਂ ਸੰਦੜੀ।
ਨੂਰ ਸ਼ਾਹ ਦੇ ਰੋਗ, ਪਾ ਨਿਰਵਾਨ ਨੂੰ
ਹੋ ਅਚਿਹਨ ਦੇਹ-ਸੋਗ, ਗਲੇ ਲਗਾਵਸੀ।
ਇਕ ਸਰੀਰ ਦੀ ਥਾਹ, ਸਗਲੀ ਸੁਰਤਿ ਹੈ
ਇਕ ਅਰਥ ਲਿਸ਼ਕਾ, ਦੇਵਾਂ ਜਦੋਂ ਮੈਂ
ਹੁਕਮ 'ਚ ਲੈਂਦਾ ਸਾਹ, ਹਰ ਜੁਗ ਅੰਦਰਾਂ
ਖੋਲਣ ਅਪਣੇ ਰਾਹ, ਜਿੱਧਰ ਸਿੱਖ ਨੇ।"

ਸੁਣ ਨਾਨਕ ਦੇ ਬੋਲ, ਵਣ ਦੇ ਪੱਤਰਾਂ
ਮੂਕ ਅਰਥ ਅਣਬੋਲ, ਦੱਸੇ ਥਰਕ ਕੇ।
ਪੂਰਬ ਪੱਛਮ ਦੇਸ, ਭਾਸ਼ਾ ਇੱਕ ਹੈ
ਜੋ ਪੈਗਾਮ ਹਮੇਸ਼, ਆਵਣ ਧੁਰਾਂ ਤੋਂ।
ਮਰਦਾਨਾ ਅਨਮੋਲ, ਕਸ਼ਫਾਂ ਸਾਮ੍ਹਣੇ
ਸੁਣਦਾ ਧੁਨੀ ਅਬੋਲ, ਅਰਥਾਂ ਵਾਲੜੀ।
ਆਵੇਸ਼ਾਂ ਨੂੰ ਤੋਲ, ਸੁਰਤ ਪਛਾਣਿਆਂ
ਭਾਸ਼ਾਵਾਂ ਦੇ ਬੋਲ, ਜ਼ਰਾ ਨ ਵੱਖਰੇ।
ਵਿਆਕਰਣ ਅਨਮੋਲ, ਤਦੋਂ ਗਿਆਨ ਦੀ
ਵਿੰਗੀ ਲੀਕ ਨੂੰ ਖੋਲ੍ਹ, ਸਹਿਜੇ ਦਸਦੇ।
ਅਨਹਦ ਚੁੱਪ ਫਰੋਲ, ਭਾਸ਼ਾ ਚਮਕਦੀ
ਸ਼ਬਦ ਰਹੇ ਸਭ ਟੋਲ, ਸੁਰਤੀ ਸੰਤ ਦੀ।
ਮਰਦਾਨੇ ਨੂੰ ਕੂਕ, ਭਾਸ਼ਾ ਸੰਦੜੀ
ਕੂੰਬਲ ਚੁੱਪ ਮਲੂਕ, ਵਿਚ ਵੀ ਸੁਣ ਰਹੀ!
ਬਹੁ ਜਾਤੀ ਆਵੇਸ਼, ਆਵਣ ਉੱਡ ਕੇ
ਬਹੁ ਭਾਸ਼ਾ ਦੇ ਵੇਸ, ਚਮਕਣ ਰਵੀ ਜਿਉਂ।

ਨੀਰ ਨਹੀਂ, ਇਹ ਨੂਰ, ਨਦੀ ਧਨਾਸਰੀ
ਬ੍ਰਹਮ ਪੁੱਤਰ ਨੂੰ ਹੂਰ, ਬਖ਼ਸ਼ੀ ਕੁਦਰਤਾਂ।
ਤਿੱਖੇ ਕਾਮਨ ਦੂਰ, ਚਮਕਣ ਵਾਦੀਏਂ
ਮਾਸ ਖਾਣ, ਮਖ਼ਮੂਰ, ਘੋਰਣ ਗੁਫ਼ਾ 'ਚੋਂ

ਲੈ ਜੁਗਨੂੰ ਲਿਸ਼ਕੋਰ, ਤਿਲਕਣ ਨਦੀ ਤੇ
ਸੁਣੇ ਅਲੌਕਿਕ ਸ਼ੋਰ, ਕੂਲੇ ਘਾਹ ਚੋਂ,
ਫੇਰ ਅਚਾਨਕ ਜ਼ੋਰ, ਮਦ ਵਿਚ ਮੱਤੜਾ
ਟੱਕਰ ਮਾਰੇ ਘੋਰ, ਮੱਥੇ ਪਰਬਤਾਂ।
ਥਰਕੇ ਮਾਣਸ-ਜੀਭ, ਵਣ ਤ੍ਰਿਣ ਛੁਪੀ ਜੋ
ਜਿਸਦੇ ਵਿਚ ਨਸੀਬ, ਦੈਵੀ ਰਮਜ਼ ਨਾ
ਜਿਸਦੇ ਸਾਦ ਅਜੀਬ, ਨੀਵੇਂ ਅੱਥਰੇ
ਮੌਜ ਅਗੰਮੀ ਤੀਕ, ਪੁੱਜੇ ਕਦੇ ਨਾ
ਔਪਰ ਸੁੱਚਾ ਬੂਰ, ਹੁੱਲੇ ਕਦੇ ਆ
ਉੱਚੇ ਸੁਖਕ ਸਰੂਰ, ਵਾਦੀ ਅੰਦਰਾਂ
ਅਣਦਿਸ ਪੈਂਦੀ ਭੂਰ, ਕੋ ਪੈਗਾਮ ਦੀ
ਤ੍ਰਹੇ ਹਰੇ ਕਚੂਰ, ਖੋਲ੍ਹੇ ਪਰਬਤਾਂ;
ਤਕ ਤਕ ਆਦਮ ਖ਼ੋਰ, ਕਾਲੀ ਖੰਦਕੀਂ
ਨਾਲ ਤਾਰਿਆਂ ਲੋਰ, ਨਭਾਂ ਦਾ ਲਿਸ਼ਕਦਾ
ਕੋਟਾਂ ਪਾਪ ਮਹੀਨ, ਜੀਭਾਂ ਕੱਢਦੇ।
ਮਾਵਾਂ ਦੇ ਦਿਲ ਥੀਣ, ਨੇੜੇ ਇਸਤਰਾਂ
ਗੁਨਾਹਗਾਰ ਮਨਜ਼ੂਰ, ਹੋਵਣ ਜਿਸਤਰਾਂ
ਪਾ ਸੈਨਤ ਭਰਪੂਰ, ਉੱਚੀ ਨਜ਼ਰ ਦੀ।
ਥਰਹਰ ਸ਼ੀਰੀਂ ਚਾਪ, ਵਿਚ ਧਨਾਸਰੀ
ਰੂਹ ਮਾਸ ਦੇ ਨਾਪ, ਦੱਸੇ ਫ਼ਾਸਲੇ;
ਚੋਰ ਪਲੀਤ ਤੇ ਆਪ, ਜਪੁ ਜੀ ਲਿਸ਼ਕਦਾ
ਲਿਖਿਆ ਜਾਸੀ ਜਾਪੁ, ਸਮੇ ਦੀ ਤੇਗ਼ ਤੇ।

ਕੀਤੋ ਸੋਹਣੀ ਸੰਦ, ਬੱਦਲ ਰਾਂਗਲੇ
ਹੁਣੇ ਜਿਨ੍ਹਾਂ ਦੇ ਰੰਗ, ਕਾਨ ਤੋਂ ਸਾਂਵਲੇ।
ਮਰਦਾਨਾ ਵਣ ਮੰਝ, ਗੁਰ ਬਿਨ ਹੌਲਦਾ
ਮਹਾਂ ਚੁੱਪ ਨੇ ਤੰਦ, ਫੜੀ ਰਬਾਬ ਦੀ।
ਆ ਧਮਕੀ ਫਿਰ ਰਾਤ, ਜਾਗੀ ਅੱਚਵੀ
ਵੱਖ ਕਰੀ ਪ੍ਰਭਾਤ, ਜਿਉਂਕਰ ਛੁਰੀ ਨੇ;
ਆਵੇ ਮਾਨਵ-ਗੰਧ, ਲੱਥੇ ਜੀਭ ਤੇ
ਸੰਘ ਫੜੇ ਆ ਅੰਧ, ਹੇਠਾਂ ਤਾਰਿਆਂ।
ਸਿਵੇ ਬਲਣ ਵਿਚ ਰੈਣ, ਖੌਡੀ ਜੰਗਲੀ
ਸਾਂਗ ਜਹੇ ਆ ਵੈਣ, ਖ਼ਾਕ 'ਚ ਧੱਸਦੇ।

ਬਿਰਖਾਂ ਹੇਠਾਂ ਕੌਣ ? ਦਾਨਾ ਕੰਬਦਾ
ਛਲੇ ਸਾਹ ਦੀ ਪੌਣ, ਬੇਲੀ ਕਿਤੇ ਨਾ।
ਨਾਨਕ ਸੁਣੇ ਨ ਹਾਲ, ਸਾਂਵਲ ਯਾਰ ਦੇ
ਨਰ ਭਖਸ਼ੀ ਨੇ ਜਾਲ, ਤਾਣੇ ਵਾਦੀਏਂ।
ਮਰਦਾਨਾ ਬੇ ਚਾਲ, ਹੌ ਹੌ ਭਟਕਦਾ
ਜਦ ਪਰਭਾਤੀ ਤਾਲ, ਸੁਣੇ ਧਨਾਸਰੀ।
ਪੈਰ ਤਲੇ ਕੁਝ ਸ਼ੂਕ, ਤਿਲ੍ਹਕੇ ਦਿਸੇ ਨਾ
ਛੁਪਕੇ ਖ਼ੂਨੀ ਕੂਕ, ਰਾਖ਼ਸ਼ ਮਾਰਦੇ।
ਰਾਹ ਤੇ ਆਦਮ ਜ਼ਾਤ, ਪੀਂਦੀ ਰੱਤ ਸੀ
ਧਰ ਮਾਸੂਮ ਚ ਘਾਤ, ਲਾਏ ਦਿਲਾਂ ਨੇ।
ਭੋਲੀ ਜ਼ਿਮੀ ਦੀ ਗੋਦ, ਮਰੇ ਵਿਸਾਹ ਸੀ
ਥਣ ਤੇ ਵਿਸ ਦਾ ਰੋਗ, ਚਾੜ੍ਹੇ ਪੂਤਨਾ।

ਫਿਰ ਮਰਦਾਨਾ ਘੇਰ, ਲੀਤਾ ਰਾਖ਼ਸ਼ਾਂ
ਸੀ ਸੁਰਮਈ ਮੁਨੇਰ, ਵਾਦੀ ਸਬਜ਼ ਤੇ
ਆਦਮ ਜ਼ਾਤ ਦਾ ਮਾਸ, ਆਦਮ ਭੁੰਨਦਾ
ਡੂੰਘਾ ਜਿਦ੍ਹਾ ਨਿਵਾਸ, ਐਨਾ ਜੀਭ ਤੇ
ਵਿਰਦ ਇਲਾਹੀ ਖ਼ਾਸ, ਜਿਸ ਵਿਚ ਡੁੱਬਦੇ
ਜੁਗਾਂ ਪੁਰਾਣੀ ਬਾਸ, ਫੈਲੇ ਸਿਹਰ ਹੋ।
ਮਰਦਾਨਾ ਵਿਚ ਜੰਗਲ, ਕਉਡੇ ਵੇਖਿਆ
ਲਹੂ ਲਿਬੜੇ ਸੰਗਲ, ਰਾਹੀ ਪੀਚਿਆ।
ਕਹਿਰ 'ਚ ਲੂਣੀ ਗੰਧ, ਸਿਰ ਨੂੰ ਚੜ੍ਹੀ ਜਾ
ਸਿਮਰਣ ਦੇ ਸਭ ਰੰਗ, ਡਉ ਇਹ ਜਾਲਦੀ।
ਦਾਨਵ ਦੀ ਇਹ ਭੁੱਖ, ਵਣ ਕਚਿਆਂਵਦੀ
ਮਰਦਾਨੇ ਨੂੰ ਰੁੱਖ, ਬੇਵਸ ਵੇਖਦੇ।
ਮਨ ਪਰਦੇਸੀ ਅੱਜ, ਓਧਰ ਗੁਰਾਂ ਦਾ
ਉਡਦੀ ਲਿਵ ਨੂੰ ਕੱਜ, ਬੈਠੇ ਨਦੀ ਤੇ।
ਮਰਦਾਨੇ ਦੇ ਨੈਣ, ਜਗਮਗ ਹੋਂਵਦੇ
ਵਿਚ ਉਡੀਕਾਂ ਰਹਿਣ, ਜਿਉਂਕਰ ਜੁਗਾਂ ਤੋਂ।
ਤਕ ਅਜਬ ਉਮੀਦ, ਕਉਡਾ ਸੋਚਦਾ :
"ਕਿੱਥੋਂ, ਕਿਵੇਂ ਇਹ ਦੀਦ ? ਇਸ ਵਿਚ ਉਗਮਦੀ।
ਕਿਸ ਰਹਿਮਤ ਦਾ ਦੌਰ, ਨਵੇਂ ਸ਼ਿਕਾਰ ਤੇ ?
ਕਹਿਰ ਮਿਰੇ ਵਿਚ ਮਉਲ, ਪਲ ਪਲ ਰਿਹਾ ਹੈ !"

ਮੱਝ ਰਬਾਬੀ ਅੱਖ, ਯਾਦਾਂ ਉੱਡ ਕੇ
ਕਰਨ ਸੁਤੰਤਰ ਵੱਖ, ਉਸਨੂੰ ਭੈਅ ਤੋਂ।
ਜੁਗਾਂ ਤੋਂ ਕਿਤੇ ਅਟੱਲ, ਦਾਨਵ-ਹੋਂਦ ਜੋ
ਤਿਲ੍ਹਕੀ ਸ਼ੱਖੜ ਝੱਲ, ਡਿੱਗੀ ਲੁੜਕ ਕੇ।
ਜਿਉਂ ਧਰ-ਰੋਮ ਚ ਬੂੰਦ, ਰਹੇ ਨ ਨੀਰ ਦੀ
ਸੁੱਕੀ ਹਵਾ 'ਚ ਗੂੰਜ, ਖੰਡਰ ਰਹੇ ਜਿਉਂ
ਬਿਨ ਮੰਤਵ ਇਉਂ ਦੌਂਤ, ਦਿਸੇ ਇਕੱਲੜਾ
ਦਿਲ ਸੁੰਨਾ ਬਿਨ ਸੈਂਤ, ਜਲ ਜਲ ਗੂੰਮਦਾ।
ਜਿਵੇਂ ਨਿਖਸਮੀ ਰੇਤ, ਸੁੰਞੀ ਉੱਡਦੀ
ਰੁਲਣ ਬੇਮੰਜ਼ਲ ਭੇਤ, ਸ਼ੱਕ ਸਹੰਸਰਾਂ
ਦਾਨਵ-ਮਨ ਵਿਚ ਦੌੜ, ਤਪ ਤਪ ਦਹਿਲਦੀ
ਰਹੇ ਕੜਾਹੇ ਖੌਲ, ਜਿੰਦ 'ਚ ਦਿਸਣ ਨਾ;
ਖੁਭੀ ਹੋਈ ਵਿਚ ਭੁੱਖ, ਦਾਨਵ-ਹੋਂਦ ਸੀ
ਚਮਕ ਇਲਾਹੀ ਚੁੱਪ, ਦੱਸੇ ਫ਼ਾਸਲੇ।
ਸੁਆਦ 'ਚ ਡੁੱਬੇ ਕੜ, ਟੁੱਟੇ ਕੜਕ ਕੇ
ਦੇਹ ਤੋਂ ਅਗਲੇ ਹੜ੍ਹ, ਦੇਹ 'ਚ ਲਹਿਰਦੇ।

ਰੂਹ ਮਾਸ ਦੇ ਥਾਪ, ਅਸਲੀ ਫ਼ਾਸਲੇ
ਇਸ ਤਨ ਇਸ ਮਨ ਜਾਪ, ਢੂੰਡ ਕੇ ਰਹਿਮ ਦੇ
ਜਿਸ ਪਲ ਸੱਚ ਦੇ ਧਾਮ, ਸਗਲੇ ਲਿਸ਼ਕਦੇ
ਪੱਕੇ ਸਿਦਕ-ਨਿਸ਼ਾਨ, ਹੋਂਦ 'ਚ ਲਾਇ ਕੇ
ਦੂਰ ਦੇਸ ਦੇ ਰਾਹ, ਚੱਲੇ ਸਤਿਗੁਰੂ
ਮਰਦਾਨੇ ਦੇ ਸਾਹ, ਵਸਦੇ ਪੈੜ ਤੇ
ਸਭ ਕਿਣਕੇ ਦਿਲ ਲਾ, ਸੀਸ ਨਿਵਾਂਵਦਾ
ਮਸਜਿਦ ਧਰਤ ਬਣਾ, ਦਰ ਬਹੁ ਚੁੰਮਦਾ।
ਛੂਹ ਪੈਗ਼ਾਮ ਦੇ ਨਾਲ, ਦੇਸ ਦੁਰਾਡੜੇ
ਪੱਥਰਾਂ ਦੇ ਵਿਚ ਕਾਲ, ਝੂੰਮਨ ਲੱਗਿਆ।
ਕਉੜੇ ਵਿਚ ਪਰਵਾਜ਼, ਛਿੜੀ ਰਬਾਬ ਦੀ
ਜਾ ਚੜ੍ਹੇ ਦੇਹ-ਰਾਜ਼, ਸਿਖਰ ਭਬੂਕੜੇ
ਪੁੰਨ ਪਾਪ ਤੋਂ ਪਾਰ, ਦਯਾ ਜੁ ਇਸ਼ਕ ਦੀ
ਵਿਸ਼ਵ ਦਾ ਸੁੱਚਾ ਸਾਰ, ਦੇਹ 'ਚ ਸਾਂਭਦੀ
ਸੁੰਗੜੀ ਵਿਚ ਰਬਾਬ, ਦਾਨਵ ਜਿੰਦੜੀ
ਬਣੀ ਅਨੰਤ ਰਬਾਬ, ਬਾਹਰ ਹਿਸਾਬ ਤੋਂ।

ਪੈਗੰਬਰੀ ਦੇ ਜੌਹਰ (ਗੁਰੂ ਚਮਤਕਾਰ)

ਚੜ੍ਹਨ ਪਏ ਰੂਹ-ਦੇਸ, ਰਵੀ ਸੁਲੱਖਣੇ
ਕੋਟੀ ਕੋਟਾਂ ਵੇਸ, ਕਰੇ ਪੈਗੰਬਰੀ
ਵਹਿਸ਼ੀ ਨਾਗੇ ਭੀਲ, ਪਈ ਝੁਕਾਂਵਦੀ
ਆਉਣ ਸ਼ੇਸ ਤੇ ਫੀਲ, ਵਿਚ ਹਲੀਮੀਆਂ।
ਜਾਂਦੇ ਰੇਤ 'ਚ ਦੱਬ, ਜਦ ਵੀ ਕਾਰਵਾਂ
ਕਾਲ 'ਚ ਰਹਿਮ ਦੀ ਰਗ, ਧਰੇ ਪੈਗੰਬਰੀ।
ਮਨ ਤੇ ਕਾਲ 'ਚ ਕੌਲ, ਇਸ ਬਰਕਾਏ ਨੇ
ਰੁੱਤ ਹੋਇ ਤਾਂ ਮਉਲ, ਪੈਣ ਅਨੇਕ ਹੀ
ਪਰ ਜਦ ਹੋ ਬਲਹੀਣ, ਨਸਲਾਂ ਸੌਂਦੀਆਂ
ਖ਼ਾਕ-ਰਹੱਸ 'ਚ ਜੀਣ, ਕੌਲ ਇਹ ਮਿੱਠੜੇ;
ਐਪਰ ਧਰਮ ਜਾਂ ਕੇਸ, ਵਾਹੇ ਉੱਠ ਕੇ
ਸ਼ਗਨਾਂ ਭਰੇ ਕੋ ਦੇਸ, ਜਗੇ ਪੈਗੰਬਰੀ
ਭਾਵੇਂ ਕੋਟ ਕਲੇਸ਼, ਤਦ ਵੀ ਫੈਲਦੇ
ਜੁਗਾਂ 'ਚ ਲਘੂ ਵਰੇਸ, ਚੁੰਮੇ ਬਰਕਤਾਂ
ਗੁਰੂ ਦਾ ਸੱਚਾ ਕੌਲ, ਥੰਮ੍ਹੇ ਡਉ ਨੂੰ
ਚੁੰਮ੍ਹ ਬਰਕਤਾਂ ਮਉਲ, ਪੈਂਦੇ ਖੰਭ ਨੇ;
ਆਦਮ ਇਕ ਜਾਂ ਕੋਟ, ਭੁੰਚਣ ਰਹਿਮ ਤਾਂ
ਖੰਭ ਕੱਢਦੇ ਬੋਟ, ਨਵੀਂ ਉਡਾਣ ਨੂੰ। -8-

ਕਵੀ-ਚੇਤਨਾ ਦੀ ਸੀਮਾ ਅਤੇ ਸੰਤ-ਬਿਬੇਕ

ਗੁਰੂ ਚਰਨ-ਵਿਸਮਾਦ, ਕਿਸ ਕਿਸ ਥਾਨ ਤੇ
ਛੁਹ ਲਾਈ ਨ ਯਾਦ, ਹਾਲੇ ਕਵੀ ਨੂੰ
ਤ੍ਰੈ ਕਾਲ ਦੇ ਨੈਣ, ਮੋੜੇ ਕੌਲ ਨਾ
ਕੀਕਨ ਟੱਪੇ ਗੈਣ, ਛੁਹਲੀ ਕਲਪਨਾ
ਇਹ ਤਾਂ ਸੰਤ-ਬਿਬੇਕ, ਦਾਤ ਨ ਕਵੀ ਦੀ
ਧੂੜ ਚ ਉਡਦੇ ਲੇਖ, ਜਿਸ ਤਕ ਚਮਕਦੇ
ਨਾਨਕ-ਪੈੜ ਦੀ ਰੇਖ, ਬੁੱਝਣ ਸੰਤ ਹੀ
ਦੇਸ ਦੇਸ ਦੇ ਲੇਖ, ਪੜ੍ਹੇ ਨ ਕਵੀ ਨੇ
ਨਾਂਹ ਲਿਸ਼ਕਣ ਅਨੁਭਵ, ਉੱਚੇ ਕਾਲ ਤੋਂ
ਮੁਨਸ ਦੇ ਜਿੱਥੋਂ ਨਭ, ਖਿੜਨ ਆਵੇਸ਼ ਤੇ।

ਕੁਝ ਦਿਨ, ਥਾਂ ਵਿਸੇਖ, ਕਵੀ ਪਛਾਣਦਾ
ਬਾਕੀ ਸੰਤ-ਬਿਬੇਕ, ਜੁਗ ਜੁਗ ਬੁੱਝਸੀ।
ਨਾਂਵ ਮੁਬਾਰਿਕ ਕੁੱਝ, ਗਾਵਣ ਪੰਖ ਜਿਉਂ
ਉਥੋਂ ਸਕਾਂ ਮੈਂ ਬੁੱਝ, ਪਾਂਧੀ-ਨਾਦ ਨੂੰ
ਲਖ ਰਹੱਸ ਹੋ ਸ਼ਾਦ, ਮੈਂ ਚੋਂ ਪੁੰਗਰਣੇ
ਜੋ ਕੁਝ ਮੈਨੂੰ ਯਾਦ, ਉਂਜ ਉਹ ਬੋਲਸਾਂ।

ਚਮਤਕਾਰੀ ਪੈਂਡੇ

ਕਰ ਨਦੀਆਂ ਨੂੰ ਪਾਰ, ਪਰਬਤ ਲੰਘ ਕੇ
ਦੇ ਧਰਤੀ ਨੂੰ ਸਾਰ, ਦੀਰਘ ਰਾਜ਼ ਦੀ
ਸਿਹਰ ਦਾ ਤਕ ਅਖ਼ੀਰ, ਨਾਮ ਤਰੌਂਕ ਕੇ
ਧੁਰ ਦੀ ਨਦਰ 'ਚ ਸੀਰ, ਪਾ ਇਨਸਾਨ ਦਾ
ਫਿਰ ਬ੍ਰਹਮ ਪੁੱਤਰ ਤੀਰ, ਨਾਨਕ ਖੜੇ ਆ
ਸਿਮਰਣ ਦੀ ਤਾਸੀਰ, ਵਹਿਣੀਂ ਘੁਲੀ ਜਾ;
ਨਦੀ 'ਚ ਲਸਦੀ ਸ਼ਾਨ, ਤੱਕੀ ਸ਼ਬਦ ਦੀ
ਮਰਦਾਨਾ ਗਿਆ ਜਾਣ, ਬਣਿਆਂ ਸਮਾਂ ਜਾਂ:
"ਬ੍ਰਹਮ ਪੁੱਤਰ ਦੇ ਆਬ, ਸਦੀਆਂ ਵਗ ਕੇ
ਇਕ ਦਿਨ ਵਾਂਗ ਰਬਾਬ, ਖ਼ਾਕ 'ਚ ਵੱਜਣੇ।
ਸ਼ਬਦ ਵਿਸੇਖ ਦਾ ਨਾਦ, ਧਰ ਵਿਚ ਛੁਪੇਗਾ
ਬ੍ਰਿਛ ਦੇ ਸਬਰ 'ਚ ਯਾਦ, ਰਹਿਣਾ ਮੂਕ ਹੋ
ਅੰਤ ਗੁਰੂ ਦਾ ਜਾਪ, ਛਿੜੇ ਅਚੇਤ ਹੀ
ਵਿਸ਼ਵ-ਚੁੱਪ ਨੇ ਆਪ, ਦੂਰੋਂ ਉੱਡਣਾ।"

ਸਿੱਖ ਅਤੇ ਕਲਾ ਦੇ ਰੂਬਰੂ

ਖਰਹਰ ਅਗਮ ਉਡੀਕ, ਜਗਤ ਹਲੂਣਦੀ
ਸਿਲਹਟ ਢਾਕੇ ਤੀਕ, ਰਿਮਝਿਮ ਬਰਸਦੀ
ਸੁਰਮਾ ਬਾਰਕ ਸਿੰਧ, ਰਸ ਵਿਚ ਲਹਿਰਦੇ
ਰਹੀ ਜਗਾ ਹਰ ਬਿੰਦ, ਬਾਣੀ ਮੂਣਸ ਨੂੰ
ਮਰਦਾਨਾ ਤੇ ਨਾਨਕ, ਮਿੱਤਰ ਨੀਰ ਦੇ
ਚਮਕ ਰਹੇ ਜਿਉਂ ਮਾਣਕ, ਵਹਿਣ ਭਵਿੱਖ ਤੇ।

ਤਿਖਾ ਸਮੁੰਦਰ ਗੱਜ, ਡੰਗੇ ਕਾਲ ਨੂੰ
ਦੂਰ ਸਾਜ਼ ਰਿਹਾ ਵਜ, ਪੁਸ਼ਤਾਂ ਸੁਣਦੀਆਂ
ਬਹੁ ਪਰਵਾਜ਼ਾਂ ਹਨ, ਓਧਰ ਜਾਂਦੀਆਂ
ਨਾਲ ਬਾਰੀਕ ਜੁ ਮਨ, ਕੌਮਾਂ ਸੰਦੜੇ
ਮਹਾਂ ਚੇਤਨਾ ਮੰਝ, ਪਾਵਨ ਪੈਰ ਨੇ
ਸੰਤ-ਸੁਰਤ ਦਾ ਵੰਨ, ਚੜ੍ਹਦਾ ਤੁਰਨ ਜਾਂ।
ਦੀਪ ਸਾਗਰੀ ਦੂਰ, ਸੱਦਣ ਗੁਰੂ ਨੂੰ
ਥਰਕੇ ਨਾਲ ਸਰੂਰ, ਤਲਬ ਮੁਰੀਦ ਦੀ।
ਨਭ ਧਰ ਸਮੇ ਦੀ ਕਾਂਗ, ਉੱਠੀ ਗੁਰੂ ਹੋ
ਜਿਉਂ ਜੁਗਨੂੰ ਦੀ ਤਾਂਘ, ਜਾਣੀ ਕਹਿਕਸ਼ਾਂ
ਝੰਡਾ ਸਾਗਰੀ ਤਟ, ਗੁਰੂ ਉਡੀਕਦਾ
ਵੇਖੇ ਟੁੱਟਦੇ ਹਨ, ਕੱਚੇ ਇਲਮ ਦੇ।
ਕਾਮਰੂਪ ਦਾ ਜ਼ੋਰ, ਅਜੇ ਅਦਿੱਖ-ਸੀ
ਖਾਰ ਚੋਭਦਾ ਹੋਰ, ਲਿਵ ਵਿਚ ਅਜੇ ਵੀ;
ਸਾਗਰ ਲਹਿਰ 'ਚ ਦਹਿਲ, ਜਿਉਂਕਰ ਥਲਾਂ ਦੇ
ਜਾਣ ਇਕੱਲਾਂ ਫੈਲ, ਰੂਹ ਦੇ ਜਸ਼ਨ ਤੇ;
ਐਪਰ ਲਿਵ ਚੋਂ ਰੰਗ, ਹੜ੍ਹ ਹੋ ਉੱਤਰੇ
ਉਹਲੇ ਜੁਗਨੂੰ-ਖੰਭ, ਲਿਸ਼ਕਣ ਗਗਨ ਜਿਉਂ।
ਟੁੱਟੀ ਮੰਤਰ ਬੇਨ, ਬਿਖਰੇ ਦੰਭ ਸੀ
ਜੋਗ ਜੁਗਤ ਦੇ ਚਿਹਨ, ਖੁਰਦੇ ਜਾਪਦੇ;
ਸਿਦਕ ਦੇ ਸੂਖਮ ਚਿਹਨ, ਅੰਦਰ ਸਿੱਖ ਦੇ
ਜਿਸ ਚਾਨਣ ਵਲ ਵਿਹਨ, ਹੈ। ਪਰ ਦਿਸੇ ਨਾ।
ਬਾਹਰ ਅਤੇ ਮਨ-ਦੇਸ, ਸੁੰਵੇ ਨਕਸ਼ ਜੋ
ਚਰਖ ਜਿਮੀ ਦੇ ਵੇਸ, ਟੁੱਟਣ ਬਿਰਧ ਹੋ।
ਤਲੱਬ ਮੁਰੀਦ ਦੀ ਖ਼ਾਸ, ਮਨ ਵਿਚ ਝਾਕਦੀ
ਜਲ-ਭੁੱਲੇ ਤਟ ਪਾਸ, ਗੁਰੂ ਜਹਾਜ਼ ਸੀ।
ਪਾਈ ਝੰਡੇ ਡੋਲ, ਗੁਰ ਵਿਚ ਸਾਬਤੀ
ਤਟ ਗੁਆਚੇ ਕੋਲ, ਸਾਗਰ ਲਹਿਰਦਾ।

ਪਈ ਰਬਾਬ ਚ ਝੂੰਮ, ਦੈਵੀ ਸੁੱਚਤਾ
ਦੇਸ ਕਲਿੰਗ ਦੀ ਭੂਮ, ਸ਼ਗਨ ਮਨਾਂਵਦੀ।
ਚਾਰ ਕੁੰਟ ਵਿਚ ਸ਼ੀਂਹ, ਗਰਜੇ ਧਰਮ ਦਾ
ਅਮਰ ਸੁਤੰਤਰ ਨੀਂਹ, ਤਨ ਮਨ ਉਤਰਦੀ।

ਤਕ ਕਾਲੀ ਦਾ ਸ਼ਹਿਰ, ਤੁਰਦੇ ਸਤਿਗੁਰੂ
ਜਿਉਂ ਸਾਗਰ ਦੀ ਲਹਿਰ, ਪਰਸਣ ਕਟਕ ਨੂੰ।
ਮਹਾਂ ਨਦੀ ਗੁਰ-ਪੈਰ, ਨਿਗ੍ਹਾ ਚ ਧੋਂਵਦੀ
ਬੂੰਦ ਨੂੰ ਪਾਵਣ ਖ਼ੈਰ, ਸਦੀਆਂ ਸਿੰਧ ਹੋ।
ਛਾ ਗਈ ਹੁੰਮ ਹੁਮਾ, ਮੰਦਰ-ਕਲਪਨਾ
ਵਣ ਜੰਤੂ ਨਰ ਚਾਅ, ਜਾਗੇ ਪੱਥਰੀਂ
ਨਾਦ ਬਲੀ ਦੇ ਕੇਸ, ਕੰਬਣ ਪੱਥਰੀਂ
ਮੀਹਾਂ ਜਹੇ ਆਵੇਸ਼, ਜਬਲ ਤਰਾਸ਼ਦੇ
ਪੈਰ ਭੁਜਾਵਾਂ ਸੀਸ, ਹਰੇ ਪਹਾੜ ਦੇ
ਚੁੱਕਣ, ਦੇਣ ਅਸੀਸ, ਮੰਦਰ ਗੁਫ਼ਾ ਨੂੰ
ਮਸਤਕ ਗਿਰੀ ਨਿਖਾਰ, ਆਵੇ ਫ਼ਜਰ ਜਿਉਂ
ਖੁੱਲਣ ਕੰਦਰਾ-ਬਾਰ, ਸੈਆਂ ਚਿੜ੍ਹ ਲੈ
ਮੰਦਰ ਕੁੰਬਲਾਂ ਵਾਂਗ, ਪੁੰਗਰਣ ਸੈਲ ਚੋਂ
ਮੁੱਢ ਕਦੀਮੀ ਸਾਂਝ, ਚਿੜ੍ਹ ਸੀ ਰੰਗਦੀ।
ਖ਼ਿਹਾ ਮੇਲ ਦੀ ਅੱਗ, ਸੈਲ ਪੰਘਾਰਦੀ
ਨਕਸ਼ ਅਨੰਤ ਦੀ ਰਗ, ਸੱਦੇ ਸਾਹ ਨੂੰ
ਬਜਰ ਅਹਿੱਲ 'ਚ ਰੱਤ, ਬੁੱਤ ਸਜਾਂਵਦੀ
ਨਿਰਤ ਅਨੂਪ ਦੀ ਅੱਤ, ਚੁੰਮ੍ਹੀ ਸਿਲਾਂ ਨੇ।
ਛੈਣੀ ਦੀ ਛਣਕਾਰ, ਭਾਸ਼ਾ ਅੰਬਰੀ
ਪੱਥਰੀਂ ਰਹੇ ਉਚਾਰ, ਕਾਮ-ਰਹੱਸ ਨੂੰ
ਤਨ ਮਨ ਦੀ ਹਰ ਤਾਰ, ਫੜੇ ਸੁਆਦਲੀ
ਛੁਪੀ ਸਹੰਸਰ ਧਾਰ, ਪਰਬਤ ਚੀਰਦੀ;
ਕਾਮ ਸੁਹਜ ਤੋਂ ਪਾਰ, ਕੁਝ ਵਿਚ ਕਾਮ ਦੇ
ਸੰਘਣੇ ਮੇਘ ਅਪਾਰ, ਝੂੰਮਣ ਜਿੰਦ ਦੇ
ਸੁਣਨ ਸਮੇ ਹੋ ਮੂਕ, ਧੜਕੇ ਜਿੰਦੜੀ
ਕਾਮ ਦੇ ਨਾਦ ਮਲੂਕ, ਸੁਣਦੀ ਕਲਪਨਾ
ਸੈ ਚਿੜ੍ਹਾਂ ਵਿਚ ਹੂਕ, ਉੱਠੇ ਹੱਤ ਦੀ
ਵਿਚ ਸਮਾਧੀ ਕੂਕ, ਸਾਂਭੀ ਮੰਦਰਾਂ!
ਨਾਗ ਰਾਣੀਆਂ, ਸ਼ਿਵ, ਦੁਰਗਾ ਮੋਹਨੀ
ਤ੍ਰੈ ਵੇਦਾਂ ਸੰਗ ਰਿਗ, ਸੋਮ ਗੜੂੰਦ ਹੈ
ਰਥ ਹਾਥੀ ਤੇ ਦੇਵ, ਭਾਰਤ ਵਰਸ਼ ਦੇ
ਸ਼ਰਧਾ ਪੂਜਾ ਸੇਵ, ਭਾਂਤ ਸੁਭਾਂਤ ਦੀ
ਹੋ ਮੂਰਤ ਵਿਸਮਾਦ, ਮਾਨਣ ਜੁਗਾਂ ਦੇ
ਤ੍ਰੈ ਲੋਕੀ ਦੀ ਯਾਦ, ਖਿੜਦੀ ਕਮਲ ਜਿਉਂ।

ਸੁਣਿਆ ਭੂਪ ਕਲਿੰਗ, ਗਾਵੇ ਸੰਤ ਕੋ
ਬਿਮਲ ਸ਼ਾਂਤ ਅਰਵਿੰਦ, ਖਿੜਦਾ ਨਦੀ ਤੇ
ਨਾਥ ਰਿਸ਼ੀ ਦੇ ਚਿੱਤ, ਜਿਸ ਤਕ ਪਹੁੰਚ ਕੇ
ਚੂਸ ਦੋ ਮੂੰਹੀਂ ਬਿਖ, ਟੱਪਣ ਸੂਲੀਆਂ।
ਮਹਾਂ ਨਦੀ, ਵਣ, ਮੰਦਰ, ਮੋਂਹਦੇ ਭੂਪ ਨੂੰ
ਜਗ-ਵੇਦਨ ਦਾ ਖੰਜਰ, ਫਿਰ ਦਿਲ ਵੱਜਦਾ
ਘਿਰੇ ਦਿਸਣ ਪੈਗੰਬਰ, ਫਾਹੀ ਕਲਾ ਦੀ
ਕਰੇ ਕੁਸੈਲੇ ਅੰਬਰ, ਰਸ ਦੀ ਤਮ੍ਹਾ ਨੇ।
ਦੂਰੋਂ ਸੁਣੀ ਰਬਾਬ, ਇਕ ਅਕਾਲ ਦੀ
ਨੀਂਦ ਕਲਾ ਤੇ ਖ਼ਾਬ, ਜਿਹਨੂੰ ਵਲਣ ਨਾ
ਮਹਾਂ ਨਦੀ ਵਿਚ ਆਬ, ਜਿਸਦੇ ਨਾਦ ਦੀ
ਲਹਿਰ ਅਸੰਖ 'ਚ ਨਾਭ, ਤਾਰੇ ਕੁਤਬ ਜਹੀ।
ਥਰਕ ਚਮਕ ਪਈ ਲਿਵ, ਮੱਥੇ ਭੂਪ ਦੇ
ਨੂਰ-ਨੀਂਦ ਜਿਉਂ ਸ਼ਿਵ, ਤਾਂਡਵ ਬੰਨ੍ਹਿਆ
ਸਬਦ ਸੁਰਤਿ ਵਿਚ ਤਾਨ, ਮਿਲੀ ਰਬਾਬ ਦੀ
ਊਸ਼ਾ-ਰੰਗ ਸੁਬਹਾਨ, ਖੁਰ ਖੁਰ ਵਗਣ ਜਿਉਂ
ਰੂਹ ਦੇ ਲੱਖਾਂ ਵੇਗ, ਰਾਜੇ ਜਰੇ ਸੀ
ਲਿਸ਼ਕ ਜਿੰਦ ਚੋਂ ਤੇਗ, ਕਲਜੁਗ ਚੀਰਦੀ
ਰਾਜੇ ਦਾ ਗੁਰ-ਦਰਸ, ਲਿਵ ਚੋਂ ਉਗਮਦਾ
ਪਰ ਭਟਕਣ ਦੇ ਬਰਸ, ਦਰਦ 'ਚ ਕੰਬਦੇ
ਪਹਿਲਾਂ ਪੁੱਛੇ ਭੂਪ, ਹਾਲ ਹਵਾਲ ਨੂੰ
ਲੰਘੀ ਘੜੀ ਤਾਂ ਹੂਕ, ਕੂੰਦਾ ਅਣਕਿਹਾ:
"ਤ੍ਰੈ ਲੋਕੀ ਦਾ ਨਾਥ, ਦਿੰਦਾ ਜੁਗਾਂ ਤੋਂ
ਮੂਰਤ ਚਿਤ੍ਰ ਦੇ ਸਾਥ, ਦਰਸ ਅਨੂਪ ਜੀ
ਵਿਸ਼ਣੂ ਰਿਸ਼ਮਾਂ ਵਾਂਗ, ਕਣ ਕਣ ਦਮਕਦਾ
ਕਿਉਂ ਪਰ ਮਨ ਵਿਚ ਸਾਂਗ, ਡਿੱਗੇ ਤਿਮਰ ਚੋਂ?
ਭੈਅ ਅਕੱਥ ਕਰੂਰ, ਤੋੜਣ ਜਿੰਦ ਨੂੰ
ਭਾਵੇਂ ਬਹੁ ਦਸਤੂਰ, ਦੱਸੇ ਧਰਮ ਨੇ।"
ਜਗ-ਵੇਦਨ ਤੇ ਰਹਿਮ, ਰਖ ਗੁਰ ਤਲੀ ਤੇ
ਉਚਰੇ ਅੰਮ੍ਰਿਤ ਬੈਣ, ਅੱਗੇ ਭੂਪ ਦੇ:
"ਰੁਦਰਾ ਦੇਵ! ਮਹੀਨ, ਦੁਬਿਧਾ ਤੋਂਡਣੀ
ਭੰਨੇ ਇਨ੍ਹੂੰ ਯਕੀਨ, ਨਾਮ-ਉਥਾਨ ਦਾ

ਨਾਮ ਦੀ ਬਲੀ ਤਰੰਗ, ਜਦੋਂ ਨਿਖਾਰ ਤੇ
ਬ੍ਰਹਿਮੰਡਾਂ ਨੂੰ ਖੰਭ, ਲਾਵੇ ਮੁਣਸ ਦੇ।
ਮੰਦਰ ਅੱਤ ਹੁਸੀਨ, ਦੇਸ ਕਲਿੰਗ ਦੇ
ਪਰ ਚਾਨਣ ਸਭ ਹੀਣ, ਅਗਨੀ ਸਿਦਕ ਚੋਂ।
ਬੱਗੇ ਬੰਕ ਦੁਆਰ, ਸੁੰਞੇ ਢਹਿਣਗੇ
ਘਰ ਬਾਲੂ ਵਿਚਕਾਰ, ਜਿਉਂ ਮੰਝਧਾਰ ਦੇ
ਸੁਰ ਸਿਧ ਗਣ ਗੰਧਰਵ, ਤੀਰ ਸਰੋਵਰਾਂ
ਛੇੜਣ ਪਾਵਨ ਤਰਬ, ਸੀਨੇ ਪੱਥਰਾਂ,
ਪਰ ਇਹ ਸੁੰਞੀ ਝੋਕ, ਬਾਝੋਂ ਯਾਰ ਦੇ,
ਦਿਸੇ ਨ ਨਿਹਚਲ ਲੋਕ, ਸੁੱਚੇ ਪ੍ਰੇਮ ਦਾ।
ਭਾਵੇਂ ਮਹਾਂ ਮਹੇਸ਼, ਭਾਵੇਂ ਕ੍ਰਿਸ਼ਨ ਹੈ
ਨਿਰੇ ਕਲਾ ਦੇ ਵੇਸ, ਜੋਤ ਅਕਾਲ ਨਾ!
ਸੱਚ ਦੇ ਸੁਹਜ ਅਨੇਕ, ਭਾਵੇਂ ਮੰਦਰੀਂ
ਛੁਪੀ ਰੇਖ ਵਿਚ ਹੇਕ, ਫਿੱਕੇ ਸਾਦ ਦੀ
ਕਰੇ ਘਿੰਡਾਣੇ ਜ਼ੋਰ, ਕਲਾ ਦੇ ਹੜ੍ਹਾਂ ਨੇ
ਰੰਗ ਦਿਸਣ ਜਿਉਂ ਭੋਰ, ਅੰਦਰ ਤਮਾਂ ਵੀ;
ਖੱਕਣ ਚਮਕਿ ਜਲਾਲ, ਅੰਦਰ ਮੂਰਤਾਂ
ਗੀਤ ਰਾਗ ਘਨ ਤਾਲ, ਬੰਨੇ ਤ੍ਰੈ ਗੁਣਾਂ,
ਬਜਰ 'ਚ ਦੈਵੀ ਸੇਕ, ਅਗਮ ਅਗੋਚਰੇ
ਨਾਲ ਹੱਕ ਦੇ ਲੇਖ, ਸੁੱਤੇ ਕੂੜ ਵੀ
ਜੇ ਜਾਗੇ ਤਾਂ ਰਾਹ, ਤੁਰਤ ਭੁਲਾਂਵਦੇ
ਨਾਲ ਜੁ ਹੱਕ, ਗਵਾਹ, ਬਣਦਾ ਭਰਮ ਦਾ।
ਲੈਣ ਰੂਹ ਤਨ ਵੰਡ, ਦੇਵੀ ਦੇਵਤੇ
ਪਾਹਨ-ਕਲਾ 'ਚ ਹੰਭ, ਹਾਰੇ ਸਿਦਕ ਨੇ;
ਸਾਦ ਪਾਸ਼ਵੀ ਖਿੱਚ, ਰਹੇ ਨੇ ਦੇਵ ਵੀ
ਰੂਪ ਸੁਲੋਨੇ ਨਿੱਤ, ਡੰਗਣ ਚੈਨ ਨੂੰ
ਬੁੱਤਾਂ ਦੀ ਹਰ ਰੇਖ, ਅਰਥ ਬਣਾਂਵਦੀ
ਲਿਖਣ ਜੁ ਦੈਵੀ ਲੇਖ, ਮੇਟਣ ਲੱਜਤਾਂ!!
ਦੋ ਵਿਚ ਰਿਹਾ ਹੈ ਕੰਬ, ਦੇਸ ਜੁ ਮੁਣਸ ਦਾ।
ਸੁਰਤ ਰਹੀ ਹੈ ਮੰਗ, ਨਿਹੁੰ ਅਨੰਤ ਨੂੰ।
ਕਿਉਂ ਨੇ, ਭੂਪ! ਉਦਾਸ, ਅੱਖੀਂ ਤੈਂਡੀਆਂ
ਤੂੰ ਪੂਰਨ ਪ੍ਰਕਾਸ਼, ਪੁਰੀ 'ਚ ਵੇਖਸੇਂ।"

ਸੁਣੇ ਸੁਖਨ ਤਾਂ ਭੂਰ, ਝਰਦੀ ਨਾਦ ਚੋਂ
ਸ਼ਬਦ ਅਸੀਮ ਦਾ ਬੂਰ, ਵਣ ਵਣ ਡੁੱਲਿਆ।

ਨੈਣ ਭੂਪ ਦੇ ਅੰਬਰ, ਦਿਸੇ ਅਨੰਤ ਸੀ
ਗੁਫ਼ਾ ਸਰੋਵਰ ਮੰਦਰ, ਧੋਤੇ ਜੋਤ ਨੇ।
ਪਰਲੋਂ ਹੇਠ ਕੋ ਜੜ, ਵਜਦ ਅਚੇਤ ਦੀ
ਸਿਖਰ ਦੇ ਅੰਬਰ ਚੜ੍ਹ, ਕੱਢੇ ਕੂੰਬਲਾਂ।
ਫਿਰ ਵੀ ਦਰਸ ਅਕਾਲ, ਅੰਦਰ ਵਿਘਨ ਸੀ
ਵਿੰਨ੍ਹਣ ਨੂਰ ਕਮਾਲ, ਬਿਖ ਦੇ ਵਾਣ ਕੋ। -13-

ਭਾਗ ਤੀਸਰਾ

ਪੁਰੀ ਦੇ ਰਾਹ ਤੇ

ਨਾਂਦ ਅਮਰ ਛਡ ਮਹਾਂ ਨਦੀ ਤੇ, ਪੁਰੀ ਵਲ ਗੁਰ ਚੱਲੇ
ਕੋ ਉਮੀਦ ਬਹੁ ਜੁਗਾਂ ਪੁਰਾਣੀ, ਸਾਗਰ-ਤਟ ਤੇ ਖੱਲੇ।

ਸਾਗਰ-ਸਫ਼ਰ ਅਨੂਪ ਅਨੋਖੇ, ਉਤਰੇ ਪੌਣਾਂ ਸੀਨੇ
ਟੀਸੀ ਉੱਚ ਸੁਪਾਰੀ ਤੀਕਣ, ਭੇਦ ਗਗਨ ਨੇ ਘੱਲੇ।

ਵਣ ਵਣ ਬ੍ਰਿਛ ਬ੍ਰਿਛ ਦੇ ਦਰ ਤੇ, ਗਗਨ ਅਦਿੱਖ ਦੇ ਪਾਰੋਂ
ਪਾਕ ਪੈਗ਼ਾਮ ਭੇਜਦੇ ਤਾਰੇ, ਵਕਤੋਂ ਪਰੇ ਇਕੱਲੇ।

ਮੀਨ, ਲਹਿਰ ਤੇ ਡੂੰਘੇ ਜਲ ਦੇ, ਸੁਪਨੇ ਫ਼ਜਰ 'ਚ ਲਹਿਰਣ
ਮਸਤ ਮੁਸਾਫ਼ਰ ਵਾਂਗੂ ਬੈਠਣ, ਝੁੰਡ ਨਾਰੀਅਲ ਥੱਲੇ।

ਚੀਕੂ ਦੀ ਸ਼ੀਰੀਨੀ ਉੱਤੇ, ਵਜਦ ਗ਼ੈਬ ਦੇ ਭੂੰਮਨ
ਬੇਨਿਸ਼ਾਨ ਮੰਜ਼ਿਲ ਤੋਂ ਉੱਡਣ, ਫਿਰ ਮਹਿਮਾਨਾਂ ਵੱਲੇ।

ਪਵੇ ਮਹੀਨ ਧਮਕ ਇਕ ਤਿੱਖੀ, ਪੁਰੀ ਕੁਨਾਰਕ ਮੰਦਰ
ਸੂਰਜ ਦੀ ਉਮਰਾ ਤੋਂ ਵੱਡੀ, ਰਹਿਮਤ ਦੁਨੀਆਂ ਪੱਲੇ!

ਕਲਾ ਲਹਿਰ ਦੀ ਝੱਗ ਦੇ ਵਾਂਗੂ, ਸਾਗਰ ਬਹੁਤ ਡੂੰਘੇਰਾ
ਜੇ ਲੜ ਪਾਕ ਸਿਦਕ ਦਾ ਪਕੜੇ, ਤਾਂ ਦਰ ਧਰਮ ਦਾ ਮੱਲੇ।

ਗੀਤ-ਉਡਾਣ, ਪਰਾਂ ਦੀ ਰੰਗਤ, ਵਣ-ਪੰਖੀ ਪਏ ਸਿਰਜਣ,
ਪੈਗ਼ੰਬਰ ਦਾ ਸੁਖ਼ਨ ਰਹੇ ਜੇ, ਜਗ ਦੇ ਚਿਹਨ ਸੁਵੱਲੇ। -1-

ਕਲਜੁਗ ਦਾ ਪ੍ਰਵੇਸ਼

ਪੁਰੀ ਦੀ ਵਾਟ! ਬ੍ਰਿਛ ਸਭ ਫਕਦਾ, ਫਿਰ ਧੂੰਆਂ ਇਕ ਗਾੜ੍ਹਾ
ਛਿਨ ਛਿਨ ਕਾਲ ਵਟੇ ਵਿਚ ਸਿਵਿਆਂ, ਚੜ੍ਹੇ ਕੁਸੈਲਾ ਸਾੜਾ।

ਗੁਰੂ ਪੀਰ ਦੇ ਬਾਗ਼ਾਂ ਉਹਲੇ, ਖੰਭ ਰਾਖ ਦੇ ਫੜਕਣ
ਕਬਰਾਂ ਦੇ ਮੂੰਹਾਂ ਚੋਂ ਨਿਕਲੇ, ਵਡ ਵਿਕਰਾਲ ਉਜਾੜਾ।

ਗਿਰਝਾਂ ਵਾਂਗ ਨੋਚਦਾ ਜੋ ਸੀ, ਹੁਣ ਸ਼ੀਂਹ-ਨੌਂਹਦਰ ਮਾਰੇ
ਸਮੇਂ ਦੀਆਂ ਰਗਾਂ ਤੇ ਫਿਰਦਾ, ਵਿਸ਼-ਦੰਦਾਂ ਦਾ ਆਰਾ।

ਮਹਾਂ ਕਾਲ ਦੇ ਨਗਨ ਸੀਸ ਤੇ, ਬੇਕਿਰਕ ਤੇ ਖੁੰਢਾ
ਮੰਥ ਕੇ ਪ੍ਰੇਤ-ਲਹਿਰ ਦੇ ਸਾਗਰ, ਉਲਰੇ ਪਿਆ ਕੁਹਾੜਾ।

ਤਕ ਕੇ ਦਹਿਲ ਗਿਆ ਮਰਦਾਨਾ, ਗੁਰ ਅਡੋਲ ਮੁਸਕਾਵਨ
"ਬੇਲੀ! ਧੀਰ ਧਰੋ" ਹਸ ਆਖਣ, "ਔਹ ਧੂੰ ਬਾਂਝ ਨਕਾਰਾ।

ਤੰਤ ਮੰਤ ਤਰਕ ਦਾ ਗਿਆਨੀ, ਸੁੰਞੇ ਅੱਖਰ ਜੋੜੇ
ਅੰਨ੍ਹੇ ਅਰਥ ਦੇ ਨਾਚ ਕਰਾ ਕੇ, ਭਰੇ ਦਾਨਵੀ ਵਾੜਾ।

ਗਰਜੇ ਪੰਚ ਤੱਤ ਦਾ ਬੰਦਾ, ਫੜ ਕਲੇਸ਼ ਦਾ ਡੌਰੂ
ਮੁਣਸ-ਚੇਤਨਾ ਦੇ ਵਿਚ ਸੁੱਟੇ, ਕੱਚ ਭਰਮ ਦਾ ਕਾੜਾ।

ਗਿਆਨ ਦੀ ਅਹੁੰ ਤੋੜ ਕੇ ਦੌੜੇ, ਅੰਗ ਕਾਲ ਦੇ ਸਾਬਤ
ਖਿਮਾ ਬਾਝ ਫਿਰ ਪੈਰ ਲੰਙਾਵੇ, ਕੰਬੇ ਜਗਤ-ਅਖਾੜਾ।" -1

ਨਾਨਕ-ਸੁਖ਼ਨ ਸੁਣੇ ਮਰਦਾਨੇ, ਕੁਝ ਸੋਚੇ ਕੁਝ ਬੋਲੇ:
"ਕਵਨ ਫ਼ਰੇਬ ਦਿਸੇ ਵਿਚ ਧੂੰਏਂ? ਗ਼ਰਕ ਗਾਰ ਮਨ ਡੋਲੇ!

ਅਗਨ ਦਾ ਰਥ ਦੌੜਦਾ ਕਿੱਧਰ, ਸਾਰਥਿ ਕਵਨ ਗਿਆਨੀ,
ਅੰਧ ਗਾਰ ਚੋਂ ਉੱਡਣ ਸ਼ਕਲਾਂ, ਖੰਭ ਕੁਸ਼ਗਣੇ ਖੋਲ੍ਹੇ?

ਮੁਸ਼ਕ ਕਚੇਰਾ ਲਾਸ਼ ਜਲਣ ਦਾ, ਸਾਹ ਅਸਾਡੇ ਘੁੱਟੇ,
ਪੁਟ ਪੁਟ ਹਰੇ ਭਰੇ ਰਾਹਾਂ ਚੋਂ, ਖੰਡਰ ਕੌਣ ਫਰੋਲੇ?"

ਅਗਨ-ਹਨੇਰੀ ਅੰਤ ਸਮੇ ਦੀ, ਜੋ ਤਬਕਾਂ ਨੂੰ ਭੱਖੇ
ਤਿਧਰ ਤਰੌਂਕ ਖਿਮਾ ਦੀ ਸ਼ਬਨਮ, ਨੈਣ ਗੁਰੂ ਨੇ ਖੋਲ੍ਹੇ:

ਗੁਰ ਦੱਸਣ "ਜਦ ਬੂਰ ਖਿਮਾ ਦਾ, ਸੁਰਤਿ-ਟਹਿਣ ਤੇ ਸੁੱਕੇ,
ਬਿਖ ਅਹੂੰ ਦੀ ਚੜ੍ਹ ਵਾਵਾਂ ਤੇ, ਸਾਵੇ ਪੱਤ ਝਕੋਲੇ

ਜੜ ਵਿਚ ਨਾਗ, ਟਹਿਣ ਤੇ ਸੋਕਾ, ਕਹਿਰ ਅਹੂੰ ਦਾ ਮੋੜੇ,
ਤਾਰੇ ਧੁੱਪਾਂ ਹੇਠ ਪੰਖ ਦੇ, ਲਏ ਖ਼ਾਬ ਅਨਮੋਲੇ

ਗਿਆਨ-ਬਿਰਖ ਖੜਾ ਵਿਚ ਥਲ ਦੇ, ਜੁਗ ਜੁਗ ਬਾਝ ਇਕੱਲਾਂ।
ਉਗਦਾ, ਰਿਹਾ ਨਾਲ ਦਰਿਆਵਾਂ, ਸੁੱਕ ਗਏ ਉਹ, ਟੋਲੇ।

ਅਹੂੰ ਪੁਛਦੀ: "ਥਲਾਂ ਦੇ ਕੋਲੋਂ, ਕਿੱਥੇ ਗਏ ਉਹ ਬੰਦੀ?
ਗਿਆਨ ਕਿਹਾ: ਅੰਤ ਉਹ ਮੋਏ, ਨਿਹਫਲ ਝੱਖੜ ਫੋਲੇ।

ਵੀਟ ਰਹੇ ਲਬ ਲੋਭ ਰੱਤ ਨੂੰ, ਅਹੂੰ ਦਾ ਕਲਜੁਗ ਝੂੱਲੇ
ਤਦੋਂ ਗਿਆਨੀ ਸਿਖਰ ਸਮੇ ਦੀ, ਪਰ ਜਾਦੂ ਦੇ ਤੋਲੇ।" -2-

ਖੜਾ ਅਚੱਲ ਸੀ ਧਨੀ ਤਰਕ ਦਾ, ਵੇਖ ਰਿਹਾ ਮਰਦਾਨਾ
ਅੱਖਰ ਚੋਂ ਅੱਖਰ ਦਾ ਧੂੰਆਂ, ਜਾਵੇ ਵਲ ਸ਼ਮਸ਼ਾਨਾਂ।

ਗੁਰੂ ਕਹਿਣ: "ਅੱਖਰ-ਬਲ ਮੁੱਕੇ, ਜਦ ਅਰਦਾਸਾਂ ਸੁੱਕਣ,
ਚੰਨ ਸੂਰ ਦੇ ਰਹਿਣ ਨ ਜੋਬਨ, ਵਿਚ ਘੰਘਰ ਅਸਮਾਨਾਂ।

ਨਾਜ਼ਕ ਸ਼ਾਖ਼ ਹਰਫ਼ ਦੀ ਉੱਤੇ, ਕੋਟ ਕੰਕਰਾਂ ਲਟਕਣ
ਹੋਣ ਅਹਿੱਲ ਕਾਲ ਦੇ ਪੈਂਡੇ, ਬੁੱਤ ਛੁਪਣ ਵਿਚ ਜਾਨਾਂ।

ਦਿਸੇ ਹਕੀਕਤ ਦਾ ਮੰਜ਼ਰ ਨਾ, ਮੁਨਸ-ਚੇਤਨਾ ਹੰਭੇ,
ਛਿਨ ਛਿਨ ਸਦੀਆਂ ਤਕ ਜਾਪਦਾ, ਅੰਨ੍ਹਾ ਅਤੇ ਬਿਗਾਨਾ।

ਸਿਹਰ ਗੁਫ਼ਾ ਚੋਂ ਤਦੋਂ ਗਿਆਨੀ, ਅਗਨ-ਰਥ ਨੂੰ ਲਿਆਵੇ,
ਗਿਆਨ-ਕੰਠ ਵਿਚ ਜਦ ਵੀ ਬੰਦੀ, ਹੋਵਣ ਦਰਦ-ਅਜ਼ਾਨਾਂ।

ਰੱਬੀ ਵਾਟ ਦੇ ਪਾਂਧੀ ਲੱਖਾਂ, ਜਦ ਅੱਖਰ ਛਡ ਜਾਵਣ,
ਖੰਡਰੀਂ ਵਿਸ ਘੋਲਦਾ ਲੈਂਦਾ, ਸਹਿਮੇ ਖ਼ਾਬ ਜ਼ਮਾਨਾ।"

ਸ਼ਾਮ-ਮੁਨੇਰ ਜਹੀ ਤਾਂ ਚਿੰਤਾ, ਮਰਦਾਨੇ ਦੇ ਨੈਣੀਂ
ਸੁਣ ਇਹ ਸੁਖ਼ਨ ਮੀਤ ਦੇ ਉੱਚੇ, ਬਣੀ ਸਹੰਸਰ ਤਾਨਾਂ;
ਪੁੱਛੇ: "ਅਸੀਂ ਫ਼ਕੀਰ ਧੁਰਾਂ ਦੇ, ਪੰਛੀ-ਰਿਜ਼ਕ ਅਸਾਡਾ
ਕਿਉਂ ਕਲਜੁਗ ਭਿੱਟੇ ਆ ਮਾਹੀ, ਵਾਟਾਂ ਬਿਮਲ ਰਕਾਨਾਂ?"

"ਉਦੋਂ ਗਿਆਨ-ਅਹੁੰ ਦੀ ਹਿੰਸਾ," ਗੁਰ ਦੱਸਣ "ਚੜ੍ਹ ਗਰਜੇ
ਜਦੋਂ ਕਾਰਵਾਂ ਉਸ਼ਾ ਦੇ ਤੁਰਦੇ, ਦਿੱਸਣ ਵਿਚ ਅਰਮਾਨਾਂ।
ਤਦੋਂ ਸਿਹਰ ਦਾ ਵੇਗ ਦਹਾੜੇ, ਹਸਦ ਜਨੂੰਨੀ ਹੋਵੇ,
ਜਦ ਪੜ੍ਹਿਆਂ ਦੀ ਮਿੱਟੀ ਰੋੜ੍ਹੀ, ਮੀਂਹ ਵਰਗੇ ਇਲਹਾਮਾਂ!

•

ਅੱਖਰ ਨਾਲ ਕਰੇਂਦਾ ਧੋਖਾ, ਕਲਜੁਗ ਇਕ ਕਲ ਵਾਲਾ,
ਸਹਿਜ ਨੀਂਦ ਮਾਨਵ ਦੀ ਤੋੜੀ, ਗਿਰਝਾਂ ਜਿਉਂ ਉਦਿਆਨਾਂ।"

ਚੁਕ ਕੇ ਸਿਖਰ ਦੁਪਹਿਰ ਦਾ ਪੰਜਾ, ਤਿਮਰ-ਦੰਭ ਗੁਰ ਥੰਮ੍ਹੇ,
ਤਰਕ ਦਾ ਧਨੀ, ਗ੍ਰੰਥ ਗਿਆਤਾ, ਜਰਦਾ ਨਾਨਕ-ਸ਼ਾਨਾਂ।
ਅੰਤ ਤੋੜ ਕੱਚਾ ਛਲ-ਜਾਲਾ, ਚਮਕੀ ਉਸ਼ਾ ਸੁਤੰਤਰ,
ਮਹਾਂ ਕਾਲ ਨੂੰ ਅੱਖਰ ਉਹਲੇ, ਤਕਿਆ ਜਗ-ਵਿਦਵਾਨਾਂ।
ਅੰਤ ਅਕਾਲ-ਮਸਤਕੋਂ ਲਿਸ਼ਕੇ, ਕਲਜੁਗ-ਸੁੰਢ ਤੇ ਬਿਜਲੀ,
ਨਭ ਖ਼ਾਲੀ ਅੱਖਰ ਦਾ ਭਰਿਆ, ਲੈ ਤਾਰੇ ਵਰਦਾਨਾਂ। -3-

ਪੁਰੀ ਵਿਖੇ ਪ੍ਰਵੇਸ਼

ਆਏ ਸਨਾਨ ਯਾਤ੍ਰਾ ਰੁੱਤੇ
ਜੇਠ ਮਹੀਨੇ ਪਾਂਧੀ
ਚੰਦਨ ਪਗਾਂ ਦੀ ਪੁਰੀ-ਧੂੜ ਨੂੰ
ਮਹਿਕ ਅਜੇ ਨਿੰਦ੍ਰਾਦੀ।

ਝੂਮ ਰਹੇ ਸਾਗਰ ਦੇ ਪੈਂਦੇ
ਜਗਨ ਨਾਥ ਤੇ ਸਾਏ
ਦੂਰ ਜੁਗਾਂ ਤੋਂ ਮੂਕ ਸੁਨੇਹੇ
ਦਰ ਧੁੱਪਾਂ ਦੇ ਆਏ।

ਤਲੇ ਦੇਵ ਮੂਰਤੀ ਛੁਪੀਆਂ
ਨੀਲ ਗਿਰੀ ਉੱਚਾਣਾਂ
ਜਾ ਓਥੇ ਵਿਸਮਾਦ ਉਤਾਰੇ
ਸਦੀਆਂ ਦੇ ਅਸਮਾਨਾਂ।

ਗੁਫ਼ਾ ਅਗਾਧ ਚ ਰਾਜ਼ ਅਦੁੱਤੀ
ਤਿਮਰ-ਕੁੰਡਲੀ ਬੰਨ੍ਹੇ
ਪੌਣ ਜੁ ਇਸ ਪਲ ਵਗੇ ਸਾਗਰੀ
ਛੁਪੇ ਜ਼ਹਿਰ-ਕੜ ਭੰਨੇ।

ਸੁੰਨ. ਬਿਦੇਹ ਖ਼ਾਕ ਨਭ ਅੰਦਰ :
ਕੈਦੀ ਸੁਖ਼ਨ੍ਹ ਇਲਾਹੀ
ਲਾਹ ਅੰਨ੍ਹੇ ਪਰਦੇ ਉਸ ਅੱਗੋਂ
ਪਾਵਨ ਕਾਂਗ ਵਗਾਈ।

ਲੌਢੇ ਪਹਿਰ ਸਾਗਰੀ ਪੌਣਾਂ
ਦੇਣ ਸੁੰਨ ਚੋਂ ਸੋਆਂ :
"ਅਰਬਦ ਨਰਬਦ ਦੇ ਆ ਪਾਰੋਂ
ਫ਼ਜਰਾਂ ਕਰਸਨ ਲੋਆਂ।"

ਸਦੀ ਸਦੀ ਦੇ ਲੰਘ ਕਾਰਵਾਂ
ਛੋੜੇ ਧੁੱਪ 'ਚ ਤਾਨਾਂ,
ਪੈੜ ਮਹਾਂ ਸੁੰਨ ਵਿਚ ਲੀਕੀ
ਜੋ ਪਹਿਲੇ ਇਲਹਾਮਾਂ।

ਸੁਰਤ ਸਮ ਨਬੀਆਂ ਦੇ ਪੈਂਡੇ
ਜੋ ਸਮਿਆਂ ਵਿਚ ਪੁੱਗੇ
ਪੁਰੀ ਦੀ ਖ਼ਾਕ 'ਚ ਚਿਰੀਂ ਵਿਛੁੰਨੇ
ਮਧੁਰ ਸੁਪਨ ਜਿਉਂ ਉੱਗੇ।

ਲੌਢੇ ਪਹਿਰ ਧੁੱਪ ਦੇ ਸੀਨੇ
ਤਰਬ ਥਰਕਦੀ ਕੋਈ
ਜਗਨ ਨਾਥ ਦੀ ਸਿਖਰ ਤੀਕਰਾਂ
ਮਹਾਂ ਉਡੀਕ ਖਲੋਈ।

ਜਗਨ ਨਾਥ ਦੇ ਮੰਦਰ ਸਾਹਮਣੇ

ਰਾਹ ਲੰਘ ਪੁਰੀ ਦੇ ਸੋਹਣੇ
ਨਾਨਕ ਸਣੇ ਰਬਾਬੀ
ਤੱਕਣ ਜਗਨ ਨਾਥ ਦੀ ਕਲਗੀ
ਕੁਦਰਤ ਵਾਂਗ ਸੁਹਾਵੀ।

ਮੰਦਰ-ਸੁਹਜ ਵਿਚ ਪਈ ਉਤਰੇ
ਸੂਖਮ ਕਲਾ ਦੀ ਮਾਇਆ,
ਕੰਧ-ਮੂਰਤਾਂ ਦੇ ਵਿਚ ਹੁੱਲੇ
ਕਾਮ-ਗੰਧ ਦੀ ਛਾਇਆ।

ਪਾਰਵਤੀ ਕੈਲਾਸ਼ ਹਿਮ ਤੋਂ
ਕਾਲ ਚ ਭਰੇ ਉਡਾਰਾਂ
ਨਾਲ ਸ਼ੇਰ ਤ੍ਰਿਸ਼ੂਲ ਦੇ ਸੁਪਨੇ
ਲੈਣ ਸਲੋਨੀ ਨਾਰਾਂ।

ਕੂੰਜਾਂ ਜਿਉਂ ਮੰਦਰ ਤੇ ਉਤਰੇ
ਚਿਤ੍ਰਾਂ ਦੇ ਪ੍ਰਛਾਵੇਂ
ਕਾਮ-ਤਰੰਗ ਗੰਗ ਜਿਉਂ ਤੱਕਣ
ਦੇਵ ਦਾਸੀਆਂ ਭਾਵੇਂ।

ਲਿੰਗਰਾਜ ਭੁਬਨੇਸ਼ ਦਾ ਸੂਖਮ
ਕਦੇ ਕੁਨਾਰਕ ਜਾਪੇ,
ਸੂਰਜ-ਰਥ ਤੋਂ ਦਲ ਸ਼ਕਤੀ ਦੇ
ਇਸ ਮੰਦਰ ਵਿਚ ਥਾਪੇ।

ਮਾਧਵ ਨੀਲ ਵਚਿੱਤਰ ਕੰਦਰਾ
ਭੁੱਲ ਪੁਰੀ ਵਲ ਆਵੇ।
ਉਤਕਲ ਦੇ ਛਡ ਆਦਿ ਕਬੀਲੇ
ਮੰਦਰ ਵਿਚ ਸਮਾਵੇ।

ਬਰਮਾ, ਬਿਸ਼ਨੂ ਤੇ ਸ਼ਿਵ ਜੀ ਨੇ
ਬਦਲੇ ਭੇਸ-ਅਨੇਕਾਂ,
ਬੋਧ ਜੈਨ ਮਤ ਲੀਕ ਗਏ ਸੀ
ਹਰ ਸਿਲ ਸੁਰਤੀ-ਰੇਖਾਂ।

ਸਾਹ ਰਾਮ ਦੇ ਕਾਲ ਪਹਾੜੋਂ
ਸਿਲਾਂ ਅਸਿੱਖ ਜਗਾਵਣ;
ਸ਼ਾਲਾ! ਗੌਤਮ-ਨਾਰ ਦੇ ਸੁਫ਼ਨੇ
ਜਗਨ ਨਾਥ ਛੁਹ ਜਾਵਣ।

ਪੁਰੀ ਤੀਕ ਖਿੜ ਅਮਰ ਬੂਟੜੀ
ਵਸੀ ਭਾਸਕਰ ਜਾਨਾਂ
ਰਾਮ ਤੋਂ ਰੁਕੀ ਨ ਕਾਲ-ਮੂਰਛਾ,
ਵਾਹ! ਹਨੂਵੰਤ ਉਡਾਣਾਂ!

ਰਾਮ ਦੇ ਸਾਹ ਪੁਰੀ ਦੇ ਗਗਨੋਂ
ਅਮਰ ਸਿੰਧ ਨੂੰ ਚੁੰਮਣ
ਪਾਹਨ-ਦੇਵ ਦੀ ਸੁੰਨ ਸਾਮ੍ਹਣੇ
ਵੇਗ ਕਾਲ ਦੇ ਘੁੰਮਨ।

ਸੂਰਜ ਦਾ ਤਪ ਦੁਰਗਾ ਦੇ ਹੱਥ
ਤੇਗ ਅਜੇ ਚਮਕਾਵੇ,
ਅੰਤ ਸੁਭਦ੍ਰਾ ਦੇ ਮੱਥੇ ਵਿਚ
ਬ੍ਰਿਛ ਦਾ ਰਾਗ ਛੁਪਾਵੇ।

ਸਮੇ ਸਰਾਧ-ਵੇਸ ਦੇ ਜਾਗਣ
ਮੋਹ ਦਸ਼ਰਥ ਦੇ ਭਾਰੀ,
ਰਾਮ ਗਏ ਬਨਵਾਸ ਨ ਮੁੱਕੇ
ਫੇਰ ਕਾਨ੍ਹ ਦੀ ਵਾਰੀ।

ਮਥਰਾ ਤੋਂ ਦੁਆਰਕਾ ਤੀਕਣ
ਧੁਨ ਬੰਸੀ ਦੀ ਜਾਗੀ,
ਚਿਰਾਂ ਤੋਂ ਤਪਣ ਰਾਧਕਾ-ਹੰਝੂ
ਮੰਦਰ ਵਿਚ ਵੈਰਾਗੀ।

ਮਤ ਰਾਮਾਇਣ, ਪੁਰਾਣਿਕ ਸੁਰਤੀ
ਮੂਰਤੀਆਂ ਵਿਚ ਠਾਰੀ,
ਦੇਵ-ਸੁੰਨ ਦੇ ਮੰਝ ਉਤਰਦਾ
ਜਗਨ ਨਾਥ ਦੀਦਾਰੀ।

ਮਰਦਾਨੇ ਦੀਆਂ ਰਬਾਬ-ਤਾਨਾਂ ਦੀ ਅਨੰਤ ਮਿਠਾਸ ਅਤੇ ਜਗਨ ਨਾਥ ਦੀ ਆਰਤੀ

ਅੰਤ ਰਬਾਬ ਪੁਰੀ ਵਿਚ ਗੂੰਜੀ
ਪਾਹਨ-ਦੇਵ ਸਭ ਥਰਕੇ,
ਬਜਰ-ਚਿਹਨ: ਤਰਕ ਦੀ ਮਾਇਆ!
ਜਗਤ-ਸੁਹਜ ਵਿਚ ਧੜਕੇ।

ਸੂਰਜ-ਰਥ, ਹਨੂਵੰਤ, ਕਾਨ੍ਹ ਦੇ
ਸ਼ਕਤੀ-ਚੋਜ ਛਬੀਲੇ,
ਜਗ-ਲੀਲ੍ਹਾ ਦੇ ਬੁੱਤ ਬਣਾਵਣ
ਦੈਵੀ ਰੰਗ ਹਠੀਲੇ।

ਪੁਰੀ ਕਟਕ ਭੁਬਨੇਸ਼ ਕੁਨਾਰਕ
ਵਿਚ ਅਵਤਾਰ ਚਿਰੋਕੇ
ਜਗ-ਵੈਭਵ ਵਿਚ ਢਲਣ ਨਾਲ ਲੈ
ਰਿਸ਼ੀ-ਰਹੱਸ ਅਨੋਖੇ।

ਮਹਾਂ ਰਹੱਸ ਨੂੰ ਜਗ-ਚਾਲ ਪਈ
ਜੜ ਪ੍ਰਤੀਕ 'ਚ ਤੋੜੇ
ਹਰ ਦੈਵੀ ਕੌਤਕ ਨੂੰ ਸ਼ਰਧਾ
ਗ਼ਰਜ਼ਾਂ ਦੇ ਵਲ ਮੋੜੇ।

ਤਦੋਂ ਰਬਾਬ-ਨਾਦ ਦੀ ਗੋਦੀ
ਮੋਹ ਮਾਵਾਂ ਦੇ ਵੱਸੇ
ਸ਼ਿਵ ਗਣੇਸ਼ ਬਲਭਦਰ ਕਾਨ੍ਹ ਦੇ
ਬੁੱਤ ਬਾਲ ਜਿਉਂ ਹੱਸੇ।

ਬਣੀ ਰਬਾਬ-ਤਾਨ ਪੈਗੰਬਰ
ਵਿਚ ਪੁਰੀ ਦੇ ਰਾਹਾਂ।
ਜਲੀ ਧੂੜ ਨੂੰ ਜ਼ਿੰਦਾ ਕੀਤਾ
ਆ ਬਰਕਤ ਦੇ ਸਾਹਾਂ।

ਸੁਰ ਰਬਾਬ ਦੀ ਕਲਪ ਬੋਹੜ ਤੇ
ਜਿਉਂ ਪੰਖੀ ਵੈਰਾਗੀ
ਕੂਟ ਅਗੋਚਰ ਤੋਂ ਜਦ ਉਤਰੇ
ਸਬਜ਼ ਹੋਇ ਧਰ ਦਾਗ਼ੀ।

ਧਰ ਦੇ ਸੁੱਕੇ ਪਰਬਤ ਜਿੰਨੇ
ਸੁਰ ਰਬਾਬ ਦੀ ਚੁੰਮੇ
ਬਾਂਝ ਕੂਟ ਤੇ ਬਹਿ ਜਦ ਪੰਖੀ
ਨੈਂ ਸੁੱਕੀ ਤਕ ਰੁੰਨੇ।

ਚਿਰ ਤੋਂ ਬੁਝੇ ਸਿਤਾਰੇ ਚਮਕੇ
ਛੁਹ ਅਸੀਸ ਦੇ ਪੋਟੇ
ਸੜੇ ਪਰਬਤਾਂ ਤੇ ਗਾ ਉੱਠੇ
ਪੰਖੀ-ਰਗ ਦੇ ਟੋਟੇ।

ਵਜੀ ਰਬਾਬ! ਵਿਸ਼ੈਲੀ ਕੂਟੋਂ
ਕੂੰਜ ਸਮੁੰਦਰ ਵੇਖੇ
ਘਾਹ ਤਿਹਾਏ ਜਦ ਮਿਰਗਾਂ ਤੋਂ
ਸੁਣੇ ਥਲਾਂ ਦੇ ਲੇਖੇ।

ਦਿਲ ਰਬਾਬ ਨੂੰ ਮਿਲਣ ਥਰਕ ਕੇ
ਪ੍ਰਤੀਕਾਂ ਦੇ ਟੋਟੇ।
ਵੇਖਣ ਨੂਰ 'ਚ ਸਭ ਥਲ-ਪਾਂਧੀ
ਮਨ ਨਾਗਾਂ ਦੇ ਧੋਟੇ।

ਦੇਵ ਸਨਾਨ ਪੁੰਨਿਆ ਦੇ ਵਿਚ
ਦਿਵਸ ਅਜੇ ਸਨ ਬਾਕੀ,
ਜਗਨ ਨਾਥ ਨਾ ਯਾਦ ਕਰਾਈ
ਅਜੇ ਗਣੇਸ਼ ਦੀ ਝਾਕੀ।

ਵਜੀ ਰਬਾਬ ਸੰਧਿਆ ਵੇਲੇ
ਕਲਪ ਬੋਹੜ ਦੇ ਨੇੜੇ,
ਮੰਗਣ ਕੋਟ ਦਾਤ ਨਾ ਮੁੱਕੇ
ਸ਼ਬਦ ਦੇ ਲੰਮੇ ਜੇਰੇ।

ਰੈਣ ਪਈ ਫਿਰ ਹੋਈ ਆਰਤੀ
ਜਗਨ ਨਾਥ ਦੇ ਸਾਹਵੇਂ
ਧੂਪ ਦੀਪ ਬਸ ਤਾਲ ਬਣਾਵਣ
ਪੰਧ ਅਨੰਤ ਦੀ ਥਾਵੇਂ।

ਘੁੰਮੇ ਥਾਲ ਆਰਤੀ ਹੋਵੇ
ਬਿਹਬਲ ਦਿਸੇ ਪੁਜਾਰੀ
ਕੂਦੀ ਅਗੋਚਰ ਸ਼ਬਦ ਅਜਨਬੀ
ਦੇਵੇ ਸੋਅ ਨਿਆਰੀ।

ਰੁੱਤ ਅਨੇਕ ਆ ਇਕ ਸੂਰਜੋਂ
ਜਗਨ ਨਾਥ ਵਿਚ ਹੁੱਲੀ
ਮੂਰਤ ਤੋਂ ਮਾਨਵ-ਮਨ ਤੀਕਣ
ਵਿਜੇ-ਹਨੇਰੀ ਝੁੱਲੀ।

ਚਿੰਤਾ ਛਿੜੀ ਪੁਜਾਰੀ ਦੇ ਮਨ:
"ਕੌਣ ਹਉਂ ਨੂੰ ਮੱਲੇ?
ਛੁਹ ਵਰਦਾਨ ਜਿੰਦ ਦਾ ਸਾਹੀਂ
ਫੇਰ ਸ਼ੁਕਰ ਕਿਉਂ ਘੱਲੇ?

"ਦੇਵਤਿਆਂ ਤੋਂ ਪਾਰ ਖੜਾ ਜੋ
ਕੌਣ?" ਪੁਜਾਰੀ ਸੋਚੇ:
"ਮੈਂ-ਸ਼ਰਧਾ ਤੋਂ ਅਗਲੇ ਚਾਨਣ
ਰਿਸ਼ੀ ਕੌਣ ਜੋ ਲੋਚੇ?"

ਡੋਲੇ ਥਾਲ, ਆਰਤੀ ਹੋਵੇ
ਸ਼ਬਦ ਸੁਣੇ ਰਾਹ ਸੁੰਨੇ,
ਪਲ ਪਲ ਮਿਹਰ ਸਾਜ਼ ਚੋਂ ਬਰਸੇ
ਫਿਰ ਵੀ ਦੇਵ ਵਿਛੁੰਨੇ।

ਛਿਨ ਇਤਿਹਾਸਾਂ ਇਲਹਾਮਾਂ ਦੇ
ਛਲ ਹੀ ਮਹਿਰਮ ਮੰਨੇ,
ਸਾਗਰ ਗਗਨ ਬਿਰਖ ਦੇ ਜੋਬਨ
ਚਿਹਨ-ਸੁੰਨ ਨੇ ਬੰਨ੍ਹੇ।

ਕਾਲ਼ੀ ਘੁੰਮਨਘੇਰ ਚਿਹਨ ਦੀ
ਅਸਲ ਉਡਾਣ ਭੁਲਾਣੀ,
ਜੇ ਨ ਰੁੱਖ ਤਾਂ ਯਾਦ ਨ ਆਵਣ
ਸੁੰਨੇ ਪਾਟ ਨੂੰ ਪਾਣੀ।

-3-

ਸਾਗਰੀ ਤਟ ਉੱਤੇ ਮਹਾਂ ਆਰਤੀ ਦਾ ਰਹੱਸ

ਮਧੁਰ ਗਰਜ ਸਾਗਰ ਦੀ ਸੁਣਦੇ
ਸਤਿਗੁਰ ਤੇ ਮਰਦਾਨਾ।
ਨੂਰੀ ਹੜ੍ਹਾਂ ਦੇ ਮਸਤਕ ਚੁੰਮੇ
ਚਹੁੰ ਕੁੰਟੀਂ ਇਲਹਾਮਾਂ।

ਆਦਿ ਜੁਗਾਦੀ ਸਚ ਦੇ ਸਿਰ ਤੇ
ਸਿੰਧ-ਤਾਜ ਲਿਸ਼ਕੰਦਾ,
ਜੀਭ ਅਸੰਖ ਲਹਿਰ ਦੇ ਉੱਤੇ
ਅਜ਼ਲੀ ਨਾਦ ਭਵੰਦਾ।

ਚੰਨ ਸਿਖਰ ਆ ਹੜ੍ਹ ਤਰੰਗ ਤੇ
ਨਾਜ਼ਲ ਕਰੇ ਉਡਾਣਾਂ;
ਅਰਸ਼, ਸਮੁੰਦਰ, ਤਾਰੇ ਘੁੱਟੇ,
ਆ ਪੈਗੰਬਰ-ਜਾਨਾਂ।

ਹਰ ਵਿਜਈ ਕਾਂਗ ਵਿਚ ਜਾਪਣ
ਚੌਦਾਂ ਰਤਨ ਅਨੂਠੇ,
ਮੌਤਾਂ ਲੰਘਿ, ਮੁਣਸ ਜਿਉਂ ਲਾਵੇ
ਪੈੜਾਂ ਵਤਨ ਅਨੂਠੇ।

ਜਗ ਦੀ ਦਗੇਬਾਜ਼ ਵਿਸ਼ ਵਿੰਨ੍ਹਣ
ਸਾਗਰ-ਵਾਣ ਕਰਾਰੇ।
ਡੂੰਘੀ ਰੁੱਤ ਮਹੀਨ 'ਚ ਲਿਸ਼ਕਣ
ਪਾਕ ਦੁਰੇਡੇ ਤਾਰੇ।

ਸਿੰਧ-ਰਹੱਸ 'ਚੋਂ ਵਿਸ਼ ਤੇ ਅਮਿਉ
ਸੁਰ ਰਬਾਬ ਵਲ ਉੱਡੇ,
ਵਾਂਗ ਤਰੰਗ ਕਾਰਵਾਂ ਲਰਜ਼ਣ
ਕਾਲ ਭਰੇ ਸਭ ਲੁੱਗੇ।

ਪੰਛੀ, ਰਿਸ਼ਮ, ਮੀਨ ਤਨ ਲੱਗਣ
ਝੂਮ ਰਬਾਬੀ ਤਾਨਾਂ;
ਅਮਿਉ ਲਈ ਸਾਗਰ ਛਲਕਾਏ
ਨਾਗਾਂ ਦੇ ਅਰਮਾਨਾਂ।

ਸਬਜ਼ ਪਹਾੜ ਮਹਿਕ ਲੈ ਸੁੱਚੀ
ਸ਼ਬਦ ਦੇ ਮੱਥੇ ਲਾਵਣ,
ਚੰਨ ਚੌਧਵੀਂ ਦੀ ਇਸ ਰਾਤੇ
ਸਿੰਧ ਨੂੰ ਸਾਜ਼ ਬਣਾਵਣ।

ਮਹਾਂ ਕਾਲ ਦਾ ਥਾਲ ਜੁ ਅੰਬਰ
ਚੰਨ ਸੂਰ ਲੈ ਤਾਰੇ,
ਨੱਚ ਰਹੇ ਸਾਗਰ ਤੇ ਲਿਸ਼ਕੇ
ਸੱਚ ਅਗਾਧ ਕਿਨਾਰੇ।

ਪੁਰੀ-ਤਟ ਤੇ ਸਾਰੰਗ ਵਾਂਗੂ
ਤਿਖ ਰਬਾਬ ਦੀ ਬੋਲੇ,
ਅਨਲ ਅਦਿੱਸ ਦੇ ਖੰਭਾਂ ਉੱਤੇ
ਧਰ ਜੋਬਨ ਨੂੰ ਤੋਲੇ।

ਤਿਖ ਜਾਗੇ ਤਾਂ ਜੋਬਨ ਜਾਗੇ
ਜੋ ਹੁੱਲੇ ਸੋ ਗਾਵੇ,
ਧਰ ਦੇ ਨਾਲ ਕੌਲ ਨੇ ਹੋਏ
ਸੱਦ ਰਾਖ ਰੁਸ਼ਨਾਵੇ।

ਕੋਟ ਗੈਬ ਦੇ ਪੰਖੀ ਕੂਕਨ
ਮਨ ਸਾਗਰ ਦੇ ਅੰਦਰ,
ਗੁਟਕ ਅਨੰਤ ਆਰਤੀ ਕਰਦੇ
ਸੱਦਣ ਜਦੋਂ ਪੈਗੰਬਰ।

-4-

ਉਤਕਲ ਪਤੀ ਪਰਤਾਪ ਰੁਦਰਾਦੇਵ ਨਾਲ ਗੁਰੂ ਸਾਹਿਬ ਦਾ ਸੰਬਾਦ: ਤਰਕ ਅਤੇ ਪ੍ਰਕਾਸ਼

ਦੇਵ ਸਨਾਨ ਪੁੰਨਿਆ ਮਹਿਕੀ
ਵਿਚ ਪੌਣਾਂ, ਵਣ, ਝੋਕਾਂ।
ਫੇਰ ਗਣੇਸ਼ ਯਾਦ ਆ ਕੀਤੇ
ਸਭ ਉਤਕਲ ਦੇ ਲੋਕਾਂ।

ਤੁਰਣ ਗਣੇਸ਼-ਦਰਸ ਦੇ ਪਾਂਧੀ
ਵਾਂਗ ਸਾਗਰੀ ਲਹਿਰਾਂ,
ਝਲਕ ਰਹੇ ਸ਼ਰਧਾ ਦੇ ਮਸਤਕ
ਹੇਠ ਮੂਰਤੀ-ਪੈਰਾਂ।

ਤਿਖ ਤੀਬਰ ਲੈ ਫਿਰਣ ਯਾਤਰੀ
ਆ ਸੋਚਣ ਦਰ ਅੱਗੇ:
"ਸਚ ਦਾ ਅੱਖਰ ਚਿੰਤ ਜਗਾਵੇ
ਨਵੀਂ ਤਰਜ਼ ਕਿਉਂ ਲੱਗੇ?

"ਕੌਣ ਅਜਨਬੀ ਯੁਗ-ਲੀਕਾਂ ਨੂੰ
ਨਵ ਅੱਖਰ ਲਿਖ ਕੱਜੇ?
ਸਾਜ਼ੋਂ ਕੋਮਲ ਸ਼ਬਦ ਜੁ ਗੂੰਜੇ
ਕਿਉਂ ਝੱਖੜ ਜਿਉਂ ਵੱਜੇ?

"ਸਿੰਮ ਪਏ ਤਕਦੀਰੋਂ ਡੂੰਘੇ
ਹਰ ਪੱਥਰ ਤੇ ਛਾਲੇ,
ਲਰਜ਼ ਪਏ ਆ ਉੱਚੇ ਦਰ ਤੇ
ਕੁਝ ਪੈਗਾਮ ਨਿਰਾਲੇ।

"ਪੰਧ ਅਕਾਲੀ ਤਨ ਮੰਦਰ ਨੂੰ
ਸ਼ਿਵ-ਨਾਗਾਂ ਜਿਉਂ ਕੱਸਣ,
ਕਿਉਂ ਭਾਵੇ ਤਪ ਜਗਨ ਨਾਥ ਦੇ
ਅਰਥ ਹੋਰ ਹੀ ਦੱਸਣ ?

"ਕਿਉਂ ਗੁਰ-ਅੱਖਰ ਦੂਰੋਂ ਆ ਕੇ
ਹੁਕਮ ਦੇਣ ਕੇ ਸਾਨੂੰ,
ਜਗਨ ਨਾਥ ਦੀ ਸਾਬਤ ਹਸਤੀ
ਬਣੀ ਤ੍ਰੈ ਗੁਣ ਕਾਹਨੂੰ ?

"ਕਿਉਂ ਸ਼ਿਆਮ ਦੇ ਉੱਚੇ ਮੰਦਰ
ਖੜੇ ਰਹੇ ਬਿਨ ਬੋਲੇ
ਜਦ ਬੇਗਾਨੇ ਹੱਥਾਂ ਆ ਕੇ
ਤੇਜ ਏਸ ਦੇ ਤੋਲੇ।"

ਰੁਦਰਾਦੇਵ ਕਲਿੰਗਪਤੀ ਤਾਂ
ਤੜਪ ਪੁਰੀ ਵਲ ਆਵੇ
ਯੱਖ ਦੇਵ ਨੂੰ ਦੈਵੀ ਲਰਜ਼ਾ
ਜਦ ਸੁਰਤੀਂ ਪੰਘਰਾਵੇ।

ਤੱਕਣ ਪੀਰ ਮੁਰੀਦ ਨਿਰਾਲੇ
ਹੋ ਹੈਰਾਨੇ ਲੋਕੀਂ :
ਪੁਰੀ 'ਚ ਹੁੱਲ ਗਲ ਇਹ ਧੁੰਮੀ
ਥਾਨ ਥਨੰਤਰ ਝੋਕੀਂ।

ਕਹਿਣ : "ਦਿਸਣ ਪੁਰੀ ਦੀ ਗਲੀਏਂ
ਦੋ ਪ੍ਰਦੇਸੀ ਦੂਰੋਂ
ਦੇਵ ਤਿਨਾਂ ਦੀ ਛੁਹ ਲੈ ਜਾਗਣ
ਜਿਵੇਂ ਰਾਮ ਦੇ ਨੂਰੋਂ।"

ਕੁਝ ਉਨਾ ਲਟਬੌਰਾ ਦਾਨਾ
ਕੁਝ ਬਿਸਮਿਲ ਦਰਵੇਸ਼ੀ
ਕੁਝ ਪ੍ਰਭਾਵ ਸਮੇ ਤੋਂ ਬਾਹਰਾ
ਜਿਵੇਂ ਖ਼ਾਬ ਪ੍ਰਦੇਸੀ

ਮਰਦਾਨਾ ਸੀ ਬਹੁਤ ਪਰਾਇਆ
ਬਹੁ ਅਪਣੱਤ 'ਚ ਭਾਵੇਂ,
ਲਾ ਮੁਕਾਮ ਦੇ ਬੋਲ ਖੜਾ ਲੈ
ਪੁਰੀ ਦੇ ਖ਼ਿਛਾਂ ਸਾਹਵੇਂ।

ਬ੍ਰਿਹਾ ਵਸਲ ਚੁੱਪ ਲੈ ਭੁਗਤੇ
ਕਵਨ ਅਦਲ-ਦਰ ਪੇਸ਼ੀ?
ਕੁੱਲ ਖਲਾ ਦੇ ਨਾਲ ਜਾਪਦੀ
ਟਕਰਾਂਦੀ ਦਰਵੇਸ਼ੀ।

ਛਿੜੀ ਰਬਾਬ, ਅਰਥ ਹੋ ਕਿਰਨਾਂ
ਫੈਲ ਗਏ ਅਸਮਾਨੀਂ
ਰੁਕੀ ਰਬਾਬ, ਸ਼ਬਦ ਸੰਕੋਚੇ
ਅਰਥ ਛੁਪਣ ਡੂੰਘਾਣੀ।

ਤਾਂ ਯੱਖ ਦੇਵਾਂ ਦੇ ਸਭ ਸੁਪਨੇ
ਤਿੜਕ ਗਏ ਵਿਚ ਰੂਹਾਂ
ਮਿਲਣ ਜਿੰਦ-ਘਰ ਗੁਰੂ ਦੀਆਂ ਵੀ
ਰੁਦਰਾਦੇਵ ਨੂੰ ਸੂਹਾਂ।

ਆਦਿ ਸੁੰਨ ਨੂੰ ਸ਼ਬਦ ਲਿਪਟਿਆ
ਰਾਗ ਨਿਰੀ ਵੀਰਾਨੀ!
ਬਿਹਬਲ ਭੂਪ ਕਹੇ ਤਦ "ਨਾਨਕ!
ਕਿਉਂ ਹਰ ਰਮਜ਼ ਬਿਗਾਨੀ।

"ਜਗਨ ਨਾਥ ਦੀ ਹੁਣੇ ਮੂਰਤੀ
ਕਿਉਂ ਸੁਰਤਾਂ ਵਿਚ ਕੱਸੀ?
ਜੁਗ ਜੁਗ ਜਦੋਂ ਅਨੰਤ ਜੋਤ ਦੀ
ਅਸਲ ਦਿਸ਼ਾ ਇਸ ਦੱਸੀ।"

ਪੰਖੀ-ਕੰਠ ਦੀ ਚਹਿਕ ਉਡੀਕਣ
ਨਭ ਓਢ ਜਿਉਂ ਫ਼ਜਰਾਂ
ਭੂਪ-ਸੁਖ਼ਨ ਸੁਣਿ ਦਯਾ 'ਚ ਉੱਠਣ
ਇਉਂ ਕਰ ਨਾਨਕ-ਨਜ਼ਰਾਂ।

"ਜਪੁ-ਨਦੀ ਧੁਰ ਆਦਿ ਸੱਚ ਦੀ
ਗੁਰੂ ਕਹਿਣ: "ਜਦ ਸੁੱਕੇ
ਤ੍ਰਿਭਵਨੀ ਲੋਚਨ ਅੰਭ ਅੰਤਰ
ਬੁੱਤ, ਛਾਰ, ਹੋ ਮੁੱਕੇ!

"ਚਾਰ ਜੁਗਾਂ ਦੀ ਸਰਬ ਦ੍ਰਿਸ਼ਟੀ
ਬੰਦ ਕਰਨ ਵਿਸ਼-ਖੁੰਡਾਂ
ਖੰਘਰ ਹੋਇ ਘਿਰਣ ਸਭ ਵਾਟਾਂ
ਵਿਚ ਜਲੇ ਰੁੱਖ-ਮੁੱਢਾਂ।

"ਗੀਤ ਗਿਆਨ ਜਾਪ ਦਾ ਪੈਂਡਾ
ਆਦਿ ਸੱਚ ਬਿਨ ਕਾਲਾ
ਕੰਕਰ ਹੋਇ ਖੜੇ ਸ਼ਮਸ਼ਾਨੀਂ
ਜਿਉਂ ਬਿਨ ਰੁੱਖ ਹਿਮਾਲਾ।

"ਰੂਹ ਜਾਨ ਅਕਲ ਮੰਝ ਓਦੋਂ
ਉੱਗ ਦੇਣ ਧਰਵਾਸੇ
ਲਿੰਗ ਧਾਤੜਾਂ, ਸਾਲਗਰਾਮਾਂ
ਮੂਰਤੀਆਂ ਹਰ ਪਾਸੇ।

"ਇਸ਼ਟ-ਅੰਤ ਲਭਦੀਆਂ ਜਾਤਾਂ
ਵਿਲਕ ਪੈਣ, ਨਾ ਖ਼ੈਰਾਂ
ਖੋਹ ਨ ਬੁਝੇ ਰੀਣ ਭਰ ਰਾਜਨ
ਹੇਠ ਕਾਲ ਦੇ ਪੈਰਾਂ।

"ਐਪਰ ਦੇਵੀ ਦੇਵ ਰੂਪ ਵੀ
ਦਰਦ-ਧਾਰ ਕਰ ਤਿੱਖੀ
ਪਲ ਭਰ ਕਰਨ ਧਿਆਨ ਰੂਬਰੂ
ਦੈਵੀ ਰਿਸ਼ਮ ਲਿਖੀ।

"ਸਿਲ-ਰੂਪਾਂ ਦੇ ਜਾਪ ਨਿਰੰਤਰ
ਕਦੇ ਇਲਾਹੀ ਗਮਕਾਂ,
ਸੁੰਨ ਕਰਨ ਪਰ ਅੰਤ ਚੇਤਨਾ
ਇਕ ਛਿਨ ਪਾ ਕੇ ਧਮਕਾਂ।

"ਮਿਲੇ ਸੁਰਤ ਨੂੰ ਵਾਂਗ ਛਲਾਵੇ
ਲਿਵ ਤਿੱਖੀ, ਫਿਰ ਫਿੱਕੀ।
ਜਾਪੇ ਦੂਰ ਉਡਾਰੀ ਉੱਚੀ
ਦਿਸੇ ਅਸੀਮ ਜੁ ਨਿੱਕੀ।

"ਕੁੱਲ ਪਾਹਨ ਦੇ ਬਿੰਬ ਪੁਰਾਤਨ
ਛੋੜ ਮੁਹਿਕ ਵਿਚ ਖ਼ਾਬਾਂ
ਧੁੱਪ ਜਹੀ ਇਕ ਪਾ ਬਿਬੇਕ ਤੇ
ਚਮਕਣ ਵਾਂਗ ਸੁਰਾਬਾਂ।

"ਕੀਟ ਅਕਾਸ਼ ਦੀਆਂ ਕਰ ਰੀਸਾਂ
ਜਗਤ-ਨ੍ਹੇਰ ਵਿਚ ਸੋਹੇ
ਲਿਸ਼ਕੰਦੀ ਪਰ ਠੀਸ ਬਜਰ ਦੀ
ਮਨ ਖ਼ਲਕਤ ਦਾ ਮੋਹੇ।

"ਅਕਲ ਕਲਾ ਭਰਪੂਰ ਕੁਦਰਤਾਂ
ਜਦ ਵਿਸਮਾਦ 'ਚ ਗਾਵਣ
ਜਦੋਂ ਸ਼ਬਦ ਦੇ ਸੁੱਚੇ ਮੰਜ਼ਰ
ਅਮਲ ਦੇ ਦਰ ਤੇ ਆਵਣ

"ਜਦ ਅਰਦਾਸ ਦਯਾ ਵਿਚ ਭਿੰਨੀ
ਤਿਖ ਸਾਰੰਗ ਜਿਉਂ ਗਾਵੇ
ਚੰਨ ਸੂਰ ਦੀ ਨਿੱਕੀ ਉਮਰਾ
ਰੱਬੀ ਵੇਸ ਬਣਾਵੇ

"ਅਮਰ ਆਰਤੀ ਵਿਚ ਹੋਣ ਤਾਂ
ਦੇਵ ਸੀਤ ਬੇਰੰਗੇ
ਬਿੰਬ ਬਸੀਠ ਨ ਪੱਥਰ-ਪਰ ਲੈ
ਉਡਿ ਅੰਬਰ-ਦਰ ਲੰਘੇ।"

ਆਖ਼ਰ ਹੋਸ਼ ਭੂਪ ਦੀ ਉੱਤੇ
ਛਿਨ ਉਹ ਕਰੇ ਉਜਾਲਾ
ਖ਼ਾਕ, ਬਿਬੇਕ, ਅਗਨ, ਜਲ ਤਬਕੀਂ
ਜਿਸਦਾ ਦੇਣ ਹਵਾਲਾ

ਕਰੇ ਨ ਕਿਸੇ ਚਿੰਤ ਵਿਚ ਢਲਕੇ
ਜਿਸਨੂੰ ਕਾਲ ਬੇਤਾਲਾ
ਦੇਵੇ ਸਾਡ ਰਵਾਨੀ ਜਿਸਦੀ
ਜਬਲ ਨ ਮੌਤਾਂ ਵਾਲਾ।

ਆਦਿ ਗ੍ਰੰਥ ਦੇ ਹਰਫ਼ ਛੇੜਦਾ
ਅੰਧ ਤਰਕ ਅਤਿ ਕਾਲਾ,
ਵਗ ਵਗ ਚੰਦਨ-ਪੌਣ ਉਡਾਵੇ
ਕਾਲ ਗੁਫ਼ਾ ਦਾ ਜਾਲਾ।

ਚਿੰਨ੍ਹ ਸੱਚ ਬਿਨ ਮੁਣਸ-ਜਿੰਦ ਦਾ
ਸਾਹ-ਹੀਣ ਰਖਵਾਲਾ,
ਚੰਦਨ-ਪੌਣ ਰਹੇ ਸਦ ਵਗਦੀ
ਟੁੱਟਾ ਹੁੰਮਸ-ਤਾਲਾ।

ਭੂਪ ਦੇ ਨੈਣੀਂ ਬ੍ਰਿਹੋਂ ਬਾਲੇ
ਅੱਥਰੂ ਇਕ ਨਿਰਾਲਾ
ਜਿਸਦੀ ਲੋ ਲੈ ਜੁਗ ਜੁਗ ਚੱਲੇ
ਕਾਰਵਾਨ ਮਤਵਾਲਾ।

ਇਹੀਓ ਛਿਨ ਸੀ ਜਿਸਦੇ ਸੀਨੇ
ਬੁੱਤ ਚਰਖ ਦੇ ਟੁੱਟੇ
ਕੂੜੀ ਨੀਂਸ ਇਲਮ ਦੀ ਬੰਜਰ
ਬਾਲ ਮਸੂਮ ਜਿਉਂ ਉੱਠੇ।

ਭਾਵੇਂ ਬਿਨ ਮੰਜ਼ਲ ਦੇ ਲਟਕਣ
ਪੈਰ ਸ਼ਤਾਨੀ ਪੁੱਠੇ
ਇਸ ਛਿਨ ਸਤਿਗੁਰ ਮੀਤ ਪਛਾਣੇ
ਖਾਰ ਕੂੰਬਲਾਂ ਘੁੱਟੇ।

ਚਿਰ ਤੋਂ ਰੱਬੀ ਹਰਫ਼ ਪਛਾਣਨ
ਹਉਂ ਵਿਚ ਆਲਮ ਮੁੱਠੇ
ਇਸ ਪਲ ਵੇਗ ਗ਼ਜ਼ਬ ਦਾ ਦੇਵੀ
ਬੋਲ ਵਿਗਾੜ ਨੂੰ ਕੁੱਠੇ।

ਮਰਦਾਨੇ ਦਾ ਦੇਸ-ਉਮਾਹ

ਲੰਘ ਗਈ ਰਥ ਯਾਤ੍ਰਾ, ਪੁਰੀ 'ਚ ਧੁੰਮਾਂ ਪਾ
ਹਾੜ 'ਚ ਟਿਮਕਣ ਜਿੰਦ ਤੇ, ਵਾਂਗ ਕਹਿਕਸ਼ਾਂ ਚਾ
ਥਰਕਣ ਪਿਰ ਦੇ ਸਿਦਕ ਤੇ, ਸੈ ਲਹਿਰਾਂ ਦੇ ਰਾਹ
ਜਿੰਦ ਦੇਣ ਆ ਸੁੱਧ ਨੂੰ, ਪੈਗਾਮਾਂ ਦੇ ਸਾਹ
ਗਣ ਗੰਧਰਵ ਸ਼ਿਵ ਕਾਨ੍ਹ ਦੇ, ਥੱਕੇ ਬੁੱਤ ਜਗਾ
ਰਾਗ ਅਲੌਕਿਕ ਪਰਾਂ ਦਾ, ਭੇਜੇ ਪਿਆ ਹੁਮਾ।
ਦੇਵਸਥਾਨ ਦੇ ਚਿਤ੍ਰ ਰਹੇ, ਸ਼ਰਧਾ ਨੂੰ ਭਰਮਾ
ਸਿਲ-ਚਿੰਨ੍ਹਾ ਵਿਚ ਛਲਕਦਾ, ਗੁਰ ਅਦਿੱਸ ਦਰਿਆ।
ਦਾਨੇ ਧੀਮੀ ਵੇਲੜੇ, ਕਿਹਾ ਗੁਰਾਂ ਨੂੰ ਆ:
"ਲੱਗੀ ਰੂਹ ਤੇ ਮਾਂ ਜਿਉਂ, ਤਲਵੰਡੀ ਦੀ ਵਾ
ਮਨ ਪਰਦੇਸੀ ਮੈਂਡੜਾ, ਸੁਤ ਜਿਉਂ ਰਹੀ ਲਡਾ।
ਨਦੀਆਂ ਨੂੰ ਮੈਂ ਲੰਘ ਕੇ, ਬਿਖਮ ਵਣੀ ਵਿਚ ਜਾ
ਗਾਹ ਕੇ ਡਾਢੇ ਜਬਲ ਮੈਂ, ਅੱਕ ਗਿਆ ਲੈ ਥਾਹ।
ਸੱਚ ਸਮੇ ਤੋਂ ਲੰਮੜੇ, ਬੈਠੇ ਖੰਭ ਜਲਾ
ਤੁਰੇ ਅਸੀਂ ਜਦ ਵਾਟ ਤੇ, ਉੱਡ ਪਏ ਕੁਰਲਾ;
ਰਾਖ ਢਕੇ ਬਹੁ ਜੁਗਾਂ ਨੂੰ, ਧਰਮ ਜਾਣ ਕੁਮਲਾ
ਖਿੜਣ ਹਥੇਲੀ ਤੈਂਡੜੀ, ਚਸ਼ਮੇ ਬਣੇ ਗਵਾਹ।
ਰੌਂਦੇ ਦੇਖੇ ਸਮੇ ਮੈਂ, ਲਸ਼ਕਰ ਕੋਟ ਕੁਹਾ
ਗਮਕ ਸੁਣੀ ਮੈਂ ਸ਼ਬਦ ਦੀ, ਜਾਗ ਪਏ ਹੋ ਸ਼ਾਹ।
ਸੋ ਦਰੁ ਭਾਵੇਂ ਪਰਸਿਆ, ਵਿਚ ਮਹੀਨ ਉਮਾਹ
ਬਾਲਪਨੇ ਦੀ ਖ਼ਾਕ ਲੈ, ਦਿਲ ਦੇਵੇ ਰੁਸ਼ਨਾ।
ਮਾਹੀ ਤੈਂਡੀ ਮਿਹਰ ਦੇ, ਭਾਵੇਂ ਰੂਪ ਅਥਾਹ
ਫਿਰ ਵੀ ਮੈਂ ਹਾਂ ਥੱਕਿਆ, ਵੇਖ ਵੇਖ ਅਸਗਾਹ।"

ਸੁਣਿ ਨਾਨਕ ਬ੍ਰਹਿਮੰਡ ਤੇ, ਪਾਈ ਨਦਰ ਅਨੂਪ
ਰਿਸ਼ਮ ਰਿਸ਼ਮ ਦੀ ਜਿੰਦ ਚੋਂ, ਲਿਸ਼ਕੇ ਕੋਟਾਂ ਰੂਪ
ਗਣਤ ਨ, ਦਮਕਣ ਕਹਿਕਸ਼ਾਂ, ਵਿਚ ਚੇਤਨਾ ਮੂਕ
ਉੱਚਿਉਂ ਉੱਚੀ ਕੂਟ ਤੇ, ਚਿਹਨ ਅਕੱਥ ਮਲੂਕ।
ਜਨਮ ਮਰਨ ਦੀ ਪੈ ਰਹੀ, ਕਾਲ ਕਾਲ ਵਿਚ ਘੂਕ
ਵਿੰਨ੍ਹੇ ਬਿਸਮਿਲ ਧਰਮ ਦੀ, ਬਹੁ ਕੌਮਾਂ ਤਕ ਹੂਕ।

ਭਾਵੇਂ ਅੰਬਰ ਮਹਿਕਦੀ, ਕੋ ਬਖ਼ਸ਼ਿਸ਼ ਦੀ ਧੂਪ
ਉੱਡੇ ਅੰਦਰ ਚੇਤਨਾ, ਰੇਖ ਛੁਹ ਅਨੂਪ
ਗੁਰੂ-ਕਣੀ ਨੂੰ ਤਰਸਦੇ, ਸਮੇ ਸਮੇ ਦੇ ਭੂਪ
ਮੌਤ-ਗੁਫ਼ਾ ਚੋਂ ਨਿਕਲਦੇ, ਫੜ ਚੋਲੇ ਦੀ ਚੂਕ।

ਭਾਵੇਂ ਨਾਨਕ ਰੂਬਰੂ, ਕੁਦਰਤ ਦੇ ਵਡ ਮੋਹ
ਤਿੱਖੇ ਵਿੰਗ ਬਿਬੇਕ ਦੇ, ਸਦਾ ਵਚਿੱਤਰ ਜੋ
ਅੰਬਰ ਕੋਟ ਦਲੀਲ ਦੇ, ਅੱਖਰੀਂ ਲੈਣ ਲੁਕੋ
ਜਿਹਨਾਂ ਪਰਾਂ ਦੇ ਹੇਠ ਨੇ, ਅਗਮ ਅਗੋਚਰ ਕੋਹ;
ਫਿਰ ਵੀ ਸੁਣਦੀ ਜਿੰਦੜੀ, ਧਰ-ਪੌਣਾਂ ਦੀ ਸੋਅ
ਮੋਹੇ ਉੱਚੇ ਅਰਥ ਨੂੰ, ਬਿਰਖ ਬਿਰਖ ਦੀ ਛੁਹ
ਸੁਣੇ ਬਾਲਪਨ-ਜੂਹ ਚੋਂ, ਚਿੜੀ ਚੂਕਦੀ ਕੋ
ਦਿੱਤੀ ਯਾਰ ਦੇ ਬੋਲ ਨੇ, ਦਿਲ ਦਰਿਆ ਦੀ ਟੋਹ
ਨਾਨਕ ਗਗਨ ਅਚਿਹਨ ਤੋਂ, ਉਤਰੇ ਲੱਖਾਂ ਕੋਹ
ਪੈਂਦੀ ਉੱਚੇ ਸੀਸ ਤੇ, ਸਭ ਧਰਮਾਂ ਦੀ ਲੋਅ।

ਬਗ਼ਲਗੀਰ ਹੋ ਖ਼ਾਕ ਨੇ, ਘੁੱਟ ਲਈ ਗੁਰ-ਸ਼ਾਨ
ਸੂਹਲ ਉਂਗਲਾਂ ਲੱਗੀਆਂ, ਸੀਸ ਮੇਦਨੀ ਆਣ
ਵਿਚ ਤਾਰਿਆਂ ਸੂਰਜਾਂ, ਥਰਕ ਪਏ ਪੈਗ਼ਾਮ
ਕਿਸੇ ਰਮਜ਼ ਦਾ ਨਾਮ ਲੈ, ਕੂੰਦ ਰਹੇ ਅਸਮਾਨ
ਧੁਵ-ਸਿਖਰਾਂ ਤੋਂ ਤਿਲ੍ਹਕਦੇ, ਸ਼ਬਦ-ਵਹਿਣ ਸੁਬਹਾਣ
ਐਨਾ ਸੱਚ ਸੁਹਾਵਣਾ, ਜਿਸਦਾ ਅਜੇ ਨ ਨਾਮ!
ਗੁਰਾਂ ਕਿਹਾ: "ਮਰਦਾਨਿਆਂ! ਖ਼ਾਕ 'ਚ ਚਿਣਗ ਮਹਾਨ
ਸਿਦਕ-ਸੇਕ ਜੋ ਭੇਜਦੀ, ਪਿੱਛੇ ਮੁਣਸ-ਉਡਾਣ
ਭਾਵੇਂ ਪਰਸੇ ਅਸਾਂ ਨੇ, ਉੱਚੇ ਸੁੰਨ ਜਹਾਨ
ਸੁੱਧ ਬੁੱਧ ਤੇ ਮੱਤ ਦੇ, ਪਰਿਉਂ ਪਰੇ ਨਿਸ਼ਾਨ
ਫਿਰ ਵੀ ਮਾਖਿਉਂ ਮਿੱਠੜੇ, ਧੂਹ ਪਾਉਣ ਅਰਮਾਨ
ਚੂੜੇ ਭੰਨੇ ਪਲੰਘ ਤੇ, ਬਹੁ ਰਿਸ਼ਤੇ ਨਾਦਾਨ
ਮਾਂ ਭੈਣਾਂ ਭਰਜਾਈਆਂ, ਜੁੜ ਜੁੜ ਨਦੀ ਤੇ ਆਣ
ਅਤਿ ਉਡੀਕਾਂ ਲੰਮੀਆਂ, ਤਬਕਾਂ ਨੂੰ ਗਰਮਾਣ
ਲਾ-ਮਕਾਂ ਨੂੰ ਖਿੱਚਦੇ, ਜ਼ਿਮੀਂ-ਨਕਸ਼ ਦੇ ਤਾਣ
ਮਾਂ ਦੀ ਨਦਰ ਚੋਂ ਸਿੰਮਦੇ, ਤ੍ਰੇਲ ਜਿਉਂ ਭਖਦੇ ਬਾਣ

ਸਿਮਰਣ ਕੀਤੇ ਬਿਰਹਣਾਂ, ਵਿਚ ਰਾਂਗਲੇ ਧਿਆਨ,
ਤ੍ਰਿਖਿਧਿ ਧੁੰਧ 'ਚ ਵਿਗਸਦੇ, ਭੈਣਾਂ ਦੇ ਅਰਮਾਨ
ਲੰਮੇ ਜੁਗਾਂ 'ਚ ਟੁੱਟਦੇ, ਜਦ ਧਰਮਾਂ ਦੇ ਤਾਣ।
ਵਿਚ ਸਿੱਕਾਂ ਅੰਵਾਣੀਆਂ, ਦਰਦ ਮਜੀਠ ਸਮਾਣ
ਨਿੱਕੇ ਪਰਾਂ ਤੇ ਚਮਕਦੇ, ਉੱਚ ਗਗਨ ਦੇ ਹਾਣ
ਲਥ ਪਥ ਮਿੱਟੀ ਮੰਝ ਹੀ, ਮੁਨਸ ਹੋਣ ਪਰਵਾਨ।
ਭਾਵੇਂ ਪਰਬਤ ਜਿੱਤੀਏ, ਸੁਹਲ ਪਰਾਂ ਤੇ ਮਾਣ
ਟੀਡ ਲਵੇ ਮੰਝ ਬਾਰ ਜਾਂ, ਸੁਣੇ ਵਿਚ ਅਸਮਾਨ!"

ਤਦੋਂ ਆਦਿ ਬ੍ਰਹਿਮੰਡ ਨੂੰ, ਮਿਲੇ ਸ਼ਬਦ ਇਹ ਗਾ
ਤੁੰਦ ਵਾਟ ਤੇ ਪਰੀ ਜਿਉਂ, ਮਰਗ ਲੈਣ ਗਲ ਲਾ
ਦੇਣ ਸ੍ਰਿਸ਼ਟੀ-ਮੁੱਢ ਤੋਂ, ਕਣ ਬੇਜਾਨ ਜਗਾ
ਖ਼ਾਕ, ਰਾਖ, ਜਲ, ਪੱਥਰੀਂ, ਮੁਨਸ-ਜਿੰਦ ਦੇ ਸਾਹ!
ਮੇਘ-ਲਿਸ਼ਕ ਜਿਉਂ ਕਾਲ ਤੇ, ਵਿਛੇ ਕਰੋੜਾਂ ਰਾਹ
ਮਾਂ ਭੈਣ ਪਿਉ ਜਿੰਨ੍ਹਾਂ ਤੋਂ, ਮੀਤ ਮਿਲਣ ਸਭ ਆ,
ਸਸ ਵੀਰ ਭਰਜਾਈਆਂ, ਦੇਣ ਅਸੀਸਾਂ ਧਾਹ
ਇੱਕੋ ਲਿਵ ਨੂੰ ਢੂੰਡਦੇ, ਵਿਛੜੇ ਵਾਂਗ ਹਵਾ
ਇੱਕੋ ਪੱਤਣ ਮਿਲਣਗੇ, ਨਾਲ ਸਬੱਬ ਮਲਾਹ!
ਦਿਲ-ਪੈਗੰਬਰ ਠਹਿਰਸੀ, ਓਸੇ ਰਣ ਵਿਚ ਜਾ
ਚੰਦਰ ਭਾਨ ਦੇ ਖੂਹ ਨੇ, ਬਣਨਾ ਫੇਰ ਗ਼ਵਾਹ
ਬਾਲਾਂ ਵਾਂਗੂੰ ਮਿਲੇਗਾ, ਚਾ ਅੱਥਰ ਹਰ ਮਾਹ
ਰੱਖੀ ਸਾਵੇ ਪੱਤਰਾਂ, ਕਿਤੇ ਰਬਾਬ ਲੁਕਾ
ਜਿਸਨੂੰ ਪੰਖੀ ਨਾਠੜੀ, ਕਦੇ ਲੈਣ ਭਰਮਾ।

ਵਾਪਸੀ

ਸ਼ਬਦ ਅਜੈ ਗੁਰ ਨਾਲ ਸੀ, ਰੈਣ ਦਿਵਸ ਦੇ ਵਿਚ
ਉਤਰੇ ਚਿਲਕਾ ਝੀਲ ਤੇ, ਗੈਬੀ ਮਹਿਕ ਅਮਿੱਤ
ਕੰਠ ਪੰਖੀਆਂ ਵਿਗਸਦੀ, ਸੁਰ ਪਰਦੇਸਣ ਨਿੱਤ
ਸੁਣੇ ਆਦ੍ਰ ਹਰ ਕੁੰਟ ਚੋਂ, ਮੈਂ ਘਰ ਆਵਣ ਮਿੱਤ!
ਵਣ-ਵਿਸਮਾਦ ਚੋਂ ਲੰਘਦੀ, ਤਾਨ ਰਬਾਬ ਅਜਿੱਤ
ਬਿੰਧਿਆਚਲ ਦੇ ਪਰਬਤਾਂ, ਖੋਲ੍ਹੇ ਸਗਲੇ ਭਿੱਤ!

ਉਤਕਲ ਦੇਸ ਚੋਂ ਪਏ ਸੀ, ਸੰਦ ਵਾਂਗ ਗੁਰ ਚੱਲ
ਪਲ ਪਲ ਵਿਦਾ ਸੀ ਹੋਂਵਦੀ, ਮਹਾਂ ਨਦੀ ਦੀ ਛੱਲ
ਪੰਖੀ ਚਿਲਕਾ ਝੀਲ ਤੋਂ, ਗੀਤ ਮਗਰ ਰਹੇ ਘੱਲ
ਬਿਰਖ ਕਰੇਂਦੇ ਸੈਨਤਾਂ, ਅਮਰਕੰਟਕਾ ਵੱਲ
ਚੁੱਪ ਰਾਤ ਤੇ ਦਿਹੁ ਦੀ, ਚਾਏ ਜੁਗਾਂ ਦੀ ਗੱਲ
ਬਿੱਜਲੀ-ਪੂਜ ਕਬੀਲੜੇ, ਨਾਨਕ ਵੇਖਣ ਚੱਲ
ਪੜ੍ਹਦੇ ਅੰਤਮ ਅਰਥ ਨੂੰ, ਨਾਲ ਕੁਦਰਤਾਂ ਖੱਲ੍ਹ।
ਗੁਰ ਦੀ ਨਿਰਮਲ ਨਦਰ ਨੇ, ਵਾਰੇ ਅੰਮ੍ਰਿਤ-ਜਲ
ਭਾਵੇਂ ਬੰਨ੍ਹੇ ਜੰਗਲੀ, ਸੁੰਨੀ ਰਸਮ ਅਚੱਲ
ਕਪਲ ਮੁਨੀ ਦੇ ਵਣਾਂ ਤੇ, ਫਿਰ ਵੀ ਸੁਹਜ ਅਟੱਲ।
ਲਏ ਸੀ ਮਹੀਅਰ ਟੇਕਰੀ, ਮਹਾਂ ਦੇਵ ਜਦ ਮੱਲ
ਨੱਚੇ ਸ਼ਰਧਾ ਅੱਥਰੀ, ਵਿਚ ਲਿੰਗਾਂ ਦੇ ਝੱਲ
ਨਾਜ਼ਕ ਮਾਨਵ-ਚੇਤਨਾ, ਵਿਚ ਪਏ ਤਰਥੱਲ
ਸ਼ਬਨਮ ਗੁਰ-ਪੈਗਾਮ ਦੀ, ਅੱਗ ਲਈ ਹਰ ਠੱਲ੍ਹ।

ਤਾਨ ਰਬਾਬ ਦੀ ਅੰਬਰੀ, ਗੁਰ-ਆਵੇਸ਼ ਦੇ ਰੰਗ
ਸੋਨ ਨਰਬਦਾ ਜਲਾਂ ਦੀ, ਬਣ ਬਣ ਆਉਣ ਤਰੰਗ।
ਦੋ ਨਦੀਆਂ ਇਹ ਇਸ ਤਰਾਂ, ਜਿਉਂ ਰਕਾਨ ਦੇ ਅੰਗ
ਲਹਿਰਾਂ ਵਿੱਚੋਂ ਗੁਜ਼ਰਦੀ, ਛਣਕ ਛਣਕ ਕੇ ਵੰਗ
ਇਹ ਅਲਬੇਲੀ ਨੈਂ ਦਾ, ਕਰਨ ਕਮਲ ਜਿਉਂ ਸੰਗ
ਜਬਲਪੁਰ ਦੀ ਦਿਹਲੜੀ, ਚਰਨ ਪਰਸਦੀ ਕੰਬ
ਚਿਤ੍ਰਕੂਟ ਤੇ ਲਹਿਰਦੀ, ਫਿਰ ਗੁਰ-ਦਰਸ ਤਰੰਗ।
ਗਿਆ ਪੈਗੰਬਰ ਅਜਨਬੀ, ਬਿੰਧਿਆਚਲ ਨੂੰ ਲੰਘ
ਨਾਲ ਬਾਲਪਨ ਮੀਤ ਸੀ, ਦੂਜਾ ਮੀਤ ਸੀ ਪੰਧ!

ਚਿਤ੍ਰਕੂਟ ਇਉਂ ਮਹਿਕਿਆ, ਗੁਰ ਢੁੱਕੇ ਜਾਂ ਪਾਸ
ਥਲ ਨੂੰ ਆਵਣ ਯਾਦ ਜਿਉਂ, ਸੁੱਕੀ ਨੈਂ ਦੇ ਸਾਸ;
ਫਲੀ ਬੇਰ ਜਿਉਂ ਮਉਲਦੇ, ਸੁੰਞੇ ਧਰਮ-ਨਿਵਾਸ
ਰੁਲਦੀ ਸਿੱਪ ਦੇ ਸੀਸ ਤੇ, ਸਿੰਧ ਝੁਕੇ ਆ ਖ਼ਾਸ;
ਚਿਤ੍ਰਕੂਟ ਮੁੜ ਜਾਗਦੀ, ਰੂਹ ਭੁੱਲੀ ਦੀ ਪਿਆਸ
ਜਿਵੇਂ ਰੇਤ ਚੋਂ ਆਂਵਦੀ, ਵਗੇ ਨੀਰ ਦੀ ਬਾਸ।

ਬੂਰ ਨ ਰਾਮ-ਵਿਜੋਗ ਤੇ, ਸਿਵੇ ਬਣੇ ਅਹਿਸਾਸ
ਮੁੱਖ ਸਰਾਲ ਦਾ ਖੁੱਲਿਆ, ਦਫ਼ਨ ਹੋਏ ਇਤਿਹਾਸ
ਵਣਾਂ ਦਾ ਓਹੀ ਹੁਸਨ ਸੀ, ਸੰਤ-ਬਚਨ ਪਰ ਨਾਸ
ਭੁੱਲ ਵਿਕਰਾਲ ਨੂੰ ਭੁੰਚਦਾ, ਨਾਨਕ ਦਾ ਧਰਵਾਸ;
ਖੰਭ ਜਲੇ ਜਦ ਸਮੇ ਦੇ, ਜਾਗ ਪਈ ਅਰਦਾਸ
ਜੁਗ-ਸੁੱਤੀ ਇਕ ਪਰੀ ਦੀ, ਗੰਧ 'ਚ ਜਿਵੇਂ ਹੁਲਾਸ। -4-

ਰੁਹੇਲਖੰਡ ਵਿਚ ਗੁਰੂ ਨਾਨਕ ਸਾਹਿਬ ਇਕ ਗੋਲੇ ਦੇ ਰੂਪ ਵਿਚ; ਗੁਰੂ, ਸੰਤ ਤੇ ਵਲੀ (ਪੈਗੰਬਰ) ਦੀ ਪਛਾਣ ਦੇ ਸੰਕਟ ਅਤੇ ਉਹਨਾਂ ਦੀ ਗ਼ੁਲਾਮੀ ਦੇ ਰਹੱਸ

ਸਦੀਆਂ ਵਿਚ ਇੰਜ ਇਕਲਾਪੇ
ਭੁੱਲੇ ਰੁਲੇ ਘਾਇਲ ਸੰਤਾਪੇ
ਕੁਦਰਤ ਖ਼ਾਕ ਮੌਤ ਨੇ ਦੱਬੇ
ਪੈਰ-ਚਿੰਨ ਰਿਸ਼ੀਆਂ ਦੇ ਸੱਭੇ।
ਦਾਮਨ ਬਹੁ ਧਰਮਾਂ ਦੇ ਛੁੱਟੇ
ਰੁਲਣ ਨਿਖੱਤੇ, ਭੁੱਲ-ਨਿਖੁੱਟੇ
ਖੜਸੁੱਕ ਚਿਹਨ ਜ਼ਿਮੀਂ ਦੇ ਬਾਕੀ
ਨਿਗਲੀ ਛਾਰ ਸਬਜ਼ ਹਰ ਝਾਕੀ!
ਕਣ ਕਣ ਕਾਲ ਕਰੇ ਫ਼ਰਿਆਦਾਂ:
"ਸੁੰਗੜ ਜਾਣ ਪੈਗੰਬਰ-ਯਾਦਾਂ।
ਬਿੰਦੂ ਵਾਂਗ ਦਿਸਣ ਧਰ ਉੱਤੇ
ਰੂਹ ਦੇ ਦੇਸ ਧੂੰ ਵਿਚ ਸੁੱਤੇ!
ਨਾ ਪੈਗਾਮ ਸਬਜ਼, ਨਾਂ ਅੱਥਰ
ਸੁੱਕ ਨਿਸ਼ਾਨ ਹੋਣ ਸਭ ਪੱਥਰ!
ਇਹ ਤਾਂ ਕਿੱਲ ਮਸੀਹ ਤਨ ਗੱਡੇ
ਲਾਡ ਨਾ ਆਦਿ ਛੂਹ ਦੇ ਵੱਡੇ।
ਸਭ ਇਤਿਹਾਸ ਰੂਹ ਬਿਨ ਅੰਧੇ
ਖ਼ੁਸ਼ਕ ਨਿਸ਼ਾਨ ਰਸਮ ਦੇ ਫੰਧੇ।"
ਸੁਣ ਇਹ ਵਾਰਨ ਨਦਰ ਅਚਾਨਕ
ਹੁਕਮ-ਤਾਨ ਦੀ ਵਾਟ 'ਚ ਨਾਨਕ

ਨਾਂ ਥਾਂ ਕਰੇ ਸੁਰਤ ਇਉਂ ਪੂਰੇ
ਜੋ ਬਿਨ ਹੁਕਮ-ਤਾਨ ਬੇਨੂਰੇ
ਅੰਗ ਜਿਵੇਂ ਪੂਰਨ ਦੇ ਬੁੱਚੇ
ਤਕ ਗਗਨ ਦਯਾ ਦੇ ਉੱਚੇ
ਹੁਕਮ ਦੀ ਕੋਮਲ ਤਰਜ਼ ਪਰੁੱਚੇ
ਹੋਣ ਅਰੋਗ ਨੂਰ ਜਿਉਂ ਸੁੱਚੇ।
ਮਹਾਂ ਨੇਸਤੀ ਚੋਂ ਖਿੜ ਕੰਮੀ
ਬਾਲ ਵਾਂਗ ਉਮ੍ਹਲੇ ਵਲ ਧੰਮੀ
ਜਿਸ ਵਿਚ ਪਲਣ ਆਸ ਲੈ ਲੰਮੀ
ਪੂਰਨ ਜੁਗ ਦੇ ਬੀਜ ਅਗੰਮੀ;
ਕੁਦਰਤ ਦੇ ਭਿੱਤ ਨੂਰਾਨੀ
ਆ ਖੋਲ੍ਹੇ ਵਿਸਮਾਦ ਤੂਫ਼ਾਨੀ।

ਤਿੱਖੇ ਵਹਿਣ ਵਾਂਗ ਤਲਵੰਡੀ
ਪਾਉਂਦੀ ਧੂਹ ਦਿਲਾਂ ਚੋਂ ਲੰਘੀ
ਚਿਰ ਤੋਂ ਧੁੰਧ-ਡੁੱਬੀਆਂ ਯਾਦਾਂ
ਪੂਰਨ ਹੋਣ ਨਾਲ ਵਿਸਮਾਦਾਂ;
ਗੁਰ ਐਪਰ ਤਕ ਖ਼ਲਕਤ ਅੰਧੀ
ਕੁਝ ਮਾਹ ਛੋੜੀ ਬਿਮਲ ਬੁਲੰਦੀ।
ਦਾਨਾ ਛੱਡ ਵਣਾਂ ਵਿਚ ਚੱਲੇ
ਮਹਾਂ ਕਾਲ ਵਿਚ ਗੁਰੂ ਇਕੱਲੇ।
ਘਣੇ ਰੁਹੇਲਖੰਡ ਦੇ ਜੰਗਲ
ਜਿਵੇਂ ਭਯਾਨ ਸੋਚ ਦੇ ਮੰਡਲ
ਦੱਸਣ ਪਏ ਫ਼ਰੇਬੀ ਰਾਹਾਂ
ਵਸਣ ਵਿਚ ਜੋ ਹੌਲਦੇ ਸਾਹਾਂ
ਇਹਨੀਂ ਰਾਹੀ ਬਹਿ ਸਿਲ ਉੱਤੇ
ਗੁਰ ਵੇਖਣ ਪਗ ਕਾਲ ਦੇ ਪੁੱਠੇ
ਫਿਰ ਇਕ ਫ਼ਜਰ ਨੂੰ ਉਥੋਂ ਲੰਘੇ
ਸਾਕਤ ਚੋਰ ਦਿਲਾਂ ਦੇ ਮੰਦੇ
ਨਾਲ ਜਲਾਲ ਕਰਨ ਅਸਵਾਰੀ
ਨਜ਼ਰ ਮੀਸਣੀ ਤੇ ਹਤਿਆਰੀ
ਮੁਣਸ ਵਿਹਾਜਣ ਇਹੋ ਵਪਾਰੀ
ਸੁੱਥੇ ਨੈਣ ਕਿਤੇ ਨ ਯਾਰੀ

ਰਹਿਬਰ ਘੋੜ ਸਵਾਰ ਰੁਹੇਲਾ
ਵੇਖੇ ਸਿਲ ਤੇ ਪੀਰ ਨਵੇਲਾ।
ਬਿਸਮੇ: "ਬੇਨਜ਼ੀਰ ਨਰ-ਝਾਕੀ
ਪਕੜਾਂ, ਵੇਚਾਂ, ਲਵਾਂ ਅਰਾਕੀ।"
ਤਦ ਗੁਰ ਤੱਕੇ ਫੇਰ ਰੁਹੇਲੇ
ਚੜੀ ਹਲਾਹਲ ਭੈ ਸੀ ਮੇਲ੍ਹੇ।
ਨਕਸ਼-ਹਯਾਤੀ ਹੋਰ ਹੀ ਜਾਪਣ
ਮੁਣਸ-ਨੇਮ ਸੁਰ ਨਵੀਂ ਅਲਾਪਣ
ਸਾਕਤ ਚੋਰ ਚੰਡਾਲ ਨੂੰ ਬੰਨ੍ਹਣ
ਸਾਧ ਦਾ ਜ਼ੋਰ ਧਰਤ ਤੇ ਥੰਮ੍ਹਣ
ਲੈ ਲੈ ਤਾਜ ਸਿਤਾਰੇ ਖੇਲ੍ਹੇ
ਗੁਰ ਕਾਇਨਾਤ ਚ ਰਹੇ ਅਕੇਲੇ।

ਅਣੀ ਅਜੈ ਗੁਰ-ਨੂਰ ਦੀ ਐਪਰ
ਸਾਕਤ ਦਾ ਦਿਲ ਵਿੰਨ੍ਹੇ ਕਿਉਂਕਰ!
ਬਿਨ ਮੂਸਾ ਨ ਤੂਰ ਦੀ ਟਹਿਕਰ
ਕਿੰਜ ਚਮਕੇ ਇਬਲੀਸੀ ਪੈਕਰ?
ਸੁੰਨ-ਪ੍ਰੋਤੇ ਨੇੜੇ ਲੱਖਾਂ
ਦਿਲ-ਨੂਰ ਦੀਆਂ ਵਿੰਨ੍ਹਣ ਅੱਖਾਂ
ਤਪਣ ਖ਼ਲਾਅ, ਰੂਹ ਨੂੰ ਵਲਦੇ
ਸੋ ਦਰੁ ਦੀ ਹਰ ਪੈੜ ਨੂੰ ਛਲਦੇ
ਸਾਂਭੇ ਨਿਰਾ ਹੀ ਦੰਭ ਉਚੱਕਾ
ਸੁਮਨ 'ਚ ਨਾਗ ਜਿਵੇਂ ਵਿਹੁ-ਮੱਤਾ
ਝੀਲ 'ਚ ਜਿਵੇਂ ਮੱਛ ਹਤਿਆਰਾ
ਲਹੂ-ਉਡੀਕ 'ਚ ਵਲਿਆ ਸਾਰਾ
ਗੁਰ ਨੂੰ ਵੇਖੇ ਇੰਜ ਰੁਹੇਲਾ
ਮਹਿਕੇ ਭਾਵੇਂ ਸਮਾਂ ਸੁਹੇਲਾ।

ਕਹਿਰ ਅਭਿੱਜ ਚੁੱਪ ਵਿਚ ਉੱਡੇ
ਸਾਕਤ ਕਰੇ ਕਾਲ ਸਭ ਬੁੱਢੇ
ਇਕ ਰਈਸ ਨੂੰ ਮਿਲੇ ਰੁਹੇਲਾ
ਦਿਲ ਕੰਬੇ ਜਿਉਂ ਅੰਤਮ ਵੇਲਾ

ਗੁਰ ਗ਼ੁਲਾਮ ਬਣਾ ਕੇ ਵੇਚੇ
ਦੋ ਘੋੜਾਂ ਦੇ ਮੁੱਲ 'ਚ ਮੇਚੇ
ਸੀ ਰਈਸ ਦੇ ਜਿਗਰੇ ਲੰਮੇ
ਪੀਰੀ ਦੇ ਜਿਸ ਕਰੇ ਮੁਲੰਮੇ
ਭੁੱਲ ਭੁਲਾ ਕੇ ਇਲਮ ਰੂਹਾਨੀ
ਬਣਿਆਂ ਕਿਸੇ ਨਜੂਮ ਦਾ ਬੱਾਨੀ;
ਨਾਲ ਗੁਮਾਨ ਦਾਤ ਇਲਹਾਮੀ
ਦਾ ਬੰਨ੍ਹੇ ਇਕ ਠਾਠ ਅਵਾਮੀ
ਛੁਪ ਛੁਪ ਹਉਂ ਹਿਰਸ ਵਿਚ ਹਸਦਾ
ਬਾਹਰੋਂ ਨਰਮ ਸ਼ਾਖ ਜਿਉਂ ਰਸਦਾ
ਕੂੜ ਖ਼ੁਦੀ ਦਾ ਥਾਪੇ ਧੰਧਾ
ਯਾਰ ਹਲੀਮ ਬਣੇ ਦਰ-ਬੰਦਾ
ਪਾਵਨ ਸਦਾ ਪੀਰ ਦਾ ਚੋਲਾ
ਰੰਗ ਕਸੁੰਭਾ ਜਲਸੀ ਢੋਲਾ।
ਅਕਲ ਕਰਮ ਵਿਚ ਪਏ ਘਚੋਲਾ
ਸਾਰ ਨ ਗੁਰ ਮੁਰੀਦ ਜਾਂ ਗੋਲਾ।
ਲਫ਼ਜ਼ ਦੇ ਖੋਲ ਗੂੰਜਦੇ ਖ਼ਾਲੀ
ਸੁਣੇ ਨਮਾਜ਼ ਨ ਪੀਰਾਂ ਵਾਲੀ।

ਦੂਰ ਰੁਹੇਲਖੰਡ ਇਕ ਪਾਸੇ
ਸੰਗ ਮਜ਼ਾਰਾਂ ਪੀਰ ਦੇ ਵਾਸੇ
ਆਵਣ ਨਾਲ ਅਕੀਦਤ ਟੋਲੇ
ਉਸ ਥਾਂ ਗੁਰ ਸਨ ਪੀਰ ਦੇ ਗੋਲੇ
ਜੈਂਦੀ ਨਾਰ ਚੁੱਪ ਵਿਚ ਡੋਲੇ
ਸੀ ਹੈਰਾਨ ਜਗਤ ਨਾ ਬੋਲੇ।
ਅੰਤ ਪੀਰ ਨਾਨਕ ਨੂੰ ਸੱਦੇ
ਬਲੀ ਨਗਾਰਾ ਸਮੇ ਦਾ ਵੱਜੇ।
ਪੀਰ ਕਹੇ: "ਵੁਜ਼ੂ-ਜਲ ਲਿਆਵੇ
ਵਕਤ ਨਮਾਜ਼ ਖੂਹ ਵਲ ਜਾਵੇ।"
ਗੁਰ ਕਹਿਣ: "ਜਲ-ਵੁਜ਼ੂ ਦੇ ਮੁੱਕੇ
ਮੁੱਢ ਕਦੀਮੀ ਖੂਹੇ ਸੁੱਕੇ।"
ਹਰ ਮਨ ਸੁਖ਼ਨ ਸੁਣੇ ਇਹ ਮੰਨੇ
ਧੁੰਮੀ ਗਲ ਦੇਸ ਹਰ ਬੰਨੇ।

ਜੋ ਸੀ ਹੁਣੇ ਪੀਰ ਦਾ ਬਰਦਾ
ਹਾਕਮ ਜਾਪ ਰਿਹਾ ਸੀ ਧੁਰ ਦਾ।
ਧਨੀ ਝੁਕੇ ਵਲ ਹੁਕਮ ਦੇ ਹੰਨੇ
ਲਾਹ ਪੀਰੀ ਦੇ ਕੁਲ ਮੁਲੰਮੇ।
ਵੇਖੇ ਦੂਰ ਨਜੂਮ ਦਾ ਵੱਾਲੀ:
ਜਲ ਥਲ ਖੂਹ ਅਮਲ ਸਭ ਖ਼ਾਲੀ।
ਦਿਸਣ ਨ ਸੱਚ ਵਿਗਾਸ ਸੁਵੰਨੇ
ਕਾਲ ਪਤਾਲ 'ਤਾਲ ਸਭ ਅੰਨ੍ਹੇ।

ਤਦ ਲੋਕਾਂ ਦਾ ਜੁੜਿਆ ਮੇਲਾ
ਕੌਣ ਸੰਤ ਧ੍ਰੂਵ ਵਾਂਗ ਅਕੇਲਾ
ਸਿਰਜ ਆਪ ਪ੍ਰਲੈ ਦਾ ਵੇਲਾ
ਵਿਚ ਵਿਗਾਸ ਰਹੇ ਅਲਬੇਲਾ।
ਅਜ਼ਲ ਅਬਦ ਤੀਕ ਜੋ ਵਰਤੇ
ਸੋਈ ਰਮਜ਼ ਪੀਰ ਵਲ ਪਰਤੇ
ਸਦੀਆਂ ਲਾ ਧ੍ਰੂਵਾਂ ਦੇ ਲੇਖੇ
ਪੰਘਰ ਬੂੰਦ ਜਿਉਂ ਸਾਗਰ ਦੇਖੇ
ਲੰਘ ਮੁਰੀਦ ਖੜਾ ਹੋ ਸਾਹਵੇਂ
ਤਿਖ ਦਾ ਰਾਜ਼ ਉਹੀ ਜੋ ਸਾਹਵੇਂ।
ਭਟਕ ਕਰੇ ਜਿਸ ਪੈੜ ਦੇ ਲੇਖੇ
ਦਰਦ ਪਛਾਣ ਅੰਤ ਉਹ ਵੇਖੇ।
ਸੀਸ ਝੁਕੇ, ਕੁਝ ਨੈਣ ਵੀ ਛਲਕੇ
ਚੀਸ ਗੁਨਾਹ, ਆਸ ਵੀ ਝਲਕੇ।
ਵਿਲਕ ਪਿਆ ਭਟਕਿਆ ਸਾਂਈਂ:
"ਕਿਉਂ ਲੰਘੀ ਇਹ ਅਉਧ ਅਜਾਈਂ!
ਬਸ਼ਰ ਦੀ ਹੱਦ, ਵਲੀ ਦੇ ਪੈਂਡੇ
ਵਿਚ ਹਜੂਮ ਫ਼ਰਕ ਨ ਰਹਿੰਦੇ।
ਕਾਮਲ ਨਕਸ਼ ਰੂਹ ਦੇ ਤੇਰੇ
ਜ਼ੁਹਦ ਪਛਾਣ ਸਕੇ ਨਾ ਮੇਰੇ।
ਰੂਹ ਦੀਆਂ ਗੁੰਮਨਾਮ ਲਕੀਰਾਂ
ਨਾ ਢੂੰਡਣ ਅਕਲਾਂ ਤਦਬੀਰਾਂ
ਮੈਂ ਜਦੋਂ ਇਬਲੀਸ ਨੇ ਛਲਿਆ
ਤਿਰੇ ਵਿਹਾਜਣ ਦੀ ਰੁੱਤ ਵਲਿਆ

ਬੇਨਿਸ਼ਾਂ ਤਦ ਬਸ਼ਰ-ਉੱਚਾਣਾਂ
ਤੇਂਡੀ ਹਸਤੀ ਦੀਆਂ ਉਡਾਣਾਂ
ਦੱਸਣ ਲਈ ਉਸ ਪਲ ਦੇ ਉੱਤੇ
ਕਿਉਂ ਨ ਹੜ੍ਹ ਹੈਰਤ ਦੇ ਫੁੱਟੇ ?
ਕਿਉਂ ਨਾ ਭੈ ਕਾਂਬੇ ਵਿਚ ਅਕਲਾਂ,
ਤੈਨੂੰ ਢੂੰਡ ਸਕੇ ਵਿਚ ਸ਼ਕਲਾਂ ?
ਰਹੇ ਸ਼ਊਰ ਮੇਰੇ ਨਾਬੀਨੇ
ਕਰ ਦੀਦਾਰ ਤਿਰਾ ਕਿਉਂ ਧੀਮੇ ?"
ਪੀਰ ਨੂੰ ਧੁਨੀ ਸੁਣੇਂਦੀ ਦੂਰੋਂ
ਜੋ ਲਹਿਰੇ ਨਿਰਬਾਣ-ਸਰੂਰੋਂ
ਨੰਨ੍ਹੇ ਪੱਤ ਬਿਰਖ ਦੇ ਸੰਗਣ
ਅੰਬਰ ਨਾਲ ਮਸੂਮੀ ਰੰਗਣ
ਗੁਪਤ ਸੂਰਜਾਂ ਸਾਗਰ ਥੱਲੇ
ਰਹਿਮ ਲੁਕੇ ਮੱਛਾਂ ਵਲ ਘੱਲੇ।

ਸੰਝ ਰੁਹੇਲ ਵਣਾਂ ਤੇ ਡੋਲੇ
ਕਿਸ ਮਹਾਂ ਸੰਜੋਗ ਨੂੰ ਟੋਲੇ
ਪਹੇ ਗੁਫ਼ਾ ਚੋਟੀਆਂ ਫੋਲੇ
ਵਿਛੜੇ ਕਦੇ ਜੁ ਪੰਖੀ ਬੋਲੇ;
ਸੰਝ 'ਚ ਸੁਖ਼ਨ ਗੁਰੂ ਤਦ ਘੋਲੇ
ਸਦੀਆਂ ਤਕ ਉਸ਼ਾ ਦਰ ਖੋਲ੍ਹੇ :
"ਸੁਣੋ ਸ਼ੇਖ਼ ! ਜਗ ਕੂੜ ਪਸਾਰਾ
ਖੋਟਾ ਖਰਾ ਬਣੇ ਉਜਿਆਰਾ
ਸੁਰਤ ਗਿਆਨ ਸ਼ੌਕ ਤੇ ਦੇਹੀ
ਜੋ ਛਡ ਜਾਸਨ ਅੰਤ ਸਨੇਹੀ
ਤਿਨਾਂ ਦੀ ਖਿੱਚ ਖਾਣ ਜੋ ਬੰਦੇ
ਕਰਨ ਮਾਣ ਮਾਲਕੀ ਸੰਦੇ
ਸੋ ਨਰ ਬੁੱਤ ਅਗਮ ਦੇ ਘੜਦੇ
ਸੁੱਖੇ ਚਿਤ੍ਰ ਦੇ ਹੋਵਣ ਬਰਦੇ
ਤਦ ਫੈਲਣ ਨਕਲਾਂ ਦੇ ਧੰਧੇ
ਬਾਹਰੋਂ ਸ਼ੇਖ਼ ਨਬੀ, ਮਨ ਅੰਧੇ।
ਕਾਲੁ ਜਾਲੁ ਜਿਹਵਾ ਅਰੁ ਨੈਣੀ॥
ਕਾਨੀ ਕਾਲੁ ਸੁਣੈ ਬਿਖੁ ਬੈਣੀ॥

ਜਿੰਦ ਜੁ ਕੱਚੀ ਹੋਂਦ 'ਚ ਖੀਵੀ
ਭੁੱਲ ਜਾਂਦੀ ਹੈ ਸਫ਼ਰ ਸਦੀਵੀ।
ਭਾਵੇਂ ਕੌਲ ਧਰਤ ਦੇ ਧੁੱਗੇ
ਦਾਲ਼ ਚੋਂ ਹਰੀ ਸ਼ਾਖ ਨ ਉੱਗੇ।
ਊਂਧੋ ਕਵਲੁ ਸਗਲ ਸੰਸਾਰੈ ॥
ਦੁਰਮਤਿ ਅਗਨਿ ਜਗਤ ਪਰਜਾਰੈ ॥
ਸਰਬ ਸੁਰਤ ਤੇ ਚੜ੍ਹੇ ਕਰਾਰਾ
ਜਮ ਵਰਗਾਂ ਇਕ ਧੁੰਧੂਕਾਰਾ।
ਕੋ ਪਰਪੰਚ ਧਰਤ ਨੂੰ ਡੰਗੇ
ਨੂਰਨ ਮੁਣਸ-ਚੇਤਨਾ ਵੰਧੇ
ਹੋਂਦ ਦਾ ਸੱਚ ਖੜੇ ਹੋ ਮੂਰਾ
ਜਿੰਦ ਖਿਨਾਂ ਪਰ ਦਿੱਖ 'ਚ ਪੂਰਾ।
ਮਿਟੈਂ ਪਰਖ ਤਾਂ ਫ਼ਰਕ ਨ ਜਾਪੇ
ਕੱਚੇ ਮਰਦ ਪੀਰ ਸਭ ਥਾਪੇ।
ਜਕੜ ਪਵੇ ਚੇਤਨਾ ਅੰਦਰ
ਦਾਸ ਹੋ ਵਿਕਣ ਅਸਲ ਪੈਗ਼ੰਬਰ।"
ਸੁਰ ਅਨੂਪ ਸੁਣਿ ਵਣਾਂ 'ਚ ਗੂੰਜੀ
ਗੁਪਤ ਕਾਲ ਦੂਰੀਏਂ ਕੂੰਦੀ
ਜਿਵੇਂ ਦੁਆ ਸਿੰਮੇ ਵਿਚ ਰੂਹੀਂ
ਨੀਰ ਛਲਕ ਪਏ ਆ ਖੂਹੀਂ
ਸ਼ੇਖ਼ ਵਜਦ ਵਿਚ ਕਰੇ ਸਲਾਮਾਂ
ਅੱਸੂ ਮਾਹ ਮਧੁਰ ਬਹੁ ਸ਼ਾਮਾਂ
ਸਜਦੇ ਵਿਚ ਵਸਣ ਗੁਰ ਪੂਰੇ
ਛੁਪੇ ਸਮੇ ਦੇ ਸ਼ਾਹਾਂ ਮੂਹਰੇ
ਹਿੰਸਾ ਤਪੇ, ਹਲਾਹਲ ਖੌਲੇ
ਗੁਰੂ ਦਾ ਸਬਰ ਕੈਦ ਵਿਚ ਮਉਲੇ
ਸ਼ੇਖ਼ ਉਡਾਣ ਭਰੇ ਤਾਂ ਵੇਖੇ
ਜਾਬਰ ਸ਼ਾਹ ਸਭ ਵਿਚ ਭੁਲੇਖੇ
ਚੱਕੀ ਘੁੰਮ ਰਹੀ ਗੁਰ ਜਾਣੇ
ਬੇਵਸ ਸ਼ਾਹ ਖੜੇ ਹੈਰਾਨੇ
ਬੋਧ ਅਗਾਧ ਰਵੀ ਜਿਉਂ ਅੰਦਰ
ਚਮਕ ਚਮਕ ਵੇਖੇ ਪੈਗ਼ੰਬਰ।

ਜੁੜਣ ਰੁਹੇਲਖੰਡ ਰੁੱਖ-ਭੀੜਾਂ
ਗੁਰੂ ਇਕੱਲੇ ਜਦੋਂ ਅਖ਼ੀਰਾਂ।
ਬਹੁਤ ਅਜ਼ਾਦ ਹੋਇ ਸਭ ਪੈਂਡੇ
ਭੇਖ ਪੁਲਾੜ ਧਰਤ ਦੇ ਲੀਰਾਂ!
ਨਾਨਕ ਪਰਸ ਪਰਸ ਕੇ ਲੰਘਣ
ਚਾਅ ਪੰਖੀ ਦੇ ਢੁੱਕ ਸਮੀਰਾਂ।
ਧੂੜ ਚੋਂ ਜਾਗ ਮਹਿਕਦੇ ਹੌਕੇ
ਨਜ਼ਰ ਕਿਹੀ ਪਾਈ ਰਾਹਗੀਰਾਂ!
ਕਿਹੜੇ ਜੁਗ ਦੀ ਲਹਿਰ ਉਡੀਕਣ?
ਪੰਖੀ ਆ ਬੈਠੇ ਨੈਂ-ਤੀਰਾਂ।
ਜੋਗੀ ਜਤੀ ਸਤੀ ਆ ਮਿਲਦੇ
ਰਲਣ ਅਨੰਦ ਨਾਲ ਦਿਲਗੀਰਾਂ।
ਵਣਾਂ 'ਚ ਫੇਰ ਰੁਹੇਲਾ ਮਿਲਿਆ
ਤਪ ਤਪ ਦਹਿਲੇ ਵਾਂਗ ਅਸੀਰਾਂ।
ਤੰਦ ਬਣੀ ਆ ਸੈਂਤ-ਗੁਲਾਮੀ
ਜਰੇ ਉਮਰ ਕੈਦ ਦੀਆਂ ਪੀੜਾਂ।
ਆਇ ਬੁਲਾਵਣ ਚਮਕਿ ਬਿਜਲੀਆਂ
ਖੁਰਿਆ ਜੋ ਰੰਗ ਵਿਚ ਜ਼ਮੀਰਾਂ।

ਫਿਰ ਗੁਰ ਯਾਦ ਕਰਨ ਮਰਦਾਨਾ
ਫੜੀ ਰਬਾਬ ਜਗਤ-ਅਰਮਾਨਾਂ।
ਮਾਰੀ ਵਾਜ ਗੁਰੂ ਨੂੰ ਦੂਰੋਂ
ਨਵੇਂ ਪੰਥ ਦੇ ਕੋਟ ਮੁਕਾਮਾਂ।
ਦੇਸ ਬਿਦੇਸ ਗੁਰੂ ਸੀ ਸਿਮਰੇ
ਕਦੇ ਗੁਨਾਹ, ਕਦੇ ਈਮਾਨਾਂ।
ਬਣਿਆਂ ਕੁਫ਼ਰ ਬਾਲ ਜਿਉਂ ਨੰਨ੍ਹਾ
ਚਮਕੇ ਇਸ਼ਕ ਸੀਸ ਇਲਹਾਮਾਂ।
ਨਸ਼ਾ ਹਯਾਤੀ ਦਾ ਫ਼ਜਰਾਂ ਨੂੰ
ਬਣੇ ਮਸੀਹਾ ਜਿਵੇਂ ਜ਼ਮਾਨਾ।
ਫ਼ਿਤਰਤ ਜਦੋਂ ਸ਼ਬਦ ਚੋਂ ਜਾਗੀ
ਲਭਸੀ ਅਸਲ ਗੁਰੂ ਦਾ ਠਾਣਾ।

ਸਜਦੇ ਰੱਖੇ ਵਾਂਗ ਅਮਾਨਤ
ਸਾਵੇ ਪੱਤਾਂ ਵਿਚ ਅਸਮਾਨਾਂ।
ਤ੍ਰੋਲ-ਚੁੱਪ ਵਿਚ ਤਾਂਘਾਂ ਬੀਜਣ
ਇਸ ਪਲ ਬਦਲੇ ਦਿਲ ਤੂਫ਼ਾਨਾਂ।
ਸਿੱਖ, ਰਬਾਬ, ਗੁਰੂ ਇਕ ਹੋਏ
ਮਿਲਿਆ ਨਾਨਕ ਨੂੰ ਮਰਦਾਨਾ। -9-

ਭਾਗ ਚੌਥਾ

(ਬੈਂਤ)

ਵਾਪਸੀ : ਮੁਰੀਦ ਦੀ ਤਲਬ ਦੇ ਝਲਕੇ ਅਤੇ ਉਡੀਕ ਦਾ ਤੇਜ

1

ਦੂਰ ਖੰਡ ਰੁਹੇਲ ਦੇ ਮੀਤ ਬਿਰਖਾਂ
ਪੱਤ ਪੱਤ ਗੁਰ-ਦੀਦ ਵਿਚ ਰੰਗਿਆ ਸੀ।
ਛਲੀਏ ਅਦਨ ਦੇ ਬਾਗ਼ ਤੋਂ ਜ਼ਿਮੀਂ ਤੀਕਣ
ਮੋਂਹਦਾ ਜਿੰਦ ਨੂੰ ਅਜਨਬੀ ਲੰਘਿਆ ਸੀ।
ਭਾਵੇਂ ਅੰਤ ਸੰਜੋਗ ਦੀ ਰਾਤ ਅਉਣੀ
ਹਿੱਸਾ ਬ੍ਰਿਹੁੰ ਵੀ ਆਪਣਾ ਮੰਗਿਆ ਸੀ;
ਕੀਤੇ ਕੋਟ ਈਮਾਨ ਦੇ ਸਫ਼ਰ ਭਾਵੇਂ
ਦਾਨਾ ਦਰਦ ਤਲਵੰਡੀ ਦੇ ਡੰਗਿਆ ਸੀ।

ਚਿਰ ਤੋਂ ਵਿਲਕਦੀ ਆਗਰੇ ਵਿਚ ਜੱਸੀ,
ਦੁਰਗਮ ਸੱਚ ਨੇ ਦਿਲੇ ਨੂੰ ਮੁੱਠਿਆ ਸੀ।
ਨਕਲਾਂ ਡੂੰਘੀਆਂ ਕਿਤੇ ਜ਼ਮੀਰ ਬੰਨ੍ਹੀ,
ਕੰਠ ਸੁੱਚੜੇ ਨਾਦ ਦਾ ਕੁੱਠਿਆ ਸੀ।
ਨਾਨਕ ਨਾਲ ਚੜ੍ਹੀਆਂ ਧੁੱਪਾਂ ਵੇਖਣੇ ਨੂੰ,
ਚਾਅ ਸਾਗਰੀ ਤਲੇ ਚੋਂ ਫੁੱਟਿਆ ਸੀ।
ਤਾਂਘੀ ਰਿਸ਼ਮ ਦਾ ਹਿਮ-ਪਤਾਲ ਵਿੱਚੋਂ
ਗਮਕ ਸੁਣੀ ਤਾਂ ਨੀਂਦ ਚੋਂ ਉੱਠਿਆ ਸੀ।

ਅੰਬਰ ਸਦਾ ਅਣਭਿੱਜ ਹੋ ਰੋਕ ਲੈਂਦੇ
ਜੱਸੀ ਸਿਮਰ ਜੋ ਅੱਥਰੂ ਵਾਰਦੀ ਸੀ।
ਸ਼ਿਵ, ਕਾਨ ਤੇ ਰਾਮ ਦੇ ਚਿਤ੍ਰ ਅੱਗੇ
ਮਾਯਾ ਕੰਧ ਅਨੂਪ ਉਸਾਰਦੀ ਸੀ।
ਗਾੜ੍ਹੇ ਤਾਮਸੀ ਸਿੰਧ ਅਗਾਧ ਅੰਦਰ
ਭਾਰੇ ਯਾਦ ਦੇ ਖੰਭ ਉਤਾਰਦੀ ਸੀ।
ਲੱਗੀ ਛੁਹ ਕੀ ਖਾਰਿਆਂ ਪਾਣੀਆਂ ਤੇ!
ਜਾਗ ਅਹਿਲਿਆ ਨੈਣ ਸ਼ਿੰਗਾਰਦੀ ਸੀ।

ਕੱਤਕ ਮਾਹ ਦੀ ਚਾਂਦਨੀ ਰਾਤ ਭਿੰਨੀ
ਡੁੱਬੇ ਸਮੇ ਦੇ ਸਿਹਰ ਰਬਾਬ ਅੰਦਰ।
ਨਿੰਮਾਂ ਸੋਹਣੀਆਂ, ਦੂਰ ਨ ਵਗੇ ਜਮਨਾ,
ਵਸੇ ਆਗਰਾ ਆਸ ਦੇ ਬਾਗ਼ ਅੰਦਰ।
ਨਾਨਕ ਤੁਰੇ ਜਦ ਬਿੰਦਰਾਬਨ ਵੱਲੇ
ਬ੍ਰਿਹਾ ਜੱਸੀ ਦਾ ਕੂਕਨਾ ਖ਼ਾਬ ਅੰਦਰ।
ਪਏ ਰੁਲਣਗੇ ਸੁਖ਼ਨ ਪੈਗ਼ੰਬਰਾਂ ਦੇ
ਜੁਗਾਂ ਲੰਮੜੇ ਦਿਲਾਂ ਦੇ ਦਾਗ਼ ਅੰਦਰ।

ਜੱਸੀ ਕਰਮ ਚੜਾਉ ਵਿਚ ਨੈਣ ਰੰਗੇ,
ਭਿੰਨੀ ਰੈਣ ਦਾ ਚਾਉ ਮੁੜ ਪਰਤਿਆ ਵੇ।
ਕੂੜ ਹਿਕਮਤਾਂ ਆਲ ਪਤਾਲ ਡੋਬੇ,
ਦੁੱਧ ਫ਼ਜਰ ਮਾਸੂਮ ਦਾ ਵਰਤਿਆ ਵੇ।
ਤੰਦਾਂ ਕਲਜੁਗੀ ਤੋੜ ਕੇ ਕੂੰਜ ਉੱਡੀ,
ਬੰਦੀਖ਼ਾਨਾ ਪੁਲਾੜ ਦਾ ਗ਼ਰਕਿਆ ਵੇ!
ਅੰਬਰ ਸੱਜਰੇ ਹਿਰਸ ਬੇਹਾਲ ਵੇਖਣ
ਸੁੰਨਾ ਕਾਲਜਾ ਸੂਲਾਂ 'ਤੇ ਤੜਪਿਆ ਵੇ।

ਜਮਨਾ ਲਿਪਟਦੀ ਬਿੰਦਰਾਬਨ ਤਾਈਂ,
ਤਰੇ ਚਾਨਣੀ ਮਹਿਕਦੀ ਪਾਣੀਆਂ ਨੂੰ।
ਕੱਤਕ-ਰਾਤ ਨੂੰ ਉੱਡਦੀ ਡਾਰ ਕੋਈ,
ਗਗਨ ਦੇਣ ਸੁਨੇਹੇ ਕੋ ਮਾਹਣੀਆਂ ਨੂੰ।
ਮਿਲਣ ਵੰਝਲੀ ਚੁੰਮ੍ਹ ਕੇ ਫੇਰ ਸਦੀਆਂ,
ਰੂਪਵੰਤ ਵਿਜੋਗਣਾਂ ਢਾਣੀਆਂ ਨੂੰ।

ਟਿਕੀ ਕੁਦਰਤੀਂ ਤਾਰ ਰਬਾਬ ਸੱਦੇ
ਦੈਵੀ ਉਂਗਲਾਂ ਅੱਤ ਪੁਰਾਣੀਆਂ ਨੂੰ।

ਦਾਨਾ ਜੰਮਨ 'ਤੇ ਝਾਤ ਪਾ ਕਹੇ "ਬਾਬਾ!
ਭਾਵੇਂ ਖੰਭ ਨੇ ਦਮਕਦੇ ਅੰਬਰਾਂ ਦੇ
ਐਪਰ ਖ਼ਾਕ ਵਿਚ ਦੱਬਿਆ ਰਹੇ ਦੋਜ਼ਖ਼
ਬੰਦਾ ਮੰਗੇ ਹਿਸਾਬ ਪੈਗੰਬਰਾਂ ਦੇ;
ਵਿੰਗੇ ਸਾਏ ਜਾਂ ਸਿਦਕ ਦੀ ਰੇਖ ਬਣਦੇ
ਲੰਙਾ ਹੱਸੇ ਉਜਾੜਾਂ ਦੇ ਖੰਘਰਾਂ ਤੇ!
ਅੱਜ ਮੁਰਲੀ ਦੀ ਮਿੱਠੜੀ ਤਾਨ ਕਾਹਤੋਂ
ਘੱਟਾ ਰਾਸ ਦਾ ਚੜੀ ਹੈ ਮੰਦਰਾਂ ਤੇ?"

"ਕਲਜੁਗ ਕਿਸੇ ਨ ਦੇਖਿਆ ਦੇਸ ਬੈਠਾ,"
ਗੁਰੂ ਕਹਿਣ, "ਸਰਾਪ ਇਹ ਜਿੰਦ ਦਾ ਹੈ।
ਸੋਚ-ਸਿੰਧ ਨੂੰ ਰਿੜਕਦਾ ਕਾਮ-ਤੰਦੂਆ,
ਛਲ ਰੱਤ ਵਿਚ ਜੁਗਾਂ ਤੋਂ ਰਿੰਦ ਦਾ ਹੈ।
ਸਾਲ ਹਿਰਸ ਦੇ ਮੂੜ ਅਸੰਖ ਸਮਝੇ
ਟੂਣਾ ਤੇਜ਼ ਇਹ ਅਸਲ ਵਿਚ ਬਿੰਦ ਦਾ ਹੈ।
ਸੱਚ ਆਦਿ ਜੁਗਾਦਿ ਦੇ ਜਦੋਂ ਚਮਕਣ
ਅੰਨ੍ਹਾ ਨਸ਼ਾ ਫ਼ਰੇਬ ਦਾ ਨਿੰਦਦਾ ਹੈ।

"ਦਗੇਬਾਜ਼ ਜਦ ਜਗ ਬੇਤਾਲ ਹੋਵੇ
ਕੱਚੀ ਨਕਲ ਦਾ ਆਸਰਾ ਮੰਗਦਾ ਹੈ।
ਬਿੱਜ-ਵੇਗ ਜਹੇ ਤਕ ਕੇ ਰਾਹ ਤਿੱਖੇ
ਗਿਰੇਵਾਨ ਵਿਚ ਝਾਤ ਪਾ ਕੰਬਦਾ ਹੈ।
ਜੋਬਨਵੰਤ ਛਲਾਵਾ ਹਰ ਕਾਰਵਾਂ ਦੇ
ਲੱਖਾਂ ਨੈਣ ਛਹਿ ਰੇਤ ਵਿਚ ਡੰਗਦਾ ਹੈ।
ਤਦੋਂ ਹੌਲ ਛੰਨਾਰ ਦੇ ਵਾਂਗ ਬੰਦਾ
ਸਿਖਰ ਤੀਰ ਪੈਗੰਬਰੀ ਟੰਗਦਾ ਹੈ।"

ਬੋਲੇ ਬੋਲ ਤਾਂ ਸੱਜਰੇ ਅੰਬਰਾਂ 'ਤੇ
ਨੂਰੀ ਕਲਗੀ ਲਿਸ਼ਕੋਰਦੀ ਦੂਰ ਤੀਕਣ।
ਚਾਰ ਜੁਗਾਂ ਦੇ ਹੱਥ ਤੇ ਭੁਜਾਂ ਉੱਠੇ
ਹੋਏ ਉੱਚੇ ਅਗੰਮ ਦੇ ਨੂਰ ਤੀਕਣ।

ਸ਼ਬਦੋਂ ਪੁੰਗਰੇ ਲੱਖਾਂ ਹੀ ਖੰਭ ਚਿੱਟੇ
ਪਏ ਵਿਗਸਦੇ ਅੰਮ੍ਰਿਤੀ ਬੂਰ ਤੀਕਣ।
ਬਾਜ਼ ਫ਼ਜਰ ਅਨੰਤ ਵਿਚ ਇਕ ਦਿਸਦਾ
ਉੱਡੇ ਸ਼ਾਹਾਂ ਦੇ ਖ਼ੂਨੀ ਗ਼ਰੂਰ ਤੀਕਣ।

ਬਾਂਗਰ ਦੇਸ 'ਤੇ ਨਜ਼ਰ ਪਾ ਗੁਰੂ ਆਖਣ :
"ਲੰਮੀ ਗਲੀ ਪ੍ਰੇਮ ਦੀ ਦਾਨਿਆਂ ਵੇ।
ਧਰੇ ਚਾਉ ਵਿਚ ਤਲੀ 'ਤੇ ਸੀਸ ਆਪਾਂ
ਓਸੇ ਚਾਉ ਸ਼ਹੀਦੀ ਦੇ ਗਾਨਿਆਂ ਦੇ।
ਦੂਰ ਨਾਨਕੀ ਦੇ ਮਿੱਠੇ ਸ਼ਗਨ ਨਹੀਉਂ
ਹੂਕ ਗੁੱਝੜੀ ਸੁਣੇ ਮਰਦਾਨਿਆਂ ਵੇ।
ਅਸੀਂ ਚਿਰਾਂ ਤੋਂ ਮੀਤ ਅਲੱਖ ਦੇ ਹਾਂ
ਫਿਰ ਵੀ ਲਾਡਲੇ ਜ਼ਿਮੀਂ ਜ਼ਮਾਨਿਆਂ ਦੇ।

"ਪੰਖੀ, ਮਿਰਗ, ਨੈਂ, ਬਿਰਖ ਦੇ ਨਾਲ ਰਹਿ ਕੇ
ਅਸਾਂ ਤੱਕਿਆ ਨਾਗ ਤੇ ਬੇਲਿਆਂ ਨੂੰ।
ਦਾਮਨਿ ਰੂਹ ਦੀ ਸੁੱਟ ਜਗਾਏ ਜੋਗੀ
ਅਸਾਂ ਛੇੜਿਆ ਸੁੱਤਿਆਂ ਚੇਲਿਆਂ ਨੂੰ।
ਜਾਤ ਪਾਤ ਕਬੀਲੜੇ ਬਰਸ ਬਾਰਾਂ
ਹਾਰ ਹਾਰ ਕੇ ਮਿਲੇ ਅਲਬੇਲਿਆਂ ਨੂੰ।
ਯਾਦ ਆਉਣੀ ਰਬਾਬ ਰਬਾਬੀਆ ਵੇ
ਕਾਲ ਕਾਲਾਂ ਵਿਚ ਜੁੜੇ ਸਭ ਮੇਲਿਆਂ ਨੂੰ।"

ਲੰਘਣ ਦੇਸ ਪੰਜਾਬ ਦੇ ਮਲ੍ਹੇ ਬੇਰਾਂ
ਵੇਖਣ ਟਾਲੜੀ ਘੁੱਗੀ ਦੇ ਵੇਸ ਦੋਵੇਂ।
ਟੋਭੇ, ਕਿੱਕਰਾਂ, ਕੱਚੜੇ ਘਰਾਂ ਅੱਗੇ
ਦਿੰਦੇ ਜਾਣ ਅਸੀਸ ਦਰਵੇਸ਼ ਦੋਵੇਂ।
ਮੱਝ ਰੇਤ ਦੇ ਟਿੱਬਿਆਂ ਪਿੜ ਤੱਕਣ
ਮਾਨਣ ਵਜਦ ਦੀ ਅਜਬ ਵਰੇਸ ਦੋਵੇਂ।
ਜਦ ਵੀ ਮੂਕ ਰਬਾਬ ਦੀ ਤੰਦ ਹੁੰਦੀ
ਨਾਦ-ਨੀਂਦ ਡੋਬਣ ਲੰਮੇ ਕੇਸ ਦੋਵੇਂ।

ਮੱਘਰ ਮਾਹ ਵਿਚ ਕਰਨ ਗੁਰ ਪਾਰ ਸਤਲੁਜ,
ਕੋਮਲ ਵੇਈਂ ਦੀ ਵਗਦੀ ਵਾ ਕੋਈ।

ਝਲਕੀ ਧਾਰ ਸੁਲਤਾਨਪੁਰ ਕੋਲ ਸੂਖਮ,
ਮੱਥੇ ਦਮਕਿਆ ਕਹਿਕਸ਼ਾਂ-ਰਾਹ ਕੋਈ।
ਸੱਭੇ ਰੂਹ ਦੇ ਧਾਮ ਪ੍ਰਦੇਸ ਜਾਪਣ,
ਆਵੇ ਧਰੰਤ ਦੇ ਯਾਰ ਦਾ ਸਾਹ ਕੋਈ।
ਵੇਈਂ ਤਕ ਮਰਦਾਨੇ ਨੂੰ ਰੋਣ ਆਇਆ,
ਜਦ ਪ਼ਾਈ ਸੰਜੋਗ ਦੀ ਥਾਹ ਕੋਈ।

ਬਾਰਾਂ ਵਰ੍ਹੇ ਉਡੀਕ ਦੇ ਬਣੇ ਰਿਸ਼ਮਾਂ,
ਭੈਅ ਅੰਬਰੀ ਮੰਜ਼ਲਾਂ ਰੰਗੀਆਂ ਨੇ।
ਕੀਤੇ ਖ਼ਾਕ ਦੀ ਜ਼ਾਤ ਨੇ ਸਫ਼ਰ ਜਿੰਨੇ,
ਨੂਰੋ ਨੂਰ ਕਰ ਰਾਹ ਉਹ ਲੰਘੀਆਂ ਨੇ।
ਜਾਪੇ ਧਰਤ ਦੀ ਨਜ਼ਰ ਮਾਸੂਮ ਐਨੀ,
ਸ਼ਾਖ਼ਾਂ ਪਹਿਲੇ ਗੁਨਾਹ ਤਕ ਕੰਬੀਆਂ ਨੇ।
ਮੌਤ ਆਦਮ ਦੀ ਸਾਂਝ ਉਠਾ ਥੱਕੀ
ਨਦਰ ਪਰਤ ਕੇ ਰਹਿਮਤਾਂ ਮੰਗੀਆਂ ਨੇ।

ਨਾਨਕ ਖੜੇ ਇਉਂ ਭੈਣ ਦੇ ਸਾਮ੍ਹਣੇ ਆ,
ਪਰਤੇ ਹੁਮਾ ਜਿਉਂ ਉੱਡ ਕੇ ਤਾਰਿਆਂ ਤੋਂ।
ਵੇਈਂ ਬਖ਼ਸ਼ਿਆ ਜਿਵੇਂ ਦੀਦਾਰ ਪਹਿਲਾ
ਗ਼ੈਬੀ ਬੰਦਗੀ ਦਿਆਂ ਕਿਨਾਰਿਆਂ ਤੋਂ
ਉਹੀਓ ਦਾਤ ਸੀ ਭੈਣ ਦੇ ਮੱਥੜੇ ਤੇ
ਥਰਕੇ ਪਈ ਅਕਾਲ ਚੁਬਾਰਿਆਂ ਤੋਂ।
ਜਿਨ੍ਹਾਂ ਧਰਤ ਨੂੰ ਰੱਜ ਧਰਵਾਸ ਦਿੱਤੇ
ਉਹੀ ਮੁੜੇ ਅਦਿੱਸ ਦੁਆਰਿਆਂ ਤੋਂ।

ਜੁਗ ਲੋਆਂ ਤੇ ਨਭਾਂ ਦੀਆਂ ਵਿਚ ਕੂੰਟਾਂ,
ਭੈਣ ਤੱਕੇ ਮੁਰੀਦਾਂ ਦੇ ਮੁੱਖੜੇ ਜੀ।
ਰਣ ਰੱਤੜੇ ਤਮਾਂ ਦੇ ਵਿਚ ਫਿਰ ਕੇ
ਚੁੱਕੇ ਵੀਰ ਨੇ ਮਾਂ ਜਿਉਂ ਦੁੱਖੜੇ ਜੀ।
ਲਹੂ ਵਗਦੇ, ਹਰੀ ਨ ਸ਼ਾਖ਼ ਕਿਧਰੇ!
ਖੰਭ ਪੰਖੀ ਦੇ ਜਲੇ ਤੇ ਉੱਖੜੇ ਜੀ।
ਕੱਢਣ ਭਾਂਬੜਾਂ ਵਿਚ ਪਰ ਖੰਭ ਮੁੜ ਕੇ,
ਸੱਦ ਪੁੰਗਰਕੇ ਦੇਣ ਜਦ ਰੁੱਖੜੇ ਜੀ।

ਨਾਨਕ ਮਿਹਰ ਦਾ ਹੱਥ ਅਡੋਲ ਲਾਵੇ
ਦਿਨ ਰੁੱਤਾਂ ਪਲ ਥਿੱਤਾਂ ਤੇ ਮਾਹ ਉੱਤੇ।
ਉਹੀ ਨਾਨਕੀ ਸਾਮ੍ਹਣੇ ਰਾਜ਼ ਲਿਸ਼ਕੇ
ਜਿਹੜੇ ਖੜੇ ਨੇ ਆਖ਼ਰੀ ਰਾਹ ਉੱਤੇ।
ਮਿਰਗਾਂ ਸੁੱਤਿਆਂ ਜਾਗ ਕੇ ਨੈਣ ਖੋਲ੍ਹੇ
ਵੇਈਂ ਨੀਰ ਤਰੌਂਕਿਆ ਘਾਹ ਉੱਤੇ।
ਸਬਜ਼ ਕੂੰਬਲਾਂ ਤਾਜ ਜੋ ਕੁਦਰਤਾਂ ਦਾ
ਮਹਿਕ ਉਹਨਾਂ ਦੀ ਸਮੇ ਦੇ ਸਾਹ ਉੱਤੇ।

ਦੌਲਤ ਖ਼ਾਨ ਪੰਜਾਬ 'ਤੇ ਰਾਜ ਕਰਦਾ,
ਬਰਦਾ ਸਦਾ ਇਲਹਾਮ ਦੇ ਰਾਜ਼ ਦਾ ਸੀ।
ਬਾਲੇ ਕਿਬਰ ਦੀ ਅੱਗ ਅਮੋੜ, ਫਿਰ ਵੀ
ਆਸ਼ਿਕ ਤਾਰਿਆਂ-ਭਿੰਨੜੇ ਨਾਜ਼ ਦਾ ਸੀ।
ਹਿਰਸਾਂ ਵਿਚ ਵੀ ਉਹਦਾ ਅਛਿਹ ਸਜਦਾ,
ਜ਼ਮਜ਼ਮ ਹੇਠਲੀ ਪਾਕ ਨਮਾਜ਼ ਦਾ ਸੀ।
ਬਾਰਾਂ ਵਰ੍ਹੇ ਦੀ ਲੰਮੀ ਉਡੀਕ ਪਿੱਛੋਂ,
ਦਾਮਨ ਚੁੰਮਿਆ ਨਵੀਂ ਪਰਵਾਜ਼ ਦਾ ਸੀ।

ਬੀਤੇ ਚਾਰ ਦਿਨ ਵਿਚ ਸੁਲਤਾਨਪੁਰ ਦੇ,
ਦਾਨਾ ਕਹੇ ਫਿਰ "ਦੇਸ ਨੂੰ ਚੱਲੀਏ ਜੀ।
ਬਰਸਾਂ ਤੀਕ ਅਲੱਖ ਦੇ ਦਰ ਖੋਲ੍ਹੇ,
ਪਾਕ ਮਿੱਟੀ ਦੇ ਘਰ ਹੁਣ ਮੱਲੀਏ ਜੀ।
ਲੋਧੀ ਕਰੇ ਉਂਜ ਬ੍ਰਿਹੋਂ ਵਿਚ ਸ਼ੁਕਰ ਡੂੰਘੇ,
ਮਾਵਾਂ ਕਰਨ ਉਡੀਕ ਨ ਖੱਲੀਏ ਜੀ।
ਪਾਲ ਹਿਰਸ ਵੀ ਹੋਣ ਮੁਰੀਦ ਹਾਕਮ,
ਦਰਦ ਪਿੰਡ ਦੇ ਖੂਹੇ ਵਲ ਘੱਲੀਏ ਜੀ।"

2

ਅੰਮ੍ਰਿਤ ਵੇਲੜੇ ਉੱਚਾ ਧਰੂਅ ਤਾਰਾ
ਡਲ੍ਹਕੇ ਰਾਵੀ ਝਨਾਂ ਦੇ ਪਾਣੀਆਂ ਤੇ
ਸੰਤ-ਬਚਨ ਨਿਰਲੇਪ ਜਿਉਂ ਆ ਦੂਰੋਂ
ਪੁੱਛਣ ਦਰਦ ਮਾਸੂਮ ਸੁਆਣੀਆਂ ਦੇ।

ਸਰਦ ਰੁੱਤ ਵਿਚ ਨੈਆਂ ਦੇ ਨੀਰ ਲੁੱਛਣ,
ਰਾਹੀ ਮੁੜੇ ਨ ਜੂਹਾਂ ਸੁਹਾਣੀਆਂ ਦੇ।
ਸਜਦੇ ਕਰਨ ਆਬਾਦ ਹਰ ਵਲੀ ਖ਼ਾਤਰ,
ਡਾਢੇ ਸਿਦਕ ਨੇ ਤਿੜਾਂ ਨਿਮਾਣੀਆਂ ਦੇ।

ਵੇਦ-ਰਿਚਾ ਦੇ ਵਾਂਗ ਆ ਉੱਤਰੀ ਸੀ
ਲੰਮੀ ਨਿਗ੍ਹਾ-ਇਕ ਪਾਰ ਦੇ ਤਾਰਿਆਂ ਤੋਂ
ਗਲੇ ਧਰੁੰਵ ਦੇ ਲੱਗ ਵਲ ਜ਼ਿਮੀਂ ਆਈ
ਮਾਵਾਂ ਬੋਚ ਲਈ ਕੱਚਿਆਂ ਢਾਰਿਆਂ ਤੋਂ।
ਰਾਗ ਆਦਿ ਗ੍ਰੰਥ ਦਾ ਅੱਜ ਰਾਤੀਂ
ਸੁਣੇ ਤ੍ਰੇਲ ਨੂੰ ਅੰਬਰਾਂ ਸਾਰਿਆਂ ਤੋਂ।
ਪੰਖੀ ਦੇਣ ਜਿਸ ਚਾਕ ਦੀ ਸੋਅ ਬਰਸਾਂ
ਵੇਖਣ ਮੰਗੂ ਉਹ ਰਾਵੀ ਕਿਨਾਰਿਆਂ ਤੋਂ।

ਬਾਰਾਂ ਵਿਚ ਤਲਵੰਡੀ ਦੇ ਨੇੜ ਅੱਗਾਂ,
ਤੜਕੇ ਉੱਠਕੇ ਰਮਤਿਆਂ ਬਾਲੀਆਂ ਨੇ।
ਦਿਲ ਪੰਖੀ ਅਦਿੱਸ ਦੀ ਸੁਣੀ ਧੜਕਣ,
ਚੰਦ੍ਰ ਭਾਨ ਦੇ ਖੂਹ 'ਤੇ ਡਾਲੀਆਂ ਨੇ।
ਬਾਗ਼ ਮਸਜਿਦਾਂ ਨਾਲ ਫ਼ਕੀਰ ਜਾਗੇ,
ਚਾਏ ਫ਼ਜਰ ਵਲ ਦਰਦ ਸੁਆਲੀਆਂ ਨੇ;
ਪੈੜ ਚਾਲ ਉਸ ਸੰਤ ਦੀ ਸੁਣਨ ਓਹੀ
ਜਿਨ੍ਹਾਂ ਅੱਖਾਂ ਉਡੀਕ ਵਿਚ ਗਾਲੀਆਂ ਨੇ।

ਨਾਨਕ ਮੁੱਦਤਾਂ ਪਿੱਛੋਂ ਆ ਫੇਰ ਬੈਠੇ,
ਚੰਦ੍ਰ ਭਾਨ ਦੇ ਖੂਹ ਤੇ ਬਾਗ ਅੰਦਰ।
ਬਿਰਖਾਂ ਹੇਠ ਸੀ ਮੂਕ ਰਬਾਬ ਸੁੱਤੀ,
ਮਿੱਠੀ ਸੀਤ ਦੁਪਹਿਰ ਦੀ ਜਾਗ ਅੰਦਰ।
ਚਾਅ ਉੱਡੇ ਮਰਦਾਨੇ ਦਾ ਪਿੰਡ ਵੱਲੇ,
ਵਜਦ ਛਲਕਿਆ ਬ੍ਰਿਹੋਂ ਦੇ ਦਾਗ਼ ਅੰਦਰ।
ਵਿਚ ਸੱਥ ਦੇ ਕੂਕਿਆ ਵਾਂਗ ਬਾਲਾਂ,
ਮਸਤੀ ਬਿਨਾਂ ਨ ਤਰਜ਼ ਕੋ ਰਾਗ ਅੰਦਰ।

ਪੁੱਤ ਧੀਆਂ ਤੇ ਨਾਰ ਨੂੰ ਮਿਲੇ ਆ ਕੇ,
ਫਿਰਦਾ ਰਮਜ਼ ਨਸ਼ੀਲੜੀ ਲਹਿਰਦਾ ਜੀ।

ਬਾਲ ਬਿਰਧ ਨੂੰ ਗਲੇ ਲਾ ਛੱਡ ਨੱਸੇ,
ਸੱਥ ਗਲੀ ਨ ਘਰਾਂ ਵਿਚ ਠਹਿਰਦਾ ਜੀ।
ਨਾਜ਼ਲ ਹੋਣ ਸੁਨੇਹੇ ਫਿਰ ਭੁੱਲ ਜਾਵਣ,
ਜਜ਼ਬਾ ਰੁਕੇ ਨ ਮਿਹਰ ਤੇ ਖ਼ੈਰ ਦਾ ਜੀ।
ਹਿਜਰ ਜਿਨ੍ਹਾਂ ਦਾ ਤਿਨ੍ਹਾਂ ਦੇ ਵਸਲ ਤੀਕਣ,
ਜੰਗਲ ਲੰਘਣਾ ਨਾਗਾਂ ਦੀ ਜ਼ਹਿਰ ਦਾ ਜੀ।

ਫੇਰ ਖੜਾ ਮਰਦਾਨਾ ਜਾਂ ਓਸ ਵਿਹੜੇ,
ਜਿੱਥੇ ਮਾਂ-ਵੈਰਾਗ ਭਰਪੂਰ ਹੋਏ;
ਜਿੱਥੇ ਭੈਣ ਨੇ ਕਰੀ ਪਛਾਣ ਐਸੀ
ਜਿਹੜੀ ਸਭ ਉਡਾਣਾਂ ਤੋਂ ਦੂਰ ਹੋਏ;
ਜਿੱਥੇ ਰੂਹ ਦੇ ਮਹਾਂ ਮਕਾਮ ਸਾਹਵੇਂ
ਖੜੇ ਪਿਤਾ ਦੇ ਜਗਤ-ਦਸਤੂਰ ਹੋਏ;
ਵਾਰੇ ਅੱਜ ਅਕੀਦਤਾਂ ਨੂਰ ਓਥੇ
ਜਿਹੜੇ ਨੂਰ ਤੋਂ ਪਾਰ ਦੇ ਨੂਰ ਹੋਏ।

ਗੁਰੂ-ਮਾਂ ਦੇ ਸਾਮ੍ਹਣੇ ਝੁਕੇ ਦਾਨਾ,
ਵਿਚ ਕੋਟ ਪਰਵਾਜ਼ਾਂ ਖ਼ਾਮੋਸ਼ੀਆਂ ਦੇ।
ਹੋਸ਼ਾਂ ਮੀਹ ਜਿਉਂ ਮਾਂ ਦੇ ਚਰਨ ਪਰਸੇ
ਕੰਢੇ ਤੋੜ ਅਮੋੜ ਬੇਹੋਸ਼ੀਆਂ ਦੇ।
ਨਾਨਕ ਨਾਲ ਨਾ, ਰਹਿਮ ਦੀ ਕਾਂਗ ਫਿਰ ਵੀ
ਮੁਖ ਧੋਂਵਦੀ ਛੁਪੇ ਹੋਇ ਦੋਸ਼ੀਆਂ ਦੇ।
ਮਸਤਕ ਦਾਨਿਉਂ ਪੁੱਤ ਦਾ ਸਬਰ ਝਲਕੇ
ਡੰਗ ਦਿਸਣ ਨ ਕਿਤੇ ਨਮੋਸ਼ੀਆਂ ਦੇ।

ਚੁੱਪ ਵਿਚ ਮਰਦਾਨੇ ਦੀ ਵਾਟ ਲੰਮੀ
ਬਾਲ ਉਮਰ ਦੇ ਵੇਖਦੀ ਹਾਣੀਆਂ ਨੂੰ।
ਮੌਂ ਮਗਰ ਸੀ ਓਸ ਦੇ ਤੁਰੀ ਪਿੱਛੋਂ
ਉਹ ਤਾਂ ਲੰਘਦਾ ਜੂਹਾਂ ਪੁਰਾਣੀਆਂ ਨੂੰ।
ਉਹਦੀ ਚੁੱਪ ਚੋਂ ਪੁੱਤ ਦਾ ਬੋਲ ਸੁਣਦੀ
ਮਾਂ ਸੱਦਦੀ ਕਾਰਵਾਂ-ਢਾਣੀਆਂ ਨੂੰ।
ਦੇਵੇ ਓਸਦੇ ਦਿਲੇ ਦੀ ਥਾਹ ਕੋਈ
ਸੁਣੇ ਵਣਾਂ ਚੋਂ ਪੰਖਣੂ-ਬਾਣੀਆਂ ਨੂੰ।

ਨਾਨਕ ਮਿਲੇ ਜਾਂ ਮਾਂ ਨੂੰ ਚਿਰਾਂ ਪਿੱਛੋਂ,
ਥੰਮ੍ਹ ਤੱਕਦੀ ਦਰਦ-ਹਨੇਰੀਆਂ ਨੂੰ।
ਲੱਖਾਂ ਰਾਹਾਂ ਨੂੰ ਲਾ ਕੇ ਮੱਥੜੇ ਤੇ
ਯਾਦਾਂ ਛੋੜਿਆ ਨੈਆਂ ਘਨੇਰੀਆਂ ਨੂੰ।
ਕਿਵੇਂ ਚਰਖ਼ ਨੂੰ ਫੇਰਿਆ ਵਲਵਲੇ ਨੇ
ਮਾਂ ਸਾਮ੍ਹਣੇ ਪੁੱਛ ਲਉ ਦੇਰੀਆਂ ਨੂੰ!
"ਚਾਰੇ ਜੁਗ ਹੀ ਏਸ 'ਤੇ ਹੱਕ ਦੱਸਣ
ਹੁਣ ਤਾਂ ਲਵੇ ਅਸੀਸ਼ਾਂ ਇਹ ਮੇਰੀਆਂ ਨੂੰ!"

ਉਤਰ ਘੋੜੇ ਤੋਂ ਮੋਹ ਕਰ ਪਿਤਾ ਆਖੇ:
"ਚੱਲ ਵੇਖ ਪੁੱਤਰ ਰੰਗ ਮਾੜੀਆਂ ਦੇ।
ਮੈਂ ਨਾ ਸੰਤ ਦੀ ਲਿਵ ਤੋਂ ਕਦੇ ਮੁਨਕਰ
ਐਪਰ ਸ਼ੌਕ ਵੀ ਖਰੇ ਸੰਸਾਰੀਆਂ ਦੇ।
ਵੱਡਾ ਮਾਣ ਹੈ ਸੰਤ ਨੂੰ ਸੁਰਤ ਵਾਲਾ,
ਸੁਆਦ ਮਿੱਠੜੇ ਧਰਤ-ਉਡਾਰੀਆਂ ਦੇ।
ਮਾਂ ਬਾਪ ਦੇ ਮੋਹ ਤੇ ਸਬਰ ਸਾਹਵੇਂ,
ਡੂੰਘੇ ਗਿਆਨ ਨ ਰਿਸ਼ੀ-ਖ਼ੁਮਾਰੀਆਂ ਦੇ।"

ਬਹਿ ਕੇ ਖੂਹ ਦੀ ਮਣ 'ਤੇ ਬਾਗ਼ ਸਾਹਵੇਂ,
ਤਕ ਪਿਤਾ ਵੱਲ ਗੁਰੂ ਉਚਾਰਦੇ ਨੇ:
"ਤਰਕਸ਼ ਤੀਰ ਤੇ ਹੈਵਰਾਂ ਗੈਵਰਾਂ ਦੇ,
ਮਾਣ ਗਰਜਦੇ ਹੁਕਮ ਤੋਂ ਹਾਰਦੇ ਨੇ।
ਹਵਸ ਖਾਣ ਦੀ, ਸ਼ੌਕ਼ ਲਿਬਾਸ ਦੇ ਚਾਅ,
ਮਿੱਠੀ ਨੀਂਦ ਸਭ ਤਲਖ਼ ਹੋ ਮਾਰਦੇ ਨੇ।
ਐਪਰ ਰੂਹ ਦੇ ਬਾਗ਼ ਬਣ ਸਦਾ ਹੁੱਲਣ
ਸੰਤ ਨਦਰ ਜਦ ਇਹਨਾਂ ਤੋਂ ਵਾਰਦੇ ਨੇ।"

ਲੌਢੇ ਪਹਿਰ ਸੁਲੱਖਣੀ ਕੰਤ ਵਿਹੜੇ
ਆਈ ਬਾਰ ਦੇ ਰਾਹਾਂ ਨੂੰ ਛਾਣਦੀ ਜੀ
ਰਾਵੀ ਪਾਰ ਤੋਂ ਮੋਰ ਦੀ ਕੂਕ ਵਾਂਗੂ
ਰਾਗ ਬ੍ਰਿਹੋਂ ਦਾ ਵਣਾਂ 'ਤੇ ਤਾਣਦੀ ਜੀ
ਰੁੱਤਾਂ ਜਾਣ ਬੇਫੱਲ ਅਨੇਕ, ਤਾਂ ਵੀ
ਦਿਨ ਅਸਲ ਉਡੀਕ ਦਾ ਜਾਣਦੀ ਜੀ

ਗਲੀ ਗਲੀ ਚੋਂ ਲੰਘਦਾ ਦਿਸੇ ਮਾਹੀ
ਜਿਹਨੂੰ ਸੱਥ ਵਿਚ ਖੜਾ ਪਛਾਣਦੀ ਜੀ।

ਦੂਰੋਂ ਚਲ ਸੁਲੱਖਣੀ ਖੜੀ ਸਾਹਵੇ,
ਨਜ਼ਰਾਂ ਖਿੱਚ ਲਏ ਕੰਡੇ ਉਦਾਸੀਆਂ ਦੇ;
ਲੈ ਕੇ ਬੁੱਧ ਨਿਰਵਾਨ ਜੋ ਦੇਸ ਪਰਤੇ,
ਊਨਾ ਸਾਮ੍ਹਣੇ ਅੱਖਾਂ ਪਿਆਸੀਆਂ ਦੇ;
ਜਦੋਂ ਸੰਤ ਨੂੰ ਹੁਸਨ ਦੇ ਵਜਦ ਘੇਰਣ
ਸੁਰਤਾਂ ਕੰਬੀਆਂ ਨਾਲ ਖ਼ਲਾਸੀਆਂ ਦੇ;
ਨਾਨਕ ਤਕਦੇ, ਜਰਨਗੇ ਜਾਣ-ਵੇਲਾ,
ਦਿਲ ਵੱਡੇ ਨੇ ਬਾਰ ਦੇ ਵਾਸੀਆਂ ਦੇ।

ਸੰਝ ਚੁਲਬੁਲੀ ਪਿੰਡ ਦੇ ਖੂਹ ਉੱਤੇ
ਘੜੇ ਸਾਂਭਣੇ ਅੱਜ ਕੁਆਰੀਆਂ ਨਾ।
ਕੁੜੀ ਹੱਸੇ "ਓਹ ਅਰਸ਼ ਦੇ, ਨਹੀਂ ਸਾਡੇ,
ਉਨ ਜਿੰਦਾਂ ਇਹ ਜ਼ਿਮੀਂ ਤੋਂ ਵਾਰੀਆਂ ਨਾ।
ਸਾਨੂੰ ਨਹੀਉਂ ਪ੍ਰਵਾਹ ਜੇ ਟੁੱਟ ਜਾਵਣ
ਲੱਜਾਂ ਨਾਗਰਾਂ ਸੰਤ ਸੰਵਾਰੀਆਂ ਨਾ।"
ਮਾਣ-ਮੱਤੜੀ ਚਾਲ ਨ ਕਦੇ ਭੁੱਲਣ
ਨਾਰਾਂ ਸੰਤ ਦੇ ਤੇਜ ਤੋਂ ਹਾਰੀਆਂ ਨਾ।

ਕੂਕ ਸੁਣੇ ਨਾ ਉਮਰ ਦੀ ਗੁਫ਼ਾ ਵਿੱਚੋਂ,
ਰਾਇ ਡਾਢੀ ਇਕੱਲ ਨੇ ਘੁੱਟਿਆ ਸੀ।
ਉਹਦੀ ਸੁੱਧ ਨੂੰ ਹੋਰ ਇਕ ਸੁੱਧ ਘੇਰੇ,
ਸਾਹ ਖ਼ੁਸ਼ਕ ਪਹਾੜੀਂ ਨਿਖੁੱਟਿਆ ਸੀ।
ਉਹਦੇ ਕੋਲ ਹਯਾਤੀ ਦਾ ਇਕ ਝੌਂਕਾ
ਜਿਹਨੇ ਕਦਮ ਮੁਰੀਦ ਹੋ ਪੁੱਟਿਆ ਸੀ।
ਉਹਨੇ ਨਾਲ ਹਕੀਕਤਾਂ ਹੋਇ ਰੌਸ਼ਨ
ਨੰਨ੍ਹਾਂ ਖੰਭ ਤੂਫ਼ਾਨ ਵਿਚ ਸੁੱਟਿਆ ਸੀ।

ਪੰਖੀ-ਰਗ ਨੂੰ ਚੁੰਮ੍ਹੇ ਅਸੀਸ ਕੋਈ
ਬਿਰਧ ਤੀਰਥਾਂ, ਪਰਬਤਾਂ, ਖੰਡਰਾਂ ਚੋਂ।
ਡੰਗੇ ਰਮਜ਼ ਅਕਾਲ ਦੀ ਗੀਤ ਤਾਈਂ
ਭੀਸ਼ਮ-ਤੀਰ ਜਿਉਂ ਉੱਚਿਆਂ ਅੰਬਰਾਂ ਚੋਂ।

ਲਭਦਾ ਫਿਰੇ ਮੁਰੀਦ ਦੇ ਦਿਲੇ ਤਾਈਂ
ਪੰਖੀ ਨਿਕਲ ਕੇ ਸੁਕਦੇ ਭੰਵਰਾਂ ਚੋਂ।
ਜਦੋਂ ਗਾਏ ਅਸੀਸ ਮੁਰੀਦ-ਵਿਹੜੇ
ਲਗਰ ਫੁੱਟਦੀ ਲੂਣਿਆਂ ਘੰਘਰਾਂ ਚੋਂ।

ਨਾਨਕ ਪਰਤਿਆ ਨਾਲ ਅਦਿੱਸ ਤੀਰਥ
ਜਾਂਦੇ ਕਿਸੇ ਮੁਰੀਦ ਦੀ ਆਸ ਵੱਲੇ।
ਭੰਨ ਮੱਥਾ ਸਰਾਪੇ ਪਹਾੜ ਸੰਦਾ,
ਨਦੀਆਂ ਵਗਦੀਆਂ ਪਾਕ ਪਿਆਸ ਵੱਲੇ।
ਸਿਦਕਵਾਨ ਮੁਰੀਦ ਦੇ ਨੈਣ ਢੂੰਡਣ
ਪੈੜਾਂ ਜਾਣ ਜੋ ਅੰਤ-ਨਿਵਾਸ ਵੱਲੇ।
ਜਿਸ ਪੰਖੀ ਨੂੰ ਖੰਡਰਾਂ ਰਾਜ਼ ਦੱਸੇ
ਉਹੀ ਉੱਡੇ ਬੁਲਾਰ ਦੇ ਸਵਾਸ ਵੱਲੇ।

ਧੂਹ ਵੀਰ ਦੀ ਖਾ ਸੁਲਤਾਨਪੁਰ ਤੋਂ
ਭੈਣ ਨਾਨਕੀ ਵਾਂਗ ਦਰਵੇਸ਼ ਚੱਲੇ।
ਤੀਰਥ ਉੱਡ ਸੈ ਵੇਈਂ ਤੋਂ ਵਾਂਗ ਹੰਸਾਂ
ਮਗਰ ਵੀਰ ਜਿਉਂ ਬਾਬਲ ਦੇ ਦੇਸ ਚੱਲੇ।
ਬਾਲਾ ਤੱਕੇ ਵਲ ਰਾਇ ਦੀ ਗਲੀ ਸੈਆਂ
ਅਣਵੇਖੇ ਮੁਰੀਦੀ ਦੇ ਵੇਸ ਚੱਲੇ।
ਨਾਨਕ ਖੜ੍ਹੇ ਜਾ, ਮਿਲੇਗਾ ਮਾਂ ਵਿਹੜੇ,
ਭਾਵੇਂ ਜੁਗਾਂ ਵਲ ਕਦਮ ਹਮੇਸ਼ ਚੱਲੇ।

(ਇਤਿ ਸਰਗ ਸੱਤਵਾਂ)

ਸਰਗ ਅੱਠਵਾਂ

ਵਖਰੁ ਲੇਹੁ ਸਮਾਲਿ
(ਦੂਸਰੀ ਉਦਾਸੀ)

ਭਾਗ ਪਹਿਲਾ
ਤਿਆਰੀਆਂ

ਲੰਮੀ ਰਾਤ ਸਿਆਲ, ਝਿਮ ਝਿਮ ਥਰਕ ਕੇ
ਵੇਖ ਰਹੀ ਬਹੁ ਕਾਲ, ਸੁੱਤੇ ਜ਼ਿਮੀਂ ਤੇ
ਲਰਜ਼ੇ ਵਾਂਗ ਭੁਚਾਲ, ਗਰਜੇ ਕਦੇ ਜੋ;
ਹੁਣ ਸ਼ਬਨਮ ਜਿਉਂ ਸਾਲ, ਸਬਰ 'ਚ ਲੱਸਦੇ
ਰਾਵੀ ਵਗੇ ਕਮਾਲ, ਉਰੇ ਝਨਾਂ ਤੋਂ
ਢੂੰਡੇ ਸਮੇ ਦਾ ਤਾਲ, ਹੁਣ ਉਹ ਰਾਂਗਲਾ।

ਬਣੀ ਸੁਹਾਣੀ ਰਾਤ, ਨਗ ਬ੍ਰਹਿਮੰਡ ਦਾ
ਤਾਰਾ-ਵਣਾਂ ਦੀ ਦਾਤ, ਚੁੱਕੀ ਸੀਸ ਤੇ
ਸੱਥ ਗਲੀ ਵਿਚ ਬਾਤ, ਦਸਦੀ ਧੁਰਾਂ ਦੀ
ਪਾਇ ਵਜਦ ਦੀ ਝਾਤ, ਦਰ ਤਲਵੰਡੜੀ
ਮੂਕ ਡੂੰਘੜਾ ਜਾਪ, ਕਰਦੀ ਜਾ ਰਹੀ
ਖੜ ਨੀਂਦਾਂ 'ਤੇ ਆਪ, ਵਾਰੇ ਕਹਿਕਸ਼ਾਂ।

ਭਿੰਨੀ ਰਾਤ ਦੀ ਮੰਤ, ਜਾਣੇ ਕੋ ਨਾ
ਤਕਦੀ ਕੋਟਾਂ ਬੰਸ, ਹੋਂਦ ਅਹੋਂਦ ਦੇ
ਮਿਟੇ ਕਾਲ ਬਿਅੰਤ, ਪੈੜਾਂ ਅਜੇ ਵੀ!
ਕਿੱਥੇ ਸਾਂਭਣ ਜੰਤ, ਜਿੰਦ-ਨਿਸ਼ਾਨੀਆਂ?
ਨੀਝਾਂ ਲਾ ਲਾ ਸੰਤ, ਵਾਟਾਂ ਢੂੰਡਦੇ
ਐਪਰ ਰਾਤ ਅਨੰਤ, ਮੰਜ਼ਿਲ ਵੇਖਦੀ।

ਕੰਚਨ ਦੂਰ ਅਸੂਲ, ਕਿਣਕੇ ਵਾਂਗ ਜੀ
ਗ਼ਰਕ ਰਹੇ ਨੇ ਮੂਲ, ਹੋਂਦ ਅਸੰਖ ਦੇ
ਫਿਰ ਵੀ ਛੁਪੇ ਰਸੂਲ, ਬੁੱਕਲ ਰਾਤ ਦੀ
ਮੌਤਾਂ ਸੰਗ ਕਬੂਲ, ਕੀਤੇ ਨਦਰ ਨੇ;
ਕਿਸ ਦੇ ਪੈਰੋਂ ਸੂਲ, ਕੱਢੀ ਤਾਰਿਆਂ ?
ਨੀਂਦਰ ਦੇਣ ਚਲੂਲ, ਹੰਝਾਂ ਦੂਰ ਤੋਂ।

ਝਿਮ ਝਿਮ ਲਿਵ ਦੇ ਬਾਣ, ਉੱਡਣ ਰਾਤ ਨੂੰ
ਉਤਰਣ ਵੇਖ ਨਿਸ਼ਾਨ, ਗੁਜ਼ਰੇ ਕਾਲ ਦੇ;
ਕਿੱਥੇ ਵਸੇ ਪਰਾਣ, ਸ਼ਕਲ ਅਨੂਪ ਦੇ ?
ਕਿੱਧਰ ਤਰਜ਼ ਮਹਾਨ, ਪਾਵਨ ਸੁਰਤ ਦੀ ?
ਚੁੰਮਣ ਮੂਕ ਅਜ਼ਾਨ, ਜਾਗ ਕ੍ਰਾਂਤੀਆਂ
ਰਾਤ ਹੈ ਲਹੂ ਲੁਹਾਣ, ਪਾਪਾਂ ਸੰਗ ਵੀ।

ਮਰਦਾਨਾ ਇਸ ਰੈਣ; ਖ਼ਾਬ ਚੋਂ ਉੱਠਿਆ
ਥਾਹ ਅਥਾਹ ਵਿਚ ਨੈਣ, ਜਾਵਣ ਡੁੱਬਦੇ
ਚਿਹਨ ਅਚਿਹਨ ਤੋਂ ਪਾਰ, ਗਗਨ ਅਸੀਮ ਤੇ
ਚਿੱਟਾ ਬਾਜ਼ ਉਡਾਰ, ਕਾਲ ਦੇ ਖੰਭ ਲੈ
ਸਾਹਵੇਂ ਖ਼ਾਲਸ ਤੇਗ, ਉਸ 'ਤੇ ਲਿਸ਼ਕਦੀ
ਵਜਦ ਅਜੇ ਦਾ ਵੇਗ, ਜਿਸ ਚੋਂ ਵਗਦਾ।

ਚੁੱਪ ਮੰਝ ਆਵਾਜ਼, ਸਾਂਭੀ ਅੰਬਰਾਂ
ਵੱਡੇ ਤੜਕੇ ਰਾਜ਼, ਦੱਸੇ ਤਾਰਿਆਂ:
"ਸਮਿਉਂ ਉੱਚਾ ਬਾਜ਼, ਤਕ ਮਰਦਾਨਿਆਂ!
ਉਤਰ ਰਹੀ ਪਰਵਾਜ਼, ਜਿਸਦੀ ਬਸ਼ਰ 'ਤੇ
ਆਦਮ ਦੇ ਪਰ ਨਾਜ਼, ਟੁੱਟਣ ਅੰਤ ਨੂੰ
ਹੋਇ ਮੂਰਛਿਤ ਸਾਜ਼, ਤੇਂਡਾ ਦੋਸਤਾ।"

ਸੁਣਿ ਮਰਦਾਨਾ ਖ਼ਾਬ, ਅੰਦਰ ਕੂਕਦਾ
"ਡਿੱਗੀ ਟੁੱਟ ਰਬਾਬ, ਪੁਸ਼ਤਾਂ ਸਾਮ੍ਹਣੇ
ਹੂੰਗਰ ਵਿਚ ਅਜ਼ਾਬ, ਸੁਣਦੀ ਬਾਜ਼ ਦੀ।
ਬਿਖਰ ਗਏ ਕਿਉਂ ਬਾਬ, ਸੁੱਚੇ ਸ਼ਬਦ ਦੇ ?
ਨੂਰ ਦਿਸਣ ਬੇਤਾਬ, ਕਲਗੀ ਧਾਕ ਦੇ।
ਅੰਤ ਗੁਆਏ ਆਬ, ਉੱਮਤ ਜਿੱਤ ਕਿਉਂ ?"

ਭਖ ਭਖ ਬਲਣ ਸੁਆਲ, ਅੰਦਰ ਨੀਂਦ ਦੇ
ਤਾਰਾ-ਵਣ ਨੂੰ ਜਾਲ, ਡਉ ਸੀ ਮੇਲ੍ਹਦੀ,
ਐਪਰ ਪਿਰ ਦੀ ਚਾਲ, ਸੁਣਦੀ ਅੱਗ ਚੋਂ
ਹਰੀ ਸ਼ਾਖ਼ ਦੇ ਨਾਲ, ਦਾਨਾ ਖੜ੍ਹਾ ਸੀ।
ਪਹਿਰੇਦਾਰ ਅਕਾਲ, ਗ਼ੈਬੀ ਹੱਦ ਤੋਂ
"ਵਖਰੁ ਲੇਹੁ ਸਮਾਲਿ," ਹੋਕਾ ਦੇ ਰਿਹਾ।

ਤਲਵੰਡੀ ਦੇ ਲੋਕ, ਠੰਢੀ ਰਾਤ ਨੂੰ
ਖਾਣ ਵਜਦ ਦੀ ਝੋਕ, ਵਿਚ ਉਮੀਦ ਦੇ;
ਫੇਰ ਸੁਣਨ ਪਰ ਸ਼ੋਰ, ਡਾਢੇ ਸਹਿਮ ਦਾ
ਪਰਲੋਕਾਂ ਤਕ ਚੋਰ, ਛਹਿ ਛਹਿ ਬੈਠਦੇ।
ਜਿਸ ਪਲ ਖਿੱਚਣ ਮਾਲ, ਧੁਰ ਦਾ ਜਿੰਦ ਚੋਂ
"ਵਖਰੁ ਲੇਹੁ ਸਮਾਲਿ," ਨਾਨਕ ਗਾਂਵਦਾ।

ਬਾਗਾਂ ਦੇ ਵਿਚ ਭੋਰ, ਇਉਂ ਅਜ ਉੱਤਰੀ
ਬੀਜ ਦਿਲੇ ਜਿਉਂ ਲੋਰ, ਉੱਠੇ ਮਹਿਕ ਦਾ;
ਭੂਤ ਭਵਿੱਖ ਦੀ ਤੋਰ, ਡੋਰੀ ਰਿਸ਼ਮ ਇਉਂ
ਜਿਉਂ ਆਵੇਸ਼ ਦਾ ਜ਼ੋਰ, ਅੰਬਰ ਪਾਂਵਦੇ।
ਹੇਠ ਗੋਰ ਦੇ ਗੋਰ, ਪੁੱਟੀ ਸਹਿਮ ਨੇ
ਹੌਲ-ਭਰੇ ਪਰ ਸ਼ੋਰ, ਡੋਬੇ ਰਹਿਮ ਨੇ।

ਪਹੁ ਫੁੱਟਣ ਦੇ ਨਾਲ, ਖਿੜੇ ਸਾਜ਼ਿੰਦੜਾ
ਆਵੇ ਚੀਰ ਕੁਚਾਲ, ਗੁਰ ਦਰਿ ਬੋਲਿਆ:
"ਟੁੱਟੀ ਤੰਤ ਰਬਾਬ, ਥਲਾਂ 'ਚ ਰੁਲੀ ਸੀ
ਚਾਰ ਦਫ਼ਾ ਇਕ ਖ਼ਾਬ, ਪਾਸਾ ਪਲਟਿਆ!
ਬਾਜ਼ ਤੋਂ ਜ਼ਖ਼ਮੀ ਬਾਜ਼, ਰਾਤੀਂ ਉੱਡਿਆ
ਪਹਿਰੇਦਾਰ ਆਵਾਜ਼, ਦਿੰਦਾ ਕੌਣ ਸੀ?"

ਤਾਂ ਆਂਗਣ ਚੋਂ ਬੋਲ, ਨਾਨਕ ਬੋਲਦਾ
"ਬਾਜ਼ ਸਮੇ ਨੂੰ ਤੋਲ, ਸੱਚ ਵਖਾਂਵਦਾ
ਪੰਥ ਜਾਣ ਜਦ ਡੋਲ, ਡਿੱਗੇ ਘਾਇਲ ਹੋ;
ਤੰਤ ਰਬਾਬ ਖਾ ਝੋਲ, ਕਬਰ 'ਚ ਗਰਕਦੀ,
ਛੱਡੋ ਸ਼ਬਦ ਅਮੋਲ, ਲੂਹ ਕੇ ਜੀਭ ਨੂੰ;
ਮੁੱਢ ਕਦੀਮ ਦੇ ਕੌਲ, ਜਿੰਦ 'ਚ ਰਹਿਣ ਨਾ।

"ਪਹਿਰੇਦਾਰ ਦੇ ਬੋਲ, ਸਾਨੂੰ ਸੱਦਦੇ
ਛਲਕਣ ਸ਼ਾਹ ਰਗ ਕੋਲ, ਸਾਗਰ ਅਜ਼ਲ ਦੇ
ਹਰੇ ਬੂਟ ਅਨਭੋਲ, ਸੁੱਕਣ ਰੂਹ ਦੇ
ਧਰਮ ਦੇ ਕੱਲਰ ਟੋਲ, ਪੰਛੀ ਦਿਸੇ ਨਾ।
ਰਹੀ ਗੀਤ-ਰਗ ਖੋਲ, ਲੂਣੀ ਪੌਣ ਤੇ
ਖਾਰੀ ਧਰਤ ਫਰੋਲ, ਤਿਖਾ ਜਗਾਈਏ।

"ਤੰਤ ਰਬਾਬ ਦੀ ਜੋੜ, ਮੁੜ ਮਰਦਾਨਿਆਂ
ਉਸ ਵੱਖਰ ਦਾ ਲੋਰ, ਚਲ ਬਖਾਈਏ
ਸਾਬਰ ਬਾਲੇ ਨਾਲ, ਤੁਰੀਏ ਬਾਰ ਤੋਂ
ਜਿੰਦ-ਕਬਰ ਚੋਂ ਭਾਲ, ਅੰਬਰ ਤੱਕੀਏ।
ਨਿਹਕਲੰਕ ਉਹ ਟੋਰ, ਸਿੱਖਣ ਧਰਮ ਜੇ
ਪੰਥ ਜੋ ਨਵਾਂ ਨਿਕੋਰ, ਖਿੜੇ ਜ਼ਮੀਰ ਚੋਂ।"

ਇਉਂ ਕਹਿ ਨਾਨਕ ਸ਼ਾਇਰ, ਘਰ ਚੋਂ ਨਿਕਲਿਆ
ਤ੍ਰੈ ਕਾਲਾਂ 'ਤੇ ਪੈਰ, ਧਰਦਾ ਜਾਪਦਾ
ਸੱਭ ਗਲੀ ਨੇ ਖ਼ੈਰ, ਮੰਗੀ ਓਸਦੀ
ਮਰਦਾਨਾ ਵਿਚ ਲਹਿਰ, ਤੁਰਦਾ ਮਗਰ ਸੀ,
ਦਗ਼ਾਬਾਜ਼ ਜੋ ਦਹਿਰ, ਛੁਪਦਾ ਚੋਰ ਜਿਉਂ
ਉਸਨੂੰ ਵੀ ਨਿਰਵੈਰ, ਗਲੇ ਲਗਾਵਸੀ।

ਗੁਰ ਬਾਲੇ ਦਰ ਜਾ, ਦਸਤਕ ਦੇਂਵਦੇ:
"ਔਝੜ ਦਿਲਾਂ ਦੇ ਰਾਹ, ਆ ਰਲ ਢੂੰਡੀਏ।
ਦੱਖਣ ਦੇ ਵਲ ਵਾ, ਜੋ ਹੈ ਵਗਦੀ
ਛੱਡ ਕੇ ਭੈਣ ਭਰਾ, ਮਿਲੀਏ ਓਸ ਨੂੰ।
ਜਾਗ ਪੈਣ ਲੈ ਸਾਹ, ਬੁੱਤ ਜੋ ਨੰਢਰੇ,
ਨਾਲ ਰਬਾਬੀ ਗਾ, ਦੋਸੋਂ ਵਿਛੜੀਏ।

"ਤਲਵੰਡੀ ਦੀ ਸ਼ਾਨ, ਨਰ ਤੇ ਨਾਰੀਆਂ
ਰਾਇ ਬੁਲਾਰ ਇਨਸਾਨ, ਉੱਚਾ ਜੱਗ ਤੋਂ
ਖਿੜਣ ਸਭ ਵਿਚ ਜਾਨ, ਪੈਂਡੇ ਪਏ ਜਾਂ
ਕੂਚੇ ਘਰ ਮਹਿਮਾਨ, ਹੋਸਨ ਰੂਹ ਦੇ
ਵਿਚ ਅਰਦਾਸ ਮਹਾਨ, ਰਲਸਨ ਅੰਤ ਨੂੰ,
ਦਰ ਦਰ ਕਰਨੀ ਦਾਨ, ਵੱਖਰ ਸੁੱਚੜੀ।"

ਭਾਗ ਦੂਜਾ

ਸਰਸਾ ਦੇ ਪੀਰਾਂ ਜੋਗੀਆਂ ਨਾਲ ਇਲਾਹੀ ਕਰਮ ਦੀ ਸਿਖਰ ਤੋਂ ਵੇਖੀ/ਵਿਖਾਈ ਕਰਾਮਾਤ

ਇੰਞ ਉਦਾਸੀ ਦੂਜ ਦਾ, ਛਿੜਿਆ ਆਣ ਵੈਰਾਗ
ਚਾਰੇ ਜੁਗ ਨੇ ਸਾਮ੍ਹਣੇ, ਕੌਣ ਫੜੇਗਾ ਵਾਗ ?
ਬਹੁੰ ਪੁਸ਼ਤਾਂ ਦੀ ਚੇਤਨਾ, ਇਉਂ ਬਿਹੋਸ਼ ਬਿਖ ਝਾਗ
ਮਾਨੋ ਲੂਸੇ ਵਣਾਂ ਦੇ, ਚਿਰ ਦੇ ਖੰਭ 'ਤੇ ਦਾਗ।
ਤਕਵੇ ਲੈ ਕੇ ਧਰਮ ਦੇ, ਲਿਵ ਛੇੜੇ ਸੀ ਰਾਗ
ਧਜ ਅਨੂਪ ਦਿਲ-ਗਗਨ ਦੀ, ਸਦੀਆਂ ਚਮਕੀ ਜਾਗ
ਐਪਰ ਜੀਭਾ ਝੂਠ ਦੀ, ਫਿਰੇ ਵਾਂਗ ਜਦ ਨਾਗ
ਨਭ ਪਤਾਲ ਤਕ ਲਗਦੀ, ਜਦੋਂ ਸਰਾਪੀ ਲਾਗ
ਸਿਮਰਨ ਸੱਚ ਬਿਬੇਕ ਦੇ, ਝੱਖੜ ਭੰਨਦੇ ਤਾਕ
ਮੁਣਸ ਤੋਂ ਗਿਆ ਨ ਸਾਂਭਿਆ, ਇਹ ਮਹਿਕੰਦੜਾ ਬਾਗ !

ਮੁੜ ਸਤਲੁਜ ਗੁਰ ਲੰਘਦੇ, ਪੁਰ ਸੁਲਤਾਨ ਨੂੰ ਛੂਹ
ਲਹਿਰ ਰਹੇ ਸੀ ਜਿੰਦ 'ਤੇ, ਭੈਣ ਦੇ ਉੱਜਲ ਮੋਹ
ਨਭ ਸਿਮਰਨ ਦੇ ਧੋਂਵਦੇ, ਉਡ ਉਡ ਲਹਿਰਾਂ ਹੋ
ਵਾਂਗ ਮੁਰੀਦ ਖਲੋਂਵਦੇ, ਲਿਵ ਦੇ ਸਾਹਵੇਂ ਜੋ !
ਦਾਨਾ ਬਾਲਾ ਜਾਪਦੇ, ਨਦੀ ਦੇ ਪੰਖੀ ਦੋ
ਗਗਨੋਂ ਵੱਡੀ ਗੁਰੂ ਦੀ, ਵੇਖਦੇ ਹੈਸਨ ਲੋਅ
ਤਦੋਂ ਅਚਿੰਤੇ ਮਨਾਂ 'ਤੇ, ਵਰ੍ਹੇ ਅੰਗਾਰੇ ਕੋ
ਖੰਭ ਦੈਵੀ ਪਰਵਾਜ਼ ਦੇ, ਜ਼ਰਾ ਨ ਦੇਵਣ ਸੋਅ;
ਭਾਵੇਂ ਨਾਨਕ ਨਾਲ ਸੀ, ਫਿਰ ਵੀ ਪੈਂਦੀ ਖੋਹ
ਕਿਤੇ ਦੂਰ ਸੀ ਭੱਖਦਾ, ਕਰਾਮਾਤ ਦਾ ਰੋਹ।

ਰਾਹ ਅਸੰਖ ਲਹਿਰਾਂਵਦੀ, ਨਵੇਂ ਰਾਗ ਦੀ ਧੂਹ
ਸ਼ਬਦ ਦੇ ਸੀਨੇ ਬੈਠਦੀ, ਸਗਲ ਧਰਤ ਦੀ ਰੂਹ।
ਕਣ ਕਣ ਨੂੰ ਕੀ ਭੇਜਦੀ, ਕਦਮਾਂ ਦੀ ਖ਼ੁਸ਼ਬੂ ?
ਖਰਬਾਂ ਤਾਰੇ ਲਟਕ ਗਏ, ਧਰ ਦੇ ਡੂੰਘੇ ਖੂਹ !
ਦੇਂਦੀ ਰਹੀ ਰਬਾਬ ਸੀ, ਯੁਗ-ਸਫ਼ਰਾਂ ਦੀ ਸੂਹ
ਜਦ ਪਰਲੈ ਚੋਂ ਜਾਗਦੀ, ਸਬਜ਼ ਵਣਾਂ ਦੀ ਜੂਹ।

ਸਹਿਜ ਕੁਦਰਤਾਂ ਵਾਲੜਾ, ਰਿਹਾ ਕੋਇਲ ਜਿਉਂ ਕੂ
ਪਰ ਬਾਲੇ ਦੀ ਹਿੱਕ ਨੂੰ, ਅਗਨ ਰਹੀ ਇਕ ਲੂਹ
ਨਾਨਕ ਸਰਸਾ ਸਾਮ੍ਹਣੇ, ਤਾਰਾ ਜਿਵੇਂ ਧਰੂਹ
ਪੀਰਾਂ ਦੇ ਉਸ ਨਗਰ ਕਿਉਂ, ਮਹਾਂ ਹੁਕਮ ਮਜਰੂਹ ?

ਘੇਰੇ ਸਰਸਾ ਅੰਦਰਾਂ, ਮੁਣਸਾਂ ਧੁਰ ਦੇ ਰਾਹ
ਮਰਦਾਨੇ ਤੇ ਬਾਲ ਦੇ, ਜਮ ਪਿਆ ਛੋਹੇ ਸਾਹ
ਤੁਰ ਵਾਟਾਂ ਗੁਰ ਪੁੱਜਦੇ, ਪੀਰਾਂ ਦੀ ਦਰਗਾਹ
ਸੈਦੋ ਸੀਹੋ ਵਿਹਣ ਗੁਰ, ਚੀਰ ਜਨਮ-ਅਸਗਾਹ
ਪੀਰ ਜੋਗ ਦੀ ਓਟ ਲੈ, ਦੇਹ ਖੋਰਣ ਮੰਝ ਵਾ
ਅਣੂ ਤੋਂ ਗਗਨਾਂ ਤੀਕਨਾਂ, ਦੇਵਣ ਸੁੰਨ ਫੈਲਾਅ;
ਹਉਂ-ਸ਼ਕਤੀ ਦੀ ਧੁੰਧ ਨੇ, ਛਲ ਸੂਖਮ ਪੰਘਰਾ
ਪਲ ਵਿਚ ਤਾਰੇ ਰਚੇ ਜੋ, ਹੁਕਮ ਉਹ ਲਿਆ ਛੁਪਾ।
ਸੁਕ ਜਾਣ ਤਨ ਰਾਂਗਲੇ, ਹੋ ਲਿਵ ਬਾਝ ਸੁਆਹ
ਤਦ ਰਬਾਬ ਚੋਂ ਛਲਕਿਆ, ਸਿੰਧ ਜੇਡ ਅਸਨਾਹ।

ਨਾਨਕ ਨੂੰ ਵੰਗਾਰਦੇ, ਪੀਰ ਤੇ ਜੋਗੀ ਸਭ:
"ਛੂਹ ਵਿਚ ਪਰਗਟ ਹੋਣ ਨਾ, ਤੇਰੇ ਮਰਮ ਅਲੱਭ
ਦੇਹੀ ਦੇ ਬਲ ਬਾਝ ਨਾ, ਰੂਹ ਨੂੰ ਵੇਖੇ ਜੱਗ
ਦੇਹ ਜੇ ਉੱਡੇ ਅੰਬਰੀਂ, ਦਰਸ ਦੇ ਬਣਨ ਸਬੱਬ
ਅੰਗ ਖੁਰਣ ਵਾ ਸਾਗਰੀਂ, ਪ੍ਰਾਣ ਰਹਿਣ ਮੰਝ ਅੱਗ
ਜਿੰਦ ਜੀਏ ਬਿਨ ਅੰਨ ਜੇ, ਮੰਨੀਏ ਰੂਹ 'ਚ ਰੱਬ।"
ਸੁਣ ਨਾਨਕ ਨੇ ਤੋੜਿਆ, ਕਰਾਮਾਤ ਦਾ ਤੱਗ
ਜਦੋਂ ਇਲਾਹੀ ਕਰਮ ਦਾ, ਰਵੀ ਚਮਕ ਪਿਆ ਰਗ
ਦੇਹ ਵਿਸਮਾਦ 'ਚ ਭੁੰਚ ਕੇ, ਲਿਵ ਦਰਿਆ ਹੋਇ ਵਗ
ਬਿਮਲ ਧੁੱਪ ਗੁਰ ਟਹਿਕਦੇ, ਅੰਨ ਤੋਂ ਦੂਰ ਅਲੱਗ।

ਸੂਫ਼ੀ ਸਰਸਾ ਨਗਰ ਦੇ, ਹੋ ਧੁਰ ਹੁਕਮ ਤੋਂ ਅੰਧ
ਰੂਹ ਉੱਡਾਣਾਂ ਛੱਡ ਕੇ, ਪਰਖਣ ਲੱਗੇ ਅੰਗ
ਚਾਲੀ ਦਿਨ ਜਾਂ ਬੀਤਦੇ, ਥੱਕੇ ਹਠੀ ਮਲੰਗ
ਸੂਫ਼ੀ ਨਿਕਲੇ ਭੋਰਿਉਂ, ਨਾਲ ਜਿਸਮ ਕਰ ਜੰਗ
ਭਾਵੇਂ ਗੁਰ ਵੀ ਬੈਠਿਆ, ਹੋ ਪਤਾਲ ਵਿਚ ਬੰਦ
ਉੱਚਾ ਰਿਹਾ ਉਹ ਰਿਜ਼ਕ ਤੋਂ, ਨੇਮ ਧਰਤ ਦੇ ਤੰਗ!

ਇਸ਼ਕ ਨੇ ਦੇਹ ਨੂੰ ਜਿੱਤਿਆ, ਜਿਵੇਂ ਝਨਾਂ ਨੂੰ ਲੰਘ
ਤੁਰਦੇ ਦੇਹ ਦੇ ਨੇਮ ਸੀ, ਵਜਦ ਅਜੈ ਦੇ ਸੰਗ।
ਖੜ ਚਾਰੇ ਸਿੱਖ ਵੇਖਦੇ, ਚਾਲੀ ਦਿਨ ਦੇ ਪੰਧ
ਗਗਨ ਅਨੰਤ ਦੇ ਦਮਕਦੇ, ਗੁਰੂ-ਨਦਰ ਵਿਚ ਰੰਗ।

ਜਤੀ ਜਲਾਲ ਸ਼ਕੂਰ ਆ, ਲੈ ਨਾਲ ਸ਼ਾਹਬਾਜ਼
ਕਹਿਣ: "ਨਬੀ ਦਾ ਥਾਣ ਨਾ, ਜੇ ਨ ਜੁੜੇ ਮਿਅਰਾਜ
ਨੀਰ, ਅੱਗ, ਵਾ, ਖ਼ਾਕ ਦਾ, ਜਿਸਮ ਜੋ ਹੀਣਾ ਸਾਜ਼
ਕਿਵੇਂ ਛੁੰਘੜੇ ਏਸ ਦੇ, ਕਰਾਮਾਤ ਬਿਨ ਰਾਜ਼?"
ਸੁਣਿ ਗੁਰ ਸੀਸ 'ਤੇ ਝੂਮਿਆਂ, ਕਾਲ-ਵਿਜੈ ਦਾ ਬਾਜ਼
ਉੱਚਾ ਹੱਥ ਨ ਆਂਵਦਾ, ਜਿਵੇਂ ਇਲਾਹੀ ਨਾਜ਼
ਗੁਰ ਕਹਿਣ: "ਹਰ ਵਲੀ ਨੇ, ਨਾਲ ਸਿਦਕ-ਅੰਦਾਜ਼
ਦਾਤ ਅਮੁੱਕ ਦੀ ਸਿਰਜਣੀ, ਸੁਰਤ ਵਿਚ ਪਰਵਾਜ਼
ਸਦਾ ਸੱਜਰੀ ਵਫ਼ਾ ਦਾ, ਮੌਤੋਂ ਪਰੇ ਆਗਾਜ਼
ਸੋਹੰ ਆਪੁ ਪਛਾਣੀਐ, ਤਨ ਵਿਚ ਤਨ ਤੋਂ ਬਾਝ!

"ਕਰਾਮਾਤ ਹੈ ਢੱਕਦੀ, ਹੁਕਮ ਦੇ ਪੰਧ ਅਨੂਪ
ਕੂੜ ਜਲਾਲ ਹੈ ਏਸਦਾ, ਖ਼ਾਲੀ ਨਸ਼ੇ ਦੀ ਕੂਕ
ਹਉਂ ਦੀ ਖੁੱਡ 'ਚ ਕੁਤਰਦੀ, ਖੰਭ ਸੁਰਤ ਦੇ ਮੂਕ।
ਨਵ ਖੰਡਾਂ ਦੀ ਮਾਲਕੀ, ਮਿੱਠੀ ਅਤੇ ਮਲੂਕ
ਹੁਕਮ ਅਪਾਰ ਦੇ ਸਾਮ੍ਹਣੇ, ਮੁਰਦਾ ਵਿਚ ਸੰਦੂਕ!
ਕਰਾਮਾਤ ਬੇਸੁਰਤ ਹੈ, ਭਾਵੇਂ ਇਸ ਵਿਚ ਸ਼ੂਕ
ਚਾਲੀ ਜੁਗਾਂ ਦੀ ਦੇਹ ਵੀ, ਅੰਤ ਮਿਟੇ ਵਿਚ ਹੂਕ
ਢੀਠ ਜਕੜ ਨੇ ਹੋਵਣਾ, ਰੋਗ 'ਚ ਪੀਲੀ ਭੂਕ।
ਹੁਕਮ ਅਪਾਰ ਬੇਅਟਕ ਹੈ, ਚਲਦਾ ਕਿਤੇ ਨ ਚੂਕ
ਸੂਰਜ ਦਿਸੇਗਾ ਅੰਤ ਨੂੰ, ਵਿਚ ਗ੍ਰਹਿਣ ਦੇ ਲੂਕ।"

ਪੀਰ ਕਹੇ: "ਕਿਉਂ ਤੈਂਡੜੀ, ਸਦਾ ਖਿੜੇ ਪਈ ਰੁੱਤ
ਰਹੇ ਅੰਨ ਦੇ ਬਾਝ ਵੀ, ਸਦਾ ਸਲਾਮਤ ਬੁੱਤ?
ਨਾਨਕ ਦੱਸੇ: "ਵਿਗਸਦੇ, ਵਿਚ ਤਲਿਸਮ ਹਿੱਕ
ਵਖਰ ਬਿਮਲ ਜੇ ਕੋਲ ਹੈ, ਹੁਕਮ ਦਿਸੇ ਨਵ ਨਿੱਤ
ਰਿਸ਼ਮ ਕਰਮ ਦੀ ਉਗਮਦੀ, ਖੋਲ੍ਹ ਅਸੰਖਾਂ ਭਿੱਤ
ਕਾਲ, ਜ਼ਿਮੀਂ, ਹਰ ਗਗਨ ਦੇ, ਨਕਸ਼ ਖਿੜਣ ਹੋ ਜਿੱਤ

ਕਰਾਮਾਤ ਤਾਂ ਸੱਚ ਹੈ, ਜੇ ਵਿਚ ਖੇਡ ਅਮਿੱਤ।
ਸਚੇ ਹੁਕਮ ਦੇ ਸਾਮ੍ਹਣੇ, ਫਿਰ ਵੀ ਜਗਤ ਅਨਿੱਤ।
ਮੈਂ ਵੀ ਭੈਣ ਦਾ ਵੀਰ ਹਾਂ, ਮੈਂ ਵੀ ਕਿਸੇ ਦਾ ਪੁੱਤ
ਭਗਤਾਂ ਵਿਚ ਵਿਗਾਸ ਜਾਂ, ਰੋਗ ਤੋਂ ਰਹਿਣ ਅਛੁੱਤ।"

ਪੀਰਾਂ ਦੀ ਦਰਗਾਹ 'ਤੇ, ਸੁਣ ਛਾਏ ਵਿਸਮਾਦ
ਸਾਇਆਂ ਵਾਂਗ ਮੁਅਜਜ਼ੇ, ਡਿੱਗਣ ਖੁੱਡ 'ਚ ਜਾਗ।
ਫੜੀ ਹੋਈ ਪੈਗੰਬਰਾਂ, ਅਸਲੀ ਰੂਹ ਦੀ ਵਾਗ
ਖੋਟੀ ਹਿਰਸ ਅਗੰਮ ਦੀ, ਅਹੁੰ ਕਾਲ ਦਾ ਨਾਗ;
ਸਿਰ ਬੇਮੰਜ਼ਲ ਤੂਰ 'ਤੇ, ਪਟਕਣ ਨਰ ਦੇ ਭਾਗ
ਦਾਰ ਸੜੇ, ਵਣ ਸੂਲੀਆਂ! ਬੁਝ ਬੁਝ ਜਾਣ ਚਰਾਗ
ਸ਼ਰਮ 'ਚ ਡੋਬੇ ਸਿਹਰ ਨੂੰ, ਕੋ ਬਖ਼ਸ਼ਿਸ਼ ਬੇਲਾਗ।
ਤਕਿਆ ਪੀਰਾਂ ਦੂਰ ਤੋਂ, ਅਸਲ ਮਨੁੱਖ ਵੈਰਾਗ
ਮੁੜ ਤਕ ਜੀਏ ਮੁਅਜਜ਼ੇ, ਸੁੱਚਾ ਰੰਗ ਸੁਹਾਗ।

ਪੀਰਾਂ ਦੀ ਦਰਗਾਹ 'ਤੇ, ਅਜ ਨਿਰਾਲੀ ਸੰਵ
ਕਰਾਮਾਤ ਹੈ ਗੁਰੂ ਦੀ, ਜਿਉਂ ਵਿਚ ਸਿੰਧ ਤਰੰਗ
ਮਲ੍ਹ ਨ ਕਿਤੇ ਵੀ ਹਿਰਸ ਦੀ, ਜ਼ਰਾ ਨ ਅਹੁੰ ਦਾ ਰੰਗ;
ਸਹਿਜ-ਭਰੀ ਉਸ ਪੰਖ ਜਿਉਂ, ਮੁੜੇ ਦੇਸ ਜੋ ਲੰਘ
ਬੋਟ ਬਿਰਖ ਹਿਮ ਆਲ੍ਹਣਾ, ਸਦਾ ਜਿਦ੍ਹੇ ਮਨ ਸੰਗ
ਰੁੱਤਾਂ ਦੇ ਦਰਿਆ ਬਹੁ, ਵਗਣ ਜਿਦ੍ਹੇ ਹਰ ਅੰਗ
ਰਹੇ ਰਿਸ਼ਮ ਦੇ ਰੂਬਰੂ, ਜਿਸਦੀ ਸਦਾ ਉਮੰਗ।
ਖੜੇ ਫ਼ਕੀਰ ਸੀ ਓਦਰੇ, ਕਹਿਣ "ਨਾ ਨਾਨਕ ਵੰਝ
ਅੱਜ ਅਚੰਭੇ ਸੱਜਰੇ, ਕਲ ਢਹਿਸਣ ਵਿਚ ਅੰਧ
ਅੰਬਰ ਕਦੇ ਨ ਘੇਰਦੀ, ਦੇਹ ਦੀ ਕੱਚੀ ਕੰਧ।"

ਬਾਲੇ ਜਰੀ ਜਾਂ ਜਿੰਦ 'ਤੇ, ਕਰਾਮਾਤ ਦੀ ਘੂਰ
ਦੱਬੇ ਦਿਲ ਦੇ ਪੈਂਡੜੇ, ਹੇਠਾਂ ਸੰਵ ਕਰੂਰ
ਹਰੀ ਸ਼ਾਖ਼ ਲਈ ਤੜਪਦਾ, ਮਨ ਮਾਸੂਮ ਜ਼ਰੂਰ
ਛੁਪ ਛੁਪ ਜੜ੍ਹਾਂ ਨੂੰ ਸਾੜਦੇ, ਤਪ ਤਪ ਅਗਨ-ਗਰੂਰ
ਊਸ਼ਾ ਤੋਂ ਸੰਵਾਂ ਤੀਕਣਾਂ, ਮਨ ਸਿਕਦਾ ਬੇਨੂਰ
ਉੱਡ ਦੁਆਵਾਂ ਸਿੰਜਿਆ, ਖ਼ਾਲੀ ਥਲਾਂ ਨੂੰ ਦੂਰ;
ਫਿਰ ਗੁਰ ਨੂੰ ਇਉਂ ਵੇਖਿਆ, ਮਹਿਕ ਪਵੇ ਜਿਉਂ ਬੂਰ
ਕਹੇ: "ਚੱਲ ਗੁਰ ਵੀਰਣਾ, ਬਖ਼ਸ਼ ਥਲਾਂ ਨੂੰ ਬੂਰ

ਬੰਨ੍ਹੇ ਉਡਦੇ ਪੰਖਣੂ, ਰਿੱਧ ਸਿੱਧ ਨੇ ਜੂੜ
ਖੰਭ ਅਨੂਪ ਜੋ ਦਿਸਦੇ, ਡਿੱਗ ਪੈਣ ਹੋ ਚੂਰ,
ਚੱਲ ਵੀਰ ਮਰਦਾਨਿਆਂ, ਲੋਕ ਉਡੀਕਣ ਦੂਰ
ਜੀਵੇਂ ਪ੍ਰੇਮ ਦੀ ਵੱਥ ਦੇ, ਜੇ ਗਾਵੇਂ ਦਸਤੂਰ।" -1-

ਗ੍ਰੀਖਮ ਰੁੱਤ ਵਿਚ ਰਾਜਪੂਤਾਂ ਦਾ ਦੇਸ, ਰਸਮਾਂ ਅਤੇ ਅਸਲੀ ਮਨੁੱਖ ਦੇ ਧਰਮ ਦਾ ਨਿਬੇੜਾ

ਤਾਂ ਗੁਰ ਸਰਸਾ ਛੱਡ ਕੇ, ਮੱਲੀ ਥਲਾਂ ਦੀ ਵਾਟ
ਤਪਦੀ ਰੇਤ 'ਚ ਹੁੰਗਰੇ, ਪੰਛੀ ਦੀ ਕੁਰਲਾਟ
ਕਵਨ ਗੁੱਝੜੇ ਰੋਗ ਦੀ, ਥਲਾਂ 'ਚ ਪਵੇ ਤਰਾਟ
ਛਾਲਾ ਬਿਰਹਣ ਕਿਸੇ ਦਾ, ਥਲ-ਤਨ ਕਰੇ ਜਲਾਟ
ਸੁੰਨੇ ਬਿਰਖਾਂ ਹੇਠ ਨੇ, ਤਿਖ ਦੇ ਲੰਮੇ ਘਾਟ।
ਤੜਪ ਮੂਕ ਨੇ ਡੰਗਿਆ, ਰੇਤ ਅਨੰਤ ਦਾ ਪਾਟ
ਪਰਲੋਂ ਪੂਰਬ ਜਿਸ ਤਰਾਂ, ਸ਼ਿਵ ਦਾ ਭਖੇ ਲਿਲਾਟ।
ਬੰਨੇ ਮਾਰੂ ਰਾਗ ਦਾ, ਜਦ ਮਰਦਾਨਾ ਠਾਟ
ਬਿਖ ਸਮੁੰਦ 'ਤੇ ਚੜ੍ਹੇ ਇਉਂ, ਸੱਚ ਅਜੈ ਦੀ ਲਾਟ
ਮਹਾਂ ਥਲਾਂ 'ਤੇ ਤਣੇ ਜਿਉਂ, ਉੱਚੇ ਕਿਲੇ ਦੀ ਡਾਟ।

ਤਪਣ ਰਾਹ ਕੰਡਿਆਲੜੇ, ਸੁਨਣ ਥਲਾਂ ਦੀ ਭ੍ਰੇਰ
ਜੇਠ ਦੇ ਵਾਵਰੋਲੜੇ, ਘੇਰਣ ਬੀਕਾਨੇਰ
ਚੜ੍ਹਕੇ ਪਾਗਲ ਘੋੜ ਤੇ, ਗਹਿਰਾਂ ਦੇਵਣ ਗੇੜ
ਜਿਉਂਕਰ ਸੂਲੀ ਉਤਰਦੀ, ਜਿੰਦ 'ਤੇ ਅੰਤਮ ਵੇਰ
ਜੈਸਲਮੇਰ ਤੋਂ ਜੋਧਪੁਰ, ਮਾਰਵਾੜ ਰਹੇ ਘੇਰ।
ਸੂਰਜ ਤੱਤੀ ਤਵੀ ਲੈ, ਆਵੇ ਨਾਲ ਸਵੇਰ
ਬਰਸਾਂ ਪਾਰ ਸ਼ਹੀਦ ਦੇ, ਵੇਖੇ ਸਬਰ ਨੂੰ ਫੇਰ।
ਗੁਰ ਸੰਗ ਚਾਰ ਮੁਰੀਦ ਜਾਂ, ਸੁਨਣ ਦਿਲਾਂ ਦੀ ਲੇਰ
ਸਚ ਅਖੁਟ ਨੂੰ ਦੇਂਵਦੇ, ਕਿਣਮਿਣ ਵਾਂਗ ਖਲੇਰ।
ਗਾੜ੍ਹੇ ਪਾਪ ਅਸਿਖ 'ਤੇ, ਪਵੇ ਸ਼ਬਦ ਦਾ ਕਹਿਰ
ਤਾਂਡਵ ਦਾ ਵੱਡ ਖ਼ਾਬ ਜਿਉਂ, ਬੈਠੇ ਸਿਖਰ ਸੁਮੇਰ,
ਛੂਹ ਨਰ ਸਿੰਘ ਨੂੰ ਪਾਟਦੇ, ਤੱਤੇ ਥੰਮ ਦੇ ਸਿਹਰ।

ਹੋ ਹੈਰਾਨੇ ਆਖਦੇ, ਸੈਦੋ ਸੀਹੋ "ਵਾਹ!
ਧਰਮ ਕੋਟ ਬਾਨਿੰਞਿਉਂ, ਥਲ ਪੰਜਾਬ ਦੇ ਗਾਹ
ਸਤਿਗੁਰ ਆਇਉਂ ਚੱਲ ਕੇ, ਕਵਨ ਅਵੱਲੇ ਰਾਹ।
ਨਾਰਾਂ ਮਰਦ ਸੁਵੰਨੜੇ, ਵਿਚ ਰੇਤ ਅਸਗਾਹ
ਫਿਰ ਵੀ ਕਿਤੋਂ ਨ ਆਂਵਦਾ, ਧਰਮ ਦਾ ਸੱਚਾ ਸਾਹ!"
ਸਿੱਖਾਂ ਨੂੰ ਗੁਰ ਆਖਦੇ, ਲੋਹ ਸਿਦਕਾਂ ਦਾ ਤਾਅ
ਵਗਣ ਜੋਧਪੁਰ ਤੀਕ ਜਾਂ, ਲੂਆਂ ਅੰਧ ਅਥਾਹ:
"ਰੂਹ ਦੇ ਸਿਦਕ 'ਚ ਦੇਹ ਜਾਂ, ਹੁਕਮ ਨੂੰ ਤੱਕੇ ਆ
ਦਯਾ ਦੇ ਜੁਗ ਵਿਗਸਾਂਵਦੀ, ਮੁਨਸ ਦੀ ਮਹਾਂ ਅਦਾ
ਸ਼ੈਵ ਵੈਸ਼ਨਵ ਢੂੰਡੀਏ, ਭੇਤ ਇਹ ਸਕਣ ਨ ਪਾ।
ਹੇਠਾਂ ਕੱਚੇ ਸੂਤਕਾਂ, ਲੈਣ ਜੋ ਸੱਚ ਲੁਕਾ
ਕੂੜੀ ਸੁੱਚ ਵਿਹਾਜਦੇ, ਪੀਰ ਨ ਬਨਣ ਗਵਾਹ।

"ਲਾਉਣ ਅੱਚਵੀ ਜਿੰਦ ਨੂੰ, ਰਸਮ ਦੇ ਲੱਖਾਂ ਕੌਲ
ਚਿਮਟਣ ਅਸਲ ਮਨੁੱਖ ਨੂੰ, ਗੁਫ਼ਾ ਦੇ ਬੰਦ ਮਹੌਲ
ਉੱਡਣ ਮਾਯਾ-ਝੱਲ ਚੋਂ, ਡੰਗ ਤਾਮਸੀ ਖੌਲ
ਸੁੱਟੇ ਬੁਝਦੇ ਤਾਰਿਆਂ, ਦਿਲ 'ਤੇ ਬੁੱਤ ਬੇਡੌਲ।
ਬਹੁ ਸੁਰਾਬ ਲਿਵ ਸਾਮ੍ਹਣੇ, ਸੰਗ ਤਿਖਾ ਰਹੇ ਮਉਲ
ਭੰਫ ਨੇ ਮੁੜ ਮੁੜ ਲਾਂਵਦੇ, ਵਿਸਮਾਦਾਂ ਦੀ ਰੌਲ
ਅਸਲੀ ਪੁਰਸ਼ ਭੁਲਾਂਵਦੇ, ਅਜਬ ਫ਼ਰੇਬ ਸਡੌਲ।
ਡੁਬ ਡੁਬ ਧੂੰਏਂ ਹਿਰਸ ਦੇ, ਬਿਖ ਬਣ ਜਾਂਦੇ ਪਹੁਲ
ਪਿਰ ਦੇ ਸੱਚ ਤੋਂ ਵਿਛੜ ਕੇ, ਅਰਥ ਬਦਲਦੇ ਹੌਲ।
ਆਦਿ ਅਨੀਲ ਬਿਬੇਕ ਦਾ, ਤਦੋਂ ਕੰਬਦਾ ਧੌਲ
ਤਦ ਅਕਾਲ ਦੇ ਰੂਬਰੂ, ਕੌਮਾਂ ਰਹਿਣ ਬੇ-ਗੌਲ
ਬਣਦੇ ਜਮ ਦਾ ਧਰਮ ਨੇ, ਅਜਬ ਕਰੂਰ ਮਖੌਲ।" -2-

ਅਜਮੇਰ ਸ਼ਰੀਫ਼ ਵਿਖੇ ਗੁਰੂ ਨਾਨਕ ਸਾਹਿਬ, ਦਰਗਾਹ ਸਾਮ੍ਹਣੇ ਮਿਹਰ ਮਸੀਤ ਦਾ ਉਜਾਲਾ

ਫਿਰ ਚਿਸ਼ਤੀ ਅਜਮੇਰ ਦੀ, ਗੁਰ ਤੱਕਣ ਦਰਗਾਹ
ਦਿਲ ਦਰਿਆ ਤੋਂ ਛਲਕਿਆ, ਕੋਈ ਅਜਿੱਤ ਉਮਾਹ
ਰੂਹ-ਮਿਰਾਜਾਂ ਲਿਸ਼ਕੀਆਂ, ਅੰਬਰ ਲੰਘ ਅਗਾਹ
ਸਰਸੀ ਕਾਲ ਦੀ ਚੁੱਪ ਨੂੰ, ਧਰਤ ਨੇ ਲਿਆ ਜਗਾ।

ਹਵਾ ਸਨੇਹੁੜੇ ਵਿਛੜੇ, ਵਗੇ ਇਉਂ ਮਸਤਕ ਲਾ
ਕਬਰ 'ਤੇ ਜਿਉਂਕਰ ਉਤਰਦੇ, ਨਬੀ ਦੇ ਵਿਛੜੇ ਸਾਹ।
ਮਧੁਰ ਧਮਕ ਗੁਰ-ਪੈੜ ਦੀ, ਸ਼ਬਦ ਦੇ ਰਾਜ਼ ਭਖਾ
ਪਹਿਲੀ ਅੱਗ ਬ੍ਰਹਿਮੰਡ ਦੀ, ਉੱਡ ਕੇ ਚੁੰਮੇਂ ਜਾ।
ਦੂਰ ਮਦੀਨੇ ਸੰਦੜੀ, ਸ਼ਾਹ ਰਗ ਰਹੀ ਥੱਰਾ
ਪਰ ਮਰਦਾਨਾ ਅਜੇ ਵੀ, ਬਉਰਾਨਾ ਬੇ-ਰਾਹ!
ਕਹੇ: "ਮਜ਼ਾਰੀਂ ਸੁੱਕ ਗਏ, ਪੀਰ ਦੇ ਚੜ੍ਹ ਦਰਿਆ
ਵਿਚ ਉਜਾੜਾਂ ਗੂੰਜੀਆਂ, ਵਸਣ ਇਬਾਦਤਾਂ ਜਾ।"

ਦਾਨਾ ਆਖੇ: "ਵਜਦ ਦੀ, ਟੁੱਟੀ ਨਾਗਰ ਲੱਜ
ਮਿਲੇ ਗ਼ਰੀਬ ਨਵਾਜ਼ ਦਾ, ਉਹੀਓ ਦਰਦ ਨ ਅੱਜ
ਚੌਦਾਂ ਤਬਕ ਦੀ ਸੁੱਧ ਨੂੰ, ਕਬਰਾਂ ਰਹੀਆਂ ਕੱਜ
ਜੁਗਨੂੰ ਜੇਡੀ ਯਾਦ ਤੋਂ, ਕਿਉਂਕਰ ਆਵੇ ਰੱਜ?"
ਨਾਨਕ ਕਹੇ, "ਰਣ ਭਖੇ ਨੂੰ, ਛੱਡ ਜਾਂਦੇ ਨਿਰਲੱਜ
ਮਿਹਰ ਮਸੀਤ ਕੁਰਾਨ ਨੂੰ, ਹੱਕ ਹਲਾਲ ਨੂੰ ਤੱਜ
ਸਜਦੇ ਬਨਣ ਨ ਯਾਰ ਦੇ, ਸਿਲ ਮੁੰਦੀ 'ਤੇ ਵੱਜ
ਦਿਲ ਦੇ ਕਾਅਬੇ ਬਾਝ ਨਾ, ਕਿਤੇ ਨਮਾਜ਼ ਦਾ ਹੱਜ!
ਸਿਦਕ ਦਮਾਮੇ ਗਗਨ 'ਤੇ, ਪਾ ਸਦੀਆਂ ਤਕ ਗੱਜ
ਚੁੱਪ ਹੋਣ ਤਾਂ ਇਸ ਤਰਾਂ, ਕੌਮਾਂ ਜਾਵਣ ਭੱਜ
ਸੁੱਕੀ ਨੈਂ ਤੋਂ ਉੱਡਦੇ, ਜਿਉਂ ਪੰਛੀ ਪਾ ਪੱਜ।
ਪੀਰਾਂ ਬਾਝ ਮੁਰੀਦ ਨੂੰ, ਕਬਰਾਂ ਘੁੱਟਣ ਅੱਜ।"

ਸੁਣੇ ਸੁਖ਼ਨ ਇਹ ਚਿਸ਼ਤੀਆਂ, ਵੱਡ ਦਰਗਾਹ ਦੇ ਕੋਲ
ਤੱਕਣ ਹਿਰਸਾਂ ਪੈਂਦੀਆਂ, ਗੀਤ-ਸਮੁੰਦ ਦੀ ਝੋਲ
ਬਹੁਤ ਇਕੱਲ ਮਜ਼ਾਰ ਦੀ, ਕਾਲ ਰਹੇ ਸੀ ਤੋਲ
"ਜੋ ਹੈ ਨਾ" ਰਹੇ ਉਸਦੇ, ਸਾਏ ਦਿਲਾਂ 'ਤੇ ਡੋਲ।
ਪਲ ਪਲ ਨਿਹਫਲ ਹੋਂਵਦੇ, ਮੁੱਢ ਕਦੀਮੀ ਬੋਲ
ਰੀਣ ਕੁ ਸੁਪਨਾ ਮਿੱਠੜਾ, ਫਿਰ ਦਰਗਾਹ ਦੇ ਕੋਲ
ਯਾਦ ਗ਼ਰੀਬ ਨਵਾਜ਼ ਦੀ, ਤੁਰ ਜਾਂਦੀ ਅਨਡੋਲ
ਦਿੱਸਣ ਬੰਦ ਇਬਾਦਤਾਂ, ਵਿਚ ਹਲਾਹਲ ਘੋਲ!
ਪਰ ਜਦ ਗੁਰ ਦੀ ਰਮਜ਼ ਦੇ, ਤਾਰੇ ਚੜ੍ਹਨ ਅਡੋਲ
ਸਬਰ ਗ਼ਰੀਬ ਨਵਾਜ਼ ਦਾ, ਜਾਗ ਪਿਆ ਅਨਮੋਲ।
ਲੰਘਣ ਭਟਕਣ ਤਲਖ਼ ਨੂੰ, ਦਿਲ ਹੰਗਾਲ ਫਰੋਲ
ਚਿਸ਼ਤੀ ਸੁਨਣ ਰਬਾਬ ਆ, ਮਿਹਰ ਮਸੀਤ ਨੂੰ ਟੋਲ।

ਇਕ ਦਿਨ ਲਟ ਲਟ ਬਲੇ ਪਈ, ਬਾਲੇ ਦੇ ਮਨ ਸਿੱਕ
ਕੋਟ ਜਨਮ ਜਿਉਂ ਉੱਡਦੇ, ਮੰਜ਼ਲ ਵੇਖਦੇ ਇਕ
ਤਾਂਘ ਅਲੌਕਿਕ ਜੁਗਾਂ ਦੀ, ਛੁਪੀ ਗਗਨ ਦੀ ਹਿੱਕ
ਇਕ ਥਰਕਣ ਸੰਗ ਜਿਸ ਤਰਾਂ, ਲੈਣ ਸਿਤਾਰੇ ਲਿੱਖ।
ਮਨ ਬਾਲੇ ਦੇ ਦਮਕਦੀ, ਬਰਮਾ ਦੀ ਕੋ ਦਿੱਖ
ਪਹਿਲੀ ਛੁਹ ਇਸ ਜਗਤ ਦੀ, ਨਾਗ ਪਰਬਤਾਂ ਵਿੱਚ।
ਪੁਸ਼ਕਰ-ਸਰ ਤੋਂ ਪਾਂਵਦੇ, ਸਮੇ ਕਦੀਮੀ ਖਿੱਚ
"ਪਰਸੋ" ਬਾਲਾ ਆਖਦਾ, "ਔਹ ਘਰ ਜਗ ਦੇ ਮਿੱਤ
"ਬਖ਼ਸ਼ ਦਿੱਤਾ ਅਜਮੇਰ ਨੂੰ, ਤੁਸਾਂ ਕੁਰਾਨ ਅਲਿੱਖ।
ਔਹ ਉੱਪਰ ਸਿਲ ਟਿੱਬਿਆਂ, ਮੰਦਰ ਖੋਲਣ ਭਿੱਤ
ਕਰ ਬਰਮਾ ਦੇ ਛੁਹ ਰਿਹਾਂ, ਲੰਘ ਕੇ ਕਾਲ ਅਜਿੱਤ
ਇਕ ਹੀ ਕਮਲ 'ਚ ਖਿੜ ਰਿਹਾ, ਧਰਤ ਗਗਨ ਦਾ ਚਿੱਤ।
ਰੱਖੋ ਸਤਿਗੁਰ ਤਲੀ ਤੇ, ਧਰ ਦੇ ਰੰਗ ਅਦਿੱਖ
ਮੰਗਨ ਗੁਫ਼ਾਂ ਚੋਂ ਨਿਕਲਕੇ, ਰਿਸ਼ੀ ਅਨੇਕਾਂ ਭਿੱਖ।" -3-

ਪੁਸ਼ਕਰ ਤੀਰਥ ਉੱਤੇ; ਦੇਵੀ-ਦੇਵਤਿਆਂ, ਤੀਰਥਾਂ ਅਤੇ ਸਮੇ ਦੇ ਬੰਧਨਾਂ ਤੋਂ ਆਜ਼ਾਦ ਮਨੁੱਖ ਦਾ ਸੁਨੇਹਾ

ਆਈ ਕੱਤਕ ਪੁੰਨਿਆਂ, ਸਗਲਾ ਕਾਲ ਪੁਨੀਤ
ਸੰਤ-ਨੈਣ ਗੁਰਦਾਸ ਦੇ, ਬਣੇ ਭਵਿੱਖ ਅਤੀਤ
ਨੂਰ ਦੀਆਂ ਚੁੱਪ ਮੰਜ਼ਲਾਂ, ਅਉਸਰ ਵਿਹਣ ਅਬੀਚ
ਭੂਤ ਭਵਿੱਖ ਭਵਾਨ ਚੋਂ, ਲੰਘ ਰਿਹਾ ਕੋ ਮੀਤ।
ਪੁਸ਼ਕਰ-ਸਰ 'ਤੇ ਆਂਵਦੇ, ਪਾਂਧੀ ਜਿਉਂਕਰ ਗੀਤ
ਪੈੜ-ਚਾਪ ਸਭ ਪਲਾਂ ਦੀ, ਤਿੜ ਤੋਂ ਤਾਰਿਆਂ ਤੀਕ
ਕਿਹੜਾ ਸ਼ਬਦ ਉਚਾਰਦਾ, ਨਿਹਕਲੰਕ ਸੰਗੀਤ?
ਧਰੂਵ ਤਾਰੇ ਬ੍ਰਹਿਮੰਡ ਦੇ, ਕੋਟ ਸਫ਼ਰ ਜਦ ਕੀਤ
ਖੜੇ ਗੁਰੂ ਦੇ ਸੀਸ ਤੇ, ਜਿਉਂ ਮਹਿਰਾਬ ਅਜੀਤ!
ਐਧਰ ਬਾਲਾ ਵੇਖਦਾ, ਸਮੇ ਗਏ ਵਡ ਬੀਤ
ਦੇਵੀ ਦੇਵ ਦੀ ਖੜੀ ਸੀ, ਅਜੇ ਨਸ਼ੀਲੀ ਭੀਤ
ਸੈਦੋ ਸੀਹੋ ਵੇਖਦੇ, ਕੰਥੇ ਮੁੰਦੀ ਰੀਤ
ਜਿਉਂਕਰ ਲੰਮੇ ਕਾਲ ਚੋਂ, ਡਿੱਗੇ ਦਾਨਵ-ਭੀਤ
ਤਿਲਕੇ ਰੇਤ ਦੇ ਮਹਿਲ ਚੋਂ, ਮੌਤ ਫ਼ਰੇਬੀ ਸੀਤ।

ਸੁਣਿ ਲੰਘੀ ਗੁਰ-ਨਦਰ ਸੀ, ਨੂਰ ਦੀ ਕੋਟ ਤਰੰਗ
ਰਿਸ਼ਮ ਰਿਸ਼ਮ 'ਤੇ ਉਤਰੀ, ਗਹਿਰ ਗੰਭੀਰ ਉਮੰਗ
ਵਲ ਮੰਦਰਾਂ ਯਾਤਰੂ, ਜਾਣ ਆਪਣੇ ਰੰਗ
ਸੋਚਣ ਕਿੱਥੋਂ ਗੁਰੂ ਨੇ, ਕੌਣ ਨੇ ਆਏ ਸੰਗ।
ਅੰਤ ਗੁਰੂ ਸੀ ਬੋਲਿਆ, ਕੋਟ ਕੁਦਰਤਾਂ ਲੰਘ
ਕੁਝ ਕੁ ਹੱਸੇ ਯਾਤਰੂ, ਕੁਝ ਕੁ ਹੋਏ ਦੰਗ:
ਆਖੇ: "ਤੀਰਥ ਸੁੱਚੜੇ, ਹੋਣ ਮਲੀਨ ਅਪੰਗ
ਗੁੱਝੇ ਜਨਮ ਦੇ ਸਮੇ ਹੀ, ਦੇਣ ਦ੍ਵੈਸ਼ ਜੇ ਡੰਗ।
ਭਾਵੇਂ ਕਾਮਨ ਏਸ ਥਾਂ, ਲਏ ਕੁਦਰਤਾਂ ਮੰਗ
ਕੀਤਾ ਦੇਵ-ਦ੍ਵੈਸ਼ ਨੇ, ਫਿਰ ਵੀ ਪੁਸ਼ਕਰ ਤੰਗ।"

ਸੁਣਿ ਸਿੱਖਾਂ ਮਨ ਮਹਿਕਦੀ, ਜਨਮ ਜਨਮ ਦੀ ਯਾਦ
ਗੁਰ-ਸੁਖਨਾਂ ਦੇ ਟਿਮਕਦੇ, ਵਾਂਗ ਤਾਰਿਆਂ ਨਾਦ
ਕਮਲ-ਸਕੂਨ ਸ੍ਰੋਤ ਦੇ, ਰਿਸ਼ਮ ਰਿਸ਼ਮ ਵਿਸਮਾਦ
ਤਲੇ ਸੁਬਕ ਪਰ ਪੱਤੀਆਂ, ਜਲ ਥਲ ਉੱਠਣ ਵਾਦ
ਰੋਹ ਦੇਵੀਆਂ ਸੰਦੜੇ, ਉੱਠਣ ਆਦਿ ਜੁਗਾਦਿ
ਚੀਖ ਕਰੇ ਸਾਵਿਤ੍ਰੀ, ਤੀਰਥ ਬੇ-ਆਬਾਦ
ਛਾਰ ਸਰਾਪ ਦੀ ਉੱਡਦੀ, ਰੰਗ 'ਚ ਰਹਿਣ ਸਵਾਦ।
ਪੁਸ਼ਕਰ ਵਿਚ ਸਾਵਿਤ੍ਰੀ, ਦਾ ਮਨ ਰਹੇ ਅਸਾਧ
ਕੀਨੇ ਅੰਦਰ ਰਹੇ ਨਾ, ਮਨ ਦੀ ਸੁੱਚ ਅਨਾਦਿ।
ਦਿਲ ਦੀ ਵੱਖਰ ਬਾਝ ਨਾ, ਲਈ ਤੀਰਥਾਂ ਦਾਦ।

ਮਰਦਾਨੇ ਨੇ ਤੱਕਿਆ, ਨਾਗ ਪਰਬਤਾਂ ਬਾਰ
ਲਟਕ ਰਿਹਾ ਮਨ ਮੁਣਸ ਦਾ, ਸਿਦਕ ਛੋਡ ਦੁਖਿਆਰ
ਬਰਮਾ-ਕਥਾ ਤੋਂ ਲਹਿਣ ਨਾ, ਘੋਰ ਦ੍ਵੈਸ਼ ਦੇ ਭਾਰ
ਦਯਾ ਗਾਇਤ੍ਰੀ ਸੰਦੜੀ, ਰਹੀ ਸਦਾ ਤੋਂ ਹਾਰ
ਬਹੁ ਵਰਦਾਨ ਅਸੀਸ ਨਾ, ਲੈਣ ਸੁਰਤ ਦੀ ਸਾਰ
ਜਦੋਂ ਸੁਤੰਤਰ ਖੰਭ ਨਾ, ਉੱਠਣ ਗਗਨ ਮਝਾਰ।
ਕੋਮਲ ਕਮਲ 'ਤੇ ਚੁਭਦੇ, ਚਿਹਨ-ਧੁੰਧ ਦੇ ਖਾਰ
ਵਗਣ ਦੇਣ ਨ ਜਿੰਦ ਨੂੰ, ਕਾਲੇ ਰੇਤ-ਮੀਨਾਰ।
ਕੇਰੇ ਪੁਸ਼ਕਰ-ਸਰਾਂ ਤੇ, ਸਚ ਨੇ ਹੰਝ ਹਜ਼ਾਰ
ਫਿਰ ਵੀ ਬਰਮਾ-ਧਰਤ ਨੂੰ, ਪਰਸੇ ਨਾਨਕ-ਪਿਆਰ।
ਗੁਰੂ-ਨੇਮ ਸੀ ਪੁੰਗਰਦਾ, ਬ੍ਰਹਿਮੰਡਾਂ ਵਿਚਕਾਰ
ਨਾਗ ਪਰਬਤਾਂ ਅੰਦਰਾਂ, ਤਦ ਉੱਠੀ ਲਲਕਾਰ

ਜਨਮ ਅਸੰਖ 'ਚ ਉਭਰਦੀ, ਇਕ ਤਾਰਾ-ਲਿਸ਼ਕਾਰ
ਕੀਤੇ ਮੁਣਸ ਦੀ ਛੁਹ ਨੇ, ਅਣੂ ਅਣੂ ਸਚਿਆਰ।

ਬਾਲਾ ਚੁੰਮ੍ਹੇ ਦੂਰ ਦੇ, ਮੂਕ ਮੂਕ ਅਸਮਾਨ
ਜਿੱਥੇ ਪਹਿਲੇ ਮੌਤ ਤੋਂ, ਜਿੰਦ ਰਹੇ ਗੁਮਨਾਮ
ਨੀਂਦ ਜਾਗ ਤੋਂ ਪਰੇ ਵੀ, ਜੁਗਾਂ ਦੇ ਬਹੁ ਅਰਮਾਨ
ਜਿੰਦ ਦੇ ਨਕਸ਼ ਉਤਾਰਦੇ, ਓਥ ਸੁਤੰਤਰ ਤਾਨ।
ਮੁਣਸ ਚੇਤਨਾ ਉਗਮਦੀ, ਜਿੱਥੇ ਨਹੀਂ ਨਿਸ਼ਾਨ
ਚਾਵਾਂ ਵਿਚ ਉਲੀਕਦੀ, ਜੀਵ ਜੰਤ ਦੇ ਨਾਮ
ਇਕ ਹਥ ਵੱਖਰ ਦਯਾ ਦੀ, ਇਕ ਹਥ ਤੇਗ ਦੀ ਸ਼ਾਨ
ਜਦ ਇਹ ਵੱਥ ਸੰਭਾਲਦੀ, ਨਰ ਨਾਰੀ ਦੀ ਜਾਨ
ਤਾਂ ਗੁਰ-ਪੈੜ ਵਿਖਾਂਵਦੇ, ਮਹਾਂ ਕਾਲ ਬਲਵਾਨ।
ਬਹੁਤ ਵਾਰ ਪਰ ਹਿਰਸ ਦੇ, ਧੁੰਧੂਕਾਰ ਨਾਦਾਨ
ਕਾਮਨ ਪਾ ਕੇ ਕਥਾ ਦੇ, ਲਿਵ ਅਲਸਾਉਂਦੇ ਆਣ
ਲੰਮੇ ਪੈਂਡੇ ਸੱਚ ਦੇ, ਤਮ੍ਹਾਂ ਵਿਚ ਸੁੰਗੜਾਣ;
ਔਪਰ ਗੁਰੂ ਦੀ ਸੁਰਤ ਵੀ, ਦੱਸੇ ਨਵੇਂ ਮੁਕਾਮ
ਛਾਰ ਚੜ੍ਹੇ ਬਹੁ ਜਨਮ ਦੀ, ਭਸਮ ਹੋਣ ਅਸਮਾਨ।

ਪੁਸ਼ਕਰ ਤੀਰਥ ਸਾਮ੍ਹਣੇ, ਦਿਨ ਬੀਤੇ ਕੁਝ ਹੋਰ
ਲੰਘਦੇ ਜਾਵਣ ਯਾਤਰੂ, ਵਿਚ ਪੁਰਾਣੀ ਤੋਰ
ਰਵੀ ਅਸੰਖਾਂ ਖਿੱਚਦੇ, ਗਗਨ ਅਸੀਮ ਦਾ ਰੱਥ
ਅਣਦਿੱਸ ਪਹੀਆਂ ਹੇਠ ਸੀ, ਮਹਾਂ ਕਾਲ ਸਮਰੱਥ।
ਸੈਦੋ ਸੀਹੋ ਜਰ ਰਹੇ, ਸੁਰਤ-ਹੜ੍ਹਾਂ ਦਾ ਜ਼ੋਰ
ਵਿਚ ਰਚਨਾ ਬ੍ਰਹਿਮੰਡ ਦੀ, ਨਾਨਕ ਦਿਸੇ ਨ ਹੋਰ।
ਫੇਰ ਕਹਿਣ ਝੁਕ ਗੁਰੂ ਨੂੰ, "ਵੇਖ ਲਏ ਥਲ ਮੱਥ
ਹੁਣ ਪੰਖੀ ਜਿਉਂ ਉੱਡਣਾ, ਚਾ ਕੇ ਸ਼ਬਦ ਅਕੱਥ;
ਹਿਮ ਅਛੂਹ ਜਿਉਂ ਪੰਘਰ ਪਏ, ਲਿਵ ਇਹ ਨਵੀਂ ਨਿਕੋਰ
ਢੁਕੇ ਆ ਪਰਬਤ ਥਲਾਂ ਨੂੰ, ਦਸਮ ਦੁਆਰ ਦਾ ਲੋਰ।"
"ਜਾਉ" ਨਾਨਕ ਆਖਦੇ, "ਪਿਉ ਦਾਦੇ ਦੀ ਸੱਥ
ਤਿਨਾਂ ਨੂੰ ਵੰਡੋ ਰਹਿਮਤਾਂ, ਜਿਨਾਂ ਨੂੰ ਭੁੱਲੇ ਪੱਥ।"
ਸੈਦੋ ਸੀਹੋ ਪਰਤਦੇ, ਸ਼ਬਦ ਜਗਾ ਸਿਰ ਭੋਰ
ਸੀਨੇ ਸੁੱਕੇ ਥਲਾਂ ਦੇ, ਅਨਹੱਦ ਗਰਜੇ ਘੋਰ।
ਬਾਲਾ ਚੁੱਕੇ ਜਿੰਦ ਦੇ, ਬ੍ਰਹਿਮੰਡਾਂ ਤਕ ਹੱਥ
ਅਜ਼ਲਾਂ ਤੋਂ ਜੋ ਮਿਲੀ ਹੈ, ਕਿਰ ਨ ਜਾਵੇ ਵੱਥ!

ਉੱਪਰ ਬਾਂਝ ਓਹ ਪਰਬਤੀਂ, ਜੋ ਸਮ ਸਿਵੇ ਜਾਂ ਗੋਰ
ਲੱਥੇ ਮਾਂ ਦੇ ਦਰਦ ਜਿਉਂ, ਸ਼ਬਨਮ ਨਵੀਂ ਨਿਕੋਰ।
ਜਨਮ ਅਸੰਖ ਜੋ ਧੁੱਖਦੇ, ਖਿੰਡੇ ਕਰਮ ਦੇ ਤੱਥ
ਅੰਤਮ ਜਨਮ 'ਚ ਰਹੇ ਸੀ, ਦਸਮ ਦੁਆਰ 'ਤੇ ਲੱਥ।
ਸੁਰਤ ਮਨੁੱਖ ਦੀ ਲੀਕਦੀ, ਹਰ ਥਾਂ ਕਾਲ ਤੇ ਲੇਖ
ਅੱਗੜ ਪਿੱਛੜ ਮੁੰਢੜੇ, ਤਬਕ ਰਹੇ ਸਭ ਵੇਖ।
ਮੁਨਸ-ਚੇਤਨਾ ਪਾਂਵਦੀ, ਮਹਾਂ ਬਯਾਨ ਜਾਂ ਸ਼ੋਰ
ਸੁਪਨਾ ਲੈਂਦੀ ਗੁਰੂ ਦਾ, ਜ਼ਿਮੀਂ ਜ਼ਮਾਂ ਦੀ ਤੋਰ।
ਮਰਦਾਨੇ ਦੀ ਚੁੱਪ ਚੋਂ, ਜਾਗ ਪਏ ਬਹੁ ਨਾਦ
ਚਾਰ ਜੁਗ ਲੰਘ ਆਂਵਦੀ, ਕਵਨ ਨਿਰਾਲੀ ਯਾਦ।
ਰੁੱਤਾਂ ਜਿਵੇਂ ਜਗਾਂਵਦੇ, ਬੁਲਬੁਲ, ਕੋਇਲਾਂ, ਮੋਰ
ਆਵਾਗੌਣ ਦੀ ਨੀਂਦ ਇਉਂ, ਸ਼ਬਦ ਰਿਹਾ ਸੀ ਖੋਰ।
ਜਨਮ ਅਸੰਖ ਸਨੇਹੁੜੇ, ਭੇਜਣ ਵਲ ਰਬਾਬ
ਖ਼ਾਕ ਨਿਖਸਮੀ ਵਾਂਗ ਸੀ, ਭਟਕੇ ਜਿਨਾਂ ਦੇ ਖ਼ਾਬ।
ਲਸੇ ਅਕਾਲ ਦੀ ਕੂਟ ਤੋਂ, ਗੁਰੂ-ਨੇਮ ਸਮਰੱਥ
ਇਕ ਜਨਮ ਵਿਚ ਪੁੰਗਰੀ, ਸਭ ਜਨਮਾਂ ਦੀ ਵੱਥ।

ਆਬੂ ਪਰਬਤ ਉੱਤੇ; ਮੰਦਰਾਂ ਦਾ ਕਲਾ-ਸੁਹਜ ਅਤੇ ਜੀਵਨ-ਚਾਲ ਦੇ ਪਥਰੀਲੇ ਨੇਮ

ਰਾਜਪੂਤਾਨੇ ਕੰਢੜੇ, ਪਰਬਤ ਰਾਜ ਆਕੂਤ
ਜਿਸ ਥਾਂ ਰਿਸ਼ੀਆਂ ਵਾਂਗ ਆ, ਰਹਿਣ ਭਵਾਨ ਤੇ ਭੂਤ
ਜਿਸਦੀ ਠੰਢੀ ਬੂੰਦ ਨੂੰ, ਲੋਚਦਾ ਥਲ-ਕਲਬੂਤ
ਤੱਕੇ ਜਿਸਦੀ ਨਜ਼ਰ ਨੇ, ਕਿੰਨੇ ਗਗਨ ? ਨ ਕੂਤ !
ਲੰਘਣ ਜਿਸਦੀ ਚੁੱਪ ਚੋਂ, ਚੌਂਦਾਂ ਤਬਕ ਦੇ ਸੂਤ
ਚਮਕਣ ਜਿਸਦੇ ਪੱਥਰੀਂ, ਰੂਹ ਦੇ ਸੂਖਕ ਸਬੂਤ
ਜਿਸਦੇ ਸਬਰ ਨੂੰ ਢੂੰਡਦੇ, ਰੇਤਾਂ ਵਿਚ ਅਵਧੂਤ
ਤਿਤ ਵਲ ਨਵੀਂ ਹੀ ਪੈੜ ਲੈ, ਜਾਣ ਪੌਣ ਦੇ ਦੂਤ।

ਤੱਕਣ ਆਬੂ ਗਿਰੀ ਤੋਂ, ਗੁਰ ਸੰਦਾਂ ਦੀ ਲੋਅ
ਭੈ, ਵੈਰਾਗ ਤੇ ਚਾ ਚੋਂ, ਸੁਣ ਅਕਹਿ ਜਹੀ ਸੋਅ
ਪੈਂਦੀ ਬਜਰ ਅਗੰਮ ਚੋਂ, ਇਕ ਪਲ ਮੌਤ ਦੀ ਖੋਹ
ਪਰ ਤਾਂਘਣ ਪਲ ਦੂਜੜੇ, ਚੜ੍ਹ ਤਾਰੇ ਵਿਚ ਮੋਹ

ਗੁਰੂ, ਰਿਸ਼ੀ, ਪੈਗ਼ੰਬਰਾਂ, ਵਾਂਗ ਖਲੋਂਦੇ ਜੋ
ਵਾਰਨ ਜ਼ਿਮੀਂ ਦੇ ਸੀਸ 'ਤੇ, ਲੱਖ ਸੰਦੇਸ਼ ਪਰੋ
ਲਿਸ਼ਕੇ ਰਿਸ਼ਮ ਅਨੋਖੜੀ, ਚੀਰ ਕੇ ਪੱਥਰ-ਕੋਹ
ਸੌਤਾਂ ਪੀ ਪੀ ਤਪਣ ਜੋ, ਝੱਲ ਨ ਹੋਵੇ ਰੋਹ।
ਆਬੂ ਤੋਂ ਗੁਰ ਸੁਣ ਰਹੇ, ਧਮਕ ਹੁਕਮ ਦੀ ਕੋ
ਨਵੇਂ ਆਨੰਦ ਤੇ ਵੇਦਨਾ, ਸੰਝ ਵਿਚ ਰਹੇ ਖਲੋ।

ਫ਼ਜਰ ਦੁਪਹਿਰੇ ਸੰਝ ਨੂੰ, ਕਰਨ ਜਾਂ ਤਾਰੇ ਛਾਂ
ਸੰਤ ਮਿਲਣ ਬਹੁ ਗੁਰੂ ਨੂੰ, ਲੈ ਕੇ ਪਿਆਸ ਅਨਾਂ
ਆਬੂ ਸੋਹੇ ਪੰਥ ਦੀ, ਨਵੀਂ ਵਿਲੱਖਣ ਥਾਂ
ਕੂੰਬਲ ਕੂੰਬਲ ਚਹਿਕਿਆ, ਜਦ ਨਾਨਕ ਦਾ ਨਾਂ
ਦਰਸਨ ਕਰੇ ਦਿਗੰਬਰਾਂ, ਸੋਚਣ "ਫੜੇ ਜੇ ਬਾਂਹ
ਧਰ ਦੇ ਜੋਬਨ ਅਸਾਂ ਨੂੰ, ਬਸਤਰ ਦੇਣਗੇ ਤਾਂ।"

ਮਿਲਣ ਸ੍ਵੇਤਾਂਬਰ ਜਾਂਵਦੇ, ਸੋਹਣੇ ਮੰਦਰਾਂ ਵੱਲ
ਚਾਏ ਜਿਨਾਂ ਦੀ ਕਲਪਨਾ, ਜਲ ਚੋਂ ਕੰਵਲ ਅਚੱਲ।
ਸੰਗਮਰਮਰੀ ਕਲਾ 'ਤੇ, ਪੰਘਰਾਏ ਵਿਸਮਾਦ
ਰਿਸ਼ਭ ਤੋਂ ਲੈ ਮਹਾਂਵੀਰ ਦੇ, ਕਰਨ ਸੁਨੇਹੇ ਯਾਦ
ਦਿਲਵਾੜਾ ਦੇ ਮੰਦਰੀਂ, ਭਾਵੇਂ ਸੁਹਜ ਅਨੰਗ
ਸੰਗਮਰਮਰੀ ਚੁੱਪ 'ਤੇ, ਬੇਵਸ ਧਰਮ ਦੇ ਖੰਭ
ਤੱਕੇ ਬਾਲਾ ਮੂੰਡੀਏ, ਸੋਹਣੇ ਪਰਬਤ ਨਾਲ
ਹੋਵਣ ਕੁਦਰਤ-ਦਰਾਂ 'ਤੇ, ਸ੍ਵੇਤਾਂਬਰ ਬੇਤਾਲ।
ਕਹੇ "ਵੀਰ ਮਰਦਾਨਿਆਂ!" ਸੋਗੀ ਮੁੱਦਰਾ ਵਿਚ
"ਕਿਉਂ ਸਰੇਵੜੇ ਜੀਵ ਦਾ, ਪਾਲਣ ਝੂਠਾ ਹਿੱਤ ?
ਜਾਪੇ ਦਯਾ ਇਹ ਓਪਰੀ, ਕੁਹਜ 'ਤੇ ਪਲਦੀ ਰੱਜ
ਕੀਟ ਵਾਂਗ ਜਿੰਦ ਘਿਸਰੇ, ਪਾ ਕੇ ਤਰਸ ਦਾ ਪੱਜ।
ਕਿਉਂ ਇਹ ਵਾਂਗਰ ਸੋਗੀਆਂ, ਬਹਿਣ ਨਿਲੱਜੇ ਹੋ ?
ਸੁੰਦਰ ਮੰਦਰ ਸਾਜ ਕੇ, ਤੁਰਨ ਹਨੇਰ 'ਚ ਖੋ।"
ਕਰ ਮਰਦਾਨੇ ਹੇਰਵਾ, ਕਿਹਾ: "ਕੀ ਜਾਣਾ ਮਿੱਤ
ਜਦ ਮੈਂ ਦੇਸ ਨੂੰ ਓਦਰਾਂ, ਹੋਇ ਬੇਗਾਨਾ ਚਿੱਤ।
ਕੀ ਦੱਸਾਂ ? ਬੇਵਸ ਹਾਂ, ਰੂਹ ਨ ਖੋਲ੍ਹੇ ਭਿੱਤ
ਰੀਂਘ ਰਹੇ ਇਹ ਮੂੰਡੀਏ, ਅੱਗੇ ਗਗਨ ਅਜਿੱਤ।"

ਸੁਣਿ ਨਾਨਕ ਦੀ ਹੋਂਵਦੀ, ਨਿਗ੍ਹਾ ਗੰਭੀਰ ਅਮੀਕ
ਰਾਜ਼ ਦੇ ਸਿੱਧਾਂ ਹੇਠ ਸੀ, ਰੌਦਰ ਦੀ ਇਕ ਲੀਕ।
ਮਹਾਂ ਕਾਲ ਵਿਚ ਥਰਕਿਆ, ਅਦਲ ਦਾ ਸੂਖਮ ਰੂਪ
ਜਿਸ ਮੰਜ਼ਿਲ 'ਤੇ ਵਸਦੀ, ਨਰ ਦੀ ਸੁਰਤ ਅਨੂਪ
ਵਿੰਨ੍ਹੀ ਵਾਂਗ ਮਾਰੀਚ ਦੇ, ਗੁਰ ਨੇ ਭਰਮੀ ਚੁੱਪ
ਤਿੜ ਪੱਥਰ ਰੁਖ ਬੂੰਚਦਾ, ਜਿੰਦ-ਜਲਾਲ ਅਮੁੱਕ।
ਨਾਨਕ ਕਹਿਣ "ਇਹ ਭਰਮ ਨੂੰ, ਭੈਅ ਵਿਚ ਰੱਖਣ ਕੱਜ
ਹਉਂ ਦਾ ਓਢਣ ਓਢਦੇ, ਪਾ ਕੇ ਦਯਾ ਦਾ ਪੱਜ।
ਦੇਹ ਤੇ ਮਨ ਵਿਚ ਉਤਰੇ, ਖ਼ਾਲੀ ਹਉਂ ਦਾ ਰੋਗ
ਗਿਰਝ ਜਿਉਂ ਬੈਠੇ ਜਿੰਦ 'ਤੇ, ਢੀਠ ਜਿਹਾ ਇਕ ਸੋਗ।
ਨਰ ਕੀਟ ਕੀ ਜਾਨਣਾ, ਧਰਮ ਅਥਾਹ ਦਾ ਵਿੱਤ
ਕਲਾ ਤੇ ਮੰਦਰ ਨਿਰੇ ਨਾ, ਸਮਝਣ ਸੱਚ ਅਮਿੱਤ।
ਕਰਮ ਖ਼ੁਦਾਈ ਛੱਡ ਕੇ, ਭਟਕਣ ਅਰਥ ਅਨਿੱਤ
ਸੁਹਜ ਦੀ ਰੂਹ ਨੂੰ ਚੰਬੜੇ, ਜੀਵ-ਘਾਤ ਦੀ ਭਿੱਟ।
ਦਾਣੇ ਜੀਵ ਤੇ ਸਾਗ ਦਾ, ਇਕ ਹੀ ਸੂਖਮ ਚਿੱਤ
ਹੁਕਮ ਅਦਲ ਦੀ ਪਤ ਲਈ, ਹੋਣ ਸ਼ਹੀਦ ਇਹ ਨਿੱਤ।
ਕਰਮ ਹੁਕਮ ਦੀ ਬਣੇ ਨਾ, ਬਾਝ ਸ਼ਹੀਦੀ ਧੱਜ
ਜੀਵ-ਘਾਤ ਬਿਨ ਕਦੇ ਨਾ, ਸਕਣ ਕੁਦਰਤਾਂ ਸੱਜ
ਨਿੱਕੇ ਨੇਮ ਸਰੇਵੜੇ, ਐਥਰ ਸਕਣ ਨ ਤੱਜ
ਜੀਵ-ਘਾਤ ਦੇ ਭੈ ਨੇ, ਨੀਰਸ ਅਰਥ ਦੀ ਗੱਜ।
ਪਾਲਣ ਨੇਮ ਸਰੇਵੜੇ, ਭੁਲ ਕੇ ਮਿਹਰ ਪਵਿੱਤ
ਲੋਹ ਕੰਧਾਂ ਵਿਚ ਘਿਰੇ ਜੋ, ਸੂਤਰ ਸਕਣ ਨ ਜਿੱਤ।
ਮਹਾਂ ਨੇਮ ਦਾ ਹੁਕਮ ਨਾ, ਜਾਨਣ ਲਘੂ ਗਣਿੱਤ
ਵੇਖਣ ਸੂਰਜ ਚੰਨ ਨਾ, ਵਿੰਗੀ ਰੁੱਤ ਦੇ ਭਿੱਤ।
ਸੁਹਜ ਕਲਾ ਸਭ ਬੁੱਤ ਨੇ, ਜੇਕਰ ਕਰਮ ਨ ਮਿੱਤ
ਸਭ ਰੁੱਤਾਂ ਬੇ-ਫੁੱਲ ਨੇ, ਬਾਝੋਂ ਯਾਰ ਦੇ ਹਿੱਤ।"

ਰੱਖਣ ਧੁਰ ਦਰਗਾਹ ਦੀ, ਇਉਂ ਗੁਰ ਪਤ ਅਡੋਲ
ਤਪੀ ਸੇਤਾਂਬਰ ਜੋਗੀਏ, ਸੁਣੇ ਦਿਗੰਬਰ ਬੋਲ
ਭਾਂਤ ਭਾਂਤ ਦੇ ਪੰਡਤਾਂ, ਚਾਏ ਸ਼ਬਦ ਅਮੋਲ
ਮਰਦਾਨੇ ਫਿਰ ਵੇਖਿਆ, ਹੁਕਮ ਅਗੰਮੀ ਕੋਲ:
ਧਰਤ ਗਗਨ ਤਕ ਸਿੰਮਦੇ, ਰਹਿਮ ਦੇ ਨੀਰ ਅਬੋਲ
ਕਰਮ ਦੀ ਸ਼ਾਖ਼ ਨੂੰ ਸਿੰਜਿਆ, ਇਸ਼ਕਾਂ ਰੱਤਾਂ ਡੋਲ੍ਹ।

ਨੀਰਸ ਨੇਮ ਜੋ ਮੁਣਸ ਦੇ, ਤਥਕ ਨ ਸਕਦੇ ਫੋਲ
ਜੀਵ-ਦਯਾ ਦੇ ਰੰਗ ਨਾ, ਭਰਨ ਬਾਗ਼ ਦੀ ਝੋਲ।
ਖੜ੍ਹ ਮਰਦਾਨਾ ਵੇਖਦਾ, ਰੱਬੀ ਕਰਮ ਅਤੋਲ
ਚੱਕਰ ਵਿਊ ਸਭ ਧਰਮ ਦੇ, ਲੈਣ ਨ ਤਿਸਨੂੰ ਟੋਲ।

ਵਿਸ਼ ਅੰਮ੍ਰਿਤ ਵਿਚ ਉਡਦੀ ਮਰਦਾਨੇ ਦੀ ਦੂਰ ਨਜ਼ਰ

ਤੱਕੇ ਆਬੂ ਤੋਂ ਮਰਦਾਨਾ
ਜਨਮ ਮਰਨ ਦਾ ਸਾਕ ਪੁਰਾਣਾ।
ਵਡ ਕੁਦਰਤ ਦਾ ਵੇਗ ਨਿਰਾਲਾ
ਹੁਣ ਸੀ ਕੋਮਲ, ਹੁਣ ਧਿੰਙਾਣਾ।
ਮਿਲੇ ਹਯਾਤੀ ਦਾ ਦਿਲ ਮਿੱਠਾ
ਨੇੜੇ ਆ ਕੇ ਰਹੇ ਬਿਗਾਨਾ।
ਛਲ ਵਿਚ ਘਿਰਣ ਮੁਣਸ ਜੁਗ ਚਾਰੇ
ਕੁਦਰਤ ਤੱਕੇ ਵਾਂਗ ਰਕਾਨਾਂ।
ਜਮ ਦਾ ਪੰਥ ਨਾਗ ਜਿਉਂ ਤਿਲ੍ਹਕੇ
ਦੂਰ ਦੁਰਾਡੇ ਵਿਚ ਜਹਾਨਾਂ।
ਲਾ ਨੈਣਾਂ ਨੂੰ ਰੰਗ ਸੀ ਖਿੱਚੇ
ਰਾਖ ਹੇਠ ਸੁੱਤੇ ਅਸਮਾਨਾਂ।
ਬ੍ਰਹਿਮੰਡ ਦਾ ਦੈਂਤ-ਜਬਾੜਾ
ਡੀਕੀ ਜਾਂਦਾ ਅਣਵਿੱਧ ਸ਼ਾਨਾਂ।
ਜਮ ਦਾ ਪੰਥ ਸੀ ਵਿਸ਼ ਉਗਲਦਾ
ਵਲ ਅਸੰਖ ਰਗਾਂ ਤੇ ਜਾਨਾਂ;
ਪਲ ਪਲ ਕਾਮ ਹਿਰਸ ਤੇ ਭੈ ਦਾ
ਜ਼ੋਰੀ ਮੰਗ ਰਿਹਾ ਨਜ਼ਰਾਨਾ।
ਦਿਸਦਾ ਪਿਆ ਧਰਮ ਦਾ ਪੈਂਡਾ
ਕਦੇ ਖਿੜਕਦਾ, ਕਦੇ ਸ਼ਾਹਾਨਾ
ਤੇਜ ਕਦੇ ਵਲੀਆਂ ਦਾ ਡੋਬੇ
ਸਿਦਕ ਚ ਕਦੇ, ਕਦੇ ਹੈਰਾਨਾ
ਕਦੇ ਅਮੋੜ ਮਿਰ੍ਹਾਜਾਂ ਕਰਦਾ
ਆਲਸ ਵਿਚ ਕਦੇ ਬੇਤਾਨਾ

ਜਮ ਦੇ ਪੰਥ ਵਿਚ ਘਿਰ ਜਾਵੇਂ
ਕਦੇ ਤਾਂ ਤਾਂਡਵ ਵਿਚ ਮੁਹਾਣਾ।
ਤੱਕੇ ਆਬੂ ਤੋਂ ਮਰਦਾਨਾ
ਜਨਮ ਮਰਨ ਦਾ ਸਾਕ ਪੁਰਾਣਾ।

ਬਾਲੇ ਦੀ ਤਿਖਾ ਅਤੇ ਰਹਿਮ ਦੀ ਬੂੰਦ ਦਾ ਨਜ਼ਾਰਾ

ਚੀਸ ਅੱਚਵੀ ਤੇ ਉਦਰੇਵੇਂ
ਬੰਜਰ ਪੱਥਰ ਜਹੇ ਅਕੇਵੇਂ
ਤਕ ਯਾਰ ਦੇ ਮਸਤਕ ਛਾਏ
ਅਤਿ ਕੋਮਲ ਨਾਨਕ ਮੁਸਕਾਏ।
ਕਹਿਣ : "ਵਸੇ ਗੁਣਾਂ ਦੀ ਛਾਵੇਂ
ਜਗ ਅਵਗੁਣ ਭਰਪੂਰ ਹੈ ਭਾਵੇਂ
ਤੱਤਾਂ ਦੇ ਵੀ ਰੰਗ ਨੇ ਪਾਵਨ
ਗਗਨ ਗੰਭੀਰ ਵਲ ਜਦ ਆਵਣ
ਇਕ ਪਲ ਹੁਕਮ-ਛੁਹ ਲੈ ਮਹਿਕੋ
ਅਣਵੇਖੇ ਦਾਮਨ ਫੜ ਚਹਿਕੋ
ਤਨ ਮਨ ਨਾਦ ਕਲਾ ਸਭ ਖਿੜਦੇ
ਬੰਦ ਭਿੱਤ ਖੋਲ੍ਹਦੇ ਚਿਰ ਦੇ
ਖੰਭ ਸਾੜਣ ਜਦ ਪੌਣਾਂ ਬੰਦੀ
ਕਰੋ ਉਡੀਕ ਪੰਖਣੂ ਸੰਦੀ।"
ਸੁਣਿ ਬਾਲੇ ਦਾ ਮਨ ਵਿਸਮਾਦੀ
ਤੱਕੇ ਸਮੇ ਅਨੰਤ ਦੀ ਵਾਦੀ।
ਜਾਗ ਜਿਦ੍ਹੇ ਤੱਤਾਂ ਚੋਂ ਗੰਧਾਂ
ਛੁਹ ਲੈਣ ਹੁਕਮ ਦੀਆਂ ਤੰਦਾਂ
ਚਿਲਕਾਵਣ ਬਹੁ ਰਮਜ਼ ਅਨੋਖੀ
ਗੱਲ ਜੁਗਾਂ ਚੋਂ ਸੁਣੀ ਚਿਰੋਕੀ।
ਅਗਲੇ ਪਲ ਤੱਕੇ ਫਿਰ ਬਾਲਾ
ਭੂੱਬਲ ਬਣੇ ਕਾਲ ਬਿਕਰਾਲਾ
ਜਲ ਜਾਣ ਜਦ ਬ੍ਰਹਮਾ ਇੰਦਰ
ਕੋਹਾਂ ਤੀਕ ਖੜੇ ਇਕ ਪਿੰਜਰ

ਭੁੱਲੇ ਸੈਲ ਤਿਖਾ, ਨਾ ਮੁੱਕਣ।
ਜਮ ਦੇ ਪੰਥ ਜਿਧਰ ਸਭ ਸੁੱਕਣ
ਤਿਸ ਗੁਮਨਾਮ ਸੁੰਨ ਵਿਚ ਬਾਲਾ
ਤੱਕੇ ਤਿਖ ਵਿਚ ਬੂੰਦ-ਉਜਾਲਾ
ਜਿਉਂ ਸੁਪਨਾ ਫ਼ਰਿਹਾਦ ਜਗਾਵੇ
ਚੀਰ ਪਹਾੜ ਨਹਿਰ ਹੋ ਜਾਵੇ
ਵਿਚ ਗੁਮਨਾਮ ਮੌਤ-ਥਲ ਸ਼ਬਨਮ
ਆਖ਼ਰ ਢੂੰਡ ਲਵੇ ਜਿਉਂ ਜ਼ਮਜ਼ਮ।
ਬਾਲਾ ਕਦੇ, ਕਦੇ ਮਰਦਾਨਾ
ਮੂਕ ਰਬਾਬ ਚੋਂ ਢੂੰਡੇ ਤਾਨਾਂ
ਧੁੰਧ 'ਚ ਜਾਪਣ ਸ਼ਬਦ ਇਲਾਹੀ
ਹਨ ਨੇੜੇ ਪਰ ਦੂਰ ਗਵਾਹੀ।
ਐਪਰ ਤਿਮਰ ਕੀ ਕਰੇ ਵਿਚਾਰਾ
ਖ਼ਾਕ ਚ ਕੰਲ ਵਸੇ ਕੋ ਪਿਆਰਾ
ਪਾਕ ਰਮਜ਼ ਦਾ ਇਕ ਲਿਸ਼ਕਾਰਾ
ਸੈ ਉਡਾਣ ਦਾ ਛੁਹੇ ਕਿਨਾਰਾ।
ਦਿਸੇ ਜੇ ਲਿਵ ਦਾ ਇਕ ਹੀ ਚਿਹਰਾ
ਰਹੇ ਅਬਾਦ ਬਿਰਖ ਦਾ ਵਿਹੜਾ। -2-

ਗੁਰੂ ਨਾਨਕ ਉਜੈਨ ਵਲ: ਸਿਦਕ-ਤੀਬਰਤਾ, ਧਰਮ ਅਤੇ ਕਲਾ-ਸੁਹਜ

ਦੈਵੀ ਤਰਜ਼ ਦਾ ਲਘੂ ਹੁਲਾਰਾ
ਸੁਬਕ ਰਹੱਸ, ਅਗੰਮ ਸਿਤਾਰਾ
ਜੋ ਬ੍ਰਹਿਮੰਡ ਮਿਰਤ ਵਿਚ ਨੂਰੀ
ਕੰਪਨ ਜਿਦ੍ਹੀ ਹੈ ਅਜੇ ਅਧੂਰੀ
ਬੈਠੇ ਆਣ ਮੁਰੀਦਾਂ ਛਾਵੇਂ
ਦਸ ਰਿਹਾ ਵਿਸਮਾਦ ਅਨਾਮੇ
ਢੂੰਡ ਲਵੇ ਪਿਰ ਦਾ ਮੁਖ ਨਿਆਰਾ
ਲੰਘ ਕਰੂਰ ਜਗਤ-ਵਰਤਾਰਾ
ਚਿਣਗੋਂ ਉਗਮੇ ਹੁਸਨ ਅਪਾਰਾ
ਕੀ ਕਰੇ ਸ਼ਾਪ ਅੰਧਿਆਰਾ !!

ਹਉਂ ਕਠੋਰ ਵਿਚ ਛਿਣ ਕੋ ਲਿਵ ਦੇ
ਚਿਰ ਤਕ ਰੂਪ-ਸਿਹਰ ਵਿਚ ਨਿਭਦੇ
ਵਿਚ ਪਾਸ਼ਵੀ ਜਗਤ ਦੀ ਝਾਕੀ
ਬਹੁ ਕੁਝ ਸੁੱਚੀ ਲਿਵ ਦਾ ਬਾਕੀ।
ਕੁੱਝ ਬਿਬੇਕ ਝਿਮੇ ਵਿਚ ਬਾਲੇ
ਕੁੱਝ ਕੁ ਮਰਦਾਨਾ ਸੰਭਾਲੇ
ਵਿਚ ਰਬਾਬ ਸੁੱਤੀਆਂ ਯਾਦਾਂ
ਵੰਡਣ ਜਾਗ ਕੇ ਅਨਕ ਅਵਾਜ਼ਾਂ
ਕਿਤੇ ਅਜ਼ਾਨ, ਕਿਤੇ ਫ਼ਰਿਆਦਾਂ
ਕਿਤੇ ਚੜ੍ਹਨ ਵਿਚ ਜੋਗੀ-ਨਾਦਾਂ;
ਹੰਸ ਉਡਾਵਣ ਚੁਪ ਜੁ ਸਦੀਆਂ
ਵਲ ਉਜੈਨ ਦੀਆਂ ਬਹੁ ਨਦੀਆਂ
ਚੰਬਲ ਮਹੀ ਤੇ ਸ਼ਿਪਰਾ ਕੰਧੀ
ਸਿਖਰ ਪਠਾਰ ਮਾਲਵਾ ਸੰਦੀ
ਮਧੁਰ ਮੇਘ ਦੀਆਂ ਦੇ ਸੋਆਂ
ਉਡਦੇ ਟੱਪ ਜਾਣ ਜੁਗ-ਕੋਹਾਂ
ਉਮਾ ਨੂੰ ਦੇਣ ਹੰਸ ਸ਼ਿਵ-ਟੋਹਾਂ
ਗੰਗ ਤਰੰਗ ਦੀਆਂ ਪਾ ਖੋਹਾਂ।
ਸਘਣ ਪਵਿੱਤਰ ਦੀਰਘ ਯਾਦਾਂ
ਵਲ ਉਜੈਨ ਕਰਨ ਪਰਵਾਜ਼ਾਂ।
ਆਇ ਪਵਿੱਤ ਪੁਰੀ ਗੁਰ ਭਾਰੀ
ਹੁਕਮ ਦਾ ਤਾਲ ਛਿੜੇ ਬਲਕਾਰੀ
ਮਹਾਂ ਕਾਲ ਦੇ ਮੰਦਰ ਉੱਤੇ
ਨਦਰ ਦੀ ਝਲਕ ਪਵੇ ਇਸ ਰੁੱਤੇ
ਕਾਲ ਬਲੀ ਦੀ ਸਾਂਗ ਭਿਅੰਕਰ
ਗਿਆਨ-ਅੱਖ ਵਿਚ ਡੋਬੀ ਸ਼ੰਕਰ
ਫਿਰ ਵੀ ਰੂਪ ਉਜੈਨ ਦੇ ਅੰਦਰ
ਜਾਪੇ ਫੈਲ ਰਿਹਾ ਕੋ ਖੰਜਰ!
ਸ਼ਿਵ ਦੀ ਖਿੱਚ ਨਹੀਂ ਲਟਬੌਰੀ
ਦੂਰ ਕੈਲਾਸ਼, ਸੁੰਨ ਹੈ ਗੌਰੀ
ਨਾ ਰੂਹ ਨਾ ਸਿਦਕ ਦੇ ਪਾਣੀ
ਰਹੇ ਵਜਦ ਦੀ ਲਹਿਰ ਦੇ ਹਾਣੀ
ਤਾਂਡਵ-ਸੁਪਨ ਬੰਨ੍ਹਦੀਆਂ ਗਹਿਰਾਂ
ਪੱਥਰ ਕਰਨ ਰੌਦਰੀ ਲਹਿਰਾਂ

ਅਸਲੀ ਨਕਸ਼ ਸਿਦਕ ਬਿਨ ਖ਼ਾਲੀ
ਵਜਦਾਂ ਬਾਝ ਨ ਟਹਿਕੇ ਡਾਲੀ
ਸਿੱਧ ਪੀਠ ਦਾ ਭਾਰੀ ਮੰਦਰ
ਚਿਰ ਤੋਂ ਜਿਵੇਂ ਵਸੇ ਬਿਨ ਅੰਬਰ
ਮਹਾਂ ਕਾਲ ਦੇ ਪੱਥਰ ਸੁੰਨੇ
ਗਰਜ ਬਿਨਾ ਸਭ ਅੱਖਰ ਸੁੰਨੇ
ਧਰਮ-ਰਹੱਸ ਪਿਆ ਜਦ ਮੰਦਾ
ਤਦ ਫੈਲੇ ਨਾਨਕ ਦਾ ਪੰਜਾ।
ਜਦ ਅਰਦਾਸਾਂ ਦਾ ਦਿਲ ਠੰਢਾ
ਸੁਹਜ ਗ਼ੈਬ ਚੋਂ ਫਿਰ ਮਹਿਕੰਦਾ
ਘਾਇਲ ਹੰਸ ਨੂੰ ਜਿਵੇਂ ਸਿਧਾਰਥ
ਦਿੱਤੀ ਸੈ ਮਾਵਾਂ ਦੀ ਢਾਰਸ
ਨਾਨਕ ਇਉਂ ਉਜੈਨ ਗਲ ਲਾਵੇ
ਬਖ਼ਸ਼ਸ਼ ਦਾ ਅੱਥਰੂ ਵਰਸਾਵੇ।
ਬਖ਼ਸ਼ਸ਼ ਥਰਕ ਪਵੇ ਵਿਚ ਪੱਥਰ
ਜਾਗ ਖ਼ਿੜਣ ਵਰ੍ਹਿਆਂ ਦੇ ਅੱਖਰ।
ਚੁੰਮਿ ਪਠਾਰ ਮਾਲਵਾ ਕੰਧੀ
ਛੂਹ ਅਡਿੱਠ ਦੀ ਤੁਰੇ ਸੁਗੰਧੀ
ਜਦੋਂ ਸੁਹਜ ਦੇ ਨੈਣ ਸਰਾਪਣ
ਗ਼ੈਬ ਚੋਂ ਨਾਨਕ ਦਰਦ ਅਲਾਪਣ
ਕਲਾ ਵੀਰਾਨ 'ਚ ਪੰਜਾ ਥਾਪਣ
ਨਦੀਆਂ ਹੰਸ ਮਿਹਰ ਵੱਡ ਜਾਪਣ
ਮਿਰਤ ਕੁਦਰਤਾਂ ਨੂੰ ਜੋ ਥੰਮ੍ਹੇ
ਭੇਜੇ ਦੂਤ ਵਿਗਸ ਹਰ ਵੰਨੇ
ਲੰਘੇ ਕਲਾ ਸਦੀਵੀ ਬੰਦਾ
ਖਿੜੇ ਅਗਾਧ ਗਗਨ ਵਿਚ ਪੰਜਾ
ਇਸ ਪਲ ਦਾਤ ਬਨਣ ਸਭ ਨੈਆਂ
ਸੁੰਞੇ ਪਰਬਤ ਤਾਂਘਣ ਸੈਆਂ
ਨਦੀ ਦੇ ਵਹਿਣ ਧਰਤ ਦੇ ਜਾਏ
ਹੁਣ ਤਾਂ ਦਿਸਣ ਮਸੀਹਾ ਆਏ।

ਉਜੈਨ ਦੇ ਲੋਕਾਂ ਦੀ ਹੈਰਾਨੀ ਅਤੇ ਵੈਰਾਗ

ਕੁਝ ਕੁ ਰਮਜ਼ ਅਨੰਤ ਦੀ ਲਾ ਕੇ
ਸੁਹਜ ਉਜੈਨੀ ਦਾ ਥਰਕਾ ਕੇ
ਗੁਰ ਅਣਵੇਖੇ ਰਾਹ 'ਤੇ ਚੱਲੇ
ਦਰਦ ਅਬੁੱਝ ਮੁਰੀਦਾਂ ਪੱਲੇ।
ਧਰ ਦੇ ਸਬਰ ਜੇਬ ਬੰਨ੍ਹ ਤੋਸ਼ੇ
ਢੂੰਡਣ ਤੁਰੇ ਗੈਬ ਦੇ ਗੋਸ਼ੇ
ਖੜੀ ਅਤੀਤ 'ਚ ਢਬੇ ਅਵੰਤੀ
ਜਿਵੇਂ ਅਡੋਲ ਰਹੱਸ ਅਨੰਤੀ
ਜਿੰਨਾ ਤਾਣ ਦਾਤ ਲੈ ਲੋਕਾਂ
ਵੰਡੀ ਮਹਲ ਮੰਦਰਾਂ ਚੋਕਾਂ।
ਬਹੁਤ ਵੈਰਾਗ 'ਚ ਸ਼ਿਪਰਾ ਕੰਢੇ
ਖੜ੍ਹ ਤੱਕਣ ਮਾਹੀ ਨੂੰ ਬੰਦੇ:
ਕੀ ਵੇਖਣ ਆਏ ਸੀ ਰਾਹੀ ?
ਕਿਉਂ ਚੱਲੇ! ਹੁਣ ਖਿੱਚ ਕੀ ਖਾਈ ?
ਕਿਉਂ ਸ਼ਿਵ ਪੁਰੀ ਦੀ ਤਾਂਘ ਜਗਾ ਕੇ
ਪੈੜ-ਯਾਦ ਹਰ ਸਿਲ 'ਤੇ ਲਾ ਕੇ
ਸਾਗਰ ਵਾਂਗ ਕਾਲ ਵਿਚ ਗੂੰਜਣ
ਹੰਸ-ਦੂਤ ਲਹਿਰਾਂ ਵਿਚ ਢੂੰਡਣ।? -4-

ਉਜੈਨ ਤੋਂ ਓਅੰਕਾਰ ਤਕ ਦੇ ਪੈਂਡਿਆਂ ਦਾ ਵਿਸਮਾਦ

ਨੈਂ ਪਠਾਰ ਵਣਾਂ ਦੇ ਅੰਦਰ
ਤ੍ਰੈ ਰਾਹੀ ਤੱਕਣ ਪਏ ਅੰਬਰ।
ਕੁੰਟ ਇੰਦੌਰ ਦੀ ਕਾਮਨਹਾਰੀ
ਸੱਦੇ ਚੁੱਕ ਸਮੇ ਦੀ ਖਾਰੀ
ਸ਼ਿਵ ਤੋਂ ਨਾਨਕ ਤੀਕਣ ਪੈੜਾਂ
ਨਾਲ ਅਸੰਖ ਨਚਾਵੇ ਲਹਿਰਾਂ
ਦੱਸੇ ਘੁੱਟ ਮੇਦਨੀ ਸਾਰੀ
ਨਕਸ਼ ਬਨਣ ਤੋਂ ਪਹਿਲੀ ਯਾਰੀ।

ਸ਼ਿਵ ਲਿੰਗਾਂ ਦੀਆਂ ਬਹੁ ਕਤਾਰਾਂ
ਖੜੀਆਂ ਧੁਰ ਕੁਦਰਤ ਦੇ ਬਾਰ੍ਹਾਂ
ਨਗਰ ਗਰਾਮ ਨਦੀ ਦੇ ਮਸਤਕ
ਯਾਦ-ਭੇਸ ਵਿਚ ਦੇਵਣ ਦਸਤਕ
ਵਿਚ ਬਿਬੇਕ ਜੋੜ ਦੀਵਾਰਾਂ
ਉਤਰ ਜਾਣ ਵਿਚ ਮਸਤਕ-ਗਾਰਾਂ
ਚਿਰ ਤੋਂ ਹੋਵਣ ਬੁੱਤ ਦੁਆਵਾਂ
ਰਸਮ-ਸੀਤ ਲਿਵ ਦੀਆਂ ਰਾਹਾਂ
ਨਰ ਦੀ ਸੋਚ ਸਣੇ ਉਦਗਾਰਾਂ
ਗਈਆਂ ਚੀਰ ਤ੍ਰਿਸ਼ਨਾ-ਤਾਰਾਂ
ਸ਼ਿਵ-ਭਗਤੀ ਨੂੰ ਰਾਜ਼ ਨ ਦਿੱਖੇ
ਸ਼ਿਵ-ਲਿੰਗਾਂ ਦੇ ਰੰਗ ਨੇ ਫਿੱਕੇ
ਏਕੋ ਏਕ ਸੱਚ ਗੁਰ ਤੋਲਣ
ਕੁਦਰਤ, ਕਾਲ, ਲੋਕ-ਮਨ ਫੋਲਣ
ਗੁਰ ਲੰਘਣ ਨਰਬਦਾ-ਪਾਣੀ
ਕਹਿਣ ਲਈ ਓਅੰਕਾਰ ਦੀ ਬਾਣੀ। -5-

ਓਅੰਕਾਰ ਤੀਰਥ ਉਤੇ
ਤਪੀਆਂ, ਪਾਂਡਿਆਂ ਅਤੇ ਸੰਸਾਰੀਆਂ ਨੂੰ
ਆਖ਼ਰੀ ਸੱਚ ਦੀਆਂ
ਕੁਝ ਝਲਕਾਂ ਵਿਖਾਉਣੀਆਂ

ਓਅੰਕਾਰ ਸ਼ਿਵ ਤੀਰਥ ਭਾਰੀ
ਅਠਸਠ ਦੀ ਸਾਂਭੀ ਸਰਦਾਰੀ
ਨਾਲ ਲਤੀਫ਼ ਕਾਲ-ਅਰਮਾਨਾਂ
ਤੱਕੇ ਨਿੱਤ ਨਰਬਦਾ-ਸ਼ਾਨਾਂ
ਸ਼ਿਵ ਦੀ ਚੁਪ ਵਿਰਾਟ ਅਗੰਮੀ
ਸਦੀ ਸਦੀ ਦੇ ਦਿਲ ਨੇ ਥੰਮ੍ਹੀ।
ਸੋਚਣ ਗੁਰੂ ਨਰਬਦਾ ਕੰਢੇ :
"ਨੂਰ ਚੁਫੇਰੇ! ਮੁਣਸ ਕਿਉਂ ਅੰਧੇ?
ਕਿਉਂ ਸਮੇਰ ਦੀ ਅਮਰ ਬੁਲੰਦੀ
ਮਨਾਂ 'ਚ ਸੁੰਗੜ ਹੋਂਵਦੀ ਬੰਦੀ?"
ਤੱਕਣ : ਖੰਭ-ਰਹਿਤ ਸਭ ਰੀਤਾਂ
ਨਕਲਾਂ ਬੰਦ ਵਿਚ ਪ੍ਰਤੀਕਾਂ

ਸ਼ਿਵ-ਲਿੰਗ ਦੇ ਪੱਥਰ ਰੂਪਾਂ
ਸਾਹ ਹੀਣ ਕੀਤੀਆਂ ਹੂਕਾਂ
ਨਿਰੀ ਕਲਾ ਦਾ ਸਫ਼ਰ ਇਕਹਿਰਾ
ਭੁੱਲੇ ਜਦ ਅਨੰਤ ਦਾ ਪਹਿਰਾ।
ਅੰਤ ਗਏ ਨਾਨਕ ਦਰ ਮੰਦਰ
ਟਿਮਕੇ ਬਾਝ ਤਪਾਂ 'ਤੇ ਅੰਬਰ
ਕਵਨ ਸਮੀਰ ਚ ਰੁਖ ਪੁੰਗਾਰੇ
ਕਿਹੜੀ ਨੀਂਦ ਸ਼ਿੰਗਾਰਨ ਤਾਰੇ!
ਸ਼ੈਵ ਸਮੂਹ ਜੁੜੇ ਕਰ ਧਾਈ
"ਕੌਣ ਇਹ, ਕਿੱਥੋਂ ਆਏ ਰਾਹੀ?
ਪਰ ਉਹ ਤੇਜਵੰਤ ਮਨ ਭਾਵੇ
ਭੈ ਦੇ ਨਾਲ ਮੋਹ ਵੀ ਆਵੇ;
ਕੋ ਤਰੰਗ ਅਜਬ ਲਹਿਰਾਵੇ
ਨੀਂਦਾਂ ਤਾਂਡਵ ਤੀਕ ਨਚਾਵੇ।
ਕੀ ਉਹ ਗੁਰੂ ਜਾਂ ਸ਼ਿਵ ਅਨਾਂ ਹੈ?
ਚਾਰਵਾਕ ਨਾਸਤਕ ਜਾਂ ਹੈ?
ਹਾਂ, ਉਹ ਗੁਰੂ ਸੁਤੰਤਰ ਨੂਰੀ
ਪਰ ਦੇਵਾਂ ਤੋਂ ਰੱਖੇ ਦੂਰੀ
ਸੱਚ ਅਸੱਚ ਕਰੇ ਪਾ ਘੂਰੀ
ਗਲ ਸਥਾਪਤ ਕਰੇ ਅਧੂਰੀ!
ਤਪੀ ਦੀ ਚੁੱਪ ਵਿਚ ਵਡ ਕਾਂਬੇ
ਚੁੱਪ ਅਮੋਘ ਬਾਣ ਨੇ ਸਾਂਭੇ
ਨੈਣੀਂ ਲਰਜ਼ੇ ਸ਼ਬਦ ਅਗੰਮੀ
ਸ਼ਬਦ ਤੋੜਿ ਕੋ ਉਮਲੇ ਧੰਮੀ!"
ਸ਼ੈਵ ਭਗਤ ਤਦ ਹੋ ਗੁਰ ਨੇੜੇ
ਆਖਣ: "ਅਦਭੁੱਤ ਲੱਛਣ ਤੇਰੇ
ਨੈਣ ਤੇਰੇ ਸ਼ਿਵ-ਮੂਰਤ ਤੋੜਨ
ਐਪਰ ਸਿੱਕ ਜੁਗਾਂ ਦੀ ਮੋੜਨ
ਬਾਣ ਵਿਹੂਣ ਰੁਲੇ ਦਿਲ ਸਾਡਾ
ਤੈਂ ਨੈਣੀਂ ਵਰਦਾਨ ਦੁਰਾਡਾ।
ਰੋਮ ਰੋਮ ਸੁੰਨ ਕਿਉਂ ਚੁਭਦੀ?
ਬੇਜਾਨ ਤ੍ਰਿਸ਼ੂਲ ਜਿਉਂ ਖੁਭਦੀ।"
ਸੁਣਿ ਨਾਨਕ ਨੇ ਨੈਣ ਉਠਾਏ
ਤਾਂ ਇੰਜ ਭੁੱਲੇ ਰਾਹ ਮੁਸਕਾਏ

ਲੂ ਵਗੇ ਜਦ ਸਾੜਨ ਧੁੱਪਾਂ
ਸੁੱਕਣ ਜਦ ਨੈਂ ਦੀਆਂ ਕੁੱਖਾਂ
ਮੀਂਹ ਨੂੰ ਪਰਸ ਮਨਾ ਕੇ ਸੁੱਖਾਂ
ਪੰਛੀ ਜਿਵੇਂ ਪਛਾਣੇ ਰੁੱਖਾਂ;
ਜਿਉਂ ਰੈਣ ਦੇ ਪਥ ਤਿਰਹਾਏ
ਫੁੱਲ ਅਨੂਪ ਸੁਪਨ ਦਾ ਲਿਆਏ;
ਸੁਣ ਜਿਉਂ ਸੱਦ ਧਰਤ ਦੀ ਲੰਮੀ
ਜੁਗਾਂ ਪਾਰ ਜਾਗ ਪਏ ਧੰਮੀ।
ਇਉਂ ਨਾਨਕ ਨੇ ਨੈਣ ਉਠਾਏ
ਜਿਉਂ ਓਅੰਕਾਰ ਦਾ ਸਿੱਧ ਬੁਲਾਏ।
ਕਹਿਣ: "ਜਿੰਦ ਜੁ ਥਰਹਰ ਕੰਪੇ
ਸੁਣ ਸੁਣ ਅਹੁੰ-ਕਾਲ ਦੇ ਡੰਕੇ
ਤਿਸਦੇ ਗਲ ਵਿਚ ਪਾਵਣ ਫੰਧੇ
ਅਵਗਣ ਭੀੜ 'ਚ ਨਿਰਗੁਣ ਧੰਧੇ
ਥਾਨ ਵਿਹੂਣਾ ਦਿਲ ਤਦ ਰੋਏ
ਤਪ ਤਪ ਠਗਨੀਰੇ ਵਿਚ ਖੋਏ
ਫਿਰ ਇਕੱਲ ਹੌਲ ਬਣ ਉੱਠੇ
ਜਮ ਦੇ ਪੰਥ ਸਾਜ ਦਿਲ ਕੁੱਠੇ
ਸੁੱਧ ਤਦੋਂ ਰਾਹ ਲੱਖਾਂ ਚੁਣਦੀ
ਭੈਅ ਦੇ ਰੂਪ ਮੌਤ ਤਕ ਉਣਦੀ
ਦਿਸਣ ਬੁੱਤ ਦੀਆਂ ਬਹੁ ਜੜਤਾਂ
ਕਲਾ ਦੀਆਂ ਮਨਮੋਹਕ ਚੜ੍ਹਤਾਂ
ਪਲ ਛਿਣ ਸੁੱਧ ਰਬ ਵਲ ਮੋੜੇ
ਰੋਗ ਤਿਖਾ ਦੇ, ਬ੍ਰਿਹੋਂ ਵਿਛੋੜੇ;
ਪਰ ਭਟਕਾਵਣ ਥਲ-ਠਗਨੀਰੇ
ਬੇਮੰਜ਼ਿਲ ਸ਼ਰਧਾ ਦੇ ਕੀੜੇ।"
ਕਰੁਣਾ ਵਿਚ ਬਾਲਾ ਸੁਣ ਬੋਲੇ:
"ਕਿਉਂ ਦਿਲ ਸ਼ਿਵ ਲਿੰਗ-ਦਰ ਡੋਲੇ ?
ਹੈ ਸਾਹਵੇਂ ਧਰਵਾਸ ਨ ਦੇਵੇ
ਕਿਉਂ ਨ ਮਿਹਰ ਕਰੇ ਜਦ ਸੇਵੇ ?"
ਗੁਰੂ ਕਹਿਣ ਫੜ ਸੱਚ-ਤਰਾਜ਼ੂ
"ਕੱਚੀ ਹਿਰਸ ਜਗਤ ਦਾ ਜਾਦੂ
ਕੂੜੇ ਧੰਧ 'ਚ ਰਚੀ ਜੁ ਪੋਥੀ
ਨਾਮ-ਨੇਮ ਬਿਨ ਮੂਰਤ ਥੋਥੀ;

ਮਨ-ਜੰਜਾਲ ਨੇ ਇਸ਼ਟ ਬਣਾਏ
ਚੋਰੀ ਮਿਰਗੁ ਅੰਗੂਰੀ ਖਾਇ।"
ਸੁਣਿ ਪਾਂਡਾ ਇਕ ਰੋਹ 'ਚ ਦਸਦਾ:
"ਮਹਾਂ ਦੇਵ ਸ਼ਿਵ ਲਿੰਗ 'ਚ ਵਸਦਾ
ਮੂਰਤ ਵਿਚ ਸ਼ਕਤੀਆਂ ਲਹਿਰਣ
ਮਹਾਂ ਕਾਲ ਬੁੱਤਾਂ ਵਿਚ ਠਹਿਰਣ।"
ਤਦ ਨਾਨਕ ਦੇ ਬਚਨ ਸੁਣੰਦੇ
ਵੱਜੀ ਛੱਲ ਦੂਰ ਦੇ ਕੰਢੇ:
"ਅਨਹਤ ਰੁਣਝੁਣ ਦੇ ਵਿਚ ਗਾਵੇ
ਮਨ ਨੂੰ ਜਿੱਤ ਅਕਾਲ ਮਨਾਵੇ
ਤਦ ਹੀ ਸੱਚ ਇਸ਼ਟ ਦਾ ਪਾਵੇ
ਗੁਰਮੁਖ ਹੋਇ ਧਰਤ ਵਲ ਆਵੇ
ਗੁਰ ਨ ਰਚਨ ਕਚੇਰੇ ਧੰਧੇ
ਨੈਣ ਨਖੱਤੇ ਖ਼ਾਕ ਦੇ ਅੰਧੇ
ਜਿਹੜੇ ਰਾਹ ਪਾਕ ਰੂਹ ਸੰਦੇ
ਉਹਨਾਂ 'ਤੇ ਹੀ ਇਸ਼ਟ ਸੁਹੰਦੇ।"
ਇਉਂ ਨਾਨਕ ਨੇ ਰੇਖ ਇਲਾਹੀ
ਬ੍ਰਹਿਮੰਡਾਂ ਦੇ ਮਸਤਕ ਵਾਹੀ
ਆਦਿ ਗ੍ਰੰਥ ਪੁੰਗਰਦਾ ਆਪੇ
ਵਿਚ ਰਬਾਬ ਥਰਕਦਾ ਜਾਪੇ।

ਇਕ ਦਿਨ ਨਾਨਕ ਵੱਡੇ ਤੜਕੇ
ਸਿਖਰ ਅਕਾਲ ਵੇਖਦੇ ਚੜ੍ਹਕੇ
ਤਾਰੇ ਲੰਘ ਕਹਿਕਸ਼ਾਂ ਝੂੰਮਣ
ਅੰਬਰ ਤਾਜ ਬਣੇ ਸੋ ਦਰੁ ਦੇ।
ਸਗਲ ਜੁਗ ਨੈਣ ਹੋ ਵੇਖਣ
ਅਨਕ ਰਹੱਸ ਧਰਤ ਦੇ ਘਰ ਦੇ।
ਨਵੀਉਂ ਨਵੀਂ ਕਹਿਕਸ਼ਾਂ ਉਤਰੇ
ਮੀਂਹ ਜਿਉਂ ਰਹਿਣ ਸਿਤਾਰੇ ਵਰ੍ਹਦੇ।
ਉੱਚੀਉਂ ਉੱਚੀ ਸੁਰਤੀ ਉੱਠੇ
ਜਿੱਥੇ ਨਗਨ ਸੱਚ ਹੀ ਧੜਕੇ।
ਨਾਨਕ ਮੁੜ ਨੀਵੇਂ ਹੋ ਵੇਖਣ
ਕਾਲਕੂਟ ਨਰ-ਨਿਗ੍ਹਾ 'ਚ ਸਰਕੇ

ਰੀਣ ਕੁ ਸਚ ਆਚਾਰ ਹੈ ਬਾਕੀ
ਮਨਾਂ 'ਚ ਮਧੁਰ ਨਾਦ ਵੀ ਥਰਕੇ
ਖੰਭ ਪਿਰਥਵੀ ਦੇ ਧਰਮਾਂ ਦੇ
ਬੇ-ਰਾਹ ਕਾਨ ਵਿਚ ਪਰ ਗ਼ਰਕੇ
ਦੂਰ ਰਾਮੇਸ਼ਵਰਮ ਤਕ ਤੀਰਥ
ਫੈਲਣ ਭਰਮ ਗਣਤ ਦੇ ਵਰਕੇ
ਖੰਘਰ ਬਣੀ ਸੁਰਤ ਦੇ ਪੱਤਣ
ਪਰਸਣਿ ਚਰਨ ਅਦੁੱਤੀ ਝਰਕੇ।

ਓਅੰਕਾਰ ਤੋਂ ਤੁਰਦਿਆਂ

ਸਿੱਕ ਫੇਰ ਰਾਹਾਂ ਨੂੰ ਮੱਲੇ
ਕਣ ਕਣ ਗੁਰੂ ਸੁਨੇਹੇ ਘੱਲੇ।
ਨਾਲ ਸਿੱਖ ਬਾਲਾ ਮਰਦਾਨਾ
ਛਡ ਓਅੰਕਾਰ ਨਰਬਦਾ ਚੱਲੇ।
ਦਹਦਿਸ ਲਿਵ ਨੂੰ ਖਿੱਚਾਂ ਪਾਵਣ
ਵਜਦ-ਹੁਲਾਰੇ ਝੱਲਵਲੱਲੇ
ਛਿਪਿਆ ਵਣਾਂ 'ਚ ਨਿਕਲੇ ਗੌਂਦਾ
ਜਦ ਮੁਰੀਦ ਬਿਨ ਪੀਰਾਂ 'ਕੱਲੇ।
ਸਾਬਰ ਬਾਲਾ ਸੋਚ ਰਿਹਾ ਸੀ
ਵੇਖ ਤ੍ਰਿਸ਼ਨਾ ਦੇ ਹੜ੍ਹ ਝੱਲੇ :
"ਇਸ ਪੱਤਣ 'ਤੇ ਸ਼ਰਮਾਂ ਖਾਸਨ
ਨੈਂ ਦੇ ਲੱਖਾਂ ਵਹਿਣ ਅਵੱਲੇ।"
ਮਰਦਾਨੇ ਦੇ ਸਾਜ਼ 'ਚ ਕੰਬਣ
ਕੌਲ ਅਬੋਲ ਅਨੰਤ 'ਚ ਧੱਲੇ।
ਕਿਸਦਾ ਜ਼ਿੰਦਾ ਹੱਥ ਧੜਕਦਾ
ਚਿਰ ਦੇ ਠਰੇ ਸੂਰਜਾਂ ਥੱਲੇ ?

ਕਾਲ ਅਕਾਲ ਤੇ ਲੋਕ ਵਿਚ ਵਿਚਰਦੀ ਗੁਰੂ-ਸੁਰਤਿ

ਪੰਥ ਗ੍ਰੰਥ ਯੋਗ ਦੇ ਧੰਧੇ
ਕਥਾ ਪੁਰਾਣ, ਵੇਦ ਦੇ ਬੰਦੇ
ਸ਼ਿਵ ਜੀ, ਰਾਮ, ਬਿਸ਼ਨ ਦੀ ਗਾਥਾ
ਵਿਚ ਨਰ-ਸੁਰਤਿ ਗਣੇਸ਼ ਦੀ ਮਾਤਾ
ਭੀਲ, ਨਿਸਾਚਰ ਤੇ ਵਣਜਾਰੇ
ਕੁਝ ਵਹਿਸ਼ੀ ਕੁਝ ਭੈ ਵਿਚ ਮਾਰੇ;
ਖੰਡਰ ਕਿਲ੍ਹੇ ਮੂਰਤਾਂ ਮੰਦਰ
ਥੱਕੀ ਰੂਹ ਦੇ ਬਣੇ ਪੈਗੰਬਰ;
ਸੂਖਮ ਸਥੂਲ ਦ੍ਰਿਸ਼ਟ ਅਣਦਿਸਦਾ
ਦਹਦਿਸ ਤਾਲ ਨੂਰ ਹੈ ਜਿਸਦਾ,
ਗੁਰ ਦੇ ਨੈਣ ਵਿਛੇ ਹਰ ਰਾਹ ਤੇ
ਪੁੰਨ ਪਾਪ ਤੋਲਣ ਹਰ ਰਾਹ ਤੇ।
ਫਿਰ ਜਦ ਨਾਨਕ ਤਾਪੀ ਲੰਘੇ
ਕਿਸੇ ਵੈਰਾਗ ਵਿਚ ਜਲ ਕੰਬੇ
ਵਿਸ਼ਵ ਜਿਵੇਂ ਤੀਬਰ ਹੋ ਸਾਰਾ
ਉੱਡ ਰਿਹਾ ਛੱਡ ਹੁਸਨ ਨਿਆਰਾ।
ਮਿਲਣ ਬਸੰਤ, ਤਪਸ਼, ਬਰਸਾਤਾਂ
ਸੱਜਰੇ ਵੇਸ ਬਨਾਵਣ ਰਾਤਾਂ।
ਮਨ ਜੋ ਜਨਮ ਮਰਨ ਤੋਂ ਅੱਗੇ
ਨੈਂ ਗੋਦਾਵਰੀ ਉਸ ਸਮ ਲੱਗੇ।
ਕਾਲ ਅਦਿੱਖ ਦੀਆਂ ਜੋ ਗਹਿਰਾਂ
ਲੰਘ ਜਾਣ ਚੀਰ ਉਹ ਲਹਿਰਾਂ।
ਕਰੇ ਕੀਰਤਨ ਜਦ ਮਰਦਾਨਾ
ਕੰਠ 'ਚ ਸਾਂਭ ਲਿਆ ਅਸਮਾਨਾਂ।
ਗੁਰ-ਸ਼ਬਦ ਚਮਕੇ ਵਿਚ ਤਾਲਾਂ
ਸਜਦੇ ਤੁਰਤ ਬਣਾਏ ਕਾਲਾਂ।
ਪੰਘਰਣ ਜਦ ਅੱਖਰ-ਰੇਖਾਵਾਂ
ਢੂੰਡਣ ਸੁਰ ਭਵਿੱਖ 'ਚ ਰਾਹਾਂ।
ਨਾਨਕ ਨੈਂ ਗੋਦਾਵਰੀ ਕੰਢੇ
ਮਿਹਰ ਆਸ ਇਉਂ ਜਗ ਨੂੰ ਵੰਡੇ

ਜਿਉਂ ਵਿਚ ਅਪਣੇ ਰੂਪ ਅਖ਼ੀਰੀ
ਤੁਰਦਾ ਸੰਗ ਅਨੂਪ ਫ਼ਕੀਰੀ
ਸਿੱਖ ਪਰਵਾਰ ਖਿੰਡੇ ਜਦ ਸਾਰੇ
ਭੀੜੇ ਮੌਤ ਕਹਿਰ-ਦਰ ਭਾਰੇ
ਲੈ ਅਪਣੇ ਸੰਗ ਬਾਜ਼ ਅਖ਼ੀਰੀ
ਤੇਗ਼-ਲਿਸ਼ਕ ਦੇ ਨਾਜ਼ ਅਖ਼ੀਰੀ
ਸ਼ਬਦ 'ਚ ਰੱਖ ਪਰਵਾਜ਼ ਅਖ਼ੀਰੀ
ਦਿਲ ਦੀ ਸਾਂਭ ਅਵਾਜ਼ ਅਖ਼ੀਰੀ
ਦੇ ਨਾਂਦੇੜ 'ਚ ਤਾਜ ਅਖ਼ੀਰੀ
ਖੋਲ੍ਹੇ ਰੂਹ ਦਾ ਰਾਜ਼ ਅਖ਼ੀਰੀ
ਰਾਹ ਗੁਮਨਾਮ ਪੰਥ ਨੂੰ ਦੱਸੇ
ਬਾਜ਼ ਦੇ ਖੰਭ ਸਿਦਕ ਵਿਚ ਲੱਸੇ।
ਨਾਨਕ ਅੰਤਮ ਰੂਪ 'ਚ ਹੁਣ ਵੀ
ਤੇਗ਼ 'ਚ ਵਸੇ ਵਜਦ ਦੀ ਧੁਨ ਵੀ
ਡੂੰਘੇ ਲਹਿਰ-ਰਹੱਸ ਜਗਾਵੇ
ਨੈਂ ਗੋਦਾਵਰੀ ਰਹਿਮ 'ਚ ਆਵੇ
ਆਦਮ ਜ਼ਾਤ ਘਾਇਲ ਹੋ ਜਾਵੇ
ਵਗ ਵਗ ਕਮਲ ਜਿਹਾ ਹੱਥ ਲਾਵੇ।

ਬਿਦਰ ਵਿਚ ਆਤਮਕ ਖੇੜੇ ਦੀ ਵਿਜੈਈ ਕਾਂਗ

ਫਿਰ ਤੇਲਿੰਗ ਦੇਸ ਗੁਰ ਜਾਵਣ
ਛੁਹ ਪਵਿੱਤ ਦੇ ਬਿਦਰ ਨੂੰ ਆਵਣ।
ਜਨਮ ਅਸੰਖ 'ਚ ਜੋਤ ਵਿਲੱਖਣ
ਗੁਰ ਦਰਸਾਣ ਘੁੰਮ ਵਿਚ ਦੱਖਣ
ਉਂਜ ਤੱਕਣ ਵਿਚ ਦੇਸ ਬਿਗਾਨੇ
ਧਰਮ ਅਧੂਰੇ ਰੁਲਣ ਜੀਰਾਣੇਂ
ਕੋਟ ਜਨਮ ਬਿਨ ਖੰਭਾਂ ਤੜਪਣ
ਕਿਤੇ ਨ ਨਿਹਕਲੰਕ ਦਿਲ ਧੜਕਣ
ਸੁਰਤਿ ਅਸੀਮ ਅਮਲ ਬਿਨ ਬੰਦੀ
ਲੰਘਣ ਜਨਮ ਹੋਰ ਵੀ ਮੰਦੀ।
ਹਰਿਚੰਦਉਰੀ ਆਵੇ ਅੱਗੇ
ਮੌਲਕ ਮਹਾਂ ਚੇਤਨਾ ਦੱਬੇ।

ਜਮ ਦੇ ਪੰਥ ਤੋੜ ਗੁਰ ਲੰਘੇ
ਖਾਰੇ ਨੀਰ ਖਿਦਰ ਦੇ ਕੰਢੇ
ਅੰਮ੍ਰਿਤ-ਧਾਰ ਦੂਰ ਵੈਰਾਗੀ
ਮੌਲਕ ਮਹਾਂ ਚੇਤਨਾ ਜਾਗੀ
ਏਕੋ ਏਕ ਪਏ ਲਿਸ਼ਕਾਰਾ
ਆਵਾਗੌਣ-ਕੈਦ ਤੋਂ ਬਾਹਰਾ
ਬਾਣੀ ਭਸਮ ਕਰੀ ਠਗਮੂਰੀ
ਦਿਵੇ ਪ੍ਰਾਣ ਸੰਜੀਵਨੀ ਨੂਰੀ
ਰਾਮਕਲੀ ਮਰਦਾਨਾ ਛੋੜੇ
ਮੌਤ-ਨੀਂਦ ਵਿਚ ਸੁਪਨੇ ਖੇੜੇ
ਮਾਂ-ਵੇਦਨਾ ਖ਼ਾਕ 'ਚ ਜਾਗੇ
ਤਿਖ ਵਿਚ ਆਸ ਕਿਤੇ ਅਨੁਰਾਗੇ
ਤਨ ਰਮਣੀਕ ਜ਼ਿਮੀਂ ਦਾ ਧਰਕੇ
ਖੰਭ ਅਦਿੱਸ ਚਟਾਨ 'ਚ ਫੜਕੇ
ਸਿਖਰ ਚਟਾਨ ਜਗੇ ਫਿਰ ਦੀਵਾ
ਪੀਰ ਜਲਾਲ ਹੋਏ ਤਕ ਖੀਵਾ
ਤੂਰ ਪੁਰਾਤਨ ਸੈਲ ਚੋਂ ਉੱਠੇ
ਨਹੀਂ ਬੇਹੋਸ਼ੀ ਵਜਦ ਦੀ ਰੁੱਤੇ।
ਪੀਰ ਯਾਕੂਬ ਕਹੇ ਚੁਕ ਬਾਹਾਂ
"ਸੱਦ ਮਿਰ੍ਹਾਜ ਰਹੀ, ਮੈਂ ਜਾਵਾਂ।"
ਰਾਤ ਨੂੰ ਹੁਜਰੇ ਵਿਚ ਕਲੰਦਰ
ਆਖਣ: "ਦਰ 'ਤੇ ਖੜੇ ਪਗੰਬਰ;
ਨਾ ਇਬਲੀਸ ਵੜੇ ਦਿਲ ਅੰਦਰ।
ਪਹਿਰੇਦਾਰ ਬਣੇ ਸਭ ਅੰਬਰ।"
ਫ਼ਜਰ ਹੋਈ ਵਿਸਮਾਦ ਨਿਰਾਲਾ
ਭੁੰਚ ਰਹੇ ਦਾਨਾ ਤੇ ਬਾਲਾ।
ਪੀਰਾਂ ਨਾਲ ਲੋਕ ਸਭ ਆਏ
ਤਕ ਜਲਾਲ ਗੁਰੂ ਮੁਸਕਾਏ।
ਨਾਨਕ ਛੁਹ ਚਰਨ ਸੰਗ ਪੱਥਰ
ਚੁੰਮੇ ਅਗਮ ਪਤਾਲ ਦੇ ਅੱਖਰ
ਧਾਹ ਲੱਗੀ ਗਲ ਜਿੰਦ ਅਗੰਮੀ
ਵਾਜ ਪਈ ਧੁਰ ਸਿਮਰਣ ਕੰਨੀਂ
ਵਗੇ ਵਗੇ ਇਹ ਨਾਨਕ ਝੀਰਾ
ਪੀਵਣ ਜੋ ਵਿਚ ਲਿਵ ਗੰਭੀਰਾ;

ਝਿਲਮਿਲ ਅੰਮ੍ਰਿਤ ਵਰਗਣ ਚਟਾਨੋਂ
ਸੁਰਤਿ ਅਮਰ ਝਰਦੀ ਅਸਮਾਨੋਂ
ਕੂਕਨ ਪੀਰ: "ਅਗਮ ਤੂੰ ਜਿੰਦੇ
ਜਲ ਖਾਰੇ ਧਰ ਦੇ ਸ਼ਰਮਿੰਦੇ।"
ਲੋਕ ਖੜੇ ਅਰਦਾਸ ਵਾਂਗ ਸੀ
ਸੁਰਤਿ ਦੀ ਸਦ ਪਿਆਸ ਵਾਂਗ ਸੀ
ਤੇਗ਼ ਚਮਕਦੀ ਸਦੀਆਂ ਉੱਤੇ
ਸੀਸ ਝੁਕੇ ਉਸ ਅੰਮ੍ਰਿਤ ਰੁੱਤੇ
ਸਾਹਿਬ ਸਿੰਘ ਬਿਦਰ ਦਾ ਕੂਕੇ
"ਤੇਗ਼ ਧਾਰ ਤਕ ਇਸ਼ਕ ਨ ਚੂਕੇ।"
ਪੰਚ ਖੜੇ ਪਰਵਾਨ ਉਹ ਛਾਵੇਂ
ਦੂਰ ਪਰੇ ਸਦੀਆਂ ਦੀ ਛਾਵੇਂ।
ਰੌਸ਼ਨ ਰਹੇ ਜੇ ਸਿਦਕ-ਬਨੇਰਾ
ਨਜ਼ਰ ਰਹੇ ਗੀ, ਰਹੇ ਗਾ ਜੇਰਾ।

ਪੁਰਾਤਨ ਕਾਲ ਤਕ ਜਾਂਦੇ ਪੈਂਡਿਆਂ ਦੀ ਧੂਹ

ਭੂਤ ਭਵਿੱਖ ਭਵਾਨ ਤੋਂ ਉੱਤੇ
ਕਿਸੇ ਸਿਖਰ ਤੋਂ ਚਾਨਣ ਸੁੱਚੇ
ਜਿੱਥੋਂ ਨਜ਼ਰ ਕਹਿਕਸ਼ਾਂ ਲੈਣੀ
ਕਦੇ ਆ ਵਸਣ ਸਿੱਖ ਦੇ ਨੈਣੀਂ
ਐਸੇ ਬਿਮਲ ਦਰਸ ਨੂੰ ਪਾ ਕੇ
ਸਿੱਖ ਕਹਿਣ ਨਾਨਕ ਨੂੰ ਜਾ ਕੇ:
"ਪੈਂਦੀ ਧੂਹ, ਦਿਸ਼ਾ ਹਰ ਸੱਦੇ
ਬਹੁ ਵਿਸਮਾਦ ਬਿਦਰ ਤੋਂ ਅੱਗੇ
ਤੁੰਗ ਭਦਰ ਨੌਂ ਦੀਆਂ ਲਹਿਰਾਂ
ਰੋ ਹੁੱਬ ਵਿਚ ਰਾਮ ਦੇ ਪੈਰਾਂ
ਕੂਣ: ਰਹਿਣ ਬਾਲੀ 'ਤੇ ਖੈਰਾਂ
ਕਿਉਂ ਸੁਗਰੀਵ ਗਿਆ ਵਲ ਗ਼ੈਰਾਂ!"
ਦੂਰ ਵੇਖ ਕਿਹਾ ਮਰਦਾਨੇ:
"ਬਾਬਾ! ਚਲ ਉਸ ਦੇਸ ਬਿਗਾਨੇ।"
ਬਾਲੇ ਕਿਹਾ: "ਦੂਰ ਕਸਕਿੰਧਾ
ਡਾਢੇ ਦਰਦ ਅਜੇ ਵੀ ਦਿੰਦਾ।

ਹਿਰਸ ਜਦੋਂ ਨੈਣਾਂ ਵਿਚ ਝੁਲਦੀ
ਰਾਹ ਵਿਚ ਸੱਚ-ਵਾਣ ਰੂਹ ਭੁਲਦੀ
ਪੱਤ ਰਿਸ਼ੀ ਅਵਤਾਰ ਦੀ ਰੁਲਦੀ
ਚੋਰ ਦੀ ਤਕੜੀ ਦੇ ਵਿਚ ਤੁਲਦੀ।"
ਸਿੱਖਾਂ ਅਰਜ਼ ਕਰੀ "ਗੁਰ ਚੱਲੋ
ਪੰਥ ਦੀ ਸੱਦ ਦੇਸ ਹਰ ਘੱਲੋ
ਫ਼ਤਿਹ ਦੀ ਰਮਜ਼ ਗਗਨ ਤਕ ਛੇੜੋ
ਭੂਤ ਭਵਿੱਖ ਭਵਾਨ ਨੂੰ ਫੇਰੋ।"
ਸੁਣੀ ਬੇਨਤੀ ਤਾਂ ਗੁਰ ਮੰਨੇ
ਤਕਦੇ ਧਰ ਦੇ ਰੰਗ ਸੁਵੰਨੇ।
ਦੇਸ ਦੇਸ ਗਾਵੇ ਮਰਦਾਨਾ
ਛਰ ਛਰ ਕਦੇ, ਕਦੇ ਵਿਚ ਸ਼ਾਨਾਂ।
ਰਾਮ, ਕਾਨ੍ਹ, ਸ਼ਿਵ, ਬਿਸ਼ਨ ਦੇ ਪੱਤਣ
ਕਾਲ 'ਚ ਕਾਂਗ ਉਡੀਕ ਦੀ ਘੱਤਣ।
ਮਹਿਕੇ ਰਮਜ਼ ਖ਼ਾਕ ਵਿਚ ਕਿਹੜੀ ?
ਨਦੀ ਕ੍ਰਿਸ਼ਨਾ ਤੇ ਕਾਵੇਰੀ
ਵਗਣ ਅਸੰਖ ਵਹਿਣ ਲੈ ਡੂੰਘੇ
ਮਿਰਗ ਛੁਪੀ ਕਸਤੂਰੀ ਢੂੰਡੇ।
ਦਰਦ ਨਹੀਂ ਪ੍ਰਹਿਲਾਦ ਦਾ ਖੁੰਢਾ
ਨਰਸਿੰਗ ਨੈਣੀਂ ਵਸੇ ਚਮੁੰਡਾ
ਆਵਣ ਨੀਲਗਿਰੀ ਤੋਂ ਰਾਹਾਂ
ਚਾ ਸੁਗਰੀਵ ਦੀਆਂ ਸਭ ਆਹਾਂ।
ਦੱਖਣ ਦੇਸ ਰਾਮ ਦੇ ਪੈਂਡੇ
ਗਾਰਾਂ ਵਿਚ ਜੁਗਾਂ ਤਕ ਸੈਂਦੇ
ਨਾਨਕ-ਨੈਣ ਉਧਰ ਜਾ ਖੁੱਲ੍ਹੇ
ਝੁੱਲਣ ਹੋ ਵਜਦ ਦੇ ਬੁੱਲੇ।
ਕਿਤੇ ਮਾਰੀਚ-ਦੰਭ ਕੁਰਲਾਵੇ
ਜਿਵੇਂ ਪਿਸ਼ਾਚ ਸਿਹਰ ਕੋ ਪਾਵੇ;
ਤਦ ਹਨੂਵੰਤ ਦਾ ਹੰਭੂ ਡੁੱਲੇ
ਪੈੜ ਕਿਤੇ ਲਛਮਣ ਦੀ ਹੁੱਲੇ।
ਵਸੇ ਮੂਕ ਦੱਖਣ ਦੇ ਕਣ ਕਣ
ਸ਼ਿਵ-ਤਾਂਡਵ ਦੀ ਤਿੱਖੀ ਕੰਪਨ;
ਉਪਨਿਸ਼ਦ ਤੇ ਵੇਦ ਦਾ ਹਿੰਦੂ
ਢੂੰਡ ਰਿਹਾ ਸ਼ਕਤੀ ਦਾ ਬਿੰਦੂ;

ਵਿਜੈ ਨਗਰ ਦਾ ਗੌਰਵ ਕੰਪੀ
ਦਿਸ਼ਾ ਹੈ ਰਾਮ-ਸੁਹਜ ਦੀ ਬੰਕੀ।
ਬਾਲਾ ਗੂੜ੍ਹ ਨੀਂਦ ਚੋਂ ਜਾਗੇ
ਗੁਰੂ ਨੂੰ ਸੁਖ਼ਨ ਕਹੇ ਅਨੁਰਾਗੇ :
"ਕਰੇ ਪੁਰਾਣ-ਜਗਤ ਜਿਉਂ ਸਾਰਾ
ਨੈਂ ਪਹਾੜ ਵਣ ਵਿਚ ਉਤਾਰਾ।
ਕਿਉਂ ਫਿਰ ਧਰਮ ਅਜੇ ਨਾ ਪੂਰਾ
ਨਾਨਕ ਸਾਹਵੇਂ ਰਹੇ ਅਧੂਰਾ ?"
ਗੁਰੂ ਕਹਿਣ : "ਪੱਤ ਜਗ ਦੀ ਸੁੰਵੀ
ਸ਼ਾਖ਼ ਹੋਂਦ ਦੀ ਹਰੀ ਨ ਹੁੰਦੀ।
ਜੇ ਅਦਿੱਸ ਮਨ-ਨਦੀ ਨ ਛੋਹੇ
ਸੁੱਕੇ ਰੁੱਖ ਹੇਠ ਦਿਲ ਰੋਏ;
ਗ਼ੈਬੀ ਦਰਗਾਹਾਂ ਦੇ ਬਾਝੋਂ
ਫੜੇ ਹਿਰਸ ਰਾਹਾਂ ਦੇ ਬਾਝੋਂ
ਹਿਰਸ ਰਿਸ਼ੀ ਦੇ ਸੁਪਨੇ ਸਾੜੇ
ਚਿੜ੍ਹ ਤੇ ਲੱਖ ਮੁਲੰਮੇ ਚਾੜ੍ਹੇ
ਹਫਦਾ ਫਿਰੇ ਸੁਰਾਬ ਕਿਨਾਰੇ
ਮੁੜ ਮੁੜ ਭਰਮ 'ਤੇ ਹੱਕ ਚਿਤਾਰੇ
ਚੋਰ ਸਰਾਲ ਕਪੁੱਤੀ ਨਿੰਦਾ
ਪੀਂਦੀ ਸਾਹ ਸੱਚ ਦੇ ਜ਼ਿੰਦਾ।"
ਆਖ ਤੁਰੇ ਨਾਨਕ ਵਲ ਕਾਂਚੀ
ਬਹੁ ਪਵਿੱਤ ਜਿਉਂ ਬੂੰਦ ਸਵਾਂਤੀ
ਸ਼ਿਵ ਵਿਸ਼ਣੂ ਦੀ ਨਗਰੀ ਬਾਂਕੀ
ਪਰ ਉਹ ਸ਼ਰਧਾ ਵਿਚ ਨਾ ਸ਼ਾਂਤੀ
ਬਹੁਤ ਅਨੋਖੇ ਭਾਵੇਂ ਮੰਦਰ
ਰੂਹ ਮਾਨਸ ਦੀ ਧੁਖਦੇ ਖੰਡਰ
ਸ਼ਿਵ-ਤਾਂਡਵ ਵਿਚ ਲਰਜ਼ਣ ਤਾਰੇ
ਪਰ ਹੁਣ ਮੂਕ ਉਹ ਗਗਨ-ਨਗਾਰੇ।
ਜਦ ਨਾਨਕ ਕਾਂਚੀ ਵਿਚ ਆਏ
ਮਹਾਂ ਬਿਬੇਕ ਉਹ ਨਕਸ਼ ਬਣਾਏ
ਦਿਲ 'ਤੇ ਰਹੇ ਜਿਨਾਂ ਦਾ ਸਾਯਾ
ਭਾਵੇਂ ਢਕਣ ਮੁਣਸ ਵਿਚ ਮਾਯਾ
ਪਰ ਜਦ ਕਦੇ ਨਜ਼ਰ ਵਿਚ ਆਵਣ
ਗੁਰਮੁਖ-ਨਜ਼ਰ ਉਗਮਦੀ ਪਾਵਨ

ਉਤਰੇ ਗਗਨੋਂ ਬੂੰਦ ਸਵਾਂਤੀ
ਸਿਰਜੇ ਸਾਰੰਗ ਤਿਸਦੀ ਸ਼ਾਂਤੀ।

-10-

ਰਾਮੇਸ਼ਵਰਮ ਵਿਚ ਮਾਨਵ ਦੀ ਨਵੀਂ ਜਾਗ

ਉੱਚ ਰਾਮੇਸ਼ਵਰਮ ਦਾ ਮੰਦਰ
ਜਿਵੇ ਖ਼ਾਮੋਸ਼ ਕਾਲ-ਪੈਗੰਬਰ।
ਚਾਰ ਤਲਾਬ ਚਾਰ ਦਰਵਾਜ਼ੇ
ਕੂੰਟ ਕੂੰਟ ਵਿਚ ਇਸ਼ਟ ਬਿਰਾਜੇ।
ਨਾਲ ਰਾਮੇਸ਼ਵਰਮ ਦੇ ਪੈਰਾਂ
ਗੂੰਜ ਪਾਉਣ ਸਾਗਰੀ ਲਹਿਰਾਂ।
ਪੈਣ ਨ ਰਾਮ-ਕਰਾਂ ਦੇ ਸਾਏ
ਜੁਗ ਬੀਤੇ ਸ਼ਿਵ-ਲਿੰਗ ਟਿਕਾਏ।
ਲਘੂ ਸਿਆਹ ਲਿੰਗ ਸ਼ਿਵ ਵਾਲਾ
ਤਨ 'ਤੇ ਉਣੇ ਜੁਗਾਂ ਦਾ ਜਾਲਾ।
ਮੁਖ ਹਨੂਵੰਤ ਗਣੇਸ਼ ਦੇ ਉੱਤੇ
ਚੜ੍ਹੇ ਛਿਪੇ ਸੂਰਜ ਹਰ ਰੁੱਤੇ
ਤੱਕਣ ਨਾਲ ਕਾਰਤਿਕ ਲਹਿਰਾਂ
ਪ੍ਰਸ਼ਤਾਂ ਘਿਰਣ ਜਦੋਂ ਵਿਚ ਗਹਿਰਾਂ
ਨਾ ਦਸਦੇ ਚਾਰ ਦਰਵਾਜ਼ੇ
ਕਿੱਥੇ ਗਏ ਰਾਮ ਜਹੇ ਰਾਜੇ!
ਦੇਵ ਦੇਵੀਆਂ ਵਿਚ ਪ੍ਰਕਰਮਾਂ
ਅੱਖਰ ਮਿਰਤ ਜਿਵੇਂ ਵਿਚ ਧਰਮਾਂ
ਬ੍ਰਹਮਕੁੰਡ ਵਿਚ ਯਖ ਹੋ ਬਰ੍ਹਮਾ
ਸੁੱਤਾ ਹੇਠ ਸ੍ਰਿਸ਼ਟੀ-ਮਰ੍ਹਮਾਂ
ਖੁਰਦਾ ਸੱਚ ਜਾਇ ਵਲ ਭਰਮਾਂ
ਕਾਲ ਨੂੰ ਜਕੜ ਲਿਆ ਅੰਧ ਕਰਮਾਂ।
ਸੇਤਬੰਧ ਪਰ ਅਜੇ ਨ ਟੁੱਟੇ
ਨਾ ਰੌਂਦਰ ਰਾਵਨ ਦਾ ਉੱਠੇ।

ਖੜ ਰਾਮੇਸ਼ਵਰਮ ਦੇ ਬੂਹੇ
ਕਾਲ ਅਗਾਧ ਫੇਲ ਗੁਰ ਕੂਏ

ਬਾਲਾ ਤੇ ਮਰਦਾਨਾ ਕੰਬੇ
ਜਿਉਂ ਪਗ ਜੁਗੀਂ ਸਫ਼ਰ ਕਰ ਅੰਬੇ :
"ਕੌਣ ਮਹਾਂ ਚੇਤਨਾ ਲੂਹੇ
ਫੇਰ ਬੰਦ ਕਰੇ ਵਿਚ ਖੂਹੇ ?
ਸੈ ਪੁਸ਼ਤਾਂ ਦੀ ਸ਼ਾਹਰਗ ਚੱਬੇ
ਲਹੂ ਲੁਹਾਣ ਰਾਖ ਵਿਚ ਦੱਬੇ
ਆਗਾਸਾਂ ਆਗਾਸ ਕੰਬਾਏ
ਮਹਾਂ ਤਿਮਰ ਪੱਥਰ ਹੋ ਜਾਏ
ਦਰ ਰਾਮੇਸ਼ਵਰਮ ਹੋ ਖ਼ਾਲੀ
ਮਰ ਮਰ ਡਿੱਗਣ ਰਾਮ ਸੁਆਲੀ।?"
ਸੁਣਿ ਬਾਲਾ ਵਡ ਜੁਗਾਂ 'ਚ ਝਾਕੇ
ਨਾਦ, ਗ੍ਰੰਥ, ਯੋਗ ਸਭ ਨਾਪੇ।
ਚਿਹਨ ਰਾਮੇਸ਼ਵਰਮ ਦੇ ਵਿੱਕੇ
ਬੁਝ ਰਹੀਆਂ ਪੁਸ਼ਤਾਂ ਦੇ ਲਿੱਖੇ
ਬਲੀ ਵਿਰਾਟ ਹੁਕਮ ਵਿਚ ਥਾਪੇ
ਕੁਝ ਹਜੂਮ ਵਿਚ, ਕੁਝ ਇਕਲਾਪੇ
ਇਉਂ ਬੁੱਤ ਵੀਰਾਨ ਤੇ ਰੁੱਖੇ
ਮੁੱਢ ਜਿਵੇਂ ਬਿਰਖਾਂ ਦੇ ਸੁੱਕੇ।
ਰੁਲਦੇ ਖੰਭ ਪਛਾਣੇ ਕਵੀਆਂ
ਅੰਤ ਸੁੱਕ ਜਾਂਦੀਆਂ ਨਦੀਆਂ
ਬੀਜ ਲੂਹ ਦੇਣ ਜਦ ਬਦੀਆਂ
ਬ੍ਰਿਛ ਨ ਹਰੇ ਹੋਣ ਵਿਚ ਸਦੀਆਂ।
ਧੁੰਦ ਢੁਕੇ ਬੁੱਤਾਂ ਦੇ ਮੱਥੇ
ਸਿਵੇ ਦੀ ਚੁੱਪ ਤਾਮਸੀ ਲੱਥੇ।
ਜਦ ਜਮ ਦੂਹਤ ਵੀਰਾਨੀ ਕੇਰੀ
ਤਦ ਰਬਾਬ ਮਰਦਾਨੇ ਛੇੜੀ
ਖੁਰਿਆ ਅੰਧ ਕਾਲ ਵਿਚ ਲਹਿਰਾਂ
ਸਗਲੇ ਸਿੰਧ ਮਨਾਵਣ ਖ਼ੈਰਾਂ
ਐਨੇ ਸੁਰ ਦੇ ਅੰਬਰ ਉੱਚੇ
ਆਵਾਗੌਣ ਨ ਤਿਸਦੇ ਉੱਤੇ
ਅੰਤ ਸੁਰਤ ਦੀ ਗਈ ਵੀਰਾਨੀ
ਆਵਾਗੌਣ ਦੀ ਮਿਟੀ ਨਿਸ਼ਾਨੀ।
ਤੱਤ ਮੱਤ ਦੀਆਂ ਉਚ-ਗਹਿਰਾਂ
ਝੁਕ ਵਲ ਆਉਣ ਸਾਗਰੀ ਪੈਰਾਂ

ਰੁਣ ਝੁਣ ਹੋਇ, ਰਲਣ ਵਿਚ ਲਹਿਰਾਂ
ਸਭ ਹੀ ਸੱਚ ਅਚਾਰ 'ਚ ਖ਼ੈਰਾਂ।

ਰਾਮੇਸ਼ਵਰਮ ਤੋਂ ਸੰਗਲਾਦੀਪ ਵਲ ਤੁਰਦਿਆਂ

ਸਦੀ ਸੋਲਵੀਂ ਈਸਾ ਆਵੇ
ਤਿਸਦਾ ਵਰ੍ਹਾ ਬਾਰਵਾਂ ਜਾਵੇ।
ਚੇਤ ਪੰਚਵੀਂ ਦੇ ਦਿਨ ਲੰਘੇ
ਚੰਨ ਚਮਕਦਾ, ਸਾਗਰ ਕੰਢੇ
ਨਭ ਮਸੂਮ ਦੀਆਂ ਉਚ ਲੋਆਂ
ਦੇਣ ਰਾਤ ਭਰ ਜੀਵਨ-ਸੋਆਂ
ਮਹਾਂ ਕਾਲ ਵਿਚ ਗਗਨ ਪਰੁੱਚੇ
ਦੂਰ ਅਨੰਤ ਉੱਚ ਤੋਂ ਉੱਚੇ
ਦੱਸਣ ਥਾਨ ਪ੍ਰਾਣਾਂ ਸੰਦੇ
ਕਿਸ ਜੁਗ ਕੀਟ ? ਦਿਸਣ ਕਦ ਬੰਦੇ ?
ਪੌਣ ਵਗੇ ਜਦ ਤਾਂਡਵ ਮੁੱਕੇ
ਬ੍ਰਹਿਮੰਡ ਦੀ ਰਾਖ ਨੂੰ ਚੁੱਕੇ
ਖ਼ਾਬ ਮਘੇ, ਥਰਕੇ ਫਿਰ ਉੱਠੇ
ਤਾਰਾਗਣਾਂ ਦੇ ਅੰਕਰ ਫੁੱਟੇ
ਕੇਡੇ ਗੁਰੂ-ਸ਼ਬਦ ਦੇ ਜੇਰੇ
ਸੁੱਧ ਰਾਮੇਸ਼ਵਰਮ ਦੀ ਫੇਰੇ
ਬ੍ਰਹਮਕੁੰਡ ਦੀ ਰਾਖ ਦੇ ਨੇੜੇ
ਕੂਈ ਸਮੀਰ ਜਗਾਵੇ ਖੇੜੇ।
ਊਸ਼ਾ ਰਾਮੇਸ਼ਵਰਮ ਗਲ ਲਾਵੇ
ਤ੍ਰੇਤੇ ਜੁਗ ਦਾ ਨਾਦ ਵਜਾਵੇ
ਵਜਦ ਵਿਚ ਬੋਲੇ ਮਰਦਾਨਾ
"ਸਾਹਵੇਂ ਕਾਲ ਰਹਿਣ ਗੁਰ-ਤਾਨਾਂ
ਭਾਵੇਂ ਬਾਰ ਵਸੇ ਵਿਚ ਜਾਨਾਂ
ਹੋਰ ਜਲਾਲ ਵਿਚ ਅਸਮਾਨਾਂ!
ਸੁਣ ਗੁਰ! ਨਵਾਂ ਨਗਾਰਾ ਵੱਜੇ
ਦੂਰ ਦੂਰ ਸਾਗਰ ਤੋਂ ਅੱਗੇ।
ਆਵਾਗੌਣ ਤੋਂ ਉੱਚਾ ਡੇਰਾ
ਜਿੱਥੇ ਚਮਕੇ ਤਿਰਾ ਸਵੇਰਾ।

ਤੇਰੇ ਕਦਮ ਉਠਾਉਣ ਹਰਾਸੇ
ਹੋਰ ਇਕੱਲਾਂ, ਹੋਰ ਦਿਲਾਸੇ!
ਰਾਵਣ ਦਾ ਵੀ ਦਰਦ ਪੁਕਾਰੇ
ਨੇੜ ਸੰਗਲਾਦੀਪ ਕਿਨਾਰੇ।
ਬਾਲ ਵਾਂਗ ਰੋਂਦਾ ਜਗ ਠੱਲ੍ਹੋ
ਛੁਪੀ ਉਡੀਕ ਕਿਸੇ ਵਲ ਚੱਲੋ।
ਸੁਣੋ ਘਾਇਲ ਜਗਤ ਦੇ ਹਾੜੇ
ਆਦੰਮ ਦਾ ਪੁਲ ਪਿਆ ਵੰਗਾਰੇ।"

ਭਾਗ ਤੀਜਾ

ਪੈਗਾਮ ਸੰਗਲਾਦੀਪ ਨੂੰ

ਧੰਨ ਸੰਗਲਾ ਦੀਪ, ਵਸੇ ਜੁ ਸਾਗਰੀਂ
ਚਿਰ ਤੋਂ ਰਿਹਾ ਉਡੀਕ, ਨਜ਼ਰ ਪੈਗੰਬਰੀ;
ਬੋਧ ਬ੍ਰਿਛ ਦੀ ਸ਼ਾਖ, ਜਿੱਥੇ ਝੂੰਮਦੀ
ਵਣ ਅਸ਼ੋਕ ਦਾ ਖ਼ਾਬ, ਮੱਥੇ ਲਾਂਵਦੀ;
ਹੌਕਾ ਲਵੇ ਸਮੀਰ, ਲੱਭੇ ਜਾਨਕੀ
ਤੱਕੇ ਕਾਲ-ਅਖ਼ੀਰ, ਛੁਪੀ ਸਹੇਲੜੀ!

ਇੰਦਰਜੀਤ ਦਾ ਨਾਦ, ਹੁਣ ਵੀ ਜਾਗਦਾ
ਰਾਵਣ ਦੀ ਫ਼ਰਿਆਦ, ਤਿਸਦੀ ਸਾਂਗ 'ਤੇ;
ਚਿਤਵ ਵਿਭੀਸ਼ਣ-ਚਾਲ, ਸਾਗਰ ਹੌਲਦਾ
ਰਾਜ-ਹਿਰਸ ਦੇ ਜਾਲ, ਵਰਤੇ ਰਾਮ ਵੀ!
ਸੰਪਾਤੀ ਜਿਉਂ ਖੰਭ, ਸੜ ਗੇ ਕਾਲ ਦੇ
ਚੜ੍ਹੀ ਰਾਖ ਬੇਅੰਤ, ਖੇੜਾ ਲੋਚਦੀ।

ਸ਼ੰਕਰ ਬੁੱਧ ਮਹਾਨ, ਬਹਿ ਵਿਚ ਤਾਰਿਆਂ
ਵੇਖਣ ਪੈਰ-ਨਿਸ਼ਾਨ, ਆਦਮ-ਕੂਟ ਤੇ;
ਬੋਧੀ ਬਿਰਖ ਦੀ ਮੰਤ, ਵਣ ਵੀ ਜਾਣਦੇ
ਪਰ ਨਿਰਵਾਨ ਦੇ ਅੰਤ, ਬਿਰਹਾ ਜਾਗਦਾ
ਆਦਮ-ਕਾਲ ਦਾ ਬੰਗ, ਨਿਰਮਲ ਸੱਜਰਾ
ਪਰਬਤ ਨੈਆਂ ਸੰਗ, ਖੇਡੇ ਬਾਲ ਜਿਉਂ।

ਤੁਰਕ ਫ਼ਰੰਗੀ ਸ਼ੈਵ, ਸੰਗਲਾਦੀਪ ਦੇ
ਸਣੇ ਬੋਧ, ਬੇਐਬ, ਪਾਲਣ ਧਰਮ ਨਾ;
ਫਿਰ ਵੀ ਦਿਲ ਦੇ ਬਾਗ, ਅਜੇ ਨ ਉੱਜੜੇ
ਮਟੀਕੁਲਮ ਸ਼ਿਵਨਾਭ, ਰਾਜਾ ਵੱਖਰਾ;
ਬਹਿ ਜੋ ਰਿਹਾ ਉਡੀਕ, ਸਾਗਰ ਕੰਢੜੇ
ਮਰਦ ਅਗੰਮ ਅਮੀਕ, ਜਲਵਾ ਸੱਚ ਦਾ।

ਜਾਫਾਪਟਣ ਦਾ ਭੂਪ, ਤਿਸਦਾ ਮੀਤ ਸੀ
ਸ਼ਿਵ ਦਾ ਜਿਵੇਂ ਸਰੂਪ, ਚੋਟੀ ਹਿੰਮ ਤੇ।
ਵਾਹ! ਸੇਕਰਨ ਦਿਦਾਰ, ਕੀਤੇ ਗੁਰੂ ਦੇ
ਸੇਤਬੰਧ ਦੇ ਦੁਆਰ, ਜਦ ਉਹ ਖੜੇ ਸੀ।
ਉਂਜ ਉਹ ਭਗਤ ਪੁਨੀਤ, ਸ਼ਿਵ ਦਾ ਜਨਮ ਤੋਂ
ਪਰ ਨਾਨਕ ਵਿਚ ਮੀਤ, ਤੱਕੇ ਜਿੰਦ ਦਾ।

ਤਾਂ ਬੇੜੀ ਉਸ ਬਿੰਦ, ਸਤਿਗੁਰ ਠੇਲ੍ਹਦੇ
ਦਮਕੇ ਸਾਗਰ ਹਿੰਦ, ਪਲ ਪਲ ਲਹਿਰਦਾ।
ਮਿਲਿਆ ਸ਼ੈਵ ਨਰਿੰਦ, ਗੁਰ ਨੂੰ ਕੰਢੜੇ
ਲਾ ਮਸਤਕ 'ਤੇ ਜਿੰਦ, ਜਾਫਾ-ਵਣਾਂ ਦੀ।
ਨਾ ਹਿੰਸਾ ਨਾ ਨਿੰਦ, ਡੰਗਣ ਸਿਦਕ ਨੂੰ
ਨਾਗ, ਪੰਖ, ਮਿਰਗਿੰਦ, ਥੀਣ ਰਹੱਸ ਹੋ।

ਜਾਫਾਪਤੀ ਨੇ ਵੇਖ, ਨਾਨਕ ਸਾਮ੍ਹਣੇ
ਪੁਛਿਆ "ਕਿੱਥੇ ਲੇਖ, ਮੇਰੇ ਉੱਕਰੇ?
ਬ੍ਰਹਿਮੰਡ ਵਿਚ ਯਾਰ, ਇਕ ਵੀ ਦਿਸੇ ਨਾ
ਜੁਗਾਂ ਜੁਗਾਂ ਤੋਂ ਹਾਰ, ਮਾਨਸ ਜਰ ਰਿਹਾ।
ਸ਼ਿਵ ਜਾਪੇ ਬੇਤਾਲ, ਡੋਲੇ ਪਿਰਥਵੀ
ਕੌਣ ਸਕੇ ਸੰਭਾਲ, ਤੈਂ ਬਿਨ ਜਿੰਦੜੀ?"

"ਸੁਣ ਸੇਕਰਨ ਸੁਮੀਤ," ਨਾਨਕ ਬੋਲਦੇ
"ਸ਼ਿਵ-ਸ਼ਕਤੀ ਦੀ ਰੀਤ, ਰਮਜ਼ ਅਕਾਲ ਨਾ;
ਪਹਿਲੀ ਸੱਚ-ਉਡਾਰ, ਉਸਦੇ ਨਾਲ ਨਾ
ਬਹੁ ਕੁਝ ਲਿਆ ਉਧਾਰ, ਉਸਨੇ ਮਣਸ ਤੋਂ।
ਮਧੁਰ ਪੁਰਾਣਿਕ ਧੁੰਧ, ਉਸਨੂੰ ਘੇਰਿਆ
ਓਹਲੇ ਬ੍ਰਹਮ-ਸਮੁੰਦ, ਉਸਦੀ ਕਥਾ ਦੇ।"

ਭੂਪ ਕਿਹਾ ਭਰ ਗੱਚ, "ਪੁਰਸ਼ ਅਗੰਮ ਦੇ
ਸੱਚ ਤੋਂ ਉੱਚਾ ਸੱਚ, ਜਾਪੇਂ ਉਚਰਦਾ।
ਮੰਨਾਂ ਮੈਂ ਸਮਰੱਥ, ਤੈਂਡੇ ਸੁਖ਼ਨ ਨੂੰ
ਮਟੀਕੁਲਮ ਇਹ ਵੱਥ, ਵੰਡੇਂ ਜਾਇ ਜੇ।
ਓਥੋਂ ਦਾ ਸ਼ਿਵਨਾਭ, ਸ਼ਿਵ ਦਾ ਭਗਤ ਜੋ
ਫੜੇ ਅਗੰਮੀ ਵਾਗ, ਸ਼ੰਕਰ-ਨਾਚ ਦੀ।"

ਕੂੰਟ ਅਦਿੱਖ 'ਚ ਤੋਰ, ਦਿਲ ਸੇਕਰਨ ਦਾ
ਨਾਨਕ ਚੱਲੇ ਛੋੜ, ਜਾਫ਼ਾ-ਵਣਾਂ ਨੂੰ;
ਲੈ ਬਾਲਾ ਦਿਲਦਾਰ, ਨਾਲ ਸਾਜ਼ਿੰਦੜਾ
ਮਟੀਕੁਲਮ ਦੇ ਦੁਆਰ, ਨਾਨਕ ਖੜੇ ਜਾ;
ਅਧ ਸੁੱਕੇ ਇਕ ਬਾਗ਼, ਵਿਚ ਉਹ ਉੱਤਰੇ
ਤਦ ਰਾਜੇ ਸ਼ਿਵਨਾਭ, ਸੁਣੀ ਰਬਾਬ ਸੀ।

ਆਦਿ ਵਿਚ ਝਰਨਾਟ, ਜੀਵਨ ਵਾਲੜੀ
ਜਦ ਬ੍ਰਹਿਮੰਡ 'ਚ ਵਾਟ, ਫੜੀ ਸੀ ਆਪਣੀ
ਆਦਿ ਅੰਤ ਤਿਹੁ ਲੋਇ, ਤੋਂ ਵੀ ਉੱਚ ਜੋ
ਖਿੜਦੀ ਜੀਵਨ-ਸੋਇ, ਸੁਣਦੀ ਬਾਗ਼ ਨੂੰ
ਕਰਵਟ ਨਵੀਂ ਅਨੰਤ, ਬਿਰਖੀਂ ਝੂੰਮਦੀ
ਵਿਛੜੀ ਮਿਲੀ ਬਸੰਤ, ਲਾ ਗਲ ਆਦਿ ਨੂੰ।

ਖਿੜਦੀ ਆਦਿ ਪ੍ਰੀਤ, ਮਿਲਿਆ ਆਲ੍ਹਣਾ
ਉਡਦੀ ਬਰਸਾਂ ਤੀਕ, ਖਿੜਦੀ ਅੰਬਰੀਂ।
ਸੁੱਕ ਰਹੀ ਹਰ ਡਾਲ, ਪੰਛੀ ਓਦਰੇ
ਸੁਣਨ ਗੀਤ ਦੇ ਹਾਲ, ਜੁਗੜੇ ਬਾਪ ਜਿਉਂ।
ਕੂੰਬਲਾਂ ਵਾਂਗ ਸਵੇਰ, ਗੁਰੂ ਬੁਲਾਂਵਦੇ
ਜੋ ਸੁੱਕਣ ਵਿਚ ਨੇਰ, ਡੰਗ ਅਦਿੱਖ ਤੋਂ।

ਖਿੜਿਆ ਬਾਗ਼ ਨੂੰ ਸੁਣ, ਚੰਦਰਕਲਾ ਨੇ
ਕਿਹਾ : "ਜੋ ਪਿਰ ਜੀ ਹੁਣ, ਆਇ ਰਿਸ਼ੀ ਨੇ
ਉਹੀ ਜਿਂਦੜੀ ਉਡੀਕ, ਚਿਰ ਤੋਂ ਤੁਸਾਂ ਨੂੰ
ਮਨਸੁਖ ਮੰਗੀ ਭੀਖ, ਜਿਹੜੀ ਨਦਰ ਤੋਂ
ਲੈ ਕੈਲਾਸ਼ ਦੀ ਜਾਗ, ਵੈਦਿਕ ਕੂੰਟ ਤੋਂ
ਚਹਿਕ ਪਈ ਤੈਂ ਬਾਗ਼, ਓਹੀਓ ਜਿੰਦੜੀ।"

ਸੁਣਿ ਸ਼ੰਕਾ ਪਈ ਜਾਗ, ਮੱਥੇ ਭੂਪ ਦੇ
ਕਹੇ : "ਤਪੀ ਵਿਚ ਬਾਗ਼, ਚਿਰ ਤੋਂ ਆਂਵਦੇ
ਸਭਨਾਂ ਚੋਰੀਂ ਖ਼ਾਕ, ਨਿਗਲੀ ਕਾਮ ਦੀ
ਅੰਦਰ ਪਲਣ ਸਰਾਪ, ਨੈਣੀਂ ਬਖ਼ਸ਼ਿਸ਼ਾਂ
ਚੋਰੀਂ ਚਰਦੇ ਅੰਕੁਰ, ਸਾਵੇ ਕੂਲੜੇ
ਉੱਤੋਂ ਵੈਦ ਧੁਨੰਤਰ, ਕੀੜੇ ਅੰਦਰੋਂ।
ਚੰਦਰ ਮੁਖੀਆਂ ਭੇਜ, ਵੇਖਾਂ ਕੌਣ ਹੈ
ਉੱਡ ਨਾਰਾਂ ਦੇ ਤੇਜ, ਕੀਲਣ ਤਪੀ ਨੂੰ।"
ਤਦ ਨਾਨਕ ਦੇ ਰਾਹ, ਮੱਲੇ ਰੂਪ ਨੇ
ਝੁੰਡ ਨਾਰਾਂ ਦੇ ਧਾਹ, ਚੱਲੇ ਬਾਗ਼ ਨੂੰ।
ਐਪਰ ਬੇਪਰਵਾਹ, ਨਾਨਕ ਵਲੀ ਤੋਂ
ਨਦਰ ਦਾ ਨੂਰ ਅਥਾਹ, ਨਾਰਾਂ ਲੋਚਿਆ।

ਦਰਸ ਕਰੇ ਵਿਚ ਬਾਗ਼, ਰਾਜਾ ਗੁਰੂ ਦੇ
ਪੁਸ਼ਤਾਂ ਦਾ ਵੈਰਾਗ, ਤਨ ਮਨ ਪਰਤਿਆ।
ਕੂਟ ਅਗੰਮ ਅਲੇਖ, ਜਿੱਥੇ ਹੋਰ ਨਾ
ਜਿਸ ਥਾਂ ਕੋ ਨਾ ਭੇਖ, ਰਾਜਾ ਓਸ ਥਾਂ।
ਮਰਦਾਨੇ ਦਾ ਸਾਜ਼, ਚੁੱਪ 'ਚ ਉਤਰ ਕੇ
ਕੁਝ ਅਦੁੱਤੀ ਰਾਜ਼, ਦੱਸੇ ਬਾਗ਼ ਨੂੰ।

ਧਰਮ ਅਧਰਮੋਂ ਦੂਰ, ਨੂਰ ਅਛਹ ਨੂੰ
ਪੰਖੀ ਬ੍ਰਿਛ ਤੇ ਹੂਰ, ਪੀਂਦੇ ਰੱਜ ਕੇ
ਸਣੇ ਨਿਰਪ ਗੁਰ ਆਪ, ਛੁਹਣ ਉਹ ਕਹਿਕਸ਼ਾਂ
ਜਿਸ ਥਾਂ ਬਿਨ ਇਕ ਦਾਤ, ਕੁਝ ਵੀ ਦਿਸੇ ਨਾ।
ਕਿਰ ਬੁੱਤਾਂ ਦੀ ਰੇਤ, ਕੂਕੇ ਨੂਰ ਹੋ
"ਨਿਹਚਲ ਦਾਤ ਦੇ ਹੇਠ, ਖੰਭ ਅਗੰਮੜੇ।"

ਚੰਦਰ ਕਲਾ ਦੇ ਨਾਲ, ਫਿਰ ਸ਼ਿਵਨਾਭ ਨੇ
ਨਵੇਂ ਪੰਥ ਦੇ ਸੁਆਲ, ਪੁੱਛੇ ਗੁਰੂ ਤੋਂ
ਜੋ ਵਿਚ ਲਿਵ ਦੇ ਢਾਲ, ਲੀਕੇ ਸੇਵਕਾਂ
ਪ੍ਰਾਣ ਸੰਗਲੀ ਡਾਲ, ਹਰੀ ਉਹ ਸਮੇਂ ਦੀ
ਪਰ ਨਾਸ਼ੁਕਰੇ ਤਾਲ, ਅੰਗ ਝਰੀਟਦੇ
ਖੋਟ 'ਚ ਰੰਗੇ ਜਾਲ, ਪੈਂਦੇ ਸ਼ਬਦ ਤੇ।

ਉੱਡਦੀ ਤੀਬਰ ਲਿਵ, ਦੇ ਸ਼ਿਵਨਾਭ ਨੂੰ
ਸ਼ਿਵ ਤੋਂ ਅੱਗੇ ਸ਼ਿਵ, ਲੰਘ ਜੁ ਵਿਗਸਦੀ
ਗੁਰੂ ਮੁਰੀਦਾਂ ਨਾਲ, ਮੌਜ 'ਚ ਚੱਲਿਆ
ਰੁੱਖ ਨਰੇਲ ਕਮਾਲ, ਦਿਸਣ ਅਸ਼ੋਕ ਵੀ
ਇਹ ਹਰਿਆਲੀ ਜੂਹ, ਨਾਨਕ ਟਿਕੇ ਜਾ
ਕੋਟ ਪੁਰਾਤਨ ਰੂਹ, ਜਿੱਥੇ ਮਿਲੇ ਆ।

ਕੁਰੂਕਲ ਮੰਡਲ ਧਾਮ, ਤਦ ਉਹ ਬਣ ਗਿਆ
ਫਜਰ ਦੁਪਹਿਰ ਤੇ ਸ਼ਾਮ, ਵਜੀ ਰਬਾਬ ਸੀ
ਕਦੇ ਕਦੇ ਸ਼ਿਵਨਾਭ, ਫੇਰਾਂ ਪਾਂਵਦਾ
ਰੁੱਖ ਲੰਕ ਦੇ ਖ਼ਾਬ, ਲੈਂਦੇ ਅੱਜ ਵੀ।
ਜਿਤ ਵਲ ਨਾਨਕ-ਆਬ, ਮੀਂਹ ਹੋ ਵਰ੍ਹੀ ਸੀ
ਡੂੰਬ ਸਮਾਧੀ ਜਾਪ, ਧਰਤੀ ਕਰੇ ਉਹ।

ਕੋਟੀ ਰਾਜ 'ਚ ਯਾਦ, ਅਜੇ ਵੀ ਬੁੱਧ ਦੀ
ਬਾਹੂ ਨੌਵਾਂ ਰਾਜ, ਕਰੇ ਉਹ ਦੇਸ ਤੇ।
ਬਿਪਰ ਦੀ ਸੋਚ ਮਹੀਨ, ਐਪਰ ਭ੍ਰਸ਼ਟ ਕੇ
ਬੁੱਧ ਦਾ ਤਰਸ ਯਕੀਨ, ਲੁਕ ਲੁਕ ਵਿੰਨ੍ਹਦੀ
ਤਾਂ ਇਕ ਡੂੰਘੀ ਸ਼ਾਮ, ਤਾਨ ਰਬਾਬ ਦੀ
ਵਣ ਗਾਰਾਂ ਵਿਚ ਨਾਮ, ਗੁਰਾਂ ਉਤਾਰਿਆ।
ਰਿਸ਼ੀ ਕਾਰਤਕ-ਥਾਨ, ਪਰਬਤ ਲੰਘ ਕੇ
ਕੋਟੀ ਮੰਝ ਕਯਾਮ, ਨਾਨਕ ਕਰੇ ਆ।

ਵਾਹ! ਨਾਨਕ ਵਡ ਜੋਧ, ਕਰਮ ਅਗੰਮ ਦਾ
ਕਾਲ ਕਾਲ ਨੂੰ ਸੋਧ, ਖੰਡੀਂ ਚਮਕਦਾ
ਰਿਹਾ ਲੰਕ ਵਿਚ ਘੁੰਮ, ਗੁਰਮੁਖ-ਤਿਖਾ ਲੈ
ਦਰਦ ਅਸੀਖਾਂ ਚੁੰਮ੍ਹਿ, ਸ਼ਬਦ ਤਰਾਸ਼ਦਾ
ਸੁਤੇ ਤਾਨ-ਰਬਾਬ, ਪਾਪ ਦੇ ਭੂੰਡ ਚੋਂ
ਕੋ ਬਿਜਲੀ ਬੇਤਾਬ, ਕੜਕੇ ਕੁਫ਼ਰ 'ਤੇ।
ਡਰੇ ਬਿਪਰ ਤੇ ਬੋਧ, ਕੋਟੀ ਰਾਜ ਦੇ
ਉਫ਼! ਚਿੰਤਨ ਦੀ ਗੌਦ, ਮਾਨਵ-ਤਰਸ ਨਾ।

ਇਕ ਦਿਨ ਦਾਨਾ ਕੂਕ, ਪੁੱਛੇ: "ਬਾਲਿਆ
ਕਿਉਂ ਇਹ ਬੋਧੀ ਭੂਪ, ਸੁੱਕੀ ਨਦੀ ਜਿਉਂ?"

ਸੁਣਿ ਬਾਲਾ ਰਿਹਾ ਮੂਕ, ਥਲ ਵਿਚ ਬੁੱਤ ਜਿਉਂ
ਪਰ ਇਕ ਸੁਖ਼ਨ ਮਲੂਕ, ਨਾਨਕ ਉਚਰਦੇ:
"ਬੁੱਧ ਦੇ ਬੋਲ ਅਨੂਪ, ਰਹੇ ਨ ਸੱਜਰੇ
ਦਿਸਣ ਬਿਪਰ ਦੇ ਰੂਪ, ਬੋਧੀ ਪਾਤਸ਼ਾਹ
ਤਾਹੀਂ ਹਰਦੇ ਭੂਪ, ਹਉਂ ਵਿਚ ਦਾਨਿਆਂ
ਸਾਰੰਗ ਰੱਖੀ ਹੂਕ, ਦੇ ਨਾ ਏਸ ਥਾਂ।"

ਇਉਂ ਨਾਨਕ ਦਾ ਨਾਦ, ਲੰਕ 'ਚ ਵੱਜਿਆ
ਤੱਟ ਪੂਰਬੀ ਸਾਜ, ਸੁਣਿਆ ਗੁਰੂ ਦਾ।
ਜਿਸ ਪਾਸੇ ਸ਼ਿਵਨਾਭ, ਰਾਜ ਕਰੇਂਦੜਾ
ਫੜੀ ਉਧਰ ਹੀ ਵਾਗ, ਰੰਨਾਂ ਦੇਸ ਦੀ।
ਇਕ ਵਨੀਚੀ ਨਾਰ, ਛੈਲ ਛਬੀਲੜੀ
ਸੋਨ ਤਖ਼ਤ ਸ਼ਿੰਗਾਰ, ਪਹਿਲਾਂ ਗਈ ਸੀ।
ਕਰਨ ਰਾਣੀਆਂ ਰਾਜ, ਲਹਿਰਾਂ ਸਾਮ੍ਹਣੇ
ਵਾਰਨ ਅਪਣੇ ਤਾਜ, ਪਾਵਨ ਚਰਨ ਤੇ।
ਰੱਖੇਗੀ ਧਰ ਯਾਦ, ਪਿਰ ਦੇ ਪੈਂਡੜੇ
ਖੰਡੀ ਸੀਤਾਵਾਕ, ਰੇਖਾ ਚਰਨ ਦੀ।

ਛੁਪੇ ਵਣੀਂ ਗੁਰ-ਵਾਕ, ਪੰਖੀ ਰਹਿਣ ਜਿਉਂ
ਹੈ ਅਦਿੱਸ ਵਿਚ ਖ਼ਾਕ, ਤਰਮ ਉਹ ਧੁਰਾਂ ਦਾ
ਜਗਤ ਧਰਮ ਖਿੰਡ ਜਾਣ, ਨਾਨਕ ਜੋੜਦਾ।
ਇਉਂ ਫ਼ਰਿਆਦ 'ਤੇ ਪਾਣ, ਚਾੜ੍ਹੇ ਰਹਿਮ ਦੀ
ਉੱਡੇ ਰਾਵਨ-ਰਾਖ, ਜਦ ਹਰ ਨੈਂ 'ਤੇ
ਵਣ ਅਸ਼ੋਕ ਦੀ ਸ਼ਾਖ਼, ਜਿਉਂ ਉਹ ਬਖ਼ਸ਼ਦੀ।
ਜੋ ਅਦਿੱਸ ਗੁਰ-ਵਾਕ, ਜਾਗਣ ਅੱਜ ਵੀ
ਸਿਦਕ ਸਕਣ ਜੇ ਝਾਕ, ਸਾਗਰ ਡੂੰਘੜੇ।
ਉਹੀਓ ਮਿਲਣ ਸਕੂਨ, ਮਿਟੇ ਨ ਰਮਜ਼ ਜੇ
ਦਿਲ ਜੇ ਰਹਿਣ ਮਾਸੂਮ, ਸਤਿਗੁਰ ਸਾਮ੍ਹਣੇ।
ਲੰਕ 'ਚ ਨਾਨਕ-ਰੰਗ, ਦਿਸੇ ਜੇ ਸਜਣ ਨਾ
ਦਿਲ ਧੜਕਣ ਵਿਚ ਖੰਭ, ਲੰਮੇ ਸਮੇ ਦੇ।

ਚਮਕ ਪਈ ਉਹ ਵੱਥ, ਦਿਲ ਸੇਕਰਨ 'ਤੇ
ਜਿਸ ਧੀਰਜ ਸਮਰੱਥ, ਬਖ਼ਸ਼ੀ ਤਿਨਾਂ ਨੂੰ;

ਜਿਨਾਂ ਦੇ ਟੁੱਟਣ ਰਥ, ਰਣ ਦੀ ਹਿੱਕ 'ਤੇ
ਜਿਨਾਂ ਦੀ ਸੁੰਞੀ ਸੱਥ, ਦਿਸਦੇ ਯਾਰ ਨਾ।
ਬਖ਼ਸ਼ਣ ਸਿਦਕ ਅਕੱਥ, ਓਹੀ ਸੂਰਮੇ
ਥੰਮ੍ਹਣ ਜਿਨਾਂ ਦੇ ਹੱਥ, ਪਰਬਤ ਡਿਗਦੇ।

ਭਾਗ ਚੌਥਾ

ਵਾਪਸੀ

ਰਾਮ ਚੰਦਰ, ਪਾਪਨਾਪੁਰ ਦੀ ਪਦਮਨੀ ਅਤੇ ਗੁਰੂ ਨਾਨਕ

ਕਣ ਕਣ ਦੱਖਣ ਦੇ ਵਿਚ ਜਾਗੀ
ਕੋ ਅਪਣੱਤ ਨਵੇਲੀ
ਜਿਉਂ ਆਦਮ ਦੀ ਧਰਤ ਪੁਰਾਤਨ
ਮੁੱਢੋਂ ਰਹੀ ਸਹੇਲੀ।

ਲੰਕਾ ਚੋਂ ਆ ਮੁੜ ਦੱਖਣ ਨੂੰ
ਛੁਹ ਨਾਨਕ ਨੇ ਲਾਈ
ਸੰਦਲ ਵਣਾਂ ਚੋਂ ਪੌਣ ਫ਼ਜਰ ਨੂੰ
ਇਉਂ ਸਤਿਗੁਰ ਵਲ ਆਈ
ਜਿਉਂ ਪਦਮਨੀ ਪਾਪਨਾਪੁਰ ਦੀ
ਰਾਮ ਉਡੀਕ 'ਚ ਵਿੰਨ੍ਹੀ
ਲੰਕ-ਜਿੱਤ ਦੇ ਧੌਂਸੇ ਸੁਣਕੇ
ਤੁਰੀ ਮਹਿਕ ਜਿਉਂ ਭਿੰਨੀ;
ਸੈਨਾ ਲਈ ਚੌਲ ਜੋ ਉਸਨੇ
ਬ੍ਰਿਹੋਂ ਦੇ ਵਿਚ ਛੰਡੇ
ਬੇਮੁਖ ਹੋਏ ਜਦੋਂ ਰਾਮ ਸੀ
ਰਾਹੀਆਂ ਨੂੰ ਜਾ ਵੰਡੇ।

ਸੁੰਦਰ ਵਣ ਦਾ ਉਹੀਓ ਹੌਕਾ
ਸੀ ਵਿਚ ਪੌਣ ਅਗੰਮੀ
ਗੁਰ-ਸੀਨੇ ਲਗ ਸ਼ਾਂਤ ਹੁਈ ਉਹ
ਵਾਟ ਜੁਗਾਂ ਤੋਂ ਲੰਮੀ।

ਜਿੱਤਾਂ, ਵਫ਼ਾ, ਉਮੀਦ, ਬ੍ਰਿਹੋਂ ਦੇ
ਕਦੇ ਨ ਖੁਰਣ ਟਿਕਾਣੇ
ਦਿਲ ਨੇ ਜਦੋਂ ਕਦੇ ਵੀ ਰਿਸ਼ਤੇ
ਜੁਗਾਂ ਤੀਕ ਨੇ ਤਾਣੇ।

ਜਦੋਂ ਉਨਣ ਮੌਤ ਦੇ ਯੋਜਨ
ਹੌਲਨਾਕ ਗੁਮਨਾਮੀ
ਦਿਲੀਂ ਕਰੇ ਉਹ ਰਿਸ਼ਤੇ ਜ਼ਿੰਦਾ
ਤਦੋਂ ਨਜ਼ਰ ਇਲਹਾਮੀ।

ਸੁੰਦਰ ਵਣ ਦੀ ਜਦੋਂ ਪਦਮਨੀ
ਕਾਮਲ ਦਰਦਾਂ ਕੁੱਠੀ
ਰਾਜ-ਵਿਜੈ ਦੇ ਅੰਬਰ ਤੀਕਣ
ਹੂਕ ਉਦ੍ਹੀ ਤਦ ਉੱਠੀ

ਜੋਬਨਵੰਤ ਦੇਹ ਸੀ ਭਾਵੇਂ
ਅੰਤ ਸਮੇ ਨੇ ਤੋੜੀ
ਰੁੱਤ ਉਹਦੇ ਖਿੜਣ ਦੀ ਐਪਰ
ਸੰਤ-ਮਿਹਰ ਸੰਗ ਜੋੜੀ

ਦੇਹ ਅਚਿਹਨ ਚੋਂ ਤੀਬਰ ਤਾਂਘਾਂ
ਕੋ ਪੈਗੰਬਰ ਸੱਦਣ
ਕੁਦਰਤ-ਰਾਹਾਂ ਦੇ ਮਸਤਕ ਤੇ
ਰਾਜ਼ ਅਸੰਖਾਂ ਵੱਜਣ

ਸਦੀਆਂ ਤਕ ਵਲਵਲਾ ਉਸਦਾ
ਸੱਦ ਹਾਣ ਦੀ ਲੋਚੇ
ਸੁਪਨੇ ਅੰਤ ਖਿੜੇ ਦਰ ਨਾਨਕ
ਸਾਂਗ ਦਰਦ ਜੋ ਨੋਚੇ।

ਦਿਲ ਦੇ ਰਿਸ਼ਤਿਆਂ ਦੀ ਥਰਥਰਾਹਟ

ਨਾਨਕ ਦੇ ਪੈਗਾਮ ਖੜੇ ਸੀ
ਬ੍ਰਹਿਮੰਡ ਦੇ ਸਾਹਵੇਂ
ਮਾਨਵ ਦੇ ਵੀ ਰਿਸ਼ਤੇ ਲੱਖਾਂ
ਖੇਡਣ ਤਿਸਦੀ ਛਾਵੇਂ।

ਵੇਈਂ ਕੰਢੇ ਖੜੀ ਨਾਨਕੀ
ਵੇਖ ਰਹੀ ਵਲ ਵਹਿਣਾਂ।
ਸੋਦਰੁ ਕਿੱਥੇ ? ਨਾਨਕ ਕਿੱਥੇ ?
ਸਦਾਂ ਸਦਾ ਨਾ ਰਹਿਣਾ।

ਲਹਿਰ ਲਘੂ ਮੋਹ ਦੀ ਭਾਵੇਂ
ਪਈ ਉਸਾਰੇ ਕੈਦਾਂ
ਦਿਲ ਦੇ ਐਪਰ ਦਰਦ ਅਮੁੱਲੇ
ਕਦੇ ਨ ਬੁੱਝੇ ਵੈਦਾਂ।

ਡੂੰਘੇ ਰਿਸ਼ਤੇ ਮੁਣਸ ਦੇ ਲੱਖਾਂ
ਖੇਡਣ ਖੇਡ ਅਗੰਮੀ
ਪੂਰਨ ਗੁਰੂ ਦੀ ਓਟ ਸਹਾਰੇ
ਢੂੰਡ ਰਹੇ ਕੋ ਧੰਮੀ

ਤਲਵੰਡੀ ਵਿਚ ਫੇਰ ਨਾਨਕੀ
ਬਾਲਪਨ ਨੂੰ ਲਿਆਈ,
ਬਾਰ ਦੇ ਬਿਛ ਵੀਰ ਨੂੰ ਤਰਸੇ
ਮਾਤ ਪਿਤਾ ਭਰਜਾਈ।

ਨੀਲਗਿਰੀ ਦੀਆਂ ਛੂਹ ਉੱਚਾਣਾਂ
ਮਰਦਾਨਾ ਤੇ ਬਾਲਾ
ਦਿਲ ਦੀ ਕਿਸੇ ਕੁੰਟ ਵਿਚ ਘਰ ਦਾ
ਵਿਹਣ ਮਹੀਨ ਉਜਾਲਾ।

ਤਕ ਲਹਿਰਾਂਦੇ ਸਾਗਰ ਵੇਈਂ
ਯਾਦ ਕਰੀ ਇਉਂ ਨਾਨਕ
ਜਿਉਂ ਰਣ-ਜੇਤੂ ਸੈਨਾ ਅੱਗੇ
ਖੜੇ ਆ ਪਰੀ ਅਚਾਨਕ।

ਮੌਜੀ ਗੱਲਾਂ, ਘਰ ਦੇ ਰਿਸ਼ਤੇ,
ਬਨਣ ਅਨੰਤ ਦੇ ਰਾਹੀ
ਜੇ ਨਰ ਹਸਦੇ ਖਾਂਦੇ ਪੀਂਦੇ
ਲੋਚਨ ਵਸਲ ਇਲਾਹੀ

ਤਦ ਮਾਨਵ ਦੇ ਨਿੱਕੇ ਰਿਸ਼ਤੇ
ਬਨਣ ਕਹਿਕਸ਼ਾਂ ਪਿਆਰੀ
ਨਾਸ਼ਮਾਨ ਦੇਹਾਂ ਵਿਚ ਜੇਕਰ
ਬਾਜ਼ੀ ਦਿਲਾਂ ਨ ਹਾਰੀ। -2-

ਮਾਲਾਬਾਰ ਦੇ ਪੈਂਡੇ:
ਨਵੇਂ ਤੇ ਪੁਰਾਣੇ ਧਰਮਾਂ ਦੀ ਦਸਤਕ

ਪਾਂਧੀ ਸੰਤ ਵੇਖਦੇ ਸਾਗਰ
ਵਿਚ ਇਕ ਲਹਿਰ ਖਲੋਏ:
ੜਿਆ ਰਾਜ ਸਰੂਪ ਨਖਾ ਦੇ
ਇਉਂ ਕੁਦਰਤ ਵਿਚ ਧੋਏ।

ਮਾਲਾਬਾਰ ਦੇ ਘਾਟ ਸਾਗਰੀ
ਡੁੱਬ ਰਬਾਬ 'ਚ ਜਾਵਣ
ਕੋਚੀਨ ਤੋਂ ਕਾਲੀਕਟ ਦੇ
ਸੈ ਇਤਿਹਾਸ ਜਗਾਵਣ।

ਬਾਬੇ ਦਾ ਸਿਮਰਣ ਗਲ ਲਾਵੇ
ਬਹੁ ਅੰਜੀਲੀ ਸੋਧਾਂ
ਖਿੜਿਆ ਤਰਸ ਚੰਦ੍ਰਮਾ ਵਾਂਗੂ
ਪਾਰ ਕਿਤਾਬੀ ਭੇਦਾਂ।

ਲਹਿਰ ਲਹਿਰ 'ਤੇ ਚਮਕ ਵਿਜੈ ਦੀ
ਜਿਵੇਂ ਤੀਰ ਅਸਮਾਨੀ
ਸਾਗਰ ਦੇ ਮਤਵਾਲੇ ਖੋਜੀ
ਜਾਸਨ ਛੱਡ ਨਿਸ਼ਾਨੀ।

ਤੁੱਛ ਸੋਚ ਗੁਰ ਸੱਚ 'ਚ ਢਾਲਣ
ਜਿਦ੍ਹੀ ਧੁੱਮ ਸੀ ਪਾਛੇ
ਪਰਸ ਰਾਮ ਦਾ ਜਿਵੇਂ ਕੁਹਾੜਾ
ਸਿੰਧ ਅਨੰਤ ਤਰਾਸ਼ੇ।

ਮਾਲਾਬਾਰ ਤੋਂ ਕੌਂਕਣ ਤੀਕਣ
ਸੈੜ ਪੰਧਾਊ ਚੱਲੇ
ਵਲ ਵਿਰਾਟ ਕੁਠਾਰ-ਧਮਕ ਦੇ
ਕਮਲ ਗੁਰੂ ਇਕ ਘੱਲੇ।

ਲਹਿਰ ਲਹਿਰ ਦੇ ਪੰਨੇ ਉੱਤੇ
ਭੇਦ-ਭਰੀ ਇਕ ਲਿੱਪੀ
ਜਿਸ ਵਿਚ ਮੋਏ ਦੇਵ ਜਾਗਕੇ
ਕਥਾ ਪੜ੍ਹਣ ਕੋ ਲਿੱਖੀ।

ਨਾਨਕ ਭਾਰ ਜਰੇ ਸ਼ਬਦਾਂ ਦੇ
ਜਦ ਲੋਕਾਂ ਆ ਚੁੰਮੇ
ਤੁੱਛ ਸੋਚ ਵਿਚ ਇਤਿਹਾਸਾਂ ਦੇ
ਚਰਖ਼ ਹਜ਼ਾਰਾਂ ਘੁੰਮੇ।

ਬੰਦਰ ਮੰਮਾ ਦੇ ਤਟ ਉੱਤੇ
ਸਾਗਰ ਗਰਜ ਸੁਣਾਵੇ :
"ਸਭ ਚੁੱਪਾਂ ਤੋਂ ਸਿਖਰ ਸ਼ਬਦ ਜੋ
ਓਹੀ ਨਾਦ ਵਜਾਵੇ।"

ਆ ਨਾਨਕ ਦਾ ਤਾਜ ਬਣੀ ਸੀ
ਦਯਾ ਜਗਤ ਦੀ ਸਾਰੀ
ਸ਼ਿਵ-ਤਾਂਡਵ ਨੂੰ ਚੀਰ ਖੇਡਦੀ
ਬਾਲਾਂ ਦੀ ਕਿਲਕਾਰੀ।

ਚਾਲ ਵਿਸ਼ਾਲ ਪੈਗੰਬਰ ਦੇ ਸਿਰ
ਚੜ੍ਹਣ ਅਮਲ ਦੇ ਤਾਰੇ।
ਤਕਦੀਰਾਂ ਦੇ ਦਰਿਆਵਾਂ ਤੇ
ਪੁਲ ਸਾਜ ਰਹੇ ਭਾਰੇ।

ਗੁਰੂ ਨਾਨਕ ਸਾਹਿਬ ਪੰਚਵਟੀ ਵਿਖੇ ਯੁਗਾਂ ਦੇ ਛਲ ਸਾਹਮਣੇ

ਝੂੰਮ ਰਿਹਾ ਵਣ ਪੰਚਵਟੀ ਦਾ
ਉਦੈ-ਅਸਤ ਦੇ ਵਿਹੜੇ
ਮੀਤ ਵਿਛੜਿਆਂ ਮੁੱਦਤ ਹੋਈ
ਦਰਦ ਕਾਲ ਕਿਉਂ ਗੇੜੇ ?

ਨੈਂ ਗੁਦਾਵਰੀ ਵਗਦੀ ਜਾਵੇ
ਪੰਚਵਟੀ ਦੇ ਸਾਹਵੇਂ
ਪੰਜ ਬ੍ਰਿਛਾਂ ਤੋਂ ਉੱਡੇ ਪੰਛੀ
ਉੱਚ ਗਗਨ ਦੀ ਛਾਵੇਂ।

ਬਲੀ ਵਾਣ ਰਾਮ ਦੇ ਢੂੰਡਣ
ਦਿਸਣ ਨ ਰਾਵਨ-ਵਾਟਾਂ
ਦੋ ਨਾਰਾਂ ਦੀ ਅਜਬ ਵੇਦਨਾ
ਰੁਲਦੀ ਵਿਚ ਕੁਰਲਾਟਾਂ।

ਲਛਮਣ-ਤੀਰ ਨੇ ਜਦੋਂ ਡੰਗਿਆ
ਨਾਜ਼ ਕਾਮਨੀ ਸੰਦਾ
ਉਸ ਪਲ ਕਾਲ-ਨਿਆਂ ਨੂੰ ਕੀਤਾ
ਚੀਖ ਹੁਸਨ ਦੀ ਅੰਧਾ।

ਰਾਮ-ਵਾਣ ਮੁੜ ਮੁੜ ਭਟਕਾਏ
ਦਰਦ-ਛਲਾਂ ਇਸ ਥਾਵੇਂ
ਸੋਨ ਮਿਰਗ ਸੀ ਰਿਹਾ ਦੌੜਦਾ
ਨਾਰ ਛਬੀਲੀ ਸਾਹਵੇਂ।

ਮਹਾਂ ਕਾਲ ਦੇ ਤਦੋਂ ਨਿਆਂ ਨੇ
ਕੀਤੇ ਰੁਦਨ ਚੁਫੇਰੇ
ਪੰਜ ਬ੍ਰਿਛਾਂ ਦੇ ਪੰਛੀ ਵੇਖਣ
ਖਰਦੂਖਨ ਦੇ ਜੇਰੇ।

ਜਗ ਦਾ ਛਲ ਭੈ ਵਿਚ ਡੋਲੇ
ਵਾਂਗ ਬਿਜਲੀਆਂ ਤਿਲ੍ਹਕੇ
ਦਿਸੇ ਜੁ ਮਧੁਰ ਚਾਲ ਇਸ ਹੇਠਾਂ
ਬੀਆਬਾਨ ਇਕ ਚਿਲਕੇ।

ਦਿਸਣ ਕਿਸੇ ਅਨਿਆਂ ਦੇ ਡੰਗੇ
ਨੈਂ ਪੌਣਾਂ ਸਭ ਖੂਹਟੇ
ਮਰਯਾਦਾ-ਹਊ ਅਵਤਾਰਾਂ ਦੇ
ਦਿਲ ਸੀ ਕੀਤੇ ਜੂਠੇ।

ਦੰਭ ਦੀ ਸ਼ੀਗੀਂ ਅੰਬਰ ਮੋਹੇ
ਘਾਹ ਲਹਿਰਾਂ ਤੇ ਬੂਟੇ
ਨਭ-ਤਨ ਪਿਆ ਮਾਰੀਚ ਲਹਿਰਦਾ
ਦੂਰ ਕਾਲ 'ਤੇ ਝੂਟੇ।

ਪੰਜ ਬ੍ਰਿਛਾਂ ਤੋਂ ਪੰਛੀ ਉੱਡੇ
ਕਈ ਜੁਗਾਂ ਤਕ ਗਾਏ
ਤਦ ਗੁਦਾਵਰੀ ਦੇ ਪੱਤਣ 'ਤੇ
ਨਾਨਕ ਨਾਲ ਲਿਆਏ।

ਨਿਰਾਕਾਰ ਵਿਸਮਾਦ ਦੀ ਨਾਨਕ
ਲਾਈ ਸਹਿਜ ਉਡਾਰੀ
ਆਦਿ ਸਮੇ ਤਕ ਸ਼ਬਦ ਜਗਾਵੇ
ਰਾਗ ਰਬਾਬ ਦੀ ਯਾਰੀ।

ਨਰ-ਚੇਤਨਾ ਤੋਂ ਕੰਦੀਲਾਂ
ਅਨਿਕ ਪੁਲਾੜੀਂ ਜਗੀਆਂ
ਕਾਲ 'ਤੇ ਮੁਕਟ ਵਾਂਗ ਜੁ ਫੱਬਣ
ਚੀਰ ਅਨੇਕਾਂ ਸਦੀਆਂ।

ਬ੍ਰਹਿਮੰਡੀ ਹਾਰਾਂ ਦੇ ਭੈਅ ਨੇ
ਜਦੋਂ ਬੁਝਾਏ ਚੁੱਲ੍ਹੇ
ਰਾਖ ਮਸਾਣਾਂ ਚੋਂ ਉਠ ਧੂੰਏਂ
ਗਾਰ ਅਗਾਧ 'ਚ ਝੁੱਲੇ
ਤਾਂ ਦਰ ਰਿਖੀ ਪੰਡਤਾਂ ਦੇ ਸੀ
ਪੰਚਵਟੀ ਵਲ ਖੁੱਲ੍ਹੇ
ਸਾਬਤ ਸਿਦਕ ਦੇ ਪਰਤਣ ਸੰਦੀ
ਮੁੜ ਕੰਨਸੋਅ ਇਕ ਹੁੱਲੇ।

ਅਨੁਭਵ, ਅਮਲ, ਸੁਹਜ ਤੇ ਸੁਰਤੀ
ਜੋ ਵਡ ਜੋਧ ਦੇ ਬਰਦੇ
ਅੰਗ ਅਟੁੱਟ ਨੇ ਮਹਾਂ ਕਾਲ ਦੇ
ਛਿਪ ਜਾਂਦੇ ਫਿਰ ਚੜ੍ਹਦੇ।

ਅਵਤਾਰਾਂ ਦੇ ਬੋਲ ਪੁਗਾਏ
ਮਿਟ ਮਿਟ ਜੁਗਾਂ ਨ ਭੁੱਲੇ
ਤਿਨਾਂ 'ਤੇ ਰੰਗ ਨਾਰ ਜੁ ਚਾੜ੍ਹੇ
ਉਹ ਰੰਗ ਰਹਿਣ ਅਮੁੱਲੇ।

ਰੂਪ ਜਾਨਕੀ ਵਾਂਗ ਸੰਧਿਆ
ਵਿਚ ਜੁਗਾਂ ਦੇ ਡੁੱਬੇ
ਕ੍ਰੋਲ ਨਿਮਾਣੀ ਦੇ ਮੱਥੇ ਚੋਂ
ਸੁਪਨ ਫ਼ਜਰ ਦਾ ਉੱਗੇ।

ਰਾਮ ਤੁਰੇ ਨਾਨਕ ਦੇ ਵੱਲੇ
ਮੰਝ ਬਿਖਮ ਅਤਿ ਦੂਰੀ
ਹੁਣ ਜੋ ਰੰਗ ਵਫ਼ਾ ਦੇ ਫਿੱਕੇ
ਹੋਣ ਜੁਗਾਂ ਤਕ ਨੂਰੀ

ਸੰਤ ਤੁਰਨ ਜੁਗਾਂ ਤਕ ਜੇਕਰ
ਪੂਰਨ ਸੁਖਨ ਨ ਲੱਗੇ
ਤਦ ਹੀ ਕੌਲ ਭਖਣ ਜਿਉਂ ਸੂਰਜ
ਮਹਿਰਮ ਮਿਲੇ ਜੇ ਅੱਗੇ।

ਬ੍ਰਿਹਾ ਉਦੋਂ ਰਾਮ ਦੇ ਊਣੇ
ਜ਼ਰਬ ਸਿਦਕ ਦੀ ਖੁੰਝੇ
ਨਾਨਕ ਤਕ ਮੌਤ ਦੀਆਂ ਪੈੜਾਂ
ਟਪ ਨੈਣ ਨਾ ਸੁੰਢੇ।

ਰਾਮ-ਦਰਦ ਮਾਸੂਮ ਰਹੇ ਜੋ
ਧਾਹ ਨਾਨਕ ਵਲ ਆਵਣ
ਉਠ ਸਰਜੂ ਤੋਂ ਪੌਣ ਦੇ ਬੁੱਲੇ
ਗਲ ਗੁਦਾਵਰੀ ਲਾਵਣ।

ਸਦਾ ਜੋਬਨ ਦੀ ਰੁੱਤ ਦਾ ਸੰਦੇਸ਼ (ਸੂਰਤ ਦੇ ਅਸ਼ਵਨੀ ਘਾਟ ਨੇੜੇ)

ਵਗੇ ਤਾਪਤੀ, ਨਾਦ ਸਾਗਰੀ
ਦਰ ਸੂਰਤ ਦੇ ਗੂੰਜੇ
ਉਡ ਅਸ਼ਵਨੀ ਘਾਟ 'ਤੇ ਆਈ
ਕਿਉਂ ਤੂੰ ਜੁਗਾਂ ਦੀ ਕੂੰਜੇ?

ਸੁਣਕੇ ਕੂੰਜ ਕਵੀ ਨੂੰ ਦੱਸੇ
ਘਾਟ ਅਸ਼ਵਨੀ ਸਾਹਵੇਂ:
"ਬਿਰਧ ਜੁਗਾਂ ਦੀ ਪਾਲ ਖੜੀ ਔਹ
ਊਸ਼ਾ ਊਨਾਬੀ ਛਾਵੇਂ

"ਰਹਿਣ ਅਦਿੱਸ ਘਾਟ 'ਤੇ ਚਿਰ ਤੋਂ
ਦੋ ਲਿਸ਼ਕੰਦੜੇ ਘੋੜੇ
ਰੰਗ ਅਸਿਖ ਸੂਰਜਾਂ ਵਿੱਚੋਂ
ਨੈਣੀਂ ਜਿਨ੍ਹਾਂ ਨਿਚੋੜੇ

"ਪੈੜ-ਚਾਪ ਹਸਰਤ ਦੀ ਸੁਣਦੀ
ਘਾਟ ਅਸ਼ਵਨੀ ਉੱਤੇ
ਬਿਰਧ ਜੁਗਾਂ ਦੀ ਮੁੜੇ ਜੁਆਨੀ
ਇਸ ਵਰਦਾਨ ਦੀ ਰੁੱਤੇ!

"ਹਰੀ ਨ ਸ਼ਾਖ਼ ਗਗਨ ਤਕ ਕੋਈ
ਬਿਰਧ ਜੁਗ ਬਸ ਕੰਬਣ
ਧਰ ਦੇ ਰੁੱਖ, ਵਸਲ ਦੇ ਸੁਪਨੇ
ਜਲ ਬੁਝ ਆਸ 'ਚ ਹੰਬਣ।

"ਸੁਣ ਤੂੰ ਕਵੀ ਉਡਦਿਆਂ ਮੈਨੂੰ
ਜੁਗ ਨੇ ਬੀਤੇ ਭਾਵੇਂ
ਘੇਰ ਰਹੇ ਸੀ ਨਜ਼ਰ ਮਿਰੀ ਨੂੰ
ਗਗਨ ਤੀਕ ਪ੍ਰਛਾਵੇਂ।

"ਮੈਂ ਮੌਤ ਦੀ ਸੁੰਨ 'ਤੇ ਉੱਡੀ
ਮੈਂ ਤੱਕੀ ਜੀਰਾਣਾਂ
ਜਲਦੇ ਵਣਾਂ 'ਚ ਬੋਟ ਦੀ ਚੂੰ ਚੂੰ
ਸੁਣੀ ਮੈਂ ਵਿਚ ਤੁਫ਼ਾਨਾਂ।

"ਬੁੱਢੇ ਜੁਗਾਂ ਦਾ ਲੰਮਾ ਹੌਕਾ
ਭੁੱਲ ਗਿਆ ਹਰਿਆਲੀ
ਗ੍ਰਿਹ ਅਸੰਖ ਬੀਜ ਹਰ ਸਾੜਨ
ਅਜੇ ਵੀ ਬੈਠਾ ਮਾਲੀ!

"ਆਦਿ ਜੁਗਾਦਿ ਭਵਿੱਖ 'ਚ ਸੁੱਕੀ
ਥਰਕ ਪਈ ਉਹ ਡਾਲੀ
ਗਗਨ ਤੋਂ ਉੱਚੇ ਗਗਨ ਹਜ਼ਾਰਾਂ
ਬਣਦੇ ਗਏ ਸੁਆਲੀ।"

ਪੰਜ ਬ੍ਰਿਛਾਂ ਤੋਂ ਉੱਡੇ ਪੰਛੀ
ਕੂੰਜ ਜੁਗਾਂ ਦੀ ਤੱਕਣ
ਖੋਲ੍ਹ ਰਹੇ ਤਿਮਰ ਦੇ ਸਾਗਰ
ਵਿਚ ਪੈੜ ਕੋ ਦੱਸਣ।

ਹਿੱਲੇ ਪੈੜ ਸਮਾਂ ਜਿਉਂ ਤੁਰਦਾ
ਹੱਥ ਡੂੰਘ ਤਕ ਲਗਦੇ
ਰਤਨ ਹਜ਼ਾਰਾਂ ਵਾਂਗ ਤਾਰਿਆਂ
ਤਿਮਰ ਸਾਗਰੀਂ ਦਗਦੇ।

ਅੰਧ ਚੋਂ ਰਤਨ ਲਿਆਏ ਨਾਨਕ
ਘਾਟ ਅਸ਼ਵਨੀ ਉੱਤੇ
ਪਰਤ ਰਿਹਾ ਜੋਬਨ ਤਰਨਾਪਾ
ਬਿਰਧ ਜੁਗਾਂ ਦੀ ਰੁੱਤੇ।

ਛਲ ਮਾਰੀਚ ਦਾ ਪੰਚਵਟੀ ਤੋਂ
ਕੁਲ ਜੁਗਾਂ 'ਤੇ ਛਾਏ
ਚੁਕ ਕਮਾਨ ਸੂਰਜੀ ਨਾਨਕ
ਵਾਣ ਅਮੋਘ ਚਲਾਏ;

ਧੁਰ ਦੇ ਨਕਸ਼ ਕਰਨ ਜੋ ਛਲ ਨਾ
ਮਨ ਵਿਚ ਫੇਰ ਟਿਕਾਏ
ਜਿਹੜੀ ਨਜ਼ਰ 'ਚ ਨੂਰ ਸਲਾਮਤ
ਤਿਸਦਾ ਤਾਣ ਬੁਲਾਏ।

ਭਗਤ ਕਬੀਰ ਦੀ ਗਿਆਨ-ਵਰਖਾ

ਪੈਰ ਧਰੇ ਗੁਰ ਭ੍ਰਿਗੂ ਭੂਮ 'ਤੇ
ਫਿਰ ਬੜੋਚ ਵਲ ਜਾਵੇ
ਬਲਿ ਰਾਜੇ ਸੰਗ ਛਲ ਵਾਮਨ ਦਾ
ਮਨ ਬਾਲੇ ਦੇ ਆਵੇ।

ਨਾਨਕ ਕਹਿਣ: "ਧਰਮ ਦੇ ਜਦ ਵੀ
ਗੁਰੂ-ਰੂਪ ਸੁਕ ਜਾਵਣ
ਨੌਂ ਖੰਡਾਂ ਦੇ ਰਿਸ਼ੀ-ਰਾਜ ਵੀ
ਢਾਈ ਕਦਮ ਮੁਕਾਵਣ।

"ਭਗਤੀ, ਦਾਨ, ਇਲਮ ਤੇ ਨੇਕੀ
ਪਲਣ ਜਦੋਂ ਵਿਚ ਹਉਮੈ
ਸੁਕ ਜਾਣ ਤਾਂ ਵਗਦੇ ਵਗਦੇ
ਮਨ ਨਿਰਮਲ ਦੇ ਸੋਮੇ।

"ਪਰ ਬਲਿ ਰਾਜੇ ਦੀ ਹਉਮੈ ਜੋ
ਛਲ ਵਿਚ ਬਿਸ਼ਨ ਜਗਾਵੇ
ਉਹ ਵੀ ਛਲ ਤਾਂ ਸਦੀਆਂ ਤੀਕਣ
ਧਰਮਾਂ ਨੂੰ ਭਰਮਾਵੇ।

"ਬਲਿ ਰਾਜੇ ਦਾ ਛਲਿਆ ਜਾਣਾ
ਤੇ ਵਾਮਨ ਦਾ ਧੋਖਾ,
ਦੋਵਾਂ ਹੀ ਧੁੰਧਾਂ ਮਿਟ ਜਾਣਾ
ਸੁਣ ਇਲਹਾਮ ਦਾ ਹੋਕਾ।"

ਅੰਤਮ ਅਰਥ ਸ਼ਕਲ ਦੇ ਲਿਸ਼ਕਣ
ਤਕ ਤਕ ਬਾਲਾ ਡੁੱਲੇ
ਹੋਣ ਦਾ ਸਿਦਕ ਰਹੇ ਜੇ ਬਾਕੀ
ਖੁਲਸਨ ਰਾਜ਼ ਅਮੁੱਲੇ।

ਧ੍ਰੂਵ ਸਮ ਅਰਥ ਅਡੋਲ ਲਿਸ਼ਕਦੇ
ਅਰਥਹੀਣ ਹੋ ਜਾਣੇ
ਨਕਸ਼ਾਂ ਦੇ ਝੁਰਮੁਟ ਵਿਚ ਬਾਲਾ
ਗੁਰੂ ਦੇ ਚਰਨ ਪਛਾਣੇ।

ਫੇਰ ਰਬਾਬੀ ਦਾ ਮਨ ਹੋਇਆ
ਆਦਿ ਅਨੀਲ ਬੁਲੰਦੀ
ਧਰਤ ਗਗਨ ਦੇ ਭੇਦ ਆਖ਼ਰੀ
ਜਿਸ ਥਾਂ ਦੇਣ ਸੁਗੰਧੀ।

ਨੈਂ ਇਕ ਵਗੀ ਜੁਗਾਂ ਤੋਂ ਭੁੱਲੀ
ਵੇਖ ਰਿਹਾ ਮਰਦਾਨਾ
ਜਿਵੇਂ ਰਬਾਬ ਦੀ ਇਕ ਇਕ ਸੁਰ 'ਤੇ
ਮੀਂਹ ਵਾਰੇ ਅਸਮਾਨਾਂ।

ਉਭਰ ਗਿਆਨ ਖੰਡ ਚੋਂ ਦਮਕਣ
ਅਮਰ ਅਨੂਪ ਸ਼ਿੰਗਾਂ
ਕਣ ਕਣ ਤੋਂ ਮਨ ਤੀਕ ਚੇਤਨਾ
ਖਿੜੀ ਵਾਂਗ ਅਰਬਿੰਦਾਂ।

ਜਦ ਪ੍ਰਚੰਡ ਗਿਆਨ ਖੰਡ ਦਾ
ਵੇਗ ਗੁਰਾਂ ਨੇ ਕੀਤਾ
ਖੜਾ ਕਬੀਰ ਨਰਬਦਾ-ਪੱਤਣ
ਕਿਸੇ ਯਾਦ ਵਿਚ ਸੀਤਾ।

ਕਣ ਕਣ ਉਸ ਛਿਣ ਭ੍ਰਿਗੂ ਭੂਮ ਦਾ
ਅੰਤਰਜ਼ਾਮੀ ਜਾਪੇ
ਸਾਗਰ-ਲਹਿਰ ਵਾਂਗ ਮੁੜ ਆਏ
ਦਰ ਕਬੀਰ ਤਰਨਾਪੇ।

ਉਹੀ ਰਬਾਬ, ਸੱਦ ਵੀ ਓਹੀ
ਜਿਸ ਕਾਂਸ਼ੀ ਸੀ ਮੋਹੀ
ਬਰਸਾਂ ਪਿੱਛੋਂ ਭ੍ਰਿਗੂ ਭੂਮ 'ਤੇ
ਨੈਣ ਦਿਸੰਦੇ ਸੋਈ।

ਗਿਆਨ ਖੰਡ ਚੋਂ ਅਮਰ ਸ਼ਿੰਗਾਂ
ਵਲ ਕਬੀਰ ਦੇ ਵਾੜੇ
ਖ਼ਾਕ ਅਗੰਮ ਕਰਨ ਪਾ ਨਜ਼ਰਾਂ
ਸਗਲ ਭੇਦ ਜਿਤ ਦਵਾਰੇ।

ਐਸਾ ਰਾਜ਼ ਕਬੀਰ 'ਤੇ ਝਲਕੇ
ਖੜਾ ਜਾਂ ਨੈਂ ਕਿਨਾਰੇ
ਜਿਉਂ ਇਕ ਝਲਕ 'ਚ ਦਿਲ ਮਨੁੱਖ ਦਾ
ਤਕਣਾ ਲੋਚਣ ਤਾਰੇ।

ਛਲ ਮਾਰੀਚ ਤੇ ਛਲ ਵਾਮਨ ਦਾ
ਦੂਰ ਜੁਗਾਂ ਤਕ ਪਾਟੇ
ਕਾਂਸ਼ੀ ਤੋਂ ਨੈਂ ਪੱਤਣ ਤੀਕਣ
ਭਗਤ ਨਹੀਂ ਅਧਵਾਟੇ।

ਕੂਕ ਕਬੀਰ ਪਿਆ ਵਿਚ ਵਜਦਾਂ
ਗੁਰ ਵਿੰਨ੍ਹੇ ਛਲ-ਸੀਨਾ
"ਆਂਧੀ ਪਾਛੇ ਜੋ ਜਲੁ ਬਰਖੈ
ਤਿਹਿ ਤੇਰਾ ਜਨੁ ਭੀਨਾਂ।"

ਗਿਰਨਾਰ ਪਰਬਤ ਉੱਤੇ

ਗੁੱਜਰ ਦੇਸ 'ਚ ਰਾਹ ਰੂਹਾਂ ਦੇ
ਤੁਰ ਨਾਨਕ ਨੇ ਗਾਹੇ
ਹਾਥ ਲਈ ਮਾਂਝੀ ਦੇ ਦਿਲ ਦੀ
ਮਿਲੇ ਭੀਲ ਚਰਵਾਹੇ।

ਮਿਲੇ ਪੁਰਾਤਨ ਕਾਲ ਦੇ ਢਾਡੀ
ਸੋਰਠ ਬੀਜਾ ਗਾਂਦੇ
ਢਾਹ ਸਕੇ ਨਾ ਕੋਮਲ ਦਿਲ ਨੂੰ
ਕਹਿਰ ਪਏ ਸਭ ਮਾਂਦੇ।

ਅੱਖਰਹੀਣ ਵਣਾਂ ਦੇ ਬੰਦੇ
ਤੁਰ ਤੁਰ ਉਨ੍ਹਾਂ ਵਾਲੇ
ਖ਼ਾਕ 'ਚ ਅੱਖਰ ਮਿਟੇ ਸਮੇ ਦੇ
ਪੜ੍ਹਣ ਪਏ ਮਤਵਾਲੇ।

ਉੱਚੇ ਬੁਰਜ, ਰਾਂਗਲੇ ਵੈਭਵ,
ਖੜੇ ਮਹੱਲ ਸ਼ਿੰਗਾਰੇ
ਸਾਬਰਮਤੀ 'ਤੇ ਨਗਰ ਅਨੂਠੇ
ਕਿਤ ਵਲ ਹੱਥ ਪਸਾਰੇ?

ਹਿੰਦੂ, ਤੁਰਕ ਤੇ ਜੈਨ ਪਾਰਸੀ
ਨਾਨਕ ਨਾਲ ਨ ਕੱਲੇ
ਵੇਦ ਪੁਰਾਣ ਕਤੇਬਾਂ ਦੇ ਮਨ
ਜਾਣ ਜਾਣ ਗੁਰ ਚੱਲੇ।

ਸਦੀਆਂ ਨਾਲ ਖਲੋਕੇ ਨਾਨਕ
ਰਮਜ਼ ਜਗਾਵਣ ਸੁੱਤੀ
ਨਦੀਆਂ, ਥਲ, ਪਹਾੜ, ਵਣਾਂ ਦੇ
ਰੰਗ ਵਿਖਾਣ ਅਦੁੱਤੀ।

ਨਾਨਕ ਬਾਲਾ ਤੇ ਮਰਦਾਨਾ
ਸੋਰਠ ਦੇਸ ਨੂੰ ਚੱਲੇ
ਵੇਖ ਰਹੇ ਗਿਰਨਾਰ ਤੇ ਚੜ੍ਹਕੇ
ਜ਼ੋਰ ਸਮੇ ਦੇ ਝੱਲੇ।

ਉੱਡਦਾ ਚਕ੍ਰ ਸੁਦਰਸ਼ਨ ਖ਼ੂਨੀ
ਕਾਲ ਦੇ ਕਹਿਰ ਲਪੇਟੇ
ਮੰਦਰ; ਕੋਟ ਤੇ ਭੂਪ ਜੁਗਾਂ ਦੇ
ਤੋੜ ਗੁਰਜ ਇਕ ਮੇਟੇ।

ਗੁਪਤ ਗੁਫ਼ਾਂ ਕਾਲ ਦੀਆਂ ਲੱਖਾਂ
ਵਿਹਣ ਜੋਤਸ਼ੀ ਜੋਗੀ,
ਏਕੋ ਏਕ ਲਦੀ ਦੋ ਹੰਝੂ
ਨੈਣ ਤਿਨਾਂ ਬਿਨ ਰੋਗੀ।

ਲਾਉਣ ਅਗਾਧ ਸਮਾਧੀ ਜੈਨੀ
ਜਿਸਮ ਵਿਚ ਰੂਹ ਮੁੱਕੀ
ਦਿਲ ਦੇ ਰਿਸ਼ਤੇ ਪੁੰਗਰ ਸਕਣ ਨਾ
ਵਿਚ ਅਹਿੰਸਾ ਸੁੱਕੀ।

ਮਤ ਮਤਾਂਤਾਂ ਦੇ ਬਹੁ ਧਰਮੀ
ਗਹਿਰ ਗੰਭੀਰ ਕੋ ਬੰਦੇ
ਰਾਹ ਗਿਰਨਾਰ ਕੂਟ ਤਕ ਬੈਠੇ
ਤਜ ਇਹ ਲੋਕ ਦੇ ਧੰਧੇ।

ਬਹੁ ਸੂਖਮ ਭੇਦਾਂ ਨੂੰ ਛਾਨਕ
ਨਦਰ 'ਚ ਲੀਨ ਨ ਹੋਏ
ਜਿੱਤ-ਨਸ਼ੇ ਦੀ ਘੁੰਮਨਘੇਰੀ
ਉਡਦੀ ਸੁਰਤ ਡੁਬੋਏ।

ਹਨ ਅਨੰਤ ਤਨ ਮਨ ਵੀ ਭਾਵੇਂ
ਨਦਰ ਬਿਨਾਂ ਪਰ ਖ਼ਾਲੀ
ਸੁੱਕ ਰਹੀ ਬਿਨ ਪੰਛੀ ਸੁੰਞੀ
ਨਭਾਂ ਪਾਰ ਇਹ ਡਾਲੀ।

ਬੇਪਰਵਾਹ ਵਿਗਸਦਾ ਮਾਹੀ!
ਬਣੇ ਸਮਾਧੀ ਪਰਦਾ;
ਢਕਦਾ ਹੈ ਗਿਰਨਾਰ-ਸਿਖਰ ਨੂੰ
ਹਉਂ ਮਹੀਨ ਦਾ ਗਰਦਾ।

ਤਾਂ ਨਾਨਕ ਦੀ ਮਿਹਰ ਧੌਂਵਦੀ
ਹਰ ਤਾਰੇ ਤੋਂ ਗਹਿਰਾਂ
ਨਦਰ-ਉਸ਼ਾ ਗਿਰਨਾਰ 'ਤੇ ਉਤਰੀ
ਨਾਲ ਉਨਾਬੀ ਪੈਰਾਂ।

ਧਰਤ ਨਾਲ ਮਿੱਠੀਆਂ ਸਾਂਝਾਂ
ਸੀ ਉਹ ਅੰਬਰ ਸ੍ਰਾਵੇਂ
ਬਹਿਣ ਜਿਵੇਂ ਸਭ ਨਾਦ ਨਜ਼ਾਰੇ
ਸਦਾ ਸੱਜਰੀ ਛਾਵੇਂ।

ਫਿਰ ਲੰਘਣ ਗਿਰਨਾਰ ਸੀਨਿਉਂ
ਕੰਬ ਅਗੰਮੀ ਤਾਰਾਂ
ਦਿਲ ਪੱਥਰਾਂ ਦੇ ਛੁਹ ਸ਼ਬਨਮਾਂ
ਮਿਲਣ ਵਾਂਗ ਦਿਲਦਾਰਾਂ।

ਏਕੋ ਏਕ ਦਾ ਅੱਖਰ ਚਿਲਕੇ
ਉੱਚ ਪਹਾੜ ਦੇ ਮੱਥੇ
ਕੁੰਡ ਕਰਮੰਡਲ ਲੈ ਅਮਿਉ ਨੂੰ
ਭੇਦ ਅਗੰਮ ਚੋਂ ਲੱਥੇ

ਗੁਪਤ ਜ਼ਾਹਰ ਸੰਥਿਆ ਏਹੋ
ਵਿਚ ਕੁਦਰਤ ਦੀ ਲਿੱਪੀ
ਉਹੀ ਪੜ੍ਹਨਗੇ ਯਾਦ ਜਿਨਾਂ ਨੂੰ
ਧੁਰ ਦੀ ਰਮਜ਼ ਲਡਿੱਕੀ।

ਜਲ ਵਿਚ ਨਾਨਕ ਨੇ ਜੋ ਵਾਹੀ
ਰੇਖ ਪਵੇ ਨਾ ਫਿੱਕੀ
ਮਾਹੀ ਤੋਂ ਜੋ ਦੂਰ, ਤਿਨਾਂ ਲਈ
ਬਾਤ ਭਰਮ ਤੋਂ ਨਿੱਕੀ।

ਲਿਖੀ ਸੰਥਿਆ ਪਰਬਤ ਉੱਤੇ
ਧੁਰ ਦੇ ਸੱਚ-ਨਵੀਸਾਂ
ਜੇ ਨਾ ਜੁਗਾਂ ਤੀਕ ਪੜ੍ਹ ਹੋਵੇ
ਤਾਂ ਵੀ ਮਿਲਣ ਅਸੀਸਾਂ।

-7-

ਗੁਰੂ ਨਾਨਕ ਸਾਹਿਬ ਕ੍ਰਿਸ਼ਨ-ਮੌਤ ਦੇ ਰਹੱਸ ਰੂਬਰੂ

ਮਿਲੇ ਅਘੋਰੀ, ਤਪੀ ਹਜ਼ਾਰਾਂ,
ਹਰਫ਼ ਨੀਰ ਵਿਚ ਪੜ੍ਹਿਆ
ਕੋਮਲ ਬੋਲ ਸਮੇ ਤੋਂ ਡੂੰਘੇ
ਕਰਨ ਜਿੰਦ ਨੂੰ ਹਰਿਆ।

ਗੁਰਾਂ ਤਾਮਸੀ ਧੁੰਧ ਚੋਂ ਢੂੰਡੇ
ਦਿਲ ਦੇ ਦਰਦ ਅੰਞਾਣੇ।
ਆਦਿ ਸਮੇ ਦੇ ਖੇੜੇ ਚਾ ਕੇ
ਪ੍ਰਾਚੀਨ ਰਾਹ ਛਾਣੇ।

ਸੁਨਣਿ ਵਿਚ ਪਰਭਾਸ ਕਸ਼ੇਤਰ
ਮਰਦਾਨੇ ਨੂੰ ਆਹਵਾਂ
ਡੂੰਘੇ ਸਾਗਰ ਦਾ ਮਨ ਪੜ੍ਹਕੇ
ਮਿਲਣ ਉਦਾਸ ਹਵਾਵਾਂ।

ਕਾਮ, ਭੈ ਤੇ ਕਾਲ 'ਚ ਫਾਥੇ
ਕਾਲ ਨੇ ਦੇਵ ਗਿਰਾਏ
ਗੀਤਾ ਦੇ ਰਖ਼ਵਾਨ ਬਲੀ ਨੂੰ
ਵਡ ਗੁਮਨਾਮੀ ਖਾਏ।

ਯਾਦਵ ਪੀਣ ਤਲਾ ਤੇ ਮਦਰਾ
ਜਰਾਸੰਧ ਦੇ ਝੰਬੇ
ਰਾਜ ਭਾਗ ਹਾਰਾਂ ਦੀ ਬਿਖ ਪੀ
ਅੰਤ ਮੌਤ ਤੋਂ ਕੰਬੇ।

ਮੁੜ ਮੁੜ ਗੂੰਜ ਰਿਹਾ ਭਾਲੁਕ ਵਿਚ
ਸਰ ਬਧਿਕ ਦਾ ਛਲੀਆ
ਚਕ੍ਰ ਸੁਦਰਸ਼ਨ ਮਾਤ ਪਾਂਵਦੀ
ਮੌਤ ਮੁਰਾਰੀ ਬਲੀਆ।

ਪੀਰ ਗੁਰੂ ਅਵਤਾਰ ਦੇ ਸਿਰ ਤੇ
ਉਂਜ ਮੌਤ-ਛਿਣ ਸਾਂਝਾ;
ਮਹਾਂ ਹੁਕਮ ਦਾ ਮੀਤ ਕੌਣ ਹੈ ?
ਇਹੀ ਸੁਆਲ ਰਹਾਂਦਾ।

ਹੋ ਉਪਰਾਮ ਹੇਠ ਇਕ ਪਿੱਪਲ
ਬੇਵਸ ਕੇਸ਼ਵ ਸੁੱਤੇ
ਮਿਰਗ-ਅੱਖ ਛਲ ਆਣ ਦਿਖਾਵੇ
ਪਗ ਮਧਸੂਦਨ ਉੱਤੇ।

ਕੇਸ਼ਵ ਦੀ ਇਹ ਮੌਤ ਬੇਵਸੀ !
ਦਰਦ ਨਾਲ ਦਿਲ ਅੰਧੇ
ਛਲ ਵਿਚ ਅੰਤ ਦੇਵ ਵੀ ਫਸਦੇ
ਜਗਤ-ਕਾਰ ਦੇ ਝੰਬੇ।

ਭਾਲਕ ਭੂਮ 'ਤੇ ਬਾਲਾ ਸੁਣਦਾ
ਦਰਦ ਯਾਦਵਾਂ ਸੰਦੇ
ਨਾਰਾਂ ਦੇ ਮੂੰਹ-ਜ਼ੋਰ ਮੋਹ ਤੋਂ
ਅਰਥ ਇਲਾਹੀ ਸੰਗੇ !

ਦਾਅ ਕੁਰਖੇਤਰ ਯੁਧ ਦੇ ਟੇਢੇ
ਧਰਮ ਸਾਮ੍ਹਣੇ ਅੰਧੇ,
ਅਵਤਾਰਾਂ ਦੀ ਕੂਟਨੀਤ ਤੋਂ
ਰੋਣ ਬਾਲ-ਦਿਲ ਬੰਦੇ।

ਮਧਸੂਦਨ ਦੇ ਕਰਮ ਅਲੌਕਿਕ
ਮਹਾਂ ਹੁਕਮ ਨਾ ਰੰਗਣ
ਭਾਵੇਂ ਜਗ ਦੇ ਲੱਖ ਸਿਆਣੇ
ਦਰ ਗੀਤਾ ਚੋਂ ਲੰਘਣ।

ਤਦ ਬਾਲੇ ਦੀ ਦੂਰ ਨਜ਼ਰ ਨੇ
ਬ੍ਰਹਿਮੰਡੀ ਦਿਸਹੱਦੇ
ਨਾਨਕ ਦੇ ਧ੍ਰਵ ਜਹੇ ਕਰਾਂ ਵਲ
ਸਿਦਕ ਅਡੋਲ 'ਚ ਸੱਦੇ।

ਇਤਿਹਾਸਕ ਆਵਾਜ਼ਾਂ

ਮਰਦਾਨੇ ਨੂੰ ਕਿੜਾਂ ਸੁਣੀਂਵਣ
ਸੋਮਨਾਥ ਦੇ ਦੁਆਰੇ:
"ਸੋਰਠ ਦੇਸ 'ਚ ਆ ਧਮਕਣਗੇ
ਟੱਪ ਸਿੰਧ ਵਣਜਾਰੇ।

"ਤਾਜਰ ਦੇਸ ਫ਼ਰੰਗ ਦੇ ਫਾਢੇ
ਜਿਸ 'ਤੇ ਕਰਨ ਸੁਆਰੀ
ਅਜੇ ਲਹਿਰ ਉਹ ਦੂਰ ਦਾਨਿਆ!
ਸੁਣਦਾ 'ਵਾਜ ਪਿਆਰੀ।"

ਸੋਮਨਾਥ ਤੋਂ ਬਾਲਾ ਝਾਕੇ
ਸਮਿਊਂ ਪਾਰ ਦੁਰਾਡੇ
ਘੋੜੇ ਊਠ ਰਥਾਂ 'ਤੇ ਆਏ
ਕਹਿਰ ਗਜ਼ਨਵੀ ਧਾਢੇ।

ਸੋਮਨਾਥ ਤੋਂ ਦਰ ਦਵਾਰਕਾ
ਸੁਣੇ ਆਹਟ ਵਿਸਮਾਦੀ
ਦੇਵ ਦਾਨਵਾਂ ਦੀ ਰੰਗ-ਲੀਲ੍ਹਾ
ਵੈਭਵ ਤੇ ਬਰਬਾਦੀ।

ਹੁਣ ਵੀ ਦੇਣ ਸੁਦਾਮਾਪੁਰ ਨੂੰ
ਕਾਨ੍ਹ ਜੀ ਸੱਦ ਪਿਆਰੀ
ਕਿਧਰ ਗਈ ਉਹ ਪ੍ਰੀਤ ਪੁਰਾਤਨ
ਰਾਜ ਰੰਕ ਤੋਂ ਨਿਆਰੀ?

ਸਾਗਰ-ਨਾਦ ਚੋਂ ਸੁਣ ਰਹੀਆਂ ਨੇ
ਲੱਖਾਂ ਸੁਖ਼ਨ ਹਵਾਵਾਂ
ਤਪਦੇ ਇਤਿਹਾਸਾਂ 'ਤੇ ਕਰਸੀ
ਬਾਲ ਕ੍ਰਿਸ਼ਨ ਆ ਛਾਵਾਂ।

ਨੀਂਦ 'ਚ ਰਾਜ ਕੰਨਿਆ ਚਿਰ ਤੋਂ
ਕਾਨ੍ਹ ਦਾ ਮੋਹ ਜਗਾਵੇ
ਮਨ-ਸੁਹਜ ਦੇ ਪੱਕੇ ਫਲ ਚਾ
ਦਰ ਕਵੀਆਂ ਦੇ ਜਾਵੇ।

ਵਿਚ ਦਵਾਰਕਾ ਬਾਲਾ ਐਪਰ
ਕਹੇ: "ਬਾਰ ਵਲ ਧਾਵਾਂ;
ਗੀਤਾ ਦੇ ਉਪਦੇਸ਼ ਪੁਰਾਣੇ
ਕਦੇ ਨ ਮੰਨਣ ਮਾਵਾਂ।"

ਸੋਮਨਾਥ ਦਵਾਰਕਾ ਤੀਕਣ
ਸੱਚ ਪਿਆ ਪਰ ਹਾਰੇ
ਮਾਨਵ ਦੀ ਪੱਤ ਜੁਗਾਂ ਪੁਰਾਣੀ
ਦਿਲ ਨਾਨਕ 'ਤੇ ਵਾਰੇ।

ਬੇਟ ਦਵਾਰਕਾ ਤੋਂ ਤੁਰਦਿਆਂ

ਬੇਟ ਦਵਾਰਕਾ ਮੰਝ ਸਾਗਰਾਂ
ਵਿਛੀ ਤਲੇ ਗੁਰ-ਪੈਰਾਂ,
ਉਮ੍ਹਲਣ ਮਸਤ ਹੋਇ ਵਲ ਨਾਨਕ
ਵਾਂਗ ਗੋਪੀਆਂ ਲਹਿਰਾਂ।

ਹੁਸਨ ਅਥਾਹ, ਪਾਰ ਨ ਲੱਭੇ
ਨਜ਼ਰ ਦਾ ਅਪਨਾ ਜੋਬਨ,
ਨਾਚ ਦੇ ਵਜਦ ਤਲੇ ਪਰ ਕੰਡੇ
ਸੌ ਹਾਸਿਦ ਵਿਚ ਗਹਿਰਾਂ।

ਸਿੰਧ-ਗਰਜ ਚੋਂ ਛੁਪ ਛੁਪ ਨਿਕਲੇ
ਕਾਲ ਮੀਸਣਾ ਛਲੀਆ,
ਤੀਰ ਤੇਗ ਤੋਪਾਂ ਲੈ ਆਉਣਾ
ਪਾਰ ਦੇਸ ਤੋਂ ਗੈਰਾਂ!

ਸ਼ਬਦ-ਰੰਗ ਜਾਗਿਆ, ਬਾਲਾ
ਦਿਲ ਦੇ ਦਰਦ ਨੂੰ ਸਾਂਭੇ
ਨਰ ਹੋਛਾ ਹੈ, ਕਾਮਲ ਨੂਰ ਨਾ,
ਸਭ ਹਾਰਾਂ ਹੀ ਖ਼ੈਰਾਂ!

ਨਾਨਕ ਕਹਿਣ: "ਦਰਦ ਅਣਆਖੇ
ਅਜੇ ਕਾਲ ਦੇ ਅੰਦਰ
ਕਰੀਏ ਬ੍ਰਿਛਹੀਣ ਧਰ ਉੱਤੇ
ਰਣ ਖਾਰੇ ਵਿਚ ਸੈਰਾਂ।

"ਰੀਧਣ ਵੈਣ, ਗਰਬ ਤੇ ਹਉਮੈ
ਵਿਚ ਲੋਕ ਜੋ ਪਲਦੇ
ਉਹਨਾਂ ਦੇ ਵੀ ਦੁੱਖ ਬੰਨ੍ਹੀਏ
ਨਾਲ ਸਦੀਵੀ ਪੈਰਾਂ।"

ਰਣ ਕੱਛ ਦੀ ਛਲਾਵਿਆਂ ਭਰੀ ਧਰਤੀ ਉੱਤੇ

ਰਣ ਕੱਛ ਵਿਚ ਪਿੰਜਰ ਰੁਲਦੇ
ਬਿਰਧ ਮੌਤ ਤੋਂ ਬੁੱਢੇ
ਲੂਣੇ ਨੀਰ ਦੇ ਤਾਲ ਛਲਕਦੇ
ਪੰਖ ਵਿਲਕ ਕੇ ਉੱਡੇ।

ਤੜਪੇ ਹੜ ਮਦ ਕਾਮ ਮਾਸ ਦੇ
ਭੁਜ ਅੰਜਾਰ ਨੇ ਡੁੱਬੇ,
ਖੁੱਲ੍ਹੇ ਗਗਨ ਛੋਡ ਮਨ ਮੈਲਾ
ਵਿਚ ਦਲਦਲੀਂ ਖੁੱਭੇ।

ਹੁੰਮਸ ਡੁੱਬੀ ਰੁੱਤ 'ਚ ਘੁੱਟੇ
ਚਕੂ ਭੈਰਵੀ ਜਿੰਦਾਂ,
ਜੁਗਾਂ ਦੇ ਪੰਧ ਭੁਲਾ ਸੁੰਗੜਾਏ
ਲਘੂ ਸੋਚ ਛਿਣ-ਬਿੰਦਾਂ।

ਆਸ਼ਾਪੁਰੀ ਤੋਂ ਲਖਪਤ ਤੀਕਣ
ਦਿਲ ਬੇਯਾਰ ਉਡੀਕੇ,
ਜਾ ਗੁਰ ਚੋਰ ਸਾਧ ਦੇ ਦਿਲ ਤੇ
ਡੂੰਘੇ ਦਰਦ ਉਲੀਕੇ।

ਦਾਨਾ ਕਹੇ: "ਇਹ ਥਲ 'ਚ ਗੁਰ ਜੀ
ਕਿਉਂ ਤਨ ਮਨ ਸੰਤਾਪੇ?
ਮੂਰਤ-ਪੂਜ ਰਹਿਣ ਸਦ, ਨਾਲੇ
ਮਜ਼੍ਹਬ ਕਬਰ ਦੇ ਥਾਪੇ।

"ਪਾਵਨ ਸ਼ਤਰੁੰਜੇ ਦੇ ਮੰਦਰ
ਸ਼ਿਵ ਸ਼ੈਵ ਸਭ ਸੁੰਞੇ
ਹਰਿਆਂ ਬਾਗ਼ਾਂ, ਧੁੱਪਾਂ ਸੁਾਵੇਂ
ਨੈਣ ਰਹਿਣਗੇ ਮੁੰਦੇ।

"ਰਣ ਇਹ ਕਹਿਰ ਦੀ ਕੋ ਵੀਰਾਨੀ
ਨਦੀਆਂ ਨੂੰ ਪੀ ਜਾਂਦਾ।
'ਪੈੜ ਨਹੀਂ ਕਿੰਜ ਦੇਵਾਂ ਚਾਨਣ?':
ਰੁਲ ਜੁਗਨੂੰ ਦਰਮਾਂਦਾ।

"ਕੀ ਰਣ ਦਾ ਇਤਬਾਰ ਹੈ ਬਾਬਾ
ਧਰਤ ਦਲਦਲੀ ਖਾਰੀ,
ਜਿਸ ਥਾਂ ਪੰਖੀ ਮਰਨ ਤਿਹਾਏ
ਰੂਹ ਕਿਉਂ ਭਰੇ ਉਡਾਰੀ?"

ਨੇੜੇ ਇਕ ਬਾਬੂਲ ਰੁੱਖ ਦੇ
ਜਿਧਰ ਝਾੜੀਆਂ ਕੰਡੇ
ਲੂਣੇ ਰਣ 'ਤੇ ਪਾ ਕੇ ਨਜ਼ਰਾਂ
ਨਾਨਕ ਸੁਖ਼ਨ ਸੁਣੰਦੇ:

"ਜੇ ਅਰਦਾਸ ਭਗਤ ਦੀ ਖੰਡਿਤ
ਲਘੂ ਜਗਤ ਵਿਚ ਖੋਣੀ
ਦੂਰ ਜੁਗਾਂ ਵਿਚ ਖੁੱਲ੍ਹੇ ਗਗਨੀਂ
ਮਹਾਂ ਦੁਆ ਵੀ ਹੋਣੀ।

"ਕਿਸੇ ਨੈਂ ਦੇ ਸਾਹ ਵਿਚ ਰਣ ਵੀ
ਛੁਪ ਸਰਾਲ ਜਿਉਂ ਪੀਂਦਾ
ਨੈਂ ਸੁਹਾਗਣਾਂ ਦੇ ਪਰ ਜੋਬਨ
ਗਲ ਲਾ ਸਾਗਰ ਜੀਂਦਾ।

"ਸੁਣ ਬੇਲੀ ਮੈਂ ਨਾਲ ਤੁਸਾਂ ਦੇ
ਸ਼ਬਦ ਦੀ ਵਾਟ ਬਣਾਵਾਂ
ਸੁੰਞੇ ਰਣ 'ਤੇ ਨਜ਼ਰ ਮਾਰਕੇ
ਦੀਪ ਜਗਾ ਤੁਰ ਜਾਵਾਂ।

"ਦੇਸ ਦੇਸ ਦੇ ਸੁੱਤੇ ਰਾਹੀ
ਵਾਟਾਂ ਦਸ ਜਗਾਵਾਂ
ਧਰ ਦੀ ਸੁੰਞ 'ਚ ਬਾਲ ਦੀਵੜਾ
ਦਿਲ-ਸੁੰਞਾਂ ਚਮਕਾਵਾਂ।

"ਪੁਸ਼ਤਾਂ ਭੁੱਲ ਜਾਣ ਜੇ ਵਾਟਾਂ
ਯਾਦ ਆਉਣਗੇ ਰਾਹੀ,
ਭੁੱਲੀ ਥਾਂ 'ਤੇ ਕਦੇ ਮਿਲਣਗੇ
ਘਾਹ ਬਿਰਖ ਤੇ ਮਾਹੀ।

"ਮੁੜ ਆਵਣਗੇ ਸ਼ਬਦ ਪੁਰਾਣੇ
ਛਿੜਣ ਰਬਾਬਾਂ ਓਹੀ,
ਲੁਕ ਛਿਪ ਲੋਕ ਉਡੀਕ ਕਰਨਗੇ
ਪੈੜ ਦਿਸੂ ਵਿਚ ਰੋਹੀ।

"ਨਿੱਕਾ ਦੀਪ ਜਗੇ ਜੇ ਮੇਰਾ
ਕਾਮਲ ਦੀਪ ਜਗਾਵਾਂ।
ਇਕ ਵਾਟ ਦਾ ਸੁਪਨਾ ਲੈ ਕੇ
ਰਾਹੀ ਕੋਟ ਬੁਲਾਵਾਂ।"

ਗੁਰੂ ਨਾਨਕ ਦੇ ਪੈਂਡੇ, ਕੁਦਰਤ ਅਤੇ ਪਸ਼ੂ ਪੰਛੀ

ਦੂਰ ਗਏ ਗੁਰ ਸੋਰਠ ਦੇਸੋਂ
ਤਰਸ ਤਰਸ ਵਣ ਵੇਖੇ,
ਦਿਸਦੀ ਸਿੱਕ ਮਾਹੀ ਦੀ ਧਰ 'ਤੇ
ਬ੍ਰਾਰ ਕਾਲ ਤੋਂ ਲੇਖੇ।

ਨਿੱਕੇ ਰੁਲਦੇ ਨੇਮ ਜਿੰਦ ਦੇ
ਲਾ ਨਾਨਕ ਸੰਗ ਯਾਰੀ
ਨਵੇਂ ਨਿਕੋਰ ਹੋਣ, ਫਿਰ ਲਾਵਣ
ਬ੍ਰਹਿਮੰਡਾਂ ਵਿਚ ਤਾਰੀ।

ਹੋਈ ਬੀਜ 'ਤੇ ਮਿਹਰ ਅਨੋਖੀ
ਸਭ ਕੁੰਟਾਂ ਵਿਚ ਆਪੇ,
ਗਿਰ ਵਣ ਦੇ ਹਰ ਬਿਰਧ ਰੁੱਖ ਦੇ
ਛੁਪੇ ਕਿਤੇ ਤਰਨਾਪੇ।

ਬਿਰਖ ਬਿਰਖ ਤੋਂ ਪੰਛੀ ਉੱਡਣ
ਰਾਜ਼ ਦੇਣ ਕੰਨਸੋਆਂ,
ਨਾਨਕ ਦੇ ਸਭ ਰੂਪ ਵਿਖਾਲਣ
ਕਾਲ ਦੀਆਂ ਕਰ ਲੋਆਂ।

ਹੱਥ ਅਦਿੱਸ ਰਬਾਬੀ ਤਾਰਾਂ
ਵਣ ਬਿਰਖੀਂ ਥਰਕਾਏ,
ਨਾਦ ਅਸੰਖ ਗਰੰਥ ਮਸਤਕੋਂ
ਸ਼ੁਧ ਰਹੱਸ ਲਿਆਏ।

ਅਰਥ ਮਹੀਨ ਵਗਣ ਜਿਉਂ ਨੈਆਂ
ਮਹਾਂ ਕਾਲ ਹੋ ਗਾਵਣ,
ਜਪੁਜੀ ਦੀ ਉੱਚ ਤੇਗ਼ ਲਿਸ਼ਕਦੀ
ਪੰਜ ਸੀਸ ਝੁਕ ਜਾਵਣ।

ਗਿਰ ਵਣ ਦੇ ਵਿਚ ਸ਼ੀਂਹ ਗਰਜਦਾ
ਸੁਨਣ ਹਰਨੀਆਂ ਖੜ੍ਹ ਕੇ
ਹੁਣ ਇਹ ਨਾਦ ਵਿਰਾਟ ਕਾਲ ਦਾ
ਸੰਤ ਦਿਲਾਂ ਵਿਚ ਧੜਕੇ।

ਅੰਬਰਾਂ ਵਿਚ ਹੰਸ ਤੇ ਕੂੰਜਾਂ
ਉਡਣ ਨਵੀਂ ਇਸ ਰੁੱਤੇ
ਜਾਗ ਉਡਣ ਕਹਿਕਸ਼ਾਂ ਤੀਕਣ
ਰਾਜ਼ ਜੁ ਧੁਰ ਦੇ ਸੁੱਤੇ।

ਨਾਗ ਕਹੇ : "ਬਿਖ ਅੰਮ੍ਰਿਤ ਦੋਵੇਂ
ਰਹੇ ਵਣਾਂ ਦੇ ਬੇਲੀ,
ਗਗਨ ਦਿਖਾਵੇ ਬਹਿ ਵਿਚ ਨੈਣਾਂ
ਕਿਹੜੀ ਬੂੰਦ ਨਵੇਲੀ।

"ਨ੍ਹੇਰ ਪਤਾਲ ਡੂੰਘੜੇ ਗਾੜ੍ਹੇ
ਨੈਣ ਮਿਰੇ ਸਨ ਪੀਂਦੇ
ਨੂਰ ਅਸੰਖ ਤਾਰਿਆਂ ਸੰਦੇ
ਨਿਗ੍ਹਾ 'ਚ ਅੱਜ ਵਰਸੀਂਦੇ।"

ਆ ਪ੍ਰਹਿਲਾਦ ਵਾਂਗ ਵਿਚ ਬੁੱਕਲ
ਮਿਹਰ ਮਿਰਗ ਨੂੰ ਕੱਜੇ,
ਭੈਅ-ਨਾਦ ਦਾ ਉਚ ਦਮਾਮਾ
ਸ਼ਾਹ ਰਗ 'ਤੇ ਆ ਵੱਜੇ।

ਮਾਨਵ-ਪੱਤ ਅਦੁੱਤੀ ਵਿੱਚੋਂ
ਸੁਪਨਾ ਖੰਭ ਫੜਕਾਏ,
ਬਾਨਰ ਰਿੱਛਾਂ ਨੈਣ ਸਹਿਕਦੇ
ਵਾਟ ਅਦਿੱਸ 'ਤੇ ਲਾਏ।

ਚਿੜੀ ਦੇ ਖੰਭ ਨਿਮਾਣੇ ਉੱਤੇ
ਹੌਲ ਬਾਜ਼ ਦਾ ਪੈਂਦਾ,
ਦੂਰ ਸਵਾਰ ਦਾ ਦਿਲ ਮਿੱਠੜਾ
ਬਾਜ਼ ਦੇ ਨੈਣੀਂ ਸੈਂਦਾ।

ਮੁਲਤਾਨ ਦੇ ਫ਼ਕੀਰਾਂ ਦਰਮਿਆਨ

ਲੰਘ ਖਜੂਰਾਂ, ਥਲ ਸਿੰਧੀ ਨੂੰ,
ਗੁਰ ਆਏ ਮੁਲਤਾਨੇ
ਜਰੇ ਜਿਸ ਪ੍ਰਹਿਲਾਦ ਦੇ ਦਿਨ ਤੋਂ
ਮਿਟਦੇ ਲੱਖ ਜ਼ਮਾਨੇ।

ਦੂਰ ਮਹਾਨ ਸਿਕੰਦਰ ਦੇ ਦਲ
ਚੜ੍ਹ ਘੋੜਾਂ 'ਤੇ ਆਵਣ
ਸਦੀਆਂ ਲੰਘਣ! ਤੇਗ਼ ਕ਼ਾਸਮੀ
ਦੇ ਵਿਚ ਕਹਿਰ ਉਠਾਵਣ।

ਹਾਅ ਪ੍ਰਹਿਲਾਦਪੁਰੀ ਦੀ ਰਗ ਨੂੰ
ਨੇਰ-ਤੰਦ ਵਿਚ ਘੁੱਟੇ
ਬੁਤ-ਸ਼ਿਕਨ ਦੇ ਹੇਠ ਹਥੌੜੇ
ਸ਼ੋਰ ਜਨੂੰਨੀ ਉੱਠੇ।

ਸੂਰਜ ਕੁੰਡ ਦਾ ਸਬਰ ਸੁੱਕਿਆ
ਲਹਿਰਨ ਸੁੱਕੇ ਪਾਣੀ,
ਪੱਤ ਗੁਆ ਬੈਠਣ ਜਦ ਮਹਿਰਮ
ਸੁਣੇ ਨ ਸ਼ੁਕਰ ਦੀ ਬਾਣੀ।

ਘੋਰ ਕਹਿਰ ਮੁਲਤਾਨ ਸਾੜਦੇ
ਹਰੀਆਂ ਹੋਵਣ ਵੇਲਾਂ
ਆਉਣ ਫ਼ਕੀਰ ਜਲੇ ਘਰ ਵੇਖਣ
ਘਾਹ 'ਤੇ ਪੈਣ ਤ੍ਰੇਲਾਂ।

ਅਜੇ ਰਾਜ ਅਫ਼ਗਾਨ ਕਰੇਂਦੇ
ਗੜ੍ਹ ਮੁਲਤਾਨ ਦੇ ਸੀਨੇ,
ਧੜਕਣ ਕਵੀ-ਦਿਲ ਜਿਉਂ ਆਏ
ਨਾਨਕ ਮਾਘ ਮਹੀਨੇ।

ਵਗੇ ਝਨਾਂ ਕੁਝ ਕੋਹਾਂ ਉੱਤੇ
ਦੂਰ-ਨ ਰਾਵੀ ਹਾਲੇ
ਸਤਲੁਜ ਪੌਣ ਕਦੇ ਆ ਦੱਸੇ
ਜ਼ਖ਼ਮ ਸਿਕੰਦਰ ਵਾਲੇ।

ਬਹੁ ਸੂਫ਼ੀ ਗੜ੍ਹ ਅਕਲ ਵਜਦ ਦੇ
ਝੁਕ.ਤੱਕੇ ਮਰਦਾਨੇ
ਕਈ ਸੱਚ-ਪਰਵਾਜ਼ 'ਚ, ਕੁਝ ਸੀ
ਕਬਰਾਂ ਦੇ ਦੀਵਾਨੇ।

ਲੁਕ ਛਿਪ ਵੇਦ ਵਾਚਦੇ ਹਿੰਦੂ
ਚਾ ਪੁਰਾਣ ਤੇ ਗੀਤਾ,
ਭਰ ਹੌਕੂ ਪ੍ਰਹਿਲਾਦਪੁਰੀ ਵਿਚ
ਰੁਲੀ ਪੱਤ ਨੂੰ ਸੀਤਾ।

ਹੱਕ ਬਹਾਉਲ ਦੀ ਖ਼ਾਨਕਾਹ 'ਤੇ
ਹੌਂਝ ਕੇਰ ਮਰਦਾਨਾ:
ਆਖੇ: "ਪੀਰ ਵਲੀ ਵੀ ਜਾਵਣ
ਜਾਂਦਾ ਜਿਵੇਂ ਜ਼ਮਾਨਾ।"

ਬਾਹਰ ਨਗਰ ਤੋਂ ਵਲ ਝਨਾਂ ਦੇ
ਗੁਰਾਂ ਟਿਕਾਣਾ ਕੀਤਾ।
ਰਲ ਮਿਲ ਫੱਕਰਾਂ ਮਜਲਿਸ ਕੀਤੀ:
"ਕੌਣ ਆਇ ਇਹ ਮੀਤਾ?

"ਪਾਕ ਹੋਇ ਅਸੀਂ ਵਿਚ ਸਦੀਆਂ
ਕੌਣ ਰਾਹ ਇਹ ਮੋੜੇ?
ਗੈਬੀ ਇਲਮ ਦੇ ਬਿਖਮ ਕਿਲੇ ਨੂੰ
ਪਾਇ ਨਜ਼ਰ ਇਕ ਤੋੜੇ!

"ਰੂਹ ਦੇ ਇਹ ਅਨਮੋਲ ਖ਼ਜ਼ਾਨੇ
ਪਾਕ ਰਹਿਣ ਜੇ, ਸਾਡੇ।
ਹਨ ਫ਼ਕੀਰ ਵੀ ਰਹਜ਼ਨ ਹੁਣ ਤਾਂ,
ਚੰਗਾ! ਵਸਣ ਦੁਰਾਡੇ।

"ਕਰੋ ਮਹੀਨ ਇਸ਼ਾਰਾ ਕੋਈ
ਰਾਜ਼ਦਾਨ ਉਹ ਗ਼ੈਬੀ।
ਅਜਬ ਇਸ਼ਕ ਦਾ ਕਾਮਨ ਪਾਵੇ
ਹੁਸਨ ਨ ਜਾਪੇ ਐਬੀ।"

ਨੇੜ ਮਜ਼ਾਰ ਜ਼ਕਰੀਆ ਦੇ ਬਹਿ
ਸੋਚ ਸੋਚ ਕੇ ਪੀਰਾਂ,
ਸੁੱਚੇ ਦੁੱਧ ਦਾ ਭਰਿਆ ਕਾਸਾ
ਪਰ ਖਿਨ ਸ਼ੁਕਰ ਫ਼ਕੀਰਾਂ।

ਇਲਮ ਦੇ ਨੂਰੀ ਜਾਲ 'ਚ ਬੰਨ੍ਹਣ
ਮੋਹ ਜਗਤ ਦਾ ਭਾਰਾ।
ਭਾਰ ਤਸਵੱਫ਼ ਪਾ ਬਾਤਨ 'ਤੇ
ਜ਼ਾਹਰ ਕਰਨ ਇਸ਼ਾਰਾ।:

"ਹੱਕ ਰਹੀਮ ਦਾ ਭਰਿਆ ਕਾਸਾ
ਹੁਣ ਇਹ ਜ਼ਰਾ ਨ ਊਣਾ,
ਕਿਸੇ ਵਲੀ ਨੇ ਮੁੱਦਤਾਂ ਤੀਕਣ
ਆ ਇਸ ਘਰ ਕਿਉਂ ਕੂਣਾ?"

ਕੁਦਰਤ-ਦਿਲ ਜੋਬ ਦੁੱਧ ਸੁੱਚਾ
ਜਦ ਨਾਨਕ-ਦਰ ਆਵੇ,
ਮਰਦਾਨੇ ਬਾਲੇ ਦੇ ਸ੍ਵਾਵੇਂ
ਫੁੱਲ ਤਾਰ ਮਹਿਕਾਵੇ।

ਮੋੜ ਮੁਰੀਦ ਦੁੱਧ ਦਾ ਕਾਸਾ
ਜਾ ਪੀਰਾਂ ਦਰ ਚਹਿਕੇ,
ਕਵੀ ਦੀ ਲਿਵ ਵਾਂਗ ਫੁੱਲ ਤਰਦਾ
ਧੁਰ ਦੀ ਰਮਜ਼ 'ਚ ਮਹਿਕੇ।

ਫੁੱਲ ਤਰੰਦਾ, ਜਿੰਦ 'ਚ ਖੇੜਾ,
ਰਹੇ ਛਲਕਦਾ ਕਾਸਾ;
ਸਹਿਜ ਪਰਤਦਾ, ਦੁੱਧ 'ਚ ਜਿਉਂਕਰ
ਖੁਰਦਾ ਪਿਆ ਪਤਾਸਾ।

ਉੱਚਾ ਪੀਰਾਂ ਦੇ ਡੇਰੇ ਤੋਂ
ਸੱਚ ਨ ਅੰਦਰ ਖੂਹਣਾਂ,
ਜਗਤ-ਸੁਆਰਥ ਦੇ ਉਂਜ ਲੁੰਬੇ
ਲੂੰਹਦੇ ਦੈਵੀ ਕੂਟਾਂ।

ਉੱਡਣ ਜਿੰਦਾਂ ਵਾਂਗ ਤਿਤਲੀਆਂ
ਵਾਟ ਡੂੰਘੜੀ ਅੰਦਰ,
ਪਹਿਰਾ ਦੇਣ ਪੀਰ ਬਣ ਤਾਰੇ
ਹਰ ਥਾਂ ਜਾਪੇ ਅੰਬਰ।

ਰਮਜ਼ਾਂ ਖਿੜਣ ਪੱਤੀਆਂ ਵਾਂਗੂ
ਗਗਨ ਪੰਖ ਨੂੰ ਮੋਹੇ;
ਮੁਰਗਾਈ ਨੈਂ-ਲਹਿਰਾਂ ਸਾਹਵੇਂ
ਕਮਲ ਜਲਾਂ ਵਿਚ ਸੋਹੇ।

ਆ ਮਖ਼ਦੂਮ ਬਹਾਉਦੀਨ ਨੇ
ਦੱਸੇ ਦਰਦ ਜੁ ਬੀਤੇ,
ਦੀਨ ਦੁਨੀ ਦੇ ਕੁੱਲ ਸੁਆਰਥ
ਹੇਠ ਸਜਦਿਆਂ ਲੀਤੇ।

ਆਖੇ : "ਨਾਨਕ ਜੀ ਅੱਜ ਚੁੰਮੇ
ਛੁਪੇ ਰਹੇ ਛਲ ਮੈਂਡੇ,
ਹੱਕ ਬਹਾਊੱਲ ਤੋਂ ਜੋ ਤੁਰਦੇ
ਦਰ ਇਸ ਮੋੜੇ ਪੈਂਡੇ।

ਬੇਕਿਰਾਂ ਅਸਮਾਨ 'ਚ ਭੇਜੋ
ਰੂਹਾਂ ਦੀ ਖ਼ੁਸ਼ਬੋਈ,
ਹਰ ਬੁੱਤ ਮਗਰ ਛੁਪੀ ਮੈਂ ਤੱਕਾਂ
ਪਾਕ ਜ਼ਿਆਰਤ ਕੋਈ।"

ਸ਼ੇਖ਼ ਸੱਜਨ ਦੀ ਬਾਹਰੀ ਪਾਰਸਾਈ ਅਤੇ ਨਾਨਕ

ਨਾਨਕ ਵਿਦਾ ਹੋਇ ਮੁਲਤਾਨੋਂ
ਤੁਰਨ ਬਿਖਮ ਬਹੁ ਰਾਹਾਂ
ਰੋਹੀ ਵਿਚ ਰਬਾਬ ਵੀ ਛਿੜਦੀ
ਸਾਹਵੇਂ ਨਾਗ-ਨਿਗਾਹਾਂ।

ਵਣ ਤੇ ਜੰਡ ਕਰੀਰ ਲੰਘਦੇ
ਤੁਰਨ ਹੇਠ ਫਰਵਾਹਾਂ,
ਗੰਜੀ ਬਾਰ ਦੇ ਰੁੱਖ ਕੱਲਰੀ
ਬਿਖ-ਡੰਗੀਆਂ ਰਾਹਾਂ।

ਨਾਨਕ ਤੁਰਦੇ ਨਾਲ ਸੰਗੀਆਂ
ਪੁੱਜੇ ਨਗਰ ਤੁਲੰਭੇ
ਵਜਦ ਅਜਿੱਤ ਗੁਰੂ ਦਾ ਮਹਿਰਮ
ਸਿੱਖ ਵੀ ਰੀਣ ਨ ਹੰਭੇ।

ਸੀਤਾ ਕੁੰਡ ਦੇ ਨੇੜ ਤੁਲੰਭਾ
ਵਗਦੀ ਲੰਮੀ ਰਾਵੀ
ਨਾਰ ਦੇ ਜੋਬਨ ਵਾਂਗ ਵਗਦੀ
ਨਿਰਮਲ ਅਤੇ ਸੁਹਾਵੀ।

ਨੈਂ ਪੱਤਣ 'ਤੇ ਖੜੀ ਜਾਨਕੀ
ਰਾਮ ਦਿਸੇ ਵਿਚ ਲਹਿਰਾਂ
ਨਜ਼ਰ ਦੇ ਹੁਸਨ ਨਾਲ ਸੀ ਰਾਵੀ
ਵਗੇ ਵਗੇ ਮੰਗ ਖ਼ੈਰਾਂ।

ਤੀਰ ਵਾਂਗ ਇੰਜ ਵਗੀ ਸੀ ਰਾਵੀ
ਰਾਮ ਚੌਤਰੇ ਤੀਕਣ,
ਦਿਸੇ ਸਿਦਕ ਦਾ ਸੁਹਜ ਵਰੀਂਦਾ
ਕਾਲ ਕਾਲ ਤਕ ਜੀਕਣ।

ਰਾਵੀ ਨੇੜ ਤੁਲੰਬਾ ਚਿਰ ਤੋਂ
ਰਾਹ ਨਾਨਕ ਦਾ ਵੇਖੇ,
ਜਗ ਤੇ ਸੰਤ 'ਚ ਰਹੂ ਫ਼ਾਸਲਾ
ਇਸ ਥਾਂ ਹੋਸਨ ਲੇਖੇ।

ਸ਼ਾਂਤ ਗੰਭੀਰ ਸਖੀ ਦਿਲ ਵਰਗੀ
ਸੀ ਸਰਾਂ ਇਕ ਪਿਆਰੀ,
ਤਿਸ ਵਿਚ ਹਰ ਪਾਂਧੀ ਦੀ ਕਰਦਾ
ਸ਼ੇਖ਼ ਸੱਜਣ ਦਿਲਦਾਰੀ।

ਦਿੱਖ ਮਸਕੀਨ ਰਹੇ ਵਿਚ ਭੈ ਦੇ
ਮਿਹਰਬਾਨ ਦਿਲ ਜਾਪੇ,
ਗ਼ੈਬ ਦਾ ਯਾਰ ਸ਼ੇਖ਼ ਇਹ ਚਿਰ ਤੋਂ
ਸ਼ਕ ਛਿੜਣ ਫਿਰ ਆਪੇ।

ਗੁਰੂ-ਵਿਜੈ ਦੀ ਫ਼ਜਰ ਸ਼ੇਖ਼ ਨੂੰ
ਵੈਭਵ ਜਗ ਦਾ ਲੱਗੇ,
ਸੋਰਠ ਲੰਕ ਦੇਸ ਦੇ ਤਾਜਰ
ਵਿਚ ਫ਼ਕੀਰੀ ਵੱਬੇ।

ਨਾਨਕ ਬਾਲਾ ਤੇ ਮਰਦਾਨਾ
ਖੜੇ ਸ਼ੇਖ਼ ਦੇ ਦੁਆਰੇ
ਅੰਬਰ ਦੀ ਮੁਸਕਾਨ ਸਰਾਂ 'ਤੇ
ਰਿਸ਼ੀ-ਧਿਆਨ ਉਤਾਰੇ।

ਦਿਸੇ ਅਸੱਖ ਸ਼ੇਖ਼ ਨੂੰ ਤਾਰੇ,
ਕੀ ਮਨ ਕਿਸੇ ਨ ਪੜ੍ਹਿਆ ?
ਸਗਲ ਹਨੇਰਾ ਵਾਂਗ ਛੁਰੀ ਦੇ
ਹੱਥ 'ਚ ਉਸਨੇ ਫੜਿਆ।

ਸੋਚੇ ਉਹ "ਧਨ-ਤਿਖਾ ਬੁਝਾਵਾਂ
ਪਾਕ ਮਿਰੀ ਮਸ਼ਹੂਰੀ!
ਫਿਰ ਕੀ ? ਦਿਲ ਵਿਚ ਚੋਰ ਮਿਰੇ ਜੇ ?
ਮੈਂ ਬਾਹਰੋਂ ਤਾਂ ਨੂਰੀ।

"ਇਹ ਮੁਸਕਾਨ ਰਹੀ ਜੇ ਮੇਰੀ
ਛੁਰੀ ਨ ਵੇਖੇ ਕੋਈ,
ਪਿੰਜਰਾਂ ਦੇ ਭੋਰੇ ਨ ਲੱਭਣ
ਭੇਦ ਨ ਜਾਣੇ ਲੋਈ।

"ਰੱਬਾ! ਨੈਣ ਇਹ ਭੋਲੇ ਜਾਪਣ
ਸੁਨਣ ਸਾਹ ਨਾ ਤਾਰੇ
ਬਿਖ-ਕਾਸੇ ਨਾ ਫੰਧੇ ਵੇਖਣ
ਅੰਨ੍ਹੇ ਲੋਕ ਨਕਾਰੇ।"

ਦੋ ਪਹਿਰ ਰਾਤ ਜਾਂ ਬੀਤੀ
ਧੀਰ ਧਰੇ ਨਾ ਬਾਲਾ:
"ਕਿਉਂ ਰਬਾਬ ਦੀ ਸੁਰ ਨਾ ਬੱਝੇ
ਸ਼ਬਦ ਨ ਸੁਣੇ ਨਿਰਾਲਾ!

"ਭੋਲੇ ਭਾਅ ਮੈਂ ਰਾਤ ਵੇਖਦਾ
ਦਿਸਣ ਨ ਤਾਰੇ ਸੱਜਣ
ਬੇਵਸ ਖੜੇ ਗੁਰੂ ਪੈਗੰਬਰ
ਪੱਤ ਨ ਸਾਡੀ ਕੱਜਣ।"

ਮਰਦਾਨੇ ਦੀ ਯਾਦ 'ਚ ਆਵਣ
ਰਣ ਕਛ ਦੀਆਂ ਵਾਟਾਂ:
ਕੁਦਰਤ-ਟੋਰ ਭੇਜਦੀ ਜਦ ਸੀ
ਦੰਭ ਹੁਸੀਨ 'ਚ ਆਟਾਂ।

ਰੂਪਵੰਤ ਕੁਦਰਤ ਦਾ ਛਲ ਵੀ
ਪਾ ਦੇਵੇ ਵਿਚ ਦੁੱਖਾਂ,
ਜਦੋਂ ਵਿਸ਼ਾਲ ਲੂਣ ਦੀ ਚਾਦਰ
ਲਿਸ਼ਕ ਪਵੇ ਵਿਚ ਧੁੱਪਾਂ।

ਮਿਰਗ ਖੋਰਖਰ ਹਾਥੀ ਲੱਗਣ
ਮੰਝ ਧੁੱਪ ਤੇ ਛਾਵੇਂ,
ਜੰਗਲ ਸਘਣ ਝਾੜ ਸਭ ਜਾਪਣ
ਅਜਬ ਵੀਰਾਨ ਉਹ ਥਾਵੇਂ।

ਹਾਇ! ਤਬਕਾਂ ਦੀ ਨਜ਼ਰ ਇਲਾਹੀ
ਛਲ ਤਿਲਕਦੇ ਮੁੰਦੀ,
ਨਾਗ ਸ਼ੀਂਹ ਨਰ ਹਾਥੀ ਕੋਹੇ
ਛੁਰੀ ਤ੍ਰਿਖਾ ਦੀ ਖੁੰਢੀ।

ਨਾਨਕ ਕਹੇ: "ਗ੍ਰੰਥ ਅਨੇਕਾਂ,
ਸਿਦਕ-ਧ੍ਰਵ ਲੈ ਜੁੱਲੋ।
ਭਾਵੇਂ ਦਿਲ ਮਾਸੂਮ ਬੜੇ ਨੇ
ਚੋਰ ਅਸੰਖ ਨ ਭੁੱਲੋ।

"ਜਾਣੇ ਤੜਪ ਤੂੰ ਉਸ ਬੋਟ ਦੀ
ਜੋ ਵਣ-ਅੱਗ 'ਚ ਵੱਸੇ,
ਧਰਤ ਗਗਨ ਦਾ ਨੇਮ ਅਗੰਮੀ
ਬਿਨ ਦਸਿਆਂ ਇਹ ਦੱਸੇ।

"ਨੈਣ ਮਲੀਨ 'ਚ ਮੁਰਦਾ ਹਿੰਸਾ
ਚੁੱਕੀ ਫਿਰਣ ਅਘੋਰੀ,
ਪੱਤਹੀਣ ਜੂਨਾਂ ਵਿਚ ਤੁਰ ਕੇ
ਪੱਤ ਮਨੁੱਖੀ ਖੋਰੀ।

"ਛਲ ਦੀ ਗੁਫ਼ਾ 'ਚ ਵਿੰਗ ਅਨੇਕਾਂ
ਬਦਲੇ ਭੇਸ ਕਸਾਈ
ਰਹਜ਼ਨ ਚੋਰ ਠੱਗ ਵਿਚ ਨ੍ਹੇਰੇ
ਘੇਰਣ ਨਿਰਛਲ ਰਾਹੀ।"

ਸੁਣਿ ਮਰਦਾਨੇ ਸਮਾਂ ਲੰਘਕੇ
ਸਿਦਕ-ਰਬਾਬ ਵਜਾਈ
ਜਗ ਦੇ ਛਲ ਵਿਚ ਧੁਰ ਦੀ ਯਾਰੀ
ਬਹਿ ਨਾਨਕ ਸੰਗ ਗਾਈ:

"ਕੋਠੇ ਮੰਡਪ ਮਾੜੀ ਸਭ ਹੀ
ਛੱਡਣ ਰੂਪ ਸੁਹਾਣੇ
ਅੰਤ ਕਾਲ ਬਿਨ ਰੂਹ-ਵਫ਼ਾ ਦੇ
ਸਿੰਮਲ ਰੂਪ ਭੁਲਾਣੇ।

"ਰੰਗ ਮਜੀਠ ਕੋਲ ਜੋ ਬੰਦੇ
ਖੁਰੇ ਨ ਅੰਤਮ ਵਾਰੀ,
ਧੁਰ ਦੇ ਲੇਖੇ ਤਕ ਜੋ ਨਿਭਦੀ
ਮੈਂ ਤਾਂਘਾਂ ਉਹ ਯਾਰੀ।

"ਵਣ ਘਣੇ, ਦਰਿਆ ਵੀ ਵਗਦੇ
ਸ਼ੀਂਹ ਝੁੰਡਾਂ ਵਿਚ ਬੁੱਕਣ,
ਵਿੰਗ ਜੂਨ ਦੇ, ਡੂਗਰ ਵਾਟਾਂ,
ਅੰਧ-ਭਾਰ ਨਾ ਮੁੱਕਣ।

"ਬਹੁ ਹੈਰਾਨ ਖ਼ੁਸ਼ ਮੈਂ ਹੋਵਾਂ
ਜਰ ਬਿਰਹੇ, ਮਿਲ ਮਿਲ ਕੇ,
ਅੰਤ ਮੋੜ 'ਤੇ ਮੀਤ ਜੇ ਮੇਰਾ
ਮਿਲੇ, ਮੋਹ ਵਿਚ ਵਿਲਕੇ।

"ਜ਼ਾਹਰ ਰੂਪ ਜਦ ਛਲ ਬਾਤਨ ਦੇ
ਸੁਹਜ-ਦੰਭ ਵਿਚ ਡੋਬੇ,
ਬੰਦੇ, ਦੇਸ, ਧਰਮ ਤਦ ਫਸਦੇ
ਵਿਚ ਦਲਦਲੀ ਖੋਭੇ।

"ਕਾਂਸੀ ਦੀ ਚਮਕ ਮਨਮੋਹਣੀ
ਜਦ ਪਰਖਾਂ ਤਾਂ ਕਾਲੀ,
ਹੰਸ ਜਹੇ ਨਾ ਬਗ ਦੀ ਲੀਲ੍ਹਾ
ਰੂਪਵੰਤ ਮਤਵਾਲੀ।"

ਸੱਜਨ ਸੁਣੇ ਬੋਲ ਗੁਰ ਸੰਦੇ
ਤਲਖ਼ ਰਾਤ ਦੇ ਉਹਲੇ;
ਬਰਫ਼ ਪੰਘਰਦੀ, ਸੁਹਲ ਅੰਕੁਰਾਂ
ਹਰੇ ਖੰਭ ਆ ਖੋਲੇ।

ਫ਼ਜਰ ਤਕ ਰੂਹ ਬਹਿ ਸੱਜਨ ਦੀ
ਲਿਖ ਲਿਖ ਤੋੜੇ ਕਾਨੀ;
ਸ਼ਹੁ ਦਰਿਆ ਚੜ੍ਹੇ ਤਾਂ ਕੂਕੇ
ਖੜੇ ਆ ਪੱਤਣ ਜਾਨੀ।

ਧੁੱਪਾਂ ਸੇਨ ਵੇਖਦਾ ਲਾਹਕੇ
ਦਰਵੇਸ਼ੀ ਦਾ ਚੋਲਾ,
ਪਾਤਸ਼ਾਹਾਂ ਤੋਂ ਕਿਤੇ ਉਚੇਰਾ
ਮਨ ਬੰਦੇਂ ਦਾ ਭੋਲਾ।

ਬਾਲੇ ਮਰਦਾਨੇ ਦੇ ਸਾਹਵੇਂ
ਭੇਦ ਰਿਹਾ ਨਾ ਕੋਈ,
ਗੁਰੂ ਤੁਲੰਭੇ ਨੂੰ ਦੇ ਚੱਲੇ
ਕੋ ਅਦਭੁਤ ਖੁਸ਼ਬੋਈ।

ਨਿਕਲ ਅਸੰਖ ਤਾਰਿਉਂ ਡੋਲੇ
ਤਦ ਹਫਕੇ ਸਾਹ ਕੋਈ,
ਗੁਰ-ਅਸੀਸ ਵਲ ਦੋਵੇਂ ਸਿੱਖਾਂ
ਕਰੀ ਮੂਕ ਅਰਜ਼ੋਈ।

ਮੁੜ ਬਾਰਾਂ ਵਿਚ

ਵਿਦਾ ਤੁਲੰਭੇ ਤੋਂ ਹੋ ਨਾਨਕ
ਨਾਲ ਤੁਰੇ ਦਿਲਦਾਰਾਂ,
ਚੁੱਪ ਕਦੀਮੀ ਰੁੱਖ ਦੀ ਪੁੱਛੇ
ਕੌਣ ਤੁਰੇ ਵਿਚ ਬਾਰਾਂ।

ਕੋਟ ਕਮਾਲੀਆ ਰਾਹੋਂ ਲੰਘਦੇ
ਗੁਰ ਝਾਕਣ ਵਿਚ ਸਾਲਾਂ,
ਘਰ ਦਰ ਕਿਲੇ ਕੂਚਿਉਂ ਸੁਣਦੇ
ਅਣਦਿੱਸ ਯੁਧ-ਧਮਾਲਾਂ।

ਬਾਰਾਂ ਦੇ ਮਾਸੂਮ ਸੂਰਮੇ
ਜਦੋਂ ਨ ਮੰਨੇ ਹਾਰਾਂ
ਚੜ੍ਹ ਕਮਾਲੀਏ 'ਤੇ ਸੀ ਮਾਰੇ
ਮਕਦੂਨੀ ਅਸਵਾਰਾਂ।

ਰਣ ਵਿਚ ਮਰੇ ਕਾਠੀਏ ਮੱਲੀ
ਬਣ ਬਣ ਜੰਗਲ ਹੁੱਲੇ,
ਦਰਦ ਝਨਾਂ ਰਾਵੀ ਦਾ ਪੁੱਛਣ
ਭੇਜ ਹਾੜ ਦੇ ਬੁੱਲ੍ਹੇ।

ਨਾਨਕ ਲਈ ਨ ਬਾਰ ਬਿਗਾਨੀ
ਸਭ ਉਹਦੀਆਂ ਜੂਹਾਂ,
ਹਨ ਚਨਿਓਟ ਲਹੌਰ ਤਕ ਵੀ
ਖਿਛ ਉਹਦੀਆਂ ਰੂਹਾਂ।

ਦੋਵੀ ਸਹਿਜ ਝਨਾਂ ਰਾਵੀ ਦਾ
ਪਿਆ ਅਵਾਜ਼ ਪਛਾਣੇ,
ਸ਼ੇਰਕੋਟ ਤੇ ਝੰਗ ਤਲਵੰਡੀ
ਪੈੜ-ਚਾਪ ਹਰ ਜਾਣੇ।

ਨਰਸਿੰਘ-ਪੂਜ ਵੇਖ ਕੇ ਬਾਲਾ
ਝੰਗ ਬਾਰ ਵਿਚ ਸੋਚੇ :
"ਨਾਨਕ ਇਸ ਅਵਤਾਰ ਵਾਂਗ ਨਾ
ਹਰਨਾਕਸ਼-ਦਿਲ ਨੋਚੇ।

"ਦਿਲ ਦੀ ਬੰਦੀ ਵੱਥ ਨੂੰ ਨਾਨਕ
ਬਾਲ ਵਾਂਗ ਗਲ ਲਾਵੇ,
ਧਰਤ ਕਰੰਡ ਨੂੰ ਵਾਂਗ ਦੁਆਵਾਂ
ਜਲ ਦੇ ਬੀਜ ਉਗਾਵੇ।

"ਖ਼ੂਨੀ ਚੋਰ ਧਾੜਵੀ ਨੂੰ ਗੁਰ
ਪੂਰੇ ਦੇ ਵਾਂਗ ਸੁਆਵੇ,
ਮੁੱਦਤ ਪਿੱਛੋਂ ਮਾਂ ਦੀ ਲੋਰੀ
ਯਾਦ ਕਰਾਇ ਜਗਾਵੇ।

"ਭਾਵੇਂ ਛਲ ਦੇ ਚਿਹਨ ਅਨੇਕਾਂ
ਲੁਕਣ-ਛਿਪਣ ਲੱਖ ਸਾਏ,
ਦਿਲ ਵਿਸ਼ਾਲ ਨਾਨਕ ਦਾ ਸੁੱਚਾ
ਅਸਲੀ ਸ਼ਕਲ ਦਿਖਾਏ।"

ਤਲਵੰਡੀ ਸੁਲਤਾਨਪੁਰ ਵਿਚ ਉਡੀਕਾਂ

ਸਦੀ ਸੋਲਵੀਂ ਹਜ਼ਰਤ ਈਸਾ
ਵਰ੍ਹਾ ਚੌਧਵਾਂ ਬੀਤੇ
ਚੇਤਰ ਮਾਹ ਵਣੀਂ ਹਰਿਆਵਲ
ਦਰਦ ਨ ਜਾਵਣ ਸੀਤੇ।

ਮਾਤ ਪਿਤਾ ਤੇ ਰਾਇ ਬੁਲਾਰ ਸੀ
ਬੈਠ ਅਦਿੱਸ ਬਨੇਰੇ,
ਸੁਣਦੇ ਪੈੜ-ਚਾਪ ਜੋ ਦੂਰੋਂ
ਪਲ ਪਲ ਪਾਵੇ ਫੇਰੇ।

ਨਾਸ਼ਮਾਨ ਜਗਤ ਹੈ ਭਾਵੇਂ
ਖ਼ੂਨੀ ਵਗੇ ਹਨੇਰੀ,
ਮੋਹ ਵਿਜੋਗ ਪਰ ਰਹਿਣ ਸਲਾਮਤ
ਨਾਲ ਉਡਾਣ ਉਚੇਰੀ।

ਘਰ ਮਰਦਾਨੇ ਦਰ ਬਾਲੇ ਦੇ
ਦਸਤਕ ਸੁਣਦੀ ਤੜਕੇ,
ਦੂਰ ਗਗਨ ਤੋਂ ਪੰਛੀ ਉਤਰੇ
ਜਦ ਉੱਡੇ ਦਿਲ ਧੜਕੇ।

ਤਲਵੰਡੀ ਤੋਂ ਦੂਰ ਸਿੱਕਦਾ
ਖੜਾ ਅਜਿੱਤ ਰੰਧਾਵਾ:
"ਰਾਵੀ ਨੇੜ ਵਸੇ ਘਰ ਨਾਨਕ
ਦੇਸ ਖਿੜੇ ਹੋ ਸਾਵਾ।

ਲੋਚੇ: "ਕਦੇ ਸਮਾਂ ਉਹ ਆਵੇ
ਜਦ ਰਾਵੀ ਦੇ ਪਾਣੀ,
ਬਣ ਅਰਦਾਸ ਗੁਰੂ ਦੀ ਲਾਵਣ
ਗਲ ਇਹ ਖ਼ਾਕ ਨਿਮਾਣੀ।

"ਜੇ ਵਿਸਮਾਦ ਨਾਮ ਦਾ ਉੱਗੇ
ਵਸੇ ਜੋ ਨਾਨਕ ਨੈਣੀਂ,
ਪੈੜ ਦਿਸੇ ਉਹ, ਦਾਤ ਧੁਰ ਦੀ
ਚਹੁੰ ਕੁੰਟਾਂ ਨੇ ਲੈਣੀ।

ਖ਼ਾਬ ਲਵੇ: "ਇਸ ਰਾਵੀ ਪੱਤਣ
ਵਸਣ ਪਵਿੱਤਰ ਢੋਕਾਂ,
ਜਦੋਂ ਨਾਦ ਕਰਤਾਰ ਦਾ ਡੂੰਘਾ
ਪੌਣ 'ਚ ਸੁਣਿਆ ਲੋਕਾਂ।"

ਪਾਰ ਬਿਆਸ ਵੱਗਦੀ ਵੇਈਂ
ਮੂਕ ਨਾਨਕੀ ਵੇਖੇ:
ਲਹਿਰਾਂ ਉਹੀ ਜਿਨਾਂ ਦੇ ਹੁੰਦੇ
ਦੂਰ ਅਕਾਲ 'ਚ ਲੇਖੇ

ਅੰਗ ਸੰਗ ਜਿਹਨਾਂ ਦੇ ਚੱਲੇ
ਵੀਰ ਅੰਬੜੀ ਜਾਇਆ,
ਤਪਦੇ ਥਲੀਂ ਜਿਨਾਂ ਨੂੰ ਤਾਂਘੇ
ਕੌ ਪੰਖੀ ਤ੍ਰਿਹਾਇਆ।

ਤਲਵੰਡੀ ਵਿਖੇ

ਸੋਅ ਨਾਨਕ ਦੀ ਸੁਣੀਂ ਮਾਂ ਨੇ
ਘਰਾਂ ਦਰਾਂ ਵਿਚ ਧੁੰਮੀ,
ਚਹੁੰ ਕੁੰਟਾਂ ਵਿਚ ਪੁੱਤ ਦੀ ਬਾਣੀ
ਨਾਲ ਪੰਛੀਆਂ ਘੁੰਮੀ।

ਖੜੀ ਸੁਲੱਖਣੀ ਵਿਚ ਬਰੂਹਾਂ
ਦਿਲ ਦਾ ਪੈਂਡਾ ਡਾਢਾ।
ਤੇਜ ਪਤੀ ਦਾ ਪਈ ਉਡੀਕੇ
ਸਦਾ ਜੁ ਰਹੇ ਦੁਰਾਡਾ।

ਚਿਤਵਣ ਪੁੱਤ ਜੁਆਨ ਗੁਰੂ ਦੇ:
"ਅਸਾਂ ਹੀ ਜਰਿਆ ਜਾੜਾ;
ਉਹਦਾ ਨੂਰ ਜਗਤ ਕਿਉਂ ਵੰਡੇ
ਹੱਕ ਜਿਦ੍ਹੇ 'ਤੇ ਸਾਡਾ।"

ਮਾਹ ਵਿਸਾਖ ਵਣਾਂ 'ਤੇ ਜੋਬਨ
ਚਹਿਕਣ ਖੂਹ 'ਤੇ ਨਾਰਾਂ,
ਅਤਿ ਗੰਭੀਰ ਵੇਖ ਗੁਰ ਹੋਵਣ
ਧੁਰ ਤੋਂ ਚੰਚਲ ਡਾਰਾਂ।

ਪਿੰਡ ਦੇ ਖੂਹੋਂ ਪਾਣੀ ਪੀਤਾ
ਆ ਮਰਦਾਨੇ ਬਾਲੇ,
ਅਪਣੱਤ ਕੋ ਖਿੜੀ ਰੁੱਤ ਵਰਗੀ
ਸੱਥ ਸਦਾ ਸੰਭਾਲੇ।

ਦੋਵੇਂ ਸੰਗੀ ਗੁਰੂ ਪਰਸਦੇ
ਘਰ ਦਰ ਨਗਰੀ ਅੰਦਰ,
ਬੀੜਾਂ, ਬਾਲ, ਬੂਟੜੇ, ਮੰਗੂ,
ਹਰ ਛਿਣ ਦਿਸੇ ਪਗੰਬਰ

ਬਾਲਪਨ ਤਰਨਾਪੇ ਮਿੱਠੇ
ਖੂਹ ਵਲ ਪਾਵਣ ਫੇਰੇ
ਚੁੰਮ੍ਹ ਗਹੀਰ ਗਿਆਨ ਗੁਰੂ ਦਾ
ਖਾਣ ਚਰਖ਼ ਸਭ ਗੇੜੇ।

ਭਾਵੇਂ ਘਰ ਵਿਚ ਨਾਨਕ, ਫਿਰ ਵੀ
ਕਾਲੂ ਸੁਣਦਾ ਆਹਟਾਂ,
ਮਿੱਠਾ ਮੋਹ ਪੁੱਤ ਦਾ ਮਾਣੇ
ਸ਼ਾਹਰਗ ਚੁੰਮੇ ਵਾਟਾਂ।

ਕਲਪੇ ਰਾਇ: "ਮੈਂ ਚਿਰ ਤੋਂ 'ਕੱਲਾ
ਕੌਣ ਲਏ ਅੱਜ ਸਾਰਾਂ?
ਧੌਲਰ, ਭੌਂ, ਨਫਰ ਦੇ ਹੁੰਦਿਆਂ
ਪਾਏ ਸੁੱਢ ਵੰਗਾਰਾਂ।

"ਸੁੱਖ ਕਠੋਰ ਕੱਟ ਅੱਜ ਨਾਨਕ
ਰੱਬੀ ਨਹਿਰ ਵਗਾਵੇ;
ਗੈਬੀ ਹੁਸਨ ਮਿਨਾਰ ਉੱਚ ਤੋਂ
ਸੈਨਤ ਨਾਲ ਬੁਲਾਵੇ;

"ਨਹਿਰ ਜਿਦ੍ਹੇ ਜੋਬਨ ਦੇ ਸੁਾਵੇਂ
ਕਦੇ ਫ਼ਰੇਬ ਨ ਰੋਵੇ
ਲਹਿਰਾਂ ਦੀ ਮਾਲਾ ਨੂੰ ਸ਼ੀਰੀਂ
ਸਾਲਕਾਂ ਲਈ ਪ੍ਰੋਵੇ।

"ਗੁਰ ਮੈਨੂੰ ਮਾਂ ਵਾਂਗ ਖਿਡਾਵੇ
ਚੁੰਮ੍ਹ ਬਾਲ-ਫ਼ਰਿਆਦਾਂ,
ਕੋ ਮੀਤ ਇਸ ਰਾਹ ਲੰਮੇ 'ਤੇ
ਨਾਲ ਤੁਰੇ ਲੈ ਯਾਦਾਂ।"

ਪੈੜ-ਚਾਪ ਨਾਨਕ ਦੀ ਸੁਣਦੀ
ਖੁਰੇ ਹਨੇਰ 'ਚ ਤਾਰਾ,
ਉਡਦਾ ਵਲ ਬੰਦਗੀ-ਅਰਸ਼ਾਂ
ਨੂਰ ਦਾ ਕੋ ਹਰਕਾਰਾ।

ਦਸਤਕ ਸੁਣੀ ਬਿਹੂ ਗਲ ਲੱਗੀ
ਕਾਂਗ ਵਸਲ ਦੀ ਲੰਮੀ,
ਬੈਠ ਤਾਰਿਆਂ 'ਤੇ ਬੁਲਾਰ ਨੇ
ਕਰੀ ਨਮਾਜ਼ ਅਗੰਮੀ।

ਸੁਲਤਾਨਪੁਰ ਵਲ ਤੁਰਦਿਆਂ

ਇਕ ਦਿਨ ਕਿਹਾ ਤ੍ਰਿਪਤਾ ਮਾਂ ਨੇ:
"ਪੁੱਤ! ਭੈਣ-ਘਰ ਜਾਵੇਂ;
ਤੁਰ ਕੇ ਵਾਟਾਂ, ਲੰਘ ਬਿਆਸਾ
ਵੇਈਂ ਨੂੰ ਗੱਲ ਲਾਵੇਂ।

"ਪੁੱਤ ਧੀ ਬੰਦਗੀ ਮਾਂ ਦੀ
ਹਰ ਅੰਬਰ ਤੋਂ ਵੱਡੇ
ਭਾਵੇਂ ਤੇਰਾ ਸੱਚ ਨਿਆਰਾ
ਦਿਲ ਭੈਣਾਂ ਨ ਛੱਡੇ।"

ਨਾਨਕ ਕਿਹਾ: "ਮੈਂ ਪੁਰ ਸੁਲਤਾਨੇ
ਵਾਂਗ ਬੰਦਗੀ ਜਾਵਾਂ
ਨਾਸ਼ਮਾਨ ਜਗਤ ਵਿਚ ਨਰ ਦਾ
ਸਾਹ ਗੁਪਤ ਮੈਂ ਪਾਵਾਂ।

"ਨਿਹਕਲੰਕ ਬਾਲਪਨ ਅੰਦਰ
ਵੱਖਰ ਦਿਲ ਦੀ ਜੀਵੇ
ਯਾਦ ਰਹੇ ਝੱਖੜ ਵਿਚ ਪੰਖੀ
ਸ਼ਾਖ਼ ਹਰੀ ਸਦ ਜੀਵੇ।

"ਭੈਣ ਭਰਾ ਮਾਵਾਂ ਦੇ ਰਿਸ਼ਤੇ
ਕੰਤ ਨਾਰ ਦੇ ਮੋਹ ਵੀ;
ਵੱਖਰ ਧੁਰ ਦੀ ਸਾਂਭ ਲਵੇਂ ਜੇ
ਰਹਿਣ ਸਲਾਮਤ ਉਹ ਵੀ।

"ਧਰ ਦੇ ਨੀਰ ਖ਼ਾਕ ਖੁਰ ਜਾਸਨ
ਲੱਖ ਸੂਰਜ ਮਿਟ ਜਾਣੇ,
ਹੋਰ ਥਾਂ 'ਤੇ ਨਦੀ ਵਗਾਣਗੇ
ਸਿਦਕ ਦੇ ਕੌਲ ਪੁਰਾਣੇ।

"ਤਰਜ ਅਗੰਮ ਰਹੇਗੀ ਬਾਕੀ
ਗਰਦ ਬਣੇ ਜੇ ਪੈਂਡਾ,
ਮੌਤ ਦੇ ਤੁਰਨ ਕਾਫ਼ਲੇ ਲੰਮੇ
ਮੂਣਸ-ਦਰਦ ਨਾ ਸੈਂਦਾ।

"ਮੌਤ ਦਾ ਸਫ਼ਰ ਨਵੇਲਾ ਮਾਏ
ਮੈਂ ਵੀ ਜਾਸਾਂ 'ਕਲਾ;
ਮੋਹ ਜਗਤ ਦੀ ਖ਼ਾਕ 'ਚ ਰਹਿਣਾ
ਕਦੇ ਨ ਜਾਵੇ ਝੱਲਾ।"

ਵਗਦੀ ਵੇਈਂ ਦੇ ਵਿਚ ਨਾਨਕ
ਰਹਿਮ ਧੁਰਾਂ ਦਾ ਪੀਤਾ;
ਬਾਂਝ ਖ਼ਾਕ ਵਿਚ ਭੈਣ ਨਾਨਕੀ
ਯਾਦ ਬੀਜਿ ਜਗ ਜੀਤਾ।

ਤਾਂ ਸੁਲਤਾਨਪੁਰੇ ਨੂੰ ਨਾਨਕ
ਘਰ ਮੁਰੀਦ ਛੱਡ ਚੱਲੇ,
ਕਦੇ ਨ ਜਗ ਦੇ ਨਿੱਕੇ ਰਿਸ਼ਤੇ
ਨਾਲ ਬੰਦਗੀ 'ਕੱਲੇ।

(ਇਤਿ ਸਰਗ ਅੱਠਵਾਂ)

ਸਰਗ ਨੌਵਾਂ

ਗੁਰਮੁਖਿ ਖੋਜਤ ਭਏ ਉਦਾਸੀ
(ਤੀਸਰੀ ਉਦਾਸੀ)

ਭਾਗ ਪਹਿਲਾ

ਸੁਮੇਰ ਪਰਬਤ ਉੱਤੇ
ਆਦਿ ਜੁਗਾਦੀ ਪ੍ਰਭਾਤ

ਦਿਸੇ ਸੁਮੇਰ-ਦੁਆਰ, ਲੰਘ ਹਿਮਾਲਿਆ
ਰੰਗ ਅਨੂਪ ਅਪਾਰ, ਚੁੱਪ ਸੰਭਾਲਿਆ।
ਬ੍ਰਹਮਪੁੱਤਰ ਦੀ ਹੂਕ, ਜੁਗਾਂ 'ਚ ਛੁਪੀ ਸੀ
ਵਿਛੜੇ ਹੰਸ ਦੀ ਕੂਕ, ਕਮਲ 'ਤੇ ਝੁਕੀ ਸੀ।
ਸਾਂਭੇ ਝੀਲ 'ਚ ਸਿੰਧ, ਕਾਲ ਦੇ ਭੇਦ ਨੂੰ
ਸਪਤ ਸਿੰਧ ਜਾ ਜਿੰਦ, ਮਿਲਦੀ ਵੇਦ ਨੂੰ।
ਢੂੰਡੇ ਸਤਲੁਜ ਨੀਰ, ਰਾਖ਼ਸ਼ ਤਾਲ ਚੋਂ
ਕਾਲ ਦਾ ਮੁੱਢ ਅਖ਼ੀਰ, ਫੜੇ ਪਤਾਲ ਚੋਂ।
ਬਹੁਤ ਡੂੰਘੜੇ ਬੋਲ, ਸਦੀਆਂ ਤਲੇ ਸੀ
ਤ੍ਰੈ ਨੈਆਂ ਦੇ ਕੌਲ, ਉਡ ਉਡ ਰਲੇ ਸੀ।
ਮਾਨਸਰੋਵਰ ਸ਼ਰਬਤ, ਸੰਗ ਕੈਲਾਸ਼ ਦੇ
ਹਿਮ-ਨਗੀਨਾ ਪਰਬਤ, ਲਾਮੇ ਆਖਦੇ।
ਜੋਧ ਮਹਾਂਬਲਿ ਤਾਣ, ਦਿਸੇ ਸੁਮੇਰ ਦਾ
ਖਿੜ ਖਿੜ ਚਾੜ੍ਹੇ ਪਾਣ, ਕਮਲ ਸਵੇਰ ਦਾ।
ਕੂਲੇ ਚੰਨ ਦੇ ਵਾਣ, ਫੁੱਲ ਸੀ ਮਦਨ ਦੇ
ਨੂਰ 'ਚ ਵਸਣ ਪ੍ਰਾਣ, ਪਰਬਤ ਨਗਨ ਦੇ।
ਸਦੀਆਂ ਦੀ ਵਿਚ ਚੁੱਪ, ਸ਼ੰਕਰ ਸੌਂ ਰਿਹਾ
ਗੌਰੀ ਕੁੰਡ 'ਚ ਛੁੱਪ, ਜੋਬਨ ਰੌਂ ਰਿਹਾ।
ਝਲਕ ਦੂਧੀਆ ਹਿਮ, ਪੈਂਦੀ ਧੁੱਪ 'ਤੇ
ਕਮਲ-ਨਾਦ ਝਿਮ ਝਿਮ, ਸੀਨੇ ਚੁੱਪ ਦੇ।

ਪਾਵਨ ਚੁੱਪ ਇਕਾਂਤ, ਬਰਫ਼ਾਂ ਸੰਦੜੀ
ਜਿਉਂ ਕੋ ਰਹਿਮਤ ਸ਼ਾਂਤ, ਸਿਖਰ ਸੁਹੰਦੜੀ
ਸੁੱਤੀ ਬੂੰਦ ਸਵਾਂਤ, ਵਾਂਗ ਸੁਗੰਧੜੀ
ਤੜਪਿ ਪਿਊਸ਼ੀ ਤਾਂਘ, ਦੂਰ ਸੁਣੰਦੜੀ।

ਬਾਜ਼

ਲੈ ਅੰਬਰ ਦਾ ਜ਼ੋਰ, ਉੱਡੇ ਬਾਜ਼ ਕੋ
ਮਾਂਧਾਤਾ 'ਤੇ ਭੋਰ, ਵੇਲੇ ਉਤਰਦਾ।
ਨਦਰ ਲੰਮੇਰੀ ਸਾਰ, ਲੈਂਦੀ ਕਾਲ ਦੀ
ਵੇਖੇ ਸਦੀਆਂ ਪਾਰ, ਮਾਨਸ ਲਹਿਰਦੀ।
ਸਿਮਰੇ ਰਾਖ਼ਸ਼ ਤਾਲ, ਰਾਵਣ-ਤਪਾਂ ਨੂੰ
ਖੁਰੇ ਹਜ਼ਾਰਾਂ ਸਾਲ, ਮਾਨਸ ਚਿਤਵਦੀ।
ਤੱਕੇ ਤਪੀ ਸੁਮੇਰ, ਬਰਫ਼ਾਂ ਢੱਕਿਆ
ਓਮਾ ਪਹਿਣ ਸਵੇਰ, ਤਨ ਵਿਚ ਸਿਮੀ ਸੀ।
ਸ਼ਿਵ-ਨੈਣਾਂ 'ਚ ਪੈਣ, ਗੌਰੀ-ਕੁੰਡ 'ਤੇ
ਹੜ੍ਹ ਰਿਸ਼ਮਾਂ ਦੇ ਲਹਿਣ, ਬਰਫ਼ ਅਲੇਪ ਤੋਂ।
ਹੋ ਹੈਰਾਨਾ ਬਾਜ਼, ਵਿਚ ਧਿਆਨ ਦੇ
ਸਮਿਆਂ ਵਿਚ ਪਰਵਾਜ਼, ਲਾ ਲਾ ਸੋਚਦਾ:
"ਕਿਉਂ ਵਿਸਮਾਦ 'ਚ ਜੀਣ, ਇਸ ਖਿਣ ਪੰਖਨੂ
ਕਣ ਕਣ ਰਤਨ ਅਸੀਮ, ਹਿਮ ਦਾ ਬਰਕਦਾ!
ਸਿੱਧ ਖੜੇ ਹੈਰਾਨ, ਅੱਗੇ ਗੁਫ਼ਾਂ ਦੇ
ਤਨ ਪਰਬਤ ਕੋ ਤਾਨ, ਝੂੰਮੇ ਦੂਰ ਤੋਂ।
ਕਿਹੜੇ ਕਦਮ ਅਟੱਲ, ਨਾਦ ਲੈ ਅਣਸੁਣੇ
ਉੱਭਣ ਪਰਬਤ ਵੱਲ, ਦੂਰ ਦੁਰਾਡਿਉਂ?
ਧਾਵਾ ਕਰਦੀ ਪੌਣ, ਮੰਡਲ ਕਵਨ ਚੋਂ?
ਸ਼ੌਕ-ਹੜਾਂ ਵਿਚ ਕੌਣ, ਤੁਰੇ ਦੀਵਾਨੜਾ?
ਹੱਫਦੇ ਮਤ-ਮਤਾਂਤ, ਆਉਣ ਉਜਾੜ ਚੋਂ
ਮੰਗਣ ਬੂੰਦ ਸਵਾਂਤ, ਗਗਨ ਅਦਿੱਸ ਤੋਂ!
ਲੋਹਾਰੀਪਾ ਚਰਪਟ, ਸੁਣਦੇ ਕੰਨ ਲਾ
ਕਵਨ ਬਰਸਦੀ ਬਰਕਤ, ਤਲਖ਼ ਉਜਾੜ 'ਤੇ!
ਲਰਜ਼ਾਈ ਕਾਇਨਾਤ, ਦੈਵੀ ਧਮਕ ਨੇ
ਦਿਨ ਲਹਿਰਣ ਵਿਚ ਰਾਤ, ਗ਼ੈਬੀ ਨਜ਼ਰ ਤੋਂ।

ਸਿੱਧ ਖੜੇ ਓਹ ਨਾਲ, ਵੱਡੇ ਨਾਥ ਦੇ
ਸਗਲ ਸਮੇ ਦੀ ਚਾਲ, ਢੂੰਡਣ ਦੇਹ ਚੋਂ।"

ਚਰਪਟ ਨਾਥ ਦਾ ਆਵੇਸ਼

ਪਈ ਵਚਿੱਤਰ ਸੰਧ, ਲਾਮਾ ਦੇਸ 'ਤੇ
ਜਾਪਣ ਖੁਰਦੇ ਰੰਗ, ਸੁਫ਼ਨੇ ਬਰਫ਼ ਦੇ।
ਤਿਲਕ ਰਹੀ ਹਰ ਜਿੰਦ, ਜੋਬਨ ਨਾਲ ਹੀ
ਵੱਛ ਅੰਬਰ ਇਕ ਬਿੰਦ, ਵਿਚ ਨੇ ਗ਼ਰਕਣੇ।
ਤਪਦੇ ਸੂਰ ਅਨੇਕ, ਜੋਬਨਵੰਤ ਜੋ
ਵਾਂਗ ਉਹ ਮਿਟਦੀ ਰੇਖ, ਸੁੰਨ 'ਚ ਬਿਖਰਣੇ।
ਹਰੀ ਭਰੀ ਹਰ ਸ਼ੈਅ, ਤੰਦੂਏ ਵਾਂਗ ਹੀ
ਵਲ ਉਜਾੜਾਂ ਭੈਅ, ਪਲ ਪਲ ਖਿੱਚਦੇ।
ਸੰਧ ਮੁਨੇਰ ਦੇ ਪਾਰ, ਚਰਪਟ ਨਾਥ ਨੇ
ਲਈ ਇਕਾਂਤ 'ਚ ਸਾਰ, ਦਿਲ ਬੇਚੈਨ ਦੀ
ਡੂੰਘੇ ਦਰਦ 'ਚ ਤੋਲ, ਉਮਰ ਦੇ ਯੋਗ ਨੂੰ
ਕਦੇ ਨਰਮ ਕੋ ਬੋਲ, ਕੋਰੇ ਪੱਤ ਜਿਉਂ।
ਭੈਅ ਕਲਪਨਾ ਜ਼ੋਰ, ਪਾਵਣ ਨਾਥ 'ਤੇ
ਮਹਿੰਦੀ ਰੰਗੀ ਤੋਰ, ਕਦੇ ਹੈ ਵੇਖਦਾ;
ਕਦੇ ਤਾਂ ਵਿਚ ਆਵੇਸ਼, ਤਨ ਮਨ ਗਰਜਦੇ
ਕਦੇ ਤਾਂ ਰੰਗ ਹਮੇਸ਼, ਚੜ੍ਹਦਾ ਸ਼ਬਦ 'ਤੇ;
ਉਲਝਣ, ਸਬਰ, ਗ਼ਰੂਰ, ਮਸਤਕ ਨਾਥ ਦੇ
ਦਸਮ ਦੁਆਰਾ ਦੂਰ, ਦਸਤਕ ਦੇਂਵਦਾ।
ਨਾਥ ਨ ਮਾਰੇ ਹਾਕ, ਸੰਗੇ ਚੁੱਪ ਤੋਂ
ਗਿਰੇਵਾਨ ਵਿਚ ਝਾਕ, ਡਰਦਾ ਆਪ ਤੋਂ।
ਬੋਲੇ ਕੂਲੇ ਬੋਲ, ਚਰਪਟ ਸਿੱਧ ਨੇ
ਮਿਲੇ ਆਪ ਨੂੰ ਟੋਲ, ਸਾਵ੍ਹੋਂ ਆਪ ਦੇ
ਢੂੰਡ ਰਿਹਾ ਕੋ ਸਾਥ, ਵਿਚ ਮੁਨੇਰ ਦੇ
ਲਵੇ ਦਰਦ ਦੀ ਹਾਥ, ਯੋਗ ਵਿਸਾਰ ਕੇ।
"ਚਿਰ ਤੋਂ ਗਿਰੀ ਅਛੇਦ, ਮੈਨੂੰ ਜਾਣਦਾ
ਦੇਹ ਦੇ ਲੱਖਾਂ ਭੇਦ, ਸਿੱਧਾਂ ਸੰਗ ਮੈਂ।
ਜੋਤ ਧਿਆਨ ਦੀ ਬਾਲ, ਨਜ਼ਰਾਂ ਹੋਰ ਲੈ
ਵੇਖਾਂ ਨਭ ਦੇ ਨਾਲ, ਰਾਹ ਧਿਆਨ ਦੇ।

ਨਾਦ ਦੀ ਸੁਰਤ ਅਥਾਹ, ਦੇਹ 'ਚ ਵਿਗਸਦੀ
ਖਟ ਕਰਮਾਂ ਦੇ ਰਾਹ, ਯੋਗ ਤਰਾਸ਼ਦਾ।
ਕਰੇ ਪ੍ਰਾਣਾਯਾਮ, ਸ਼ਕਤੀ ਹਠਾਂ ਦੀ
ਕੋਟ ਅਚੰਭਾ ਧਾਮ, ਦੇਹ 'ਚ ਉਗਮਦੇ!
ਤਪ ਰਹੇ ਵਿਚ ਖ਼ਲਾਅ, ਐਪਰ ਸਿੱਧੀਆਂ
ਤ੍ਰਿਸ਼ੰਕੂ ਜਿਉਂ ਸਾਹ, ਹਫ ਹਫ ਲੈਂਦੀਆਂ।
ਦੇਹੀ ਕਾਲ ਬਿਬੇਕ, ਵੇਖਾਂ ਲੰਘ ਮੈਂ
ਨਾਸ਼ਮਾਨਤਾ ਲੇਖ, ਲਿਖਦੀ ਅੰਤ ਨੂੰ।
ਦਹਦਿਸ ਤੋਂ ਚੜ੍ਹ ਦੁੱਖ, ਭਖਦਾ ਸਿੱਧ ਨੂੰ
ਪਰਬਲ ਮੌਤ ਕੋ ਛੁਪ, ਸਭ ਨੂੰ ਵੇਖਦੀ।

ਵਾਹ! ਹੁਣ ਅਮਿਉ-ਕਾਂਗ, ਕਾਹਤੋਂ ਹੁੱਲਦੀ?
ਦੇਹ ਵਿਚ ਨਵਾਂ ਸਵਾਂਗ, ਰਚਿਆ ਸਮੇ ਨੇ!
ਮੁਰਗ ਵਾਂਗ ਹੁਣ ਬਾਂਗ, ਦਿੱਤੀ ਪਰਬਤਾਂ
ਕੀਤੀ ਕਿਸਦੀ ਤਾਂਘ, ਦੋਵੇਂ ਸਰਵਰਾਂ?
ਕੀ ਓਮਾ ਦੀ ਮਾਂਗ, ਸਰਘੀ ਰੰਗਸੀ
ਲੱਥੇ ਪੰਛੀ ਵਾਂਗ, ਬਰਫ਼ ਸੁਮੇਰ 'ਤੇ!
ਹਰ ਨਵ ਕੂੰਬਲ ਖੰਭ, ਬਣਦੀ ਭੋਇੰ ਦੇ
ਫੜੇ ਅਗੋਚਰ ਰੰਗ, ਦੂਰ ਦੀ ਪੈੜ ਦੇ।
ਰਾਹ ਭੁੱਲਾਂ ਲੈ ਲੋ, ਭੁੰਚ ਆਨੰਦ ਮੈਂ
ਜਗਤ ਮੁਨਸ ਦਾ ਮੋਹ, ਹੁਣ ਕਿਉਂ ਆਂਵਦਾ?
ਹਾਂ! ਅਸੰਖ ਉਹ ਲੋਕ, ਤਪੀ ਨ ਸਿੱਧ ਜੋ
ਕਿਉਂ ਜੋਗੀ ਦੀ ਢੋਕ, ਇਸ ਪਲ ਗਾਂਵਦੇ!
ਭਲੇ, ਦੀਨ ਤੇ ਅੰਧ, ਲੋਕ ਜੁ ਦੁਨੀ ਦੇ
ਕਿਵੇਂ ਅਦੁੱਤੀ ਰੰਗ, ਮੈਨੂੰ ਬਖ਼ਸ਼ਦੇ?
ਜਗਤ-ਨੈਂਅ ਨੂੰ ਪਾਰ, ਕੀਤਾ ਕਦੋਂ ਦਾ,
ਕਿਉਂ ਹੁਣ ਮੁੜਾਂ ਉਰਾਰ, ਸੁਣ ਇਕ ਹੇਕ ਮੈਂ?
ਜੋ ਅਨਹਦ ਪੈਗ਼ਾਮ, ਜਗ ਦੇ ਰਚਨ ਤੋਂ,
ਉੱਠਣ ਕਰ ਪ੍ਰਣਾਮ, ਛੁਹ ਕੇ ਚਰਨ ਕੋ।
ਕਿਸ ਰਾਹੀ ਦੇ ਪੈਰ, ਐਨੇ ਉੱਜਲੇ
ਮਾਨਸ-ਜਲ ਤਕ ਲਹਿਰ, ਜਿੱਥੋਂ ਗਮਕਦੀ!
ਉੱਡੇ ਰਮਜ਼ ਬਾਰੀਕ, ਕਾਲ ਨ ਪੁੱਜਦੇ
ਦਿਲ ਦੀ ਤੜਪ ਅਮੀਕ, ਓਧਰ ਧਾਂਵਦੀ।"

ਭਾਗ ਦੂਸਰਾ

ਤਲਵੰਡੀ ਤੋਂ ਸੁਮੇਰ ਵਲ

ਬਾਰ 'ਤੇ ਰੰਗ ਵੈਸਾਖ ਦੇ, ਸਾਖਾਂ ਵੇਸ ਕਰੇ
ਰਾਵੀ ਅਤੇ ਚਨਾਬ ਦੇ, ਪੱਤਣ ਦਿਸਣ ਹਰੇ
ਦੂਰੋਂ ਦੱਖਣ ਦੇਸ ਤੋਂ, ਨਾਨਕ ਆਉਣ ਘਰੇ
ਤਾਂ ਸੁਰ ਇਕ ਅਗੰਮ ਦੀ, ਵਲ ਕੈਲਾਸ਼ ਤਰੇ;
ਜਦ ਸਾਰੰਗ ਨੂੰ ਸਿੱਕਦੀ, ਬੂੰਦ ਸਵਾਂਤ ਮਰੇ
ਦਰ ਮਰਦਾਨੇ ਜਾਇ ਕੇ, ਨਾਨਕ ਕਹਿਣ ਖੜੇ:
"ਸਦ. ਬਾਲਾ ਮਰਦਾਨਿਆਂ, ਪੈਂਡੇ ਦੂਰ ਬੜੇ!
ਅੰਗ ਸੁਮੇਰ ਦੇ ਸਦਾ ਤੋਂ, ਬਰਫ਼ਾਂ ਨਾਲ ਠਰੇ
ਉਸ ਜੋਗੀ ਨੂੰ ਨਿੱਤ ਹੀ, ਸੂਰਜ-ਰਿਸ਼ਮ ਵਰੇ;
ਸਿੱਧ, ਸੰਤ ਤੇ ਰਿਸ਼ੀ ਬਹੁ, ਬੈਠਣ ਸੋਨ ਦਰੇ
ਦੇਹ ਦੀ ਧੂੜ ਮਹੀਨ ਨੇ, ਯੋਗ ਦੇ ਰਾਹ ਭਰੇ
ਧਰੂ ਦੇ ਮੋਹ 'ਚ ਭੁੰਚ ਮੈਂ, ਕਰਾਂ ਗਿਆਨ ਖਰੇ
ਸੁੰਨ ਅਥਾਹ ਅਚਿਹਨ ਤੋਂ, ਦਿਲ ਦੀ ਵਾਟ ਪਰੇ
ਹੋਇ ਬਿਗਾਨਾ ਜੱਗ ਨਾ, ਸਦ ਵਸ ਦਯਾ ਘਰੇ
ਉਡ ਨ ਉੱਚਾ ਪੰਛੀਆ! ਧਰੂ ਹਰ ਬ੍ਰਿਹਾ ਜਰੇ।"

ਮਰਦਾਨੇ ਦਾ ਗੀਤ

ਕਿਹਾ ਮੁਰੀਦ ਨੇ ਪੀਰ ਨੂੰ: "ਤਿਰੀ ਅਸੀਸ ਫਲੇ
ਤਿਰੇ ਸੁਖ਼ਨ ਇਹ ਦਹਦਿਸੀਂ, ਦੀਵੇ ਵਾਂਗ ਬਲੇ
ਤੈਂ ਬੋਲ ਸੰਗ ਸ਼ਬਨਮਾਂ, ਤਾਰਿਆਂ ਵਿਚ ਰਲੇ;
ਪਿਉ ਦੀ ਛਾਂ ਤਦ ਹੋਣਗੇ, ਇਹ ਜੁ ਨੈਣ ਭਲੇ
ਬੇਕਿਰਾਂ ਇਹ ਅਰਸ਼ ਜਾਂ, ਮੋਮ ਸਮਾਨ ਢਲੇ
ਬਾਰ 'ਚ ਵਸਾਂ ਨ, ਮੀਤ ਜੇ, ਵਲ ਪਰਦੇਸ ਚਲੇ।
ਅਸਲ ਰੂਪ ਜੋ ਵੱਥ ਦਾ, ਰੱਖੇਂ ਨਜ਼ਰ ਤਲੇ
ਕੋਟ ਛਲਾਵੇ ਸਿਹਰ ਦੇ, ਕੱਖਾਂ ਵਾਂਗ ਜਲੇ।
ਹੋਵੇਂ ਨਾਲ ਤਾਂ ਨ ਕਦੇ, ਜਿੰਨ ਅਦਿੱਸ ਛਲੇ
ਜ਼ੀਹ ਝੱਖੜ ਦਰਿਆ ਨਾ, ਰਾਹੀਂ ਆਣ ਖਲੇ।"

ਘਰ ਬਾਲੇ ਫਿਰ ਜਾਂਵਦਾ, ਲਾਵੇ ਯਾਰ ਗਲੇ
ਰਮਜ਼ ਭਰੀ ਸੀ ਜ਼ਿੰਦੜੀ, ਦੀਵਾ ਵਜਦ ਜਲੇ
ਕਹੇ: "ਬਾਲਿਆ ਤੁਰਾਂਗੇ, ਪਿਤਾ-ਅਸੀਸ ਤਲੇ
ਚਲ ਗਿਆਨ ਉਹ ਡੰਗੀਏ, ਜੋ ਉਸ ਰਹੇ ਬਲੇ
ਜਿਸਦੇ ਗਰਭ 'ਚ ਬੂਟ ਨਾ, ਵਫ਼ਾ ਨ ਕੋ ਪਲੇ
ਕਹਿਰ ਜਿਦ੍ਹਾ ਹਰ ਬਸ਼ਰ ਨੂੰ, ਚੱਕੀ ਵਾਂਗ ਦਲੇ;
ਪਰ ਰਣ ਵੜੇ ਜੇ ਸੂਰਮਾ, ਸਿਦਕ ਨ ਫੇਰ ਟਲੇ
ਚਲ ਤੂੰ ਗੁਰ-ਅਰਦਾਸ ਦੀ, ਛਾਂ ਨ ਕਦੇ ਢਲੇ।"

ਭਾਈ ਬਾਲੇ ਦਾ ਮੰਨਣਾ

ਬਾਲਾ ਤੁਰਤ ਹੀ ਮੰਨਿਆ, ਜਦ ਇਹ ਬੋਲ ਸੁਣੇ
ਦੋਵਾਂ ਮਿਤ੍ਰਾਂ ਜਾਣ ਲਈ, ਧੁਰ ਦੇ ਹੁਕਮ ਚੁਣੇ
ਜਗ ਦੇ ਗਿਆਨ ਮਹੀਨ ਨੇ, ਮਾਰਗ ਲੱਖ ਬੁਣੇ
ਇੱਕੋ ਰਾਹ ਨੂੰ ਵੰਡਣੇ, ਬਾਰ ਦੇ ਰੰਗ ਹੁਣੇ।
ਅਰਬਾਂ ਸੂਰਜ ਕਹਿਕਸ਼ਾਂ, ਪਾਉਂਦੇ ਪਏ ਗੁਣੇ
ਦਿਲ 'ਤੇ ਆਦਮ-ਇਸ਼ਕ ਦਾ, ਜੇ ਇਕ ਬੋਲ ਖੁਣੇ।

ਵੇਦਨ ਮੂਕ ਅਸੀਮ ਦੀ, ਬਾਲਾ ਕਿੰਵ ਮਿਣੇ
ਜਿਸ ਨਾਨਕ ਦੀ ਪੈੜ ਦੇ, ਕੋਟਾਂ ਦਰਦ ਗਿਣੇ;
ਕੱਚਾ ਰੰਗ ਗਿਆਨ ਦਾ, ਕਿਉਂਕਰ ਜਗਤ ਜਿਣੇ
ਇਸ਼ਕਾਂ ਮੁੜ ਫ਼ਰਿਹਾਦ ਲਈ, ਕੋਟ ਪਹਾੜ ਚਿਣੇ।

ਸੁਮੇਰ ਵਲ ਪਹਿਲੇ ਕਦਮ

ਇਉਂ ਗੁਰ ਤੁਰੇ ਸੁਮੇਰ ਨੂੰ, ਲੈ ਧਰਤੀ ਦੇ ਮੋਹ
ਮਗਰ ਹੀ ਚੁੱਲ੍ਹੇ ਘਰਾਂ ਦੇ, ਭੇਜ ਰਹੇ ਖ਼ੁਸ਼ਬੋ
ਇਸ ਰਾਹੀ ਨੇ ਲੰਘਣੇ, ਸੁੰਨ ਪਹਾੜਾਂ ਕੋਹ
ਨਿਗਲੇ ਪੈਂਡੇ ਰੰਗਲੇ, ਦੂਰ ਕਹਿਕਸ਼ਾਂ ਕੋ
ਘੰਘਰ ਬਣੇ ਅਨੰਤ ਵੀ, ਨੂਰ ਅਮਿੱਤ ਨੂੰ ਢੋ
ਰਾਹ ਮਿਟੇ ਜੋ ਚਿਰਾਂ ਤੋਂ, ਇਕ ਪਲ ਜਾਗਣ ਹੋ
ਰੱਤਾਂ ਬਨਣ ਉਹ ਕੂੰਬਲਾਂ, ਕਹਿਰ ਪੀਤੀਆਂ ਜੋ
ਬੁਝੇ ਸੂਰਜਾਂ ਮੱਥੜੇ, ਇਕ ਪਲ ਜਾਗੇ ਲੋ।

ਸੁਲਤਾਨਪੁਰ ਦੀ ਖਿੱਚ

ਪਸਰੇ ਗਿਆਨ ਅਚਿਹਨ ਹੋ, ਰੇਖ ਅਨੰਤ ਬਣਾ
ਤਿਸ ਵਿਚ ਨਾਨਕ ਖੜੇ ਸੀ, ਦਿਲ ਆਦਮ ਦਾ ਚਾ
ਪੱਤਣ ਬਿਆਸ ਦੇ ਮੱਲਦੇ, ਬਾਰ ਦੇ ਪਾਂਧੀ ਆ
ਉਹੀਓ ਯਾਰ ਕਦੀਮ ਦੇ, ਵੇਖ ਰਿਹਾ ਦਰਿਆ।
ਬੁੱਢੇ ਮਾਂਝੀ ਦੂਰ ਤੋਂ, ਤੋਰ ਪਛਾਣੀ ਵਾਹ।
ਖੇੜੇ ਭੈਣ ਦੇ ਵਸਦੇ, ਤੱਕਣਗੇ ਗੁਰ ਜਾ।
ਤਕ ਇਕ ਪੰਛੀ ਉੱਡਿਆ, ਵਲ ਵੇਈਂ ਦੇ ਰਾਹ
ਦੇਵੇ ਵਾਟ ਅਕਾਲ ਦੀ, ਇਸਨੂੰ ਯਾਦ ਕਰਾ
ਸਚ ਖੰਡ ਦੀ ਕਣੀ ਦਾ, ਮੁੜ ਵੈਰਾਗ ਜਗਾ।
ਆਈ ਦੌਲਤ ਖ਼ਾਨ ਨੂੰ, ਗ਼ੈਬੋਂ ਕੁਈ ਸਦਾ।
"ਤੈਂ ਸੰਗ ਤੁਰਦਾ ਜਗ 'ਤੇ, ਵਲੀ ਵਲ ਦਰਗਾਹ
ਤੱਜਕੇ ਏਵਡ ਨਿਆਮਤਾਂ, ਕਾਹਤੋਂ ਕਰੇ ਗੁਨਾਹ।"

ਮੋਇਆਂ ਦੀ ਜਾਗ

ਜਲ ਵੇਈਂ ਦੇ ਥਰਕਦੇ, ਤਕ ਸ਼ਾਂਤ ਗੁਰ-ਨੈਣ
ਛੱਡਣ ਆਈ ਵੀਰ ਨੂੰ, ਵਾਂਗ ਸਮੀਰ ਦੇ ਭੈਣ।
ਝੁੰਡ ਖਜੂਰਾਂ ਵਲ ਸੀ, ਊਡ ਊਡ ਆਏ ਸਾਲ
ਮੂਕ ਸਰੋਦ ਦੇ ਸਾਮ੍ਹਣੇ, ਚੋਗ ਚੁਗਣ ਤ੍ਰੈ ਕਾਲ।
ਵੇਈਂ-ਮਸਤਕ ਫ਼ਜਰ ਨੂੰ, ਉਹੀਓ ਡਲ੍ਹਕੇ ਆਬ
ਮੁੜ ਡੂੰਘਾਂ ਤਕ ਉਤਰਿਆ, ਸਚ ਖੰਡ ਦਾ ਖ਼ਾਬ
ਭੁੱਲ ਗਏ ਜਿਉਂ ਵਿਛੜਕੇ, ਕੁਲ ਬਚਪਨ ਦੇ ਯਾਰ
ਗੀਤ ਪੁਰਾਣੇ ਪੰਖ ਨੂੰ, ਯਾਦ ਕਰਾਈ ਡਾਰ।
ਇਕ ਪਲ ਬਾਲਾ ਚਿਤਵਦਾ: "ਸੋਦਰੁ ਦਾ ਨੈਂ ਜਾਪ
ਰਸਨਾ ਨਾਨਕ-ਮਿਹਰ ਦੀ, ਵੇਈਂ ਇਸ ਪਲ ਆਪ।
ਮਰਦਾਨੇ ਨੂੰ ਬਖ਼ਸ਼ਿਆ, ਨਾਨਕ ਜਿਵੇਂ ਰਬਾਬ
ਇੰਜ ਤਰੰਗਾਂ ਜਪੁ ਦੀਆਂ, ਨੈਂ 'ਚ ਪਈਆਂ ਜਾਗ।"
ਧੌਲਧਾਰ ਤਕ ਵੱਜਦਾ, ਮੋਰ-ਕੂਕ ਦਾ ਨਾਦ
ਦੇਵ ਭੂਮ ਓਹ ਪਰਸਦਾ, ਵੇਈਂ ਦਾ ਵਿਸਮਾਦ।
ਧੁਰ ਦੇ ਹਰ ਇਕਰਾਰ ਨੇ, ਸੰਘਣੇ ਬੀੜ 'ਚ ਗਾ
ਕਰੇ ਬਿਰਧ ਜੁਗ ਸੱਜਰੇ, ਨਵੇਂ ਨਵੇਂ ਖੰਭ ਲਾ।

ਅਗਨ-ਭੋਮ੍ਹ ਚੋਂ ਪੁੰਗਰੀ, ਹਾਂ! ਧੁਰ ਕੌਲ ਦੀ ਸ਼ਾਖ਼
ਕਰੇ ਅਲਾਪ ਅਕਾਸ਼ ਦਾ, ਚਿਰਾਂ ਤੋਂ ਦੱਬੀ ਰਾਖ਼।
ਖੜ ਤੱਕੇ ਸੁਲਤਾਨਪੁਰ, ਉੱਚ ਖਜੂਰਾਂ ਨਾਲ
ਅੰਬਰ ਝੁਕ ਜਦ ਪੁੱਛਿਆ, ਸਾਰੰਗ-ਤਿਖ ਦਾ ਹਾਲ।
ਵਗਦੇ ਰੂਹਾਂ ਨੇੜ ਹੀ, ਰਾਜ਼ ਅਗੰਮ ਦੇ ਆਬ
ਨਰ ਜਦ ਪਾਕ ਪੈਗਾਮ ਦੀ, ਬਣ ਜਾਂਦੇ ਮਿਜ਼ਰਾਬ।
ਵਗਣ ਮੁਣਸ-ਰੂਹ ਨੇੜ ਹੀ, ਅੱਤ ਡੂੰਘੇ ਦਰਿਆ
ਕਾਫ਼ਲਿਆਂ ਮਨ ਤਰਣ ਦੇ, ਕਦੇ ਹੀ ਉੱਠਣ ਚਾਅ।

ਉਪਰਾਮ ਮਰਦਾਨੇ ਨੂੰ ਸਤਿਗੁਰ ਦਾ ਧਰਵਾਸ

ਤਲਵੰਡੀ ਨੂੰ ਯਾਦ ਕਰ, ਮਰਦਾਨਾ ਦਿਲ ਠੱਲ੍ਹ
ਦੇਵ ਭੂਮ 'ਤੇ ਨਜ਼ਰ ਪਾ, ਧੌਲਾਧਾਰ ਦੇ ਵੱਲ
ਆਖੇ: "ਦਿਲਬਰ ਨਾਨਕਾ, ਇਹ ਬੇਯਾਰ ਇਕੱਲ
ਜਿੰਦਾਂ ਏਥੇ ਸੋਹਣੀਆਂ, ਪਾਉਣ ਕੁਵੱਲੇ ਝੱਲ
ਭਾਵੇਂ ਹੂਰਾਂ ਮਿੱਠੀਆਂ, ਜਿਵੇਂ ਦੂਧੀਆ ਕਾਂਗ
ਐਪਰ ਦੇਵ ਨਾ ਸੁੱਚੜੇ, ਮੈਲੀ ਹਿਰਸ ਦੇ ਵਾਂਗ;
ਕਾਮਨ ਕੁਦਰਤ ਵਾਲੜੇ, ਤੰਗ ਦਿਲਾਂ ਵਿਚ ਮੀਟ
ਰਹੀ ਅਜ਼ਾਦ ਮਨੁੱਖ ਨੂੰ, ਭੈਅ ਦੀ ਧਾਰ ਝਰੀਟ।
ਖੁੱਲ੍ਹਾਂ ਬਾਰਾਂ ਸੰਦੀਆਂ, ਪਲ ਪਲ ਪਾਵਣ ਧੂਹ
ਮੁੜ ਪਉ ਦਿਲਬਰ ਦੇਸ ਨੂੰ, ਛੱਡ ਬੇਗਾਨੀ ਜੂਹ।"

ਨਗਰ ਬੈਰਾਠ ਤੋਂ ਕਾਂਗੜਾ, ਲਾਟ ਜਵਾਲਾ ਤੀਕ
ਹੁਸਨ ਸ਼ਿਵਾਲਕ ਚਿਤਵ ਕੇ, ਹਿੰਮ ਅਨੂਪ ਦੀ ਲੀਕ
ਸ਼ਿਵ ਲੋਮਸ ਦੇ ਜੀਣ ਦੀ, ਮਹਾਂ ਵਿਗਾਸੀ ਰੀਤ
ਮਨੀਕਰਨ ਤਕ ਛੋੜ ਕੇ, ਮੂਕ ਰਹੱਸ ਬਾਰੀਕ
ਗੁਰਾਂ ਕਿਹਾ: "ਮਰਦਾਨਿਆਂ, ਭੋਲੇ ਦਰਦ ਨ ਫੋਲ
ਅਜੇ ਤ ਇਹਨਾਂ ਉੱਡਣਾ, ਖੰਭ ਰਹੇ ਨੇ ਤੋਲ।
ਦਿਸੇ ਹਕੀਕਤ ਨਿੱਤਰੀ, ਨਿਹਕਲੰਕ ਬੇਜੋੜ
ਸਾਨੂੰ ਸੱਚੇ ਖੰਡ ਚੋਂ, ਪੈਣ ਆਵਾਜ਼ਾਂ ਹੋਰ।
ਤਰਸ ਅਦੁੱਤੀ ਅੰਤਲਾ, ਨੇੜ ਹਈ ਨਾ ਦੂਰ
ਮਿੱਟੀ ਦੀ ਹਰ ਅੱਖ ਦੇ, ਸਾਹਵੇਂ ਖੜਾ ਉਹ ਨੂਰ।

"ਦੇਵੀ ਦੇਵ ਦੀ ਕਥਾ ਦੇ, ਪਹਿਣ ਵਚਿੱਤਰ ਤਾਜ
ਹੋਦਿ ਉਡਾਣ ਇਹ ਰੂਹ ਦੀ, ਖੰਭਾਂ ਬਿਨਾਂ ਮੁਥਾਜ
ਹੋਦਿ ਅਪੰਗ ਤੇ ਆਲਸੀ, ਸਿਦਕ ਬਾਝ ਅਰਦਾਸ
ਘਿਰੇ ਸੁਰਾਬ 'ਚ ਭਟਕਦੇ, ਮਨ ਥੱਕੇ ਬੇਆਸ।
ਦੇਵ ਭੂਮ ਦੇ ਇਸ਼ਟ ਜੋ, ਸੁੱਕੀ ਰੇਤ 'ਚ ਰਹਿਣ
ਭੁੱਲ ਚੁੱਕੇ ਵਿਸਮਾਦ ਉਹ, ਵਸੇ ਜੁ ਡੂੰਘੇ ਵਹਿਣ;
ਚੜ੍ਹਦਾ ਸ਼ਿਵ 'ਤੇ ਸਤੀ ਦਾ, ਮਨ 'ਤੇ ਗੂੜ੍ਹ ਖ਼ੁਮਾਰ
ਮਨ ਅਲੇਪ ਨਿਰਵੈਰ ਦੇ, ਬੰਦ ਹੋਣ ਸਭ ਦੁਆਰ
ਸ਼ਕਤੀ ਪੀਠ ਅਨੇਕ ਨੇ, ਪਹਿਰੇ ਬਾਝ ਹੈ ਪੱਤ
ਅਤਿ ਸੁਤੰਤਰ ਦਯਾ ਦੀ, ਕਿਤੇ ਨ ਲੱਭੇ ਵੱਥ।
ਅੱਧ ਸੜੀ ਉਸ ਸਤੀ ਦਾ, ਡੰਗੇ ਪਿਆ ਮਿਜ਼ਾਜ
ਮਾਨਸ-ਸ਼ਰਧਾ ਖੋਹ ਲਏ, ਨਦੀ ਪਹਾੜ ਦੇ ਤਾਜ।
ਕੀਤਾ ਭੂਪ ਸਕੇਤ ਨੇ, ਪਦਮ ਸੰਭਵ ਨੂੰ ਰਾਖ
ਕਦੇ ਨ ਫੇਰ ਜੀਵਾਲਿਆ, ਕਿਸੇ ਪਰੀ ਦੇ ਜਾਪ;
ਧਾਰ ਸਿਕੰਦ ਦੇ ਕੁੰਡ 'ਤੇ, ਬੇਸੁਰ ਬੁੱਧ-ਅਲਾਪ
ਕੰਵਲੋਂ ਜਨਮੇ ਰਿਸ਼ੀ ਦੇ, ਯਖ ਹੋਏ ਸਭ ਵਾਕ।
ਬੁੱਧ-ਦਯਾ ਦੇ ਕਮਲ ਦੀ, ਰਾਖ 'ਚ ਘਿਰੀ ਸਮੀਰ
ਅੱਥਰੂ-ਗਮਕ ਨੂੰ ਦੱਬਿਆ, ਥਲ-ਰੇਤਾਂ ਦੀ ਭੀੜ।
ਅੱਠ ਸਿੱਧੀਆਂ ਜੋੜ ਕੇ, ਉਣ ਉਣ ਸਿੱਧਾਂ ਜਾਲ
ਪਾਏ ਸੀ ਭਰਮੌਰ ਤੋਂ, ਮਨ ਖ਼ਲਾਅ ਸਭ ਭਾਲ
ਸਿੱਧ ਚੌਰਾਸੀ ਮੋਇਆਂ, ਬੀਤ ਗਏ ਸੈ ਸਾਲ
ਪਰਾਧੀਨ ਮਨ ਵਿਲਕਦਾ, ਭੈਅ ਸਿਹਰਾਂ ਦੇ ਪਾਲ
ਸੁਣ ਵੱਡਾ ਸਭ ਆਖਦੇ, ਜਰ ਕੇ ਹਉਂ ਦੀ ਚੀਸ
ਗਿਆਨ, ਛੰਤ ਸਭ ਰਾਗ ਵੀ, ਡੁੱਬ ਜਾਣ ਵਿਚ ਰੀਸ।

"ਤਿਸਦਾ ਦਰਸ ਕਰਾਵਸਾਂ, ਜੋ ਅੰਤਮ ਨਿਰਲੇਪ
ਰੇਖ ਮਿਟੇ ਹਰ ਦੰਭ ਦੀ, ਹੜ੍ਹ ਪਰਬਲ ਨੂੰ ਵੇਖ।
ਕੱਢਣ ਭਾਰੇ ਜਿੰਦੜੀ, ਓਢ ਰਹੀ ਪਲ ਪਲ
ਅਸਾਂ ਢੂੰਡਣੀ ਜਗ ਲਈ, ਬੇਐਬ ਰੂਹ-ਛੱਲ।
ਸੰਤ, ਵਲੀ ਦੇ ਵਜਦੇ, ਰਹਿਣ ਦੂਰ ਵੱਡ ਨਾਦ
ਜਿਸ ਛਿਣ ਮੰਡਲ ਗ਼ਰਕਦੇ, ਧਰਤ ਕਰੇਂਦੇ ਯਾਦ।"

ਅਬਚਲ ਨਦਰ ਦੀ ਉੱਜਲਤਾ

ਸੁਣਿ ਮਰਦਾਨੇ ਤੱਕਿਆ, ਕੋ ਅਦਿੱਸ ਦਰਿਆ
ਨੀਂਦਾਂ ਦੇ ਗੜ੍ਹ ਤੋੜਕੇ, ਮਸਤਕ ਰਿਹਾ ਸਮਾ।
ਬਾਲੇ ਵਲ ਜਪੁ-ਸੁਖਨ ਲੈ, ਦਹਿਦਿਸ ਦਾ ਵਿਸਮਾਦ
ਹਰ ਪੱਤਣ ਦੇ ਪੂਰ ਦੀ, ਵਗੇ ਵਗੇ ਲੈ ਯਾਦ।
"ਸੁਣ! ਚੰਬੇ ਦੀ ਰਾਵੀਏ," ਦਾਨਾ ਕਹੇ ਅਲਾਪ
"ਤਕ ਲਾਹੌਰ ਨੂੰ ਬਾਰ ਦੇ, ਦਰਦ ਜਗਾਵੀਂ ਆਪ।"

ਨੈਂ ਚੰਚਲ 'ਤੇ ਨਦਰ ਪਾ, ਬਾਲਾ ਰਿਹਾ ਕੀ ਮੰਗ ?
ਸਿਰ 'ਤੇ ਸੁੱਚੀ ਹਿੰਮ ਦੇ, ਝੂਮਣ ਪਰਬਤ-ਰੰਗ!:
"ਘਾਇਲ ਗੁਰੂ ਨੂੰ ਗੋਦ ਲੈ, ਭੁੱਲ ਸ਼ਾਹਾਂ ਦੇ ਪਾਪ
ਨਾਨਕ ਦੇ ਹਰ ਰੂਪ ਦਾ, ਕਰੀਂ ਅਜਪਾ ਜਾਪ।"
ਲਿਵ ਵਿਚ ਧੋ ਗੁਰ ਚਾੜ੍ਹਦੇ, ਰੌਸ਼ਨ ਰੂਹ ਦਾ ਦਿਨ
ਰਾਹ ਚੰਬੇ ਕਹਿਲੂਰ ਦੇ, ਵੰਡਣ ਤਿਸਦੇ ਛਿਨ
ਨਿੰਬਲ ਸਾਬਤ ਸੂਰਤਾਂ, ਮੇਸਕੇ ਬੰਜਰ-ਚਿੰਨ੍ਹ
ਚਾਵਣ ਨਾਨਕ-ਨੂਰ ਚੋਂ, ਨਰ ਦੀ ਲਿਵ ਵਿਚ ਘਿੰਨ।
ਸੰਸਕਾਰ ਥਕ ਰੀਂਗਦੇ, ਆਲਸ ਭਰੇ ਬੇਨੂਰ
ਕਾਮ-ਖ਼ੁਮਾਰ ਨੂੰ ਤੱਜਕੇ, ਬਨਣ ਮਹਿਕੰਦਾ ਬੂਰ।
ਦਿਲ ਦਰਿਆ ਜੇ ਡੂੰਘੜੇ, ਸਾਜ਼ ਅਲੇਪ 'ਚ ਵਹਿਣ
ਸਦ ਹੀ ਕਾਮਲ ਰਾਗ ਤਾਂ, ਸੰਗ ਮਿਜ਼ਰਾਬਾਂ ਰਹਿਣ।
ਦੇਹ, ਰੂਹ, ਧੁਰ ਸੱਚ ਦਾ, ਅਤਿ ਸੁਨੱਖਾ ਰੂਪ
ਕਣ ਕਣ ਕੰਠੋਂ ਕੂਕਿਆ, ਜਿਵੇਂ ਕੋਇਲ ਦੀ ਕੂਕ।
ਪਾਵਨ ਪੈਂਡੇ ਪਰਬਤੀਂ, ਕਾਂਗੜਾ ਤੋਂ ਕਹਿਲੂਰ
ਨੈਂ, ਕੂਲਾਂ, ਪਗ-ਡੰਡੀਆਂ, ਬਿਰਖ ਦੇ ਉੱਜਲ ਬੂਰ।
ਤਰ ਅਸਗਾਹ ਦੇ ਸ਼ਬਦ ਦਾ, ਸੰਗ ਕਰੇ ਕੋ ਨੂਰ
ਉਂਜ ਤਾਂ ਧਰਤੀ ਰੂਬਰੂ, ਉਂਜ ਧਰਤ ਤੋਂ ਦੂਰ।
ਮਿਰਗ ਆਉਣ ਜਿਉਂ ਨਦੀ 'ਤੇ, ਇਉਂ ਇਹ ਆਵੇ ਪੂਰ
ਚੁੱਪ ਅਗਾਧ ਨੂੰ ਤਰਨ ਦੇ, ਜੋ ਲਿਸ਼ਕਣ ਦਸਤੂਰ।
ਚਾਵਾਂ ਵਿਚ ਇਹ ਮੱਤੜਾ, ਦਿਸੇ ਪਧਾਊ-ਪੂਰ
ਇਹ ਨਾ ਜਗ ਦੇ ਖੇਵਟਾਂ, ਕੀਤਾ ਪਾਰ ਸਰੂਰ।

ਬੁੱਢਣ ਸ਼ਾਹ ਦਾ ਗੁਰੂ-ਦੀਦਾਰ: ਹਰਿਆਵਲ ਹਸ਼ਰਾਂ ਪਿੱਛੋਂ ਦੀ

ਨੈਣਾਂ ਦੇਵੀ ਸਾਮ੍ਹਣੇ, ਇਹ ਕਹਿਲੂਰ ਦਾ ਦੇਸ
ਬਹਿ ਵਿਚ ਨਿੱਕੇ ਪਰਬਤਾਂ, ਕਰਨ ਇਕਾਂਤਾਂ ਵੇਸ।
ਸੁਣਦੇ ਕੁਝ ਤਾਂ ਰੁੱਖ ਨੇ, ਸਤਲੁੱਜ ਦੀ ਘਨਘੋਰ
ਕੁਝ ਪੰਖੀ ਉਡ ਵੇਖਦੇ, ਚੰਚਲ ਹੁਸਨ ਦੀ ਤੋਰ।
ਗ਼ਮਜ਼ੇ ਸੁੱਚੇ ਨਾਰ ਦੇ, ਵਸਣ ਕਹਿਕਸ਼ਾਂ ਪਾਰ
ਇੱਕੋ ਲਮਹਾ ਦੇ ਰਿਹਾ, ਕੋਟ ਬਰਸ ਦੀ ਸਾਰ।
ਬੁੱਢਣ ਸ਼ਾਹ ਦਰਵੇਸ਼ ਦੇ, ਇੱਜੜ ਚਰਣ ਹਮੇਸ਼
ਤੱਕਣ ਪਰਬਤ ਲਾਡਲੇ, ਸਤਲੁੱਜ ਦਾ ਪਰਵੇਸ਼।
ਸਾਂਭੇ ਬੁੱਢੇ ਪੱਥਰਾਂ, ਸੁੱਕੇ ਬਿਰਖ ਦੇ ਨਾਜ਼
ਚੁੱਪ 'ਚ ਪੌਣ ਨੂੰ ਦਸਦੇ, ਕਾਲ ਕਾਲ ਦੇ ਰਾਜ਼।
ਵਿਚ ਕਹਿਲੂਰ ਦੇ ਪਰਬਤਾਂ, ਚਰਦੇ ਇੱਜੜ ਪਾਕ
ਸੁਨਣ ਪੁਰਾਤਨ ਸਮੇ ਦੀ, ਮੂਸਾ ਵਰਗੀ ਹਾਕ।
"ਜੀਵੇ," ਕਿਹਾ ਫ਼ਕੀਰ ਨੇ: "ਸਮਿਆਂ ਦਾ ਆਵੇਸ਼
ਰਹਿਣ ਢਲਾਣ 'ਤੇ ਲਹਿਰਦੇ, ਸਦਾ ਕਾਲੜੇ ਕੇਸ।
ਇਕ ਛਿਨ ਪਰਬਲ ਜਾਪਦਾ, ਜੁਗ ਨਾ ਸੱਕਣ ਮੇਸ
ਭਾਵੇਂ ਇਹ ਵੀ ਸੱਚ ਹੈ, ਖ਼ਾਕ ਰਲੇ ਦਰਵੇਸ਼।
ਕੀਤੇ ਵਾਅਦੇ ਮੁਰਸ਼ਦਾਂ, ਬਿਨ ਸੰਦੇਹ ਦੀ ਲੇਸ
ਸਾਂਭੇ ਛਿਨ ਵਿਚ ਵੇਖਕੇ, ਅੱਲਾ ਦੇ ਲਖ ਭੇਸ।
ਗਮਕ ਸੁਣੇ ਵਿਚ ਪਰਬਤਾਂ, ਹੌਲ ਰਿਹਾ ਮਨ-ਦੇਸ
ਕਵਨ ਪੈੜ ਤ੍ਰੇ ਕਾਲ ਚੋਂ, ਢੂੰਡ ਪੜ੍ਹਾਂ ਸੰਦੇਸ਼!"

ਤਨ ਮਨ ਬੁੱਢਣ ਸ਼ਾਹ ਦੇ, ਲਹਿਰੇ ਤਿਖਾ-ਤਰੰਗ
ਲੋਚੇ ਕਵਨ ਅਸੀਸ ਨੂੰ, ਜੁਗਾਂ ਦੀ ਦਿਸ਼ਾ ਅਨੰਗ।
ਸਭ ਪੈੜਾਂ 'ਤੇ ਚੱਲਣੋ, ਸਮਾਂ ਰਿਹਾ ਸੀ ਸੰਗ
ਕਾਮਲ ਖੇੜਾ ਰੂਹ ਦਾ, ਗਿਆ ਜਿਨ੍ਹਾਂ ਚੋਂ ਲੰਘ।
ਧੁਰ ਦੇ ਕਿਸ ਪੈਗਾਮ ਨੂੰ, ਪੜ੍ਹਿਆ ਸਮੇ ਹੋ ਦੰਗ
ਜੋਬਨ ਸਗਲੀ ਧਰਤ ਦੇ, ਸਾਲੂ ਲਿਆ ਸੀ ਰੰਗ।
ਸਮੇ ਚੁੰਮਿਆ ਖ਼ਾਕ ਨੂੰ, ਬਾਲ ਵਾਂਗ ਕੁਝ ਮੰਗ
ਅੰਤ ਹਯਾਤੀ ਖੜੀ ਆ, ਨਾਲ ਅਮੋੜ ਉਮੰਗ।

ਜਾਨਣ ਜੀਵ ਤੇ ਮੇਦਨੀ, ਬ੍ਰਹਿਮੰਡ ਜਾਸਨ ਹੰਭ
ਫਿਰ ਵੀ ਚੜ੍ਹੇ ਫ਼ਕੀਰ ਤੇ, ਕਿਉਂ ਮੁਰਸ਼ਦ ਦੇ ਰੰਗ।

ਤਲਬ ਮਨੁੱਖ ਦੀ ਉੱਡਦੀ, ਆਗਾਸਾਂ ਆਗਾਸ
ਦਿਲ ਵਿਚ ਤੜਪ ਅਗੰਮ ਦੇ, ਹੋਣ ਅਸੰਖ ਵਿਗਾਸ।
ਕੌਮਾਂ ਦੇ ਵਗ ਚਾਰ ਗਏ, ਲੱਖਾਂ ਪਾਕ ਫ਼ਕੀਰ
ਪਿਰ-ਵਸਲਾਂ ਲਈ ਸੂਰਮੇ, ਤਰਣ ਡੂੰਘੜੇ ਨੀਰ।
ਮੰਜ਼ਿਲ ਮੰਜ਼ਿਲ ਲੱਭਦਾ, ਸਾਬਤ ਮਰਦ ਦਾ ਖ਼ਾਬ
ਤੱਕੇ ਅਰਸ਼ ਨੇ ਸੂਫ਼ੀਆਂ, ਪਕੜ ਬੁਰਾਕ ਦੀ ਵਾਗ।
ਦਿਲ ਬੁੱਢਣ ਦਾ ਤਾਂਘਦਾ, ਕੋ ਸਾਗਰ ਜਿਹਾ ਮਿੱਤ
ਖੋਲ੍ਹੇ ਤਿਸਦੇ ਆਉਣ ਲਈ, ਦਹਦਿਸ ਦੇ ਸਭ ਭਿੱਤ।
ਮੁਰਸ਼ਦ, ਗੁਰੂ, ਸ਼ਹੀਦ ਨੂੰ, ਜਦੋਂ ਬੁਲਾਇਆ ਰੱਤ
ਹਰ ਵਿਗਾਸ-ਦਰ ਦਸਤਕਾਂ, ਦੇਵਣ ਮਾਨਵ-ਸੱਚ।
ਇੱਜੜ ਬੁੱਢਣ ਸ਼ਾਹ ਦੇ, ਰੁਕ ਰੁਕ ਲੈਂਦੇ ਸੋਅ
ਪਿਛਲੀ ਰਾਤੇ ਜਗਨੂੰਆਂ, ਕਰੀ ਸੀ ਵਣਾਂ 'ਚ ਲੋਅ।
ਕੌਣ ਜੁ ਦਸਤਕ ਦੇ ਰਿਹਾ, ਪਾਰ ਪਰਬਤਾਂ ਹੱਥ ?
ਸਭ ਪੱਥਰ ਕੰਬਾ ਰਿਹਾ, ਗਗਨ ਦਾ ਗ਼ੈਬੀ ਰਥ।
ਬਖ਼ਸ਼ੇ ਸੁੰਨ ਅਥਾਹ ਨੇ, ਚਰਵਾਹੇ ਨੂੰ ਕੰਨ
ਸੁਣਦਾ ਪੂਰਬ ਕਾਲ ਚੋਂ, ਪੈੜ-ਚਾਪ ਜੋ ਧੰਨ।
ਅੰਤਰਯਾਮੀ ਆਂਧੀਆਂ, ਵਗਣ ਤਾਂ ਟੁੱਟੇ ਛੰਨ
ਨਰ ਅਸੰਖ ਦਾ ਇਸ਼ਕ ਹੈ, ਮਹਾਂ ਵਿਗਾਸ ਅਗੰਮ।
ਉੱਚੇ ਟਿੱਲਿਉਂ ਵੇਖਦਾ, ਸੂਫ਼ੀ ਚਰਦੇ ਵੱਗ
ਦਿਸ਼ਾ, ਕੌਮ, ਕਿਸ ਦੀਨ 'ਤੇ, ਮਿਹਰ ਕਰੇ ਅਜ ਰੱਬ।

ਮੁਰਸ਼ਦ ਹੋਣ ਦੇ ਸਿਦਕ ਜਾਂ, ਲਿਆ ਫ਼ਕੀਰ ਨੂੰ ਜਿੱਤ
ਤਾਰਿਆਂ ਤਕ ਮੁਰੀਦ ਦਾ, ਵਿਗਸ ਪਿਆ ਸੀ ਚਿੱਤ।
ਵਾਹ! ਨਾਨਕ ਦੇ ਦਰਸ ਦੀ, ਲਿਸ਼ਕੀ ਰਮਜ਼ ਅਜਿੱਤ
ਬਣੇ ਹਯਾਤੀ ਅਗਨ ਦੀ, ਜ਼ਾਮਨ ਬਣੇ ਜੋ ਮਿੱਤ।
ਚੋਇਆ ਭਾਂਡੇ ਸੁੱਚੜੇ, ਬੁੱਢਣ ਸ਼ਾਹ ਨੇ ਦੁੱਧ
ਹੋਈ ਮਾਹੀ ਮਿਲਣ ਦੀ, ਸਗਲ ਭਵਨ ਨੂੰ ਸੁੱਧ।
ਸ਼ੀਂਹ ਤੇ ਬਕਰੀ ਸੋਚਦੇ, ਕਿਉਂ ਕੋਮਲ ਮਨ ਬੁੱਧ
ਰੱਤ ਨ ਵਫ਼ਾ ਦੀ ਵਿਸਰੇ, ਤੇਗਾਂ ਨੂੰ ਵਿਚ ਜੁੱਧ।

ਦਰਸ਼ਨ ਕੀਤੇ ਗੁਰੂ ਦੇ, ਕਿਹਾ ਫ਼ਕੀਰ ਖਲੋ:
"ਸੁਣਦੀ ਨੀਂਦ 'ਚ ਤੈਂਡੜੀ, ਅਣਸੁਣੀ ਕੰਨਸੋਅ
ਦਰਦ ਨ ਬੁੱਢੇ ਹੋਂਵਦੇ, ਮਘੇ ਪੁਰਾਤਨ ਖੋਹ
ਸਾਂਭੀ ਕਹਿਰ ਦੇ ਸੂਰਜਾਂ, ਸੀਨੇ ਸ਼ਮ੍ਹਾ ਦੀ ਲੋਅ।
ਤੱਕੋ! ਸੁੱਚੇ ਭਾਂਡੜੇ, ਦੁੱਧ ਮੈਂ ਦਿੱਤਾ ਚੋ
ਚੌਦਾਂ ਤਬਕਾਂ ਸਾਮ੍ਹਣੇ, ਪੀਵੋ ਸਾਡੜੇ ਹੋ।"

ਮਰਦਾਨਾ ਤਕ ਆਜਜ਼ੀ, ਮਨ ਵਿਚ ਕਰਦਾ ਜੱਸ
ਸੋਚੇ: "ਡਾਢਾ ਬਲੀ ਹੈ, ਤਾਂ ਵੀ ਬਾਲ ਬੇਵੱਸ;
ਅਨਘੜ ਆਰਫ਼ ਮਿੱਠੜੇ, ਰਾਜ਼ ਰਿਹਾ ਬਹੁ ਦੱਸ
ਪਿਆ ਹਯਾਤੀ ਤੋਲਦਾ, ਨਾਲ ਪ੍ਰੀਤ-ਰਹੱਸ।"
ਯਾਰ ਨੂੰ ਚੁੱਪ ਹੈਰਾਨਿਆਂ, ਤਕ ਬਾਲਾ ਪਿਆ ਹੱਸ
ਵਿੱਚੋਂ ਨਾਨਕ ਬੋਲ ਪਏ, ਛੇੜ ਅਮੁੱਲੇ ਰੱਸ:
"ਪੜ੍ਹੇਂ ਫ਼ਕੀਰਾ ਜੇ ਤੂੰ, ਲੰਮੇ ਕਾਲ 'ਤੇ ਲੇਖ
ਜੇ ਤੂੰ ਆਦਮ-ਸੱਚ ਦੀ, ਤੱਕੇਂ ਅਜ਼ਲ 'ਤੇ ਰੇਖ
ਜੇ ਤੂੰ ਮਾਨਵ ਹੋਣ ਦੀ, ਲਈ ਅਗੰਮੀ ਟੇਕ
ਜੇ ਤੂੰ ਮੰਨੇਂ ਤਾਰਿਆਂ, ਤੀਕਣ ਕੌਲ ਵਿਸੇਖ
ਇਸ ਖਿੰਥਾ ਨੂੰ ਗੰਢਿਆ, ਜੇ ਸਿਦਕਾਂ ਦੀ ਮੇਖ
ਜੇ ਇਹ ਦੁੱਧ ਉਡੀਕਦਾ, ਰਾਹ ਵਲੀਆਂ ਦੇ ਵੇਖ
ਤਾਂ ਸਾਡੇ ਵੀ ਪੈਂਡੜੇ, ਮੌਤਾਂ ਕਰਸਨ ਪਾਰ
ਦਸ ਰੂਪਾਂ ਵਿਚ ਝਲਕਣੀ, ਨੂਰ ਦੀ ਸੂਖਮ ਤਾਰ
ਨਰ-ਲੀਲ੍ਹਾ ਦਾ ਸਿਰਜਣਾ, ਰਣ ਮੈਂ ਅੰਬਰ ਤੀਕ
ਜਿਸ ਵਿਚ ਅਦਲੀ ਤੇਗ਼ ਦਾ, ਲਰਜ਼ੇ ਨਾਦ ਅਮੀਕ
ਗੁਰਮੁਖਿ ਜਨਮ ਨੂੰ ਵੇਖਣੈਂ, ਤੂੰ ਵਿਚ ਪੰਧ ਅਸੀਮ
ਜਿਸ ਅੰਬਰ 'ਤੇ ਜੀਣ ਦੇ, ਉਦੈ ਨ ਅਜੇ ਯਕੀਨ।
ਮੇਰੀ ਸੁਰਤ ਹੈ ਹੁੱਲਦੀ, ਚੀਰ ਮੌਤ ਦੀ ਪਾਲ
ਦੋਹਾਂ ਵਿਚ ਹੈ ਮਿੱਥਦੀ, ਭਾਵੇਂ ਉਮਰ ਦੇ ਸਾਲ।
ਲਵੇਂ ਤੂੰ ਹੁਣ ਤੋਂ ਸੈਤ-ਟੋਹ, ਰੌਸ਼ਨੀਆਂ ਵੱਲ ਉੱਡ
ਛੇ ਰੂਪਾਂ ਤਕ ਵੇਖਸੈਂ, ਕਾਲ-ਅੰਤ ਤੇ ਮੁੱਢ
ਤਦੋਂ ਹੀ ਤੈਂਡੇ ਵਜਦ ਦਾ, ਛਲਕ ਪਵੇ ਇਹ ਦੁੱਧ
ਮਸਤਕ ਨਾਲ ਛੁਹਾਵਸਾਂ, ਤੈਂਡੀ ਸੂਰਜ-ਬੁੱਧ
ਬੁੱਲਾਂ ਨਾਲ ਮੈਂ ਲਾਵਸਾਂ, ਦੁੱਧ ਕਟੋਰਾ ਫੇਰ
ਜੇ ਤੂੰ ਮੇਰੀ ਨਦਰ ਦੀ, ਜਾਣੀ ਉਦੋਂ ਸਵੇਰ।"

ਅੱਗੇ ਵਿਛੀ ਫ਼ਕੀਰ ਦੇ, ਸੁਣਿ ਅਣਵੇਖੀ ਖੁੱਲ੍ਹ
ਮਨ ਬਲਿਹਾਰੇ ਜਾਂਵਦਾ, ਪਾ ਵਿਸਮਾਦ ਅਮੁੱਲ।
ਮੌਤ ਦੇ ਉਹਲੇ ਖੜੇ ਸੀ, ਲੱਖਾਂ ਸਫ਼ਰ ਅਭੁੱਲ
ਪਿਰ ਦੀ ਪੈੜ ਤਰਾਸ਼ਦੇ, ਤੇਜ਼ ਅਲੰਬੇ ਝੁੱਲ।
ਨਾਜ਼ਕ ਜਹੀ ਨਰ-ਜਿੰਦ ਨੂੰ, ਘੜਣ ਅੰਗਨੀਆਂ ਕੁੱਲ
ਦੂਰ ਦੇ ਸੂਰਜ ਪਾਉਣਗੇ, ਨਿੱਕੀ ਤਿੜ ਦਾ ਮੁੱਲ।

ਬੁੱਢਣ ਕੂਕੇ : "ਪੀਰ ਜੀ! ਜੇ ਨ ਅਮਰ ਮਨੁੱਖ
ਕਿਉਂ ਤਬਕਾਂ ਨੂੰ ਕੱਛਦੇ, ਪੈਰ ਤਿਰੇ ਜਰ ਦੁੱਖ।
ਵੇਖਾਂ ਧਰਤੀ ਸੱਚ ਦੀ, ਹਰੀ ਰਹੇ ਸਦ ਕੁੱਖ
ਭੋਲੇ ਬੱਚੜੇ ਏਸ ਦੇ, ਪਾਲ ਲੈਣਗੇ ਰੁੱਖ।
ਰਹੇ ਨੇ ਦੂਰ ਦੁਰਾਡੜੇ, ਨਾਸ਼ਮਾਨ ਜਗ ਧੁੱਖ
ਪੈੜ ਤਿਰੀ ਦੇ ਮਗਰ ਮੈਂ, ਵੇਖਾਂ ਸਦਾ ਮਨੁੱਖ।
ਇਕ ਦਿਨ ਸਾਨੂੰ ਮਿਲਣਗੇ, ਸਭ ਅਣਵੇਖੇ ਰੁੱਖ
ਹਸ਼ਰ ਤਪੇ, ਮੈਂ ਵੇਖਦਾਂ, ਕਰਮ ਤਿਰੇ ਦੇ ਮੁੱਖ।
ਮਾਰੂਥਲਾਂ 'ਚ ਛਲਕਦੇ, ਦੁੱਧ ਕਟੋਰੇ ਛੁਪ
ਜਿੱਥੇ ਛਾਲੇ ਜਿੰਦ ਦੇ, ਓਥੇ ਵਸਦੇ ਸੁੱਖ।
ਬੀ ਪੁੰਗਰੇ ਇਹ ਜਿੰਦ ਦਾ, ਅੰਤ ਸਕੇ ਨ ਸੁੱਕ
ਪੈੜ ਤਿਰੀ ਮੈਂ ਹਸ਼ਰ 'ਤੇ, ਮੁੜ ਮੁੜ ਵੇਖਾਂ ਝੁੱਕ।"

ਚੱਲੇ ਗੁਰ ਸੀ ਵਿਦਾ ਹੋ, ਭੁੰਚ ਅਬਦ ਵਿਚ ਨੂਰ
ਤੱਕਿਆ ਬੁੱਢਣ ਮੁੱਦਤਾਂ, ਚੜ੍ਹ ਚੜ੍ਹ ਪਰਬਤ ਦੂਰ।
ਵਿਛੜੇ ਨਬੀ ਸੀ ਸੱਦਦਾ, ਥਲੀਂ ਕਾਰਵਾਂ ਤੂਰ
ਰੁਲਣ ਰੇਤ ਵਿਚ ਹੱਡੀਆਂ, ਮੋਏ ਮਾਂ ਪਿਉ ਦੂਰ।
ਰੁਲੀਆਂ ਕਬਰਾਂ ਚੁੰਮਦੇ, ਸਭ ਰੁੱਤਾਂ ਦੇ ਬੂਰ
ਸੁੱਕੇ ਹੰਝੂ ਢੂੰਡਦੀ, ਅਰਦਾਸਾਂ ਦੀ ਝੂਰ।
ਛੋਂਹਦੇ ਗੀਤ ਰਬਾਬ ਦੇ, ਪਰਬਤ-ਨੀਂਦ ਜ਼ਰੂਰ
ਇੱਜੜ ਵੇਖੇ ਤੁਰ ਰਹੇ, ਬੁੱਢਣ ਨਾਲ ਹਜ਼ੂਰ!

ਭਾਰਤ ਦੇ ਉਤਰਾਖੰਡ ਵਿਚ

ਤਿੰਨੇ ਪਾਂਧੀ ਵੇਖਦੇ, ਸੁੱਚੀ ਬਰਫ਼ ਸਵੇਰ
ਉੱਚਿਉਂ ਉੱਚੇ ਜਾਂਵਦੇ, ਪੈਣ ਅਚੰਭਾ-ਗੇੜ।
ਫਿਰ ਲਹਿੰਦੇ ਵਿਚ ਦੱਰਿਆਂ, ਵਿੰਗੇ ਪਰਬਤ-ਭਿੱਤ
ਜਾਦੂਗਰ ਅਸਮਾਨ ਦਾ, ਹਰਨ ਅਲੌਕਿਕ ਚਿੱਤ।
ਉਤਰਨ ਪੰਖੀ ਅਜਨਬੀ, ਨਿੱਕੇ ਵੀਰ ਜਿਉਂ ਉਡ
ਵਾਰੀ ਅੰਮ੍ਰਿਤ-ਮਹਿਕ ਤੋਂ, ਨਾਗ ਛੁਪੇ ਵਿਚ ਰੁੱਡ।
ਲਾਹੁਲ ਸਪਿੱਤੀ ਤੀਕਰਾਂ, ਪੰਘਰੇ ਅਦਭੁਤ ਨਾਦ
ਨੈਂ, ਝੀਲਾਂ ਤੇ ਹਿਮ ਦੀ, ਨੈਣ ਬਣੀ ਯੁਗ-ਯਾਦ।
ਸਤਲੁਜ ਦੇ ਰਾਹ ਤੁਰਦਿਆਂ, ਮਿਲੇ ਮੁਸਾਫ਼ਰ ਵਹਿਣ
ਉੱਚੇ ਝਿੱਕੇ ਪਰਬਤੀਂ, ਕੋਟ ਰਹੱਸ ਜੋ ਕਹਿਣ।

ਰੂਪ ਪੁਰਾਣ ਦੇ ਨਿੱਤਰੇ, ਉਤਰਾਖੰਡ ਦੇ ਵਿਚ
ਰਾਜ਼ ਮਨੁੱਖ ਦੀ ਕਥਾ ਦੇ, ਰਹੀ ਕਹਿਕਸ਼ਾਂ ਲਿਖ।
ਜਾਗ ਸਮੇ ਦੀ ਉੱਚ ਤੋਂ, ਸ਼ੰਕਰ ਦਾ ਵੇਦਾਂਤ
ਚਾਰ ਧਾਮ 'ਤੇ ਉਤਰਦਾ, ਵਾਂਗ ਚਾਂਦਨੀ ਕਾਂਤ।
ਰਾਤ ਪਈ ਜਮਨੋਤਰੀ, ਝੀਣੀ ਸੁਣੇ ਰਬਾਬ
ਵੇਖਣ ਨੈਣ ਕਲਿੰਦ ਦੇ, ਝਰਣ ਸ਼ਬਦ ਚੋਂ ਆਬ।
ਨਾਨਕ ਗੌਮੁਖ-ਦਰਾਂ 'ਤੇ, ਖੜੇ ਸੰਗੀਆਂ ਨਾਲ
ਬ੍ਰਹਮ ਕਮਲ ਦੀ ਸੁੱਚ ਦੇ, ਨੀਰ 'ਚ ਭਿੰਮਣ ਜਮਾਲ।
ਵਗ ਵਗ ਵਗੇ ਭਗੀਰਥੀ, ਕਾਲ ਦਾ ਪਰਸ ਅਰੰਭ
ਵੇਖੇ ਕੂਟ ਕੇਦਾਰ ਦੀ, ਪ੍ਰਥਮ ਉਸ਼ਾ ਦੇ ਰੰਗ।
ਪੰਖੀ-ਕੰਠ ਅਨੂਠੜੇ, ਨੈਂ-ਬੂੰਦੀਂ ਰਲ ਜਾਣ
ਅਲਕਾ ਨਾਲ ਮੰਦਾਕਿਨੀ, ਦਿਲ-ਧੂਹ ਸਿਹਰ ਛੁਪਾਣ।
ਨਿਰਮਲ ਪਰਬਤ ਵੇਖਦੇ, ਛੁਪੀ ਪਰੀ ਦੇ ਅੰਗ
ਸੁੱਟਣ ਬਰਫ਼ਾਂ ਉੱਚੀਆਂ, ਨੈਂ-ਲਹਿਰਾਂ 'ਤੇ ਵੰਗ।
ਕਾਕ ਭਸ਼ੁੰਡ ਦੀ ਕੂਟ 'ਤੇ, ਕਾਲ ਸੀ ਹੰਸ ਅਲੇਪ
ਹਰ ਉੱਚੇ ਆਗਾਸ ਤੋਂ, ਨਾਨਕ ਨੂੰ ਰਿਹਾ ਵੇਖ।

ਕੁਝ ਬਾਲਾ ਵੈਰਾਗਿਆ, ਕਰਦਾ ਪਾਂਡੋ ਯਾਦ
ਬਦਰੀ ਨਾਥ ਦੇ ਰਾਹ ਜੋ, ਭਟਕ ਕਰਨ ਫ਼ਰਿਆਦ

ਘਾਤ, ਖ਼ੂਨ ਤੇ ਕਹਿਰ ਦੀ, ਸੁਨਣ ਨਿਰੰਤਰ ਚਾਪ
ਤੜਪ ਅਕਾਸ਼ੀ ਸੁਰਗ ਦੀ, ਨਾ ਲਾਹੇ ਸੰਤਾਪ।
ਕੋਮਲ ਰਿਸ਼ਤੇ ਜੱਗ ਦੇ, ਫੁੱਲ ਵਾਦੀਆਂ ਵਾਂਗ
ਖਿੜਦੇ ਪਾਂਡਵ-ਮਨਾਂ 'ਤੇ, ਲੈ ਰੰਗਾਂ ਦੀ ਕਾਂਗ।
ਕੀਕਨ ਗੀਤਾ ਰੋਕਦੀ, ਦਿਲ ਮਾਸੂਮ ਦੇ ਜਾਪ
ਨੀਲ ਕੰਠ ਦੀ ਕੂਟ ਤੋਂ, ਸੁਣੇ ਸਮੇ ਜੋ ਆਪ!
ਮਹਾਂ ਪਥ 'ਤੇ ਤੁਰਦਿਆਂ, ਹੋ ਅਰਜਨ ਬੇਚੈਨ
ਮਹਾਂ ਉਗਰ ਸ਼ਿਵ-ਹਉਂ ਨੂੰ, ਤਕ ਭੁੱਲੇ ਮਿੱਠ ਬੈਨ।
ਦਰ 'ਤੇ ਆਏ ਦੁਖੀ ਵਲ, ਰੁਦਰ ਕਰੀ ਜਦ ਪਿੱਠ
ਮੌਤ ਦੇ ਹਾਸਿਦ ਡੰਗ ਨੂੰ, ਅਰਜਨ ਕੀਤਾ ਠਿੱਠ
ਸ਼ਿਵ ਦੇ ਭੈਂਸਾ ਰੂਪ ਨੂੰ, ਪਰਬਤਾਂ ਵਿਚ ਧਸਾ
ਦਿਲ ਦੇ ਅਮਰ ਸਕੂਨ ਦੀ, ਮੰਨੀ ਮਧੁਰ ਰਜ਼ਾ।
ਪਾਂਡਵ ਵੀ ਤਜ ਕ੍ਰੋਧ ਨੂੰ, ਕਰਨ ਮਿਹਰ ਸੁਬਹਾਣ
ਸਿਰਜਣ ਸ਼ਿਵ ਦੀ ਗਗਨ ਜਹੀ, ਬਿਮਲ ਕੇਦਾਰੀ ਸ਼ਾਨ।
ਬਾਲੇ ਦਾ ਮਨ ਡੋਂਗਦੇ, ਆ ਇਤਿਹਾਸ ਪੁਰਾਣ
ਛੁਪੀ ਹੈ ਪਾਵਨ ਪਰਬਤੀਂ, ਜਿਨ੍ਹਾਂ ਦੀ ਬਿਖ ਮਹਾਨ।
ਅਣਪਛਾਤੀ ਤੜਪ ਨੂੰ, ਬਾਲਾ ਸਕੇ ਨ ਰੋਕ
ਦਿਸੀ ਤ ਨਾਨਕ-ਮੁੱਖ 'ਤੇ, ਮੂਕ ਤਰਸ ਦੀ ਜੋਤ।
ਗਗਨ ਅਦਿੱਖ ਸੀ ਉੱਤਰੇ, ਦਿਲ ਦੀ ਵਿਚ ਇਕਾਂਤ
ਜਰ ਤੀਖਣ ਸੰਤਾਪ ਨੂੰ, ਬਾਲਾ ਹੋਇਆ ਸ਼ਾਂਤ।
ਕਾਲ-ਚੁੱਪ ਨੇ ਸੁਣ ਲਿਆ, ਬਾਲੇ ਦਾ ਵਿਰਲਾਪ
ਮਰਦਾਨੇ ਨੂੰ ਜਾਪਦਾ, ਖੁਰਦਾ ਰਿਸ਼ਮ-ਸਰਾਪ।
ਨੈਂ-ਤਾਰਾਂ ਨੂੰ ਖਿੱਚਿਆ, ਸਿੱਧ ਪਰਬਤਾਂ ਆਪ
ਸ਼ਬਦ ਦੇ ਪੰਖੀ ਉੱਡਦੇ, ਲੈ ਗੰਭੀਰ ਅਲਾਪ।
ਹਰ ਪੱਥਰ ਵਿਚ ਕਰਦੀਆਂ, ਮੂਕ ਕੂੰਬਲਾਂ ਜਾਪ
ਨਭ ਬਰਫ਼ਾਂ ਗਲ ਲਾਂਵਦੇ, ਜਿਉਂ ਧੀਆਂ ਨੂੰ ਬਾਪ।

ਇਉਂ ਖੇਤਰ ਕੇਦਾਰ ਨੂੰ, ਲਿਵ ਅਫੁਰ ਗੁਰ ਦੇਣ
ਕਾਲ ਕਾਲ ਦੇ ਕਾਫ਼ਲੇ, ਪੱਤਣ ਨਵੇਂ ਆ ਵਿਹਣ।
ਨੈਂ, ਇਤਿਹਾਸ, ਪੁਰਾਣ ਨੂੰ, ਅਨੁਭਵ ਵਿਚ ਕਸ਼ੀਦ
ਨਜ਼ਰ ਅਕਾਸ਼ ਦੀ ਬਖ਼ਸ਼ ਕੇ, ਕੀਤੀ ਉਦੇ ਉਮੀਦ।
ਸ਼ਬਦ ਅਚਿਹਨ ਜਿਉਂ ਤਕਦਾ, ਵਣ ਤਿਣ ਬਿਰਖ ਪਹਾੜ
ਕਰਨ ਸੁਤੰਤਰ ਪੰਖ ਜਿਉਂ, ਨਦੀਆਂ ਦੇ ਦੀਦਾਰ

ਸ਼ੀਂਹ, ਬਾਜ਼ ਤੇ ਨਾਗ ਨੂੰ, ਬਰਕਤ ਜਿਵੇਂ ਅਦਿੱਖ
ਦੇਵਣ ਹੱਥ ਅਕਾਸ਼ ਦੇ, ਖੋਲ ਅਸੰਖਾਂ ਭਿੱਤ
ਪਾਵਨ ਕਰਨ ਜਿਉਂ ਕਥਾ ਨੂੰ, ਸੱਚ ਖੰਡ ਦੇ ਦੇਵ
ਖਿੜਦੀ ਊਸ਼ਾ ਦੇ ਨੈਣ ਲੈ, ਕਰਨ ਮਨੁੱਖ ਦੀ ਸੇਵ
ਛੂਹ ਕੇ ਨਾਨਕ-ਚਰਨ ਨੇ, ਚਾਰ ਧਾਮ ਦਾ ਖੰਡ
ਬਖ਼ਸ਼ੇ ਪੈਂਡੇ ਸੁਰਤ ਨੂੰ, ਸਭ ਸੁਰਤਾਂ ਤਕ ਹੰਢ
ਵਾਹ ਕੇ ਲੀਕਾਂ ਸੁਰਤ 'ਤੇ, ਝਾਕੀ ਸਪਤ ਸ਼੍ਰਿੰਗ
ਲੱਥਣ ਇੱਕੋ ਨੂਰ ਹੋ, ਨਾਨਕ ਦੀ ਵਿਚ ਜਿੰਦ
ਹੇਮ ਕੁੰਟ ਦੇ ਝੁਕੇ ਸੀ, ਜਦੋਂ ਗੁਰੂ ਵਲ ਨੈਣ
ਬਸਤਰ-ਹੀਣ ਅਕਾਸ਼ ਦਾ, ਹੁਸਨ ਜਗਾਵੇ ਰੈਣ
ਕਾਕ ਭੁਸ਼ੁੰਡ ਦੀ ਅੱਖ ਨੂੰ, ਢਕੇ ਕਾਲ ਦੀ ਰਾਤ
ਪਰਦੇ ਚੁੱਕ ਵਿਖਾਂਵਦੇ, ਨਾਨਕ ਨੂਰ ਦੀ ਜ਼ਾਤ।
ਅੰਮ੍ਰਿਤ ਹਰ ਪ੍ਰਯਾਗ ਦਾ, ਮਠ ਕਾਸ਼ੀਆਂ ਤੀਕ
ਦੂਰ ਪਰਖ ਦੀ ਤੇਗ ਨੂੰ, ਤਕ ਕਾਲ ਗਿਆ ਡੀਕ
ਡੂੰਘੇ ਸਿਦਕ ਪਛਾਣ ਕੇ, ਅੰਮ੍ਰਿਤ ਬਣਦੇ ਨੀਰ
ਕੁਦਰਤ ਨਾਲ ਹੀ ਖੜੀ ਹੈ, ਬੰਦੇ ਦੀ ਤਕਦੀਰ।
ਮਸਤਕ ਕਾਂਸ਼ੀ ਗੁਪਤ ਦੇ, ਚੁੰਮ੍ਹ ਬਿਬੇਕ ਅਗਾਧ
ਸੁਣੇ ਚਰਨ ਗੁਰ ਪਰਸਕੇ, ਮਾਨਵ-ਦਰਦ ਦਾ ਨਾਦ
ਮਿਲ ਹਰ ਪਾਂਡਵ-ਪੈੜ ਨੂੰ, ਸਪਤ ਸ਼੍ਰਿੰਗ ਦੇ ਪੰਧ
ਨਾਨਕ ਤੁਰੇ ਸੁਮੇਰ ਨੂੰ, ਬਾਲ ਰਬਾਬੀ ਸੰਗ।

ਸੁਮੇਰ ਵਲ; ਚਰਪਟ ਦਾ ਸੁਫਨਾ

ਗੁਫ਼ਾ 'ਚ ਵੱਡੇ ਵੇਲੜੇ, ਚਰਪਟ ਵੇਖੇ ਖ਼ਾਬ:
ਸਾਗਰ ਸੁੰਨ ਅਥਾਹ ਦਾ, ਨਾ ਵਿਚ ਨੀਂਦ ਨ ਜਾਗ
ਸਾਹ-ਹੀਣ ਸੀ ਫ਼ੈਲਦਾ, ਪੱਥਰ ਰੇਤ ਨ ਆਬ
ਜਿਸ 'ਤੇ ਕੰਢਿਆਂ ਵਾਲੜੇ, ਪਲ ਪਲ ਚੜ੍ਹਣ ਨਕਾਬ;
ਇਕ ਪਲ ਸਾਗਰ ਕੰਬਦਾ, ਪਰ ਨ ਦਿਸਦੀ ਨਾਭ
ਦੂਜੇ ਪਲ ਹੀ ਸੁੰਨ ਨਾ, ਦਿੰਦੀ ਕੁਈ ਜਵਾਬ;
ਨਾ ਕਾਸਿਦ ਹੀ ਆਂਵਦਾ, ਚੁੱਪ ਹੋਇ ਬੇਤਾਬ
ਪਾਵੇ ਜਕੜ ਕੇ ਸੁਰਤ 'ਤੇ, ਮਹਾਂ ਮੂਰਛਾ ਦਾਬ;
ਚਰਪਟ ਸਾਹਵੇਂ ਯੋਗ ਸੀ, ਉਸ ਪਲ ਤੁੰਦ ਅਜ਼ਾਬ
ਔਪਰ ਹਰਿਆ ਬੂਟ ਕੋ, ਸਿੱਧ ਦੇ ਚੁੰਮ੍ਹੇ ਦਾਗ;

ਹਥ ਜੋਗੀ ਸਿਰ ਰੱਖਿਆ, ਮੋਈ ਮਾਂ ਨੇ ਜਾਗ
ਸੁੱਕੇ ਸਾਗਰ-ਦਰਾਂ 'ਤੇ, ਬਲੇ ਅਸੰਖ ਚਰਾਗ;
ਸਾਗਰ ਬੰਦ ਚੁਫੇਰਿਉਂ, ਪਰ ਚਾਨਣ ਨਾਯਾਬ
ਦੂਰ ਸਮੇ ਤਕ ਉੱਡਿਆ, ਬਾਜ਼ ਤਾਂ ਬੇਹਿਸਾਬ
ਚੁੰਮ੍ਹੀ ਕਿਸੇ ਮੁਰੀਦ ਨੇ, ਰੋ ਨੀਲੇ ਦੀ ਵਾਗ।

ਕੋਮਲ ਕਿਣਮਿਣ ਨੀਂਦ ਜਹੀ, ਅੰਤ ਛੇੜਿਆ ਰਾਗ
ਕਿਸ ਦੇ ਚਰਨ ਦੀ ਪਰਬਤਾਂ, ਰੀਣ ਨ ਝੱਲੀ ਤਾਬ!
ਸਿੱਧ-ਧਿਆਨ ਦੇ ਤੇਲ ਆ, ਮੁਸ ਮੁਸ ਰੋਣ ਵਰਾਗ
ਸੁੰਨ ਤਪਾਂ ਵਿਚ ਪੁੰਗਰੇ, ਸੁਕ ਗਏ ਜੋ ਬਾਗ਼
ਸਗਲ ਸੁਮੇਰ ਹੀ ਬਾਗ਼ ਸੀ, ਪੰਘਰੇ ਵਿਚ ਰਬਾਬ।

ਗੁਰੂ ਦਾ ਇਕੱਲਿਆਂ ਤੁਰਨਾ

ਏਧਰ ਸਪਤ ਸ਼੍ਰਿੰਗ ਤੋਂ, ਸਨ ਨਾਨਕ ਕੁਝ ਦੂਰ
ਸਿੱਧ-ਧਿਆਨ 'ਚ ਭੇਜਕੇ, ਸਦ ਅਟੱਲ ਜੋ ਨੂਰ
ਨਜ਼ਰ ਨਾਲ ਮਹਿਕਾ ਕੇ, ਦੇਹ ਦੇ ਬਾਂਝ ਮਨੂਰ
ਦੇ ਕੇ ਜੋਗੀ-ਤਪਾਂ ਨੂੰ, ਬਰਕਤ ਭਰਿਆ ਬੂਰ
ਸੁੱਕੇ ਯੋਗ-ਗਿਆਨ 'ਤੇ, ਪਾ ਸੁਖ ਦੁਖ ਦੀ ਭੂਰ
ਵਲ ਸੁਮੇਰ ਦੇ ਭੇਜਕੇ, ਮਾਨਵ-ਦਰਦ ਦੀ ਹੂਰ
ਲੇਪੂ ਲੇਖ ਨੂੰ ਲੰਘਕੇ, ਖੜ ਇਕ ਗੁਫ਼ਾ ਦੇ ਕੋਲ
ਸੱਦੇ ਦੋਵੇਂ ਸਿਖ ਸੀ, ਰਮਜ਼ ਨਾਲ ਇਉਂ ਬੋਲ:
ਕਹਿਣ: "ਜਿੰਦ ਜਹੇ ਸੱਜਣੋ, ਜ਼ਰਾ ਨ ਜਾਣਾ ਡੋਲ
ਇਸ ਉਜਾੜ ਵਿਚ ਸਾਂਭਣਾ, ਸਿਦਕ ਦਾ ਰਤਨ ਅਮੋਲ
ਮਿਲਾਂ ਮੈਂ 'ਕੱਲਾ ਸੱਚ ਨੂੰ, ਸੱਚ ਜੁ ਸਕੇ ਨ ਤੋਲ
ਮੈਂ ਉਹ ਤਕਸਾਂ ਸਿੱਧੀਆਂ, ਰਹਿਮ ਨ ਜਿਹਨਾ ਝੋਲ
ਕੁਝ ਕੁ ਰੰਗ ਇਹ ਜਿੱਤ ਦਾ, ਰਹੇ ਤੁਹਾਡੇ ਕੋਲ
ਅੱਧਾ ਹਿੱਸਾ ਜਗਤ ਨੂੰ, ਦੇਵਾਂ ਹੱਕ ਅਡੋਲ।"

ਓਦਰੇ ਸੰਗੀਆਂ ਨੂੰ ਧਰਵਾਸ

ਗੁਰ ਚਰਨਾਂ ਵਲ ਵੇਖਿਆ, ਹੋ ਦਾਨੇ ਹੈਰਾਨ
ਬਾਲਾ ਵੀ ਗੁਰ-ਚੋਜ ਤੋਂ, ਡੌਰ ਭੌਰ ਬੇਜਾਨ
ਦੋਵਾਂ ਨਾਨਕ ਤੱਕਿਆ, ਵਿਚ ਵੇਦਨ ਅੰਞਾਣ
ਦਾਨਾ ਆਖੇ: "ਨਾਨਕਾ! ਯਾਰ ਨ ਮਿਲਣ ਜਹਾਨ
ਰੁਲਸੀ ਵਿਚ ਉਜਾੜ ਦੇ, ਜਿੰਦ ਇਹ ਬੇਪਛਾਣ।"
ਦਿਲ ਸੰਗੀ ਇਉਂ ਓਦਰੇ, ਤੱਕੇ ਗੁਰ ਸੁਲਤਾਨ
ਬੇਵਸ ਛਾਲੇ ਥਲਾਂ ਦੇ, ਜਿਉਂ ਦੱਸਣ ਅਰਮਾਨ।
ਬੇਯਾਰੇ ਦਿਲ ਸਾਮ੍ਹਣੇ, ਕਿਉਂ ਦਿਲ ਦੇ ਮਹਿਮਾਨ
ਵਾਹ! ਮਾਸੂਮੀ ਹੰਝ ਦੀ, ਸੱਦ ਲਏ ਅਸਮਾਨ!
ਗੁਰੂ ਕਹਿਣ: "ਮਰਦਾਨਿਆਂ, ਕਿਉਂ ਡੋਲੇ ਇਹ ਜਾਨ
ਯੋਗ ਮੈਂ ਢੂੰਡਣ ਚੱਲਿਆਂ, ਸਦਾ ਤੋਂ ਬੇਨਿਸ਼ਾਨ;
ਟੁੰਗਾਂ ਗਿਆਨ ਅਚਿਹਨ 'ਤੇ, ਜਗਤ ਦੇ ਫੁਲ ਮਹਾਨ
ਪਰਬਤ ਸਚ ਆਚਾਰ ਦਾ, ਜਾਗੇ ਵਾਂਗ ਅਜ਼ਾਨ!
ਸ਼ਬਦ ਖੜਾ ਜਗ ਸਾਮ੍ਹਣੇ, ਕਿਉਂ ਲਾਵੇਂ ਅਨੁਮਾਨ?
ਸ਼ਿਕਵਾ ਪੰਖੀ ਘਾਇਲ ਦਾ, ਸੁਣਾਂ ਵਾਂਗ ਅਸਮਾਨ
ਸੁਪਨ ਅਸਾਡੇ ਸੱਚੜੇ, ਕਰੋ ਨ ਜਿੰਦ ਵੀਰਾਨ।

ਗੁਰੂ ਅਤੇ ਮੁਰੀਦ ਇਕੱਲਾਂ ਵਿਚ

ਨਾਨਕ ਛਿਪੇ, ਪਿਆਰ ਦੇ, ਲੰਘੇ ਬਹੁਤ ਪਹਾੜ
ਚੋਗਾ ਚੁਗਣ ਉਜਾੜ ਦਾ, ਪੰਖੀ ਜਿਉਂ ਦੋ ਯਾਰ।
ਕੱਲਾ ਬ੍ਰਿਹਾ! ਸਾਮ੍ਹਣੇ, ਨਦੀਆਂ ਵਗਣ ਹਜ਼ਾਰ
ਕਦੇ ਨ ਦੇਸ ਬਿਗਾਨੜੇ, ਮਾਂਝੀ ਕਰਨ ਉਧਾਰ।
ਪਰਬਤ ਜੁਗਾਂ ਤੋਂ ਵੱਡੜੇ, ਬ੍ਰਿਹੀ ਕਰਨਗੇ ਪਾਰ
ਤਾਰਿਆਂ ਦੀ ਛਾਂ ਜੋੜ ਹੀ, ਬਣੇ ਜਾਪ ਦਿਲਦਾਰ।
ਸਿੱਖਾਂ ਜਰੀ ਇਕੱਲ ਸੀ, ਬਹਿ ਸੁੰਞਾਂ ਦੇ ਬਾਰ
ਰਾਤਾਂ ਵੇਖੇ ਸਬਰ ਸੀ, ਜਿਹੜੇ ਸਕਣ ਨ ਹਾਰ।

ਭਾਗ ਤੀਜਾ

ਸੁਮੇਰ ਵਲ
ਜੋਗੀਆਂ ਦਾ ਝੁੰਡ

ਲਾਮਾ ਦੇਸ ਦਾ ਮਸਤਕ ਚੁੰਮਣ
ਨਰਮ ਹੁਸੀਨ ਦੁਪਹਿਰਾਂ
ਨਦੀ ਪਹਾੜ ਲਏ ਵਿਚ ਬੁੱਕਲ
ਚਮਕਿ ਅਕਾਸ਼ੀ ਲਹਿਰਾਂ।

ਨਸ਼ੇ ਖਰੂਦੀ ਪੌਣਾਂ ਦੇ ਸੀ
ਮਧੁਰ ਧੁੱਪ ਵਿਚ ਡੁੱਬੇ
ਘਾਇਲ ਸਮੇ ਝੀਲਾਂ ਵਿਚ ਲੈਂਦੇ
ਛਿਣ ਕਿਸੇ ਸਾਹ ਉੱਭੇ।

ਮਾਨਸ ਝੀਲ ਨੂੰ ਭੇਦ ਮਿੱਠੜਾ
ਖਿੜ ਛਿੱਠਾ ਅਰਬਿੰਦਾਂ :
"ਤੈਂ ਪੱਤਣ 'ਤੇ ਯੋਗੀ ਆਏ
ਵਿਚ ਕੁਤੂਹਲ ਜਿੰਦਾਂ!"

ਵਿਚ ਧਿਆਨ ਅਕਲਪਤ ਮੁਦ੍ਰਾ
ਚਰਪਟ ਤੁਰਦਾ ਜਾਪੇ;
ਰੁਕੇ ਨਾ, ਤਨ ਮਨ ਨੂੰ ਫਿਰ ਬੰਨ੍ਹੇ
ਹਾਰ ਦੀ ਚਿੰਤ ਵਿਆਪੇ।

ਰਾਖਸ਼ ਤਾਲ ਤੇ ਮਾਨਸਰੋਵਰ
ਸੁਨਣ ਚਾਪ ਇਕ ਨਿਆਰੀ
ਸੋਚਣ : "ਯੋਗੀ ਮੀਤ ਚਿਰਾਂ ਦੇ
ਕਿਉਂ ਅਜ ਜਰਣ ਖ਼ੁਆਰੀ।"

ਮਾਨਵ-ਦਰਦ ਹਲੂਣੇ ਦਿਲ ਨੂੰ
ਜੋਗੀ ਬਾਤ ਨ ਮੰਨੀ
ਯੋਗ 'ਚ ਨਾਦ ਪ੍ਰੇਮ ਦਾ ਫਿਰ ਵੀ
ਪਵੇ ਤ੍ਰੇਲਾਂ ਕੰਨੀਂ।

ਨਾਥ ਹੋਣ ਦਾ ਨਸ਼ਾ ਅਨੂਠਾ
ਚਰਪਟ ਹਉਂ ਵਿਚ ਸੁਣਦਾ,
ਨਾਜ਼ਕ ਨਾਦ ਅਕਹਿ ਕਦਮਾਂ ਦਾ
ਨਾਲ ਨਾਲ ਰੁਣਝੁਣਦਾ।

"ਯੋਗ ਦੇ ਆਸਨ ਖ਼ਾਲੀ ਹੋਸਨ"
ਲੋਹਾਂਰੀਪਾ ਸੋਚੇ
"ਪ੍ਰੀਤ-ਹੜ੍ਹਾਂ ਨੂੰ ਮੁੜ ਕੇਸਾਂ 'ਤੇ
ਗੁਰ ਇਕ ਗੰਗ ਜਿਉਂ ਬੋਚੇ।"

ਤਕ ਕੈਲਾਸ਼ ਕਹੇ ਫਿਰ ਚਰਪਟ
"ਸ਼ਿਵ-ਧਾਮ ਹੀ ਚੱਲੋ,
ਪੰਥ ਪ੍ਰੇਮ ਅਮਰ ਵੀ ਭਾਵੇਂ
ਵਿਜੈ ਦਾ ਆਸਨ ਮੱਲੋ।

"ਯੋਗ ਸਿੱਧੀਆਂ ਦਾ ਦਲ ਡਾਢਾ
ਮਹਾਂ ਸੀਤ ਘਰ ਘੱਲੋ
ਪੰਜ ਭੂਤ ਦੇਹ ਤੋਂ ਅੱਗੇ
ਮਹਾਂ ਪ੍ਰਾਣ ਨੂੰ ਠੱਲ੍ਹੋ।"

ਦਿਲ ਨਾਥਾਂ ਦਾ ਬਲੀ ਸੁਮੇਰ ਦੀ
ਮਾਣੇ ਪਾਕ ਬੁਲੰਦੀ
ਭੈਅ ਸਿੰਘਾਸਨ ਖੁਸ ਜਾਣ ਦੇ
ਕਰਨ ਮਨਾਂ ਨੂੰ ਬੰਦੀ।

ਕੈਲਾਸ਼ ਦੀ ਕੂਟ ਉੱਤੇ ਸਿੱਧ ਸਭਾ

ਮੇਘ ਮਹੀਨ, ਪੁੰਨਿਆਂ ਸਾਵਨ,
ਮਿਲਣ ਸੁਮੇਰ ਦੇ ਉੱਤੇ;
ਮੂਕ ਕਮਲ ਦੇ ਗ਼ਮਜ਼ੇ ਚੰਚਲ
ਸਮੇਂ ਜਗਾਵਣ ਸੁੱਤੇ।

ਛੋਹੇ ਕੂਟ ਸੁਮੇਰ ਨੂੰ ਪੂਨਿਮ,
ਅਤਿ ਸੁਬਕ ਲਿਸ਼ਕੋਰਾਂ।
ਕਾਲ-ਗੁਫ਼ਾ ਵਿਚ ਜੋਗੀ ਭਟਕਣ
ਕਦੇ ਨਿਹਾਲਣ ਭੋਰਾਂ।

ਭੈ ਤੇ ਚਿੰਤ ਵਸਣ ਲਿਵ ਜੋਗੀ,
ਤ੍ਰਿਖ ਨੂਰੀ 'ਤੇ ਗਹਿਰਾਂ
ਮਾਨਸ-ਜਲ ਦੇ ਹੰਸ ਜਗਾਏ
ਠੁਮਕ ਚਾਂਦਨੀ ਪੈਰਾਂ।

ਯੋਗ ਦੇ ਉੱਚੇ ਆਸਨ ਅੱਗੇ
ਥਰਕਣ ਗਿਆਨ ਅਜੂਨੇ,
ਮੇਘ ਦੇ ਪਤਲੇ ਸਾਲੂ ਲੈ ਕੇ
ਚੰਨ-ਮਾਸੂਮੀ ਝੂਮੇ।

ਰੂਪ ਸੁਮੇਰ ਦਾ ਅਮਰ ਚਾਂਦਨੀ
ਵਸਿਆ ਵਿਚ ਪ੍ਰਾਣਾਂ,
ਕੱਚੀ ਦੇਹ ਨੂੰ ਖੁਰਣ ਨ ਦਿੰਦਾ
ਸ਼ਿਵ ਦਾ ਕਾਲ ਸੁਹਾਣਾ।

ਸਿੱਧ ਸਭਾ ਦਾ ਆਸਨ ਪੱਕਾ
ਕਦੇ ਕਦੇ ਪਰ ਡੋਲੇ:
"ਕਿਵੇਂ ਦਿਸੇ ਉਹ ਬਲੀ ਤਰਾਜ਼ੂ
ਤਾਣ ਜੁ ਸਾਡਾ ਤੋਲੇ।"

ਸਿੱਧ ਸੁਮੇਰ ਦੇ ਮਾਣਮੱਤੜੇ
ਲਾਉਣ ਸ਼ੁਮ ਜਿਉਂ ਝੋਰੇ:
"ਸਾਡੇ ਯੋਗ ਨੂੰ ਅਨੁਭਵ ਕਿਹੜਾ
ਇਸ ਯੁਗ ਹੜ੍ਹਾਂ 'ਚ ਖੋਰੇ।

"ਸਚ ਹੈ? ਮਹਾਂ ਪੁਰਖ ਇਸ ਯੁਗ ਦਾ
ਸ਼ਿਵ-ਧਾਮ ਵਲ ਆਵੇ
ਸਿਖਰ ਸੁਮੇਰ 'ਤੇ ਦੁਬਿਧਾ ਸਾਡੀ
ਬਾਲ ਵਾਂਗ ਗਲ ਲਾਵੇ।"

ਸੁਮੇਰ ਉੱਤੇ

ਸਾਵਨ ਦੀ ਪੂਨਿਮ ਸੀ ਸਿੱਧਾਂ
ਬਰਫ਼ਾਂ ਵਿਚ ਲੰਘਾਈ,
ਤਨ 'ਤੇ ਚਾ ਸਿੱਧੀਆਂ ਨਭ ਨੂੰ
ਆ ਵੰਗਾਰ ਸੀ ਪਾਈ।

ਦੇਹ-ਤ੍ਰਿਸ਼ਨ, ਕਾਲ ਤੇ ਦੂਰੀ
ਵਸ ਵਿਚ ਸਿੱਧਾਂ ਕੀਤੇ,
ਛਿਨ ਭੰਗਰ ਇਹ ਜਗਤ-ਅਚੰਭੇ
ਪਕੜ ਰਾਵਲਾਂ ਲੀਤੇ।

ਅੰਤ ਸੁਮੇਰ 'ਤੇ ਵੱਡੇ ਤੜਕੇ
ਪਿਆ ਮਰਦ-ਪਰਛਾਵਾਂ,
ਜਿਵੇਂ ਗੁਆਚੇ ਗਗਨਾਂ ਦਾ ਕੋ
ਤੁਰੇ ਪਿਆ ਸਿਰਨਾਵਾਂ।

ਜਦ ਬਿਬੇਕ ਬਾਲ ਜਿਹਾ ਖੇੜਾ
ਚੌਦਾਂ ਤਬਕ ਹੀ ਵੇਖੇ,
ਜਿਸ ਜੁਗ ਕਾਲ, ਥਾਂਵ ਤੇ ਨਾਂ ਦੇ
ਸਿਦਕ ਨ ਮੰਗੇ ਲੇਖੇ
ਮੁੜ ਉਸ ਕਾਲ ਦੇ ਨੈਣ ਜਗੰਦੇ
ਨਿਰਜਨ ਬਰਫ਼ਾਂ ਉੱਤੇ
ਸੁਰਗ ਦੀ ਪਾਵਨਤਾ ਨੂੰ ਗੰਗਾ
ਯਾਦ ਕਰੇ ਇਸ ਰੁੱਤੇ;
ਯੋਗੀ ਕਹਿਣ: "ਭੇਦ ਇਕ ਦੈਵੀ
ਦਸਮ ਦੁਆਰੇ ਵੱਜੇ
ਜਿਵੇਂ ਸੁਮੇਰ ਤੋਂ ਗੌਮੁਖ ਤੀਕਣ
ਗੁਪਤ ਗੰਗ ਕੋ ਵੱਗੇ।"

ਸਿਖਰਾਂ ਵਲ ਤੁਰੇ ਪਰਛਾਵਾਂ
ਸਭ ਜੋਗੀ ਹੈਰਾਨੇ:
ਅਣਵੇਖੇ ਕਦਮਾਂ ਦੇ ਹੇਠਾਂ
ਵਿਛਦੇ ਛੁਪੇ ਜ਼ਮਾਨੇ।

ਜਿਵੇਂ ਧੁੰਧ ਤੋਂ ਨੂਰ ਨਿਖਰਦਾ
ਨਕਸ਼ ਦਿਸੇ ਇਉਂ ਸੁੱਚੇ
ਸੂਰਜ ਜ਼ਿਮੀਂ ਇਨ੍ਹਾਂ ਦੇ ਸਾਖੀ
ਉਂਜ ਅਗੰਮ ਇਹ ਉੱਚੇ।

ਚਰਪਟ ਸੁਖ਼ਨ ਕਰੇ ਹੋ ਮਿੱਠਾ:
"ਬਾਲਕ ਕੀ ਨਾਂ ਤੇਰਾ?
ਵਾਟ ਕਠਨ ਹੈ। ਕੱਚੀ ਉਮਰੇ
ਭੇਦ ਢੂੰਡਣੈਂ ਮੇਰਾ।
ਹਾਟੀ ਬਾਟੀ ਵਿਚ ਮਨ ਤੇਰਾ
ਫਿਰ ਕਿਉਂ ਦਿਸੇਂ ਉਦਾਸੀ?
ਨੈਣੀਂ ਵਸਣ ਜਗਤ ਦੇ ਕਾਮਨ
ਤੂੰ ਲੋਚੇਂ ਅਬਿਨਾਸੀ!"

ਸੁਣਿ ਗੁਰ ਕੀਤੀ ਨਜ਼ਰ ਉਚੇਰੀ
ਸਦ ਅਲੇਪ ਮਾਸੂਮੀ
ਹਾਟ ਪਟਨ ਦਾ ਹੁਸਨ ਜਗਾਕੇ
ਦਰ ਕੁਦਰਤ ਦੇ ਝੂੰਮੀ।

ਚਰਪਟ ਵੇਖੇ ਸੱਚ ਧੁਰਾਂ ਦਾ
ਜੀਵਨ ਦੇ ਹਰ ਰਾਹ ਤੇ,
ਸਾਹ-ਹੀਣ ਕੂਟਾਂ ਤੋਂ ਜੋਗੀ
ਭਿੱਗੇ ਸੁੰਞ ਖ਼ਲਾ ਤੇ।

ਗੁਰੂ ਕਹਿਣ: "ਮੈਂ ਨੂਰ ਸੰਵਾਰਾਂ
ਨਾਲੇ ਜਗ ਦਾ ਵਿਹੜਾ,
ਦਰ ਘਰ ਬਿਨਾਂ ਤੁਰਾਂ ਲੈ ਮੰਜ਼ਿਲ
ਢੂੰਡਾਂ ਗੁਰਮੁਖ-ਚਿਹਰਾ।

"ਮੈਂ ਗੁਰਮੁਖ ਦੀ ਵਾਜ ਢੂੰਡਦਾਂ
ਜਾ ਪਰਲੈ ਦੇ ਦੁਆਰੇ,
ਤਿਸਦੇ ਜਨਮ ਦਾ ਕੌਲ ਢੂੰਡਦਾਂ
ਕਲਪਿ ਅਜਨਮੇ ਤਾਰੇ।

"ਲੱਖ ਚੁਰਾਸੀ ਜੂਨਾਂ ਵਿੱਚੋਂ
ਜਿਸ ਥਾਂ ਜੂਨ ਨ ਕੋਈ,
ਉਸ ਤਾਰੇ ਤਕ ਨਜ਼ਰ ਮਿਰੀ ਤੋਂ
ਗੁਰਮੁਖ-ਨਜ਼ਰ ਖਲੋਈ।

"ਮੈਂ ਉਸ ਹੁਕਮ 'ਚ ਗੁਰਮੁਖ ਢੂੰਡਾਂ
ਜੋ ਅਨਹੱਦ ਥੱਰਾਵੇ,
ਰੂਹ, ਕਾਲ, ਵਰਭੰਡ-ਸਿਖਰ ਤੋਂ
ਜਿਸਦੀ ਪੌੜੀ ਜਾਵੇ।"

ਲੋਹਾਰੀਪਾ ਤੇਜ ਵਿਜੈ ਦਾ
ਵੇਖ ਰਿਹਾ ਗੁਰ-ਰਾਹ ਤੇ:
"ਯੋਗ ਦੇ ਉੱਚੇ ਬੁਰਜਾਂ ਹੇਠਾਂ
ਇਹ ਵੱਗੇ ਦਰਿਆ ਜੇ!
ਆਦਿ ਜੁਗਾਦਿ ਕਾਲ ਦੀ ਧਾਰਾ
ਪੁਰਖ ਬਲੀ ਵਿਚ ਸੁੱਚਾ
ਉੱਚੇ ਬੁਰਜਾਂ ਤਕ ਲਿਸ਼ਕਾਵੇ
ਯੋਗ-ਸਿੰਘਾਸਨ ਉੱਚਾ।"

ਉੱਚਾ ਸੁਖ਼ਨ ਕਰੇ ਫਿਰ ਯੋਗੀ
ਮੋਹ ਤਪਾਕ ਵਿਚ ਡਾਢਾ:
"ਜਗਤ ਛੋਡ ਪਾ ਮੁੰਦਰ ਖਿੰਥਾ
ਧਾਰੋ ਯੋਗ ਅਸਾਡਾ।"

ਸੁਣਕੇ ਕਾਲ-ਚੁੱਪ ਵਿਚ ਨਾਨਕ
ਡੂੰਘੀ ਸੁਰਤ ਉਤਾਰੀ
ਸੁੰਨ 'ਚ ਹਰਫ਼ ਅਸੰਖ ਛੁਪੇ ਸੀ
ਨਾਦ ਛੁਹਣ ਲਾ ਤਾਰੀ।

ਫ਼ਜਰਾਂ ਲੈਣ ਮੇਘ ਦਾ ਓਢਣ
ਧੁੰਡ 'ਚ ਨੂਰ-ਹੁਲਾਰਾ,
ਕਵਨ ਇਹ ਰਾਜ਼ ਸਮੇਰੋਂ ਸਿੰਮਦਾ?
ਬੋਲੇ ਨਾ ਲਿਸ਼ਕਾਰਾ।

ਗੁਰਾਂ ਕਿਹਾ : "ਇਸ ਤੰਗ ਗਲੀ ਨਾ
ਸੰਤ ਪੌਣ ਜਹੇ ਦੇਖਾਂ;
ਸੰਤ-ਜਨਮ ਦੀ ਆਸ 'ਚ ਦਿਸਦੇ
ਹੁਕਮ ਦੇ ਵਹਿਣ ਅਨੇਕਾਂ।

"ਮਹਾਂ ਸੁੰਨ ਸੀ, ਕਾਲ ਨਹੀਂ ਸੀ,
ਨਾਦ ਨ ਨਭ ਉਸ ਵੇਲੇ;
ਮੂਕ ਹੁਕਮ, ਅਰਦਾਸ ਚੁੱਪ ਹੀ,
ਦੋਵੇਂ ਸਨ ਗੁਰ ਚੇਲੇ।

"ਜਦ ਅਰਦਾਸ ਹੁਕਮ ਨੂੰ ਪਰਸੇ
ਲਹਿਰੇ ਗੁਰਮੁਖ-ਫੁਰਨਾ,
ਰਾਤਾਂ ਦੇ ਗਲ ਤਾਰੇ ਲਟਕੇ
ਪਿਆ ਕਾਲ ਨੂੰ ਤੁਰਨਾ।

"ਅਤਿ ਅਛੂਹ ਸੀ ਪੁੰਨ ਪਾਪ ਤੋਂ
ਪ੍ਰੀਤ ਦਾ ਅੰਮ੍ਰਿਤ ਵੇਲਾ,
ਹੁਕਮ ਅਤੇ ਅਰਦਾਸ ਸਿਰਜਿਆ
ਪ੍ਰਥਮ ਨੇਮ ਸੁਹੇਲਾ।

"ਹੋਣ ਅਸੰਖਾਂ ਸਾਗਰ ਮੰਥਨ
ਸ਼ੋਖ਼ ਕੁਤੂਹਲ ਗਰਜੇ
ਜੁਗਾਂ ਤੀਕ ਅਸਮਾਨ ਹੋਲਣੇ
ਸੰਤ-ਨਜ਼ਰ ਹੀ ਵਰਜੇ।

"ਸ਼ੰਤ ਹੋਣ ਦਾ ਸੱਚ ਅਗੰਮੀ
ਨਜ਼ਰ ਬਣੇ ਜਦ ਹੁਣ ਦੀ,
ਬ੍ਰਹਿਮੰਡ ਦਿਸੇ ਕਾਲ ਨੂੰ ਉਣਦਾ
ਹੁਕਮ-ਤੋਰ ਵੀ ਸੁਣਦੀ।

"ਸੱਚ ਧਰਤੀਆਂ ਦੇ ਉਗਮਣ ਦਾ
ਸੰਤ-ਸੱਚ ਚੋਂ ਉੱਗੇ,
ਲੋਹੇ, ਅਗਨ, ਪੱਥਰਾਂ ਦੇ ਵਿਚ
ਇਹੋ ਕੌਲ ਬਸ ਪੁੱਗੇ।

"ਭੂਤ-ਭਵਿੱਖ-ਭਵਾਨ ਜਗਤ ਦਾ
ਗੁਰਮੁਖ-ਨੇਮ ਬਣਾਵੇ,
ਤਾਰੇ ਬੀਜ ਕਾਲ ਵਿਚ ਜਿਹੜਾ
ਮੁੜ ਮੁੜ ਗਗਨ ਸਜਾਵੇ।

"ਤ੍ਰੈ ਕਾਲ ਵਿਚ ਮਨ ਅਲੇਪ ਹੈ
ਲੋਅ ਅਲਿਖ 'ਵਿਚ ਜੀਆਂ,
ਪਾਕ ਦਿਲੀਂ ਪਰ ਦਰਦ ਜਾਗਦੇ
ਵਿਛੜ ਜਾਣ ਜਦ ਧੀਆਂ।

"ਪੰਚ ਭੂਤ ਦੇਵੀ ਦਿਸਹੱਦਾ
ਤਾਜ ਬਣੇ ਜਦ ਰੂਹ ਦਾ,
ਪੌਣ ਤਪੀ ਸਭ ਪਾਂਧੀ ਬਣਕੇ
ਅੰਮ੍ਰਿਤ ਧੁਰ ਦੇ ਖੂਹ ਦਾ।

"ਯੋਗ ਤ੍ਰਬਕੇ ਤਕ ਦੁਨੀਆ ਦਾ
ਦੁਤਰ ਸਾਗਰ ਭਾਰੀ,
ਦੇਹ ਦੀ ਤੰਗ ਗੁਫ਼ਾ ਵਿਚ ਇਸ ਨੇ
ਕੱਚੀ ਖੇਡ ਖਿਲਾਰੀ।

"ਖਟ ਕਰਮ, ਅਠ ਅੰਗ ਯੋਗ ਦੇ
ਗਵਨ ਮਿਟਾਵਣ ਜਿਹੜਾ,
ਉਸ ਧਿਆਨ ਨੂੰ ਨਿਗ੍ਹਾ ਨ ਆਵੇ
ਸਦਾ ਵਿਗਾਸ ਸਵੇਰਾ।

"ਸੂਖਮ ਗਤੀ ਦੇਹ ਦੀ ਨੂੜੇ
ਆਵਾਗਵਣ-ਹਨੇਰਾ,
ਬ੍ਰਹਿਮੰਡੀ ਗੁਰਮੁਖ-ਸੁਰ ਨਿਹਚਲ
ਵਿਚ ਨ ਹੋਇ ਵਸੇਰਾ।

"ਸ਼ੇਖ਼ ਹਉਂ ਦੀਆਂ ਝਲਕਾਂ ਖ਼ਾਤਰ
ਪਾਲ ਸਿੱਧੀਆਂ ਉੱਕੇ,
ਮਧੁਰ ਨਸ਼ੇ ਦੀ ਪਰਾਧੀਨਤਾ
ਵਿਚ ਉਮਰ ਇਹ ਮੁੱਕੇ।

"ਤਜ ਵਰਦਾਨ ਮਾਸੂਮ ਜਗਤ ਦੇ
ਮਾਵਾਂ ਭੈਣਾਂ ਧੀਆਂ
ਸੁੱਵੇ ਗਗਨਾਂ ਦੇ ਵਿਚ ਪੁੱਟੇਂ
ਕਿਉਂ ਯੋਗੀ ਇਹ ਨੀਹਾਂ।"

ਇਉਂ ਕੁਝ ਕਿਹਾ ਸੁਮੇਰ 'ਤੇ ਗੁਰ ਨੇ
ਨਾਥ ਕਰੇ ਦਿਲਦਾਰੀ।
ਸੋਚੇ: "ਸੱਚ ਸਾਮ੍ਹਣੇ ਭਾਵੇਂ
ਪਰਖ ਲਵਾਂ ਇਕ ਵਾਰੀ।"

ਬਹੁਤ ਮਿਠਾਸ, ਰੀਣ ਕੁ ਹਉਂ ਸੀ
ਰਲ ਮਿਲ ਰਾਵਲ ਬੋਲੇ:
"ਹਿੱਕ ਜਲੇ ਬਰਫ਼ਾਂ ਵਿਚ ਡਾਢੀ,
ਦੇ ਅੰਮ੍ਰਿਤ, ਦਿਲ ਡੋਲੇ।

"ਸ਼ਿਵ-ਵਰਦਾਨ ਜਹੇ ਖੱਪਰ ਨੂੰ
ਹਸਤ ਪਵਿੱਤ ਛੁਹਾਵੇਂ;
ਗੌਰੀ ਕੁੰਡ 'ਚ ਨੀਰ ਛਲਕਦਾ,
ਬਣੇ ਹੰਸ, ਲੈ ਆਵੇ।

"ਛੂਹ ਲੈ ਯੋਗ ਦਾ ਖੱਪਰ, ਨਾਨਕ!
ਪਾਵਣ ਦਾਤਾਂ ਫੇਰੇ,
ਉਡਦਾ ਜਾਸੀ ਕੁੰਡ ਤੀਕਰਾਂ
ਨਾਲ ਨਾਲ ਇਹ ਤੇਰੇ।"

ਸੁਣਿ ਇਹ ਨਾਨਕ ਮਸਤਕ ਝਲਕੀ
ਪਾਵਨਤਾ ਕੈਲਾਸ਼ੀ,
ਪੀਵੇ ਸੱਚ ਡੂੰਘੜੇ ਜਿਸਦੇ
ਉੱਚੇ ਮੇਘ ਵਿਲਾਸੀ

ਹਰਿਚੰਦਉਰੀ ਖੁਰ ਜਾਵੇਗੀ
ਨਾਲ ਮਹਿਲ ਮਨਮੋਹਣੇ,
ਰੰਗ ਕਸੁੰਭਾ ਪਹਿਣ ਖੜੇ ਜੋ
ਡੁੱਬ ਸਾਗਰੀਂ ਖੋਣੇ।

ਚਾ ਸੁਮੇਰ 'ਤੇ ਖੱਪਰ ਨਾਨਕ
ਤਕ ਕੇ ਖ਼ਾਲੀ ਸੰਗੇ:
"ਹੱਕਦਾਰ ਕਿੰਨਾ ਜਗ ਬਣਿਆਂ?
ਮਿਹਰ ਜੁਗਾਂ ਤੋਂ ਮੰਗੇ।"

ਬਿਜਲ ਵਾਂਗ ਰਹਿਣ ਸਿੱਧ-ਨਜ਼ਰਾਂ
ਕੁੰਡ ਤੀਕ ਗੁਰ ਉੱਤੇ,
ਲਾਲ ਅਸੰਖ ਵਿਛੇ ਗੁਰ ਸਾਵ੍ਹੇਂ
ਸਹਿਕ ਸਹਿਕ ਜਲ ਸੁੱਕੇ।

ਨਾਲ ਤਰਸ, ਵੇਦਨਾ ਡੂੰਘੀ
ਗੁਰ ਵੇਖਣ ਜਲ ਮੁੱਕੇ
ਸਾਂਪੇ ਸਿੰਧ ਵਗੇ ਪਿਆ ਸਤਲੁਜ
ਰਗ ਪੰਖੀ ਪਰ ਸੁੱਕੇ।

"ਸੁੱਕਾ ਜਗ ਦਯਾ ਬਿਨ ਜੇਕਰ"
ਗੁਰ ਸੋਚਣ: "ਕੀ ਮੰਗਾਂ?
ਲਾਲਾਂ ਨਾਲ ਭਰਾਂ ਕਿਉਂ ਖੱਪਰ
ਤਾਂਘਾਂ ਸੀਤ ਤਰੰਗਾਂ।

"ਵੰਨਸਵੰਨੀ ਤ੍ਰਿਸ਼ਨ ਜਗਤ ਦੀ
ਅਤਿ ਹੁਸੀਨ ਹੋ ਮੋਹੇ
ਤ੍ਰੇਲ ਦੇ ਤਰਲ ਨੈਣ ਕਰ ਪੱਥਰ
ਅੰਧੇ ਚਾਨਣ ਛੋਏ।"

ਦਿੱਬ ਨਜ਼ਰ ਨਾਲ ਫਿਰ ਸਿੱਧਾਂ
ਗੁਰੂ ਕੁੰਡ 'ਤੇ ਵੇਖੇ,
ਰਿਧ ਸਿਧ ਦੀਆਂ ਝਲਕਾਂ ਜਾਪਣ
ਉਡਦੇ ਛਲ ਦੇ ਲੇਖੇ।

ਆਖ਼ਿਰ ਮੁੜ ਕੈਲਾਸ਼ 'ਤੇ ਮਿਲਿਆ
ਸਿੱਧ ਸਭਾ ਨੂੰ ਮਾਹੀ,
ਪਾਵਨ ਪ੍ਰਾਚੀਨ ਹਿਮ-ਨੈਣਾਂ
ਤਕਿਆ ਅਦਭੁਤ ਰਾਹੀ।

ਨਾਨਕ ਹੱਸ ਕਿਹਾ: "ਹੇ ਜੋਗੀ!
ਖੱਪਰ ਤੁਸਾਂ ਦਾ ਭਾਰਾ,
ਖੰਭ ਇਦ੍ਹੇ ਅਜੇ ਨ ਉੱਗੇ
ਉੱਡੇ ਕਿੰਜ ਵਿਚਾਰਾ?

"ਰੂਹ ਤੋਂ ਜਿੰਦ ਤੀਕ ਜਿਸ ਜਲ ਦਾ
ਨਾਦ ਇਲਾਹੀ ਹੁੱਲੇ
ਚਮਕ ਉਦ੍ਹੀ ਸੁੰਨ ਨਿਰਮੋਹੀ!
ਤਿਖ ਆਤਮ ਦੀ ਭੁੱਲੇ।

"ਬੇਵਿਸਾਹੇ ਪੱਥਰ-ਚਾਨਣ
ਰਿਧ ਸਿਧ ਬਣ ਕੋਂਹਦੇ
ਛੂਪੇ ਸਹੰਸਰ ਰੂਪ ਛੈਣ ਦੇ
ਵਾਂਗ ਪਰੀ ਦੇ ਮੋਂਹਦੇ।"

ਝਿਮੇ ਚੁੱਪ! ਅਰਦਾਸ ਉਤਰਦੀ
ਤ੍ਰੇਲ ਵਾਂਗ ਗੁਰ ਨੈਣੀਂ,
ਯਖ ਹੋਇ ਵਿਚ ਗੋਰੀ ਕੁੰਡ ਦੇ
ਕਮਲ ਖਿੜਣ ਜਿਉਂ ਰੈਣੀਂ।

ਸੁੱਕੇ ਜੀਭ ਕੰਠ ਸਭ ਤਾਲੂ
ਨ ਚਰਪਟ ਕੁਝ ਬੋਲੇ,
ਗੋਰੀ ਕੁੰਡ ਤੋਂ ਖੱਪਰ ਤੀਕਣ
ਖੰਭ ਮੇਘ ਨੇ ਖੋਲ੍ਹੇ।

ਮਹਿਕ ਤੁਰੀ ਦੀ ਆਇ ਪਤਾਲੋਂ
ਕੁੰਡ 'ਚ ਖੇੜਾ ਭਰਿਆ,
ਖੱਪਰ ਮੰਝ ਕਮਲ ਦਾ ਸੁਫ਼ਨਾ
ਮਨ ਸਿੱਧਾਂ ਦਾ ਹਰਿਆ।

ਆਦਿ ਸੁੰਨ ਦੇ ਜਿਵੇਂ ਕਦੇ ਸੀ
ਕੜ ਦੁਰਗਮ ਸਭ ਪਾਟੇ,
ਜਦ ਅਰਦਾਸ, ਸ਼ਬਦ ਤੇ ਗੁਰਮੁਖ
ਪਏ ਕਾਲ ਸੰਗ ਵਾਟੇ।

ਰਿਧ ਸਿਧ ਦੇ ਕੜ ਭਾਰੇ ਇਉਂ
ਗੌਰੀ ਕੁੰਡ 'ਚ ਟੁੱਟੇ
ਸੁਬਕ ਤ੍ਰੇਲ ਦੇ ਕਿਰਨ ਨਾਲ ਹੀ
ਲਾਲ ਅਟੁੱਟ ਨਿਖੁੱਟੇ।

ਵਿਦਾਇਗੀ, ਸੁੰਨ ਅਤੇ ਪਿਆਰ-ਸਿਰਜਣਾ

ਅੰਤ ਸੁਮੇਰੋਂ ਉਤਰੇ ਸਤਿਗੁਰ,
ਕਰੀ ਮੁੜਣ ਦੀ ਤਿਆਰੀ।
ਆ ਵੈਰਾਗ 'ਚ ਚਰਪਟ ਬੋਲੇ
"ਮੈਂ ਨਾਨਕ ਤੋਂ ਵਾਰੀ।"

ਲਾ ਅਦਿੱਸ ਬਰਕਤ ਦੇ ਤੰਬੂ
ਮਾਨਸਰੋਵਰ ਪੱਤਣ,
ਸਿੱਧਾਂ ਨਾਲ ਚੰਨ ਦੇ ਹੇਠਾਂ
ਨਾਨਕ ਰਾਤ ਗੁਜ਼ਾਰੀ।

ਡੂੰਘੀ ਰਾਤ ਹੱਸ ਪਏ ਬੋਲਣ
ਪੰਛੀ ਨਾਲ ਹਜ਼ਾਰਾਂ,
ਅਨਹੱਦ ਨਾਦ ਯੋਗ ਦਾ ਮੰਗੇ
ਨੀਂਦਰ ਮਧੁਰ ਉਧਾਰੀ।

ਰਿੱਧਾਂ ਸਿੱਧਾਂ ਬਾਲਾਂ ਵਾਂਗੂ
ਬੋਲ ਸੁਣੇ ਗੁਰ ਵਾਲੇ,
ਨਾਲ ਕੂੰਬਲਾਂ ਬਾਤਾਂ ਪਾਂਦੀ
ਕਿਣਮਿਣ ਗਗਨ ਉਤਾਰੀ।

ਆਦਿ ਕਾਲ ਦੀ ਸੁੰਨ 'ਚ ਸਿੱਧਾਂ
ਬਰਸਾਂ ਤਾੜੀ ਲਾਈ
ਦਿਲ ਦੀ ਓਸੇ ਸੁੰਨ ਨੂੰ ਗੁਰ ਨੇ
ਦਿੱਤੀ ਸੱਦ ਪਿਆਰੀ।

ਮਗਰਮੱਛ ਜਹੀ ਆਦਿ ਸੁੰਨ ਨੇ
ਬ੍ਰਹਿਮੰਡਾਂ ਨੂੰ ਪੀਤਾ,
ਹੁਕਮ ਦੇ ਨਕਸ਼ਾਂ ਨੂੰ ਦੇ ਸਿਮਰਣ
ਕੀਤੀ ਮਿਹਰ ਨਿਆਰੀ।

ਏਕੋ ਏਕ ਜਿੱਤ ਸੀ ਦਗਦੀ
ਸੱਚ ਆਚਾਰ ਦੇ ਮੱਥੇ,
ਜਿਦ੍ਹੀ ਉਡੀਕ ਜੁਗਾਂ ਤੋਂ ਕਰਦੇ
ਰਾਹ ਪਾਵਨ ਬਲਕਾਰੀ।

ਚਾਅ ਗੁਰ ਵੇਖਣ ਦਾ ਨ ਮੁੱਕੇ
ਰਾਹ ਤੇਗ ਜਿਉਂ ਲਿਸ਼ਕੇ,
ਮਾਂਧਾਤਾ ਤੋਂ ਬਾਜ਼ ਅਰੰਮੀ
ਲਾਈ ਦੂਰ ਉਡਾਰੀ।

ਬਾਲਾ ਮਰਦਾਨਾ ਦੀ ਉਡੀਕ

ਉੱਚੀ ਛੱਤ ਪਹਾੜ ਪੁਰਾਣੇ
ਲਾਮਾ ਦੇਸ ਨਿਰਾਲਾ,
ਦੂਰ ਝੱਖੜਾਂ, ਘਣੇ ਵਣਾਂ ਚੋਂ
ਸੁਣਦਾ ਨਾਦ ਹਿਮਾਲਾ।

ਹਾਂ! ਨਾਨਕ ਬਿਨ ਜੋਗੀ 'ਕੱਲੇ
ਦਿਲਗੀਰੀ ਵਿਚ ਵੇਖਣ,
ਡੂੰਘੇ ਤੇ ਅਗਿਆਤ ਸਮੇਂ ਦਾ
ਰੰਗ ਗੁਫ਼ਾ ਤੋਂ ਕਾਲਾ।

ਹੰਸ ਮੋਰ ਮੇਘ ਸਭ ਉੱਡਣ
ਗੌਰੀ ਰੂਪ ਬਿਖੇਰੇ,
ਦੂਰ ਯਕਸ਼ ਦਾ ਹੌਕਾ ਸੁਣਕੇ
ਕੰਬੇ ਗਿਰੀ ਸ਼ਿਵਾਲਾ।

ਫ਼ਜਰਾਂ ਨਾਲ ਮੇਘ ਵੀ ਆਏ
ਨਾਨਕ ਕੱਲਾ ਰਾਹੀ,
ਕਦੇ ਸੰਗ ਕੋ ਯੋਗੀ ਕਰਦਾ
ਨਵੀਂ ਵਿਭੂਤੀ ਵਾਲਾ।

ਸੁੰਨ ਅਗਾਧ ਆਦਿ ਵਿਚ ਝਾਕੇ
ਕਦੇ ਕਦੇ ਹੀ ਨਾਨਕ,
ਤੋੜੇ ਨਿਗ੍ਹਾ ਕਾਲ ਦੇ ਮੂੰਹ ਤੋਂ
ਮਹਾਂ ਨਾਥ ਦਾ ਤਾਲਾ।

ਨਾਨਕ ਮਹਾਂ ਇਕੱਲ 'ਚ ਤੁਰਦੇ
ਸੱਚ ਵਿਜੈ ਦੇ ਸੰਗੀ,
ਤੇਗ਼ਾ ਤੀਰ ਘੋੜਾ ਲੈ ਨੱਸੇ
ਸ਼ਬਦ ਬਲੀ ਮਤਵਾਲਾ।

ਏਕ ਕਵਾਉ ਚੋਂ ਵਗ ਦਰਿਆਵਾਂ
ਵਜਦ ਅਨਾਂ ਸੀ ਗਾਏ,
ਗੁਫ਼ਾ ਅਗਾਧ ਦੇ ਧੁਰ ਅੰਤਰ ਨੂੰ
ਵਿੰਨ੍ਹੇ ਸੂਰਜ-ਭਾਲਾ।

ਥਾਂ ਅਲੱਥ ਤੋਂ ਪਰਸੂ-ਤੀਰਾਂ
ਉੱਚੇ ਪਰਬਤ ਵਿੰਨ੍ਹੇ
ਉਸੇ ਰਾਹ ਕੈਲਾਸ਼ 'ਤੇ ਬੈਠੇ
ਮਰਦਾਨਾ ਤੇ ਬਾਲਾ।

ਦੋਵੇਂ ਸਿੱਖਾਂ ਦਰਦ ਹੰਢਾਏ
ਵਿਚ ਉਜਾੜਾਂ ਬਰਫ਼ਾਂ,
ਮੇਘ ਪਹਾੜ ਦਿਸਣ ਬੇਗਾਨੇ
ਸਭ ਪਰਦੇਸੀ ਤਰਫ਼ਾਂ।

ਭਾਵੇਂ ਰੱਬ ਦਾ ਵਿਰਦ ਅਮੋਲਕ
ਜਗ ਦੇ ਰਿਸ਼ਤੇ ਮਿੱਠੇ,
ਰਹਿ ਵਿਚ ਨੂਰ ਬਹਿਸ਼ਤਾਂ ਇਹ ਨਾ
ਭੇਦ ਕਹੇ ਨੇ ਹਰਫ਼ਾਂ।

ਚੁੱਪ ਉਡੀਕ ਵਿਚ ਸੀ ਸੁੱਤਾ,
ਬੇਘਰ ਮਨ ਪਰਦੇਸੀ!
ਵਿਛੜ ਕਦਮ ਮਾਹੀ ਦੇ ਭੇਜਣ
ਪਾਰ ਕਲੇਜੇ ਕਰਕਾਂ।

ਇਸ਼ਕ ਹਕੀਕੀ ਦੇ ਖੰਡਰ 'ਤੇ
ਕਦੇ ਉਹ ਪੰਛੀ ਗਾਵੇ!
ਮੋਹ ਵਿਚ ਉੱਡ ਗਿਆ ਸੀ ਜਿਹੜਾ
ਵਲ ਕੁਰਲਾਂਦੇ ਨਰਕਾਂ।

"ਦਸ ਦਿਲਾ! ਕੀ ਰਾਜ਼ ਸਬਰ ਦਾ?"
ਰੋ ਮਰਦਾਨਾ ਕੂਕੇ,
"ਜੁਗਾਂ ਦੀ ਭੁੱਲ 'ਚ ਬੰਦੇ ਰੋਲੇ
ਬੇਖ਼ਬਰੇ ਇਹ ਚਰਖਾਂ।"

"ਵੀਰ ਦਾਨਿਆਂ!" ਬਾਲਾ ਆਖੇ,
"ਮਨ ਤੋਂ ਬਾਹਰ ਜੋ ਮਨ ਹੈ
ਉਸ ਵਿਚ ਖੜ੍ਹਾਂ, ਨਾਲ ਜੇ ਨਾਨਕ,
ਤਬਕਾਂ ਵਿਚ ਨਾ ਗਰਕਾਂ।

"ਸਿਰ 'ਤੇ ਹੱਥ ਧਰੇਗਾ ਮਾਹੀ,
ਭਾਵੇਂ ਮੌਤ ਵੰਗਾਰੇ,
ਕਾਲੀ ਕੰਦਰਾ ਵਿਚ ਨੂਰ ਦੇ
ਦਾਮਨ ਵਲ ਮੈਂ ਸਰਕਾਂ।"

ਦਾਨਾ ਕਹੇ: "ਇਹ ਮਨ ਨਿੱਕਾ ਹੈ
ਸਬਰ ਨ ਰਹੇ ਸਲਾਮਤ;
ਇਸ਼ਕ ਮੁਰੀਦ ਰਹੇ ਜੇ ਜ਼ਿੰਦਾ
ਲੰਘ ਕਾਲ ਸਭ ਧੜਕਾਂ।"

ਭਾਗ ਚੌਥਾ

ਗੁਰਮੁਖ ਤੇ ਧਰਤੀ

ਚੰਨ ਢਲੇ, ਜਾਗੇ ਮਰਦਾਨਾ
ਛੂਹੇ ਰਬਾਬ ਨਾਲ ਅਰਮਾਨਾਂ।
ਬੇਪਰਵਾਹ ਨੀਂਦ ਵਿਚ ਬਾਲਾ
ਸਰਕੇ ਪਿਆ ਨਾਗ ਇਕ ਕਾਲਾ।
ਬੇਲਾਗ ਸੀ ਨੀਂਦ ਫ਼ਕੀਰੀ
ਭੈਅ ਨ ਕਿਤੇ, ਨਹੀਂ ਦਿਲਗੀਰੀ।
ਤਕ ਨਿਸ਼ਾਚਰ ਹੋਣ ਹੈਰਾਨੇ:
ਨੀਂਦਰ-ਤਾਜ ਲਿਆ ਵੀਰਾਨੇ!
ਪਹਿਰ ਕੁ ਰਾਤ ਖੜਾ ਮਰਦਾਨਾ
ਝਾਕ ਰਿਹਾ ਵਿਚ ਲਾ-ਮਕਾਨਾਂ!
ਸੋਚੇ: "ਦਿਸੇ ਦੂਰ ਪਰਛਾਵਾਂ
ਨਜ਼ਰ ਬਰੀਕ ਜ਼ਰਾ ਅਜ਼ਮਾਵਾਂ!
ਦੂਰ ਅਸੰਖ ਮਿਟਦੀਆਂ ਥਾਵਾਂ
ਤੁਰੇ ਅਡੋਲ ਉਹੀ ਪਰਛਾਵਾਂ!
ਜਦੋਂ ਤੁਰੇ, ਨਿੱਕਾ ਦਿਲ ਮੇਰਾ
ਪਾਏ ਗਹਿਰ ਕਾਲ ਵਲ ਫੇਰਾ;
ਜੁਗਾਂ ਤੀਕ ਇਸ਼ਕਾਂ ਦਾ ਜੇਰਾ
ਸੁੰਨਾਂ ਚੀਰ ਜਗਾਏ ਸਵੇਰਾ।
ਗੁਰੂ-ਯਾਦ ਜਦ ਦਿਲ ਸੰਭਾਲੇ
ਹੁੱਲ ਪੈਣ ਤੋਸੇ ਜ਼ੰਗਾਲੇ
ਖ਼ੁਸ਼ਕ ਪਹਾੜ ਚੀਰਦੇ ਜਾਵਣ
ਛੁਪੀ ਅਹਲਿਆ ਨੀਰ ਜਗਾਵਣ।"

ਮਾਂਧਾਤਾ 'ਤੇ ਬਰਫ਼ ਸੁਹਾਣੀ
ਝਲਕ ਰਹੇ ਇਕ ਨੈਂਅ ਦੇ ਪਾਣੀ
ਹਰ ਪੱਥਰ 'ਤੇ ਚੁੱਪ ਪੁਰਾਣੀ
ਲੈਅ ਪੰਛੀ ਦੀ ਚੁਗੇ ਅੰਞਾਣੀ!
ਪਰਬਤ ਪਰਬਤ ਵੱਡੇ ਤੜਕੇ
ਪੜ੍ਹੇ ਧਿਆਨ ਫੋਲ ਨਵ ਵਰਕੇ

ਸੁਣਦੀ ਅਦਭੁਤ ਚਾਪ ਅਚਾਨਕ
ਸਿੱਖ-ਉਡੀਕ ਲਾਇ ਗਲ ਨਾਨਕ।
ਵਾਹ! ਵਾਹ! ਸੱਦ ਸੁਣੀ: "ਦਿਲ ਟੇਕਾਂ
ਸਾਹਵੇਂ ਯਾਰ ਰਾਂਗਲੇ ਵੇਖਾਂ।
ਦਿਲ ਚਉਖੰਨਾ! ਮੈਂ ਬਲਿਹਾਰੇ!
ਅੰਤ ਮਿਲਣ ਇਹ ਕਿਸਨੂੰ ਤਾਰੇ?
ਮੀਤ ਹੀ ਅੰਤ ਦਿਸੇ ਵਿਚ ਲੇਖਾਂ
ਦੀਵਾ ਏਕ ਸੰਖ ਪਗ-ਰੇਖਾਂ।
ਮਿਲੋ! ਮਿਲੋ! ਮਿਲਣਾ ਇਸ ਵਾਰੀ
ਤੁਰੋ! ਤੁਰੋ! ਭਰਣੀ ਇਹ ਖਾਰੀ।"

ਦੋਵੇਂ ਸਿੱਖ ਕਹਿਣ: "ਸੁਣ ਮਾਹੀ
ਸੁੰਞ 'ਚ ਕੌਣ? ਬਣੋ ਕਿਉਂ ਰਾਹੀ?
ਕਿਸਨੂੰ ਦਰਦ ਸੁਣਾਉਣੇ ਦਿਲ ਦੇ?
ਕਿਸ ਲਈ ਰਾਜ਼ ਜਗਾਉਣੇ ਦਿਲ ਦੇ?
ਤੈਂਡੇ ਮਸਤਕ ਜਿਤ ਜੁ ਦਗਦੀ
ਨਦੀ ਅਸੰਖ ਕਿਸੇ ਵਲ ਵਗਦੀ
ਸਾਡੇ ਦਿਲਾਂ ਵੀ ਹੋ ਮਜੀਠੀ
ਰੇਖ 'ਅਸੰਖ ਕਾਲ ਦੀ ਡੀਠੀ
ਦੋਵੇਂ ਜਿੱਤ ਦਾ ਅਜਬ ਪਰਾਗਾ
ਕਾਹਦਾ ਮਾਣ ਸੁੰਞ ਵਿਚ ਬਾਬਾ!
ਬੀਆਬਾਨ ਵਿਚ ਦਿਲ ਸ਼ਿੰਗਾਰੇ
ਜਿਤ ਦਾ ਮਾਣ ਕਰਨ ਕਿਸ ਦੁਆਰੇ?
ਸਿਰ 'ਤੇ ਹੈ ਭਰਪੂਰ ਇਹ ਖਾਰੀ
ਕਿਨੂੰ ਪਰੋਸਾਂ? ਬੰਜਰ ਭਾਰੀ!
ਕੈਸਾ ਮਾਣ ਵਣਾਂ-ਦਰ ਕਰੀਏ?
ਦੇਸ ਵਿਚ ਹੀ ਜਿੱਤਾਂ ਵਰੀਏ।"

ਸੁਣਿ ਉੱਠਣ ਨਜ਼ਰਾਂ ਇਲਹਾਮੀ
ਸਿੰਧ-ਸੁਰਤ ਜਿਉਂ ਨੈਅ-ਰਵਾਨੀ।
ਰਮਜ਼ ਭਰੇ ਨਜ਼ਰੋਂ ਰੱਬਾਨੀ
ਕੰਕਰ ਹੇਠ ਨੂਰ ਅਸਮਾਨੀ!
ਗੁਰੂ ਕਹਿਣ: "ਜੇ ਗੁਰਮੁਖ ਜੀਵੇ
ਤਦ ਹੀ ਅੰਮ੍ਰਿਤ ਨੂੰ ਧਰ ਪੀਵੇ

ਗੁਰਮੁਖ ਦੂਰ ਨੇੜ ਹਰ ਥਾਂ ਜੀ
ਹੁਣੇ ਮੂਕ, ਹੁਣ ਨਾਦ ਮਹਾਂ ਜੀ
ਲੋਹ ਅਗਨ ਵਿਚ ਤਿਧੇ ਸੁਨੇਹੇ
ਸੂਰਜਾਂ ਵਿਚ ਚਿਹਨ ਤਿਸ ਜੇਹੇ
ਤਿਸਦੇ ਆਉਣ ਦੇ ਕੌਲ ਕਿਨੇਹੇ ?
ਜਮ-ਧੂੜ ਵਿਚ ਹੋਣ ਨਾ ਬੇਹੇ !
ਗੁਰਮੁਖ ਹੈ ! ਖ਼ਾਮੋਸ਼ ਨੇ ਹਾਕਾਂ
ਜੁਗ ਜੁਗ ਜ਼ਾਹਿਰ ਹੋਣ ਵਿਚ ਖ਼ਾਕਾਂ।
ਹੇਠ ਆਦਿ ਸੁੰਨ ਦੇ ਸੱਥਰ
ਭੂਤ ਭਵਿੱਖ ਭਵਾਨ ਦੇ ਅੱਖਰ
ਨਿਰਗੁਣ ਰੂਪ ਦੇ ਕੌਲ ਹਜ਼ਾਰਾਂ
ਨਾਦ ਸੁਨਣ ਅਕਾਸ਼ ਦੇ ਪਾਰਾਂ।
ਦੂਰ ਦੂਰ ਗੁਰਮੁਖ ਦੀ ਛਾਂ ਹੈ
ਸ੍ਰਿਸ਼ਟ ਜੁ ਬਨਣੀ ਉਸ ਵਿਚ ਥਾਂ ਹੈ
ਕਾਲ ਜੁ ਉਗਮੇ ਉਸ ਵਿਚ ਨਾਂ ਹੈ
ਹੁਕਮ ਕਰੀ ਤਿਸ ਖ਼ਾਤਰ ਹਾਂ ਹੈ
ਹੁਕਮ ਨਦਰ ਨਾਲ ਮੈਂ ਚੱਲਾਂ
ਦਲਦਲ ਰਾਹ ਕੰਡਿਆਲੇ ਮੱਲਾਂ।
ਨਰ-ਰਾਹ ਚਾਰ ਜੁਗਾਂ ਦੇ ਵੇਖਾਂ
ਨਾਲ ਜੁੜੇ ਹੁਕਮ ਦੀਆਂ ਰੇਖਾਂ
ਜਦ ਲੱਗਣ ਵਿਚ ਫਟਿਆਂ ਲੇਖਾਂ
ਦੇਹ ਹਾਰੀ 'ਤੇ ਨਦਰੀ ਮੇਖਾਂ।
ਚਲੋ ! ਚਲੋ ! ਮੀਤ ਹਰ ਪਾਸੇ
ਨਿਰਜਨ ਵਣ ਨ ਬਾਝ ਦਿਲਾਸੇ।"

ਸ਼ਬਨਮ ਵਾਂਗ ਸ਼ਬਦ ਇਹ ਲੱਥੇ
ਲਸੇ ਮੁਰੀਦਾਂ ਦੇ ਸੁਣਿ ਮੱਥੇ
ਤਾਰੇ ਚੜ੍ਹਨ, ਤ੍ਰਿਣ ਜਦ ਫੁੱਟੇ
ਗਗਨ ਦਿਸੇ, ਨਾ ਖੰਭ ਨਿਖੁੱਟੇ।
ਕੁਲਕੁਲ ਸੁਣੇ ਵਿਚ ਉਦਿਆਨਾਂ
ਹੇਠ ਪੈਗੰਬਰ-ਪੈੜ ਜ਼ਮਾਨਾ।
ਮੰਨੈ ਸੁਣੈ ਰੰਗ ਵਿਚ ਬਾਲਾ
ਵਸਲ ਕਿਤੇ, ਵਿਚ ਗੋਦ ਉਜਾਲਾ।

ਨਿਰਗੁਣ ਚੁੱਪ ਵਿਚ ਮਤਵਾਲਾ
ਦਰਦ ਦੀ ਕਿਤੇ ਪ੍ਰੋਵੇ ਮਾਲਾ।
ਹੈ ਰਬਾਬ ਵਿਚ ਲਾ-ਮਕਾਨਾਂ
ਪਰਸਣ ਪੰਖੀ-ਕੰਠ ਨੂੰ ਤਾਨਾਂ।
ਸੁਣੇ! ਸੁਣੇ! ਨੇੜੇ ਮਰਦਾਨਾ
ਤਿੜ ਵਿਚ ਵਸਣ ਦੂਰ ਨਭ-ਜਾਨਾਂ।

ਅਗਿਉਂ ਅੱਗੇ

ਨਾਦ ਸੁਣੰਦੇ ਕਾਲ-ਸਰੂਰੋਂ
ਗਰਜ ਸੁਣੇ ਕਾਲੀ ਦੀ ਦੂਰੋਂ
ਵਣ ਪਹਾੜ ਦੀ ਗੁੱਝੀ ਬਾਣੀ
ਬੋਲ ਰਹੇ ਲਹਿਰਾਂ ਦੇ ਪਾਣੀ।
ਇਕ ਜੁਗ ਤੱਕੇ ਕਾਲੀ-ਨੀਰਾਂ
ਨੈਣ ਰਾਮ ਦੇ ਸਰਜੂ-ਤੀਰਾਂ।
ਸੀ ਇਤਿਹਾਸ ਦੀ ਸੁਰਤੀ ਕੋਈ
ਕਾਲੀ ਦੇ ਵਹਿਣਾਂ ਵਿਚ ਖੋਈ।
ਅਵਤਾਰਾਂ ਦੇ ਪੰਧ ਹਜ਼ਾਰਾਂ
ਹੰਸਾਂ ਵਾਂਗ ਮਿਲਦੀਆਂ ਨਾਰਾਂ।
ਕਿਸੇ ਰਿਸ਼ੀ ਦੇ ਬੋਲ ਵਿਲੱਖਣ
ਸੁੱਤੇ ਮੂਕ ਨਦੀ ਦੇ ਪੱਤਣ।
ਬਰਸ ਹਜ਼ਾਰ ਸੁੰਨ ਨੂੰ ਝਾਗਣ
ਗੁਰ ਦੀ ਪੈਰ-ਛੋਹ ਲੈ ਜਾਗਣ।

ਨਾਨਕ ਭਾਰਤ-ਵਣਾਂ ਚੋਂ ਲੰਘਣ
ਮਿਰਗ ਮਾਸੂਮ ਦੂਰ ਕੁਝ ਮੰਗਣ।
ਸ਼ੇਰ ਭੇੜੀਏ ਗੈਂਡੇ ਖ਼ੂਨੀ
ਕਿਸੇ ਰੁੱਤ ਲੋਚਣ ਮਾਸੂਮੀ।
ਵਣ 'ਤੇ ਮੇਘ-ਛਤ੍ਰ ਜਿਉਂ ਝੁੱਲੇ
ਗੁਰ-ਮਨ ਵਿਉਂ ਪੈਗ਼ਾਮ ਸੀ ਹੁੱਲੇ।
ਲੰਘ ਗਿਆ ਬਿਰਖਾਂ ਤੋਂ ਸਾਵਣ
ਤਦ ਨਾਨਕ ਨੇਪਾਲ ਨੂੰ ਜਾਵਣ।

ਰੁੱਖਾਂ 'ਤੇ ਮੋਹਿਤ ਕਰਨਾਲੀ
ਪੰਖੀ-ਨੈਣਾਂ ਰਮਜ਼ ਸੰਭਾਲੀ
ਵਾਂਗ ਛੰਨਾਰ ਵਿੰਗ ਵਲ ਖਾਵੇ
ਛੁਪ ਛੁਪ ਹਿੱਕ ਨਾਲ ਵਣ ਲਾਵੇ।
ਨੈਂ-ਵਜਦ ਬਿਜਲੀਆਂ ਪੀਤੇ
ਮੇਘ-ਮਦ ਹਾਥੀ ਵਸ ਕੀਤੇ।
ਅਣਵੇਖੀਆਂ ਪੰਖੀ-ਡਾਰਾਂ
ਚੋਗਾ ਚੁਗਣ ਹੁਕਮ ਦੇ ਬਾਰਾਂ
ਉਹਲੇ ਚੁੱਪ ਖਿੜਣ ਗੁਲਜ਼ਾਰਾਂ
ਗੀਤ ਉਡੀਕੇ ਨੈਂਅ ਦੇ ਪਾਰਾਂ।
ਜਗਨੂੰ, ਰੈਣ, ਜ਼ਮੀਨਾਂ ਹਰੀਆਂ
ਹਰ ਬੂੰਦ ਦੇ ਖ਼ਾਬ 'ਤੇ ਤਰੀਆਂ
ਨਭ ਉਹਲਿਉਂ ਦੀਪ ਲੈ ਪਰੀਆਂ
ਆ ਵਹਿਣਾਂ ਨੂੰ ਅੱਗੇ ਖੜੀਆਂ।
ਵੇਖ ਸਿੱਖ ਨੈਂ ਦੀਆਂ ਸ਼ਾਨਾਂ
ਤਿੜ ਤਕ ਖਿੱਚ ਰਹੇ ਲਿਵ-ਤਾਨਾਂ
"ਕਿਧਰ ਵਸਣ ?" ਸੋਚੇ ਮਰਦਾਨਾ:
"ਨਿਰੇ ਗੀਤ ਵਿਚ ਪੰਖੀ-ਜਾਨਾਂ।"

ਅੱਗਿਉਂ ਅੱਗੇ : ਨੇਪਾਲ ਦੇਸ

ਵਿਸਮਾਦੀ ਗੰਧਾਂ ਵਿਚ ਸਾਹਾਂ
ਸਿਹਰ ਕਰਨ ਨੇਪਾਲੀ ਰਾਹਾਂ।
ਕਾਂਤੀਪੁਰ ਦੀ ਝਲਕ ਪਿਆਰੀ
ਦੋ ਨੈਆਂ ਦੀ ਹੁਸਨ-ਖ਼ੁਮਾਰੀ
ਸਾਂਭਣ ਬਾਗਮਤੀ ਦੇ ਪਾਣੀ
ਬੁਧ ਸ਼ਿਵ ਜੀ ਦੀ ਯਾਦ ਸੁਹਾਣੀ
ਬਿਸ਼ਨੁਪੁਰੀ ਦੇ ਜਲ ਅਲਬੇਲੇ
ਸੱਦ ਰਬਾਬ ਨਾਲ ਆ ਖੇਲੇ।
ਪਸ਼ੂਪਤੀ ਨਾਥ ਦਾ ਥਾਣਾ
ਆ ਥਰਕਾਵੇ ਸੁਰਤ-ਉਡਾਣਾਂ;
ਐਪਰ ਸਬਰ-ਹੁਸਨ ਨਾ ਬਾਕੀ
ਨਾ ਤ੍ਰਿਸ਼ੂਲ 'ਚ ਸਿਰਜਣ-ਝਾਕੀ

ਰਵਿ ਨ ਤਾਂਡਵ-ਤੇਜ ਦੇ ਸੀਨੇ
ਬਜਰ-ਨੈਣ ਡੁੱਬੇ ਵਿਚ ਕੀਨੇ।
ਸਵੈ ਭੂਨਾਥ ਦਾ ਮੱਠ ਵਚਿੱਤਰ
ਭਰੇ ਨ ਬੁੱਧ-ਤਰਸ ਦੀ ਚਿੱਘਰ
ਕੰਵਲ-ਤਾਜ ਬੁੱਧ ਦਾ ਭਾਵੇਂ
ਮੁੜ ਮੁੜ ਦਿਸੇ ਤਾਰਿਆਂ ਛਾਵੇਂ
ਖਿੱਚ ਰਿਹਾ ਸੂਰਜ ਦੀ ਦੂਰੀ
ਸੰਝ ਸਵੇਰ ਵਾਂਗ ਹੀ ਨੂਰੀ।
ਤੱਕਣ ਬਾਗਮਤੀ ਦੇ ਕੰਢੇ
ਕਰੁਣ-ਨੈਣ ਬੁੱਧ ਦੇ ਅੰਬੇ।
ਪ੍ਰਾਚੀਨ ਸ਼ਰਧਾ ਦੇ ਸਾਏ
ਲਲਿਤਪੁਰੇ ਦੇ ਨਗਰ ਸੁਹਾਏ।
ਨਿਰਮਲ ਕਮਲ ਖਿੜਣ ਵਿਚ ਭੀੜਾਂ
ਹੰਸ ਗਾਉਣ ਦੂਰ ਵਿਚ ਨੀਰਾਂ।
ਸੀ ਨਿਰਵਾਨ-ਫ਼ਿਜ਼ਾ ਹਰ ਕੂਚੇ
ਕਿਸੇ ਅਕਹਿ ਦਰਦ ਪਰ ਕੂਕੇ।
ਬੋਧਨਾਥ ਵਲ ਜਾਣ ਵਹੀਰਾਂ
ਕੌਣ ਸੁਣੇਗਾ ਆਦਮ-ਪੀੜਾਂ।

ਤਕ ਨਾਨਕ ਤਦ ਦੂਰ ਦੁਰਾਡੇ
ਦੱਸੇ ਵੇਗ ਹੁਕਮ ਦੇ ਡਾਢੇ। :
ਬੁੱਤ ਹੈ ਕਾਲ-ਕੈਦ ਵਿਚ ਕਿੰਨਾ ?
ਨਦਰ ਹੈ ਕਦੋਂ ਵਿਚ ਗੁਣ ਤਿੰਨਾ ?
ਗੋਰਖ ਪੰਥੀ, ਭਿੱਖੂ, ਬ੍ਰਾਹਮਣ
ਸ਼ਾਂਤ ਰਹਿਣ ਬਿਨ ਵੇਖੇ ਚਾਨਣ;
ਸ਼ਾਂਤੀ ਜਗਤ-ਵਿਹਾਰ ਸ਼ਿੰਗਾਰੇ
ਸ਼ਾਂਤੀ ਕਲਾ ਤੋਂ ਜਾਵੇ ਵਾਰੇ
ਸ਼ਾਂਤੀ ਬਾਹਰੀ ਰੂਪ ਨੂੰ ਮੋਹੇ
ਸ਼ਾਂਤੀ ਮੁਕਤੀ-ਰੇਖ ਨੂੰ ਛੋਹੇ।
ਸ਼ਾਂਤੀ ਸੁਹਜ, ਕਲਾ, ਸਭ ਪਰਦੇ
ਧੁਰ ਨਿਰਲੇਪ ਸੱਚ ਜੋ ਬਰਦੇ!
ਵਿਚ ਨਾ ਬੋਧਨਾਥ ਦੇ ਨੈਣਾਂ
ਗਯਾ-ਬਿਰਖ, ਨਿਰਵਾਨੀ ਰੈਣਾਂ!

ਤੂੰ ਗੁਣ-ਗੰਢ ਅੰਤ ਆ ਖੁੱਲ੍ਹੀ
ਨੂਰੀ ਤੇਗ ਚੁਫੇਰੇ ਝੁੱਲੀ।
ਹਰ ਕੱਚੀ ਮੂਰਤ ਦੇ ਪਿੱਛੇ
ਪੱਥਰ ਦੀ ਸੂਰਤ ਦੇ ਪਿੱਛੇ
ਗਯਾ-ਬਿਰਖ, ਝੂੰਮਦਾ ਹਰਿਆ
ਧਰਤ ਕਰੂੰਬਲ ਅੰਬਰ ਵਰਿਆ।
ਦਿੱਸਦਾ ਗਯਾ-ਬਿਰਖ ਸ਼ਾਹਾਨਾ
ਕਾਲ ਬਿਜਲੀਆਂ ਲੈ 'ਸਮਾਨਾਂ
ਰਿਸ਼ੀ ਗੁਰੂ ਯੋਗੀ ਸਭ ਵੇਖੇ
ਮਹਾਂ ਤਾਲ ਕਰੇ ਪਿਆ ਲੇਖੇ।
ਬਾਲੇ ਦਾਨੇ ਦੇ ਮੁਖ ਲੱਸੇ
ਅਤਿ ਸੁਹਿਰਦ ਸਮੇ ਸੀ ਹੱਸੇ
ਸ਼ਬਦ ਨੂੰ ਧੌਣ ਦੁਪਹਿਰਾਂ ਖ਼ਾਲਸ
ਜੰਗ, ਧੂੜ, ਕਿਤੇ ਨਾ ਆਲਸ।

ਥਿਆਂਗ ਬੋਚੇ ਦਾ ਮੱਠ

ਧਿਆਨ ਸਮ ਸੁਬਹਾਣ ਜੋ ਬਰਫ਼ਾਂ
ਨਰ ਛੂਹ ਤੋਂ ਅੰਞਾਣ ਜੋ ਬਰਫ਼ਾਂ
ਮਨ-ਸੁਹਜ ਸੰਗ ਰੰਗੇ ਨਾਨਕ
ਅਨਹਦ ਹਿਮ ਚੋਂ ਲੰਘੇ ਨਾਨਕ
ਉਚਤਮ ਕੂਟ ਪਾਕ ਬਰਫ਼ਾਨੀ
ਕਮਲ ਹਿਮਾਲਾ ਦਾ ਅਸਮਾਨੀ।
ਪੈਣ ਥਿਆਂਗ ਮੱਠ 'ਤੇ ਸ਼ਾਮਾਂ
ਸਦੀਆਂ ਵਿਚ ਝਾਕਦਾ ਲਾਮਾ
ਤਕ ਇਕਾਂਤ ਦੀਆਂ ਸਭ ਤਰਫ਼ਾਂ
ਝਾਤ ਪਾਇ ਵਿਚ ਦੈਵੀ ਬਰਫ਼ਾਂ
ਨਜ਼ਰ ਅਗੰਮ ਦੂਰੀਆਂ ਫੜਦੀ
ਗੁਰ-ਲਿਵ ਤਰੇ ਵਿਚ ਜੁਗਗਰਦੀ।
ਚਾਪ ਸੁਣੀ ਉਸ ਧਰ ਤੋਂ ਡੂੰਘੀ
ਹੁਣ ਤਕ ਵਿਚ ਤਾਰਿਆਂ ਊਂਘੀ।
ਜੁਗ ਜੁਗ ਤੁਰਦੇ ਸੂਖਮ ਅਰਥਾਂ
ਸੁਬਕ ਗਮਕ ਛੇੜੀ ਵਿਚ ਬਰਫ਼ਾਂ।

ਆਉਂਦੇ ਦਿਸਣ ਰੂਹ ਦੇ ਪਾਂਧੀ
ਅਤਿ ਗੰਭੀਰ ਚੁੱਪ ਦੀ ਆਂਧੀ।
ਧਿਆਨ ਦੀ ਪਾਨ ਚੜ੍ਹੇ ਹਰ ਰਾਹ ਤੇ
ਨਭ ਦਾ ਪਹਿਰਾ ਹਰ ਦਰਿਆ ਤੇ
ਹੰਸ ਦਾ ਬੋਲ ਸੁਣੇ ਵਿਚ ਲਹਿਰਾਂ
ਕਿਤੇ ਕਾਲ ਚੀਰਦਾ ਗਹਿਰਾਂ।
ਇਕ ਪਲ ਹੁਕਮ ਮੇਦਨੀ ਤੋੜੇ
ਕਾਲ ਨੂੰ ਸਿਰਜ, ਨਕਸ਼ ਵਿਚ ਜੋੜੇ
ਫ਼ਜਰਾਂ ਵਾਂਗ ਮਖੀਰ ਨਿਚੋੜੇ
ਨੇਰ 'ਚ ਰੁਲੇ ਢੂੰਡ ਕੇ ਮੋੜੇ।
ਦਰਸ ਕਰਨ ਨਾਨਕ ਦਾ ਲਾਮੇ
ਤਾਰਿਆਂ ਹੇਠ, ਹਿਮ ਦੀ ਛਾਵੇਂ
ਟਿਮ ਟਿਮ ਸੁਰਤ ਵਿਚ ਬ੍ਰਹਿਮੰਡਾਂ
ਪੈਰ ਧਰੇ ਸੰਗ ਰਹਿਮਤ-ਰੰਗਾਂ।
ਨੂਰ ਮਹੀਨ ਨੂਰ ਦੇ ਅੰਦਰ
ਅਕਲ ਪਾਰ ਗਰਜੇ ਪੈਗ਼ੰਬਰ।
ਨਾਦ, ਚੁੱਪ, ਚੇਤਨਾ ਮੱਥੇ
ਹਨ ਪੈਗ਼ਾਮ ਜਿਵੇਂ ਵਿਚ ਭੱਥੇ।
ਗੌਰੀ ਸ਼ੰਕਰ ਸਿਖਰ ਉਸ਼ਾਵਾਂ
ਯੁਗਾਂ ਪਾਰ ਦੀਆਂ ਤਕ ਰਾਹਾਂ
ਸਚ ਖੰਡ ਤਕ ਉਠਿ ਸ਼ੁਆਵਾਂ
ਕਰਨ ਤ੍ਰੇਲ, ਨੈਂ 'ਤੇ ਛਾਵਾਂ
ਉਤਰਣ ਮਹਿਕ 'ਚ ਨਾਲ ਹਵਾਵਾਂ
ਗੁਰ ਚਰਨੀਂ ਬਹਿ ਕਰਨ ਦੁਆਵਾਂ।
ਸਿੱਖ ਤੱਕਣ ਸਾਗਰ-ਮੱਠ ਥੱਲੇ
ਪਿੱਛੇ ਹਰ ਪਰਦੇ ਗੁਰ 'ਕੱਲੇ।
ਪੱਥਰ, ਖ਼ਾਕ, ਲੋਹ ਦੇ ਅੱਖਰ
ਬਨਣ ਨਵੀਂ ਕੰਨਸੋਅ ਦੇ ਅੱਖਰ
ਸੀ ਫਿਰਦਾ ਬ੍ਰਹਿਮੰਡ ਦਾ ਚੱਕਰ
ਸਹਿਜ ਘੜੇ ਇਕ 'ਨਾਨਕ' ਅੱਖਰ।
ਨਸਦਾ ਕਾਲ ਬਦਲਕੇ ਜਾਮੇ
ਖ਼ਾਕ 'ਚ ਪੜ੍ਹਣ ਪਏ ਕੀ ਲਾਮੇ?
ਸੁਣੇ ਸੀ ਕੌਲ! ਹੁਣੇ ਹਟਕੋਰੇ?
ਦੋਵੇਂ ਪੈਰ ਪਿਛਾਂਹ ਕਿਸ ਮੋੜੇ?

ਸ਼ਾਕ ਸੁਣੇ ਬ੍ਰਹਿਮੰਡ ਦੇ ਰੋਸੇ
ਰੱਤੀ ਸੰਦ ਬਿਆਂਗ ਪਲੋਸੇ।
ਜਪੁ ਦੇ ਬੋਲ ਸੁਨਣ ਇਸ ਵਿਹੜੇ
ਰਿਸ਼ੀ ਸਮਾਨ ਪਹਾੜ ਬਨੇਰੇ।

ਸਿਕਮ ਵਲ

ਨਵੀਂ ਜਗਤ-ਵੇਦਨਾ ਜਾਗੇ
ਸਾਗਰ-ਮੰਥ ਤਦੋਂ ਗੁਰ ਤਿਆਗੇ
ਗੁਰੂ ਨਾਲ ਭਿੱਖੂ ਕੁਝ ਚੱਲੇ
ਅੰਤ ਨੂੰ ਗੁਰੂ ਸਿਖ ਪਰ 'ਕੱਲੇ!
ਸੁਣੀਆਂ ਵਿਚ ਪਰਬਤਾਂ ਆਹਾਂ
ਕੂਕ ਪੈਣ ਕ਼ਾਤਲ ਜਿਉਂ ਰਾਹਾਂ।
ਲਾਲ ਟੋਪ ਵਾਲੇ ਪਾ-ਕਰਮੀ
ਬੁੱਧ ਨਿਖਾਰ ਵਾਲੜੇ ਧਰਮੀ
ਰਸਮੀ ਜੋਸ਼-ਭਰੇ ਨਵ ਲਾਮੇ
ਮਾਰਨ ਕੋਹ ਕੋਹ ਮਾਵਾਂ ਸਾਹਵੇਂ
ਪਦਮਸੰਭਵ ਦੇ ਬਹੁ ਚੇਲੇ
ਉੱਤਰ ਸਿਕਮ ਦੇਸ ਵਲ ਠੇਲ੍ਹੇ
ਤਰਸ ਵਿਚ ਗੁਰ ਤਿੱਬਤ ਛੋਂਹਦੇ
ਪਦਮਸੰਭਵ ਦੀ ਰੂਹ ਮੋਂਹਦੇ
ਕਰਨ ਕਾਫ਼ਲੇ ਪਰਬਤ-ਵਾਟਾਂ
ਨਾਨਕ ਜਾਣ ਨਾਲ ਕੁਰਲਾਟਾਂ
ਸਿਕਮ 'ਚ ਸਬਰ ਸਾਂਭ ਗੁਰ ਤੁਰਦੇ
ਹਰੀ ਵਾਦੀਏਂ ਚਸ਼ਮੇ ਖੁਰਦੇ
ਬਿਸਮ ਰਹੇ ਬਾਲਾ ਮਰਦਾਨਾ
ਇਹ ਕੀ ਖੇਡ ਹੇਠ ਅਸਮਾਨਾਂ!
ਮਿਲੇ ਸਿਕਮ ਵਿਚ ਮਨ ਬੈਰਾਗੀ
'ਸੁਰਤਿ ਸਬਦ ਧੁਨਿ ਅੰਤਰਿ ਜਾਗੀ'।
ਖਿਮਾ ਸਬਰ ਵਿਚ ਰੱਤੇ ਨੈਣਾਂ
ਲਾ ਟੁੱਬੀ ਵਿਚ ਡੂੰਘੇ ਵੈਣਾਂ
ਸੈਨਤ ਨਵੀਓਂ ਨਵੀਂ ਜਗਾਈ
ਕੰਠ ਝੀਲ ਚਸ਼ਮਿਆਂ ਲਾਈ।

ਝੀਲਾਂ ਉਗਮ ਬਣਾਵਣ ਮਾਲਾ
ਧੋਵਣ ਬੰਦੇ ਦਾ ਦਿਲ ਕਾਲਾ
ਹੇਠ ਰਬਾਬ ਪੈੜ ਗੁਰ ਥੱਲੇ
ਲੱਖ ਦਰਿਆ ਗੁਪਤ ਹੀ ਚੱਲੇ।
ਛਾਲੇ ਕਾਰਵਾਂ ਦੇ ਜਦ ਡਿੱਠੇ
ਚੁੰਮਣ ਲਬ ਦਰਿਆ ਦੇ ਮਿੱਠੇ।
ਰਹਿਮ ਨੀਰ ਪੀਤੇ ਵਿਚ ਬਾਗ਼ਾਂ
ਪੰਛੀ, ਪਸ਼ੂ, ਸਿਕਮ ਦੇ ਨਾਗਾਂ।
ਬੇਵਫ਼ਾ ਨਰ-ਦਿਲ ਦੀਆਂ ਸੂਲਾਂ
ਕੋਸੇ ਬੁਲ੍ਹ ਲਾ ਚੁੰਮਣ੍ਹ ਕੂਲਾਂ।
ਕੁਝ ਪੜਾ ਥਾਂਗੂ ਤੋਂ ਅੱਗੇ
ਝਿਲਮਿਲ ਝੀਲ ਪਰਬਤੀ ਫੱਬੇ
ਦਿਲ ਦੇ ਕਹਿਣ ਮਿੱਠੜੇ ਵਾਗੀ :
"ਲਹਿਰ ਉਠਾ ਜੋ ਕਦੇ ਨ ਜਾਗੀ।"
ਸੁਣਿਆਂ ਏਕ ਕਵਾਉ ਇਲਾਹੀ
ਦਿੱਤੀ ਝੀਲ ਨੇ ਲਹਿਰ ਗਵਾਹੀ।

ਗੁਰੂ-ਅਦਾ ਹੁਕਮ ਵਿਚ ਲਹਿਰੇ
ਦਿੰਦੀ ਮੁਣਸ-ਬਿਬੇਕ 'ਤੇ ਪਹਿਰੇ
ਗੁਪਤ ਕਾਲ ਦੇ ਗੋਸ਼ੇ ਠਹਿਰੇ
ਵੇਗ ਕਰੇ ਧਰਮਾਂ ਦੇ ਗਹਿਰੇ !!
ਢੁੰਗ ਤਾਂਗ ਵਾਦੀ ਗੁਰ ਚੱਲਣ
ਰੂਹ ਦੀ ਨਵੀਂ ਸੋਅ ਇਕ ਘੱਲਣ।
ਹਾਂ ! ਰਬਾਬ ਦੀ ਤਰਜ਼ ਵਚਿੱਤਰ
ਬਣਦੀ ਧਰਤ-ਨੇਮ ਦੀ ਮਿੱਤਰ
ਐਪਰ ਬਿਖ-ਡੰਗ ਸ਼ੈਤਾਨੀ
ਉਡਦੇ ਰਹੇ ਵਲ ਗੁਰ ਜਾਨੀ
ਸੰਤ ਦੀ ਸੋਚ ਨਿਸ਼ਾਚਰ ਘੇਰਣ
ਗੁਪਤ ਕੁੰਟ ਚੋਂ ਪੱਥਰ ਰੇਰਣ।
ਅਤਿ ਮਲੀਨ ਜਿੰਨ ਦੀਆਂ ਰੂਹਾਂ
ਛਹਿ ਲਾਵਣ ਵਿਚ ਖੱਡਾਂ ਖੂਹਾਂ
ਗਿਰੀ ਸਿਖਰ ਤੋਂ ਭੈ ਦੀ ਫਾਹੀ
ਸੁੱਟਣ ਜਿਸ ਪਾਸੇ ਤ੍ਰੇ ਰਾਹੀ

ਬੇਕਿਰਕ ਸ਼ਕਤਿ ਹੋ ਅੰਧੀ
ਮੁੰਗੜੀ ਵਿਚ ਸ਼ਿਲਾ ਹੋ ਬੰਦੀ
ਸ਼ਿਲਾ 'ਤੇ ਖੜ੍ਹ ਨਿਗ੍ਹਾ ਗੁਰ ਮਾਰੀ
ਵਾਦੀ ਨਜ਼ਰਾਂ ਨਾਲ ਸ਼ਿੰਗਾਰੀ।
ਸ਼ਿਲਾ 'ਤੇ ਖੜ੍ਹਾ ਗੁਰੂ, ਵੇ ਲੋਕਾ।
ਸੁਣੇ ਜਿਦ੍ਹਾ ਅੰਬਰ ਤਕ ਹੋਕਾ।
ਪੱਤ ਕੇਲੇ ਦੇ, ਚੌਲ ਬਖੇਰੇ
ਬੀਜੇ ਅਮਰ ਕਾਂਗ ਦੇ ਵਿਹੜੇ
ਛਿਪੀ ਰਮਜ਼ ਧੁਰ ਜਿਦ੍ਹੀ ਪਛਾਣੇ
ਪਾਕ ਕੌਲ ਦੀ ਚੁਪ ਨੂੰ ਜਾਣੇ।
ਛੁਹ ਕੇ ਏਕ ਕਵਾਉ-ਮਾਸੂਮੀ
ਵਜਦ ਨਾਲ ਸੀ ਧਰਤੀ ਝੂਮੀ
ਬੇਨਿਆਜ਼ ਤਰਸ ਧੁਰ ਲੁੱਟੇ
ਤਾਂ ਜਲ ਉੱਚ ਸ਼ਿਲਾ ਤੋਂ ਫੁੱਟੇ।
ਪਾਕ ਹੁਕਮ ਦੀ ਸੁਰ ਵਿਚ ਪੈਂਡੇ
ਨਾਨਕ ਨਾਲ ਸਦਾ ਜੋ ਰਹਿੰਦੇ
ਨਵੀਂ ਸਾਂਝ ਧਰਤ ਸੰਗ ਪਾਵਣ
ਪੱਤਰ ਹਰੇ, ਫੁੱਲ, ਫਲ ਜਾਵਣ
ਕੇਲੇ ਦੇ ਬਾਗ਼ ਸੰਗ ਧਾਨਾਂ
ਚਿਰ ਤਕ ਝੂਮਨਗੇ ਸੰਗ ਜਾਨਾਂ।

ਅੱਗਿਉਂ ਅੱਗੇ : ਭੂਟਾਨ

ਵਗ ਵਗ ਦੇਸ ਭੂਟਾਨ ਦੇ ਪਾਣੀ
ਸੁਣਦੇ ਹਰ ਪੱਤਣ 'ਤੇ ਬਾਣੀ।
ਸਿਕਮ ਦੇਸ ਪਿਆ ਵੈਰਾਗੇ
ਕਿਧਰ ਗਏ ਉਹ ਰੰਗ ਰੱਬਾਨੀ।
ਨਦੀ ਪਹਾੜ ਹੇਠ ਜੋ ਦੱਬੀ
ਕੱਢੇ ਕਦੇ ਕਿਤਾਬ ਉਹ ਜਾਨੀ।
ਨੈਂ ਤੇ ਗੁਰ-ਆਮਦ ਦੇ ਅੱਖਰ
ਲਿਖ ਗਈ ਕਦੋਂ ਗਗਨ ਦੀ ਕਾਨੀ ?
ਉਹ ਫਿਰ ਕਿਸ ਜੁਗ, ਕਦੋਂ ਮੁੜੇਗਾ ?
ਪਰਬਤ-ਦੇਸ ਰਹੂ ਹੈਰਾਨੀ।

ਫਜਰਾਂ ਮਹਿਕ ਭੁਟਾਨ 'ਚ ਤੱਕਣ
ਗੁਰ ਸੰਗ ਮਿਲੇ ਹਯਾਤੀ ਸਾਨੀ।
ਜੀਵਨ ਕੰਤ ਵਾਂਗ ਸਜ ਆਉਣਾ
ਬਾਹਰੋਂ ਨਕਸ਼ ਰਹਿਣ ਸਭ ਫ਼ਾਨੀ।

ਦੇਸ਼ ਭੁਟਾਨ ਦੀ ਦਿਖ ਸੁਹਾਵੀ
ਕਵੀ-ਆਵੇਸ਼ ਵਾਂਗ ਧਰੂ ਸਾਵੀ।
ਪਰੀ-ਅਦਾ ਵਾਂਗ ਜਲ ਛਲਕਣ
ਕੂਟ 'ਤੇ ਨਗ ਬਰਫ਼ ਦੇ ਝਲਕਣ।
ਵੇਈਂ ਵਗੇ ਵਿਚ ਸਭ ਨੈਆਂ
ਨਦਰ ਦੀਆਂ ਬਣ ਸਿਦਕੀ ਲੈਆਂ।
ਹਾਂ! ਨਾਨਕ ਦੇ ਨਾਮ ਦੀ ਸ਼ਿੱਦਤ
ਵੇਈਂ ਦੇ ਇਲਹਾਮ ਦੀ ਸ਼ਿੱਦਤ
ਨਾਦ ਅਕਹਿ ਚੋਂ ਭੇਜੇ ਸਾਰਾਂ
ਵਿਚ ਚਸ਼ਮਿਆਂ ਝੀਲਾਂ ਧਾਰਾਂ
ਪਾਰ ਕਾਲ ਦੀਆਂ ਪਰਵਾਜ਼ਾਂ
ਲਹਿਰਾਂ ਬਨਣ ਮੰਝ ਨੈਂ-ਰਾਜ਼ਾਂ।
ਧੁਰ ਦਾ ਵਜਦ ਜਦੋਂ ਵੀ ਆਵੇ
ਰਿਮ ਝਿਮ ਨੀਂਦ ਚੋਂ ਗੁਰੂ ਜਗਾਵੇ
ਗੁਰ ਚੁੰਮੇ ਜਿੱਥੇ ਲਿਸ਼ਕਾਰਾ
ਸੋਦਰੁ ਦਾ ਨਿਰਲੇਪ ਇਸ਼ਾਰਾ
ਉਹੀ ਥਾਂ ਤੇ ਉਹੀ ਮਹੀਨਾ
ਗੁਰ ਜਿੱਥੇ "ਸਚਿ ਨਾਮਿ ਪਤੀਣਾ"
ਕੁਦਰਤ ਉਸਦੀ ਤਰਜ਼ ਬਣਾਵੇ
ਬੰਦੇ ਦੀ ਦਰਗਾਹ ਹੋ ਜਾਵੇ
ਤਾਂ ਦੈਵੀ ਪਲ ਚੁੰਮੇ ਵੇਈਂ
ਹਰ ਪਲ ਨਦੀਏਂ ਗੁੰਮੇ ਵੇਈਂ
ਹਾਂ! ਭੁਟਾਨ ਵਿਚ ਵੇਈਂ ਜਾਗੇ
ਨੈਂ ਝੀਲਾਂ ਦੇ ਮਨ ਅਨੁਰਾਗੇ।
ਵਿਚ ਭੁਟਾਨ ਉੱਚਿਉਂ ਉੱਚੀ
ਦਾਤ ਮਿਲੀ ਭਿੱਖੂ ਨੂੰ ਸੁੱਚੀ।

ਰਹੱਸਮਈ ਦੇਸਾਂ ਦੀਆਂ ਵਾਟਾਂ

ਕੋਸੀ ਬ੍ਰਹਮਪੁੱਤਰ ਦੋ ਨਦੀਆਂ
ਵਿਚ ਵਿਚਾਲੇ ਖੇਡਣ ਸਦੀਆਂ
ਮੱਤਾਂ ਨਾਲ ਗੁਰੂ-ਲਿਵ ਖੇਲੇ
ਬਹੁ ਤੱਕੇ ਨਾਨਕ ਜਗ ਮੇਲੇ।
ਪੁੱਜੇ ਬਿਖਮ ਵਾਟ ਕਰ ਲਾਸਾ
ਪੀਰ ਮੁਰੀਦਾਂ ਕੀਤਾ ਵਾਸਾ।
ਗੁਰ ਖੋਲ੍ਹੇ ਚੀਨ ਦੇ ਬੂਹੇ
ਪਰ ਨਾ ਕਾਲ ਦੂਰ ਜੋ ਕੂਏ।
ਦਰ ਤਕ ਗਏ, ਗਏ ਜਾਂ ਅੰਦਰ
ਤਾਓ 'ਚ ਝਲਕੇ ਕਿਵੇਂ ਪੈਗੰਬਰ!
ਕੰਧ ਗੁਫਾ ਤਖ਼ਤੀ 'ਤੇ ਲਿਖਿਆ
ਕੁਝ ਕੁ ਨਕਸ਼ ਮਿਹਰ ਦਾ ਮਿਟਿਆ।
ਜ਼ਰਾ ਮਾਪ ਦਿਲ-ਕਾਲ ਦੀ ਰੇਖੇ
ਦਾਤ ਲੈਣ ਕਿੰਨੇ ਅਣਵੇਖੇ!
ਕਦੇ ਸਿਦਕ ਦੀ ਡੂੰਘੀ ਰਾਤੇ
ਖੋਲ ਕਪਾਟ ਲਵੇ ਨਰ ਆਪੇ।
ਉਂਜ ਕਵੀ ਨੂੰ ਸਾਰ ਅਨੋਖੀ
ਗੁਰੂ ਅਲਾਪੀ ਵਾਰ ਅਨੋਖੀ
ਛਿਨ ਇਕ ਰਚਿਆ, ਜਿਸ ਤਨ ਜਿੱਤਾਂ
ਛੁਪਿਆ ਉਹਲੇ ਨੂਰੀ ਭਿੱਤਾਂ
ਦੂਰ ਕਿਸੇ ਸੀਮਾ ਨੂੰ ਛੂਹਕੇ
ਪਵੇ ਰਮਜ਼ ਮੁੜੇ ਜਗ ਮੋਹ ਕੇ।

ਬਿਖਮ ਵਾਟ : ਤਿੱਬਤ

ਤਿੱਬਤ ਦੀਆਂ ਅਜਨਬੀ ਰਾਤਾਂ!
ਦੇਸ ਬਿਗਾਨਾ ਥਾਹ ਨ ਦਿੰਦਾ,
ਭੇਤ 'ਚ ਭੇਤ ਰਹੇ ਵਿਚ ਬਾਤਾਂ।
ਲੰਘ ਦਰਿਆ, ਪਠਾਰਾਂ, ਝੱਖੜ,

ਦੇਣ ਆਏ ਗੁਰ ਕਿਸਨੂੰ ਦਾਤਾਂ ?
ਨਵੇਂ ਸ਼ਾਸਤਰ ਰਚਨ ਗਿਆਨੀ,
ਦਿਲ ਦਰਿਆ ਨਾ ਪਾਵਣ ਝਾਤਾਂ।
ਮਾਂ ਬਾਪ ਵੀਰ ਜਹੇ ਭਿੱਖੂ,
ਛਹਿ ਲਾ ਘਾਇਲ ਕਰੇ ਸੀ ਘਾਤਾਂ।
ਧਰਮ ਵਿਸ਼ੇਸ਼ ਦੇ ਪੀਲੇ ਕੱਪੜ
ਹਉਂ ਬਾਲਣ ਤਕ ਕਮਲ-ਸੁਗਾਤਾਂ।
ਆ ਨਿਰਮੋਹੀ ਰੀਤ ਸੁਕਾਏ
ਬੁੱਧ ਰਹਿਮ ਦੀਆਂ ਬਰਸਾਤਾਂ।
ਲਾਸਾ ਵਿਚ ਰਬਾਬ ਸੁਣੀਂਦੀ
ਲਾਵੇ ਸ਼ਬਦ ਗਲੇ ਕੁਰਲਾਟਾਂ।
ਨੈਂ ਲਾਸਾ 'ਤੇ ਚੰਨ ਚਾਨਣੀ
ਆਵੇ ਬੁੱਧ, ਸੁਣਦੀਆਂ ਆਹਟਾਂ।

ਲਾਮਾ ਦੇਸ ਵਿਚ ਗੁਰ ਘੁੰਮੇ
ਤੱਕੇ ਥਲ ਪਥਰੀਲੇ ਸੁੰਨੇ
ਮਿਲੀਆਂ ਸੈ ਅਜਨਬੀ ਨਦੀਆਂ
ਛੁਪਣ ਥਲਾਂ ਵਿਚ, ਝੀਲੀਂ ਰਲੀਆਂ।
ਉੱਤਰ ਤੀਕ ਜਰੇ ਕਿੰਜ ਝੱਖੜ
ਕਾਲ-ਖੰਡਰੀਂ ਛੁਪਗੇ ਅੱਖਰ!
ਸਿੱਖ ਤੱਕਣ ਸੰਗ ਰੋਸ ਦਲੀਲਾਂ
ਕੋਕੋ ਨੋਰ ਤੀਕ ਬਹੁ ਝੀਲਾਂ
ਇਸ ਥਾਂ ਦੇਸਾਂ ਦੇ ਸੌਦਾਗਰ
ਮਿਲ ਮਿਲ ਕੂਣ ਸ਼ਬਦ ਅਤਿ ਨਾਗਰ।
ਡਾਕੂ ਚੋਰ ਆਉਣ ਗੁਰ ਸਾਂਵੇਂ
ਜਿਹਨਾਂ ਕੋਹ ਸੁੱਟੇ ਵੱਡ ਲਾਮੇ।
ਇਸ ਰਾਹ ਯੋਗੀ ਸ਼ੈਵ ਨ ਚੱਲੇ
ਕਦੇ ਮਿਲਣ ਭਿੱਖੂ ਬਸ 'ਕੱਲੇ।
ਕੁਈ ਕੁਈ ਰਾਤ ਗੁਫ਼ਾ ਵਿਚ ਲੰਘੇ
ਯਾਦ ਕਰੇਨ ਸਿੱਖ ਰਾਹ ਲੰਬੇ;
ਇਕ ਰਾਤ ਬਾਲਾ ਬਹਿ ਪੁੱਛੇ:
"ਨਾਨਕ ਦਿਲ ਡਾਢਾ ਅਜ ਕੁੱਸੇ

ਚਿੰਤਾ ਕਰਾਂ, ਰਾਤ ਭਰ ਜਾਗਾਂ
ਮੈਂ ਮਰਦਾਨੇ ਸੰਗ ਵਰਾਗਾਂ।
ਦਿਸਣ ਇਹ ਨਿਰਮੋਹੀਆਂ ਰਾਹਾਂ
ਭਾਵੇਂ ਲੋਕ ਪਾਉਣ ਗਲ ਬਾਹਾਂ
ਭੁੱਲਣ ਸਾਨੂੰ ਭਰਨ ਜੋ ਆਹਾਂ
ਧ੍ਰਮ ਨ ਇੰਜ ਰਚੇ ਵਿਚ ਸਾਹਾਂ।
ਥਲ ਨਿਗਲਣ ਸੰਦੇਸ਼ ਜੋ ਤੇਰਾ
ਨਿਹਫਲ ਰੁਲਣ ਸਬਰ ਤੇ ਜੇਰਾ।"
ਸੁਣਿ ਗੁਰ ਨਿਗ੍ਹਾ ਗਗਨ 'ਤੇ ਮਾਰੇ
ਰੂਹ ਇਕ, ਵੇਖਣ ਲੱਖਾਂ ਤਾਰੇ
ਨਾਨਕ ਨੇ ਦਿਓਂ ਸਿਖ ਦੁਲਾਰੇ
ਫੂਟਣ ਤ੍ਰੇਲ ਜਿਉਂ ਨਭ-ਰੰਗ ਸਾਰੇ
ਗੁਰੂ ਕਹਿਣ: "ਨਾ ਓਦਰ ਬੇਲੀ
ਹਰ ਰੂਹ ਢੂੰਡੇ ਸੋਦਰੁ ਬੇਲੀ।
ਕਦੇ ਸੁਸਤ, ਕਦੇ ਅਲਬੇਲੀ
ਰੂਹ ਮੰਜ਼ਿਲਾਂ ਨਾਲ ਹੈ ਖੇਲੀ।
ਕੌਮ ਕੌਮ ਵਿਚ ਦੇਸਾਂ ਦੇਸਾਂ
ਰਹੇ ਇਹ ਦਿਲ ਦੀ ਸਾਂਝ ਹਮੇਸ਼ਾਂ
ਸਿੱਖ-ਪ੍ਰਕਾਸ਼ ਜਦੋਂ ਮੈਂ ਵੰਡਾਂ
ਨਿਖਰੇ ਰੂਪ ਵਿਚ ਕੁਝ ਖੰਡਾਂ
ਜਿਧਰ ਸੁਣੇ ਨ ਧਰਮ ਦੀ ਸਾਖੀ
ਉਸ ਥਾਂ ਸਾਂਝ ਦਿਲਾਂ ਦੀ ਬਾਕੀ
ਭਾਵੇਂ ਇਕ ਦੋ ਖੰਡਾਂ ਅੰਦਰ
ਜ਼ਾਹਿਰ ਧਰਮ ਕਰੇ ਪੈਗੰਬਰ
ਫਿਰ ਵੀ ਦਿਲ ਖਿੜੇ ਹਰ ਪਾਸੇ
ਕਿਤੇ ਨੀਂਦ ਵਿਚ, ਕਿਤੇ ਵਿਗਾਸੇ।
ਪੂਰਨ ਧਰਮ ਕਿਤੇ ਜੋ ਜੀਵੇ
ਦੇਸ ਦੇਸ ਵਿਸਮਾਦ ਜਾ ਪੀਵੇ
ਗੁਪਤ ਰਹੇ ਕੌਮਾਂ ਦੇ ਸੀਨੇ
ਸਹਿਜ ਰੰਗ ਵਿਚ ਯਾਦਾਂ ਭੀਨੇ
ਸਦੀਆਂ ਪਿੱਛੋਂ ਕਿਸੇ ਮਹੀਨੇ
ਜ਼ਾਹਿਰ ਹੋ ਲਿਸ਼ਕੇ ਵਾਂਗ ਨਗੀਨੇ।"

ਇਉਂ ਕਹਿ ਚੁੱਪ ਹੋਇ ਸੀ ਨਾਨਕ
ਤਿੱਬਤ ਦੇ ਜਾਦੂਗਰ ਧਾਣਕ
ਵਿਹਨ ਅਦੁੱਤੀ ਰਿਸ਼ਮ ਅਚਾਨਕ
ਜੋ ਗੁਰ ਕੋਲ ਮਾਸੂਮ ਅਮਾਨਤ
ਦਿਸੇ ਕਰੂੰਬਲ ਸਦਾ ਸਲਾਮਤ
"ਮਤਿ ਵਿਚ ਰਤਨ ਜਵਾਹਿਰ ਮਾਣਿਕ"
ਜਾਗ ਪਿਆ ਕੋ ਸ਼ੌਕ ਦੀਵਾਨਾ
ਮਹਾਂ ਪਨਾਰ ਦੀ ਸੁੰਨ 'ਚ ਤਾਨਾਂ।
ਸਹਿਜ ਭਰੇ ਬਾਲਾ ਮਰਦਾਨਾ
ਨੂਰ 'ਚ ਨੂਰ ਦਿਸੇ ਮਸਤਾਨਾ।

ਭਾਗ ਪੰਜਵਾਂ

ਯਾਰਕੰਦ ਦੀ ਪਰੀ-ਫ਼ਿਜ਼ਾ

ਯਾਰਕੰਦ ਵਿਚ ਸਾਹ, ਤੂਫ਼ਾਨੀ ਰਿੰਦ ਦੇ
ਮਿਲਣ ਵਜਦ ਵਿਚ ਰਾਹ, ਥਲ ਦੀ ਜਿੰਦ ਦੇ
ਸਜੇ ਮਸਤ ਇਕ ਢੋਕ, ਦਿਲ ਵਣਜਾਰਿਆਂ
ਇਦ੍ਹੇ ਸੰਜੋਗ ਵਿਜੋਗ, ਵੇਖੇ ਤਾਰਿਆਂ!
"ਵਸੇ ਅਜ਼ੀਮ ਸਰਾਂ," ਗਾਵਨ ਸੋਹਣੀਆਂ
"ਸਿਹਰ ਹੁਸੀਨ ਦੀ ਥਾਂ," ਕੂਕਨ ਹੋਣੀਆਂ
ਜਾਪੇ ਸੁਪਨ-ਮੁਕਾਮ, ਉੱਚੇ ਰਾਸਤੇ
ਸੇਜ ਵਿਛਾਈ ਸ਼ਾਮ, ਫ਼ਜਰਾਂ ਵਾਸਤੇ।
ਬੰਜਰ ਬੀੜ ਵਿਚਾਲ, ਖੂਹ ਇਕ ਉੱਚੜਾ
ਸੁਣੇ ਤਿਖਾ ਦੇ ਹਾਲ, ਦਿਲ ਤੋਂ ਸੁੱਚੜਾ।
ਕਾਫ਼ਲੇ ਬੇਪਰਵਾਹ, ਆਵਣ ਘੁੰਮਦੇ
ਹੇਕਾਂ ਦੇ ਦਰਿਆ, ਰੈਣਾਂ ਚੁੰਮਦੇ।
ਔਹ ਅਲਬੇਲੇ ਨੱਥ, ਛੋਹੀ ਹੂਰ ਦੀ
ਮਹਿਫ਼ਲਾਂ ਵੰਡਣ ਵੱਥ, ਹਸ ਹਸ ਦੂਰ ਦੀ।
ਵਣਜਾਰਾ ਤੇ ਪੀਰ, ਮਿਲੇ ਇਹ ਰਾਹ 'ਤੇ
ਇੱਕੋ ਗੱਲ ਅਖ਼ੀਰ, ਗੱਲ ਗਵਾਹ 'ਤੇ!
ਯਾਰਕੰਦ ਦਾ ਤਾਜ, ਅਜ ਤਾਂ ਅੰਬਰੀ
ਕਾਫ਼ਲਿਆਂ ਵਿਚ ਵਾਜ, ਸੁਣੇ ਪੈਗ਼ੰਬਰੀ!

ਨਾਨਕੀ ਦੀ ਯਾਦ

ਊਠਾਂ ਦੀ ਇਕ ਡਾਰ, ਲੰਘ ਪਹਾੜੀਆਂ
ਆਈ ਨਗਰ-ਦੁਆਰ, ਨਾਲ ਵਪਾਰੀਆਂ
ਸੀ ਨਾਨਕ ਦੀ ਲੋਅ, ਸੀਨੇ ਕਾਰਵਾਂ
ਸਿੱਖ ਪਿਆਰੇ ਦੋ, ਆਏ ਏਸ ਥਾਂ
ਜੁੜ ਦੇਸਾਂ ਦੇ ਰੰਗ, ਖੇੜਣ ਕਹਿਕਸ਼ਾਂ
ਚੜ੍ਹੇ ਸਰੂਰ-ਤਰੰਗ, ਮਹਿਕੇ ਚੁੱਪ-ਚਾਂ।
ਯਾਰਕੰਦ ਕੰਨਸੋਅ, ਪੈਂਦੀ ਗੁਰਾਂ ਦੀ
ਕਦਮ ਕਦਮ ਰਹੀ ਹੋ, ਸੈਨਤ ਧੁਰਾਂ ਦੀ।
ਕਿੰਨਾ ਪਰਤੇ ਮੋਹ! ਰੁਲਦੀ ਰਾਖ਼ ਚੋਂ
ਕਿੰਨੇ ਨੈਂਅ ਦੇ ਕੋਹ, ਲੰਘਣ ਹਾਕ ਚੋਂ!
ਤਰਣ ਸੰਜੋਗ ਅਥਾਹ, ਪੈਂਡੇ ਫ਼ਜਰ ਦੇ
ਜਨਮ ਅਸੰਖ ਦੇ ਰਾਹ, ਬੇਲੀ ਨਜ਼ਰ ਦੇ।
ਜਿੰਦ ਦੀ ਪਰਤੇ ਲੀਕ, ਅੰਤਮ ਦਰਾਂ ਤੋਂ
ਉੱਡੇ ਹੰਝ ਬਰੀਕ, ਸਮੇ ਦੇ ਪਰਾਂ ਤੋਂ।
ਗਾਵਨ ਵੱਡੇ ਵੇਲ, ਗੁਰਿ ਗ਼ਮ-ਮੰਤ ਨੂੰ
ਸਰ 'ਤੇ ਪੰਖੀ ਖੇਲ, ਜਾਵਣ ਅੰਤ ਨੂੰ।
ਗੋਰਾਂ ਸਿਵੇ ਖਲੋ, ਨਾਨਕ ਤੱਕਦੇ
ਸ਼ੁਕਰ ਨਾ ਜਾਵੇ ਖੋ, ਅੰਤ ਨੂੰ ਥੱਕ ਕੇ।
ਮਰਦਾਨਾ ਪਿਆ ਰੋ, ਚੁੰਮ੍ਹ ਰਬਾਬ ਨੂੰ
ਕਿਸ ਸੈਨਤ ਦਾ ਮੋਹ, ਗੁਰੂ ਦੇ ਖ਼ਾਬ ਨੂੰ।
ਗੁਰੂ ਕਹਿਣ: "ਮਾਸੂਮ, ਬੇਲੀ ਸੁੱਚਿਆ
ਵਿਚ ਮਾਨਸ ਦੀ ਜੂਨ, ਕਾਲੋਂ ਊਂਚਿਆ!
ਕਾਲ ਦੇ ਉਦੈ ਉਦੋਤ, ਕੱਪਰ ਅੰਤ ਨਾ
ਭੇਜਾਂ ਸ਼ੁਕਰ ਦੀ ਜੋਤ, 'ਕੱਲਾ ਸੰਤ ਜਾਂ।
ਦੂਜੜੇ ਪਹਿਰ ਜਗਾ, ਤਾਰੇ ਰੈਣ ਦੇ
ਪੈਂਡੇ ਦੂਰ ਅਗਾਹ, ਦੱਸਣ ਭੈਣ ਦੇ।
ਦਿਸੇ ਫ਼ਰੇਬੀ ਹੋਤ, ਛਲਦੇ ਜਿੰਦ ਜੋ
ਦਿਸੀ ਨਾਨਕੀ-ਜੋਤ, ਸਮਿਆਂ ਪਾਰ ਦੋ।
ਬ੍ਰਿਹਾ ਵਿਚ ਅਸੀਸ, ਭੇਜੀ ਦੂਰ ਮੈਂ
ਧਰੇ ਭੈਣ ਦੇ ਸੀਸ, ਸਾਬਰ ਨੂਰ ਮੈਂ।
ਸਮਾਂ ਰਿਹਾ ਨ ਦੂਰ, ਤੁਰਨਾ ਭੈਣ ਨੇ
ਤੋਸ਼ਾ ਦਿਆਂ ਜ਼ਰੂਰ, ਖੁਰਨਾ ਰੈਣ ਨੇ।"

ਲਦਾਖ ਵਲ : ਬੇਨਜ਼ੀਰ ਬਰਕਤ ਦਾ ਹੜ੍ਹ

ਉਠਾਂ ਦੇ ਵੱਡ ਰਾਹ, ਜਾਣ ਲਦਾਖ ਨੂੰ
ਦਿਲ ਦੇ ਕੌਣ ਗਵਾਹ? ਸਾਰਾਂ ਖ਼ਾਕ ਨੂੰ!
ਢੂੰਡਣ ਐਹ ਦਰਿਆ, ਕਿਹੜੇ ਚਾਕ ਨੂੰ
ਪੈਂਦੇ ਕਾਫ਼ਲੇ ਗਾ, ਸੁਣਕੇ ਹਾਕ ਨੂੰ।
ਉੱਚੇ ਪਰਬਤ ਗਾਹ, ਨਾਨਕ ਚੱਲਦੇ
ਸੋਹਣੀ ਫ਼ਜਰ ਮਨਾ, ਕਦਮ ਨ ਠੱਲ੍ਹਦੇ
ਸੈਅ ਕੁਕਨੂਸ ਜਗਾ, ਦਰਦ ਨੂੰ ਘੱਲਦੇ
ਲੱਖ ਵੰਗਾਰਾਂ ਪਾ, ਤੂਰ-ਦਰ ਮੱਲਦੇ।
ਚੜ੍ਹੀ ਸਵੰਨੀ ਭੋਰ, ਚੱਲੇ ਕਾਰਵਾਂ
ਸਾਗਰ ਦੀ ਘਨਘੋਰ, ਸੀਨੇ ਬਾਦਵਾਂ
ਇਕ ਪਲ ਗੀਤ ਦਾ ਲੋਰ, ਦੂਜੇ ਚੁੱਪ-ਚਾਂ!
ਹਰ ਤਾਰੇ ਦੀ ਗੋਰ, ਵੇਖੇ ਆਸਮਾਂ
ਨਾਲ ਮੁਰੀਦਾਂ ਜ਼ੋਰ, ਖਿੜਦੀ ਪੀਰ-ਛਾਂ।
ਚਾਨਣ ਹੋਰ ਨ ਹੋਰ, ਸੀਨੇ ਕਹਿਕਸ਼ਾਂ
ਨਾਨਕ ਨਵਾਂ ਨਿਕੋਰ, ਵਿਚ ਪੈਗੰਬਰਾਂ। -3-

ਲਦਾਖ ਦਾ ਧਰਮ ਤੇ ਗੁਰੂ ਨਾਨਕ ਦੀ ਬਖ਼ਸ਼ਸ਼-ਵਿਜੈ

ਓਦੋਂ ਧਰਤ ਲਦਾਖ, ਲਾਮਾ ਭੂਮ ਸੀ
ਬੁੱਧ ਧਰਮ ਦੀ ਸ਼ਾਖ਼, ਚਿਰ ਤੋਂ ਪੁੰਗਰੀ।
ਤਿੱਬਤ ਸਿਹਰ ਦੇ ਰੰਗ, ਇਸ ਵਿਚ ਰਲੇ ਸੀ
ਤਓ ਤੋਂ ਵੀ ਕੁਝ ਮੰਗ, ਚਿੰਤਨ ਲਿਆ ਸੀ
ਹਿੰਸਾ-ਭੰਗ ਅਚੇਤ, ਮਿਲੇ ਮੰਗੋਲ ਤੋਂ
ਧੁੰਧਲੇ ਖਿੰਡੇ ਬਿਬੇਕ, ਬਖ਼ਸ਼ੇ ਹਿੰਦ ਵੀ।

ਧਰਮ ਨ ਵਾਂਗ ਸਮੀਰ, ਲਾਮਾ ਦੇਸ ਦਾ
ਸਹਿਜ ਚ ਸਦਾ ਅਮੀਰ, ਬਾਲ ਮਾਸੂਮ ਨਾ;
ਖੜੀ ਅਚੰਭਾ-ਭੀੜ, ਵਿਹੜੇ ਧਰਮ ਦੇ
ਵਜਦ ਦਾ ਨੂਰੀ ਤੀਰ, ਚੜ੍ਹੇ ਨ ਅੰਬਰੀਂ;

ਅਜਬ ਖਰੂਦੀ ਪੀੜ, ਫੜੇ ਧਿਆਨ ਨੂੰ
ਜਿੰਦ ਬਖ਼ਸ਼ਦੇ ਨੀਰ, ਬੰਦੀ ਗੁਫ਼ਾ ਦੇ।
ਕਰਾਕੁਰਮ ਪਰਵੇਸ਼, ਨਾਨਕ ਕਰੇ ਜਾਂ
ਪਰਸੇ ਨਗਨ ਆਵੇਸ਼, ਉੱਚੇ ਥਲਾਂ ਨੂੰ
ਹਰੇ ਬਿਰਖ ਦੇ ਹੇਠ, ਲੋਹ ਦੇ ਕੋਲ ਹੀ
ਸੱਚ ਸੁਵੰਨਾ ਠੇਠ, ਦੱਸਣ ਜਗਤ ਨੂੰ।
"ਕੂੜ ਨਿਖੁੱਟੇ ਅੰਤ" ਨਾਨਕ ਬੋਲਿਆ
"ਬ੍ਰਿਛ ਵੀ ਫ਼ਜਰੀ ਸੰਤ, ਦਿਲ ਨਿਰਵਾਨ ਲੈ।
ਦਿਲ ਮਾਸੂਮ ਅਨੰਤ, ਧਰਮ ਦੇ ਕੋਲ ਜੋ
ਦਯਾ ਦੀ ਸਦਾ ਬਸੰਤ, ਖਿੜਦੀ ਰਹੇਗੀ।"

ਸ਼ੈਤਾਨੀ ਸਿਹਰ ਅਤੇ ਗੁਰੂ-ਨਦਰ

ਸੰਢ ਨੂੰ ਸਿੰਧ ਦੇ ਪੱਤਣ, ਦਾਨਾ ਵੇਖਦਾ:
ਜਿੰਨ ਤੇ ਡੈਣਾਂ ਕੱਤਣ, ਕਾਲੇ ਸੂਤ ਨੂੰ।
ਸਿਹਰ ਦਾ ਤਿੱਖਾ ਭੈ, ਘੁੱਟਦਾ ਜਿੰਦ ਨੂੰ
ਦਹਦਿਸ ਦੇ ਵਿਚ ਲਹਿ, ਸ਼ਾਹਰਗ ਨੋਚਦਾ।
ਘੁੰਮੇ ਕਾਲ ਦਾ ਸੂਤ, ਧਰਤ ਅਕਾਸ਼ 'ਤੇ
ਗੁਰਮੁਖ ਦੀ ਵੀ ਕੂਕ, ਵਲ ਲਈ ਫੰਧਿਆਂ!
ਭੈਅ 'ਚ ਛੱਡ ਉਹ ਥਾਂ, ਦਾਨਾ ਉੱਠਿਆ
ਦੂਰ ਤੋਂ ਇਕ ਗਿਰਾਂ, ਤੁਰਦਾ ਆ ਰਿਹਾ!
ਪਰਬਤ ਇਕ ਵਿਕਰਾਲ, ਨਾਲ ਹੀ ਸਰਕਦਾ
ਪੱਥਰ ਵਾਂਗ ਭੂਚਾਲ, ਰਿੜ੍ਹਦਾ ਹੇਠ ਨੂੰ।
"ਨਾਨਕ ਪਰਬਤ ਹੇਠ" ਦਾਨਾ ਕੂਕਿਆ
"ਕਿਹੇ ਕੁਸ਼ਗਣੇ ਲੇਖ! ਯਾਰ ਨ ਇਕ ਵੀ।"
ਗਰਜੇ ਜਿੰਨ ਕਠੋਰ, ਟੀਸੀ ਪਰਬਤਾਂ
ਅਦਲ ਅਦਿੱਖ ਦੇ ਜ਼ੋਰ, ਜਿੰਨ ਝੰਜੋੜਿਆ।
ਹਾਂ! ਇਹ ਕਹਿਰ ਜਨੂੰਨ, ਪੱਥਰ ਵਾਲੜਾ
ਜਿਉਂਕਰ ਬਾਲ ਮਾਸੂਮ, ਗਲ ਆ ਲੱਗਿਆ।
ਪੱਥਰ ਕੀਤਾ ਮੋਮ, ਦਰਸ਼ਨ ਗੁਰੂ ਦੇ
ਪਰਸ ਰਿਹਾ ਹਰ ਰੋਮ, ਦੈਵੀ ਦੇਹ ਦਾ।
ਪੱਥਰ, ਮੌਤ ਤੇ ਜਿੰਨ, ਜਦੋਂ ਸਰਾਪ ਨੇ
ਗੌਰ ਨ ਸਿਵਿਉਂ ਭਿੰਨ, ਬੰਦੀ ਸੁੰਨ ਦੇ।

ਸੁੰਨ ਨੇ ਘੇਰੀ ਸੁੰਨ, ਤੁਰਦੇ ਦਿਸਣ ਜੋ
ਬਦੀ ਲਏ ਨੇ ਗੁੰਨ੍ਹ, ਖ਼ਾਲੀ ਸਦਾ ਤੋਂ।
ਐਪਰ ਮਿਲੇ ਜੇ ਛੁਹ, ਗੁਰੂ-ਉਮੀਦ ਦੀ
ਤੋੜ ਗਹਿਰ ਦੇ ਰੋਹ, ਝਾਂਜੇ ਝੂੰਮਦੇ।
ਧਰਮ ਦੇ ਮਹਾਂ ਵਿਗਾਸ, ਵਿਚ ਜੋ ਜ਼ਿੰਦਗੀ
ਨੀਂਦ ਜਿਹਾ ਧਰਵਾਸ, ਬਦੀ ਪਲੋਸਦਾ।
ਇਹ ਛਿਨ ਬਨਣ ਗਵਾਹ, ਜ਼ਿੰਦਾ ਸੰਤ ਦੇ
ਕੋਟਾਂ ਕੋਮਲ ਰਾਹ, ਅਦਲ ਜਗਾਂਵਦੇ।
ਭੁੱਲ ਚੁੱਕੇ ਦਰਿਆ, ਦਰਦੀ ਰੇਤ ਨੂੰ
ਦੇਵੇ ਯਾਦ ਕਰਾ, ਹਰੇ ਜੋ ਬਿਰਖ ਸੀ।

ਦਰਿਆ ਸਿੰਧ ਦੇ ਕੰਢੇ ਕੰਢੇ

ਧਰਮ ਦਾ ਮਹਾਂ ਵਿਗਾਸ, ਨਾਨਕ ਨਾਲ ਸੀ
ਦੀਰਘ ਉੱਚ ਕਿਆਸ, ਲਾਉਂਦੇ ਸਿੱਖ ਵੀ।
ਪਰਬਤ ਵਣ ਨੂੰ ਸਿੰਧ, ਚੁੰਮਦਾ ਜਾ ਰਿਹਾ
ਲੰਮੀ ਮੋਹਣੀ ਜਿੰਦ, ਪਰੀਆਂ ਕੰਢੜੇ!
ਬਹੁਤ ਪੁਰਾਤਨ ਨਾਦ, ਦਿਲ ਵਿਚ ਗੁਰੂ ਦੇ
ਹੁਸਨ ਅਦਿੱਖ ਅਨਾਦਿ, ਧਰਮੀ ਧਰਤ ਦਾ
ਬਹੁਤ ਪੁਰਾਣੀ ਯਾਦ, ਸਾਂਝ ਪੈਗੰਬਰੀ
ਦੋਵੇਂ: ਸਿੰਧ ਰਬਾਬ, ਸੁਨਣਾ ਲੋਚਦੇ।
ਵਗਦਾ ਸਿੰਧ ਮਹਾਨ, ਖੇਵਟ ਸੁਰਤਿ ਦਾ
ਹਾਂ! ਅਸੰਖ ਅਰਮਾਨ, ਪਾਰ ਲਿਜਾਂਵਦਾ
ਕਿਹੜੇ ਲੈ ਵਰਦਾਨ, ਕਾਲ 'ਚ ਉਤਰਦਾ
ਪੈਗੰਬਰ ਦਾ ਹਾਣ, ਚੁੱਪ 'ਚ ਜਾਣਦਾ।
ਇਹ ਰੂਹ ਜਾਂ ਦਰਿਆ, ਬਾਲੇ ਸੋਚਿਆ
ਮਰਦਾਨਾ ਰਿਹਾ ਗਾ, ਸੋਦਰੁ ਸਾਮ੍ਹਣੇ।
ਦੂਰ ਸਕਰਦੂ ਤੀਕ, ਤਿੰਨੇ ਯਾਤਰੀ
ਲੰਮੇ ਸਿੰਧ ਨੂੰ ਮੀਤ, ਤੁਰਦੇ ਮੰਨ ਕੇ।
ਮਹਾਂ ਵਿਗਾਸ ਅਥਾਹ, ਸੁੱਚੇ ਧਰਮ ਦਾ
ਸਿੰਧ ਦੇ ਨਾਲ ਗਵਾਹ, ਅੰਦਰ ਕੁਦਰਤਾਂ!

ਕਸ਼ਮੀਰ

ਪੂਨਮ ਖਿੜੀ ਨਚਿੰਦ, ਧਰਮੀ ਕੂਟ 'ਤੇ
ਬਾਂਝ ਹਠੀ ਜੁਗ-ਜਿੰਦ, ਵਿਗਸੀ ਧਰਮ ਹੋ
ਸਭ ਤਾਰੇ ਹਰ ਬਿੰਦ, ਤਾਂਘਣ ਸੰਤ ਨੂੰ
ਚੌਦਾਂ ਤਬਕ ਨ ਨਿੰਦ, ਸਕਦੇ ਸੱਚ ਨੂੰ।
ਮਹਾਂ ਸੁਤੰਤਰ ਬਿੰਦ, ਲਿਸ਼ਕੇ ਸਿੰਧ 'ਤੇ
ਗਏ ਗੁਰੂ ਮਿਰਗਿੰਦ, ਤਦ ਕਸ਼ਮੀਰ ਨੂੰ;
ਅਮਰਨਾਥ ਦੇ ਵੱਲ, ਸਿੰਧ ਤੋਂ ਵਿਛੜਕੇ
ਪੀਰ ਮੁਰੀਦਾਂ ਚੱਲ, ਤਕਿਆ ਗੁਫ਼ਾ ਨੂੰ;
ਡੂੰਘੇ ਕਾਲ 'ਚ ਜਾ, ਅੱਖਰ ਸੁਹਜ ਦੇ
ਇਸ਼ਕ ਮਾਸੂਮ ਵਫ਼ਾ, ਨਾਨਕ ਪੜ੍ਹੇ ਸੀ।
ਸ਼ਿਵ ਦਾ ਹੁਸਨ-ਉਮਾਹ, ਸੌਂਦਾ ਕਦੇ ਨਾ
ਪੰਖੀ ਰਹਿਣ ਗਵਾਹ, ਹਿੰਮ ਅਨੂਪ ਦੇ।
ਭਾਵੇਂ ਧਰਮ ਅਗਾਹ, ਲੰਮਾ ਸਮੇ ਤੋਂ
ਮੁੜੇ ਨਾ ਅੱਖਰ ਆ, ਇਸ ਵਿਚ ਲਿਸ਼ਕ ਕੇ।
ਬੂੰਦ ਨੂੰ ਮਿਲ ਦਰਿਆ, ਫਿਰ ਨ ਭੁੱਲਿਆ
ਮਾਰਦੀ ਨੰਨ੍ਹੀ ਭਾਅ, ਵਹਿਣ-ਰਹੱਸ 'ਤੇ।
ਨਭ ਸੁਹਿਰਦ ਗੰਭੀਰ, ਨਿਰੀ ਅਚਿਹਨਤਾ
ਰੰਗ ਮਸਤਾਨੇ ਤੀਰ, ਇਸ ਵਿਚ ਮਾਰਦੇ।
ਲਸੇ ਸੁਹਜ ਕਸ਼ਮੀਰ, ਸੀਨੇ ਸ਼ਬਦ ਦੇ
ਦਹਦਿਸ ਵਗਦੇ ਨੀਰ, ਗੀਤ ਰਬਾਬ ਪੀ;
ਧਰਮ ਦਾ ਸੂਖਮ ਤੀਰ, ਉਡਦਾ ਜਾਂਵਦਾ
ਧੁਰ ਦਾ ਹੁਸਨ ਅਖ਼ੀਰ, ਚੁੰਮੇ ਲਿਸ਼ਕ ਕੇ;
ਝਲਕ ਅਸੰਖ ਦੇ ਹਿੰਮ, ਜਿੱਥੇ ਉਤਰਦੀ
ਵਿਹਣ ਪੰਧਾਣੂ ਤ੍ਰਿੰਨ, ਉਹੀਓ ਧਰਮ ਨੂੰ;
ਫੜ ਫੜ ਰੂਪ-ਤਰੰਗ, ਸਿੱਖ ਸੀ ਵੇਖਦੇ
ਮਹਾਂ ਵਿਗਾਸੀ ਅੰਗ, ਧਰਮ-ਰਹੱਸ ਦੇ
ਉੱਡ ਉਡਾਰੂ ਖੰਭ, ਧਰਮ ਅਸੀਸ ਦੇ
ਪਹਿਲਗਾਮ ਨੂੰ ਲੰਘ, ਫੜਕਣ ਮਟਨ 'ਤੇ।

ਮਾਰਤੰਡ ਦੀ ਗੁੱਝੀ ਚੀਸ

ਮਾਰਤੰਡ ਦੇ ਖੰਡਰ, ਅੰਮ੍ਰਿਤ ਵੇਲੜੇ
ਰਿਸ਼ੀ ਵਾਂਗ ਖੜ੍ਹ ਅੰਬਰ, ਰਹਿਮ 'ਚ ਵੇਖਦੇ।
ਸਿਰਜ ਆਪ ਹੀ ਮੰਦਰ, ਬੰਦਾ ਤੋੜਦਾ
ਪੜ੍ਹਦੇ ਪਏ ਨੇ ਅੰਬਰ, ਅੱਖਰ ਮਿਟੇ ਜੋ।
ਉੱਪਰ ਦਿਲ ਦਿਲਗੀਰ, ਜਾਪੇ ਸਮੇ ਦਾ
ਹੇਠ ਤਾਰਿਆਂ ਨੀਰ, ਟਿਮ ਟਿਮ ਲਹਿਰਦੇ
ਸਦਾ ਤੋਂ ਬੇਪਰਵਾਹ, ਵਿੰਗ ਅਸੰਖ ਪਾ
ਕਹਿਕਸ਼ਾਂ ਦੇ ਰਾਹ, ਕਿੱਧਰ ਜਾਂਵਦੇ?
ਆਵੇ ਜਦੋਂ ਅਖ਼ੀਰ, ਭੇਦ ਨ ਠਹਿਰਦੇ
ਦਿਲ ਮਾਰੇ ਬਸ ਤੀਰ, ਅੰਨ੍ਹੀ ਗਹਿਰ 'ਤੇ।
ਦਿਲ ਮਾਸੂਮ ਦੀ ਪੀੜ, ਭੁਲਦੇ ਅੰਤ ਨੂੰ
ਗਿਣਦਾ ਨਭ ਗੰਭੀਰ, ਸਭ ਬੇਅਦਲੀਆਂ।
ਮਾਰਤੰਡ ਦੀ ਹੂੰਗਰ, ਝੁਕ ਗੁਰ ਸਾਮ੍ਹਣੇ
ਪੁੰਗਰੀ ਵਾਂਗ ਕਰੂੰਬਲ, ਟੀਸੀ ਧਰਮ ਦੀ।

ਮਟਨ ਉੱਤੇ ਗੁਰਮੁਖ-ਰੰਗ

ਮਟਨ ਦੇ ਚਸ਼ਮੇ ਕੋਲ, ਜਿੰਦ ਇਕਾਂਤ ਦੀ
ਕਣ ਕਣ ਦੀ ਵਿਚ ਝੋਲ, ਚੁੱਪ ਅਕਾਸ਼ ਦੀ
ਉੱਚੇ ਝੱਖੜ ਲੰਘ, ਤਿਲ੍ਹਕ ਖ਼ਲਾਅ ਚੋਂ
ਲਗ ਜੋ ਰਿਸ਼ਮਾਂ ਅੰਗ, ਜ਼ਿਮੀਂ 'ਤੇ ਉਤਰੀ।
ਉੱਚ ਤਾਰਿਆਂ ਨਾਦ, ਸੁਣਿਆਂ ਮਟਨ ਦਾ
ਸੁਣੀ ਰੂਪ ਦੀ ਦਾਦ, ਯਾਦਾਂ ਹਿੱਕੜੀ
ਛੁਪੀ ਮੂਕ ਫ਼ਰਿਆਦ, ਮਾਹੀ ਮਿਲਣ ਦੀ
ਵਗੇ ਪਿਆ ਜਲ-ਨਾਦ, ਛਲਕਣ ਹਸਰਤਾਂ।
ਅਧਰੈਣੀ ਨੂੰ ਜਾਗ, ਨਾਨਕ ਵੇਖਦੇ
ਸਭ ਦੁਖ ਸੁਖ ਦੀ ਵਾਗ, ਫੜੀ ਸੀ ਹੁਕਮ ਨੇ!
ਚਸ਼ਮੇ ਚੋਂ ਇਕ ਖ਼ਾਬ, ਖੰਭ ਲਾ ਰਾਗ ਦੇ
ਸੋਖ ਚਨਾਰ ਦੇ ਬਾਗ, ਵਲ ਸੀ ਉੱਡਦਾ।

ਰਿਹਾ ਕੁਟੀ 'ਤੇ ਝੂੰਮ, ਰੁੱਖ ਅਖ਼ਰੋਟ ਦਾ
ਅੰਦਰ ਪਾਕ ਜਨੂੰਨ, ਸਫ਼ਰ ਪੈਗ਼ੰਬਰੀ;
ਜਗ ਨੂੰ ਨਹੀਂ ਮਾਲੂਮ, ਬਰਕਤ ਏਸ ਦੀ
ਗੁਰਮੁਖ ਨੀਂਦ ਮਾਸੂਮ, ਹੇਠਾਂ ਮਾਣਦੇ।
ਸਹਿਜ 'ਚ ਛਿੜੀ ਰਬਾਬ, ਅੰਮ੍ਰਿਤ ਵੇਲੜੇ
ਕਰ ਨਾਨਕ ਨੂੰ ਯਾਦ, ਬਾਲਾ ਉੱਠਿਆ।

ਕਮਾਲ-ਉਦ-ਦੀਨ ਦਾ ਵਜਦ

ਫ਼ਜਰ ਕਰੇਂਦੀ ਵੇਸ, ਦਿਨ ਦਿਨ ਰੰਗਲੇ
ਇਹ ਗੱਲ ਧੁੰਮੀ ਦੇਸ, ਖ਼ਲਕਤ ਕੂਕਦੀ:
"ਰਹੀ ਉਡੀਕ ਹਮੇਸ਼, ਅਸੀਂ ਹੀ ਭੁੱਲਦੇ
ਚਸ਼ਮੇ 'ਤੇ ਦਰਵੇਸ਼, ਬੈਠੇ ਕਦੋਂ ਦੇ।"
ਸੁਣੀ ਕਮਾਲੁੱਦੀਨ, ਸਦ ਇਹ ਵਜਦ ਦੀ
ਤਾਹੀਂ ਨਜ਼ਰ ਮਹੀਨ, ਪਾ ਵਲ ਚਸ਼ਮਿਆਂ
ਉਚਰੇ ਨਾਲ ਯਕੀਨ: "ਸੱਜਣ ਨਾਲ ਹੈ!
ਆਵੇ! ਇਸ ਘਰ ਲੀਨ, ਹੋਣਾ ਵਲੀ ਨੇ
ਆਵੇ! ਕਹੇ ਆਮੀਨ, ਧਰਤੀ ਘਾਇਲ ਨੂੰ
ਕਾਲ ਰਹੇ ਜਿਉਂ ਦੀਨ, ਨਾਲ ਅਸਾਡੜੇ।
ਪਤਾ ਨ ਪੈਂਦੇ ਮੀਂਹ, ਕਿਹੜੀ ਸਿਖਰ ਤੋਂ!
ਪੱਤੇ ਹਰੇ ਹੁਸੀਂ, ਧੋਂਦੇ ਗੀਤ ਨੂੰ!
ਪਾਕ ਪਤਾਲ 'ਚ ਨੀਂਹ, ਬਿਰਖ ਦੀ ਰੱਖਕੇ
ਸੱਦੇ ਰੂਹ ਦੇ ਸ਼ੀਂਹ, ਨੈਂ, ਵਣ, ਬਾਗ਼ ਨੇ।"
ਫਿਰ ਵੇਖੇ ਦਰਵੇਸ਼, ਉਸ਼ਾ ਦੀ ਹੰਸਣੀ
ਉਤਰੀ ਲੈ ਸੰਦੇਸ਼, ਨਬੀ-ਮਿਰ੍ਹਾਜ ਦੇ।
ਦੂਧ ਕੇਸਰੀ ਵੇਸ, ਚਸ਼ਮੇ ਚੁੰਮਦੇ
ਛੁਹ ਤੋਂ ਨਾਜ਼ਕ ਕੇਸ, ਲਹਿਰਣ ਨੀਰ 'ਤੇ।
ਸੀ ਨਾਨਕ ਦੇ ਨਾਲ, ਚਸ਼ਮੇ ਮਟਨ 'ਤੇ
ਗੁਜ਼ਰੇ ਉਮਰ ਦੇ ਸਾਲ, ਆਰਿਫ਼ ਵੇਖਦਾ।
ਡੂੰਘੇ ਇਲਮ ਦੇ ਜਾਲ, ਅੰਦਰ ਗੋਤਿਆਂ
ਪਕੜ ਰਹੇ ਬਣ ਕਾਲ, ਲਿਵ ਦੇ ਪੰਖਣੂ;
ਫੜੇ ਖਰੂਦ ਭੁਚਾਲ, ਜ਼ਿਕਰ ਦੇ ਕਮਲ ਨੂੰ
ਦੂਨੀ ਦੀ ਖ਼ੂਨੀ ਝਾਲ, ਰਿੜਕ ਮਧੋਲਦੀ।

ਸੈਅ ਨਮਾਜ਼ਾਂ ਪਾਕ, ਸਮੇਂ ਦੇ ਉਹਲਿਉਂ
ਗੁਰ ਵਲ ਰਹੀਆਂ ਝਾਕ, ਭੋਲੇ ਬਾਲ ਜਿਉਂ।
ਇਲਮਾਂ ਦੇ ਬਹੁ ਤਾਲ, ਭੁੱਲ ਕਮਾਲ ਨੇ
ਲਾ ਟੁੱਭੀ ਲਿਆ ਭਾਲ, ਪਾਕ ਨਮਾਜ਼ ਨੂੰ।

ਬ੍ਰਹਮਦਾਸ ਦੀ ਇਲਾਹੀ ਜਾਗ

ਰੂਹ ਦੇ ਜਸ਼ਨ ਦੀ ਧੁੰਮ, ਪਈ ਦੁਰਾਡੜੇ
ਸਿੰਧ ਤਕ ਰਹੀ ਘੁੰਮ, ਸ਼ਾਨ ਪੈਗੰਬਰੀ।
ਹੋਣ ਵਜਦ ਵਿਚ ਗੁੰਮ, ਸੱਭੇ ਹੋਣੀਆਂ
ਕਾਲ-ਘੋੜ ਦੇ ਸੁੰਮ, ਸੁਣਦੇ ਪਰਬਤੀਂ।
ਬ੍ਰਹਮਦਾਸ ਹੈਰਾਨ, ਅਕਲਾਂ ਵਾਲੜੇ
ਤੁਰੇ ਜਾਣ ਵਿੱਦਵਾਨ, ਚਸ਼ਮੇ ਵਲ ਕਿਉਂ ?!
ਸ਼ਾਨ ਪੁਸਤਕਾਂ ਨਾਲ, ਸਦਾ ਨ ਜੱਗ 'ਤੇ
ਜੋਸ਼ 'ਚ ਯਾਰ ਕਮਾਲ, ਮੁੜੇ ਨ ਮੋੜਿਆਂ।
ਕਹੇ ਕਿਤਾਬ ਕਾਨੂੰਨ, ਭਾਵੇਂ ਰੂਹ ਦੇ
ਫਿਰ ਵੀ ਵੱਡਾ ਜਨੂੰਨ, ਆਰਿਫ਼ ਦਸਦੇ।
ਨਾਨਕ ਸੱਦ ਕਮਾਲ, ਚਸ਼ਮੇ ਮਟਨ 'ਤੇ
ਕਿਹਾ: "ਕਿਤਾਬਾਂ ਨਾਲ, ਸਫ਼ਰ ਨ ਮੁੱਕਦੇ।
ਰੂਹ ਦਾ ਧਰੁਵੀ ਨਿਸ਼ਾਨ, ਮਿਲੇ ਤ ਸਮਝ ਲਉ
ਪੁਸਤਕ ਤ੍ਰਿਣ ਸਮਾਨ, ਉਸਦੇ ਸਾਮ੍ਹਣੇ।"
ਅੰਤ ਲਵਾਂ ਜੇ ਭਾਲ, ਮੈਂ ਇਸ ਅਰਥ ਦਾ
ਲੰਮੀ ਵਿਜੈ ਦੀ ਛਾਲ, ਜਗ ਇਹ ਵੇਖਸੀ।
ਵੇਖ ਰਿਹਾ ਜਗ ਕੁੱਲ, ਯਾਰ ਦੀਵਾਨੜਾ
ਮੈਂ ਵਿੱਦਵਾਨ ਅਮੁੱਲ, ਜਿੱਤਾਂ ਤਪੇ ਨੂੰ।
ਤਦ ਧੁੰਮੀ ਇਹ ਗੱਲ: ਚਸ਼ਮੇ ਮਟਨ ਨੂੰ
ਲੈ ਗਿਆਨ ਦਾ ਝੱਲ, ਤੁਰਿਆ ਬ੍ਰਹਮ ਹੈ।
ਮਗਰ ਮਗਰ ਵਿੱਦਵਾਨ, ਤੁਰਦੇ ਊਠ ਦੇ
ਵੇਦ ਪੁਰਾਣ ਮਹਾਨ, ਤਿਨ੍ਹਾਂ ਦੀ ਪਿੱਠ 'ਤੇ।
ਆਏ ਮਟਨ ਦੇ ਨੇੜ, ਤੱਕਿਆ ਗੁਰਮੁਖਾਂ
ਸਾਹਵੇਂ ਵਾਂਗ ਸਵੇਰ, ਨਾਨਕ ਖੜੇ ਆ।
ਪੁਸਤਕ-ਲੱਦੇ ਊਠ, ਬਾਗਾਂ ਸਾਮ੍ਹਣੇ
ਨਾਲ ਮਾਸੂਮੀ ਬੂਟ, ਤਾਂਘਣ ਫੁਲਾਂ ਨੂੰ।

ਨਾਨਕ ਕਹਿਣ "ਨਾ ਟਾਲ, ਊਠਾਂ ਵਾਲਿਆ
ਸਹਸ ਸਿਆਣਪ ਨਾਲ, ਸਫ਼ਰ ਨ ਮੁੱਕਦੇ।
ਨਾ ਗਿਆਨ ਸੰਭਾਲ, ਹਉਂ ਵਿਚ ਮਿੱਤਰਾ
ਨਹੀਂ ਤਾ ਗਹਿਰ 'ਚ ਭਾਲ, ਰੁਲਦੀ ਉਮਰ ਨੂੰ।"

ਸੁਣਿ ਪੰਡਤ ਇਹ ਵਾਕ, ਜਿਉਂ ਹੀ ਹੱਸਿਆ
ਕੰਠ ਦੀ ਪਾਵਨ ਹਾਕ, ਪਲ ਵਿਚ ਸੁੱਕਦੀ
ਛੁਪੀ ਜ਼ਮੀਰ ਦੀ ਸ਼ਾਖ਼, ਪੱਥਰ ਹੋਂਵਦੀ
ਦਿਲ ਦਰਿਆ ਤੇ ਰਾਖ਼, ਉੱਡੇ ਵਣਾਂ ਦੀ।

ਕਹਿਣ ਗੁਰੂ ਮੁਸਕਾ, "ਤੁਰ ਲੈ ਸੰਭਲਕੇ
ਨਾਲ ਸਜਣ ਦੇ ਵਾਹ, ਤੇਰਾ ਪਿਆ ਹੈ।"

ਸੁਣਿ ਅਪਣੱਤ ਅਜੀਤ, ਬ੍ਰਹਮ 'ਚ ਜਾਗਦੀ
ਮੈਂ-ਗਿਆਨ ਦੀ ਰੀਤ, ਡੁੱਬੀ ਡੂੰਘੜੇ
ਬੰਦ ਗੜਾਂ ਦੀ ਭੀਤ, ਢੱਠੀ ਜ਼ਿਮੀਂ 'ਤੇ
ਕੈਦੀ ਪੰਖ ਦਾ ਗੀਤ, ਖੜਗੇ ਗਗਨ ਲੈ;
ਮਹਿਕੀ ਛੁਹ ਪੁਨੀਤ, ਗਹਿਰ ਗਿਆਨ ਚੋਂ
ਕੜ ਪਾਟੇ, ਜਲ ਸੀਤ, ਝਰੇ ਪਤਾਲ ਚੋਂ।

ਕਸ਼ਮੀਰ ਤੋਂ ਵਿਦਾਇਗੀ

ਇਕ ਦਿਨ ਨਾਨਕ ਕਹਿਣ, "ਸੁਣ ਮਰਦਾਨਿਆਂ!
ਝੱਖੜ ਧੁੰਧਾ ਰੈਣ, ਵਿਚ ਵੀਰਾਨਿਆਂ
ਸੁਣੇ ਸਹੰਸਰ ਵੈਣ, ਮਾਨਵ ਜਾਤ ਦੇ
ਤਰੇ ਅਨੇਕਾਂ ਵਹਿਣ, ਅਸਾਂ ਹਯਾਤ ਦੇ
ਕੀਤੇ ਸਫ਼ਰ ਅਨੇਕ, ਨਾਲ ਦੀਵਾਨਿਆਂ
ਖੋਜੇ ਤਰਕ ਬਿਬੇਕ, ਵਿਚ ਬੇਗਾਨਿਆਂ।
ਅਸਾਂ ਬਣਾਏ ਯਾਰ, ਅੰਦਰੋਂ ਜਿੰਨ ਜੋ
ਲਈ ਉਹਨਾਂ ਦੀ ਸਾਰ, ਸਦਾ ਤੋਂ ਹਿੰਮ ਜੋ।
ਤਪਦੇ ਸੁੰਨੇ ਰੈਣ, ਝੱਖੜ ਠੰਢੜੇ
ਦੋਵੇਂ ਸਾਡੇ ਸੈਣ, ਉਮਰਾਂ ਹੰਢੜੇ।

ਹੁੰਮਸ-ਲੱਦੇ ਨੀਰ, ਮਧੁਰ ਸਮੀਰ ਵੀ
ਪਾ ਦੋਵਾਂ ਨਾ' ਸੀਰ, ਸਾਂ ਰਾਹਗੀਰ ਵੀ।

"ਡਾਵੇ ਜੋਬਨਵੰਤ, ਰਾਹ ਕਸ਼ਮੀਰ ਦੇ
ਪਰ ਫ਼ਰਿਆਦੀ ਸੰਤ, ਖੜੇ ਅਖ਼ੀਰ 'ਤੇ
ਸਿਮਰਣ ਮਧੁਰ ਬੇਅੰਤ, ਦਿਲ ਵਿਚ ਭਟਕਦੇ
ਮੰਜ਼ਿਲ ਦਾ ਨ ਅੰਤ, ਦੁੱਖੜੇ ਕਟਕਦੇ
ਦਿੱਤੀ ਅਸਾਂ ਪਛਾਣ, ਅਪਣੇ ਆਪ ਦੀ
ਪੰਥ ਦੀ ਸੱਦ ਮਹਾਨ, ਸ਼ੁਕਰ ਅਲਾਪਦੀ।

"ਸਿਰੀ ਨਗਰ ਦਾ ਉੱਚ, ਸ਼ੰਕਰਚਾਰੀਆ
ਨਵੇਂ ਪੰਥ ਦੀ ਸੁੱਚ, ਤਕ ਤਕ ਵਾਰਿਆ
ਸ਼ਿਵਜੀ-ਤਪ ਦਾ ਜੋਗ, ਮੰਦਰ ਜਾਪਦਾ
ਸ਼ੰਕਰ ਗਿਰੀ-ਅਮੋਘ, ਸਿਰ 'ਤੇ ਥਾਪਦਾ
ਅਸਾਂ ਸਬਰ ਦਾ ਵਾਣ, ਓਥੇ ਗੱਡਿਆ
ਰੂਹ ਅਭੁੱਕ ਦਾ ਤਾਣ, ਪਲ ਵਿਚ ਸੱਦਿਆ।
ਹਾਂ! ਲੱਲੀ ਦੀ ਯਾਦ, ਮਹਾਂ ਦਰੰਬਰੀ
ਜਿੱਥੇ ਧੀਮਾ ਨਾਦ, ਸੁਣੇ ਪਗ਼ੰਬਰੀ
ਪਰ ਵੇਦਨ ਬੇਅੰਤ, ਓਥੇ ਬੇਲੀਆ
ਬੇਵਫ਼ਾ ਲੱਖ ਡੰਗ, ਸਿਮਰਣ ਵਿਚ ਵੀ;
ਨਗਨ ਹੁਸਨ ਦਾ ਰੰਗ, ਲੱਲੀ ਨਾਲ ਸੀ
ਛੁਪ ਮੁਰੀਦ ਦੇ ਡੰਗ, ਬਿਖ ਪਰ ਘੋਲਦੇ;
ਤਦੋਂ ਵਿਚ ਕਸ਼ਮੀਰ, ਦਿਲ ਦੀ ਵਿਜੈ ਨੂੰ
ਅਸਾਂ ਮਲੂਕ ਸਮੀਰ, ਵਾਂਗੂ ਭੇਜਿਆ।
ਅੰਤਮ ਅਦਲ ਨੂੰ ਤੋਲ, ਤਦ ਸਾਂ ਲੰਘਦੇ
ਪੰਥ ਦੇ ਸਾਬਤ ਬੋਲ, ਬਾਗ਼ੀ ਵੰਡਦੇ।

"ਸਿਰੀ ਨਗਰ ਤੋਂ ਦੂਰ, ਤਿਖ ਹੁਣ ਆਖਦੀ
ਅੰਬ ਬਣੇ ਨੇ ਬੂਰ, ਕੋਇਲ ਅਲਾਪਦੀ।
ਵਗਦਾ ਪਿਆ ਝਨਾਂ, ਸਿਕਦਾ ਬਾਰ ਨੂੰ
ਹਰ ਮਾਂਝੀ ਦੀ ਛਾਂ, ਤੁਰਗੀ ਪਾਰ ਨੂੰ।
ਜੰਮੂ ਵੈਸ਼ਣੋ ਤੀਕ, ਸਾਡੀ ਧੂਹ ਹੈ
ਬੁੱਤ ਬਣੇ ਸਭ ਮੀਤ, ਨਿਰਤ 'ਚ ਰੂਹ ਹੈ।

ਹੋਰ ਵੀ ਥ੍ਰਿੰਹ ਪੁਨੀਤ, ਸਾਨੂੰ ਸੱਦਦਾ
ਮੌਤ-ਕੂਟ ਨੂੰ ਗੀਤ, ਧੁਰ ਦਾ ਕੱਜਦਾ।
ਲੱਖਾਂ ਵਿਛੜਣ ਲੋਕ, ਸਭ ਦਾ ਅੰਤ ਵੀ
ਜਰੇ ਅਸਹਿ ਦਿਲ ਚੋਕ, ਵਿਛੜੇ ਸੰਤ ਵੀ।"

ਬਾਲਾ ਦਾਨਾ ਮੀਤ, ਸੁਣਿ ਵੈਰਾਗਦੇ
ਤ੍ਰੈ ਸਾਲ ਗਏ ਬੀਤ, ਦਿਲ ਨੂੰ ਜਾਗਦੇ।
ਦਿਲ ਵਿਚ ਜਾਂ ਵਿਚ ਬਾਰ, ਸਿੱਖ ਨ ਜਾਣਦੇ
ਨਦੀ ਕਰੀ ਬਸ ਪਾਰ, ਹੋ ਗੁਰ ਹਾਣ ਦੇ।
ਰੂਹ-ਬਾਰਾਂ ਸੁਲਤਾਨ, ਸਾਹਵੇਂ ਤੱਕਿਆ
ਬਿਰਖਾਂ ਦੇ ਅਰਮਾਨ, ਛਾਂ ਵਿਚ ਰੱਖਿਆ
ਰਾਵੀ ਦਾ ਮਹਿਮਾਨ, ਚਿਰ ਤੋਂ ਦੂਰ ਸੀ
ਯਾਦ ਮਾਸੂਮ ਪਛਾਣ, ਕਰਦੀ ਬੂਰ ਸੀ।
ਕਦੋਂ ਹਕੀਕਤ ਜ਼ਾਹਰ, ਨਾਨਕ ਹੋਣ ਦੀ ?
ਕਿਸ ਕਿਸ ਨੂੰ ਹੈ ਸਾਰ, ਉਸਦੇ ਖੋਣ ਦੀ ?

ਤੀਸਰੀ ਉਦਾਸੀ ਦੀ ਅੰਤਿਕਾ

ਮੁੜ ਵੇਈਂ ਦੇ ਪੱਤਣ ਉੱਤੇ

ਆਏ ਸਿਖਰ ਦੁਪਹਿਰ ਨੂੰ, ਗੁਰ ਸੁਲਤਾਨਪੁਰੇ
ਵਣ, ਪਹਾੜ ਤੇ ਨਦੀ ਦੇ, ਸੰਗੀ ਨਾਲ ਤੁਰੇ
ਤਪ ਤਪ ਜਾਵਣ ਹਾੜ੍ਹ ਦੇ, ਖ਼ੂਨੀ ਨੈਣ ਬੁਰੇ
ਕੀ ਵਿਸਾਹ ਇਸ ਉਮਰ ਦਾ ? ਗਗਨ-ਮੀਨਾਰ ਭੁਰੇ।
ਸੁੱਕੀ ਵੇਈਂ ਸਾਮ੍ਹਣੇ, ਮੁੜ ਦੀਦਾਰ ਕਰੇ
ਲਿੱਸੀ ਥੱਕੀ ਧਾਰ ਔਹ, ਹੌਕੇ ਮੂਕ ਭਰੇ
ਸੇਦਰ ਦੀ ਉਸ ਯਾਦ ਦੇ, ਹੋਵਣ ਬੀਜ ਹਰੇ
ਧਰਤੀ 'ਤੇ ਦਰਗਾਹ ਦੇ, ਮੁੜ ਪੈਗਾਮ ਖੜੇ।

ਵਗਦੀ ਵੇਈਂ ਜ਼ਿਮੀਂ 'ਤੇ, ਅਮਰ ਪਤਾਲ ਤਲੇ
ਦਰਗਾਹਾਂ ਵਿਚ ਮੁਣਸ ਦਾ, ਦੀਵਾ ਫੇਰ ਬਲੇ
ਬਾਲਪਨ ਦੇ ਮੁੜੇ ਜੇ, ਮਿੱਠੇ ਦਿਵਸ ਭਲੇ
ਟੀਡ ਲਵੈ, ਵਣ ਉਹਲੜੇ, ਕਿਸ ਦਾ ਦਰਦ ਖਲੇ ?

ਵੇਈਂ ਸਾਹਵੇਂ ਧਰਤ 'ਤੇ, ਮੇਲੇ ਲੱਖ ਜੁੜੇ
ਤੋਸ਼ਾ ਪਿਰ ਦੀ ਯਾਦ ਦਾ, ਕਿਸਦੇ ਨਾਲ ਤੁਰੇ
ਉੱਚੇ ਧੌਲਰ ਭੈਣ ਦੇ, ਨੈਣੋਂ ਨੀਰ ਝਰੇ
ਕਵਨ ਪਰਾਂ 'ਤੇ ਵੀਰ ਦੀ, ਸੁਰਗੀਂ ਯਾਦ ਤਰੇ।
ਗੁਰਮੁਖ-ਹੰਝ 'ਤੇ ਅੰਤ ਨੂੰ, ਧੁਰ ਦੀ ਵੱਥ ਤੁਲੇ
ਵੇਈਂ ਤੱਕੇ ਤਿਨ੍ਹਾਂ ਦੇ, ਕਦੇ ਨ ਦਰਦ ਰੁਲੇ।

ਨਾਰਾਂ ਦੀ ਚਰਚਾ

ਸਖੀ ਇਹ ਲੋਧੀ ਨਗਰ ਵਿਚ, ਕੌਣ ਫ਼ਕੀਰ ਵੜੇ
ਪੁੱਟੇ ਕਦਮ ਤ ਵਲੀ ਦਾ, ਤਿਸਨੂੰ ਰੰਗ ਚੜ੍ਹੇ!!
ਮੋਦੀ ਅਸਾਂ ਪਛਾਣਿਆਂ, ਨਾਲ ਮੁਰੀਦ ਖੜੇ
ਕਦੇ ਇਹ ਗਿਆ ਬਹਿਸ਼ਤ ਨੂੰ, ਕਦੇ ਨਮਾਜ਼ ਪੜ੍ਹੇ।
ਦੱਸੇ ਜੱਗ ਨਵਾਬ ਦੇ, ਇਸ 'ਤੇ ਸਿਦਕ ਬੜੇ
ਇਦ੍ਹੀ ਅਕੀਦਤ ਫ਼ਜਰ ਨੂੰ, ਮੱਥੇ ਰੋਜ਼ ਜੜੇ।
ਕਹੇ ਨਵਾਬ: "ਇਹ ਵਲੀ ਹੈ; ਜੇ ਅਸਮਾਨ ਸੜੇ
ਗੋਦ 'ਚ ਨੰਨ੍ਹੀ ਧਰਤ ਲੈ, ਨਵੇਂ ਨਸੀਬ ਘੜੇ।"

ਭੈਣ ਭਰਾ

ਕਿਸੇ ਦਰਦ ਦੇ ਖ਼ਾਬ ਨੂੰ, ਸਿਖਰ ਦੁਪਹਿਰ ਬੁਣੇ
ਵਰ੍ਹਿਆਂ ਪਿੱਛੋਂ ਨਾਨਕੀ, ਉਹੀਓ ਬੋਲ ਸੁਣੇ
ਬਾਲਪਨ ਦੀਆਂ ਸੂਰਤਾਂ, ਸੰਗੀ ਵੀਰ ਚੁਣੇ
ਸੋਅ ਸੁਣੇਂਦੀ ਚਿਰਾਂ ਤੋਂ, ਆਏ ਘਰੀਂ ਹੁਣੇ।

ਉੱਠ ਨਾਨਕੀ ਵੇਖਿਆ, ਸਿਖਰ ਦੁਪਹਿਰ ਬਲੇ
ਉੱਚੇ ਪਰਬਤ ਟੱਪ ਕੇ, ਦਰ 'ਤੇ ਵੀਰ ਖਲੇ
ਆਏ ਉੱਡ ਸੁਮੇਰ ਤੋਂ, ਹੰਸ ਉਡੀਕ ਤਲੇ
ਅਜੇ ਬਾਲਪਨ ਨੱਸ ਕੇ, ਉਮਰਾ ਨਾਲ ਰਲੇ
ਸ਼ਗਨ ਮਨਾਵਾਂ ਵੀਰ ਵੇ! ਇਹ ਦਿਨ ਰਹਿਣ ਭਲੇ,
ਆਖੇ ਜਿੰਦੜੀ ਕਦੇ ਨਾ: "ਤੁਰ ਮਹਿਮਾਨ ਚਲੇ"
ਸਹਿਜ 'ਚ ਰੱਖਾਂ ਉਮਰ ਨੂੰ, ਅੰਤ ਨ ਕਦੇ ਟਲੇ
ਕਹਿਰ ਦਾ ਤਾਪ ਵੀ ਚੜ੍ਹੇਗਾ, ਜਦੋਂ ਦੁਪਹਿਰ ਢਲੇ।

ਗੁਰੂ ਨਾਨਕ, ਤਲਵੰਡੀ ਤੇ ਬਾਲਾ

ਗੁਰੂ ਕਹਿਣ: "ਜਾਹ ਬਾਲਿਆ! ਤੱਕੀਂ ਦੇਸ ਗਲੀ
ਵੇਖ ਲੈ ਸੋਹਣੀ ਜਿੰਦੜੀ, ਸੰਘਣੇ ਵਣੀਂ ਪਲੀ
ਮਿਲਣ ਤਾਂ ਸੰਗੀ ਦੱਸਣਾ, ਯਾਦ 'ਚ ਜਿੰਦ ਜਲੀ
ਕਹਿਣਾ ਮਾਂ ਪਿਉ ਨਾਰ ਨੂੰ, ਅਜੇ ਨ ਉਮਰ ਢਲੀ।
ਪਿੰਡ ਦੀ ਸੱਥ 'ਚ ਗਾਵਣਾ: ਰੱਖਕੇ ਸੀਸ ਤਲੀ
ਦਸਤਕ ਦਿੰਦੇ ਗਏ ਸੀ, ਕਿਤੇ ਨ ਜਿੰਦ ਖਲੀ।
ਪਿੰਡ ਦੇ ਖੂਹ 'ਤੇ ਦੱਸਣੀ, ਪਿਆਸ 'ਚ ਵਾਟ ਬਲੀ
ਕਹਿਣਾ: ਤਿਖਾ ਪੈਗੰਬਰੀ, ਬਾਰ ਦੇ ਹੁਸਨ ਛਲੀ।" -16-

ਨਾਨਕੀ ਅਤੇ ਜੈ ਰਾਮ: ਅੰਤਮ ਸਮਾਂ

ਬਾਲਾ ਗਿਆ ਤਾਂ ਨਾਨਕੀ, ਵੇਖੇ ਸਫ਼ਰ ਘਣੇ
ਆਖੇ: "ਵੀਰਨ ਮੈਂਡੜੇ, ਨਵੇਂ ਵਿਜੋਗ ਬਣੇ
ਅੰਤਮ ਵਾਰ ਮੈਂ ਉੱਡਣਾ, ਰੂਹ ਦੇ ਖੰਭ ਤਣੇ
ਕਿਹੜਾ ਦਾਜ ਮੈਂ ਜ਼ਿਮੀਂ ਦਾ, ਚਾਵਾਂ ਰੂਹ ਸਣੇ?"

"ਭੈਣੇ" ਨਾਨਕ ਆਖਿਆ, "ਤੈਂਡੀ ਵਾਟ ਖਰੀ
ਪਹਿਲੇ ਫੁਰਨੇ ਹੁਕਮ ਦੇ, ਕੀਤੀ ਧਰਤ ਹਰੀ
ਪਹਿਲੇ ਸੱਚ ਦੇ ਨਾਲ ਹੀ, ਜੇ ਤੂੰ ਜਿੰਦ ਵਰੀ
ਉਸੇ ਲਹਿਰ ਤੋਂ ਦਾਜ ਲੈ, ਉਡਸੇਂ ਵਾਂਗ ਪਰੀ।
ਧੁਰ ਦੇ ਅੰਤਮ ਰੂਪ 'ਤੇ, ਹੁਕਮ ਜੁ ਨਦਰ ਕਰੀ
ਜੇ ਤੂੰ ਨਹੀਂ ਵਿਸਾਰਿਆ, ਲੰਮੀ ਕਾਂਗ ਤਰੀ
ਜਾਵੇਂ, ਮੁੜਸੇਂ ਜਿੱਤਸੇਂ, ਵਰਸੇਂ ਵਾਂਗ ਝੜੀ
ਰਖਸੇਂ ਦਾਜ ਰੰਗੀਲੜਾ, ਮੈਤਾਂ ਵਿਚ ਖੜੀ।" -17-

ਜੈ ਰਾਮ ਨਭ ਵੇਖਦਾ, ਉੱਚੀ ਗਹਿਰ ਧੁਣੇ
ਜਮ ਨੇ ਕਿਹੜੀ ਜਿੰਦ 'ਤੇ, ਅੱਖਰ ਮੌਤ ਖੁਣੇ
ਪੰਖੀ ਨਾਗ ਨ ਆਜੜੀ, ਉੱਗੇ ਰੁੱਖ ਹੁਣੇ
ਦੂਰ ਅਗਾਹੇ ਥਲਾਂ ਚੋਂ, ਕਿਦ੍ਹੀ ਰਬਾਬ ਸੁਣੇ!

ਕਰਮ ਖੰਡ ਚੋਂ ਨਾਨਕੀ, ਸੁਣੇ ਮਹੀਨ ਧੁਨੀ
ਸ਼ਾਂਤ ਸ਼ਾਂਤ ਦਰ ਆਤਮਾ, ਖੜੇ ਅਜਿੱਤ ਮੁਨੀ
ਕਮਲਾਂ ਹਾੜ ਦੀ ਰਾਤ ਵੀ, ਵਾਹੀ ਸੀਤ ਕਣੀ
ਤਾਰਿਆਂ ਦੇ ਵਣ ਛੱਡ ਕੇ, ਝੁਕਦੀ ਸ਼ੇਸ਼ ਮਣੀ।

ਅਨਹਦ ਚੁੱਪ 'ਚ ਅੰਬਰਾਂ, ਸਾਂਝੀ ਗੱਲ ਕਹੀ
ਕਰਮ ਖੰਡ 'ਤੇ ਨਾਨਕੀ, ਬਿਮਲ ਤ੍ਰੇਲ ਪਈ।
ਸੱਚੇ ਅਦਲ ਦੀ ਵੰਝਲੀ, ਵਜਦੀ ਦੂਰ ਗਈ
ਕਰਮ ਖੰਡ ਵਿਚ ਕਿਤੇ ਤਾਂ, ਵਜਦ ਹਯਾਤ ਹਈ!

ਤ੍ਰੈ ਦਿਨ ਪਿੱਛੋਂ ਕੰਤ ਨੇ, ਦੂਰੋਂ ਸੱਦ ਸੁਣੀ
ਉੱਚੇ ਨੈਣਾਂ ਮਿਲਣ ਲਈ, ਇਹੀਓ ਜਿੰਦ ਚੁਣੀ।
ਤਿਨ੍ਹਾਂ ਦੀ ਨਿਰਮਲ ਚੁੱਪ ਨੂੰ, ਛੋਹਿਆ ਕੰਤ ਗੁਣੀ
ਸੁੱਤੀ ਜਿਉਂਕਰ ਕੰਵਲ 'ਤੇ, ਅਨਹਦ ਤ੍ਰੇਲ-ਧੁਨੀ। -18-

ਸੁਲਤਾਨਪੁਰ ਨੂੰ ਅੰਤਮ ਵਿਦਾਇਗੀ

ਭੈਣ ਤੇ ਕੰਤ ਨੂੰ ਵਿਛੜੇ, ਹੋਏ ਕਈ ਦਿਨੰਤ
ਕਰ ਨਾਨਕ ਦੇ ਪਰਸਦੀ, ਕਾਲ ਦੀ ਤੇਗ਼ ਅਨੰਤ।
ਹਾਂ! ਗੁਰ ਚੱਲੇ ਬਾਰ ਨੂੰ, ਪਾ ਸਬਰਾਂ ਦਾ ਅੰਤ
ਜਗ ਨੂੰ ਖਰੀ ਡਰਾਉਣੀ, ਮੌਤ ਜੁ ਦਿੱਤੀ ਸੰਤ
ਪਰ ਮਰਦਾਨਾ ਤੜਪਦਾ, ਭੈਅ ਵਿਚ 'ਕੱਲਾ ਜੰਤ
ਉੱਠੇ ਕਿਸੇ ਪਤਾਲ ਚੋਂ, ਜਮ ਦੀ ਨੇਸ ਦੁਰੰਤ।
ਜਲ ਭਰ ਰੋਵੇ, ਕੂਕਦਾ: "ਟੁੱਟਣ ਚਰਖ ਬੇਅੰਤ
ਸਦ ਗੰਭੀਰ ਤੈਂ ਨੈਣ ਕਿਉਂ, ਚਰਨ ਵਿਛਾਣ ਬਸੰਤ!"

ਲੋਧੀ ਮਿਲਣ ਨੂੰ ਖੜਾ ਸੀ, ਰਾਹ ਨਾਨਕ ਦਾ ਮੱਲ
ਦਿਲ ਦੇ ਸਿਦਕ ਨੂੰ ਮੰਨਕੇ, ਆਇ ਲਹੌਰੋਂ ਚੱਲ
ਮੁੱਦਤ ਤੋਂ ਸੀ ਓਸ ਨੂੰ, ਕੋਹਦੀ ਪਈ ਇਕੱਲ
ਤਖ਼ਤ ਦੀਆਂ ਸੈ ਸਾਜ਼ਿਸ਼ਾਂ, ਬਿਖ ਜੁ ਪਲੀ ਮਹੱਲ
ਪਾਗਲ ਹਿਰਸੀ ਨਹੁੰਦਰਾਂ, ਘਾਇਲ ਕਰਨ ਦਿਲ ਸੱਲ
ਕਿੜਾਂ ਪੌਣ ਆ ਕਾਬਲੋਂ, ਘੋੜੇ ਪਾਉਣਗੇ ਝੱਲ

ਤਖ਼ਤਾਂ ਵਾਲੇ ਜਾਣਗੇ, ਹੋਣੀ ਸਕੇ ਨ ਟਲ
ਫਿਰ ਵੀ ਨਾਨਕ-ਦਰਸ ਦੀ, ਰਹਿਣੀ ਜਗ 'ਚ ਗੱਲ।

ਨਾਨਕ ਚੁੱਕੇ ਨੈਣ ਸੀ, ਢੂੰਡਣ ਗੁਰਮੁਖ-ਜਿੰਦ
ਜੁਗਾਂ ਦੇ ਤਲਖ਼ ਪੁਲਾੜ 'ਤੇ, ਝੂਮ ਪਈ ਇਕ ਬਿੰਦ
ਜਿਉਂ ਕੁਕਨੂਸ ਦੀ ਰਾਖ਼ 'ਤੇ, ਵਰ੍ਹੇ ਰਾਗ ਦੇ ਸਿੰਧ;
ਜਾਪੇ ਗੁਰ ਵੱਲ ਵੇਖਦੀ, ਸੈ ਕੌਮਾਂ ਦੀ ਜਿੰਦ!

ਨੈਣ ਖ਼ਾਨ ਦੇ ਕੇਰਦੇ, ਚਿਰ ਤੋਂ ਸਾਂਭੀ ਹਿੰਝ
ਤੱਕੇ ਤ੍ਰਿਣ ਸਮ ਉੱਡਦੇ, ਖ਼ੂਨੀ ਸ਼ਾਹ ਵਿਚ ਹਿੰਦ।
ਤੁਰ ਗਏ ਮਹਾਂ ਉਜਾੜ ਚੋਂ, ਸੁੱਟ ਕਸਾਈ ਵਿੰਗ
ਦਾਨਾ ਬਿਰਖ ਨੂੰ ਵੇਖਦਾ, ਵਾਂਗ ਮਾਸੂਮ ਪਰਿੰਦ,
ਹੋਣਾਂ ਸ਼ੀਰੀਂ ਛਾਂ ਦੇ, ਤਜ ਅਭਿਮਾਨ ਤੇ ਨਿੰਦ
ਮਰਦਾਨੇ ਦੇ ਨਾਲ ਹੀ, ਖ਼ਾਨ ਖੜਾ ਇਕ ਬਿੰਦ।

ਤਲਵੰਡੀ ਨੂੰ

ਵਿਦਾ ਹੋ ਭੈਣ ਦੇ ਵਿਹੜਿਉਂ, ਖ਼ਾਨ ਨੂੰ ਦੇ ਕੁਝ ਲੋ
ਤਕ ਖਜੂਰਾਂ ਲੰਮੀਆਂ, ਵੇਈਂ ਪਾਰ ਖਲੋ
ਨਾਨਕ ਚੱਲੇ ਬਾਰ ਨੂੰ, ਛੱਡ ਹਜ਼ਾਰਾਂ ਮੋਹ
ਨਾਲ ਰਬਾਬੀ ਚੱਲਿਆ, ਜਿੱਤ ਜਾਂ ਹਾਰ ਲੁਕੋ ?
ਰੋਵਣ ਜਾ ਕੇ ਪੰਖਣੂ, ਪਾਰ ਬਿਆਸਾ ਸੋਅ
ਮੁੜ ਨਾਨਕ ਨੂੰ ਵੇਖਕੇ, ਮਾਂਝੀ ਪਏ ਸੀ ਰੋ।
ਸਭਨਾਂ ਦਿਲਾਂ ਹੀ ਲਿਖੇ ਸੀ, ਦਰਦ ਅਕਹਿ ਸੀ ਜੋ
ਤੁਰਦੇ ਜਾਣ ਲਹੌਰ ਨੂੰ, ਦਿਲ ਦੇ ਮੀਤ ਇਹ ਦੋ।
ਹਰੀ ਬੀੜ ਵਿਚ ਦਮਕਦੀ, ਕੱਚੀ ਢਾਬ ਸੀ ਕੋ
ਤਕ ਸੁਮੇਰ ਦੇ ਪੰਖਣੂ, ਨਭ ਚੋਂ ਕਰਦੇ ਮੋਹ
ਬਾਸਰਕੇ ਵਿਚ ਪਈ ਸੀ, ਅਮਰਦਾਸ ਨੂੰ ਖੋਹ
ਜਿਸਨੇ ਨਾਨਕ-ਨੂਰ ਦੇ, ਲੈਣੇ ਨੂਰ ਸਮੋ।

ਤਲਵੰਡੀ ਦੀ ਚਿਰ ਪੁਰਾਣੀ ਵਾਟ

ਨਾਨਕ ਪੁੱਛਣ: "ਰਾਵੀਏ! ਕੀ ਬਾਰਾਂ ਦੇ ਹਾਲ?
ਤਲਵੰਡੀ ਨੂੰ ਵੇਖਿਆਂ, ਲੰਘ ਗਏ ਕਈ ਸਾਲ।
ਪੱਤਣ ਖੁਰਣ ਹਯਾਤ ਦੇ, ਲਾਈ ਮੌਤਾਂ ਢਾਅ
ਲੱਖਾਂ ਗਾਵਣ ਪਾਤਣੀ, ਲੱਖਾਂ ਹੋਰ ਗਵਾਹ।"
ਸੁਣਿ ਮਰਦਾਨਾ ਜਲ ਭਰੇ, ਫਿਰ ਹੋਏ ਬਲਿਹਾਰ
ਕਹਿਰ ਦੀ ਬਿਖ 'ਚ ਉਬਲਦਾ, ਵੇਖੇ ਕਾਲ-ਪੁਲਾੜ
ਤਿਸਦੀ ਧੁੰਧ ਇਕੱਲੜੇ, ਤੁਰਣ ਲੋਕ ਬੇਯਾਰ
ਗੁਰ-ਚਰਨਾਂ ਚੋਂ ਫੁੱਟਦੇ, ਦੋ ਚਸ਼ਮੇ ਚਮਕਾਰ
ਬੇਯਾਰਾਂ ਨੂੰ ਚਾਂਵਦੇ, ਨੂਰੀ ਰਥ ਬਲਕਾਰ
ਲੰਘ ਉਬਲਦੀ ਵਿਸ਼ ਚੋਂ, ਕਾਲ ਨੂੰ ਦੇਵਣ ਹਾਰ।
ਲੰਮੀ ਬੀੜ ਨੂੰ ਵੇਖਦਾ, ਮਰਦਾਨਾ ਇਕ ਵਾਰ
ਦਲ ਊਠਾਂ ਦੇ ਲੰਘਦੇ, ਨਿਰਭੈ ਘੋੜ ਸਵਾਰ।
ਰੱਜ ਕੇ ਹੱਸੇ, ਫਿਰ ਕਦੇ, ਯਾਦ ਕਰੇ ਧੀ ਨਾਰ
ਖੁੱਲ੍ਹਣ ਹੰਝੂਆਂ ਸਾਮ੍ਹਣੇ, ਤਲਵੰਡੀ ਦੇ ਬਾਰ। -21

ਮਾਂ

ਦਿਸਦਾ ਨਾਨਕ ਮਾਂ ਨੂੰ, ਉਹੀਓ ਮੰਗੂਪਾਲ
ਉਹੀਓ ਵਣ ਦਾ ਲਾਡਲਾ, ਮਿਲਦਾ ਨਾਗਾਂ ਨਾਲ
ਓਵੇਂ ਧੁੱਪਾਂ ਥੰਮ੍ਹਦਾ, ਪਾ ਨੀਂਦਰ ਦੇ ਜਾਲ
ਓਹੀ ਗੁਰੂ ਬੁਲਾਰ ਦਾ, ਓਹੀ ਰੁਸਿਆ ਬਾਲ
ਓਵੇਂ ਪਿਤਾ ਦੇ ਰੋਹ ਨੂੰ, ਭੈਣ ਰਹੀ ਸੀ ਟਾਲ
ਓਵੇਂ ਇਹ ਨ ਥੱਕਿਆ, ਵੰਡ ਵੰਡ ਕੇ ਮਾਲ।
"ਮੈਂ ਵਾਰੀ ਵੇ ਲਾਡਲੇ, ਭੈਣ ਨ ਆਈ ਨਾਲ
ਹੁਣੇ ਹੀ ਬਾਲੇ ਦੱਸਿਆ, ਸਾਨੂੰ ਦਰਦ ਸੰਭਾਲ।" -22

ਰਾਇ ਬੁਲਾਰ ਦੀ ਪੁਕਾਰ

ਵਿਚ ਤਲਵੰਡੀ ਸੰਧ ਨੂੰ, ਕਾਲੂ ਸੁਣੇ ਪੁਕਾਰ
ਘਾਇਲ ਹੰਸ ਕੋ ਉੱਡਦਾ, ਡਿੱਗੇ ਜਿਵੇਂ ਦੁਆਰ।

ਤੜਪ ਬੁਲਾਰ ਨੇ ਸੱਦਿਆ: "ਨਾਨਕ ਆ ਤੂੰ ਅੱਜ
ਕਲ ਦੇ ਕੱਫਣ ਵਿਚ ਨਾ, ਬੁੱਤ ਨਿਮਾਣਾ ਕੱਜ।"
ਪਿਤਾ ਕਿਹਾ: "ਸੁਣ ਨਾਨਕਾ, ਮਾਣ ਨ ਤੋੜੀਂ ਹੋਰ
ਮਾਣ ਉਡੀਕ ਜਾਂ ਟੁੱਟਸੀ, ਉਮਰਾਂ ਬਣਸਨ ਗੋਰ।"
ਨਾਨਕ ਕਹੇ: "ਤਰੌਂਕਸਾਂ, ਮੈ ਭੱਖਦੀ ਹਰ ਹਿੱਕ
ਤੀਬਰ ਨੈਂ ਜਿਉਂ ਵਗਾਂ ਗਾ, ਤੀਬਰ ਹੋਇ ਜਦ ਸਿੱਕ।
ਸਿੱਕ ਤ ਰਾਇ ਦੀ ਹੁਲਦੀ, ਜਿਉਂ ਜਿਉਂ ਵੱਜੇ ਸਾਂਗ
ਮਾਂਝੀ ਕਦੇ ਨ ਮੁੱਕਦੇ, ਕਾਂਗ ਚੜ੍ਹੇ ਫਿਰ ਕਾਂਗ।
ਖੁਰਣ ਜਿਵੇਂ ਇਹ ਸੰਧਿ ਦੇ, ਬੱਦਲਾਂ ਉਤੋਂ ਰੰਗ
ਪਲਾਂ 'ਚ ਜਗ ਚੋਂ ਮਿਟਣਗੇ, ਇਉਂ ਬੁਲਾਰ ਦੇ ਅੰਗ।
ਨੈਂ ਉਰਵਾਰ ਮੈਂ ਖੜ੍ਹਾਂ ਗਾ, ਜਿਵੇਂ ਧਾਰ ਦੀ ਬਾਂਗ
ਨੈਂ ਦੇ ਪਾਰ ਉਡੀਕਸਾਂ, ਜਿਵੇਂ ਸ਼ਹੀਦੀ ਕਾਂਗ।

ਰਾਇ ਬੁਲਾਰ ਦਾ ਅੰਤਮ ਸਫ਼ਰ

ਮਾਂਦੇ ਪਏ ਬੁਲਾਰ ਨੇ, ਖੁਰਦੀ ਤੱਕੀ ਸੰਧਿ
ਨੀਵੀਂ ਕਰਦੇ ਜਾਂਵਦੇ, ਉੱਚੇ ਅਰਸ਼ ਕਮੰਦ
ਦਗੇਬਾਜ਼ ਖੁੱਡ ਅੰਦਰਾਂ, ਜਾਣ ਗ਼ਰਕਦੇ ਪੰਧ
ਗਮਕ ਗੁਰੂ ਦੇ ਕਦਮ ਦੀ, ਪਲ ਪਲ ਹੋਇ ਬੁਲੰਦ।
ਧੀਰ ਧਰੀ ਕੁਝ ਰਾਇ ਨੇ, ਲੈ ਨਾਨਕ ਦੀ ਦੀਦ:
"ਗੈਣ ਕੁ ਤੋਸ਼ਾ ਮਿਲੇ ਜੇ, ਤੁਰਸਾਂ ਨਾਲ ਉਮੀਦ।"
ਪਰ ਦੂਜੇ ਪਲ ਕੰਬਿਆ, ਅੰਨ੍ਹਾ ਮਹਾਂ ਪੁਲਾੜ
"ਕਿਵ ਛੁਪਾਵਾਂ ਨਾਨਕਾ?" ਹੌਕਾ ਲਿਆ ਬੁਲਾਰ
"ਕੀ ਤਿਣਕਾ ਧਰਵਾਸ ਦਾ, ਨ ਉਰਵਾਰ ਨ ਪਾਰ।
ਹੌਲ ਭਰੇ ਦਰਿਆ ਵਿਚ, ਕੀ ਕੱਚਾ ਇਕਰਾਰ!
ਖੌਲ ਰਹੇ ਅਸਮਾਨ ਨੇ, ਦਿਸਦੇ ਨਾ ਦਿਲਦਾਰ
ਚੀਕਾਂ ਹੰਝੂ ਵਜਦੇ, ਦੂਰੋਂ ਵਾਂਗ ਕਟਾਰ
ਕੂਕਾਂ ਬੁੱਤ ਕੰਬਾਇਆ, ਪੁਰਸਲਾਤ ਵਿਚਕਾਰ
ਹੰਝੂ ਵਾਂਗਰ ਕੰਕਰਾਂ, ਉੱਡਦੇ ਵਿਚ ਗ਼ੁਬਾਰ!"

ਸੁਣਿ ਨਾਨਕ ਨੇ ਰੱਖਿਆ, ਰਾਇ ਦੇ ਮਸਤਕ ਹੱਥ
ਥਲ ਖੇਰੰਗ 'ਚ ਤੱਕਿਆ, ਤਦ ਉਸ ਚਾਨਣ-ਰਥ
ਅੱਗੇ ਰੇਤ 'ਚ ਜਾਂਵਦੀ, ਤਿਲ੍ਹਕੇ ਪੈੜ ਅਕੱਥ
ਕੌਣ ਮੁਸਾਫ਼ਰ? ਯਾਦ ਨਾ! ਜਾਪੇ ਪਿਰ ਸਮਰੱਥ

ਵਿਚ ਅਕਾਲ ਦੇ ਮੰਡਲਾਂ, ਦਿਸਣ ਪਛਾਣੇ ਪਥ
ਕੂੰਟਾਂ ਬਾਹਾਂ ਪਿਰ ਦੀਆਂ, ਮਿਲੇ ਪੁਰਾਣੀ ਸੱਥ
ਦੇਵਣ ਛੂਹ ਦੀ ਦਾਤ ਨੂੰ, ਜਿਉਂ ਮਾਂ ਪਿਉਂ ਦੇ ਹੱਥ
ਵਾਰ ਰਹੀ ਅਪਣੱਤ ਸੀ, ਘਰ ਵਰਗੀ ਕੋ ਵੱਥ।

ਸੁਲੱਖਣੀ ਦਾ ਸੁਆਲ

ਜਗ ਵਿਚ ਰਾਇ ਬੁਲਾਰ ਦੇ, ਜਦ ਪੂਰੇ ਹੋਏ ਸਾਸ
ਗੁਰ ਗੰਭੀਰ ਹੋ ਢੂੰਡਿਆ, ਜੀਵਾਂ ਲਈ ਧਰਵਾਸ
"ਸੁਰਤਿ ਮਤਿ ਮਨਿ ਬੁਧਿ" ਤੋਂ, ਜਿਹੜੇ ਪਰੇ ਅਗਾਸ
ਸੁਥਕ ਨੀਂਦ ਦੀ ਕਰਵਟੋਂ, ਕਰਨ ਨਵੀਂ ਉਹ ਆਸ।
ਮਰਦਾਨੇ ਨੂੰ ਨਾਲ ਲੈ, ਨਿਤ ਬੀੜ ਵਲ ਜਾਣ
ਅੰਤਮ ਹੋਣੀ ਬਸ਼ਰ ਦੀ, ਜਿਸ ਬਖ਼ਸ਼ਿਸ਼ ਦਾ ਹਾਣੁ
ਉਸ ਲਈ ਪਾਵਨ ਚੇਤਨਾ, ਮੁੜ ਮੁੜ ਪਏ ਜਗਾਣ
ਥਾਪਨ ਜਗਤ ਦੇ ਸੱਚ ਦਾ, ਸਮਿਆਂ ਦੇ ਵਿਚ ਥਾਨ
ਐਪਰ ਜਗਤ ਦੇ ਰੂਪ ਵੀ, ਕਾਰ ਵਿਹਾਰ ਦੀ ਕਾਂਗ
ਵਿੰਨ੍ਹਣ ਸੁਰਤੀ ਗੀਤ ਨੂੰ, ਲੈ ਜ਼ੰਗਾਲੀ ਸਾਂਗ;
ਪਾਏ ਸੁਆਲ ਸੁਲੱਖਣੀ, ਆਂਗਣ ਦੇ ਵਿਚ ਆ
"ਕੰਤ ਤੂੰ ਵਾਟਾਂ ਕੀਤੀਆਂ, ਬਹੁ ਲੰਘੇ ਦਰਿਆ
ਸਾਰੇ ਜਗ 'ਚ ਧੁੰਮਿਆ, ਬਹੁਤ ਝੁਕਾਏ ਸ਼ਾਹ
ਜੋਗੀ ਪੀਰ ਫ਼ਕੀਰ ਨੂੰ, ਦਿੱਤੇ ਸਬਕ ਤੂੰ ਜਾ
ਸਾਰੇ ਜਗ ਨੂੰ ਵੇਖਕੇ, ਘਰ ਵਲ ਨਿਗ੍ਹਾ ਵੀ ਪਾ
ਨਾਰ ਤੇ ਪੁੱਤਾਂ ਜਰੇ ਨੇ, ਬਿਰ੍ਹਾ 'ਚ ਦੁੱਖ ਅਥਾਹ।
ਭੌਂ ਰਾਵੀ ਦੇ ਕੰਢੜੇ, ਲਾਇ ਅਜਿੱਤੇ ਰੁੱਖ
ਉਸ ਥਾਂ ਜਾ ਕੇ ਵੱਸੀਏ, ਕੂੰਜ ਵਾਂਗ ਤਜ ਦੁੱਖ
ਤਲਵੰਡੀ ਨੂੰ ਛੱਡ ਕੇ, ਮਾਣਾਂ ਮਿਲਖ ਦੇ ਸੁੱਖ
ਜੇਕਰ ਪੀਰੀ ਵੱਡੜੀ, ਘੱਟ ਨ ਜਗ ਦੀ ਭੁੱਖ।"
ਸੁਣਿ ਕੋਮਲ ਗੁਰ ਉੱਚਰੇ, ਛਲਕੇ ਕਰੁਣਾ 'ਚ ਨੈਣ
"ਵੱਡ ਨਸੀਬਾਂ ਵਾਲੀਏ। ਕਿਉਂ ਤੂੰ ਪਾਵੇਂ ਵੈਣ ?
ਸ਼ਾਹ ਦੁਨੀ ਦੇ ਜਾਣਗੇ, ਰਹਿਣ ਮਨੁੱਖ ਦੇ ਚੈਨ;
ਸਿੱਖਾਂ ਦਾ ਦਿਲ ਵਸੇਗਾ, ਉੱਚੇ ਧੌਲਰ ਢਹਿਣ;
ਅਜੇ ਨ ਪੂਰਾ ਬਾਗ਼ ਹੈ, ਅਜੇ ਨ ਪੂਰੇ ਰੁੱਖ
ਚਾਪ ਸੁਣੇ ਬਸ ਦੂਰ ਤੋਂ, ਓਹਲੇ ਅਜੇ ਮਨੁੱਖ।"

ਹੁਕਮ ਨਦਰ ਦਾ ਤਾਜ

ਬੀੜ 'ਚ ਨਾਨਕ ਸੋਚਦੇ : ਬੰਦਾ ਅੱਤ ਅਨਾਥ
ਖੁਰ ਜਾਂਦੀ ਹਰ ਸੁਰਤ ਤੋਂ, ਹਰਿਚੰਦਉਰੀ ਆਥਿ
ਪੀਲੇ ਪੱਤਰ ਸਿਸਕਦੇ, ਤੁਰ ਤੁਰ ਜਾਵਣ ਸਾਥ
ਉਹ ਵੀ ਜਾਸਨ ਕਾਲ ਦੀ, ਲਈ ਜਿਹਨਾਂ ਨੇ ਹਾਥ।
ਬੰਦਾ ਬਣੇਗਾ ਤਦੋਂ ਹੀ, ਏਸ ਜਗਤ ਦਾ ਨਾਥ
ਸਗਲੇ ਭੈਅ ਤੋਂ ਬਾਹਰ ਹੋ, ਜੇ ਦੇਖੇ ਧੁਰ ਦਾਤ।
ਜੇਕਰ ਘਿਰ ਵਿਚ ਮੌਤ-ਡਉ, ਸੁਣੇ ਥੋਟ ਦਾ ਸਾਸ
ਤਿਲ੍ਹੀ ਉਡਾਣ 'ਚ ਕਰੇਗਾ, ਪੰਖੀ-ਗੀਤ ਨਿਵਾਸ।
ਧੁਰ ਦੀ ਦਾਤ ਹੀ ਬਣੇਗੀ, ਮਹਾਂ ਅਸੀਸ ਮਿਰ੍ਹਾਜ
ਉਡਦਾ ਪੰਖੀ ਡਉ ਚੋਂ, ਮੁੜ ਹੋ ਰੰਕ ਨਿਵਾਜ
ਗੁਰ ਪੱਛਮ ਵਲ ਤੱਕਿਆ, ਹੁਕਮ ਨਦਰ ਦਾ ਤਾਜ
ਵੇਖਾਂ ਕਿਸਦੇ ਸੀਸ 'ਤੇ, ਉਸ ਘਰ ਦੇਵਾਂ ਵਾਜ।

(ਇਤਿ ਸਰਗ ਨੌਵਾਂ)

ਸਰਗ ਦਸਵਾਂ

ਜੇਵਡੁ ਆਪਿ ਤੇਵਡ ਤੇਰੀ ਦਾਤਿ
(ਚੌਥੀ ਉਦਾਸੀ)

ਭਾਗ ਪਹਿਲਾ
ਤਿਖਾ ਨਵੇਂ ਰਾਹਾਂ ਦੀ

ਰੰਗ ਕਿਰਮਚੀ ਸੰਧ ਦਾ ਖਿੜਿਆ
ਬਾਰਾਂ ਦੇ ਸਿਰ ਉੱਤੇ
ਪੈਰਾਂ ਹੇਠ ਝਨਾਂ ਤੇ ਰਾਵੀ
ਛਲਕਣ ਸਾਵਣ ਰੁੱਤੇ।

ਰੰਗ ਸੁਰਮਈ, ਸੰਤਰੀ, ਊਦੇ
ਮੇਘ ਕਾਤਰਾਂ ਰੰਗਣ
ਕਵਨ ਸਦੀ ਦੇ ਖੰਭ ਲਗਾ ਕੇ
ਸੁਥਕ ਸੁਨੇਹੇ ਲੰਘਣ।

ਤਲਵੰਡੀ ਦੀ ਬੀੜ 'ਚ ਪੁੱਛਣ
ਵਗ ਅਜਨਬੀ ਵਾਵਾਂ,
ਮਨ-ਯੋਗੀ ਦੇ ਰਾਜ਼ ਜੁ ਰੱਖੇ
ਚਿਰ ਤੋਂ ਸਾਂਭ ਝਨਾਵਾਂ।

ਚੁੱਪ ਤੋਂ ਨਾਦ ਤਕ ਜੁ ਅੱਖਰ
ਛੋੜੇ ਮਧੁਰ ਅਚੰਭੇ
ਫ਼ਜਰ ਤੋਂ ਸੰਧ ਤੀਕ ਪੁਛਾਵੇਂ
ਤਿਸਨੂੰ ਢੂੰਡ ਨ ਹੰਭੇ।

ਜਲਾਂ ਥਲਾਂ ਦੇ ਕਣ ਕਣ ਜਦ ਵੀ
ਪੈਗੰਬਰ ਨੂੰ ਤਾਂਘੇ,
ਧਰਮ ਦੇਸ ਕੌਮਾਂ ਦੇ ਸੁਪਨੇ
ਤੁੱਛ ਤਿੜਾਂ ਵੀ ਸਾਂਭੇ।

ਮਿੱਟੀ ਦੇ ਟਿੱਲੇ 'ਤੇ ਬੈਠੇ
ਬੀੜ 'ਚ ਬੋਹੜਾਂ ਨੇੜੇ
ਦੂਰ ਸੰਦ ਵਿਚ ਵੇਖਣ ਨਾਨਕ
ਇਕ ਪਲ ਸੁੰਦੇ ਵਿਹੜੇ

ਤਾਂਘ-ਭਰੇ ਪੰਖੀ ਵਲ ਤਦ ਹੀ
ਰੰਗ ਫ਼ਜਰ ਨੇ ਗੇੜੇ,
ਮੱਝਾਂ ਗਾਂਵਾਂ ਮੁੜਣ ਘਰਾਂ ਨੂੰ
ਮੰਗੂ-ਮਸਤਕਿ ਖੇੜੇ।

ਸੋਚਣ ਗੁਰੂ: "ਸਾਥ ਸਭ ਲੱਦੇ
ਵੇਖੇ ਵਿਚ ਤਰਨਾਪੇ
ਤੁਰੇ ਬੁਲਾਰ, ਭੈਣ, ਭਣਵਈਆ
ਤ੍ਰੈ ਦਿਨ ਪਹਿਲਾਂ ਮਾਪੇ।

"ਬਹੁ ਪੈਗ਼ਾਮ, ਆਂਵਦੇ ਸੱਦੇ
ਤਨ ਮਨ ਵੇਦਨ ਕੋਹੇ
ਇਸ ਧਰਤੀ ਦਾ ਜੋਬਨ ਮਿੱਠਾ
ਦਿਲ-ਪੰਖੀ ਨੂੰ ਮੋਹੇ।

"ਭੀੜ ਘਣੀ ਦਰਿਆਵਾਂ ਉੱਤੇ
ਮੈਂ ਵਿਚ ਦੂਰ ਇਕੱਲਾਂ
ਗੁੱਝੀ ਜਲੁਣ ਸੰਦ ਦੀ ਤਰਕੇ
ਵਾਂਗ ਪਾਤਣੀ ਚੱਲਾਂ।"

ਮਰਦਾਨੇ ਦੀ ਪੁਕਾਰ

ਬੀਤੇ ਦਿਵਸ, ਕਿਹਾ ਮਰਦਾਨੇ :
"ਭਾਵੇਂ ਪਿੰਡ ਵੀਰਾਨੀ,
ਫਿਰ ਵੀ ਰੂਹ ਦੀ ਸੁੰਞ ਤੋੜਦੀ
ਵਜਦ-ਕਾਂਗ ਦੀਵਾਨੀ।

"ਤੇਰੇ ਸੰਗ ਭੇਦ ਮੈਂ ਬਾਬਾ
ਸੈ ਮਜ਼੍ਹਬਾਂ ਦੇ ਜਾਣੇ
ਥਾਨ ਥਨੰਥਰ, ਗੋਸ਼ੇ ਦਿਲ ਦੇ
ਕੌਮ ਕੌਮ ਦੇ ਛਾਣੇ।

"ਮਾਂ ਲੋਰੀ ਪਰ ਘਰ ਬਾਰਾਂ ਦੀ
ਮੁੜ ਮੁੜ ਕਾਮਨ ਪਾਂਦੀ,
ਅੱਜ ਇਹ ਜੂਹ ਪਿੰਡ ਦੀ ਸੁੰਞੀ
ਇਉਂਕਰ ਦਿਲ ਦਰਮਾਂਦੀ :
ਜਿਉਂ ਪੈਗੰਬਰ ਦੇ ਪੈਰਾਂ ਨੂੰ
ਛੁਪ ਛੁਪ ਰੇਤ 'ਚ ਖ਼ਾਰਾਂ
ਫ਼ਜਰਾਂ ਵੇਲੇ ਡੰਗ ਸੀ ਮਾਰੇ
ਵਾਂਗ ਮੀਸਣੇ ਯਾਰਾਂ।

"ਮਾਤ ਪਿਤਾ ਭੈਣਾਂ ਦੇ ਪਿੱਛੋਂ
ਫਿੱਕੇ ਰੰਗ ਹਯਾਤੀ
ਘਰ-ਮੋੜਾਂ ਤੋਂ ਜਲ ਥਲ ਤੀਕਣ
ਘੂਰੇ ਜਮ ਜਾਗਾਤੀ।

"ਤਰਨਾਪੇ ਤੇ ਬਾਲਪਨ ਦੀ
ਧੂੜ 'ਚ ਰੁਲੀ ਨਿਸ਼ਾਨੀ,
ਫਿਰ ਵੀ ਕਦਮ ਤਿਰੇ 'ਚੋਂ ਸੁਣਦਾਂ
ਕੰਨਸੋਆਂ ਇਲਹਾਮੀ।

"ਘਰ ਤੇ ਪਿੰਡ ਦੀ ਇਹ ਵੀਰਾਨੀ
ਖੋਰ ਦਿਓ ਰੂਹ ਵਿਚੋਂ
ਵਜਦਾ ਗਗਨ ਦਮਾਮਾ ਜਿੱਧਰ
ਲੰਘੋ ਉਸ ਜੂਹ ਵਿਚੋਂ।

"ਮੈਂ ਪੈਗੰਬਰ ਦੇ ਰਾਹ ਵੇਖਣ
ਨਾਲ ਤਿਰੇ ਹੁਣ ਚੱਲਾਂ
ਨੌ ਸੌ ਵਰ੍ਹੇ ਤੋਂ ਵਿਚ ਮੁਰੀਦਾਂ
ਮਾਰ ਰਿਹਾ ਕਿੰਜ ਛੱਲਾਂ!

"ਤੈਂਡਾ ਨਾਲ ਮਿਰੇ ਸੁਣ ਮਾਹੀ!
ਹੈ ਇਕਰਾਰ ਪੁਰਾਣਾ,
ਮੱਕੇ ਨੂੰ ਵੀ ਸਚ ਖੰਡ ਦਾ
ਹੁਣ ਦੇਵੋ ਪਰਵਾਨਾ।"

ਮਾਤਾ ਸੁਲੱਖਣੀ ਦਾ ਬਿਰਹਾ ਗੀਤ

ਜਲ ਥਲ ਨੀਰ ਭਰੇ ਵਣ ਭਿੱਜੇ
ਭਾਦੋਂ ਰੂਪ ਨਿਖਾਰੇ,
ਚੰਨ ਅਲੌਕਿਕ ਬਾਝ ਬੱਦਲਾਂ
ਤਲਵੰਡੀ ਸ਼ਿੰਗਾਰੇ।

ਛਤਰ ਚਾਨਣੀ ਹੇਠ ਛੱਤ 'ਤੇ
ਖਿੜਕਾਂ ਲਵੇ ਸੁਲੱਖਣੀ,
ਆਂਗਣ ਦੇ ਵਿਚ ਦੋਵੇਂ ਨੀਂਗਰ
ਮੋਹੇ ਨੀਂਦ-ਦੁਆਰੇ।

ਕੁਝ ਦਿਨ ਹੋਏ ਕੰਤ ਤੁਰੇ ਸੀ
ਵੱਲ ਦੂਰ ਪਰਦੇਸਾਂ,
ਸੁਣਾਂ ਤਿਨ੍ਹਾਂ ਦੀ ਮਧੁਰ ਚਾਪ ਮੈਂ
ਸੰਗ ਕਾਫ਼ਲੇ ਭਾਰੇ।

ਵਰਤੀ ਸੁੰਨ ਵਿਚ ਤਲਵੰਡੀ
ਭਾਵੇਂ ਰਾਤ ਸੁਹਾਣੀ
ਇਸ ਛੁਪੇ ਦਰਦ ਦਾ ਮਾਹੀ
ਕਿਉਂ ਨ ਬੋਲ ਉਚਾਰੇ ?

ਘੁੰਮੇ ਗਲੀ ਗਲੀ ਵਿਚ ਪਰਸੋਂ
ਨਾਨਕ ਤੇ ਮਰਦਾਨਾ,
ਪਹਿਲਾਂ ਘਰ ਘਰ ਹਾਲ ਪੁੱਛਿਆ
ਫੇਰ ਬਣੇ ਵਣਜਾਰੇ।

ਸਮਝ ਨ ਆਵੇ ਕੰਤ ਅਨੋਖਾ
ਨਾਲ ਵੀਰ ਮਰਦਾਨਾ,
ਕਵਨ ਸ਼ਹਿਰ ਜਾਦੂ ਦਾ ਢੂੰਡਣ
ਲੱਗਣ ਕਵਨ ਕਿਨਾਰੇ।

ਥਲ ਤਪਦੇ, ਦਰਿਆ ਵੀ ਚੜ੍ਹਦੇ
ਰਾਹ 'ਚ ਜ਼ਹਿਰੀ ਸੂਲਾਂ,
ਸ਼ੀਹਾਂ ਵਾਂਗ ਸਮੁੰਦਰ ਡੂੰਘਾ
ਕੋਹਾਂ ਵਿਚ ਲਲਕਾਰੇ।

ਚੋਰ ਮਲੇਛ ਜਿੰਨ ਤੇ ਛਲੀਏ
ਮਿਲਣ ਮੰਝ ਪਰਦੇਸਾਂ,
ਕਿਉਂ ਕਲਮੂੰਹੇ ਨਾਗ ਲਾਡਲੇ
ਨਿਜ ਬਾਲਕ ਨ ਪਿਆਰੇ ?

ਕੀ ਉਹ ਏਸ ਜਗਤ ਵਿਚ ਤੁਰਦੇ
ਕੀ ਪਰਦੇਸ 'ਚ ਘੁੰਮਣ,
ਜਾਂ ਪਤਾਲ ਦੀ ਪੌੜੀ ਉਤਰੇ
ਚੜ੍ਹੇ ਜਾਂ ਗਗਨ-ਕਿਨਾਰੇ ?

ਦੇਸ ਪਰਾਏ ਦੁੱਖ ਕੰਤ ਦੇ
ਜਾ ਪੇਕੇ ਘਰ ਪੀਵਾਂ,
ਭੋਲੇ ਭਾਲੇ ਦਿਨ ਕਿਕਲੀ ਦੇ
ਦਿਲ ਨੂੰ ਦੇਣ ਸਹਾਰੇ।

ਪੁਰਾਣੇ ਪੈਂਡੇ : ਸ਼ੁਕਰ, ਅਸੀਸ ਤੇ ਰੋਗ

ਰਾਵੀ-ਤੀਰ ਕਿਹਾ ਆ ਨਾਨਕ
ਕੁਝ ਕੋਹ ਛਡ ਤਲਵੰਡੀ :
"ਵੇਖ ਦਾਨਿਆਂ ਨਦੀ ਇਹ ਲੰਮੀ
ਜੁਗਾਂ ਜੁਗਾਂ ਚੋਂ ਲੰਘੀ।

"ਕਦੇ ਬਾਂਕਪਨ ਇਸ ਰਾਵੀ ਦਾ
ਤਨ ਨਾਰਾਂ ਦੇ ਸੋਹੇ,
ਕਦੇ ਬਿਬੇਕ ਦੇ ਡੂੰਘੇ ਖੂਹੀਂ
ਕੂਲ ਕੂਲ ਇਸਦੀ ਮੋਹੇ।

"ਇਕ ਪਲ ਰਾਵੀ ਦੇ ਹੁਸਨਾਂ ਦਾ
ਮਹਾਂ ਕਾਲ ਗਰਮਾਵੇ,
ਜੇ ਆਸ਼ਿਕ ਦੇ ਦਿਲ ਦਾ ਜੋਬਨ
ਇਸ ਪਲ ਨੂੰ ਚੜ੍ਹ ਜਾਵੇ।"

"ਹਾਂ! ਤੈਂ ਸ਼ਬਦੋਂ, ਦਿਲ ਮਾਵਾਂ ਚੋਂ,
ਦਾਨਾ ਕਹੇ : "ਇਹ ਵਗਦੀ,
ਇਸ ਦੇ ਪੱਤਣ ਤੋਂ ਤਲਵੰਡੀ,
ਮੈਨੂੰ ਦੂਰ ਨ ਲਗਦੀ।

"ਵੇਖਾਂ ਢੋਕਾਂ ਚੋਂ ਜਦ ਮਾਂਝੀ
ਪਾਰ ਕਰਨ ਆ ਰਾਵੀ
ਦਰਗਾਹਾਂ ਤਕ ਡੰਡੀ ਮੇਰੀ
ਲਹਿਰ ਪਵੇ ਹੋ ਸਾਵੀ।"

ਕਹਿ ਮਰਦਾਨੇ ਪਾਰ ਦੁਰਾਡੇ
ਨਜ਼ਰ ਅਗੰਮੀ ਮਾਰੀ,
ਰੌਣਕ ਫੇਰ ਦਿਪਾਲਪੁਰ ਦੀ
ਯਾਦ ਕਰੀ ਇਕ ਵਾਰੀ।

ਵਿਚ ਉਜਾੜ ਸ਼ਹਿਰ ਦੇ ਨੇੜੇ
ਸੀ ਕੁਸ਼ਟੀ ਦੀ ਝੁੱਗੀ
ਰੋਗ ਕ਼ਦੀਮ ਜਾਲਦਾ ਤਨ ਨੂੰ
ਆਸ ਰੋਜ਼ ਪਰ ਉੱਗੀ।

ਅਜਬ ਚੋਜ! ਕੱਖਾਂ ਦੇ ਦਰ ਤੇ
ਰਾਤ ਪਈ ਗੁਰ ਆਏ,
ਕਿਸੇ ਅਸਾਧ ਰੋਗ ਦੀ ਹੂੰਗਰ
ਨ੍ਹੇਰ 'ਚ ਖੁਭਦੀ ਜਾਏ।

ਭਾਵੇਂ ਸ਼ਹਿਰ ਦੇ ਬੁਰਜ ਚੁਰਾਸੀ
ਭਾਵੇਂ ਉੱਚ ਦਰਵਾਜ਼ੇ
ਐਪਰ ਉਸ ਝੁੱਗੀ ਵਿਚ ਰਾਤੀਂ
ਪੀਰ ਮੁਰੀਦ ਬਿਰਾਜੇ।

ਮਹਿਲ ਮਿਨਾਰ ਮਸਜਿਦਾਂ ਰੌਸ਼ਨ
ਦਿਲ ਬੁੱਤਾਂ ਵਿਚ ਘਿਰਿਆ,
ਸ਼ੁਕਰ ਫ਼ਕੀਰ ਦੇ ਹੜ੍ਹ ਵਿਚ ਦੇਖੋ
ਕਾਬਾ ਸਮੇਂ ਦਾ ਫਿਰਿਆ।

ਦਰਦਮੰਦ ਦਰ ਰਿਸ਼ਮਾਂ ਵਾਂਗੂੰ
ਰਹਿਮ ਕਿਤੋਂ ਆ ਕਿਰਿਆ
ਫ਼ਜਰ ਹੋਈ ਫ਼ਜਰ ਦੇ ਵਾਂਗੂੰ
ਤਨ ਕੁਸ਼ਟੀ ਦਾ ਖਿੜਿਆ।

ਗੁਰ ਕਹਿਣ: "ਇਹ ਸ਼ੁਕਰ ਫ਼ਕੀਰ ਦਾ
ਹਰ ਖੰਡਰ ਗਲ ਲਾਵੇ,
ਜਦੋਂ ਸ਼ਹਿਰ ਵਿਚ ਤੇਗ਼ ਮੀਰ ਦੀ
ਵਕਤ ਦਾ ਕਹਿਰ ਜਗਾਵੇ।

"ਰੋਹ ਤੈਮੂਰ ਤੋਂ ਬਾਬਰ ਤੀਕਣ
ਜਦ ਦਿਪਾਲਪੁਰ ਰੋਵੇ,
ਉਹੀ ਅਸੀਸ ਯਤੀਮ ਚੁੰਮਦੀ
ਰੋਗ ਫ਼ਕੀਰ ਜੋ ਧੋਵੇ।"

ਪਾਕਪਟਨ: ਬੁੱਤ ਅਤੇ ਅਕ਼ੀਦਤ

ਸਦੀ ਸੋਲ੍ਹਵੀਂ ਹਜ਼ਰਤ ਈਸਾ
ਵਰ੍ਹਾ ਸਤਾਰ੍ਹਵਾਂ ਲੰਘੇ,
ਕਿਹੜੀ ਜ਼ਹਿਰ ਲੁਕੀ ਵਿਚ ਚੂਲਾਂ
ਨਵੀਂ ਇਬਾਦਤ ਮੰਗੇ।

ਵੱਡੇ ਤੜਕੇ ਉੱਠ ਕਰੇਂਦਾ
ਚਿਰ ਤੋਂ ਸ਼ੇਖ਼ ਉਡੀਕਾਂ,
ਪਾ ਗਏ ਪਾਕਪਟਨ ਵਿਚ ਲੱਖਾਂ
ਗ਼ੈਬੀ ਸਜਦੇ ਲੀਕਾਂ।

ਰੋਜ਼ ਮੰਗਦੀ ਪਈ ਅਕ਼ੀਦਤ
ਮਸਤਕ ਨਵਾਂ ਸਦੀਵੀ,
ਉਹ ਪੈਗ਼ਾਮ ਸੁਣੇ ਜਿਸ ਪਿੱਛੋਂ
ਜਿੰਦ ਹੋਰ ਨਾ ਖੀਵੀ।

ਚੰਨ ਸੂਰਜਾਂ ਦੇ ਦਲ ਲੰਘੇ
ਉਸਨੂੰ ਕਰਾਂ ਜੁਹਾਰੀ
ਪਾਕ ਕਰੇਗਾ ਪੱਤਣ ਤਾਈਂ
ਵਲੀ ਜੋ ਅੰਤਮ ਵਾਰੀ।

ਸ਼ੇਖ਼ ਬ੍ਰਹਮ ਵਲ ਨਾਨਕ ਆਏ
ਝੂੰਮ ਤੁਰੇ ਮਰਦਾਨਾ,
ਅਰਥ ਅਸੀਮ ਵਗੇ ਰੂਹ ਵਿੱਚੋਂ
ਜਲ ਥਲ ਵੱਲ ਜਹਾਨਾਂ।

ਗਿਰੇਵਾਨ ਵਿਚ ਸ਼ੇਖ਼ ਨਿਹਾਲੇ
ਵਡ ਦਰਿਆ ਦੀ ਝਾਕੀ,
ਚਿਹਨ ਅਕ਼ੀਦਤ ਦੇ ਲਖ ਤਕਦਾ
ਢੀਠ ਕਠੋਰ ਤੇ ਆਕ਼ੀ।

ਤਦੋਂ ਸ਼ੇਖ਼ ਦੀ ਰੂਹ 'ਤੇ ਕੜਕੀ
ਵਾਂਗ ਬਿਜਲੀਆਂ ਕਾਤੀ,
ਸ਼ਬਦ ਦਾ ਜ਼ੋਰ ਪਿਆ ਤਾਂ ਡਿੱਗੀ
ਹਉਂ ਪਾਗਲ ਮਦਮਾਤੀ।

ਆਸਾ ਵਾਰ ਦਾ ਨਾਦ ਖ਼ੁਦਾਈ
ਦਹਦਿਸ ਵਿਚ ਘਨਘੋਰੇ,
ਬੇਕਿਰਕ ਜਗ ਹਿਰਸ ਦੇ ਫੰਧੇ
ਰੂਹ ਸ਼ੇਖ਼ ਦੀ ਤੋੜੇ।

ਮਹਾਂ ਗ੍ਰੰਥ ਦੇ ਸਾਹਵੇਂ ਦਿਸਿਆ
ਕਿਸੇ ਪੰਥ ਦਾ ਮੇਲਾ
ਕੁਲ ਆਲਮ ਦੀ ਜਿੰਦ 'ਚ ਰਮਿਆ
ਕੋਮਲ ਬੋਲ ਸੁਹੇਲਾ।

ਆਦਮ ਵਕਤਾਂ ਤੀਕ ਕਹਿਕਸ਼ਾਂ
ਮਾਰੀ ਚਮਕ ਨਿਆਰੀ,
ਸਤਲੁੱਜ ਪੱਤਣ ਵਲ ਉੱਡਿਆ
ਬਾਜ਼ ਮਾਰ ਕਿਲਕਾਰੀ।

ਤੱਕੇ ਸ਼ੇਖ਼, ਕਾਲ ਵੱਡ ਘੂੰਮੇ
ਜਿਸ ਵਿਚ ਸੱਚ ਨਿਆਰਾ,
ਵਲੀ ਵਿਖਾ ਸਕਦੇ ਨੇ ਜਿਸਦਾ
ਚਹੁੰ ਕੂੰਟੀਂ ਲਿਸ਼ਕਾਰਾ।

ਸ਼ੇਖ਼ ਸੱਜਨ ਤੇ ਦਾਤ

ਨਾਨਕ ਨਾਲ ਰਬਾਬੀ ਆਏ
ਨਦੀਆਂ ਚੀਰ ਤੁਲੰਬੇ,
ਬਰਸਾਂ ਪਿੱਛੋਂ ਦਰ ਸੱਜਨ ਦੇ
ਗੁਰ ਕਿਸ ਰੰਗ ਨੂੰ ਮੰਗੇ!

ਨਾਨਕ ਤਕ ਸੱਜਨ 'ਤੇ ਝਲਕੇ
ਸਦਾ ਸੁਤੰਤਰ ਖੇੜੇ,
ਜਿਵੇਂ ਗੁਫ਼ਾ ਚੋਂ ਬੰਦੀ ਨਿਕਲੇ
ਸਾਹਵੇਂ ਖੜੇ ਸਵੇਰੇ।

ਯਾਦ ਕਰੇ ਉਹ ਵੇਲਾ ਸੱਜਨ
ਜਦ ਨਾਨਕ ਨੇ ਰੋੜ੍ਹੇ,
ਮੁਸ਼ਕ ਲਹੂ ਦੇ, ਖ਼ਾਕ 'ਚ ਪਿੰਜਰ
ਹੂੰਗਰ ਵਿੰਨ੍ਹੇ ਭੋਰੇ।

ਜਦੋਂ ਮੂਰਛਿਤ ਨਕਸ਼ ਜਿੰਦ ਦੇ
ਛੁਪੇ ਹੁੰਮਸੀਂ ਟੁੱਕੇ
ਨਾਨਕ ਬਾਂਹ ਕੱਢ ਕੇ ਲੰਮੀ
ਮਰੇ ਪਤਾਲੋਂ ਚੁੱਕੇ।

ਬੰਦੀ ਮੋਚ ਦੇਵ ਜਿਉਂ ਲਿਆਏ
ਨਾਰ ਅਨੂਪ ਪਤਾਲੋਂ,
ਸੀ ਮਨ ਸ਼ੇਖ਼ ਤੋਂ ਦਯਾ ਪੁੰਗਰੀ
ਸੂਖਮ ਸੁਪਨੇ ਨਾਲੋਂ।

ਰੂਹ ਪਤਾਲ ਦੇ ਵਿਚ ਸਰਾਪੇ
ਕੜ ਸੀ ਮੌਤ ਬਣਾਏ,
ਕੜ ਟੁੱਟੇ ਤਾਂ ਪਾਣੀ ਉਛਲੇ
ਨਾਲ ਕਮਲ ਖਿੜ ਆਏ।

ਸੱਜਨ ਯਾਦ ਕਰੇ ਜਦ ਹਿਰਸਾਂ
ਦਿਲ-ਬੋਟੀਆਂ ਢੂੰਡਣ
ਜਦੋਂ ਜਨੂੰਨੀ ਘਾਤਕ ਅੱਖਾਂ
ਅੰਧ ਜ਼ਮੀਰਾਂ ਡੰਗਣ।

ਤਦੋਂ ਮੀਸਣੇ ਡੁੰਮ੍ਹ 'ਚ ਲੁਕਿਆ
ਨਾਨਕ ਤੇਂਦੂਆ ਫੜਿਆ,
ਫਿਰ ਚਾਲਾਕ ਸਮੇ ਦੇ ਸਿਰ ਤੇ
ਹੱਥ ਮਿਹਰ ਦਾ ਧਰਿਆ।

ਸੱਜਨ ਯਾਦ ਕਰੇ ਉਹ ਚਾਨਣ
ਸ਼ਾਂਤ ਸ਼ਬਦ ਸਿਰਿ ਝੂਲਦਾ,
ਘੁੰਮਦਾ ਕਾਲ ਬਦਲ ਕੇ ਸ਼ਕਲਾਂ
ਸੱਚ ਅਤੁੱਲ ਨ ਭੁਲਦਾ।

ਬਿਖ-ਲੱਦੀਆਂ ਖੁੱਡਾਂ ਦੇ ਰਾਹ
ਸਦਾ ਲਈ ਜਿਨ ਤਿਆਗੇ,
ਉਸ ਕੀਟ ਸਿਰ ਛਤਰ ਦਾਤ ਦਾ
ਧ੍ਰੂਵ ਵਾਂਗ ਪਿਆ ਜਾਗੇ।

ਹਾਜੀਆਂ ਦੇ ਪੈਂਡੇ

ਗੁਰੂ ਸੁਣਨ ਮੁਲਤਾਨ ਸ਼ਮਸ ਦੇ
ਦਰਦ ਖ਼ਾਕ ਵਿਚ ਹੂਕੇ,
ਸੂਰਜ ਵਰਗਾ ਵਜਦ ਜਿੰਦ ਦਾ
ਅਨਲਹੱਕ ਬਸ ਕੂਕੇ।

ਸ਼ੇਖ਼ ਬਹਾਵਦੀ ਨਾਦ ਭੁੱਲਿਆ
ਕਣ ਕਣ ਦੇ ਵਿਚ ਸੁਣਦਾ,
ਰਣ ਅਦਿੱਖ ਵਿਚ ਉੱਚ ਨਗਾਰਾ
ਸੰਦਰੁ ਤੋਂ ਰੁਣਝੁਣਦਾ।

ਦੈਵੀ ਸਿਖਰੋਂ ਹੱਥ ਉਤਰਦਾ
ਜਿਵੇਂ ਹੁਸੀਨ ਦੁਪਹਿਰਾ,
ਦਿਸੇ ਸ਼ੇਖ਼ ਨੂੰ ਇਹੋ ਅਜ਼ਲ ਤੋਂ
ਸਿਰ ਸ਼ਹੀਦ ਦੇ ਪਹਿਰਾ।

ਅਜ਼ਲ ਅਬਦ ਤਕ ਝੂੰਮ ਰਿਹਾ ਸੀ
ਓਹੀ ਹੱਥ ਸ਼ਾਹਾਨਾ;
ਧੁੰਧ ਮੇਦਨੀ ਵਿਚੋਂ ਨਿਕਲੇ,
ਉਡਦਾ ਵਲ ਮੁਲਤਾਨਾ।

ਪੀਰ ਬਹਾਵਦੀ ਆਇ ਪਛਾਣੇ
ਨਾਨਕ ਤੇ ਮਰਦਾਨਾ
ਤੱਕੇ ਰਵੀ ਛਾਰ ਚੋਂ ਉੱਠਦੇ
ਸਭ ਟੁਟਦੇ ਅਸਮਾਨਾਂ।

ਸਾਬਤ ਹੱਜ ਪੀਰ-ਦਿਲ ਜਾਗੇ
ਨਾਲ ਤੁਰਨ ਲਖ ਹਾਜੀ,
ਨੌਂ ਸੌ ਵਰ੍ਹੇ ਤੋਂ ਦਿਲ ਦੌੜਦੇ
ਵਲ ਮੱਕੇ ਸਮ ਤਾਜੀ।

ਤਾਰਿਆਂ ਜੇਡ ਮਹਿਕ ਕੇ ਹੁੱਲੇ
ਨਾਲ ਪੀਰ ਦੇ ਸਜਦੇ,
ਨਾਅਰੇ ਅਨਲਹੱਕ ਦੇ ਗ਼ੈਬੋਂ
ਮਸਤਕ ਦੇ ਵਿਚ ਵਜਦੇ।

ਗੁਰ ਦੀ ਝਲਕ ਪਈ ਤਾਂ ਬਣਿਆਂ
ਵਾਂਗ ਬਾਲ ਮਾਸੂਮਾਂ,
ਫਿਰ ਇਹ ਚਰਨ-ਚਾਪ ਨੂੰ ਸੁਣਿਆਂ
ਉੱਚ ਵਿਚ ਮਖ਼ਦੂਮਾਂ।

ਗੁੱਝੀ ਰਮਜ਼ ਗ਼ੈਬ ਚੋਂ ਆਵੇ
ਉੱਜ ਪੀਰ ਨੂੰ ਪਿਆਰੀ,
ਵਜਦ ਵਿਚ ਚਹੁੰ ਕੁੰਟੀਂ ਸੁਣਦਾ
ਕਿਸੇ ਹੱਜ ਦੀ ਤਿਆਰੀ।

ਸੁਣ ਦਸਤਕ ਮਖ਼ਦੂਮ ਬੋਲਿਆ
ਨਾਨਕ ਦੀ ਵਲ ਬੂਹੇ :
"ਹਰ ਹਾਜੀ ਦੀ ਧੁੱਪ 'ਤੇ ਰਹਿਣੇ
ਹੱਥ ਹੂਰ ਦੇ ਸੂਹੇ।"

ਪੈਗੰਬਰੀ ਬੇੜੀ

ਦਿਨ ਗੁਜ਼ਰੇ, ਉਚ ਪੀਰ ਨੇ ਬੇੜੀ
ਪੰਚਨੱਦ ਵਿਚ ਠੇਲ੍ਹੀ
ਵਿਚ ਮੁਲਤਾਨ ਪੀਰ ਤੇ ਨਾਨਕ
ਸੰਗ ਮਰਦਾਨਾ ਬੇਲੀ।

ਭਰੇ ਛਲਕਦੇ ਸਿੰਧ 'ਤੇ ਕਰਦੇ
ਚਾਰੇ ਵਲੀ ਸਵਾਰੀ,
ਚੱਲੇ ਅਸਲ ਮਰਦ ਨੂੰ ਢੂੰਡਣ
ਸ਼ਾਹ ਹਾਜੀ ਬਲਕਾਰੀ।

ਜਾਂ ਇਹ ਨਵੀਂ ਨੂਹ ਦੀ ਬੇੜੀ
ਮੋਮਨ ਤਾਈਂ ਬਚਾਵਣ
ਜਾਂ ਗੁਰਮੁਖ ਦੇ ਸੁੱਚੇ ਪੈਂਡੇ
ਜਗ ਨੂੰ ਚਲੀ ਵਿਖਾਵਣ।

ਇਉਂ ਸਨ ਅਰਸ਼ ਵਲ ਪੈਗੰਬਰ
ਵੇਂਹਦੇ ਵਾਰੋ ਵਾਰੀ,
ਜਿਵੇਂ ਅਨਲਹੱਕ ਸਗਲ ਜਿੰਦ ਲੈ
ਲਾਇ ਅਗੰਮ 'ਚ ਤਾਰੀ।

ਭਰਿਆ ਸਿੰਧ ਦੂਰ ਤਕ ਛਲਕੇ
ਰੂਹ ਦੀ ਤਰਜ਼ ਬਣਾਵੇ,
ਰਾਜ਼ ਮੁਰੀਦ ਦਿਲਾਂ ਦੇ ਲੈਕੇ
ਨਾਲ ਹਾਜੀਆਂ ਜਾਵੇ।

ਬਸਤਰ ਨੀਲ ਗੁਰੂ ਦੇ ਸੋਹਣੇ
ਚਾਅ ਵਿਚ ਸੀ ਮਰਦਾਨਾ
ਜਿਉਂ ਸੂਰਜ ਹੱਥ ਕਾਬਾ ਭੇਜੇ
ਉਸ਼ਾ ਲਈ ਨਜ਼ਰਾਨਾ।

ਦਿਤੇ ਬਹੁ ਪੈਗ਼ਾਮ ਸਿੰਧ ਨੂੰ
ਸੱਖਰ ਤੀਕਣ ਬੇੜੀ,
ਸ਼ਬਦੋਂ ਰਮਜ਼ ਜਾਗਕੇ ਪਾਵੇ
ਲਹਿਰ ਲਹਿਰ ਦਰ ਫੇਰੀ।

ਪੰਚਨੱਦ ਨੇ ਤੇਜ ਅਮਿਣਵਾਂ
ਦਰਵੇਸ਼ਾਂ ਸਿਰਿ ਧਰਿਆ,
ਪਤਾ ਨ ਉਸ ਇਲਹਾਮ ਅਮਰ ਨੂੰ
ਕਿਸ ਸਾਗਰ ਲੈ ਵੜਿਆ!

ਨਦੀਆਂ ਵਾਹ ਜਰਣਗੇ ਬ੍ਰਿਹਾ
ਵਿਛੜ ਜਾਣ ਸਭ ਰਾਹੀ,
ਦਿੰਦਾ ਸਿੰਧ ਚੋਂ ਵਿਚ ਵੇਦਨਾ
ਹੱਜ ਇਹ ਰਮਜ਼ ਇਲਾਹੀ।

ਸਾਗਰ ਵਲ

ਬੇੜੀ ਸੌਂਪ ਸਿੰਧ ਦੇ ਪੱਤਣ
ਹਾਜੀ ਸੱਖਰੋਂ ਚੱਲੇ,
ਪੀਰ ਜਾਂਵਦੇ ਵਲ ਪਹਾੜਾਂ
ਗੁਰ ਸਿਖ ਸਾਗਰ ਵੱਲੇ।

ਦੇਸ ਬਲੋਚ! ਦਿਸਣ ਰਾਹ ਵਿੰਗੇ
ਹੁਸਨ ਕਰੇਂਦਾ ਹੱਲੇ,
ਰਹਿਣ ਅਜਿੱਤ ਸਮੇ ਦੇ ਸਾਹਵੇਂ
ਇਹ ਦਰਵੇਸ਼ ਇਕੱਲੇ।

ਦੂਰ ਖੰਦਕਾਂ ਦੇ ਵਲ ਜਾਵੇ
ਕਿਸੇ ਪਹਾੜ ਦੀ ਮੋਰੀ,
ਲੰਘ ਬਲੋਚ ਡਾਢਿਆਂ ਅੱਗੋਂ
ਗੀਤ ਮਿਲੇ ਆ ਚੋਰੀ।

ਕੁਦਰਤ-ਗੋਦ ਧਾੜਵੀ ਸੁੱਤੇ
ਰੂਪ ਸਦਾ ਹੀ ਬੇਲੀ
ਕਦੇ ਨਿਮੋਹੀ ਤੇਗ ਹੈ ਮਿਲਦੀ
ਜਿਵੇਂ ਨਾਰ ਅਲਬੇਲੀ।

ਕੁਦਰਤ ਰੰਗ ਸਦਾ ਹੀ ਢੌਂਦੇ
ਯਾਰੀ ਤੇ ਬੇਯਾਰੀ,
ਕਦੇ ਵਲੀ ਚੋਰ ਸਭ ਲੁੱਟਣ
ਕਦੇ ਕਰਨ ਦਿਲਦਾਰੀ।

ਜਦ ਰਬਾਬ ਤੋਂ ਨਾਨਕ ਵਿਛੜੇ
ਭੋਲੀ ਧਰਤ ਬੁਲਾਏ,
ਅਰਬਦ ਨਰਬਦ ਦੀ ਸੁੰਨ ਵਿਚੋਂ
ਚਸ਼ਮੇ ਮੂਕ ਜਗਾਏ।

ਲਾਵੇ ਨੀਰ ਚਾਨਣੀ-ਤਨ ਨੂੰ
ਨਾਲ ਕਲਾਤ ਪਹਾੜਾਂ
ਜਾ ਵਗਦੇ ਬੋਲਾਨ ਨੂੰ ਚੁੰਮਣ
ਉੱਡ ਸਵਾਂਤ ਫੁਹਾਰਾਂ।

ਮਹਿਕ ਮਹਿਕ ਜੁ ਕ਼ਾਸਿਦ ਆਇਆ
ਤਿਸਦੀ ਦੀਦ ਨ ਚੂਕੇ
ਹੁਣੇ ਹੁਣੇ ਜੋ ਸਾਗਰ ਗਰਜੇ
ਵਾਂਗ ਪਪੀਹੇ ਕੂਕੇ।

ਹਿੰਗਲਾਜ ਮਕਰਾਨ ਤੇ ਬੇਲਾ
ਘੁੱਟਣ ਉਹ ਨਿਸ਼ਾਨੀ,
ਅਰਬਦ ਨਰਬਦ ਦਾ ਦਿਲ ਚੀਰੇ
ਜਿਦ੍ਹੀ ਕਾਂਗ ਦੀਵਾਨੀ।

ਸਾਗਰ ਦਾ ਤ੍ਰੈ ਕਾਲੀ ਜੋਬਨ
ਚੁੰਝ ਬਾਜ਼ ਦੀ ਫੜਿਆ
ਆਦਿ ਅਫੁਰ ਦੀ ਅਣਦਿਸ ਰਗ 'ਤੇ
ਕੌਲ ਜ਼ਿਮੀਂ ਦਾ ਜੜਿਆ।

ਗੁਰੂ ਸਿੱਖ ਦੀ ਬੇੜੀ ਖੇਵਟ
ਵਲ ਮਿਆਨੀ ਠੇਲ੍ਹੀ
ਚੜ੍ਹ ਚੜ੍ਹ ਗਾ ਗਾ ਲਹਿਰਾਂ ਵੇਖਣ
ਰੂਹ-ਤਾਂਘ ਅਲਬੇਲੀ।

ਗੁਰੂ ਦਾ ਸੀਸ ਤਲੀ 'ਤੇ ਤੱਕੇ
ਵਿਚ ਅਸਗਾਹ ਮਿਆਨੀ,
ਜਗਤ ਦੇ ਦਿਲ ਨੂੰ ਪਾਰ ਕਰੇਗਾ
ਸਾਬਤ ਸਹਿਜ ਤੂਫ਼ਾਨੀ।

ਪੁਰਾਤਨ ਅਜ਼ਾਨਾਂ ਦਾ ਨਾਦ

ਸਾਗਰ ਤਟ 'ਤੇ ਬਹਿ ਮਰਦਾਨਾ
ਅਜਬ ਰਬਾਬ ਵਜਾਵੇ
ਜੁਗਾਂ ਜੁਗਾਂ ਦੀ ਸ਼ਾਹਰਗ ਵਿੱਚੋਂ
ਨਾਨਕ ਸ਼ਬਦ ਜਗਾਵੇ।

ਦੂਰ ਪੂਰਬੀ ਲਹਿਰਾਂ ਸੀਨੇ
ਬੋਹਿਥ ਝੂੰਮੇ, ਡੋਲੇ;
ਜਿਵੇਂ ਸਿਦਕ ਹਾਜੀਆਂ ਦੇ ਨੂੰ
ਪਿਆ ਅਬਦ ਤਕ ਤੋਲੇ।

ਸੂਰਤ ਸੋਮਨਾਥ ਤੋਂ ਤੁਰਦਾ
ਵਲ ਮਿਆਨੀ-ਪੈਰਾਂ,
ਛੂਹ ਬੋਹਿਥ ਨੂੰ ਅਸਵਦ ਤੀਕਣ
ਝੂੰਮਨ ਸਾਗਰ-ਲਹਿਰਾਂ।

ਬੋਹਿਥ ਤਟ ਚੁੰਮੇ ਤਾਂ ਹਾਜੀ
ਤਾਨ ਸੁਣਨ ਇਕ ਪਿਆਰੀ,
ਕਹਿਣ: "ਕੁਫ਼ਰ ਕਰਨ ਪਰ ਮੌਹਦੇ
ਦੋਇ ਨੀਲ ਬਨਵਾਰੀ।"

ਰਾਗ ਸੁਨਣ ਫਿਰ ਅਨਹਦ ਪਰਸਣ
ਮੁਕ ਹੋਇ ਸਭ ਹਾਜੀ,
ਇਸ ਮੋਮਨ 'ਤੇ ਸਦਾ ਅਵਾਰਾ
ਦਿਲ ਮੋਮਨ ਦਾ ਰਾਜ਼ੀ।

ਇਸ਼ਕ-ਬਾਂਗ 'ਤੇ ਝੂਮ ਝੂਮ ਕੇ
ਸਾਗਰ ਸੁਖ਼ਨ ਅਲਾਪੇ
ਦਾਨਾ ਗੁਰੂ ਕਰਨ ਅਸਵਾਰੀ
ਬੋਹਿਥ ਹੋਇ ਫਿਰ ਆਪੇ।

ਨਿਵ ਨਿਵ ਮੁੱਢ ਕਦੀਮ ਦੀ ਯਾਰੀ
ਪੀਰ ਮੁਰੀਦ ਬੁਲਾਏ
ਗੀਤ ਕੋਟ ਪੁਸ਼ਤਾਂ ਦੇ ਸਾਗਰ
ਨਾਲ ਹਾਜੀਆਂ ਗਾਏ।

ਫ਼ਾਰਸ ਅਦਨ ਦੀ ਖਾੜੀ ਤੀਕਣ
ਸਾਗਰ ਲਾਲ ਦੀ ਬਾਹੀ,
ਲਹਿਰਾਂ ਵੇਖੇ, ਛੁਹ ਛੁਹ ਲੰਘੇ,
ਵਾਂਗ ਸਮੇ ਦੇ ਮਾਹੀ।

ਲਾਲ ਸਿੰਧ-ਲਹਿਰ ਨੇ ਸੁਣੀਆਂ
ਕਦੇ ਬਿਲਾਲ-ਅਜ਼ਾਨਾਂ,
ਊਸ਼ਾ ਵਾਂਗ ਉਠ ਸਾਗਰ ਚੋਂ ਉਹ
ਮਿਲਣ ਗੁਰੂ ਨੂੰ ਤਾਨਾਂ।

ਧੁਰ ਦੀ ਸਦਾ ਤਲਾਸ਼ ਦੇ ਜਾਦੂ
ਕੀ ਸਾਗਰ ਨੂੰ ਆਖਣ ?
ਠਰੀ ਖ਼ਾਕ ਵਿਚ ਗੁਰਮੁਖ-ਤਾਂਘਾਂ
ਅਗਨ-ਨੈਣ ਹੋ ਝਾਕਣ।

ਹੋ ਹੈਰਾਨ ਗਗਨ ਜਿਉਂ ਵੇਖਣ
ਨਾਲ ਲਹਿਰ ਦੇ ਪੰਖਾਂ,
ਕਿਸੇ ਅਲੌਕਿਕ ਤਿਖਾ ਵੱਸ ਹੋ
ਸਾਗਰ-ਜੰਤ ਅਸੰਖਾਂ।

ਬੂੰਦ ਦੂਰ ਜ਼ਮਜ਼ਮ ਦੀ ਹਾਲੇ
ਸਭ ਸਾਗਰ ਅਨੁਰਾਗੇ,
ਗੁੰਮ ਸੁੰਮ ਬੁੱਤਾਂ ਵਿਚ ਆਖ਼ਿਰ
ਆਇਤ ਨਵੀਂ ਇਕ ਜਾਗੇ।

ਨਾਨਕ ਦਾਨਾ ਬੋਹਿਥ ਵਿਚੋਂ
ਦੇਖਣ ਉਹ ਦਿਸਹੱਦੇ
ਬੁੱਤ ਹੋਇ ਦੀਨ ਸਭ ਜਿੱਥੇ
ਬਹਿ ਵਲੀਆਂ ਨੇ ਸੱਦੇ।

ਅਲ ਅਸਵਦ ਦੇ ਤਟ 'ਤੇ ਉਤਰੇ
ਸਤਿਗੁਰ ਸਣੇ ਰਬਾਬੀ
ਭਾਂਤ ਭਾਂਤ ਦੇ ਹਾਜੀ ਉਤਰੇ
ਮਿਲੇ ਆਤਸ਼ੀ ਆਬੀ।

ਜਲ ਥਲ ਕੌਮਾਂ ਦੇਸਾਂ ਦੇ ਰਾਹ
ਅਲ ਅਸਵਦ ਨੇ ਤੱਕੇ
ਤਪਦੀ ਧਰੁ ਦੇ ਸਿਦਕੀ ਹਬਸ਼ੀ
ਸਿਰ ਨਿਵਾਣ ਵਲ ਮੱਕੇ।

ਮੱਕੇ ਪਰਵੇਸ਼

ਨਾਨਕ ਦਾਨਾ ਤਟ ਤੋਂ ਵੇਖਣ
ਲਾਲ ਸਿੰਧ ਵਿਚ ਲਹਿਰਾਂ
ਦੱਸਣ ਸਮੇ ਦੇ ਕਿਸ ਸਜਦੇ ਨੂੰ
ਮਿਲਣ ਇਲਾਹੀ ਖ਼ੈਰਾਂ!

ਸਿਦਕ ਸੰਗੀਤ ਕਾਰਵਾਂ ਸੀਨੇ
ਨਾਲ ਜਿਦ੍ਹੇ ਗੁਰ ਚੱਲੇ
ਸਾਹਵੇਂ ਅੱਲਾ ਪੈੜ ਪੈੜ 'ਤੇ
ਛਾਂ ਹੁਮਾ ਦੀ ਘੱਲੇ।

ਨਾਲ ਪਹਾੜਾਂ ਵਸਦਾ ਮੱਕਾ
ਵਿਚ ਅਰਫ਼ਾਤ ਦੇ ਵਿਹੜੇ
ਜ਼ਮਜ਼ਮ ਵਿਚ ਅਜ਼ਾਨਾਂ ਦੇ ਦਿਲ
ਧੜਕਣ ਕਾਬੇ ਨੇੜੇ।

ਨਾਲ ਕਾਰਵਾਂ ਰੰਗ ਨਸਲ ਬਹੁ
ਦੇਸ ਦੇਸ ਦੇ ਹਾਜੀ
ਸੋਚਣ: "ਦੋਵੇਂ ਸੂਫ਼ੀ ਖੇਡਣ
ਕਵਨ ਰੰਗ ਦੀ ਬਾਜ਼ੀ ?

"ਧਮਕ ਸੁਣੇ ਕਾਬੇ ਨੂੰ ਮਿੱਠੀ
ਪੈੜ ਨਵੀਂ ਹਰ ਥਾਵੇਂ,
ਮੱਕੇ ਦੇ ਵਲ ਕਦਮ ਉਠਾਵਣ
ਹੋਰ ਕਾਰਵਾਂ ਭਾਵੇਂ।

"ਦੋਵੇਂ ਸੂਫ਼ੀ ਤੂਰ ਬੁਲਾਵਣ
ਵਿਚ ਕਾਲ-ਚੁੱਪ ਕਾਲੀ
ਸੰਗੇ ਅਸਵਦ 'ਤੇ ਚਮਕਾਵਣ
ਰਿਸ਼ਮ ਨਬੀ-ਲਬ ਵਾਲੀ।

"ਸਭ ਰਾਹ ਲੰਘ ਪੁਰਾਤਨ ਪਰਬਤ
ਖ਼ੁਸ਼ਕ ਜ਼ਿਮੀਂ 'ਤੇ ਆਏ
ਚੀਖ਼ ਪਿਆਸੇ ਬਾਲ ਦੀ ਕਿਧਰੋਂ
ਚਸ਼ਮਾ ਅਜੇ ਵਗਾਏ।

"ਅਜੇ ਵੀ ਸ਼ਹਿਰ ਨਬੀ ਵਿਚ ਮਿਲਦੀ
ਧੂੜ ਪੁਰਾਣੀ ਬਾਕੀ
ਹਰ ਪੱਥਰ ਵਿਚ ਮਿਲੇ ਬਜ਼ੁਰਗੀ
ਥਲੀਂ ਜ਼ਮਜ਼ਮੀ ਝਾਕੀ।"

ਕੂਚੇ ਕੂਚੇ ਖਿੰਡੇ ਕਾਰਵਾਂ
ਪਾਕ ਸ਼ਹਿਰ ਚੋਂ ਲੰਘੇ,
ਆਦਮ ਵੇਲੇ ਦੇ ਸਮਿਆਂ ਚੋਂ
ਸਾਹ ਲੈਣ ਜਿਉਂ ਬੰਦੇ।

ਨਹੀਂ ਉਦੋਂ ਸਨ ਹੱਜ ਸਮੇ ਵੀ
ਅੱਜ ਵਰਗੀਆਂ ਭੀੜਾਂ,
ਜਗ ਨਾਨਕ ਦਰਵੇਸ਼ ਅਨੋਖਾ
ਗਿਣਿਆ ਵਿਚ ਫ਼ਕੀਰਾਂ।

ਸੀ ਮੱਕੇ ਵਿਚ ਮਿਲੇ ਗੁਰੂ ਨੂੰ
ਪੀਰ ਹਿੰਦ ਦੇ ਕਿੰਨੇ!
ਉੱਚ ਮਖ਼ਦੂਮ, ਪੀਰ ਮੁਲਤਾਨਾ
ਸ਼ੇਖ਼ ਪਟਨ ਸਣ ਤਿੰਨੇ।

ਗੁਰੂ ਅਤੇ ਕਾਅਬਾ

ਕਾਬੇ ਨੇੜ ਸੁੱਤੇ ਗੁਰ ਚੇਲਾ
ਦਿਨ ਜਦ ਹੱਜ ਦੇ ਪੁੱਗੇ
ਤਦ ਬੇਜਾਨ ਸਿਆਹ ਪੱਥਰੋਂ
ਰਾਜ਼ ਇਲਾਹੀ ਉੱਗੇ।

ਦੋ ਮਖ਼ਦੂਮ ਤੇ ਸ਼ੇਖ਼ ਬ੍ਰਹਮ ਵੀ
ਵਿਚ ਮਸਜਿਦ ਦੇ ਸੁੱਤੇ
ਪਹਿਰਾ ਦੇਣ ਸ਼ਹੀਦੀ ਨਾਅਰੇ
ਯਾਦ ਮਦੀਨੇ ਉੱਤੇ।

ਯਾਦ ਕਰਨ ਯਮਨ ਦਾ ਹਾਥੀ
ਵਲ ਕਾਬੇ ਦੇ ਚੜ੍ਹਿਆ
ਕਿਸੇ ਅਦਿੱਖ ਪੈਗ਼ੰਬਰ ਦੇ ਤਪ
ਕਾਲ ਨਾਲ ਰਲ ਫੜਿਆ।

ਨੀਂਦ 'ਚ ਘੁੰਮਣ ਮੇਲ ਤੇ ਬ੍ਰਿਹੇ
ਪੈਗੰਬਰ ਮਿਅਰਾਜਾਂ
ਬੇਨੂਰ ਬੁੱਤਾਂ ਨੂੰ ਤੋੜਨ
ਪਿਰ-ਵਸਲ ਦੀਆਂ ਯਾਦਾਂ।

ਅੱਧੀ ਰਾਤ ਉਠਿ ਮਰਦਾਨਾ
ਅਰਬ 'ਚ ਤਕਦਾ ਤਾਰੇ,
ਵੇਖਣ ਥਲ ਪਹਾੜ ਖਜੂਰਾਂ
ਰਾਹ ਨਬੀ ਦੇ ਸਾਰੇ।

ਹੂਰਾਂ ਗੌਣ ਕੁਰਾਨ ਥਲਾਂ ਵਿਚ
ਨਹਿਰ ਬਹਿਸ਼ਤ ਵਿਖਾਲੇ
ਤਲੇ ਫ਼ਰਾਖ਼ ਅਰਸ਼ ਦੇ ਜਾਪਣ
ਸੁਣਦੇ ਊਠਾਂ ਵਾਲੇ।

ਮੋਈ ਰੇਤ 'ਚ ਦਾਨਾ ਸੁਣਦਾ
ਪਹਿਲੀ ਜ਼ਮਜ਼ਮ-ਬਾਣੀ,
ਸਦੀਆਂ ਤਕ ਮੇਘ ਵੈਰਾਗੇ
ਛੂਹਣ ਲਈ ਉਹ ਪਾਣੀ।

ਸ਼ਮ੍ਹਾਂ ਚੋਂ ਸੋਚ ਗਹੀਰ ਸਮ ਇਉਂ
ਨੂਰ ਗੁਰੂ 'ਤੇ ਪੈਂਦਾ
ਚੌਂਦਾਂ ਰਤਨ ਦਾ ਖ਼ਾਬ ਜਿਵੇਂ ਕੋ
ਵਿਚ ਸਾਗਰਾਂ ਰਹਿੰਦਾ।

ਧੀਮੇ ਚਾਨਣ ਦੇ ਵਿਚ ਤਿਲ੍ਹਕਣ
ਇਲਹਾਮਾਂ ਦੇ ਅੱਖਰ
ਪਲ ਪਲ ਚਮਕਿ ਗੁਰੂ 'ਤੇ ਛਿਪਦੇ
ਦੂਰ ਕਿਸੇ ਵਿਚ ਝੱਖੜ।

ਗੁਰ-ਨੀਂਦਰ ਦੇ ਮੰਡਲ ਤਕਦਾ
ਰਾਜ਼ਦਾਨ ਮਰਦਾਨਾ
ਜਿਸਤੇ ਸਚ ਖੰਡ ਤੋਂ ਝੁਕਦਾ
ਲੈ ਵਰਦਾਨ ਜ਼ਮਾਨਾ।

ਸ਼ਮ੍ਹਾਂ ਦਾ ਚਾਨਣ ਵਾਂਗ ਫ਼ਰਿਸ਼ਤੇ
ਉਤਰੇ ਨਾਲ ਦੁਆਵਾਂ
ਕਾਲ ਦੇ ਮਹਾਂ ਕਿਲੇ 'ਤੇ ਪੈਂਦਾ
ਨਾਨਕ ਦਾ ਪਰਛਾਵਾਂ।

ਘੁੱਟ ਅਗੰਮ ਦੀਆਂ ਸਭ ਵਾਟਾਂ
ਫਿਰ ਮਰਦਾਨਾ ਸੁੱਤਾ
ਸੁਬ੍ਹਾ ਜਾਗਿਆ, ਭੈਅ 'ਚ ਤਕਦਾ
ਰੋਹ ਉਬਲੇ ਬੇਰੁੱਤਾ।

ਸਭ ਪੀਰਾਂ ਮਖ਼ਦੂਮਾਂ ਤੱਕੇ
ਨੈਣ ਜਨੂੰਨੀਂ ਸੂਹੇ,
ਹਿੰਦ ਦਾ ਅਰਬ-ਨਿਵਾਸੀ ਜੀਵਣ
ਗਰਜ ਰਿਹਾ ਵਿਚ ਬੂਹੇ।:

"ਕੌਣ ਇਹ ਸੁੱਤਾ? ਕਾਬੇ ਦੇ ਵਲ
ਪੈਰ ਨਾਪਾਕ ਪਸਾਰੇ,
ਦੋਜ਼ਖ਼-ਅਗ ਲੈ ਮਸਜਿਦ ਵੜਿਆ
ਰਬ-ਘਰ ਕੌਣ ਵੰਗਾਰੇ?"

ਤਾਂ ਹਰ ਸਦੀ 'ਚ ਜਾਗਕੇ ਨਾਨਕ,
ਆਖਣ ਨਾਲ ਦਿਲਾਸੇ:
"ਜਿੱਧਰ ਨ ਦੀਦਾਰ ਉਹ ਨੂਰੀ
ਕਰੋ ਪੈਰ ਉਸ ਪਾਸੇ।"

ਦਹਿਲ ਪਿਆ! ਪਰ ਪੈਰ ਘੁਮਾਏ,
ਅੱਤ ਜੀਵਣ 'ਤੇ ਬੀਤੇ,
ਪਰ ਸਜਦੇ ਹਰ ਪਾਕ ਸਮੇ ਨੇ
ਗੁਰ-ਪੈਰਾਂ ਸੰਗ ਸੀਤੇ।

ਕਾਬਾ ਨਾਲ ਰਿਹਾ ਗੁਰ-ਚਰਨਾਂ
ਸੰਤ-ਨਜ਼ਰ ਦੇ ਸਾਹਵੇਂ,
ਦਰਸ਼ਨ ਰਿਹਾ ਉਹੀ ਸਭ ਛਿਨ ਸੀ
ਅਮਰ ਅਸੀਸਾਂ ਛਾਵੇਂ।

ਮੁਅਜਜ਼ੇ ਦਾ ਪ੍ਰਕਾਸ਼

ਕਾਬਾ ਫਿਰਨ ਦਾ ਸਿਦਕ ਮਿੱਠੜਾ;
ਧੁੰਮ ਪਈ ਵਿਚ ਮੱਕੇ।
ਖ਼ਲਕਤ ਆਖੇ: "ਢੂੰਡੋ ਇਸ ਚੋਂ
ਨਕਸ਼ ਦੀਨ ਦੇ ਪੱਕੇ।"

ਕਾਜ਼ੀ ਰੁਕਨਦੀਨ ਆ ਪੁੱਛੇ:
"ਸਹੀ ਮੁਅਜਜ਼ਾ ਤੇਰਾ
ਪਰ ਬੇਅਦਬੀ ਰੋਸ ਜਗਾਵੇ
ਅਜ਼ਮਤ ਨਾਲ ਹਨੇਰਾ!
ਕੀ ਇਹ ਸਿਹਰ ਜਾਂ ਹੁਕਮ ਇਲਾਹੀ
ਜਾਂ ਸੁਪਨਾ ਇਹ ਕੋਈ?
ਜਿੰਨ ਧਾਰਕੇ ਭੇਸ ਫ਼ਕੀਰੀ
ਘੁੰਮ ਰਿਹਾ ਵਿਚ ਲੋਈ?"

ਭੌਰ ਭੌਰ ਸੁਣ ਬੋਲ ਰੁਕਨ ਦੇ
ਦਿਲ ਨਾਨਕ ਅਨੁਰਾਗੇ
ਚਿਰ ਤੋਂ ਸੁੰਨ ਕਾਲ ਦੇ ਮਨ ਵਿਚ
ਹਰ ਪਾਸੇ ਕੁਝ ਜਾਗੇ:
ਕੰਪਨ ਨਬੀ ਉਡਾਣ ਦੀ ਚੁੰਮੇ
ਧੂੜ ਸਰਾਪੇ ਰਾਹ ਦੀ
ਸੁਣੀ ਥਲਾਂ ਦੀ ਸੁੱਕੀ ਤਿੜ ਨੇ
ਸ਼ੂਕ ਕਿਸੇ ਦਰਿਆ ਦੀ।

ਸਗਲ ਹਲੀਮੀ ਦੇ ਦਰ ਖੁੱਲ੍ਹੇ
ਨਬੀਆਂ ਸੀਸ ਝੁਕਾਏ
ਗੁਰ ਮੋੜਣ ਜਦ ਰੱਬੀ ਛੋਹਾਂ
ਮਨ ਕਾਬਾ ਭਰੇ ਆਏ।

ਝਾਕ ਰਾਜ਼ ਦੇ ਖ਼ੂਹ 'ਚ ਨਾਨਕ
ਕਹਿਣ: "ਨਮਾਜ਼ਾਂ ਖ਼ਾਲੀ।
ਕਾਬਾ ਹੈ ਬਿਨ ਇਸ਼ਕ ਨਬੀ ਦੇ
ਸਿਲ ਥੱਕੀ ਤੇ ਕਾਲੀ।

"ਸਿਦਕ ਮੁਰੀਦਾਂ ਬਾਝ ਹਾਜੀਓ
ਸੰਗ ਅਸਵਦ ਸ਼ਰਮਾਏ
ਪੱਥਰ ਦੀ ਰਗ ਘੁੱਟਣ ਸੁਨਾਂ
ਜੇ ਨਾ ਮੀਤ ਬੁਲਾਏ।

"ਜ਼ਮਜ਼ਮ ਇਕਲਾਪਾ ਬਸ ਪਾਣੀ
ਨੈਂ ਇਲਹਾਮ ਜਾਂ ਮੁੱਕੇ
ਪਾਕ ਸਿਲਾਂ ਹੋਣ ਬਸ ਪੱਥਰ
ਦਿਲ ਅਜ਼ਾਨ ਜਦ ਸੁੱਕੇ।

"ਸ਼ਹਿਰ ਨਬੀ ਦਾ ਵਸਦਾ ਓਵੇਂ
ਲੈ ਕਾਬੇ ਦਾ ਸੀਨਾ
ਕਾਲ ਕਾਲ ਵਿਚ ਤਿੜਕ ਛਿੱਗਿਆ
ਪਰ ਮਿਅਰਾਜ ਦਾ ਜ਼ੀਨਾ।

"ਮੁੜ ਕਾਬੇ ਵਿਚ ਮੁੱਦਤ ਪਿੱਛੋਂ
ਘੁੰਮਣ ਸਮੇ ਸੁਹੇਲੇ,
ਸੰਗ 'ਚ ਉਹੀ ਇਬਾਦਤ ਥਰਕੀ
ਜੋ ਪੈਗੰਬਰ ਵੇਲੇ।

"ਹੈ ਅਕਾਲ ਦਾ ਇਹੋ ਮੁਅਜਜ਼ਾ
ਰਹਿਬਰ ਅਸਲ ਪਛਾਣੇ,
ਮੁੜ ਪੱਥਰ ਨੂੰ ਪਾਕ ਬਨਾਵਣ
ਉਹੀਓ ਸਫ਼ਰ ਪੁਰਾਣੇ।

"ਪੈਰ ਅਕਾਲ ਵਲ ਜੋ ਤੁਰਦੇ
ਮੁੜ ਕਾਬੇ ਨੇ ਚੁੰਮੇ।
ਉਹੀ ਜਨੂੰਨ ਇਸ਼ਕ ਦਾ ਦੈਵੀ
ਫੇਰ ਵਕਤ ਵਿਚ ਘੁੰਮੇ।"

ਮਦੀਨੇ ਦਾ ਪਾਕ ਦਿਸਹੱਦਾ

ਚੀਰ ਪਹਾੜ ਕੋ ਗੀਤ ਥਲਾਂ ਦਾ
ਉਤਰੇ ਵਿਚ ਤਿਰਕਾਲਾਂ।
ਦਿਲ ਨਬੀ ਦੇ ਸ਼ਹਿਰ ਦਾ ਉੱਡੇ
ਲੰਘ ਗਏ ਵਲ ਸਾਲਾਂ।

ਰੰਗੇ ਬਾਗ, ਖਜੂਰਾਂ, ਖੰਡਰ
ਸੌਂਵਾਂ ਲਹਿਣ ਮਦੀਨੇ
ਥਲ ਵਿਚ ਵਾਦੀ, ਖੂਹ, ਮਸਜਿਦਾਂ,
ਝਲਕਣ ਵਾਂਗ ਨਗੀਨੇ।

ਚਸ਼ਮੇ, ਕਬਰਸਤਾਨ ਤੇ ਖਾਈ
ਨਬੀ ਨਿਸ਼ਾਨ ਕਰੀਬੀ
ਰਲ ਪਰਹੇਜ਼, ਜੋਸ਼ ਤੇ ਮੌਜਾਂ
ਬਣਨ ਤਾਰੀਖ਼ ਸਦੀਵੀ।

ਤਲਬ ਅਦਿੱਖ ਸੀ ਵਿਚ ਮਦੀਨੇ
ਦਸ ਮਸਜਿਦਾਂ ਰਹੀਆਂ,
ਪੈਰ-ਚਾਪ ਤੋਂ ਵਾਦੀ ਵਾਦੀ
ਮਧੁਰ ਕੰਪਨਾਂ ਗਈਆਂ।

ਹਾਜੀ, ਕਈ ਅਜਨਬੀ, ਰਾਹੀ,
ਦੇਣ ਪਏ ਕੰਨਸੋਆਂ
ਮੱਕੇ ਤੋਂ ਦੋ ਤੁਰੇ ਦੀਵਾਨੇ
ਕਰਨ ਮਦੀਨੇ ਲੋਆਂ।

ਸ਼ੁਤਰ ਸਵਾਰ ਥਲਾਂ ਦੇ ਵਾਸੀ
ਸੁਨਣ ਗੈਬ ਦੀ ਧੜਕਣ
ਪੈਂਡੇ, ਗੀਤ, ਅਜ਼ਾਦ ਹਯਾਤੀ
ਰਗੀਂ ਜਿਨ੍ਹਾਂ ਦੀ ਥਰਕਣ।

ਕਈ ਕ਼ਦੀਮੀ ਆਰਿਫ਼ ਕਰਦੇ
ਸਦੀਆਂ ਵਾਂਗ ਇਸ਼ਾਰੇ :
ਖੁੰਢੀ ਸ਼ਰਾ ਨੇ ਸ਼ਹਿਰ ਨਬੀ ਨੂੰ
ਕੋਹਿਆ ਸੀ ਵਿਚਕਾਰੇ।

ਸਾਹ ਸਾਹ ਵਿਚ ਪੰਜ ਨਮਾਜ਼ਾਂ
ਹੈਸਨ਼ ਕਦੇ ਮਦੀਨੇ
ਅਜ ਪੈਗ਼ੰਬਰ ਦੇ ਮੁਖ ਬਾਝੋਂ
ਸਦੀਆਂ ਸਾਲ ਮਹੀਨੇ।

ਹੁਜਰੇ ਦੇ ਵਿਚ ਚਿੰਤਾ-ਡੁੱਬੇ
ਆਰਿਫ਼ ਸਮੇ ਦੇ ਭਾਰੇ,
ਜਿਹਨਾਂ ਦੇ ਤਪ ਤੇਜ ਸਾਮ੍ਹਣੇ
ਸਦਾ ਨਜੂਮੀ ਹਾਰੇ।

ਸੋਚਣ : ਮਿਟੀ ਸਾਦਗੀ ਪਹਿਲੀ
ਰੁਲੀ ਮੁਰੀਦ-ਮਾਸੂਮੀ
ਭੁੱਲ ਇਸ਼ਕ਼ ਦੇ ਸਿਦਕੀ ਪੈਂਡੇ
ਬਣੇ ਫ਼ਕੀਰ ਨਜੂਮੀ।

ਬਹਿ ਸ਼ੈਤਾਨ ਰੰਗਲੇ ਫੰਧੇ
ਰੂਹ ਲਤੀਫ਼ 'ਤੇ ਪਾਂਦਾ
ਪਾ ਸੁਰਾਬ ਦੀ ਝਲਕ ਚੁਫੇਰੇ
ਸੈ ਜੰਨਤ ਲਿਸ਼ਕਾਂਦਾ।

ਮੋਮਨ ਹਾਰ ਗਿਆ ਬਿਨ ਅਮਲਾਂ,
ਜਿਤਿ ਫ਼ਰੰਗ ਵਲਾਇਤਾਂ,
ਛੁਪੇ ਬੁੱਤ ਮਸਜਿਦਾਂ ਅੰਦਰ
ਬਿਨ ਪਰਵਾਜ਼ਾਂ ਆਇਤਾਂ।

ਤਲਖ਼ ਹਕ਼ੀਕ਼ਤ ਮਨ ਖ਼ਲਕਤ ਦੇ
ਕਰਦੀ ਪਈ ਕੁਸੈਲੇ,
ਜ਼ੋਰ ਅਚੇਤ ਕਾਲ ਨੇ ਕੀਤੇ
ਸੰਞ ਦੇ ਜੋਬਨ ਮੈਲੇ।

ਪਾਕ ਫ਼ਿਜ਼ਾ ਵਿਚ ਤਦੋਂ ਮਦੀਨੇ
ਚਾਲ ਫ਼ਕੀਰੀ ਡਿੱਠੀ,
ਪਰਬਤ-ਡੰਡੀ ਸੁਣੀ ਸਾਗਰਾਂ
ਸੁਰ ਤੌਹੀਦ ਦੀ ਮਿੱਠੀ।

ਲਾ ਕੇ ਖੰਭ ਉਸ਼ਾ ਦੇ ਆਵਣ
ਸੰਦਾਂ ਦੇਣ ਸਲਾਮੀ
ਸੱਦ ਨਵੇਂ ਸੰਦੇਸ਼ ਦੀ ਮਿਲਦੀ
ਵਾਂਗ ਪੌਣ ਇਲਹਾਮੀ।

ਨਭ ਨਿੰਬਲ ਤਕ ਦਿਸੇ ਦਿਲਾਂ ਨੂੰ
ਨਾਨਕ ਤੇ ਮਰਦਾਨਾ
ਬਣਿਆਂ ਪੀਰ, ਵਲੀ ਤੇ ਸੂਫ਼ੀ
ਪਹਿਰੇਦਾਰ ਜ਼ਮਾਨਾ।

ਮਿਹਰ ਮਸੀਤ

ਖੂਹ ਕੋਲ ਵਿਚ ਝੁੰਡ ਖਜੂਰਾਂ
ਕੂਬਾ ਮਸਜਿਦ ਨੇੜੇ
ਲੈ ਅਕਾਲ ਦਾ ਤਕਵਾ ਨਾਨਕ
ਸੰਧ ਨੂੰ ਕਰੇ ਵਸੇਰੇ।

ਵਿਚ ਮੁਨੇਰ ਦੇ ਮਸਤ ਇਕੱਲਾ
ਦਾਨਾ ਵੜੇ ਮਦੀਨੇ
ਲਾ ਰਿਹਾ ਸਦੀਆਂ ਦੇ ਝੁਰਮਟ
ਸੰਗ ਧੜਕਦੇ ਸੀਨੇ।

ਕਾਹਲਾ ਪਏ, ਹੋਇ ਬਉਰਾਣਾ
ਵਿਚ ਭੀੜੀਆਂ ਗਲੀਆਂ,
ਅਜੇ ਵੀ ਕਈ ਖਜੂਰਾਂ ਜਾਪਣ
ਨਾਲ ਮੁਹੰਮਦ ਪਲੀਆਂ।

ਨਬੀ-ਹੱਜ ਦੀ ਸਿੱਕ ਪੁਰਾਣੀ
ਅਜੇ ਜਲਾਵੇ ਤਲੀਆਂ
ਕਿਸੇ ਕਿਸੇ ਪਲ ਕੰਧਾਂ ਲੱਗਣ
ਨਾਲ ਮੁਰੀਦਾਂ ਖਲ੍ਹੀਆਂ।

ਫੇਰ ਖਿੱਚ ਪਈ ਤਾਂ ਦਾਨਾ,
ਮੋੜ ਘਰਾਂ ਦੇ ਮੁੜਦਾ,
ਖੰਡਰ ਖੂਹਾਂ ਨੂੰ ਗਲ ਲਾ ਕੇ
ਵਲ ਨਾਨਕ ਦੇ ਤੁਰਦਾ।

ਜਿਵੇਂ ਆਲ੍ਹਣੇ ਦੇ ਵਲ ਪਰਤੇ
ਦਹਿਲ ਵਿਚ ਮਰਦਾਨਾ;
ਅੰਬਰ ਡਾਢੇ! ਦਿਲ ਪਰ ਸਾਂਝੇ
ਮੁਰਸ਼ਦ ਲਈ ਤਰਾਨਾ।

ਚਿਰ ਤੋਂ ਮੂਕ ਰਬਾਬ ਵਜਾਈ
ਫਿਰ ਉੱਠ ਅੰਮ੍ਰਿਤ ਵੇਲੇ
ਗਾਉਣ: "ਅਨੂਪ ਮਹੱਲ ਧਰਤ ਦਾ
ਰੱਬ-ਰਹਿਮ ਵਿਚ ਖੇਲ੍ਹੇ;

"ਪਰ ਏਥੇ ਪੈਰਾਂ ਨੂੰ ਬੰਦਾ
ਬੰਨ੍ਹੇ ਨਾਲ ਲੁਹਾਰੀ;
ਲਬ੍ਹ ਦੇ ਬੰਦੀਖ਼ਾਨੇ ਘਿਰਿਆ
ਸਮਝ ਰਿਹਾ ਸਰਦਾਰੀ!

"ਕਰ ਕਰ ਸ਼ਰ੍ਹਾ-ਨਿਸ਼ਾਨ ਦੇ ਪਰਦੇ
ਆ ਵਿਚ ਭੇਸ ਜ਼ੁਬਾਨਾਂ,
ਨਾਮ-ਸਮੀਰ ਦਾ ਗੀਤ ਘੇਰਦਾ
ਵਿਚ ਗੁਫ਼ਾਵਾਂ ਕਾਨਾਂ।

"ਧਰਤੀ ਦੇਗ ਭੰਡਾਰ ਅਗੰਮੀ
ਰਹਿਮ ਕਦੇ ਨ ਮੁੱਕੇ
ਸਾਰਾ ਜਗਤ ਸਲਾਮ ਕਰੇਂਦਾ
ਸਿਦਕ ਰੀਣ ਨ ਸੁੱਕੇ।"

ਫ਼ਜਰ ਹੋਈ ਤ ਕੁਝ ਲੋਕਾਂ ਨੇ
ਤਾਨ ਰਬਾਬ ਪਛਾਣੀ,
"ਰਾਗ ਕੁਰਾਨ ਦਾ ਵੈਰ ਪੁਰਾਣਾ"
ਘੜੀ ਇਮਾਮ ਕਹਾਣੀ।

ਫੇਰ ਹਜੂਮ ਗੁਰੂ ਵਲ ਚੜ੍ਹਿਆ
ਪੱਥਰ ਹੱਥ ਲੈ ਖ਼ੂਨੀ,
ਸਬਰ ਤਰਸ ਦੇ ਨਾਲ ਥੰਮ੍ਹਦੀ
ਕਹਿਰ ਇਹ ਗੁਰ-ਮਾਸੂਮੀ।

ਸ਼ਾਂਤ ਹੋਣ, ਫਿਰ ਹਾਹਾਕਾਰਾਂ
ਉੱਠਣ ਵਿਚ ਮਦੀਨੇ,
"ਪੱਥਰ ਕਿਉਂ ਇਬਲੀਸ ਸੁਟਦਾ
ਨਬੀ ਦੇ ਵਿਚ ਸਫ਼ੀਨੇ।"

ਨਾਨਕ ਮਾਰੇ ਹੱਕੀ ਨਾਅਰਾ
"ਮਿਹਰ ਮਸੀਤ ਬਣਾਓ
ਸੋਜ਼ ਕੁਰਾਨ-ਹਰਫ਼ ਦਾ ਬਲਦਾ
ਸਜਦੇ ਵਿਚ ਵਿਖਾਊ।

"ਚੁੰਮ੍ਹ ਜਨੂੰਨ ਦਾ ਤਪਦਾ ਖੰਘਰ
ਬਾਲ ਵਾਂਗ ਗਲ ਲਾਓ
ਤਾਰੀਖ਼ਾਂ ਦੇ ਭੁੱਲੇ ਹੰਝੂ
ਦਰ ਕਾਬੇ ਲੈ ਜਾਓ।

"ਰੋਹ ਦੀ ਬਾਂਝ ਕੂਕ ਨੂੰ ਭੁੱਲੋ
ਵਾਂਗ ਮੁਜਾਹਿਦ ਗਾਊ,
ਤਪੇ ਰਣ ਵਿਚ ਸਿਦਕ ਅਜ਼ਾਨ ਦਾ
ਨਵਾਂ ਮਿਨਾਰ ਸਜਾਊ।

"ਕਾਹਤੋਂ ਛੋਡ ਨਬੀ-ਛੁਹ ਜ਼ਿੰਦਾ
ਘੜੀ ਯਤੀਮ ਵਿਹਾਜੇ ?
ਹਰਫ਼ ਕੁਰਾਨ ਨ ਉੱਗੇ ਜਿਸ ਪਲ
ਕਿਉਂ ਉਹ ਸਮਾਂ ਨਿਵਾਜੇ ?"

ਸੁਣੇ ਹਜੂਮ ਤ ਸੈਆਂ ਪੱਥਰ
ਹੱਥਾਂ ਦੇ ਵਿਚ ਸੁੱਤੇ।
ਮਿਹਰ ਮਸੀਤ ਗਗਨ 'ਤੇ ਤੱਕਣ
ਖੜੀ ਸਿਰਾਂ ਦੇ ਉੱਤੇ।

ਥਲ ਪਾਰ ਕਰਦਿਆਂ

ਦੋ ਗੁਰ ਹੱਕ-ਆਵਾਜ਼ ਮਦੀਨੇ
ਵਲ ਬਗ਼ਦਾਦ ਦੇ ਚੱਲੇ
ਦੂਰ ਫ਼ਤਿਹ ਦਾ ਉੱਚ ਨਗਾਰਾ
ਗੂੰਜ ਥਲਾਂ ਵਲ ਘੱਲੇ।

ਗੁਰਾਂ ਮੁਹਾਰ ਥਲਾਂ ਵਲ ਮੋੜੀ
ਨਾਲ ਰਲੇ ਕਈ ਰਾਹੀ
ਵਿਚ ਇਕੱਲ ਅਥਾਹ ਰੇਤਾਂ ਦੀ
ਸੁਨਣ ਬੋਲ ਦਰਗਾਹੀ।

ਰੇਤ ਤਲੇ ਬੇਇਲਮੇ ਬੱਦੂ
ਪੜ੍ਹਣ ਅਸੰਖਾਂ ਵਰਕੇ
ਸੈਅ ਇਤਿਹਾਸ ਜਿਨ੍ਹਾਂ ਦੇ ਸੀਨੇ
ਅਜਬ ਸਮੇ ਲੈ ਧੜਕੇ।

ਪਾਂਧੀ, ਸ਼ੁਤਰ, ਪਗ਼ੰਬਰ ਦੀ ਤੇਹ
ਹੇਲ ਫ਼ੈਜ਼ ਦੇ ਖ਼ੂਹਾਂ
ਮੂਸਾ ਸਮੇ ਤੋਂ ਹੀ ਸਰਚਾਈ
ਭਰ ਮਸ਼ਕਾਂ ਥਲ-ਰੂਹਾਂ।

ਦਾਊਦ ਸੁਲੇਮਾਨ ਤੋਂ ਲੈ ਕੇ
ਤਰਸਵਾਨ ਸਭ ਨਾਰਾਂ
ਥਲ ਵਿਚ ਸਦਾ ਉਡੀਕ ਪਿਆਸੇ
ਸੱਦਣ ਨਾਲ ਪਿਆਰਾਂ।

ਹੋਲ ਫੈਜ਼ ਦੇ ਮੇਜ਼ਬਾਨ ਹੋ
ਗੁਰ ਮਰਦਾਨਾ ਲੰਘਣ,
ਮਣ ਕੌਲੇ ਆ ਚੂਲੀ ਜਲ ਦੀ
ਕਾਲ ਕਦੀਮੀ ਮੰਗਣ।

ਭੇਡਾਂ, ਸ਼ੁਤਰ, ਬਕਰੀਆਂ ਦੇ ਸੰਗ
ਰਿਸ਼ਤੇ ਮੁੱਢ ਕਦੀਮੀ
ਜਿਹਨਾਂ ਵਿਚ ਮਜ਼ਬ ਦੇ ਪੈਂਡੇ
ਹੁੱਲਣ ਨਾਲ ਹਲੀਮੀ।

ਬਹੁ ਪਰਹੇਜ਼ਗਾਰ ਤੇ ਸਾਬਰ
ਥਲ ਦੇ ਇਹ ਦੀਵਾਨੇ,
ਰੁੱਤ ਆਏ ਤਾਂ ਵਲਵਲਿਆਂ ਦੇ
ਭਰਨ ਰੰਗੀਨ ਖ਼ਜ਼ਾਨੇ

ਇਓਂ ਹੀ ਜਿਉਂ ਪਰਹੇਜ਼ 'ਚ ਥਲ ਨੇ
ਲੱਖਾਂ ਰੰਗ ਛੁਪਾਏ
ਛੁਹ ਚੰਚਲ ਮੀਹਾਂ ਦੀ ਪਿੱਛੋਂ
ਹੁੰਮ ਹੁਮਾ ਜਿਉਂ ਆਏ।

ਗਾ ਗਾ ਸਾਰਵਾਨ ਇਕ ਜਾਂਦਾ
ਸਿਦਕ ਵਸਲ ਦਾ ਟੋਹੇ,
ਹੋਵਣ ਬੇਪਛਾਣ ਸਭ ਪੈੜਾਂ
ਪਲ ਵਿਚ ਥਲ ਨਿਰਮੋਹੇ!

ਇਕ ਪਲ ਥਲ ਮਹਿਮਾਨ ਜਾਪਦਾ
ਇਕ ਪਲ ਲਾ-ਮਕਾਨੀ,
ਇਕ ਪਲ ਰੇਤਾਂ ਵਾਂਗ ਮਾਸ਼ੂਕਾਂ
ਇਕ ਪਲ ਦੁਸ਼ਮਨ ਜਾਨੀ।

ਲਾਲ ਸਲੇਟੀ ਖ਼ਾਕੀ ਰੇਤਾਂ
ਵੇਗ ਫੜਣ ਤੂਫ਼ਾਨੀ,
ਗੁਜ਼ਰੇ ਵਲੀਆਂ ਦੇ ਗੁਰ ਉਸ 'ਤੇ
ਪੜ੍ਹਣ ਹਰਫ਼ ਨੂਰਾਨੀ।

ਜਦ ਇਲਹਾਮ ਹੋਣ ਸਭ ਪੂਰਨ
ਰੱਤ ਯਜ਼ੀਦ ਆ ਵੀਟੇ,
ਦਿਲਾਂ 'ਚ ਕੋਟ ਨਿਆਮਤਾਂ ਹੁੱਲਣ
ਰਹਿਮ ਨੈਣ ਪਰ ਮੀਟੇ।

ਰੋ ਰੋ ਯਾਦ ਕਰਬਲਾ ਕਰਦਾ
ਨਾਲ ਗੁਰਾਂ ਇਕ ਹਾਜੀ,
ਨਾਨਕ ਘਾਇਲ ਤਿਖ 'ਤੇ ਵਾਰੇ
ਬੂੰਦ ਫ਼ਰਾਤ ਦੀ ਤਾਜ਼ੀ।

ਤਿਖਾ 'ਚ ਮਿਰਗ ਥਲਾਂ ਦੇ ਜਾਂਦੇ
ਬੇਨਿਸ਼ਾਨ ਵਲ ਖੂਹਾਂ।
ਰੇਤ ਅਸੀਮ 'ਚ ਢੂੰਡਣ ਮੋਮਨ
ਜਿਉਂ ਪੈਗੰਬਰ-ਜੂਹਾਂ।

ਨਫ਼ਦ ਅਮੁੱਕ ਵਿਛੇ ਵਿਚ ਕੋਹਾਂ
ਦਰਦ ਅਬੁੱਲ ਛੁਪਾਵੇ
ਰੇਤ ਤਲੇ ਛੁਹ ਮੀਂਹਾਂ ਵਰਗੀ
ਜਲੇ ਬੂਟ ਤਕ ਗਾਵੇ।

ਹੱਥ ਨਾਨਕ ਦਾ ਗਗਨੋਂ ਉੱਚਾ
ਰੇਤ ਪਤਾਲ ਹਿਲਾਵੇ,
ਨੀਂਦ ਰੰਗੀਨ ਬੂਟੀਆਂ ਦੀ ਵਿਚ
ਰਸ ਲੋਰੀ ਦਾ ਪਾਵੇ।

ਜ਼ਹਿਰੀ ਨਾਗ, ਕਿੱਕਰਾਂ, ਕੰਕਰ,
ਥਲ ਦੀ ਕਦੇ ਨਿਸ਼ਾਨੀ;
ਖ਼ੁਸ਼ਕ ਕੰਠ ਰੇਤਾਂ ਵਿਚ ਫਿਰ ਵੀ,
ਸਜਨਾਂ ਦੀ ਮਹਿਮਾਨੀ!

ਸੁਨਣ ਰਬਾਬ ਕਾਰਵਾਂ ਰਾਤੀਂ
ਸ਼ਬਦ ਅਗੰਮ ਪਹੁੱਚੇ
ਧੁਰੋਂ ਸੁਤੰਤਰ ਦਿਲ ਦਰਿਆ ਜੋ
ਖੁੱਲ੍ਹੇ ਥਲ ਵਿਚ ਸੁੱਤੇ।

ਘਾਹ ਹਰੇ, ਬੂਟੜੇ ਮਹਿਕਾਂ,
ਥਲਾਂ ਵਿਚ ਜੁ ਦੱਬੇ,
ਗੁਰੂ-ਬੋਲ ਸੁਣਿ ਆਉਣਾ ਲੋਚਣ
ਵਾਂਗ ਨਿਆਮਤਾਂ ਅੱਗੇ।

ਕਰਬਲਾ ਦੀ ਵੇਦਨ

ਆਹ! ਫ਼ਰਾਤ ਦੇ ਪਾਣੀ ਨਿਰਮਲ
ਗੁਰ ਨੂੰ ਮਿਲੇ ਉਦਾਸੇ,
ਦੇ ਸਕੇ ਨ ਬੂੰਦ ਨੀਰ ਦੀ
ਜਦੋਂ ਹੁਸੈਨ ਪਿਆਸੇ।

ਦਿਲ ਦਾਨੇ ਦਾ ਵਿਚ ਕਰਬਲਾ
ਪਹਿਲਾਂ ਭੇਤ 'ਚ ਪਿਸਦਾ,
ਅਠ ਸੌ ਵਰ੍ਹੇ ਦਾ ਜ਼ਖ਼ਮ ਪੁਰਾਣਾ
ਫਿਰ ਨੈਣਾਂ ਚੋਂ ਰਿਸਦਾ।

ਸਿੱਖ ਅੰਤ ਗੁਰੂ ਨੂੰ ਪੁੱਛੇ
ਥੰਮ੍ਹ ਕੇ ਦਰਦ ਸ਼ਹੀਦਾਂ,
"ਕਿਵੇਂ ਨਬੀ ਦੇ ਘਰ ਦੀ ਕੰਧ 'ਚ
ਪਾਏ ਪਾੜ ਮੁਰੀਦਾਂ?"

ਸਦੀਆਂ ਤੀਕ ਗਲ ਲਾ ਪੁਸ਼ਤਾਂ
ਸੁਣਿ ਨਾਨਕ ਇਉਂ ਬੋਲੇ:
"ਕੂੜ ਹੁਸਨ ਮਿਲਖਾਂ ਦਾ ਉਣਦਾ
ਲੱਖ ਪਾਰਸਾ ਚੋਲੇ।

"ਫੇਰ ਪਾਰਸਾ ਪਰਦਾ ਝੂਠਾ
ਆਸ਼ਿਕ ਨਬੀ ਦੇ ਟੋਲੇ,
ਚਾਲਾਂ ਚੋਰ ਅੰਤ ਨੂੰ ਬੰਨ੍ਹਣ
ਦਿਲ ਮੁਰੀਦ ਦੇ ਗੋਲੇ।

"ਪਾਕ ਰੂਪ ਦੀ ਸ਼ਰ੍ਹਾ ਜੁ ਬੰਦੀ
ਹਿਰਸ ਲਿਸ਼ਕਦੀ ਤੇਲੇ,
ਰਣ ਕਰਬਲਾ ਦੇ ਵਿਚ ਆਖ਼ਿਰ
ਦਿਲ ਧਰਮਾਂ ਦੇ ਰੋਲੇ।

"ਸ਼ਾਹਾਂ ਦੇ ਹੁਕਮ ਵਿਚ ਸਦੀਆਂ
ਧਰਮ-ਬੋਲ ਤਦ ਫੱਬਣ
ਟੂਣੇਹਾਰ ਸੁਰਾਬ 'ਚ ਨਿਹਫਲ
ਨੈਣ ਨਬੀ ਨਾ ਲੱਭਣ।

"ਕਾਇਆ ਕੱਪੜ ਟੂਕ ਟੂਕ ਹੁੰਦੇ
ਧਰਮ ਨੂੰ ਢਕੇ ਗਿਲਾਨੀ,
ਵਿਹਣ ਮੁਰੀਦ ਮੁਰੀਦਾਂ ਮੱਥੇ
ਨਾ ਕੋ ਨਬੀ-ਨਿਸ਼ਾਨੀ।

"ਸੱਚ ਹੈ ਤੇਗ ਧਰਮ ਦੀ ਤੋੜੂ
ਕਾਇਰ ਯਜ਼ੀਦੀ ਟੂਣੇ,
ਇਸ ਰਣ ਵਿਚ ਪਰ ਸਨ ਹੁਸੈਨ ਦੇ
ਹੱਕ ਇਲਾਹੀ ਊਣੇ।

"ਹਾਂ! ਸ਼ਹੀਦ ਦਾ ਨਾਅਰਾ ਭਾਵੇਂ
ਜੁਗ ਜੁਗ ਹੋਸੀ ਉੱਚਾ,
ਧਰਮ ਉਦਾਸ ਰਹੂ ਵਿਚ ਹੰਝੂ
ਜ਼ੋਰ ਰਹੇ ਨਾ ਸੁੱਚਾ।

"ਧਰਮਾਂ ਦੇ ਸੁਪਨੇ ਨੂੰ ਡੰਗੇ
ਸਚ ਸ਼ਹੀਦ ਦਾ ਊਣਾ,
ਬੋਲ ਨਬੀ ਦੇ ਸ਼ਾਖ਼ ਬਣਨ ਜੋ
ਰੋ ਦਿਲ-ਪੰਛੀ ਕੂਣਾ।

"ਅਮਲ ਸ਼ਹਾਦਤ ਬੁੱਤ ਬਣਨਗੇ
ਹੰਝੂ ਰਹਿਸਨ ਖ਼ਾਲੀ,
ਨਬੀ-ਸੁਖ਼ਨ ਥਾਂ ਵੈਣ ਡੂੰਘੜੇ
ਰਚ ਲੈਣਗੇ ਸੁਆਲੀ।"

ਸੁਣਿ ਮਰਦਾਨੇ ਵਲ ਕਰਬਲਾ
ਰਹਿਮ-ਨਜ਼ਰ ਇਕ ਕੀਤੀ
ਭਰਿ ਇਲਹਾਮ-ਪਿਆਲੇ ਅੰਦਰ
ਲਹਿਰ ਨਦੀ ਦੀ ਲੀਤੀ।

ਫਿਰ ਫ਼ਰਾਤ ਦੀ ਵੇਦਨ ਗੁੱਝੀ
ਤਿਖ ਹੁਸੈਨ 'ਤੇ ਵਾਰੀ,
ਜਿਹੜੇ ਰਹਿਮ ਝੂਣੀਆਂ ਪੁਸ਼ਤਾਂ
ਕਰ ਤਿਸਦੀ ਦਿਲਦਾਰੀ।

ਤਾਂ ਮਰਦਾਨੇ ਵਲ ਵੇਖ ਗੁਰ
ਡੂੰਘੀ ਰਮਜ਼ ਚਿਤਾਰੀ:
"ਸਾਬਤ ਰਹਿਮ ਬਿਨਾ ਨ ਪੂਰੀ
ਪੈਗੰਬਰ ਦੀ ਯਾਰੀ।"

ਸੁਣਿ ਅਸਗਾਹ ਅਦਿੱਖ ਸਮੇ ਦੇ
ਗਾਹ ਮੁੜੇ ਮਰਦਾਨਾ:
ਕਿੱਥੇ ਪੂਰਾ ? ਕਦੋਂ ਅਧੂਰਾ ?
ਵੇਖੇ ਚੀਰ ਜ਼ਮਾਨਾ।

ਉੱਚੇ ਗਗਨੇ 'ਚ ਬਾਜ਼ ਉੱਡਦਾ
ਹੋਵਣ ਖੰਭ ਬਿਗਾਨੇ
ਜਿੱਥੇ ਜਿੱਥੇ ਖੰਭ ਡਿੱਗਦੇ
ਉਸ ਪਾਸੇ ਵੀਰਾਨੇ।

ਸਾਬਤ ਖੰਭ ਹੋਣ ਤਾਂ ਵੇਖੇ
ਦਹਦਿਸ ਪਾਰ ਮਿਨਾਰਾ
ਨਬੀ ਦੇ ਬੇਫਿਕਰਾਂ ਦਿਲ ਵਾਲਾ
ਜਿੱਥੋਂ ਦਿਸੇ ਕਿਨਾਰਾ।

ਬਗ਼ਦਾਦ ਦੇ ਬਾਹਰ

ਲੌਢਾ ਪਹਿਰ, ਨਿਖਰਕੇ ਧੁੱਪਾਂ
ਤੱਕਣ ਦਜਲਾ ਪਾਣੀ,
ਛਤਰ ਖਜੂਰਾਂ ਦੇ ਕੁਝ ਸਹਿਮਣ
ਭਾਵੇਂ ਰੁੱਤ ਸੁਹਾਣੀ।

ਤੀਬਰ ਭੈਅ-ਕੰਬਨੀ ਸੂਖਮ
ਮਨ ਬਗ਼ਦਾਦ ਦਾ ਡੰਗੇ,
ਤਰਸਵਾਨ ਸਮੇ ਦਾ ਹਾਣੀ
ਜਦ ਕੋ ਪਾਂਧੀ ਲੰਘੇ।

ਸਮਿਆਂ ਵਿਚ ਸਮੇ ਹੀ ਜੋੜੇ
ਦਰਦ ਜਿਨਾਂ ਦੇ ਕੋਲੇ,
ਦਿਲ ਅਸਮਾਨ ਤਿਨਾਂ ਦੇ ਅੰਦਰ
ਖੰਭ ਫ਼ਰਿਆਦਾਂ ਖੋਲ੍ਹੇ!

ਟੱਪ ਫ਼ਰਾਤ ਨੂੰ ਕੂਕ ਕਰਬਲਾ
ਦਜਲਾ ਸੀਨੇ ਵੱਜੇ,
ਮਜ਼ਬ-ਸਰਾਲ ਕੁੱਖ ਦੇ ਬੱਚੇ
ਚਿੱਥ ਨਿਗਲ ਨਾ ਰੱਜੇ।

ਰਾਖ ਹੱਲਾਜ ਦੀ ਬਲਦੀ ਸੀਨੇ
ਦਜਲਾ-ਲਹਿਰਾਂ ਕੰਬਣ;
ਦਰਦਮੰਦ ਛੇ ਸਦੀਆਂ ਪਿੱਛੋਂ
ਨੈਣ ਦੁਆ ਦੇ ਰੰਗਣ।

ਬਾਗ਼, ਮਸਜਿਦਾਂ, ਮਹਿਲ ਛਬੀਲੇ
ਨਰ-ਨੀਤਾਂ ਚੁੰਧਿਆਵਣ,
ਬੇਨਿਆਜ਼ ਫ਼ਕੀਰੀ ਦੇ ਰਾਹ
ਫ਼ਰਜ਼ੀ ਚਰਖ਼ ਹਿਲਾਵਣ।

ਵਿਚ ਬਗ਼ਦਾਦ ਦੇ ਜਾਲ ਬਹਿਸ਼ਤੀ
ਰੁਕਨ ਦੀਨ ਦੇ ਉਣਦੇ,
ਅਨਲਹੱਕ ਦੀ ਉੱਚ ਉਡਾਰੀ
ਤਕ ਹੌਲਣ, ਸਿਰ ਧੁਣਦੇ।

ਕਦੇ ਮੁਕਤਦਿਰ ਮੁੱਲਾਂ ਰਲਕੇ
ਅਨਲਹੱਕ 'ਤੇ ਹੱਸੇ,
ਸਦ ਗ਼ੁਲਾਮ ਸ਼ਾਹਾਂ ਦੀ ਸੂਲੀ
ਵਲੀ ਰੋਹ ਖਾ ਡੱਸੇ।

ਸੋਹਣੇ ਸ਼ਹਿਰ ਸੁਣੀ ਨ ਹੂੰਗਰ
ਗਰਕਿ ਅਯਾਸ਼ੀ ਭਾਰੀ,
ਦੀਨ, ਕਲਾ, ਸੁਹਜ ਦੇ ਸਾਵੇਂ
ਕੀਤੀ ਪਾਪ ਸਵਾਰੀ।

ਫੈਲ ਮੁਕਤਦਿਰ-ਹਸਦ ਲਿਆਂਦੀ
ਆਖ਼ਰ ਤੇਗ਼ ਤਾਤਾਰੀ,
ਖ਼ੁਰਾਸਾਨ ਚੰਗੇਜ਼ ਗਰਜਿਆ
ਫੇਰ ਹਲਾਕੂ ਵਾਰੀ।

ਆਫ਼ਤ-ਗ਼ੈਬ, ਹਸਦ ਚੰਗੇਜ਼ੀ
ਸਮਰਕੰਦ ਨੂੰ ਸਾੜੇ,
ਪੈਰੀਂ ਰੋਲ ਕੁਰਾਨ ਦੇ ਵਰਕੇ
ਨਰ-ਰੱਤਾਂ ਵਿਚ ਤਾਰੇ।

ਉਖੜੇ ਤਾਲ ਦੀਨ ਦੇ ਉੱਤੇ
ਦਿਲ ਬਗ਼ਦਾਦ ਦਾ ਡੋਲੇ,
ਤਾਂਹੀ ਬੇਕਦਰੇ ਅਸਵਾਰਾਂ
ਹੁਸਨ ਇਦ੍ਹੇ ਚੜ੍ਹ ਰੋਲੇ।

ਸਚ ਬੇਤਾਲ ਹੋਇ ਤਾਂ ਖਿੰਡਦੀ
ਦਿੱਖ ਜਗਤ ਦੀ ਮਿੱਠੀ,
ਰਲ ਸਦੀਆਂ ਬਗ਼ਦਾਦ ਸ਼ਿੰਗਾਰਣ
ਪੱਤ ਰੁਲੇਂਦੀ ਡਿੱਠੀ!

ਖਿੰਡਿਆ ਸੱਚ ਜੁੜੇ ਤਾਂ ਆਵਣ
ਅਰਦਾਸਾਂ ਵਿਚ ਆਂਗਣ
ਦਿਲ ਤੋਂ ਨਭ ਪਤਾਲ ਤਕ ਖੰਡਰ
ਫਿਰ ਮੁਖੜੇ ਨੂੰ ਤਾਂਘਣ।

ਐਸੇ ਪਲ਼ ਬਗ਼ਦਾਦ ਜਾਣ ਦੀ
ਹੂਕ ਗੁਰਾਂ ਮਨ ਉੱਠੀ,
ਮਿਲ ਰਬਾਬ ਦੇ ਆਸ਼ਿਕ ਦਿਲ ਨੇ
ਜਿੰਦ ਇਲਾਹੀ ਲੁੱਟੀ।

ਲੰਘ ਫ਼ਰਾਤ ਫੜਨ ਰਾਹ ਸੁਹਣਾ
ਸਤਿਗੁਰ ਤੇ ਮਰਦਾਨਾ।
ਢੁਕ ਦਜਲਾ ਬਗ਼ਦਾਦ ਦੇ ਨੇੜੇ
ਕਰਨ ਬਾਹਰ ਅਸਥਾਨਾ।

ਅਸੰਖ ਲੋਅ

ਵੱਜੀ ਫੇਰ ਰਬਾਬ ਸੀ
ਸੰਗ ਰਮਜ਼ੀ ਹੇਕਾਂ,
ਸੁਣੇ ਬੋਲ ਬਗ਼ਦਾਦ ਨੇ
ਸਣ ਪੀਰਾਂ ਸ਼ੇਖਾਂ।

ਸਮਾਅ ਦੇ ਆਸ਼ਿਕ ਕ਼ਾਦਰੀ
ਮੰਝ ਹੈਰਤ ਡੁੱਬੇ,
ਦੀਨ ਟੱਪਕੇ ਉੱਡੀਆਂ,
ਸਭ ਸਜਦਾ ਰੇਖਾਂ।

ਦਸਤਗੀਰ-ਦਰਗਾਹ ਦਾ
ਹਰ ਉੱਚ ਮੀਨਾਰਾ
ਖੜ੍ਹਾ ਸੁੰਨ ਵਿਚ ਤੜਪਿਆ
ਕਿੰਜ ਮਸਤਕ ਟੇਕਾਂ!

ਨੂਰੀ ਮਾਅਨੇ ਲਿਸ਼ਕ ਕੇ
ਰਾਹ ਗ਼ੈਬੀ ਖੋਲ੍ਹਣ,
ਨਾਨਕ-ਹੁਸਨ ਸੰਭਾਲਿਆ
ਸਭ ਭਾਸ਼ਾ ਭੇਖਾਂ।

ਸਭ ਹੋਸ਼ਾਂ ਤਦ ਹੌਲੀਆਂ
ਜਦ ਨਾਨਕ ਬੋਲੇ,
"ਮਹਾਂ ਬਿਰਖ 'ਤੇ ਜੰਨਤਾਂ
ਇਕ ਪੱਤ ਸਮ ਦੇਖਾਂ।

"ਚੌਦਾਂ ਤਬਕ ਤਾਂ ਪੈੜ ਨੇ
ਅਤਿ ਭੀੜੀ ਨਿੱਕੀ,
ਆਗਾਸਾਂ ਆਗਾਸ ਤੋਂ
ਹਨ ਪਾਰ ਅਨੇਕਾਂ।

"ਹਰ ਸੂਰਜ ਦੇ ਬਾਹਰ ਮੈਂ
ਇਕ ਚਾਨਣ ਵੇਖਾਂ,
ਪੈੜ ਮੁਸਾਫ਼ਿਰ ਤੁਰੇਗੀ
ਵਿਚ ਮੌਤ ਦੇ ਲੇਖਾਂ।

"ਕੌਣ ਬਣੇਗਾ ਸ਼ਫ਼ੀ ਆ
ਹਨ ਨਬੀ ਹਜ਼ਾਰਾਂ,
ਖਿੰਥਾ ਪਾਟੇ, ਲਾਇ ਤਾਂ
ਪਿਰ ਬਖ਼ਸ਼ਿਸ਼-ਮੇਖਾਂ।"

ਬਾਂਗ

ਸੁਣੀ ਅਕਾਲ ਦੇ ਨਾਮ ਦੀ
ਫਿਰ ਬਾਂਗ ਫ਼ਕੀਰਾਂ,
ਸੁਣਿਆਂ ਵਸਲ ਦੇ ਚਾਅ ਨੂੰ
ਵੈਰਾਗੀ ਨੀਰਾਂ।

ਗਗਨ ਗਗਨ 'ਤੇ ਉੱਡਦੀ
ਇਹ ਬਾਂਗ ਹੁਮਾ ਜਿਉਂ,
ਮਾਅਨੇ ਲਿਖੇ ਜੋ ਕਾਲ 'ਤੇ
ਆ ਪੜ੍ਹ ਲਏ ਭੀੜਾਂ।

ਰਾਜ ਸ਼ੀਆ ਇਸਮਾਈਲ ਦਾ
ਬਗ਼ਦਾਦ 'ਚ ਹਾਲੇ,
ਲੈਅ ਹਰ ਦੇਵੀ ਰਾਗ ਦੀ
ਵਿਚ ਵਸੇ ਜ਼ਮੀਰਾਂ।

ਬਾਂਗ ਅਕਾਲ ਦੀ ਸਿਮੀਂ ਜਾ
ਵਿਚ ਕਾਲ ਡੂੰਘਾਣਾਂ,
ਪਰਦੇ ਮੁਲਕ ਜ਼ੁਬਾਨ ਦੇ
ਉਠ ਜਾਣ ਅਖੀਰਾਂ।

ਸੁੰਨ ਮਸੁੰਨ ਜਹਾਨ ਸੀ
ਹਰ ਪਾਸੇ ਹੈਰਤ,
ਕਿੰਨੇ ਲਿਸ਼ਕੇ ਅਰਥ ਸੀ
ਬਹਿ ਅੱਖਰ-ਤੀਰਾਂ।

ਬਾਂਗ ਅਕਾਲ ਨੂੰ ਲਾਇਆ
ਆ ਲੜ ਅਸਗਾਹਾਂ,
ਰਮਜ਼ਾਂ ਮਨ ਪ੍ਰਕਾਸ਼ਿਆ
ਛਡ ਸੁਰਾਂ ਲਕੀਰਾਂ।

ਸਗਲ ਰੂਹ ਬਗ਼ਦਾਦ ਦੀ
ਸੀ ਨਾਦ 'ਚ ਭੁੰਚੀ,
"ਇਹ ਨ ਕੁਫ਼ਰ, ਨਮਾਜ਼ ਹੈ,"
ਕਿਹਾ ਚੁੱਪ ਵਹੀਰਾਂ।

ਪੀਰ ਦਸਤਗੀਰ (ਦੂਜੇ) ਦਾ ਸੁਆਲ

ਉਤਰੇ ਫ਼ਜਰ ਦੀ ਨਦੀ 'ਤੇ
ਜਦ ਰੰਗ ਸੁਹੇਲਾ,
ਜੀਲਾਨੀ-ਦਰਗਾਹ ਤੋਂ
ਤਦ ਤੁਰਿਆ ਚੇਲਾ।

ਦਸਤਗੀਰ ਨਵ ਮਗਰ ਸਨ
ਬਹੁ ਭਾਂਤੀ ਬੰਦੇ,
ਸੋਚੇ: "ਸੁੰਨ ਕਿਉਂ ਹੋਇਆ
ਇਹ ਪਿਰ ਦਾ ਮੇਲਾ!"

ਵਲ ਮਜ਼ਾਰ ਜੁਨੈਦ ਦੇ
ਜਾ ਕਰਖੀ ਨੇੜੇ,
ਸੁਣਦਾ ਤਾਲ ਰਬਾਬ ਚੋਂ
ਹਰ ਭੇਦ ਨਵੇਲਾ।

ਤਲੇ ਖਜੂਰਾਂ ਵੇਖਕੇ
ਨਾਨਕ ਮਰਦਾਨਾ,
ਕਹੇ: "ਕਾਲ ਵਿਚ ਸਚ ਜੇ
ਨਾ ਕਦੇ ਕੁਵੇਲਾ।

"ਉਂਜ ਸ਼ਮਸ ਵੱਡ ਕਾਦਰੀ
ਕਿਹਾ: ਸਮਅ ਸਲਾਮਤ,
ਵੰਗਾਰਾਂ ਪਰ ਅੱਜ ਮੈਂ
ਤੈਂ ਸਚ ਕੀ ਬੋਲਾ।

"ਭੁੱਲਕੇ ਸੱਤੇ ਅਰਸ਼ ਤੂੰ,
ਕਿਉਂ ਗਿਣੇ ਅਸੰਖਾਂ?
ਇੱਕੋ ਅਰਸ਼ ਹੀ ਬੇਕਿਰਾਂ
ਦਾ ਰਾਹ ਦੁਹੇਲਾ!"

-21-

ਪਹਿਲਾਂ ਇਲਾਹੀ ਰਮਜ਼ਾਂ; ਫਿਰ ਜ਼ਾਹਰਾ ਸੱਚ

ਬੰਦ ਰਬਾਬ ਹੋਈ ਤਾਂ ਨਾਨਕ
ਮੂਕ ਮਿਹਰ ਬਰਸਾਈ,
ਜਿਵੇਂ ਸ਼ਰਤ ਦੀ ਸਗਲੀ ਬਰਕਤ
ਨਜ਼ਰਾਂ ਨਾਲ ਉਨ੍ਹਾਈ;

ਜਿਵੇਂ ਗਗਨ ਦੇ ਸੁਪਨ ਵਚਿੱਤਰ
ਸਭ ਧਰਤੀ ਤੋਂ ਵਾਰੇ
ਜਿਵੇਂ ਅਨਲ ਪੰਛੀ ਨੇ ਬੋਲੇ
ਰਾਜ਼ ਅਚਿਹਨ ਸਾਰੇ।

ਫੇਰ ਦਸਤਗੀਰ ਨੂੰ ਦੱਸਣ:
"ਬਰਕਤ ਗਿਣੀ ਨ ਜਾਵੇ,
ਸਤ ਅਗਾਸ ਪਤਾਲ ਜੇ ਬੋਲਾਂ
ਪ੍ਰੀਤ ਮਿਰੀ ਮੁਰਝਾਵੇ।

"ਸਿਖਰ ਵਲਵਲੇ, ਸੁਰਤਿ, ਸਮਾਧੀ
ਪੌਣ ਸਹੰਸਰ ਲੋਆਂ,
ਕਰਮ ਅਗਾਧ ਦੀ ਅਮਰ ਸਿਰਜਣਾ
ਹਰ ਪਲ ਦੇਵੇ ਸੋਆਂ।

"ਕਰਮ ਹੁਸੀਨ ਅੱਲਾ ਦਾ ਬੀਜੇ
ਝੂਮ ਮੌਤ ਵਿਚ ਫ਼ਸਲਾਂ,
ਪਾਰ ਅਕਾਲ ਬੇਅੰਤ ਨਭਾਂ ਨੂੰ
ਫੁੱਲ ਢਕਣ ਵਿਚ ਵਸਲਾਂ।

"ਮੌਤ ਸੁੰਨ ਵਿਚ ਵੀ ਕੋਈ
ਪ੍ਰਾਣ ਨਸ਼ੀਲਾ ਪਲਦਾ,
ਭੰਨ ਖਲਾ ਬੇਕਾਲ ਨੂੰ ਮੁੜ ਮੁੜ
ਹੜ ਚਾਵਾਂ ਦੇ ਘਲਦਾ।

"ਅੰਤ ਨ ਹੋਰ ਹੋਰ ਵਿਚ ਹੈਰਤ
ਜੋਸ਼ ਸੱਚ ਦਾ ਚਲਦਾ,
ਅੰਤ ਨ ਕਿਸ ਮੰਡਲ ਤਕ ਉਡਦਾ
ਕੌਲ ਰਸੀਲਾ ਫਲਦਾ।

"ਬਰਕਤ ਦੇ ਬ੍ਰਹਿਮੰਡ ਅਨੇਕਾਂ
ਵਾਂਗ ਮੀਂਹ ਦੇ ਵਰ੍ਹਦੇ,
ਪਲ ਪਲ ਦਾਤ ਦੇ ਸਾਗਰ ਡੂੰਘੇ
ਤਬਕ ਅਸੰਖਾਂ ਤਰਦੇ।"

ਬੋਲੇ ਦਸਤਗੀਰ ਹੈਰਾਨਾ:
"ਸੁਣ ਫ਼ਕੀਰ ਮਸਤਾਨੇ,
ਸਹਸ ਅਠਾਰਾਂ ਲੋਕ ਸੁਣਾਂ ਮੈਂ
ਕਹੋਂ ਅਸੰਖ ਪਿੰਗਾਣੇ।

"ਉਸ ਬਰਕਤ ਦੀ ਦੀਦ ਇਲਾਹੀ
ਨੈਣ ਲੋਚਦੇ ਮੇਰੇ,
ਦਿਵੋ ਦੀਦ ਉਹ ਇਸ ਬੱਚੇ ਨੂੰ
ਜੋ ਮੈਂ ਵਿਚ ਹਨੇਰੇ।"

ਸੁਣ ਨਾਨਕ ਨੇ ਤਦ ਛੁਹ ਦੇਵੀ
ਵਲ ਉਸ ਬੇਟੇ ਘੱਲੀ,
ਦਾਤ ਦੇ ਨੂਰ ਅਦੁੱਤੀ ਅੰਦਰ
ਗੁਰ ਸੂਰਤ ਛਿਪ ਚੱਲੀ।

ਪਿਰ ਜੋਭ ਦਾਤ ਦੇ ਅੰਦਰ
ਨੈਣ ਜਗੇ ਫਿਰ ਚਾਰੇ,
ਸੀਸ ਅਨਕ ਸੂਰਜਾਂ ਉੱਤੇ
ਖੰਭ ਅਜਿੱਤ ਖਿਲਾਰੇ।

ਛੁਹ ਅਕਾਲ ਚੋਂ ਨਵੀਂ ਨਵੇਲੀ
ਆਵੇ ਵਾਂਗ ਉਮੀਦਾਂ,
ਕਦੇ ਦਿਸੇ ਕਦੇ ਛੁਪ ਜਾਵੇ
ਅੱਡੇ ਹੱਥ ਮੁਰੀਦਾਂ।

ਕਦੇ ਇਲਾਹੀ ਤਰਸ ਉਡਾਣਾਂ
ਲਖ ਪਰਦਿਆਂ ਉਹਲੇ,
ਕਦੇ ਅਲਕ ਸਿੰਧ ਲਹਿਰਾਂਦੇ
ਬਹਿਣ ਸਰਘੀਆਂ ਕੋਲੇ।

ਦਿਸਣ ਅਨਕ ਵਰਭੰਡਾਂ ਹੇਠਾਂ
ਨੈਣ ਮੁਰੀਦ ਸੁਆਲੀ,
ਲੈ ਪ੍ਰਸਾਦ ਮਿਹਰ ਆਗਾਮੀ
ਭਰਦੀ ਹੱਥ ਜੁ ਖ਼ਾਲੀ।

ਮੌਜ ਮਿਹਰ ਵਿਚ ਉੱਚੇ ਹੋਏ
ਜਿਵੇਂ ਅਸੰਖ ਸਿਤਾਰੇ,
ਓਵੇਂ ਹੀ ਪ੍ਰਸਾਦ ਉਤਰਿਆ
ਕਾਲ ਅਚਿਹਨ ਕਿਨਾਰੇ।

ਜ਼ਾਹਰ ਦਿਸੇ ਪੀਰ ਦਾ ਬੇਟਾ
ਖ਼ਲਕਤ ਵਿਚ ਖਲੋਏ,
ਤਕ ਕੌਲ ਪ੍ਰਸਾਦ ਦਾ ਭਰਿਆ
ਹਰ ਸਜਦੇ ਦਿਲ ਧੋਏ।

ਕਰ ਤਕਰਾਰ ਪੀਰ ਫਿਰ ਪੁੱਛੇ :
"ਇਹ ਤਾਂ ਰਮਜ਼ ਅਧੂਰੀ,
ਗਣਤ ਅਸੰਖ ਨ ਬਣੇ ਹਕੀਕ਼ਤ
ਸਿਹਰ ਤਿਰਾ ਇਹ ਨੂਰੀ।"

ਇਉਂ ਜਦ ਸ਼ੱਕ ਪੀਰ ਨੇ ਕੀਤਾ
ਤਨ ਮਨ ਹੋਇ ਕੁਸੈਲਾ,
ਜ਼ਿਕਰ ਦੀ ਨਿਰਮਲ ਨੈਂ 'ਚ ਜਿਉਂਕਰ
ਵਗੇ ਨੀਰ ਮਟਮੈਲਾ।

ਪੀਰ ਵਲ ਗੁਰ ਨੈਣ ਉਠਾਵੇ
ਮਿਹਰ ਦਾ ਆਲਮ ਥੀਂਦਾ,
ਸ਼ਰਫ਼ ਇਲਾਹੀ ਨੀਂਦ ਲਿਆਵੇ
ਜਦ ਇਬਲੀਸ ਅਨੀਂਦਾ।

ਗਹਿਰ ਚੜ੍ਹੇ! ਫਿਰ ਜਲੇ ਪੀਰ ਨੂੰ
ਜਲ ਛਜਰਾਂ ਦਾ ਦੀਂਦ੍ਹਾ!
ਹੁਣੇ ਹਸਦਾ, ਹੁਣੇ ਰੋਂਵਦਾ,
ਕਿਸ ਗੁਨਾਹ ਵਿਚ ਜੀਂਦਾ!!

ਮੁੜ ਮੁੜ ਪੀਰ ਕਰੇ ਪਛਤਾਵਾ
ਬਹਿ ਦਿਲ-ਖਿੰਥਾ ਸੀਂਦਾ;
ਨਭ ਅਸੰਖ ਦੇ ਪੁਲਾਂ ਤਲੇ ਜੋ
ਦਾਤ ਵਗੇ, ਤਿਪ ਪੀਂਦਾ।

ਬਹਿਲੋਲ ਦਾਨਾ

ਤੇਜ਼ ਧਾਰ ਮੀਹਾਂ ਦੇ ਵਾਂਗੂੰ
ਗੱਲ ਨਾਨਕ ਦੀ ਧੁੰਮੀ,
ਪੀਰ ਫ਼ਕੀਰ ਸੁਨਣ ਰਲ ਗ਼ੀਆ
ਸਿਦਕ਼ਵਾਨ ਸਭ ਸੁੰਨੀ।

ਇਂਦ ਬਹਿਲੋਲ ਤੋੜ ਸਭ ਰਸਮਾਂ
ਦਿਲ ਨਾਨਕ-ਵਲ ਮੋੜੇ
ਜਿਵੇਂ ਅਨਲਹੱਕ਼ ਜਬਲ ਸ਼ਰ੍ਹਾ ਦੇ
ਕੁਹਕਨ-ਇਸ਼ਕ਼ ਹੋ ਤੋੜੇ।

ਤੁਰੇ ਅਜ਼ਾਦ ਸਮੇ ਦੇ ਵਾਂਗੂੰ
ਇਹ ਬਹਿਲੋਲ ਦੀਵਾਨਾ,
ਨੀਂਹ ਨਾਨਕ ਦੇ ਦਿਲ ਦੀ ਚੁੰਮੇ
ਖੜ੍ਹੀ ਹੇਠ ਅਸਮਾਨਾਂ।

ਹੁੱਲ ਪਏ ਹੋ ਰਾਹ ਬਉਰਾਣੇ
ਇਉਂ ਬਗ਼ਦਾਦ 'ਚ ਘੁੰਮੇ,
ਥਲ ਵਿਚ ਜਿਵੇਂ ਮਿਰਗ ਕਸਤੂਰੀ
ਦੌੜ ਹਵਾਵਾਂ ਚੁੰਮੇ।

ਜਿਧਰ ਜੁਨੈਦ ਖ਼ਾਤੂਨ ਜ਼ਬੈਦਾ
ਵਿਚ ਮਜ਼ਾਰਾਂ ਸੁੱਤੇ,
ਮਹਿਕ ਰਹੇ ਬਹਿਲੋਲ ਦੇ ਸਜਦੇ
ਉਹ ਸਭ ਰਾਹਾਂ ਉੱਤੇ।

ਵੇਲ ਅੰਗੂਰ, ਅਨਾਰਾਂ ਅੰਦਰ
ਬਣ ਮਿਠਾਸ ਛੁਪ ਜਾਂਦਾ
ਹੋ ਅਲੋਪ ਵਿਚ ਛਤਰ ਖਜੂਰਾਂ
ਮਹਿਕ ਮਹਿਕ ਲਹਿਰਾਂਦਾ।

ਫਿਰੇ ਦਰਸ-ਯਾਦ ਵਿਚ ਰਮਿਆ
ਤਰਸ-ਕਰੂੰਬਲ ਹੁੱਲੇ
ਵਕਤ ਸਰ੍ਹਾਣੇ ਖੜ੍ਹਾ ਵੇਖਦਾ
ਦਿਸਣ ਦਰਦ ਦੇ ਬੁੱਲੇ।

ਫਿਰ ਅਰਦਾਸ ਸੁਰਤਿ ਵਿਚ ਉਤਰੀ
ਕੁਲ ਵਕ਼ਤ ਨੂੰ ਰੰਗੇ,
ਰੋਣ ਛਲਕ ਦਜਲਾ ਦੇ ਪਾਣੀ
ਚੀਸ ਪੁਰਾਣੀ ਡੰਗੇ।

ਬਹੁ ਅਸਗਾਹ ਇਸ਼ਕ ਦੇ ਡੂੰਘੇ!
ਮੂਕ ਰਹਿਣ, ਨਾ ਛਲਕਣ;
ਲਹਿਰ ਕਿਵੇਂ ਉੱਠੇ? ਬਿਨ ਨਾਨਕ
ਰਹੀ ਹੋਰ ਨਾ ਧੜਕਣ।

ਚੁਪ ਦੁਆ ਮੁਰੀਦ ਦੀ ਨਾਨਕ
ਥਰਕਾਈ ਵਿਚ ਬਾਣੀ,
ਵਗ ਵਗ ਵਕ਼ਤ ਦੇ ਸਭ ਰਾਹਾਂ 'ਤੇ
ਸੁਣਦੇ ਦਜਲਾ-ਪਾਣੀ।

ਕਹਿਣ: "ਸੁਣੋ ਬਹਿਲੋਲ! ਵਕ਼ਤ ਦੇ
ਹਰ ਗੋਸ਼ੇ ਵਿਚ ਜਾਵੇ
ਧੋ ਧੋ ਦਿਲ-ਨਮਾਜ਼ ਦੇ ਚਿਹਰੇ
ਸ਼ੀਰੀਂ ਰਮਜ਼ ਖਿੜਾਵੇ।

"ਵਕ਼ਤ ਨੂੰ ਦੋਸਤ ਵਾਂਗ ਮਿਲੋ ਜਾ
ਮਿਹਰ ਮਸੀਤ ਦੇ ਅੰਦਰ
ਪੰਜ ਨਮਾਜ਼ਾਂ ਦੇ ਰਾਹ ਉੱਤੇ
ਕਦੇ ਵਿਛਣ ਨਾ ਬੰਜਰ।

"ਖ਼ੈਰ ਖ਼ੁਦਾਇ ਵਲ ਜੇ ਮੋਮਨ
ਦਿਲ-ਨਮਾਜ਼ ਨਾ ਮੋੜੇ
ਬਗ਼ਦਾਦਾਂ 'ਤੇ ਆ ਧਮਕਣ ਗੇ
ਮੁੜ ਮੰਗੋਲ ਦੇ ਘੋੜੇ।"

ਬਗ਼ਦਾਦ ਨੂੰ ਅਲਵਿਦਾ ਅਤੇ ਅਕਾਲ ਨਾਨਕ-ਰੰਗ

ਇੰਵ ਬਗ਼ਦਾਦ ਦਾ ਕਣ ਕਣ ਛੋਹਿਆ
ਨਾਨਕ ਦੇ ਪੈਗ਼ਾਮਾਂ,
ਸੁਣਿਆਂ ਸੁਖ਼ਨ ਸੁਰਤ ਦਾ ਮਿੱਠਾ
ਰਾਤ, ਫ਼ਜਰ ਤੇ ਸ਼ਾਮਾਂ।

ਦਸਤਗੀਰ ਦੇ ਦੀਵੇ ਬਲਦੇ
ਸਿਖਰ ਅਰਸ਼-ਮਿਹਰਾਬਾਂ
ਸਮੇ ਪਾਰ ਕਰਨਗੇ ਚਾਨਣ
ਵਿਚ ਪੁਸ਼ਤਾਂ ਦੇ ਖ਼ਾਬਾਂ।

ਨਾਨਕ-ਨੈਣਾਂ ਦੀ ਜੜ੍ਹ ਨੂਰੀ
ਦਿਲ ਬਹਿਲੋਲ 'ਚ ਥੀਵੇ,
ਪੁਸ਼ਤਾਂ ਦੇ ਖੰਡਰ ਵਿਚ ਜੜ੍ਹ ਚੋਂ
ਸ਼ਾਖ਼ ਹਰੀ ਹੋ ਜੀਵੇ।

ਜਗ ਜਗ ਨ ਫ਼ਕੀਰ ਦਾ ਬੁਝਿਆ
ਇਸ਼ਕ ਬਲੇ ਤਕ ਮੱਕੇ;
ਅਣਗਿਣਤ ਜੁਗਨੂੰ ਇਸ ਨੂਰੋਂ,
ਨ੍ਹੇਰ ਮੌਤ ਦਾ ਟੱਪੇ।

ਬਸਰੇ ਤੀਕ ਵਜਦ ਰੂਹਾਨੀ
ਕੁਝ ਸੁਰਤਾਂ ਵਿਚ ਜ਼ਿੰਦਾ
ਬੰਜਰ ਬਣੇ ਇਤਿਹਾਸ ਰੂਬਰੂ
ਲਘੂ ਨਿਸ਼ਾਨੀ ਦਿੰਦਾ।

ਇਉਂ ਨਾਨਕ ਦੇ ਜਾਵਣ ਪਿੱਛੋਂ
ਰਿਹਾ ਰੂਹਾਨੀ ਪਹਿਰਾ,
ਭਾਵੇਂ ਰਹੀ ਯਾਦ ਇਕ ਧੀਮੀ
ਪਰ ਦਿਲ-ਖੰਡਰ ਗਹਿਰਾ।

ਸੁਰਤ ਫੈਲਦੀ, ਸਮਾਂ ਫੈਲਦਾ
ਫੈਲ ਰਹੇ ਦਿਸਹੱਦੇ,
ਇਕ ਪੁਸ਼ਤ ਇਲਹਾਮ ਜੋ ਸੁਣਦੀ
ਵਾਰ ਵਾਰ ਉਹ ਸੱਦੇ।

ਪੁਸ਼ਤਾਂ ਜੇਕਰ ਭੁੱਲ ਵੀ ਜਾਵਣ
ਉਹ ਅਸਲ ਪਰਵਾਜ਼ਾਂ,
ਕਿਸੇ ਉੱਚ ਪੌੜੀ 'ਤੇ ਚੜ੍ਹਕੇ
ਦੇਣ ਸਮੇ ਆਵਾਜ਼ਾਂ।

ਭਾਗ ਦੂਜਾ

(ਬੈਂਤ)

ਬਗ਼ਦਾਦ ਤੋਂ ਅਗਲੇ ਪੈਂਡੇ, ਵੰਨਸਵੰਨੇ ਧਰਮ, ਕੌਮਾਂ ਅਤੇ ਚੇਤਨਾ

ਚਾਰ ਮਾਸ ਜਦ ਵਿਚ ਬਗ਼ਦਾਦ ਲੰਘੇ,
ਨਾਨਕ ਡੂੰਘੜੇ ਸੁਖ਼ਨ ਅਲਾਪਿਆ ਸੀ।
ਨਾਵ ਥਾਵ ਅਸੰਖ ਦੀ ਨਜ਼ਰ ਲੈ ਕੇ,
ਆਦਿ ਸੁੰਨ ਅਗਾਧ ਵਿਚ ਝਾਕਿਆ ਸੀ।
ਫੇਰ ਲਾ ਮਰਦਾਨੇ ਨੂੰ ਨਾਲ ਸੀਨੇ,
ਅੱਖਰ ਅੰਤਲਾ ਨਾਦ ਦਾ ਥਾਪਿਆ ਸੀ।

ਆਦਮ-ਹੁਸਨ ਦੀ ਸਗਲ ਪਛਾਣ ਕਰਕੇ
ਧਰਤੀ ਨਾਲ ਬ੍ਰਹਿਮੰਡ ਨੂੰ ਨਾਪਿਆ ਸੀ।

ਨਾਨਕ ਕਹਿਣ: "ਮਰਦਾਨਿਆਂ! ਸੱਚ ਡੂੰਘਾ,
ਇਹਦੀ ਰਮਜ਼ ਕੋ ਹੋਰ ਨਿਤਾਰੀਏ ਜੀ।
ਦੇਸ, ਭੇਸ, ਗ੍ਰੰਥ ਤੇ ਬੋਲੀਆਂ ਨੂੰ,
ਨਵੇਂ ਇਸ਼ਕ ਦੇ ਨਾਲ ਨਿਹਾਰੀਏ ਜੀ।
ਲਖ ਮੁਰਸ਼ਦਾਂ ਬੰਦੇ 'ਤੇ ਮਿਹਰ ਕੀਤੀ,
ਰੱਬ ਜੋੜ ਹੁਣ ਦਾਤ ਚਿਤਾਰੀਏ ਜੀ।
ਖ਼ੂਨੀ ਸ਼ਾਹ ਜੇ ਕਰਮ ਦੀ ਭੀਖ ਮੰਗਣ,
ਓਹ ਵੀ ਵਿਚ ਰਬਾਬ ਉਤਾਰੀਏ ਜੀ।

"ਕੌਮਾਂ, ਧਰਮਾਂ, ਸੌਦਾਗਰਾਂ, ਜੋਗੀਆਂ ਦੇ,
ਫੁਰਨੇ ਸਮੇ ਦੀ ਹੇਕ ਚੋਂ ਲੱਭੀਏ ਜੀ।
ਪਹਿਰਾ ਦੇਵੇ ਇਤਿਹਾਸ ਤੋਂ ਪਾਰ ਜਿਹੜਾ,
ਨੈਂ ਵਾਂਗ ਉਸ ਕੂਟ ਤੋਂ ਵੱਗੀਏ ਜੀ।
ਮਾਨਸ-ਸੱਚ ਦਾ ਆਖ਼ਰੀ ਹੁਕਮ ਲੈ ਕੇ
ਧਰੁਵ ਵਾਂਗ ਇਮਾਨ ਵਿਚ ਫੱਬੀਏ ਜੀ।
ਜਿਹੜਾ ਧਰਤ ਅਕਾਸ਼ ਦੇ ਪਾਰ ਧੜਕੇ,
ਧਰਮ-ਜੜ੍ਹ ਉਸ ਦਿਲ ਵਿਚ ਦੱਬੀਏ ਜੀ।

"ਪੱਥਰ ਸੁੱਟਦੀ ਸ਼ਰਾ ਦੀ ਕਾਲ-ਆਂਧੀ,
ਚੱਲੋ ਮੂਕ ਸ਼ਹੀਦਾਂ ਨੂੰ ਵੇਖੀਏ ਜੀ।
ਜਿੱਥੇ ਚੋਰ ਜੱਲਾਦ ਤੇ ਰੱਤ-ਪੀਣੇ,
ਓਥੇ ਸਾਬਰ ਉਮੀਦਾਂ ਨੂੰ ਵੇਖੀਏ ਜੀ।
ਅਨਲਹੱਕ ਤੋਂ ਕਿਸੇ ਮਿਅਰਾਜ ਖ਼ਾਤਰ,
ਖੰਭ-ਮੰਗਦੇ ਮੁਰੀਦਾਂ ਨੂੰ ਵੇਖੀਏ ਜੀ।
ਜਿੱਥੋਂ ਮੁੜਨ ਫ਼ਕੀਰ ਨ ਰੁਕਣ ਸਜਦੇ
ਤਿਨ੍ਹਾਂ ਪਾਕ ਦਹਿਲੀਜ਼ਾਂ ਨੂੰ ਵੇਖੀਏ ਜੀ।"

ਦਸਤਗੀਰ ਬਹਿਲੋਲ ਇਹ ਹੇਕ ਸੁਣਦੇ,
ਦਾਨਾ ਡੁੱਬ ਵਿਸਮਾਦ ਵਿਚ ਜਾਗਦਾ ਸੀ।
ਨਾਜ਼ਕ ਦਿਲ ਫ਼ਕੀਰਾਂ ਦੇ ਇੰਵ ਧੜਕਣ,
ਸ਼ਬਦ ਲਰਜ਼ਦਾ ਜਿਵੇਂ ਰਬਾਬ ਦਾ ਸੀ।

ਕਿੱਥੇ ਦਿਸਣ ਸੰਜੋਗ ਵਿਜੋਗ ਲੰਮੇ।
ਪਹਿਰਾ ਸੁਬਕ ਜਿਹਾ ਜਿੰਦ-ਚਰਾਗ਼ ਦਾ ਸੀ।
ਕਿਵੇਂ ਸੱਚ ਪੈਗ਼ੰਬਰੀ ਦੌੜਦਾ ਹੈ?
ਪਤਾ ਕਿਨ੍ਹੂੰ ਤਾਰੀਖ਼ ਦੀ ਵਾਗ ਦਾ ਸੀ।

ਤੁਰੇ ਫੇਰ ਫ਼ਰਾਤ ਦੇ ਨਾਲ ਬਾਬਾ,
ਮੰਜ਼ਿਲ ਕਵਨ ਇਹ ਦਿਲਾਂ ਦੇ ਹਾਲ ਦੀ ਜੀ?
ਅੱਗੇ ਮਿਲਣ ਪਹਾੜ ਥਲ ਲਘੂ ਸਾਗਰ,
ਸੰਗਤ ਅਤਿ ਪੁਰਾਣੀ ਅਕਾਲ ਦੀ ਜੀ।
ਜਾਪਣ ਸਾਹਵੇਂ ਅਨੰਤ ਦੇ ਬਹੁਤ 'ਕੱਲੇ
ਕਰੇ ਕੌਣ ਦੁਆ ਇਸ ਹਾਲ ਦੀ ਜੀ?
ਦਾਨੇ ਕਿਹਾ ਉਜਾੜ ਵਿਚ ਤਕ ਖੰਡਰ,
"ਰੀਸ ਨਹੀਂ ਬਗ਼ਦਾਦ ਦੇ ਨਾਲ ਦੀ ਜੀ।"

ਲਹਿੰਦਾ ਪਿਆ ਮੁਨੇਰ ਸੀ ਪੱਥਰਾਂ 'ਤੇ,
ਖੰਭ ਦੂਰ ਤਿਰਕਾਲਾਂ ਦੇ ਕੰਬਦੇ ਸੀ।
ਯੁਰੋਸ਼ਲਮ ਵਿਚ ਪੀਰ ਮੁਰੀਦ ਦੋਵੇਂ,
ਗਲੀਆਂ ਤੰਗ ਦੇ ਮੋੜ ਬਹੁ ਲੰਘਦੇ ਸੀ।
ਤਕਦੇ ਹੋਏ ਜ਼ੈਤੂਨ, ਮੀਨਾਰ ਉੱਚੇ,
ਸਫ਼ਾ ਗੁਪਤ ਤਾਰੀਖ਼ ਦਾ ਰੰਗਦੇ ਸੀ।
ਉਮਰ ਸਮੇ ਦੀ ਕੋਈ ਅਜ਼ਾਨ ਮਿੱਠੀ,
ਗ਼ਾਜ਼ੀ ਦੂਰ ਦੇ ਤੇਗ਼ ਤੋਂ ਮੰਗਦੇ ਸੀ।

ਪ੍ਰਾਚੀਨ ਪਠਾਰ 'ਤੇ ਪਾਕ ਅਕਸਾ,
ਪੁੱਛੇ ਚੁੱਪ ਤੋਂ ਵਕ਼ਤ ਜਮਾਲ ਵਾਲਾ।
ਖਿੱਚੇ ਨਬੀ ਨੂੰ ਸਤਵੇਂ ਅਰਸ਼ ਉੱਤੋਂ,
ਭਖਦਾ ਵਲਵਲਾ ਹੇਠ ਬਿਲਾਲ ਵਾਲਾ।
ਸੁਲੇਮਾਨ ਦਿਲ-ਧੜਕਣ ਨੂੰ ਪੌਣ ਦੱਸੇ,
ਪੰਖੀ ਆਇ ਜਦ ਰਹਿਮ ਦੇ ਸਾਲ ਵਾਲਾ।
ਸੀਸ ਵਕ਼ਤ-ਅਸਗਾਹ ਤੋਂ ਵੱਲੀ ਚੁੱਕਣ,
ਗਗਨ ਦਿਸੇ ਅੱਜ ਨਵੇਂ ਸਵਾਲ ਵਾਲਾ।

ਨਾਨਕ ਵੇਖਦਾ ਸਮੇ ਦੀ ਗਹਿਰ ਲੰਮੀ,
ਓਦੋਂ ਤਕ ਜਦ ਦਿਸੇ ਨ ਗ਼ੈਰ ਕੋਈ।

ਦੂਰ ਗੁਫ਼ਾ ਵਿਚ ਦਾਊਦ ਦਾ ਸੁਣੇ ਹੌਕਾ,
ਸਜਦੇ ਬਾਹਰ ਆ ਪਰਸਦੇ ਪੈਰ ਕੋਈ।
ਮਰੀਅਮ-ਨੈਣ ਜਹੇ ਲੱਭ ਅਕਾਸ਼ ਨਾਨਕ,
ਪਾਵੇ ਸਮੇ ਅਨੰਤ ਨੂੰ ਖ਼ੈਰ ਕੋਈ।
ਯੁਰੋਸ਼ਲਮ ਦੇ ਪੱਥਰਾਂ ਵਿਚ ਸਹਿਕੇ,
ਦੂਰ ਗਏ ਯਸੂਹ ਦੀ ਪੈੜ ਕੋਈ।

ਇਬਰਾਹੀਮ ਤੇ ਮਰੀਅਮ ਦੇ ਬੱਚਿਆਂ ਦੀ,
ਯੁਰੋਸ਼ਲਮ ਅਸੀਸ ਦੀ ਨੀਂਦ ਸੁੱਤਾ।
ਪੱਥਰ ਬਣੇ ਨ ਰਿਜ਼ਕ ਈਮਾਨ ਸੰਦਾ,
ਵਲੀ ਵੇਖ ਸ਼ੈਤਾਨ ਵੀ ਗੀਘ ਸੁੱਤਾ।
ਸਲ੍ਹਾਦੀਨ ਦੀ ਰਣਾਂ ਚੋਂ ਗਰਜ ਸੁਣਦੀ,
ਗ਼ਾਜ਼ੀ ਕਦੇ ਵੀ ਮਾਰ ਨ ਡੀਘ ਸੁੱਤਾ।
ਸੁਨਣ ਗੁਰੂ ਨੂੰ ਕ਼ੌਮਾਂ ਦੇ ਵੈਣ ਜਦ ਵੀ,
ਬੰਦਾ ਵਿਚ ਪਰਵਾਜ਼ ਦੀ ਪੀਘ ਸੁੱਤਾ।

ਖੱਡਾਂ, ਜ਼ਹਿਰਾਂ ਤੇ ਹਸਦ ਦੀ ਧੂੜ ਉਹਲੇ,
ਵਕ਼ਤ ਢਕੇ ਅਸੰਖ ਇਤਿਹਾਸ ਪਾਵਨ।
ਰੁਲਣ ਅੰਨ੍ਹੇ ਹਜੂਮ ਵਿਚ ਰੇਤ ਆਂਧੀ,
ਬਰਸੇ ਤੂਰ ਸਨਾਇ ਪ੍ਰਕਾਸ਼ ਪਾਵਨ।
ਨੈਣ ਕੰਨ ਬਿਬੇਕ ਨੂੰ ਨਵੇਂ ਬਖ਼ਸ਼ਣ,
ਗੁਰੂ ਲੱਭਦੇ ਮੋਈ ਪਿਆਸ ਪਾਵਨ।
ਖ਼ਾਸ ਨਕ਼ਸ਼ ਵੀ ਧਰਮ ਦੇ ਤਦੋਂ ਬਣਦੇ,
ਲਾਇ ਸੀਨੇ ਜਦ ਗੁਰੂ ਹੁਲਾਸ ਪਾਵਨ।

ਵੇਖਣ ਲਈ ਫਿਰ ਧਰਤ ਦੀ ਮਹਾਂ ਸੰਗਤ,
ਗੁਰਾਂ ਥਲ ਸਨਾਇ ਦਾ ਲੰਘਿਆ ਸੀ।
ਗੀਤ ਸ਼ੁਤਰ ਸੁਆਰਾਂ ਦੇ ਨਾਲ ਜਾਵਣ
ਸਬਰ ਜ਼ਰਾ ਨ ਦਾਨੇ ਦਾ ਹੰਭਿਆ ਸੀ।
ਜਦੋਂ ਕਾਰਵਾਂ ਦਿਸਣ ਪਿਆਸ-ਡੰਗੇ,
ਨੀਰ ਮੰਗਦਿਆਂ ਜ਼ਰਾ ਨ ਸੰਗਿਆ ਸੀ।
ਸਿਕਦੀ ਜਿੰਦ ਵੀ ਖ਼ੂਹ ਜਾਂ ਕੂਲ ਨੰਨ੍ਹੀ
ਜਿਸਮ ਰੂਹ ਦਾ ਸਾਕ ਨ ਵੰਡਿਆ ਸੀ।

ਯੂਸਫ਼ ਵਾਂਗ ਵਿਚ ਮਿਸਰ ਦੇ ਵੜੇ ਨਾਨਕ,
ਹਾਕਮ ਦੇਸ ਦੇ ਤੁਰਕ ਉਸਮਾਨ ਡਿੱਠੇ।
ਲਾਂਭੇ ਨੀਲ ਤੋਂ ਵਖਰੀ ਨਸਲ ਵਾਲੇ,
ਹਬਸ਼ ਦੇਸ ਦੇ ਅਜਬ ਸੁਲਤਾਨ ਡਿੱਠੇ।
ਲੱਥਾ ਅਰਸ਼ ਤੋਂ ਗੁਰੂ 'ਤੇ ਇਕ ਚੋਲਾ,
ਜਿਸਤੇ ਲੋਕਾਂ ਨੇ ਹਰਫ਼ ਕੁਰਾਨ ਡਿੱਠੇ।
ਚਿੱਤ੍ਰੇ ਹੋਰ ਜੰਬੂਰ ਅੰਜੀਲ ਵਾਲੇ
ਪਏ ਲਿਸ਼ਕਦੇ ਨਾਲ ਈਮਾਨ ਡਿੱਠੇ।

"ਕਾਫ਼ਰ ਜਿਸਮ ਤੋਂ ਜੁਦਾ ਇਹ ਕਰੋ ਚੋਲਾ,"
ਮੱਥੇ ਸ਼ਾਹ ਦੇ ਗ਼ਜ਼ਬ ਲਿਸ਼ਕੋਰਿਆ ਸੀ।
ਟੂਣੇਹਾਰਾਂ ਦੀ ਜ਼ਰਾ ਨ ਪੇਸ਼ ਚੱਲੀ,
ਗੁਰਾਂ ਸਿਹਰ ਦੀ ਧਾਰ ਨੂੰ ਮੋੜਿਆ ਸੀ।
ਜਿਸਮ ਵਿਚ ਵੀ ਆਖ਼ਰੀ ਸਫ਼ਰ ਕੋਈ,
ਤਾਲ ਨਾਲ ਦਰਗਾਹ ਦੇ ਜੋੜਿਆ ਸੀ।
ਬੁੱਤ ਸਿਹਰ ਦੇ ਕੰਕਰਾਂ ਹੋ ਡੁੱਬੇ,
ਗਿਆ ਸਿਦਕ-ਦਰਿਆ ਨ ਹੋੜਿਆ ਸੀ।

ਦੈਵੀ ਵੇਗ ਇਤਿਹਾਸ ਦਾ ਵਿਚ ਗਾਰਾਂ,
ਕਿਸੇ ਚੁੱਪ ਗੰਭੀਰ ਵਿਚ ਫੱਬਦਾ ਏ।
ਜਦ ਨਾ ਦੇਹ ਤੋਂ ਗ਼ੈਬ ਦਾ ਹਰਫ਼ ਟੁੱਟੇ,
ਇਦ੍ਹਾ ਵਹਿਣ ਤਦ ਬਾਹਰ ਆ ਵੱਗਦਾ ਏ।
ਖਰੀ ਸੱਚ-ਜਨੂੰਨ ਦੀ ਕਾਂਗ ਚੜ੍ਹਦੀ,
ਜੜ੍ਹਾਂ ਲਾ ਵਿਚ ਕੌਮਾਂ ਦੇ ਜੱਗਦਾ ਏ।
ਤਦੋਂ ਪੀਰਾਂ ਫ਼ਕੀਰਾਂ ਪੈਗ਼ੰਬਰਾਂ ਨੂੰ
ਨਕਸ਼ ਉੱਡ ਤਹਿਜ਼ੀਬਾਂ ਦਾ ਲੱਭਦਾ ਏ।

ਧੜਕੇ ਦਿਲ ਇਤਿਹਾਸ ਦਾ ਨੀਲ ਲੰਮਾ,
ਵਗੇ ਲਹਿਰਦਾ ਹਬਸ਼ ਦੇ ਦੇਸ ਕਿੰਨੇ।
ਕਦੇ ਆਇਆ ਪ੍ਰਦੇਸੀਆਂ ਵਾਂਗ ਮੂਸਾ,
ਬਦਲੇ ਦਗ਼ੇ ਫਿਰਊਨ ਨੇ ਭੇਸ ਕਿੰਨੇ।
ਨਾਨਕ ਮੁੜੇ ਇਸ ਨੀਲ ਦੇ ਵਹਿਣ ਵੱਲੋ,
ਡੂੰਘੇ ਸ਼ਬਦ ਵਿਚ ਰਲੇ ਵਿਦੇਸ਼ ਕਿੰਨੇ।
ਰਾਹ ਦਿੱਤੇ ਸੀ ਨੇਕ ਦਿਲ ਬੰਦਿਆਂ ਨੇ,
ਭਾਵੇਂ ਕੂਕਦੇ ਮਗਰ ਕਲੇਸ਼ ਕਿੰਨੇ।

ਨਾਨਕ ਮਿਸਰ ਤੋਂ ਸ਼ਾਮ ਦੇ ਵਲ ਆਏ
ਚਿੜੀਆਂ ਜਦੋਂ ਦਮਿਸ਼ਕ ਵਿਚ ਚੂਕੀਆਂ ਜੀ।
ਭੁੱਲੀ ਪੌਣ ਨ ਦਰਦ ਨਸਰਾਨੀਆਂ ਦੇ
ਤੇਗਾਂ ਯਾਦ ਨੇ ਕਹਿਰ ਵਿਚ ਸੂਤੀਆਂ ਜੀ।
ਵਿਚ ਗਿਰਜਿਆਂ ਖ਼ਾਲਿਦ ਦੀ ਤੇਗ ਕਟਕੀ,
ਪੀੜਾਂ ਗੁਰੂ ਦੇ ਸ਼ਬਦ ਵਿਚ ਹੂਕੀਆਂ ਜੀ।
ਸ਼੍ਹਾ ਪਾਰ ਮਰਦਾਨੇ ਦੇ ਰਾਗ ਕੀਤੀ,
ਨਾਚ ਨੱਚਿਆ ਹਲਬ ਵਿਚ ਸੂਫ਼ੀਆਂ ਜੀ।

ਨਾਨਕ ਹਲਬ ਤੋਂ ਫੇਰ ਸਲੀਮ ਤਾਂਈ,
ਡੂੰਘੀ ਰਮਜ਼ ਹਯਾਤ ਸਿਖਾਣ ਚੱਲੇ।
ਉਹਨੇ ਮਿਸਰ ਈਰਾਨ ਦੇ ਕ਼ਿਲੇ ਢਾਹੇ,
ਰੂਹ ਨਾਲ ਉਹ ਤਾਣ ਅਜਮਾਨ ਚੱਲੇ।
ਮਹਿਲ ਮੋਤੀਆਂ ਵਾਲੇ ਉਸਾਰ ਬੈਠਾ,
ਝੂਠੀ ਧੁੰਦ ਰੰਗੀਨ ਉਡਾਣ ਚੱਲੇ।
ਉਸ ਕਿਰਪਨ ਕਠੋਰ ਦੇ ਹੱਥ ਡਾਢੇ,
ਗੁੱਝੇ ਕ਼ੌਮਾਂ ਦੇ ਹੌਕੇ ਸੁਨਾਣ ਚੱਲੇ।

ਗ਼ਜ਼ਬ ਮੀਸਣਾ ਜਦੋਂ ਅਜ਼ਰਾਈਲ ਸੰਦਾ,
ਛਹਿਕੇ ਸਰਕਿਆ ਸ਼ਾਹ ਵਲ ਚੋਰ ਵਾਂਗੂੰ।
ਲੋਚੇ ਜਿੰਦ ਦੀ ਬੂੰਦ ਜਦ ਅੱਡਿਆ ਸੀ,
ਮੂੰਹ ਸਮੇਂ ਵਿਰਾਟ ਦੀ ਗੋਰ ਵਾਂਗੂੰ।
ਹੁੰਮਸ ਭਰੀ ਫ਼ਰੇਬ ਦੀ ਗੁਫ਼ਾ ਉੱਤੇ,
ਹੱਥ ਫੈਲਿਆ ਗੁਰਾਂ ਦਾ ਭੋਰ ਵਾਂਗੂੰ।
ਝੂਠੀ ਲਿਸ਼ਕ ਸੁਰਾਬ ਦੀ ਪਈ ਫਿੱਕੀ,
ਪਾਣੀ ਲਹਿਰਿਆ ਨਦੀ ਦੇ ਲੋਰ ਵਾਂਗੂੰ।

ਯੁਰੋਸ਼ਲਮ, ਮਦੀਨੇ ਤੇ ਹਲਬ ਉੱਤੇ,
ਮਹਿਕੀ ਦਿਲ ਸਲੀਮ ਦੀ ਬੰਦਗੀ ਸੀ।
ਉਦੋਂ ਸ਼ਾਹਾਂ 'ਤੇ ਗੁਰੂ ਦਾ ਕਰਮ ਹੋਇਆ,
ਤਲਬ ਲੋਕਾਂ ਦੀ ਰਹਿਮ ਜਦ ਮੰਗਦੀ ਸੀ।
ਥੋੜ੍ਹੇ ਮੌਤ ਨੇ ਹੋਰ ਸੁਆਸ ਦੇਣੇ,
ਪੁੱਗੀ ਅਉਧ ਪਰ ਰੂਹ ਦੇ ਅੰਧ ਦੀ ਸੀ।
ਫੈਲਣ ਹੱਥ ਇਤਿਹਾਸ ਦੇ ਦੂਰ ਤੀਕਣ,
ਰਹਿਮਤ ਦਿਲ ਸ਼ਹਿਜ਼ਾਦੇ ਦਾ ਰੰਗਦੀ ਸੀ।

ਜਦੋਂ ਰਹਿਮ ਲਈ ਬੰਦਗੀ ਕਰੇ ਪਰਜਾ
ਜੇਕਰ ਰੁੱਤ ਇਲਾਹੀ ਦਾ ਹਾਣ ਹੋਵੇ
ਪੁੱਜੇ ਰੱਬ ਦੀ ਜ਼ਾਤ ਦੇ ਜੋੜ ਬੰਦਾ
ਜਿਦ੍ਹਾ ਸ਼ਾਹਾਂ ਤੋਂ ਵੱਡੜਾ ਤਾਣ ਹੋਵੇ
ਸਿਤਮਗਰਾਂ ਦੇ ਦਿਲਾਂ ਨੂੰ ਮੋਮ ਕਰਦਾ
ਨਜ਼ਰਾਂ ਵਿਚ ਪਰਵਾਜ਼ ਇਲਹਾਮ ਹੋਵੇ
ਕੋਟ ਦਿਲਾਂ ਦੀ ਤਾਰ ਦੇ ਵਿਚ ਗੂੰਜੇ
ਉਹਦਾ ਵਾਂਗ ਇਤਿਹਾਸ ਫ਼ੁਰਮਾਨ ਹੋਵੇ।

ਸੰਤ ਨਾਲ ਇਤਿਹਾਸ ਦੇ ਰਹਿਣ ਪੈਂਡੇ,
ਸੰਤ ਦਿਲਾਂ ਦੇ ਖੇੜੇ ਚੋਂ ਉੱਗਦਾ ਏ।
ਜ਼ਾਤ ਰੱਬ ਦੀ ਕਰਨ ਸ਼ਹੀਦ ਜ਼ਾਲਿਮ,
ਜ਼ਾਹਰੀ ਬਾਤਨੀ ਖੇਡ ਵਿਚ ਪੁੱਗਦਾ ਏ।
ਖ਼ੂਨੀ ਸ਼ਾਹ ਵੀ ਅੰਤ ਨੂੰ ਸੰਤ ਅੱਗੇ,
ਚੋਗ ਪੰਖ ਮਾਸੂਮ ਜਿਉਂ ਚੁੱਗਦਾ ਏ।
ਹੈ ਘਾਇਲ ਇਤਿਹਾਸ ਜ਼ੰਜੀਰ ਅੰਦਰ
ਸੰਤ-ਵਿਜੈ ਪਰ ਨੂਰ ਹਰ ਯੁੱਗ ਦਾ ਏ। -1-

ਵਾਪਸੀ : ਬਾਬੇ ਦੇ ਰਾਹਾਂ ਦੇ ਉਡਦੇ ਪਲ ਕਾਲੇ ਸਾਗਰ ਤੋਂ ਬਾਕੂ ਦੀਆਂ ਅਗਨੀਆਂ

ਕਾਲੇ ਸਾਗਰ ਚੋਂ ਉਠ ਲਹਿਰਾਂ,
ਕੰਨ ਲਾਉਣ ਵਲ ਸਾਲਾਂ।
ਲਿਵ ਅਜਿੱਤ ਨਾਨਕ ਦੀ ਸੁਣਦੀ,
ਯੁਧ-ਨਾਦ ਵਿਚ ਕਾਲਾਂ।
ਲੰਕਾ ਤੋਂ ਯੂਨਾਨ ਤੀਕਰਾਂ
ਸਿੰਧ ਹੰਗਾਲਣ ਸੂਰੇ,
ਅੰਤ ਦੁਆ ਸੰਤ ਦੀ ਜਿੱਤੇ
ਤੀਰ, ਤੁਫ਼ੰਗ ਤੇ ਢਾਲਾਂ।

ਰੌਲੇ ਝੱਗ ਸੁੱਟਦੇ ਖ਼ੂਨੀ
ਆਹ ਯਤੀਮ ਲਰਜ਼ਾਵੇ।

ਰੁਲੇ ਸੁਆਹ ਲਸ਼ਕਰਾਂ ਵਾਲੀ,
ਸ਼ਬਦ ਰਬਾਬ 'ਚ ਗਾਵੇ।
ਨਾਨਕ ਕਾਲੇ ਸਾਗਰ ਕੰਢੇ
ਕੁਝ ਸੁਣਦਾ, ਕੁਝ ਵੇਖੇ,
ਤ੍ਰੈ ਕਾਲ ਅਭਿਮਾਨ 'ਚ ਮਾਤੇ
ਤਕ ਕੁੰਬਲ ਮੁਸਕਾਵੇ।

ਗੁਰੂ ਸਿੱਖ ਇਉਂ ਕਾਲ-ਸੁਰਤ ਨਾ'
ਤੁਰਕ ਦੇਸ ਵਿਚ ਖੇਲਣ
ਨੇੜ ਸਿੰਧ ਕਾਕੇਸ਼ੀ ਚਿਤਵਣ
ਅਗਨੀ-ਲਹਿਰਾਂ ਮੇਲਣ
ਫ਼ਾਰਸ ਹਿੰਦ ਚੋਂ ਤਿਧਰ ਪੰਧਾਊ
ਸੀਸ ਨਿਵਾਂਦੇ ਆਵਣ,
ਤਿਨ੍ਹਾਂ ਨੂੰ ਮਿਲਣ ਲਈ ਗੁਰ ਦਿਲ ਦੇ
ਚਾਅ ਪੌਣ ਵਿਚ ਠੇਲਣ।

ਪਾਵਨ ਅਗਨੀ ਲਾਟਾਂ ਅੱਗੇ
ਹਿੰਦੀ ਸੀਸ ਨਿਵਾਵਣ।
ਕਾਕੇਸ਼ੀ ਸਾਗਰ ਦੇ ਸਾਹਵੇਂ
ਖੰਭ ਅਗਨ ਲਹਿਰਾਵਣ।
ਨਾਨਕ ਤੇ ਮਰਦਾਨਾ ਦੋਵੇਂ
ਏਸ ਹੁਸਨ ਤੋਂ ਸਦਕੇ,
ਰਾਜ਼ ਦਿਲਾਂ ਦੇ ਸ਼ਬਦ ਮੱਥਿਓਂ
ਲਹਿ ਹਰ ਕਾਲ 'ਚ ਜਾਵਣ।

ਬਹੁ ਜ਼ਰਦਸ਼ਤ-ਪੂਜ ਵਲ ਬਾਕੂ
ਵਾਂਗ ਕੁਦਰਤਾਂ ਫੱਬੇ।
ਨਿਹਕਲੰਕ ਦਿਲ ਭੋਲੇ ਹਿੰਦੀ
ਨਿਵੇ ਅਗਨੀਆਂ ਅੱਗੇ।
ਜਦੋਂ ਸਹਿਜ-ਸਿਦਕ ਦੀ ਛਾਂ ਵਿਚ
ਵੇਖੇ ਖੜ੍ਹੇ ਪੁਜਾਰੀ,
ਤਾਂ ਕਾਲ ਚੋਂ ਤਨ ਸਾਗਰ ਦੇ
ਚੰਗੇਜ਼ੀ ਸਰ ਲੱਗੇ।

ਖ਼ੁਰਾਸਨ ਦਾ ਕਦੇ ਮੁਹੰਮਦ
ਵਾਂਗ ਯਤੀਮਾਂ ਨੱਸੇ,
ਲਸ਼ਕਰ ਮਗਰ ਜਨੂੰਨ ਚੰਗੇਜ਼ੀ
ਹੌਲ ਰਿਹਾ ਸ਼ਾਹ ਡੱਸੇ,
ਯਾਦ ਕਰਨ ਕਾਕੇਸ਼ੀ ਲਹਿਰਾਂ
ਰੋਮ ਰੋਮ ਸ਼ਾਹ ਹਫਦਾ;
ਪਿਰਮ-ਰਸ ਅਗ-ਪੂਜ ਦਾ ਨੇੜੇ
ਵਾਂਗ ਤ੍ਰੇਲਾਂ ਵੱਸੇ।

ਰੁਦਨ ਮਰੇ ਮਜ਼ਲੂਮ ਸ਼ਾਹ ਦੇ
ਨਾਨਕ ਦਾ ਦਿਲ ਸੁਣਦਾ,
ਅਗਨ-ਪੁਜਾਰੀ ਖ਼ਾਤਰ ਵੀ ਕੋ
ਦਰ ਉੱਚੇ ਨੂੰ ਚੁਣਦਾ,
ਰੁਲੇ ਸ਼ਾਹ ਜੋ, ਬੁਤ-ਪੂਜ ਵੀ,
ਖਿਮਾਸ਼ੀਲ ਦਿਲ ਵੇਖੇ;
ਉੱਚੇ ਬੁਰਜ ਦੁਆ ਸਾਹਵੇਂ ਆ
ਦਰਦ ਬਣਨ ਓਹ 'ਹੁਣ' ਦਾ।

ਤਬਰੇਜ਼ ਤੋਂ ਮਸ਼ਹਦ ਤਕ

ਬਾਕੂ ਤੋਂ ਮਸ਼ਹਦ ਤਕ ਵਗਕੇ
ਪੌਣਾਂ ਦੇਣ ਸੁਨੇਹੇ :
ਹੋਏ ਵਿਚ ਅੰਗੂਰੀ ਬਾਗਾਂ
ਰਸ ਮਸਤੀ ਦੇ ਬੇਹੇ।
ਸ਼ਮਸ ਪਿੱਛੋਂ ਤਬਰੇਜ਼ ਜਗਾਵਣ
ਕ਼ਦਮ ਅਜ਼ਾਦ ਇਲਾਹੀ,
ਨਾਨਕ ਦੇ ਇਹ ਦੈਵੀ ਪੈਂਡੇ
ਨੂਰ ਲਿਆਣ ਕਿਨੇਹੇ!

ਸੂਫ਼ੀ ਸ਼ਾਹ ਇਸਮਾਈਲ ਦੇ ਰੋਹ ਨੇ
ਸੁੰਨੀ ਕੋਹ ਕੋਹ ਮਾਰੇ,
ਦੂਰ ਹਿਰਾਤ ਤੀਕ ਦੇ ਆਲਮ
ਕਿਬਰ-ਸਾਂਗ 'ਤੇ ਚਾੜ੍ਹੇ,

ਤਦੋਂ ਦੀਨ ਦੇ ਪਰਬਤ ਭਿੜਦੇ
ਦਰ ਤਬਰੇਜ਼ ਦੇ ਅੱਗੇ:
ਭੰਨ ਦੇਣ ਕਿਬਰ ਇਸਮਾਈਲੀ
ਦਲ ਸਲੀਮ ਦੇ ਭਾਰੇ।

ਇਸਫ਼ਹਾਨ ਵਿਚ ਯਾਦਾਂ ਹਾਲੇ
ਸੀ ਅੱਤਾਰ ਨੂੰ ਕੋਹਿਆ,
ਜਿਸ ਤਾਇਰ ਦੀ ਬੋਲੀ ਸਮਝੀ
ਰਾਜ਼ ਉਹੀ ਬਸ ਮੋਇਆ।
ਅੰਤ ਫ਼ਨਾ ਦੀ ਵਾਦੀ ਤੀਕਣ
ਗਾਉਣ ਲਈ ਉਹ ਉੱਡੇ,
ਉਸ ਪੰਛੀ ਦੀ ਸ਼ਾਹਰਗ ਉੱਤੇ
ਵਾਰ ਚੰਗੇਜ਼ੀ ਹੋਇਆ।

ਘਰ ਅੱਤਾਰ ਤੇ ਰੂਮੀ ਦੇ ਸੀ
ਹੋਇ ਦਿਲਾਂ ਵਿਚ ਠੰਢੇ,
ਤੂਸ ਗ਼ਜ਼ਾਲੀ ਫ਼ਿਰਦੌਸੀ ਤੋਂ
ਕਾਲ-ਰਾਹ ਦਿਲ ਮੰਗੇ;
ਰਲ ਇਮਾਮਾਂ ਸ਼ਾਹਾਂ ਸੁੱਟੀ
ਥਲੀ ਹਕ਼ੀਕ਼ਤ-ਕੁੰਜੀ,
ਫ਼ਾਰਸ-ਖ਼ਾਕ ਤਦੋਂ ਥੱਰਾਵੇ
ਵਲੀ-ਨਜ਼ਰ ਜੇ ਲੰਘੇ।

ਮਸ਼ਹਦ ਤੀਕ ਰੂਹ ਦੇ ਮਿਲਦੇ
ਉਤਰ ਰਹੇ ਦਰਿਆ
"ਕੀੜਾ ਥਾਪਿ ਦੇਇ ਪਾਤਿਸਾਹੀ
ਲਸਕਰ ਕਰੇ ਸੁਆਹ"
ਕਾਲ-ਗੀਤ ਫ਼ਿਰਦੌਸੀ ਵਾਲਾ
ਤਰਕ ਮਹੀਨ ਗ਼ਜ਼ਾਲੀ
ਦੀਨ ਬੁਝੇ ਤਾਂ ਚੁਕੀ ਫਿਰਦੀ
ਤੀਲੇ ਵਾਂਗ ਹਵਾ।

ਸ਼ਬਦ ਜਗਾ ਗੁਰ ਮਸ਼ਹਦ ਅੰਦਰ
ਕਹਿਣ: "ਸੁਣੋ, ਹੇ ਸ਼ੇਖ਼ੋ!

ਅਰਦਾਸਾਂ ਨੂੰ ਬਾਲ ਮੱਥੜੇ
ਦਿਲ ਰੋਸ਼ਨ ਕਰ ਟੇਕੋ।
ਜਾਣ ਸਕੇ ਨ ਦਰਦ ਸ਼ੀਆ ਦਾ
ਲੱਖਾਂ ਦਰਦ ਗੁਆਚੇ,
ਰਸਮ ਤੋੜਕੇ ਖ਼ਾਲਸ ਜਲਵਾ
ਰੱਜ ਪੈਗੰਬਰ ਵੇਖੋ।"

ਬੁਖ਼ਾਰਾ ਦੀਆਂ ਖ਼ੂਨੀ ਇਤਿਹਾਸਕ ਕੰਨਸੋਆਂ

ਫੇਰ ਬੁਖ਼ਾਰੇ ਸਮਰਕੰਦ ਚੋਂ
ਮਿਲਣ ਦਹਿਲ ਵਿਚ ਸੋਆਂ;
ਆਮੂ ਤੀਕਣ ਹੂੰਗਰ ਮਾਰੀ
ਸੁੱਕੀ ਰੱਤ ਦੇ ਚੋਆਂ।
ਦੂਰ ਚੰਗੇਜ਼, ਨੇੜ ਸ਼ੈਬਾਨੀ,
ਖ਼ੂਨੀ ਹੋ ਚੰਘਿਆੜਣ!
ਕਲਾ-ਨੰਜ਼ਰ ਤੈਮੂਰ ਦੀ ਭਾਵੇਂ
ਕਰੇ ਮਨੋਹਰ ਲੋਆਂ।

ਤਕ ਰਬਾਬ ਦੀ ਸ਼ਾਹਰਗ ਵਿੱਚੋਂ
ਉੱਠੀ ਗਰਜ ਅਥਾਹ
"ਨਦੀਆ ਵਿਚਿ ਟਿਬੇ ਦੇਖਾਲੇ
ਥਲੀ ਕਰੇ ਅਸਗਾਹ"
"ਕੁਦਰਤ-ਨੈਣ ਤਰੁੰਭ ਸਕੇ ਨਾ
ਖ਼ੂਨਖ਼ਾਰ ਦੀ ਨਹੁੰਦਰ,
ਜਿਨ੍ਹਾਂ ਇਸ਼ਕ ਦਾ ਦਾਮਨ ਫੜਿਆ
ਨਵੇਂ ਖਿੜਾਵਣ ਰਾਹ।"

ਬਲਖ਼ ਦੇ ਖੰਡਰ

ਤੱਕਣ ਬਲਖ਼ ਦੇ ਖੰਡਰ ਉੱਤੋਂ
ਗੁਰ ਆਮੂ ਦਰਿਆ,
ਬੈਠ ਸਿਕੰਦਰ ਜਿਸਦੇ ਪੱਤਣ
ਤਕ ਬਲਖ਼ ਕਹੇ "ਵਾਹ!"

ਸੀ ਵਹਿਸ਼ੀ ਚੰਗੇਜ਼ ਲਸ਼ਕਰਾਂ
ਘਰ ਅੱਲਾ, ਦਿਲ ਲੂਹੇ;
ਫਿਰ ਵੀ ਉਸਦੀ ਰੂਹ ਦਾ ਹੈਸੀ
ਅਜੇ ਹਰਾਤ ਗਵਾਹ।

ਨਿਗ੍ਹਾ ਬਲਖ਼ ਦੇ ਖੰਡਰ ਤੋਂ ਗੁਰ
ਆਦਿ ਸੁੰਨ 'ਤੇ ਪਾਈ,
ਅਰਬਦ ਨਰਬਦ ਸਘਣ ਧੁੰਧ ਚੋਂ
ਉਗਮਨ ਨੂਰ ਇਲਾਹੀ;
"ਅਸਲੀ ਅੰਤਮ ਨੂਰ ਕਸ਼ੀਦੋ"
ਕਹਿਣ: "ਇਹ ਤਾਰਾਗਣ ਚੋਂ,
ਧਰਤੀ ਧਰਮਸਾਲ 'ਤੇ ਭਾਵੇਂ
ਰਾਜੇ ਰਹਿਣ ਕਸਾਈ।

"ਧਰਤੀ ਧਰਮਸਾਲ ਵਿਚ ਧੜਕੇ
ਦਿਲ ਦੈਵੀ ਸਚਿਆਰਾ।
ਇਸਤੇ ਬੇਨੇਮੀ ਦੀ ਵਾਛੜ
ਸੁੱਟੇ ਚਰਖ਼ ਕਰਾਰਾ।
ਬਿਰਖ, ਜੀਵ, ਪੰਖੀ ਤੇ ਬੰਦੇ
ਸਿੱਖਣ ਤਰਜ਼ ਗੁਨਾਹ ਵੀ,
ਤੋੜਣ ਸਚ ਨੂੰ ਮੁੜ ਮੁੜ ਭਾਵੇਂ
ਥੀਏ ਅਸਲ ਲਿਸ਼ਕਾਰਾ।

ਗੁਰੂ ਨਾਨਕ, ਬਾਬਰ ਅਤੇ ਕਾਬਲ

ਰੁੱਤ ਵਿਸਾਖ ਬਲਖ਼ ਤੋਂ ਨਾਨਕ
ਮੁਕ ਮਹਿਕ ਬਣ ਤੁਰਦੇ।
ਵਾਦੀ ਦੇ ਸਭ ਮੋੜਾਂ ਉਹਲੇ
ਗੀਤ ਬਰਫ਼ ਜਿਉਂ ਖੁਰਦੇ।
ਕਾਬਲ ਦੇ ਬਾਗ਼ਾਂ ਵਿਚ ਬਾਬਰ
ਨਾਦ ਹਵਾ ਵਿਚ ਸੁਣਦਾ,
ਜਿਉਂਕਰ ਹਾਰੇ ਰਣਾਂ 'ਚ ਦਰਦੀ
ਢੂੰਡ ਸ਼ਾਹ ਨੂੰ ਮੁੜਦੇ।

ਬਾਗ ਵਿਚ ਬਾਬਰ ਨੂੰ ਸੁਣਦੀ
ਧੁਨੀ ਨਵੀਂ ਅਸਮਾਨੀ;
ਫੁੱਲਾਂ ਪਿੱਛੋਂ ਨੈਣ ਝਾਕਦੇ
ਖ਼ੂਨਖ਼ਾਰ ਹੈਵਾਨੀ;
ਸ਼ੈਬਾਨੀ ਆਮੂ ਦੇ ਕੰਢੇ
ਡਾਢੇ ਰਣ ਵਿਚ ਕੋਹਿਆ,
ਭੂਤ.ਦਿਸੇ ਬਾਬਰ ਨੂੰ ਉਸਦਾ
ਦੂਰ ਨ ਪਰ ਦਿਲਜਾਨੀ।

ਬਾਬਰ ਦੇ ਸੀਨੇ ਵਿਚ ਫੜਕੇ
ਗਗਨ-ਧਾਂਕ ਤੈਮੂਰੀ;
ਫਿਰ ਜਾਮੀ ਦੇ ਹਰਫ਼ 'ਤੇ ਪੜ੍ਹਦਾ
ਇਸ਼ਕ ਜ਼ੁਲੈਖ਼ਾਂ ਨੂਰੀ;
ਫਣ ਵਿਸ਼ੈਲਾ ਸ਼ੇਸ਼ਨਾਗ ਦਾ
ਓਦੀ ਤੇਗ 'ਤੇ ਝੂੰਮੇ
ਫਿਰ ਸੋਚੇ ਸਜਦੇ ਤੋਂ ਕਿੰਨੀ
ਪੈਗ਼ੰਬਰ ਦੀ ਦੂਰੀ।

ਬਾਗਾਂ ਨੇੜੇ ਨਾਨਕ ਗਾਵੇ
ਬਾਬਰ ਸੁਣੇ, ਨ ਬੋਲੇ;
ਗ਼ੈਬੀ ਅਦਲ ਸ਼ਾਹ ਦੇ ਦਿਲ ਨੂੰ
ਮਿਲਣ ਲਈ ਪਰ ਤੋਲੇ;
ਦਿਲ ਜਿੱਤਾਂ ਦੇ ਜਸ਼ਨ ਮਨਾਵੇ
ਖੋਲ੍ਹ ਕਿਬਰ ਦੇ ਬੂਹੇ,
ਦੂਰ ਕਿਤੇ ਫਕਰਾਂ ਦੀ ਅਜ਼ਮਤ।
ਰਹਿਮ ਰਣਾਂ ਤੇ ਡੋਲ੍ਹੇ।

ਘਾਇਲ ਦਿਲ ਬਾਬਰ ਦਾ ਡੂੰਘਾ,
ਉਤਰੇ ਵਿਚ ਡੂੰਘਾਣਾਂ।
ਕਿਤੇ ਸ਼ਹਿਦ ਵਜਦ ਦਾ ਡੁਲ੍ਹਦਾ,
ਕਿਤੇ ਰੁਲਣ ਸਭ ਸ਼ਾਨਾਂ।
ਹਾਰਾਂ ਦੇ ਲਖ ਕੰਡੇ ਚੁਭਦੇ,
ਚੈਨ ਹੋਣ ਬੇਗਾਨੇ,
ਗੁਰ ਨੂੰ ਦੂਰ ਨੇੜ ਤਕ ਟੋਹੇ
ਦਿਲ ਸ਼ਾਹ ਦਾ ਬਉਰਾਣਾ।

ਪੈੜ-ਚਾਪ ਨਾਨਕ ਦੀ ਆਵੇ
ਵਿਚ ਪਠਾਨੀ ਰਾਹਾਂ।
ਗ਼ਜ਼ਨੀ ਤੇ ਕੰਧਾਰ ਦੀ ਮਿੱਟੀ
ਪਈ ਪਸਾਰੇ ਬਾਹਾਂ।
ਵਿਚ ਜਲਾਲਾਬਾਦ ਰਬਾਬੀ
ਬਾਰ ਦੀ ਚੀਸ ਉਠਾਵੇ,
ਕੁਰਮ ਨੈਂਅ ਦਾ ਬ੍ਰਿਹਾ ਰਲਿਆ
ਜਾ ਵਿਚ ਬਾਬਰ-ਸਾਹਾਂ।

ਭਾਗ ਤੀਸਰਾ

ਸੁਲੱਖਣੀ ਦੇ ਗੀਤ ਦੇ ਉਤਾਰ-ਚੜ੍ਹਾ

ਪਸਰੇ ਬਿਮਲ ਛਲਾਂਗ, ਦੇਸ ਪੰਜਾਬ 'ਤੇ
ਬਲੇ ਅਕਹਿ ਇਕ ਤਾਂਘ, ਕਣ ਕਣ ਹੇਠ ਜੀ।
ਕਿਤੇ ਅਜਨਬੀ ਵਾਂਗ, ਚਰਨ ਜੁ ਸੁੱਚੜੇ
ਪੁੱਟਣ ਸਹਿਜ ਪੁਲਾਂਘ, ਦੂਰ ਬਿਦੇਸ ਤੋਂ।
ਐਪਰ ਵਜਦੀ ਸਾਂਗ, ਚਿਰ ਦੀ ਆਸ 'ਤੇ
ਚੜ੍ਹੇ ਜਿਵੇਂ ਇਕ ਕਾਂਗ, ਕਹਿਰ ਅਮਿੱਤ ਦੀ।
ਰੱਤ ਰੰਗਦੀ ਮਾਂਗ, ਆਂਗਣ ਵਸਲ ਦੇ
ਸੁਣੇ ਜਨੂੰਨੀ ਚਾਂਗ, ਘੋੜ ਸੁਆਰ ਦੀ!

ਬਾਰਾਂ ਦੇ ਸਭ ਰਾਹ, ਮਾਤ ਸੁਲੱਖਣੀ
ਮੁੜ ਮੁੜ ਰਹੀ ਜਗਾ, ਸਾਹਵੇਂ ਬੀੜ ਦੇ
ਫ਼ਜਰ ਦੁਪਹਿਰ ਉਮਾਹ, ਜਦੋਂ ਨ ਥੰਮ੍ਹਦੇ
ਜਦ ਤਿੜ ਵਿਚ ਅਸਗਾਹ, ਉਮਰਾਂ ਜਾਣਿਆਂ
ਸਭ ਜੋਬਨ ਦੇ ਸਾਹ, ਮੀਤ ਜੁ ਜਿੰਦ ਦੇ
ਆਂਵਦੇ ਹੁੰਮ ਹੁਮਾ, ਵਿਛੜੇ ਨਾਦ ਜਿਉਂ।
ਮੰਝਧਾਰ ਬੇਥਾਹ, ਰੂਹ 'ਚ ਲਰਜ਼ਦੀ
ਨਾਨਕ ਦੀ ਦਰਗਾਹ, ਦਿਸਦੀ ਕਦੇ ਜੋ
ਰੂਹ 'ਚ ਰਹੀ ਵਿਗਸਾ, ਹਰ ਸ਼ਮਸ਼ਾਨ ਵੀ
ਹਰ ਬਾਣੀ ਬੇਵਾਹ, ਥੰਮ੍ਹੇ ਬ੍ਰਿਹਾ ਨਾ।

ਸੁਣੇ ਕੁਸ਼ਗਣੀ ਸੋਅ, ਸਾਹਵੇਂ ਸੱਚ ਵੀ।
ਕਿੜਾਂ ਪੈਣ, ਪਏ ਰੋ, ਨਾਲ ਨ ਕੁਦਰਤਾਂ।
ਰਾਹੰਜ਼ਨ ਚੋਰ ਲੁਕੇ, ਖੱਡਾਂ ਚੁੱਪ ਨੇ;
ਭੈ ਜਬਲ 'ਰਹੇ ਕੋਹ, ਜਿੰਦ ਬੇਆਸਰਾ,
ਥੱਕ ਗਿਆ ਹਰ ਮੋਹ, ਜਪੁ ਵੀ ਭੁੱਲਿਆ !!
ਪਰ ਅਪਣੱਤ ਵੀ ਕੋ, ਦੂਰ ਨ ਜਾਂਵਦੀ;
ਕਦੇ ਦੇਣ ਮਗ ਟੋਹ, ਭਟਕੀ ਜਿੰਦ ਨੂੰ;
ਚੀਰਦੀ ਜੁਗਨੂੰ-ਲੋ, ਮਹਾਂ ਹਨੇਰ ਨੂੰ। -1-

ਗੁਰੂ ਨਾਨਕ, ਹਸਨ ਅਬਦਾਲ ਅਤੇ ਪਾਵਨ ਪੰਜਾ

ਵਿਚ ਹਸਨ ਅਬਦਾਲ, ਝਿੱਕੇ ਪਰਬਤੀਂ
ਸੁਬਕ ਰਾਤ ਦੀ ਚਾਲ, ਤਾਰੇ ਵੇਖਦੇ।
ਗਿਆ ਚੁੱਪ ਵਿਚ ਤਾਲ, ਡੁੱਬ ਰਬਾਬ ਦਾ
ਮਰਦਾਨਾ ਬੇਹਾਲ, ਰਹੇ ਅਨੀਂਦਰਾ;
ਬੀਤ ਗਏ ਬਹੁ ਸਾਲ, ਠਹਿਰੇ ਕ਼ਦਮ ਨਾ,
ਕਾਫ਼ਰ ਮੋਮਨ ਨਾਲ, ਦਿਲ ਦਾ ਵਾਹ ਸੀ;
ਦੇਖ ਲਏ ਹਰ ਹਾਲ, ਦੇਸ ਵਿਦੇਸ ਵੀ,
ਕੌਣ ਸਕੇ ਸੰਭਾਲ, ਦਿਲ ਦੇ ਸਫ਼ਰ ਨੂੰ।

ਕੀਤਾ ਦਾਨਾ ਦੰਗ, ਵਸਲ ਅਸੀਮ ਨੇ।
ਲੰਘੇ ਕਾਲ-ਤਰੰਗ, ਨਾਲ ਹੋ 'ਤਾਰਿਆਂ।
ਫੇਰ ਰੈਣ ਦੇ ਸੰਗ, ਉਤਰੇ ਜ਼ਿਮੀਂ 'ਤੇ
ਯਾਦ-ਕਾਰਵਾਂ ਹੰਭ, ਠਹਿਰਣ ਕਿਤੇ ਨਾ।
ਚਿਤਵੇ ਸਿੱਧ ਮਲੰਗ, ਗੋਰਖ ਹੱਟ ਦੇ
ਖ਼ੁਸ਼ਕ ਜ਼ੁਹਦ ਦਾ ਡੰਗ, ਮਾਰਨ ਰੂਹ 'ਤੇ।
ਇਲਮ ਵਿਸ਼ਾਲ ਅਨੰਗ, ਹਰ ਇਕ ਦੇਸ ਦਾ
ਦਿਲ ਤਕ ਮਾਰੇ ਖੰਭ, ਵਾਟ ਅਛੋਹ ਤੋਂ।

ਵਲ ਤਾਰਿਆਂ ਵੇਖ, ਦਾਨਾ ਸੋਚਦਾ:
"ਮੁੱਲਾਂ ਸੂਫ਼ੀ ਸੇਖ, ਜਾਣੇ ਰੱਜ ਮੈਂ

ਤਾਤਾਰੀ ਉਜ਼ਬੇਕ, ਤੁਰਕ ਮੰਗੋਲ ਵੀ
ਢੂੰਡਣ ਰਮਜ਼ੀ ਰੇਖ, ਨੈਣੀਂ ਗੁਰੂ ਦੇ।
ਅਨਲਹੱਕ ਦੀ ਹੇਕ, ਭਾਵੇਂ ਸੁਣੇ ਨਾ
ਫਿਰ ਵੀ ਲੋਕ ਅਨੇਕ, ਪਾਉਣ ਸ਼ਹਾਦਤਾਂ।
ਚੜ੍ਹ ਵਿਚ ਬਾਬਰ-ਭੇਖ, ਅੰਨ੍ਹੀ ਗਹਿਰ ਨੇ
ਹਿੰਦ 'ਚ ਧੁਰ ਦੇ ਲੇਖ, ਘਰ ਘਰ ਰੋਲਣੇ।

"ਮਸਾਂ ਦਿਸੇ ਲਿਸ਼ਕੋਰ, ਅਸਲੀ ਸੱਚ ਦੀ
ਸੰਤ ਅਸੰਖ ਕਠੋਰ, ਜਗਤ 'ਚ ਘੁੰਮਦੇ।
ਸੰਤ ਬਦਲਦੇ ਤੋਰ, ਸੰਤ ਨ ਜਾਣਦੇ,
ਕਾਮ ਛੁਪੇ ਬਣ ਚੋਰ, ਸਿਮਰਣ ਕਰਦਿਆਂ।
ਸੱਚ 'ਚ ਹਾਸਿਦ ਸ਼ੋਰ, ਧਮਕੇ ਕਿਬਰ ਦਾ,
ਛੁਪ ਮਨਿ ਪੁਟਦੇ ਗੋਰ, ਵੇਖੇ ਤਪੀ ਮੈਂ;
ਜਿਨ੍ਹਾਂ 'ਚ ਸਾੜਣ ਤੋੜ, ਰਮਜ਼ਾਂ ਉੱਚੀਆਂ,
ਦੱਬੇ ਚੜ੍ਹਦੀ ਲੋਰ, ਵਰਗੇ ਵਲਵਲੇ;
ਐਪਰ ਦਾਤ ਦਾ ਜ਼ੋਰ, ਕਲਜੁਗ ਥੰਮਦਾ,
ਨਾਨਕ-ਮਸਤਕ ਲੋਰ, ਐਸੀ ਜਿੱਤ ਦਾ।"

ਰਥ 'ਤੇ ਹੋ ਸਵਾਰ, ਪਰੀ ਸਵੇਰ ਦੀ
ਪਾ ਫੁੱਲਾਂ ਦਾ ਹਾਰ, ਪਰਬਤ ਵੇਖਦੀ
ਮੂਨਾਂ ਜਿਉਂ ਨੈਅ-ਡਾਰ, ਨਸਦੀ ਧਰਤ 'ਤੇ,
ਸਰਘੀ ਖੜੀ ਮਿਨਾਰ, ਹੇਠਾਂ ਤੱਕਦੀ।
ਕੀਤੇ ਬੰਦ ਦੁਆਰ, ਪਰੀਆਂ ਖ਼ਾਬ ਦੇ,
ਖ਼ਾਲੀ ਵੇਖ ਪੁਲਾੜ, ਬਹੁੜੇ ਰੰਗ ਆ।
ਨੌਬਤ ਵਜਦੀ ਪਾਰ, ਡਾਢੇ ਥਲਾਂ ਦੇ,
ਸੀ ਕਾਰਵਾਂ ਤਿਆਰ, ਵਿਛੜਣ ਨੀਂਦਰਾਂ।

ਦੂਰ ਘਰੋਂ ਫ਼ਰਿਆਦ, ਸੁਣੀ ਸਾਜ਼ਿੰਦੜੇ
ਤੜਪ ਉੱਠੀ ਹਰ ਯਾਦ, ਤਨ ਮਨ ਤੋੜਦੀ।
ਸੰਭਲੇ ਫਿਰ ਦੇ ਦਾਦ, ਉੱਚ ਗਿਆਨ ਨੂੰ,
ਲਿਵ ਕੌਮਾਂ ਦੀ ਵਾਗ, ਗੁਰ ਜਦ ਫੜੀ ਸੀ।
ਮੱਕਾ ਤੇ ਬਗਦਾਦ, ਮਿਸਰ ਈਰਾਨ ਦੇ
ਸ਼ਬਦ-ਕੰਠ ਚੋਂ ਨਾਦ, ਸੁੱਕੇ ਚਿਰਾਂ ਦੇ
ਤਲੇ ਮਹਾਂ ਸਿਲ ਰਾਖ, ਲਭ ਕੁਕਨੂਸ ਦੀ
ਮੀਂਹ ਪਾਇ ਦੇ ਰਾਗ, ਪੰਛੀ ਜਲੇ 'ਤੇ।

ਹਾੜ ਮਹੀਨਾ ਖ਼ਾਸ, ਤਪਿਆ ਉਦੋਂ ਸੀ,
ਪਲਾਂ 'ਚ ਕਰਦਾ ਨਾਸ, ਕੋਮਲ ਸ਼ਬਨਮਾਂ।
ਧਰਤ ਨ ਦੇਵੇ ਵਾਸ, ਬ੍ਰਿਹਣ ਨਾਰ ਨੂੰ
ਨਾਲ ਦੁਪਹਿਰ ਪਿਆਸ, ਧਰਤੀ ਕੋਂਹਦੀ!
ਮੰਗੇ ਬੰਦ ਖ਼ਲਾਸ, ਅੱਜ ਸਾਜ਼ਿੰਦੜਾ,
ਦਿਸੇ ਖ਼ਲਾਅ ਬੇਆਸ, ਨਾਨਕ ਹੁੰਦਿਆਂ!
ਤਿਖਾ ਵਾਂਗ ਅਰਦਾਸ, ਤਿਸਦੀ ਖੜੀ ਇਉਂ
ਸੱਦੇ ਜਿਉਂ ਧਰਵਾਸ, ਕੁਲ ਬ੍ਰਹਿਮੰਡ ਦਾ।

ਸੀ ਅਧੀਰ ਗੁਰ-ਮੀਤ, ਤੇਹ ਸੀ ਅੰਤ ਦੀ,
ਸਿਖਰ ਸਰੋਵਰ ਸੀਤ, ਪੈਂਡਾ ਘੂਰਦਾ।
ਤੱਕਣ ਗੁਰ ਮੁਸਕਾ, ਦਾਨਾ ਹਾਰਿਆ
ਵਜਦ ਦੀ ਘਟਾ ਚੜ੍ਹਾ, ਤਨ ਨ ਜਿੱਤਿਆ।
ਭੁੱਖ ਤੇਹ ਦੇ ਪਾਰ, ਸਾਗਰ ਤਰੇ ਨਾ
ਖਿੱਚੇ ਉਨ੍ਹੂੰ ਪੁਲਾੜ, ਤੰਦਾਂ ਦਿਸਣ ਨਾ।
ਉੱਚਾ ਵਲੀ ਅਗੰਮ, ਬੈਠਾ ਪਰਬਤੀਂ
ਕਿਥਰ ਰਿਹਾ ਨ ਮੰਨ, ਗੀਤ ਪੈਗੰਬਰੀ।

ਗੁਰੂ ਕਿਹਾ: "ਔਹ ਕੂਟ, ਤਕ ਮਰਦਾਨਿਆਂ!
ਜਿਸ ਤਕ ਤੇਰੀ ਹੂਕ, ਸੁਣਦੀ ਵਲੀ ਨੂੰ
ਅਨਕ ਪੈਗੰਬਰ-ਰੂਪ, ਉਸਨੂੰ ਦਿਸ ਰਹੇ
ਹਰ ਦਿਲ ਰਮਜ਼ ਅਨੂਪ, ਉਹ ਹੈ ਜਾਣਦਾ।
ਜਾ ਉਸ ਤਕ, ਨਾ ਚੂਕ, ਕਿਉਂ ਤੂੰ ਲੁਛਦੈਂ?
ਸੀਤ ਸਰੋਵਰ ਮੂਕ, ਮਿਲਸੀ ਓਸ ਥਾਂ।
ਰਹਿਮਤ ਸਬਜ਼ ਮਲੂਕ, ਤੇਰੇ ਸਾਮ੍ਹਣੇ
ਅੰਤ ਸਮੇ ਹਰ ਕੂਕ, ਅੱਲਾ ਸੁਣੇਗਾ।"

ਪਾਕ ਵਲੀ ਦੀ ਨੀਝ, ਨਾਨਕ ਬੁੱਝਿਆ
ਕੀ ਪਰ ਇਲਮ ਤਮੀਜ਼, ਕਿਥਰਾਂ ਰੂਬਰੂ?
"ਸੰਤ ਨ ਜਨਮੇ ਫੇਰ, ਮੈਂ ਬਿਨ ਹੋਰ ਕੋ"
ਝਗ ਸੁੱਟਣ ਦਿਲ ਘੇਰ, ਰਲ ਕਲਜੋਗਣਾਂ
ਬਿਖ ਹਿੰਸਾ ਦੇ ਬੀਜ, ਪੁੰਗਰ ਪਤਾਲ ਚੋਂ
ਦੱਬਣ ਸੰਤ ਦੀ ਰੀਝ, ਉੱਠ ਚੁਫੇਰਿਉਂ!
ਨਾਲ ਹੱਕ ਰੰਗੀਜ, ਰੂਹ ਉਸ ਵਲੀ ਦੀ
ਕੂੜੀ ਬਾਗ 'ਚ ਚੀਜ, ਦੱਬੀ ਜਿਨ ਦੀ।

ਖੜਾ ਸਿਖਰ ਮਰਦਾਨਾ, ਸਾਹਵੇਂ ਵਲੀ ਦੇ
ਨਾ ਰਬਾਬ ਨਾ ਤਾਨਾਂ, ਅਤਿ ਇਕੱਲੜਾ।
ਜ਼ੁਹਦ ਜ਼ਿਕਰ ਮਸਤਾਨਾ, ਅਟਕੇ ਕਿਤੇ ਨਾ
ਪਰ ਕੀਤਾ ਵੀਰਾਨਾ, ਫੱਕਰ ਕਿਬਰ ਨੇ।
ਪਾਕ ਰੂਪ ਵਜਦਾਨਾ, ਖੁਣਸਾਂ ਸਾੜਿਆ
ਉਂਜ ਸੂਫ਼ੀ ਦੀਵਾਨਾ, ਨਾਨਕ ਜਾਣਦਾ।
ਭਿੜੇ ਨਾਲ ਤੂਫ਼ਾਨਾਂ, ਦੀਨ ਸੰਭਾਲਦਾ
ਪਰ ਖੁਣਸਾਂ ਦਿਲ-ਸ਼ਾਨਾਂ, ਡੰਗਣ ਗਰਜਕੇ।:

ਰੋਹ 'ਚ ਵਲੀ ਕੰਧਾਰੀ, ਆਖੇ : "ਫੱਕਰਾ!
ਜੇ ਨਾਨਕ ਬਲਕਾਰੀ, ਮੁਰਸ਼ਦ ਤੈਂਡੜਾ
ਨਾਜ਼ਕ ਵਹੀ ਨਿਆਰੀ, ਉਸਤੇ ਹੋਇ ਜੇ
ਨਾਲ ਹੁਕਮ ਧੁਰ ਜਾਰੀ, ਜੇ ਉਹ ਪਾਲਦਾ
ਤਾਂ ਕਿਉਂ ਨ ਇਸ ਵਾਰੀ, ਰਹਿਮਤ ਕਰੇ ਉਹ?
ਕਿਉਂ ਜਲ ਠੰਢੇ ਤਾਰੀ, ਤਨ ਮਨ ਲਾਉਣ ਨਾ?
ਖੋਟ ਪੀਰ ਵਿਚ ਭਾਰੀ, ਸੁਣ ਲੈ ਮਿੱਤਰਾ!
ਨਕਲੀ ਰਮਜ਼ ਉਧਾਰੀ, ਦੇਵੇ ਦੂਨੀ ਨੂੰ।"

ਤੁਰਤ ਰਬਾਬੀ ਵਾਜ, ਹੇਠੋਂ ਸੁਣੀ ਸੀ
ਰਹਿਮਤ ਦੀ ਪਰਵਾਜ਼, ਝਲਕੀ ਧੁੱਪ ਚੋਂ
ਸੈ ਕਾਲਾਂ ਦੇ ਨੈਣ, ਤੱਕਣ ਦਾਤ ਨੂੰ
ਆਦਿ ਜੁਗਾਦੀ ਵਹਿਣ, ਲੰਘਣ ਸੁਰਤ ਚੋਂ।
ਕਰਵਟ ਲੈਂਦੇ ਰਾਗ, ਸੇਜ ਸਰਾਪ 'ਤੇ
ਹਰ ਪੱਥਰ ਦਾ ਤਾਪ, ਪਲ ਪਲ ਉਤਰਦਾ।
ਹੱਕ ਅਜਿੱਤ ਦਾ ਤਾਜ, ਸੋਹੇ ਸਿਖਰ ਤੇ
ਬੌਣਾ ਜਾਪੇ ਨਾਜ਼, ਹਾਸਿਦ ਵਲੀ ਦਾ।

ਮਰਦਾਨੇ ਦੇ ਰਾਹ, ਬਰਸਣ ਰਹਿਮਤਾਂ,
ਛੋਹ ਰਹੇ ਅਸਗਾਹ, ਸੁੰਞੀ ਜਿੰਦ ਨੂੰ।
ਚਸ਼ਮਾ ਵੇਖੇ ਬੰਦ, ਵਲੀ ਹਰਾਨਿਆਂ
ਖੁਣਸ ਹੋਈ ਪ੍ਰਚੰਡ, ਸਰ ਜਦ ਸੁੱਕਿਆ।
ਜਿਸ ਸਿਲ ਬੰਦ ਸਰਾਪ, ਹੈਸੀ ਜੁਗਾਂ ਦਾ
ਜਿਸ ਵਿਚ ਲਾਅਨਤ ਰਾਸ, ਸੀ ਇਬਲੀਸ ਨੂੰ

ਸਿਲ ਸਰਾਪੀ ਖ਼ਾਸ, ਉਹੀਓ ਵਲੀ ਨੇ
ਸਿਰ ਨਾਨਕ 'ਤੇ ਆਪ, ਸੁੱਟੀ ਰੋਹ ਖਾ।
ਪਰ ਥੰਮ੍ਹੇ ਅਰਦਾਸ, ਉਸਨੂੰ ਜੁਗਾਂ ਦੀ
ਰਹਿਮਤ ਕੀਤਾ ਵਾਸ, ਚਸ਼ਮਾ ਤਲੀ 'ਤੇ।

ਨਾਲ ਹਲੀਮੀ ਵੇਖ, ਹੇਠਾਂ ਵਲੀ ਨੇ
ਵਿਚ ਜੁਗਾਂ ਦੀ ਰੇਖ, ਲਭਿਆ ਆਪ ਨੂੰ;
ਛਿਪਗੇ ਰਵੀ ਅਨੇਕ, ਚੜ੍ਹਨਾ ਜਿਨ੍ਹਾਂ ਨੇ
ਕਦੋਂ ਸੁਣੇਗੀ ਹੇਕ, ਜਿਹੜੀ ਵਿੱਛੜੀ?
ਉਹੀ ਸਕਣਗੇ ਵੇਖ, ਅਪਣੇ ਆਪ ਨੂੰ
ਲਾਉਣਗੇ ਖਿੰਥਾ ਮੇਖ, ਮੁਰਸ਼ਦ ਜਿਨ੍ਹਾਂ ਦੇ
ਜਦੋਂ ਇਲਾਹੀ ਲੇਖ, ਢਕੇਗਾ ਕਿਬਰ ਨਾ
ਜਦ ਬਿਨ ਇਸ਼ਕ ਦੀ ਤੇਗ, ਰਹੇ ਨ ਮਾਲਕੀ।

ਕਰ ਨਜ਼ਰਾਂ ਦੀ ਛਾਂ, ਸੁੱਤੇ ਵਲੀ 'ਤੇ
ਲੰਘੇ ਗੁਰੂ ਝਨਾਂ, ਜਿਹਲਮ ਪਾਰ ਹੋ।
ਦਾਤਾਂ ਵਿਚ ਜਹਾਂ, ਵੰਡ ਜ਼ਮੀਰ ਨੂੰ
ਫੜਣ ਮੁਣਸ ਦੀ ਬਾਂਹ, ਦੇਣ ਦਿਲਾਸੜੇ।
ਮਰਕਜ਼ ਪੰਥ ਅ-ਨਾਂ, ਰਹਿੰਦਾ ਨਾਲ ਸੀ
ਬਿਨ ਵਿਗਾਸ ਪਰ ਨਾਂਹ, ਗੁਰ ਕੁਝ ਮੰਗਿਆ।
ਦਿਲ-ਨਦੀਆਂ ਦੇ ਨਾਂ, ਦੱਸੇ ਜਗਤ ਨੂੰ
ਸਾਗਰ ਦੀ ਪਰ ਥਾਂ, ਸੀ ਗੁਰ ਸਾਮ੍ਹਣੇ।

ਤਲਵੰਡੀ ਵਲ ਆਖ਼ਰੀ ਫੇਰਾ

ਵਗੇ ਹਾੜ ਦੀ ਲੂ, ਧਰਤੀ ਧੁੱਖਦੀ
ਪਈ ਬਾਰ ਦੀ ਧੂਹ, ਪੀਰ ਮੁਰੀਦ ਨੂੰ।
ਵਸਦੀ ਰਸਦੀ ਰੂਹ, ਅਜੇ ਪੰਜਾਬ ਦੀ
ਸੈਦਪੁਰੇ ਦੀ ਜੂਹ, ਅਜੇ ਨ ਉੱਜੜੀ;
ਭਰੇ ਰੱਤ ਦੇ ਖੂਹ, ਭਾਵੇਂ ਅਜੇ ਨਾ
ਹੋਣੀ ਦੇਂਦੀ ਸੂਹ, ਫਿਰ ਵੀ ਪੌਣ ਨੂੰ।
ਤਲਵੰਡੀ ਦੀ ਜੂਹ, ਗੁਰੂ ਉਡੀਕਦੀ,
ਜਿਉਂਕਰ ਬੇੜਾ ਨੂਹ, ਲੰਘੇ ਹੜਾਂ ਨੂੰ।

ਤਲਵੰਡੀ ਦੀ ਸੰਝ, ਦਿਲ ਵੈਰਾਗਦੀ
ਲੰਮੇ ਕਰਕੇ ਪੰਧ, ਜੂਹ ਗੁਰ ਪਰਸਦੇ।
ਬੁੱਢੇ ਪਿੱਪਲ ਹੇਠ, ਨਾਲ ਸਾਜ਼ਿੰਦੜੇ
ਪੜ੍ਹਣ ਬਾਲਪਨ ਲੇਖ, ਦੂਰ ਦੁਰਾਡੜੇ
ਯੁਰੋਸ਼ਲਮ ਬਗ਼ਦਾਦ, ਜਲ ਥਲ ਲੰਘਕੇ,
ਮੰਗੂ ਆਏ ਯਾਦ, ਅੰਦਰ ਬੀੜ ਦੇ।
ਤਰਨਾਪੇ ਵਿਚ ਜੋਗ, ਲੈ ਇਸ ਬੀੜ ਨੂੰ
ਆਏ ਨਾਲ ਸੰਜੋਗ, ਜੋਗੀ ਰੰਗਲੇ;
ਗਏ ਕਈ ਕੈਲਾਸ਼, ਮਹਾਂ ਧਿਆਨ ਲੈ
ਕਈਆਂ ਕਰੇ ਨਿਵਾਸ, ਗੋਰਖ ਹੱਟੜੀ।
ਮਿਲਸਨ ਕੁਝ ਅਚੱਲ, ਸਨ ਕੁਝ ਮੱਤੜੇ;
ਸਿੱਧ ਬਿਗਾਈ ਮੱਲ, ਰਾਵਲ ਬੈਠਦੇ।
ਨਾਨਕ ਨੂੰ ਹਰ ਥਾਂ, ਸਿੱਧਾਂ ਤੱਕਿਆ
ਪਰ ਕੈਲਾਸ਼ ਦਾ ਨਾਂ, ਉੱਚਾ ਜੱਗ ਤੋਂ।
ਹਾਂ! ਇਹ ਸੁੰਦਰ ਬੀੜ, ਵਾਂਗ ਸਰਾਂ ਦੇ,
ਰਹਿ ਗਿਆਨ ਗੰਭੀਰ, ਏਥੋਂ ਵਿੱਛੜੇ।
ਨਾਨਕ ਦਾ ਇਲਹਾਮ, ਇਸ ਥਾਂ ਪੁੰਗਰੇ
ਵਿਚ ਸੰਜੋਗੀ ਸ਼ਾਮ, ਬਿਰਖ ਅਥਾਹ ਉਹ।

ਪਿੱਪਲ ਹੇਠੋਂ ਉੱਠ, ਨਾਨਕ ਵੇਖਦੇ
ਪੀਲੂ-ਵਣ ਦੀ ਗੁੱਠ, ਸੂਰਜ ਡੁੱਬਦਾ।
ਨੀਂਦ, ਨਾਗ ਹਰ ਰੁੱਤ, ਪੁੱਛਣ ਖ਼ਾਕ ਨੂੰ:
"ਕਵਨ ਕਾਫ਼ਲੇ ਛੁਪ, ਮਾਂ ਦਿਲ ਗਿਆ ਉਹ?
ਬਿਖ ਸ਼ੈਤਾਨੀ ਰੀਂਘ, ਜਗਤ ਡਰਾਉਂਦੀ,
ਬਣੇ ਵਿਸ਼ਵ ਦੀ ਨੀਂਦ, ਭੋਲਾ ਬਾਲ ਉਹ।"

ਗੁਰ ਮਰਦਾਨੇ ਨਾਲ, ਆਉਣ ਗਿਰਾਂ ਨੂੰ
ਨਾਲ ਅਜਨਬੀ ਸਾਲ, ਲੰਘਣ ਬੀੜ ਚੋਂ।
ਬੂਹਿਉਂ ਮਾਰੀ ਹਾਕ, ਮੋਈ ਮਾਂ ਨੇ
ਖ਼ਾਕ ਸੰਗ ਕੋ ਸਾਕ, ਮੰਨਣ ਗੁਰੂ ਵੀ।
ਮੌਤ-ਪੰਧ ਦੀ ਹਾਥ, ਦਿਲ ਉਹ ਲੈਣਗੇ
ਜਿਨ੍ਹਾਂ ਪਛਾਣੀ ਰਾਖ਼, ਹਵਾ 'ਚ ਮਾਤ ਦੀ।
ਮੁੱਦਤ ਪਿੱਛੋਂ ਮੀਤ, ਬਾਲਾ ਵੇਖਦਾ
ਬਿਨ ਤਕਿਆਂ ਹੀ ਗੀਤ, ਮੰਜ਼ਿਲ ਜਿਨ੍ਹਾਂ ਦੀ।

ਮਿੱਠੀ ਸੰਝ-ਅਜ਼ਾਨ, ਉੱਠ ਤਲਵੰਡੀਉਂ
ਆਬ ਹਯਾਤ ਛੁਹਾਣ, ਲੱਗੀ ਤਿਖਾ 'ਤੇ;
ਹਰ ਮਜ਼ਾਰ ਦਰਗਾਹ, ਦੋਵੇਂ ਮਸਜਿਦਾਂ
ਮਦਰੱਸੇ ਦੇ ਰਾਹ, ਲੋਚਣ ਅਜ਼ਮਤਾਂ!

ਤੁਰਕੇ ਲੰਮੀ ਵਾਟ, ਮਿਲੀ ਸੁਲੱਖਣੀ
ਭਰੀ ਤਾਰਿਆਂ ਰਾਤ, ਦਿਹੁੰ ਨੂੰ ਮਿਲੇ ਜਿਉਂ।
ਨਾਰੀ ਮਨ ਦਾ ਨਾਜ਼, ਬਹੁਤ ਅਨੂਪ ਹੋ
ਬਣੇ ਸਿਦਕ ਦਾ ਰਾਜ਼, ਉਦੋਂ ਪੈਗੰਬਰੀ
ਜਦ ਜੋਬਨ ਦੀ ਕਾਂਗ, ਸਿਮਰਣ ਸਾਮ੍ਹਣੇ
ਹੋਇ ਹਯਾ ਦੀ ਤਾਂਘ, ਮਹਿਕ ਲੁਕਾਂਵਦੀ।
ਇਉਂ ਪੈਗੰਬਰ ਨਾਲ, ਖੜੀ ਸੁਲੱਖਣੀ
ਜਿਉਂ ਇਕ ਨਦੀ ਜਮਾਲ, ਤਕਦੀ ਹੰਸ ਦਾ।

ਸੁਣਿ ਹਰ ਆਂਗਣ-ਤਾਲ, ਨਾਨਕ ਪਾਤਸ਼ਾਹ
ਮੌਤ ਸਖੀ ਦਾ ਹਾਲ, ਫਿਰ ਜਾ ਪੁੱਛਿਆ।
ਰਾਇ-ਗੋਰ ਅਪਣੱਤ, ਚੁੱਪ 'ਚ ਵਾਰਦੀ
ਮੌਤ ਸਖੀ ਦਾ ਹੱਥ, ਵਿਛੜੇ ਮੇਲਦਾ।
ਅਣਦਿਸਦੇ ਅਸਮਾਨ, ਚੁੱਕਣ ਹੋਣੀਆਂ
ਲਰਜ਼ਾਂਦੇ ਧਰੁ-ਜਾਨ, ਕਾਲ 'ਚ ਕਾਫ਼ਲੇ।
ਰਹਿਮ-ਕੂਰ ਸਿਰਿ ਦਾਰ, ਪਾਉਂਦੇ ਸੰਤ ਨੇ
ਮੂਹ ਅੱਡਦੀ ਗਾਰ, ਦੂਰ ਸਰਾਪ ਦੀ
ਜਪੁ ਨਾਨਕ ਦਾ ਆਪ, ਮੰਜ਼ਿਲ ਸ਼ਬਦ ਦੀ
ਖੜ੍ਹਦਾ ਦਰ ਅਭਿਸ਼ਾਪ, ਪਹਿਰੇਦਾਰ ਹੋ
ਫਿਰ ਵੀ ਅਸਲੀ ਹੋਸ਼, ਕਦੇ ਨ ਹਾਰਦੀ
ਧਰਤਿ ਮਹਤੁ ਦਾ ਜੋਸ਼, ਅਟਕੇ ਕਿਤੇ ਨਾ।

ਮਰਦਾਨੇ ਦਾ ਚਾਅ, ਕਿਤੇ ਨ ਥੰਮ੍ਹਿਆ
ਭਾਵੇਂ ਗੀਤ ਦਾ ਰਾਹ, ਆਖ਼ਰ ਮੁੱਕਣਾ।
ਫੇਰ ਸੁਲੱਖਣੀ ਮਾਤ, ਆਖੇ: "ਨਾਥ ਜੀ
ਹਰ ਡੰਡੀ 'ਤੇ ਝਾਤ, ਪਾਈ ਮੌਤ ਨੇ
ਜਿੰਦ ਸੁੰਵਾ ਫਰਵਾਂ, ਰੋਂਦਾ ਚਿਰਾਂ ਤੋਂ
ਸਖੀਆਂ ਵਰਗੀ ਛਾਂ, ਹੁਣ ਮੈਂ ਲੋਚਦੀ।"

ਗੁਰੂ ਕਹਿਣ: "ਸੁਣ ਮਾਂ, ਗੱਲ ਇਹ ਹੱਕ ਦੀ
ਨਾ ਜਿਸ ਪੱਤਣ ਛਾਂ, ਬ੍ਰਿਛ ਦੀ ਥੱਕਦੀ
ਜਿਸ ਥਾਂ ਭੈਣ ਝਨਾਂ, ਰਾਵੀ ਵਗਦੀ
ਮੇਰੇ ਗਿਰਾਂ ਦੀ ਥਾਂ, ਹੁਣ ਉਹ ਫੱਬਦੀ।" -3-

ਸੈਦਪੁਰ ਵਿਚ ਬਾਬਰ ਦੀ ਇਕ ਰਾਤ

ਦਿਸੇ ਸੈਦਪੁਰ ਲਾਟ, ਖ਼ੂਨ 'ਤੇ ਸ਼ੂਕਦੀ
ਵਿਚ ਕਹਿਰ ਦੀ ਰਾਤ, ਧੁਖਣ ਹਵੇਲੀਆਂ।
ਸਭ ਇਲਾਹੀ ਬੋਲ, ਵਿੰਨ੍ਹਣ ਹੂੰਗਰਾਂ,
ਅੱਧੀ ਰਾਤ ਦਾ ਹੌਲ! ਬਾਬਰ ਜਾਗਿਆ,
ਸ਼ਾਹ ਕਹੇ ਅਨਭੋਲ, ਤਾਰੇ ਵੇਖਕੇ:
"ਬੇਵਫ਼ਾ ਹਰ ਕੌਲ, ਚੌਦਾਂ ਤਬਕ ਦਾ।
ਰਹਿਮ ਇਲਾਹੀ ਦੂਰ, ਲਿਸ਼ਕ ਸੁਰਾਬ ਦੀ,
ਕਿਤੇ ਨ ਦਿਸਿਆ ਨੂਰ, ਅਸਲੀ ਆਖ਼ਰੀ।
ਵਾਹ! ਤੈਮੂਰੀ ਸ਼ਾਨ, ਬਲਣ ਹਵੇਲੀਆਂ,
ਮਾਸ ਰੁਲੇ ਮੈਦਾਨ, ਕਲ ਤਰੱਕਣਾ।
ਸੈਦਪੁਰੇ ਦੀ ਹੂਰ, ਰੱਤ 'ਚ ਲਿੱਬੜੀ,
ਕਿੱਧਰ ਗਏ ਗਰੂਰ, ਤੇਗ ਪਠਾਨ ਦੀ!
ਰੱਤ ਦੇ ਰਣ ਵਿਚ ਝੁੰਮ੍ਹ, ਬਣ ਬਣ ਸੁੱਕਦੇ,
ਪਈ ਤੈਮੂਰੀ ਧੁੰਮ, ਦਿੱਲੀ ਦਹਿਲਦੀ।"

ਪਰ ਅਗਲੇ ਪਲ ਮਾਣ, ਕੰਬੇ ਬਾਬਰੀ
ਜਿਉਂ ਸ਼ੈਬਾਨੀ-ਵਾਣ, ਦੂਰੋਂ ਘੂਰਦਾ।
ਕੈਦ 'ਚ ਦੋਇ ਫ਼ਕੀਰ, ਬਾਬਰ ਚਿਤਵਦਾ,
ਹਰ ਮੋਏ ਦੀ ਪੀੜ, ਸਿਰ 'ਤੇ ਜਿਨ੍ਹਾਂ ਦੇ।
ਤੋੜ ਦੇਣ ਦਰਵੇਸ਼, ਹਰ ਜ਼ੰਜੀਰ ਨੂੰ,
ਉਹ ਨਿਰਭੈਅ ਹਰ ਵੇਸ, ਤੱਕੇ ਲਸ਼ਕਰਾਂ।
ਆਵੇ ਭੈਅ, ਫਿਰ ਮੋਹ, ਉਸ ਦਰਵੇਸ਼ ਦਾ,
ਖੂਹ 'ਚ ਗਿਰਣ ਜਹੀ ਖੋਹ, ਪਵੇ ਜਾਂ ਹਾਰਦਾ।
ਬਾਬਰ ਸੋਚੇ: "ਕੌਣ! ਹਾਕਮ ਜਿੰਦ ਦਾ;
ਜਦ ਲਸ਼ਕਰ ਸਭ ਸੌਣ, ਮੈਂ ਕਿਉਂ ਤ੍ਰਭਕਦਾ?

ਰੱਬੀ ਦਰਦ ਅਪਾਰ, ਤਬਕਾਂ ਰੂਬਰੂ
ਸ਼ਾਹੀ ਤੇਗ਼ 'ਤੇ ਭਾਰ, ਪਾਵੇ ਸੁਬਹ ਤੋਂ।
ਲਹੂ-ਲੁਹਾਣ ਸਵੇਰ, ਲੇਟੀ ਮਾਸ 'ਤੇ
ਕਿਹੜਾ ਸ਼ਿਹਰ ਦਲੇਰ, ਮੈਨੂੰ ਜਿੱਤਦਾ ?
ਕਿਉਂ ਮੈਂ ਬੰਦੀਵਾਨ, ਸੀਸ ਝੁਕਾਂਦਿਆਂ
ਰਖ ਫੱਕਰ ਦੀ ਸ਼ਾਨ, ਛੋਡੇ ਹੱਸ ਕੇ ?
ਸਿਆਲਕੋਟ ਵਿਚ ਗੱਜ, ਦੁਨੀਆਂ ਸੁਣੀ ਸੀ;
ਸੈਦਪੁਰੇ ਪਰ ਅੱਜ, ਕਿਉਂ ਮੈਂ ਹਾਰਿਆ ?"

ਓਧਰ ਅਮਰ ਰਬਾਬ, ਰਣ ਵਿਚ ਵੱਜਦੀ!
ਮਰਦ ਕਾ ਚੇਲਾ ਆਪ, ਨਾਨਕ ਪਾਤਸ਼ਾਹ
ਰਣਭੂਮੀ ਵਿਚ ਜਾਪ, ਜਿਸਦਾ ਮਿੱਠੜਾ
ਬਾਲ ਵਾਂਗ ਸੰਤਾਪ, ਲਾਵੇ ਗਲੇ ਆ।
ਤਲਵੰਡੀ ਤੋਂ ਆਪ, ਆਏ ਚੱਲਕੇ
ਡੋਬੇ ਘਣੇ ਸਰਾਪ, ਮਾਹੀ ਦਿਲਾਂ ਦੇ।
ਤਰਸ-ਖਿੱਚ ਵਿਚ ਕਾਲ, ਏਦਾਂ ਜਾਗਿਆ
ਸੁਣਦਾ ਬਖ਼ਸ਼ਿਸ਼-ਤਾਲ, ਡਿੱਗਣ ਲਾਅਨਤਾਂ।
ਦਯਾ ਧਰਮ ਦਾ ਧੌਲ, ਜਦ ਵੀ ਮੰਨਸੀ
ਤਾਂ ਬਾਬਰ-ਦਿਲ ਮਉਲ, ਸਮੇ 'ਚ ਖਿੜੇਗਾ।
ਇੰਜ ਅਕੇ ਇਹ ਗੀਤ, ਲਾਲੋ ਸੁਣੇਗਾ;
ਜਿੱਤੇ ਵਰ੍ਹਿਆਂ ਤੀਕ, ਬਾਬਰ ਮੀਰ ਨੂੰ।

ਰਚਨਾ ਕਰਤਾਰਪੁਰ ਦੀ

ਸੈਦਪੁਰੋਂ ਕਰ ਵਾਟ, ਰਾਵੀ ਤੀਰ 'ਤੇ
ਦਿਲ ਸਕੂਨ 'ਤੇ ਝਾਤ, ਪਾਈ ਗੁਰਾਂ ਨੇ।
ਮਹਾਂ ਸੱਚ ਦੀ ਜ਼ਾਤ, ਵਿਚ ਇਹ ਕਿਣਕਿਆਂ
ਪਾਏ ਕਾਲ ਨ ਮਾਤ, ਜਿਸਨੂੰ ਜ਼ਰਾ ਵੀ
ਕੋ ਰਿਸ਼ੀਆਂ ਦਾ ਜੁਗ, ਮੌਲੇ ਕਿਰਤ ਚੋਂ
ਕੱਚੇ ਢਾਰੇ ਉੱਗ, ਆਏ ਜ਼ਿਮੀਂ 'ਤੇ।
ਮਿੱਟੀ ਦੇਂਦੀ ਸਾਰ, ਵੱਡੇ ਤਪਾਂ ਦੀ
ਕਾਹੀ ਤੇ ਸਲਵਾੜ, ਲੰਮੇ ਬਾਂਸ ਵੀ।

ਢਾਰੇ ਰਹੇ ਸ਼ਿੰਗਾਰ, ਦਿਲ ਦੇ ਹੁਸਨ ਨੂੰ
ਸਾਬਤ ਦਿਸਣ ਅਕਾਰ, ਨਜ਼ਰਾਂ ਕੋਲ ਜੋ।
ਮੰਗੂ ਪਸ਼ੂ ਅਨੇਕ, ਘੁੰਮਣ ਨਦੀ 'ਤੇ
ਜਿਹਨਾਂ ਨੂੰ ਕੋ ਹੇਕ, ਚਿਰ ਤੋਂ ਲੱਭਦੀ।
ਕੱਚੇ ਘਰਾਂ ਦੇ ਸੀਸ, ਤਾਰੇ ਟਹਿਕਦੇ
ਪਿਉ ਜਿਉਂ ਦੇਣ ਅਸੀਸ, ਤਕ ਤਕ ਬੱਚੜੇ।
ਗੁਰੂ ਗ੍ਰੰਥ ਦੀ ਤੂਕ, ਸਭ ਰਗ ਪੰਖੀਆਂ
ਥਰਕਦੀ ਅਤਿ ਮਲੂਕ, ਰਾਵੀ ਲੰਘਦੀ।
ਬਾਬਰਬਾਣੀ ਹੂਕ, ਅੰਮ੍ਰਿਤ ਵੇਲੜੇ
ਰਹੇ ਇਦ੍ਹੇ ਵਿਚ ਕੂਕ, ਦਰਦ ਤਰੌਂਕਦੀ।
ਸਬਰ ਸਿਦਕ ਪਰਹੇਜ਼, ਬੀਜ ਅਗੰਮ ਨੇ
ਜਦ ਬੀਜੇ ਤਾਂ ਤੇਜ, ਹੁੱਲੇ ਧਰਤ 'ਤੇ।
ਆਖ਼ਿਰ ਨਗਰ ਅਨੂਪ, ਰਚਿਆ ਗੁਰਾਂ ਨੇ
ਜਿਸਦੀ ਨਾਲ ਅਰੂਪ, ਰਹਿਣੀ ਦੋਸਤੀ।

ਵਸਿਆ ਪੁਰ ਕਰਤਾਰ, ਰਾਵੀ ਪੱਤਣਾਂ
ਜਾਪੇ ਬੰਕ ਦੁਆਰ, ਰੂਹ ਦੇ ਸਫ਼ਰ ਦਾ
ਨਾਨਕ-ਪੈੜਾਂ ਘੁੰਮਿ, ਲੰਮੇ ਜਗਤ ਨੂੰ
ਸਾਗਰ-ਲਹਿਰਾਂ ਚੁੰਮਿ, ਲੈ ਦਿਲ ਕਾਰਵਾਂ
ਇਲਮ ਇਲਮ ਦੀ ਰਾਸ, ਧਰਮੀ ਤਾਜ 'ਤੇ
ਰੱਖਣ ਕਰ ਅਰਦਾਸ, ਆਖ਼ਿਰ ਏਸ ਥਾਂ।
ਕੱਚ ਢਾਰਿਆਂ ਕੋਲ, ਚਾਰ ਉਦਾਸੀਆਂ
ਡੂੰਘੇ ਪਾਵਨ ਬੋਲ, ਗੁੰਦਣ ਬੈਠਕੇ।
ਧਰਮਸਾਲ ਇਕ ਖ਼ਾਸ, ਦਿਲ ਸੀ ਕਿਰਤ ਦਾ
ਉਸ ਵਿਚ ਕਰਨ ਨਿਵਾਸ, ਸਤਿਗੁਰ ਜਗਤ ਦੇ।

ਕਦੇ ਮੂਲ ਚੰਦ ਨਾਲ, ਧੀ ਸੁਲੱਖਣੀ
ਲਏ ਅਸਲ ਗੁਰ ਭਾਲ, ਪਰਦੇ ਦੂਨੀ ਲਾਹ
ਇਸ ਪੱਤਣ ਸੰਗ ਮੋਹ, ਉਸਦਾ ਚਿਰਾਂ ਤੋਂ
ਕਰੀ ਉਦ੍ਹੇ ਵਿਚ ਲੋਅ, ਨਾਨਕ ਤਪੇ ਆ।

ਇਕ ਦਿਨ ਆਇ ਇਹ ਥਾਂ, ਕੱਥੂ ਨੰਗਲੋਂ
ਛੋਹੂ ਕੋਈ ਨਵਾਂ, ਨਾਨਕ ਨਾਲ ਜੀ;
ਲਿਸ਼ਕੇ ਅਕਲ ਜਵਾਂ, ਵਿਚ ਮਾਸੂਮੀਆਂ
ਬੁੱਢਾ ਉਸ ਦਾ ਨਾਂਅ, ਪਲ ਵਿਚ ਧੁੰਮਿਆਂ।

ਲਹਿਣਾ ਛੱਡ ਖਡੂਰ, ਜਾਂਦਾ ਪਰਬਤੀਂ
ਪਰ ਨਾਨਕ ਬਣ ਤੂਰ, ਸਾਞ੍ਹੇਂ ਖੜ੍ਹੇ ਆ;
ਅੰਤ ਨਿਖੁੱਟੇ ਕੂੜ, ਪਲ ਵਿਚ ਹਾਰਿਆ
ਕਰੀ ਸੱਚ ਫਿਰ ਦੂਰ, ਮੂਸਾ-ਮੂਰਛਾ!

ਦੌਲਤ ਖ਼ਾਂ ਲੋਧੀ ਦੇ ਅੰਤਮ ਛਿਣ

ਦਰਮਾਂਦਾ ਸੀ ਖ਼ਾਨ, ਤਨ ਮਨ ਪੱਛਿਆ
ਦੂਰ ਸੀ ਪੁਰ ਸੁਲਤਾਨ, ਨੇੜਾ ਸਿਸਕਦਾ।
ਸਾਞ੍ਹੇਂ ਵਿਛੀ ਉਜਾੜ, ਮਗਰ ਲਹੌਰ ਸੀ
ਲਸ਼ਕਰ ਦੀ ਲਲਕਾਰ, ਸੁਣਦੀ ਅਜੇ ਵੀ।
ਸੋਚੇ: "ਥੰਮ੍ਹਾਂ ਵਾਗ, ਘੋੜਾ ਥੱਕਿਆ
ਸੈ ਹਾਰਾਂ ਦੇ ਦਾਗ਼, ਚੁੱਪ 'ਚ ਤੜਪਦੇ।
ਵਿਹਣ ਕੁਸ਼ਗਣੇ ਕਾਗ, ਸਿਖਰ ਹਨੇਰ ਤੋਂ
ਮਗਰ ਸ਼ੂਕਦਾ ਨਾਗ, ਡੰਗਣ ਨੱਸਦਾ।
ਹੱਥ, ਪੈਰ, ਸਿਰ, ਨੈਣ, ਬੇਪਤ ਜਾਪਦੇ
ਦਿਲ ਵਿਚ ਪਾਏ ਵੈਣ, ਕਿੰਨੇ ਬੇਗਮਾਂ।
ਰੋਲ ਦਿਤੇ ਅਫ਼ਗਾਨ, ਬਾਬਰ ਬਲੀ ਨੇ
ਟੁੱਟ ਜਾਵੇਗਾ ਤਾਣ, ਦਿੱਲੀ ਤਖ਼ਤ ਦਾ।
ਲਾ ਬਾਰੂਦੀ ਪੈਰ, ਤੁਰਦੀ ਈਰਖਾ
ਸ਼ਹਿਰ ਲਹੌਰ 'ਤੇ ਕਹਿਰ, ਜ਼ਹਿਰਾਂ ਛਿੜਕਦਾ।"

ਰੂਪ ਅਰੂਪ ਨੂੰ ਥਾਪ, ਪਾਰ ਅਕੀਦਤਾਂ
ਖ਼ਾਨ ਸੁਣੀ ਇਕ ਹਾਕ, ਓਧਰ ਜਾਂਵਦਾ।
"ਪਿੱਛਾ ਕਰੇ ਅਮੋੜ, ਚਾਂਗ ਜਨੂੰਨ ਦੀ
ਬਾਬਰ ਢੂੰਡੇ ਚੋਰ, ਲੈ ਇਬਲੀਸ ਨੂੰ।
ਤੇਗ਼ ਵਿਖਾਏ ਜ਼ੋਰ, ਲੂਹ ਸ਼ਹਿਜ਼ਾਦੀਆਂ
ਕਿਉਂ ਜਗ ਤੱਕਾਂ ਹੋਰ, ਹੋਣਾਂ ਅਰਸ਼ ਮੈਂ?
ਮੈਂ ਫ਼ਰੇਬ ਦਾ ਦਹਿਰ, ਬੁਣਦਾ ਚਿਰਾਂ ਤੋਂ
ਤਲਖ਼ ਹੋ ਬਾਬਰ ਗ਼ੌਰ, ਉਸ ਤੇ ਹੱਸਿਆ।
ਜਦ ਉਸ ਪਾਈ ਖ਼ੈਰ, ਮੈਨੂੰ ਜਿੰਦ ਦੀ,
ਤੁੰਦ ਅਸਹਿ ਉਹ ਵੈਰ, ਜਿੰਦ ਤਰੋੜਦਾ।
ਬੇਪੱਤੀ ਦੀ ਸੁੰਨ, ਰੱਤ ਨੂੰ ਚੰਬੜੀ
ਛੁਪ ਛੁਪ ਛੇਦਦਾ ਘੁਣ, ਬੁੱਢੇ ਹੱਡ ਵੀ।

ਭਾਵੇਂ ਮਿਰੇ ਫ਼ਰੇਬ, ਢਰਣ ਜ਼ਮੀਰ ਨੂੰ
ਕੁਈ ਸ਼ਹੀਦੀ ਤੇਗ, ਭਾਵੇਂ ਕੋਲ ਨਾ
ਫਿਰ ਵੀ ਨਾਨਕ-ਯਾਦ, ਓਵੇਂ ਸੱਜਰੀ
ਰਹੇ ਮਿਰੀ ਫ਼ਰਿਆਦ, ਉਹਲੇ ਸਦਾ ਹੀ।
ਛੂਹ ਨਾਨਕ ਨੂੰ ਬੂੰਦ, ਇਕ ਜੇ ਰਾਵੀਉਂ
ਮੈਂ-ਤਿਖ 'ਤੇ ਪਏ ਕੂੰਦ, ਲੋਚਾਂ ਹੁਣੇ ਹੀ।
ਲੋਚਾਂ ਉਸ ਸੰਗ ਹਾਰ, ਫੇਰ ਨਮਾਜ਼ ਮੈਂ
ਕੀ ਉਹ ਦੂਜੀ ਵਾਰ, ਮਿਲੂ ਅਸੀਸ ਨਾ ?"

ਦਿਲ ਵਿਚ ਦੌਲਤਖ਼ਾਨ, ਡੁਬ ਡੁਬ ਤਰੇ ਇਉਂ
ਦੂਰ ਦਾਰ 'ਤੇ ਜਾਨ, ਫਿਰ ਜਾ ਲਟਕਦੀ।
ਫਿਰ ਉਸਦੇ ਅਰਮਾਨ, ਵੇਈਂ ਚੁੰਮਦੇ
ਬੂੰਦ ਬੂੰਦ 'ਤੇ ਜਾਨ, ਅਟਕੀ ਓਸਦੀ।
ਬੋਲੱਜੀ ਉਹ ਗਹਿਰ, ਖ਼ੂਨੀ ਬਾਬਰੀ
ਰੋਕ ਸਕੀ ਨ ਪੈਰ, ਦੌਲਤ ਖ਼ਾਨ ਦੇ।
ਖੜ੍ਹਾ ਸਾਮ੍ਹਣੇ ਸ਼ਾਇਰ, ਨਾਨਕ ਆਪਣਾ
ਲਹਿਰ ਗੁਨਾਹ ਦੀ ਤੈਰ, ਮੁਰਸ਼ਦ ਪਰਸਦਾ!

ਭਾਗ ਚੌਥਾ

ਬਾਬਾ ਬੁੱਢਾ ਗਿਆਨ ਖੰਡ ਵਿਚ

ਚੇਤ ਮਹੀਨੇ ਵਗਦੀ ਰਾਵੀ, ਵਿਚ ਗੰਭੀਰ ਉਮਾਹ
ਸਹਮ ਕੂੰਬਲਾਂ ਰੁੱਖਾਂ ਉੱਤੇ, ਮਨ ਰਹੀਆਂ ਵਿਗਸਾ
ਟਹਿਣ ਦੀਆਂ ਝੀਥਾਂ ਚੋਂ ਵੇਖਣ, ਕੁਝ ਖਿੜ ਕੁਝ ਸ਼ਰਮਾ
ਪਰੀ ਵਾਂਗ 'ਬਿਰਖ 'ਤੇ ਬਹਿਕੇ, ਨਾਨਕ ਦਾ ਦਰਿਆ।

ਸਰਘੀ ਵੇਲੇ ਪੱਤਣ ਉੱਤੇ, ਵਿਚ ਵਿਸਮਾਦ ਅਗਾਹ
ਉਮਰ ਜੁਆਨ, ਸਮੇ ਦੇ ਅੱਖਰ, ਸਿੱਖ ਪੜ੍ਹੇ ਇਕ ਆ
ਸਿਮਰਣ ਸ਼ਾਂਤ ਮੁੱਖ 'ਤੇ ਡਲ੍ਹਕੇ, ਕਰਤਾਰਪੁਰੋਂ ਲਹਿਰਾ
ਉਸ਼ਾ ਵੀ ਗਈ ਬਾਲਕੇ ਦੀਵਾ, ਗਿਆਨ ਖੰਡ ਦੇ ਰਾਹ।

ਪਾਵਨ ਮੁਖ 'ਤੇ ਮਾਰ ਰਹੀ ਸੀ, ਬਰਫ਼ਾਂ ਵਰਗੀ ਭਾਅ
ਜਗਤ ਕਹੇ ਸਿੱਖ ਨੂੰ ਬੁੱਢਾ, ਖਿੜਦੇ ਰੰਗ ਅਥਾਹ!

ਕਦੇ ਬਜ਼ੁਰਗੀ ਸੁਪਨੇ ਵਰਗੀ, ਕਦੇ ਦਿਸੇ ਅਸਗਾਹ
ਕਦੇ ਹਰਫ਼ ਦੀ ਸੇਜੇ ਸੌਂਦੀ, ਨਾਦ ਅਨੰਤ ਜਗਾ।

ਪੜ੍ਹਦੀ ਨਦੀ ਸਮੇ ਦੇ ਅੱਖਰ, ਲੈਂਦੀ ਕਦੇ ਛੁਪਾ
ਪਕੜ ਕਦੇ ਬੁੱਢੇ ਦਾ ਦਾਮਨ, ਲਏ ਰਹੱਸ 'ਚ ਸਾਹ
ਕਿਸ ਪਰਵਾਜ਼ 'ਚ ਵਸੇ ਬਜ਼ੁਰਗੀ ? ਕਿਸ ਪਰਵਾਜ਼ ਯੁਵਾ ?
ਪਿਰੰਦੇ ਚਾਅ ਝੁੱਲਦੇ ਜਿੱਧਰ, ਸਭ ਬਿਬੇਕ ਉਸ ਜਾਹ!

ਰਾਵੀ ਪੱਤਣ ਬਾਬਾ ਬੁੱਢਾ, ਵੇਖੇ ਮਨ-ਦਰਗਾਹ
ਜਿਸ ਵਿਚ ਲਖ ਪਤਾਲ ਪੌੜੀਆਂ, ਗਗਨ ਰਹੇ ਮੁਸਕਾ
ਜਿੱਥੇ ਕਾਲ ਦੀਆਂ ਮੰਝਧਾਰਾਂ, ਰੱਖੇ ਮੌਤ ਛੁਪਾ
ਪਲ ਪਲ ਗੁਰਮੁਖ-ਨੈਣ ਟੋਂਵਦੇ, ਓਸ ਚੁੱਪ ਦੀ ਥਾਹ।

ਪੰਜ ਬਰਸ ਤੋਂ ਨਾਨਕ-ਦਰ 'ਤੇ, ਨਿਤ ਸੱਜਰੀ ਲੋਅ
ਚਮਕਾਂਦੀ ਸੰਕੇਤ ਆਪਣੇ, ਸਭ ਕੂੰਟਾਂ ਨੂੰ ਛੋਹ
ਅਣਕਹੇ ਸੰਦੇਸ਼ਾਂ ਦੀ ਲਏ, ਮੁੜ ਮੁੜ ਬੁੱਢਾ ਟੋਹ
ਅਣਢੂੰਡੇ ਜਲ ਥਲ ਚੋਂ ਆਵੇ, ਗੁਰਮੁਖ ਦੀ ਖ਼ੁਸ਼ਬੋ

ਰਾਵੀ ਪੱਤਣ ਬੁੱਢਾ ਸੁਣਦਾ, ਜਗ ਮਿੱਠੇ ਦੀ ਲੈਅ
ਕੋੜ ਅਨੰਦ ਵਿਚ ਪਰ ਤੱਕੇ, ਥਲ ਵੇਦਨ ਦੇ ਸੈਅ
ਸੈਦਪੁਰ ਦੇ ਹੌਕੇ ਸੁਣਦਾ, ਪਾਨੀਪਤ ਦੇ ਭੈਅ
ਦੂਰ ਖ਼ਾਕ ਨੂੰ ਖ਼ਾਕ ਦਸਦੀ, ਦਰਦ ਯਤੀਮ ਅਸਹਿ।

ਤਨ ਮਨ ਬੁੱਢੇ ਦੇ ਜਿਵੇਂ, ਹੋ ਗਏ ਇਕ ਉਡਾਣ
ਇਕ ਨਦੀ ਦੇ ਵਹਿਣ ਦੋ, ਜਿਵੇਂ ਅੰਤ ਰਲ ਜਾਣ
ਲਿਵ ਬੁੱਢੇ 'ਤੇ ਹੋਂਵਦੀ, ਜਗਮਗ ਇਕ ਉੱਚਾਣ
ਗੁਰੂ ਜੇਡ ਹੋ ਗੁਰੂ ਨੂੰ, ਸਿੱਖ ਸਕਣ ਪਹਿਚਾਣ।

ਰਮਜ਼ ਸੁਰਤਿ ਦੀ ਥਰਕਦੀ, ਦੋ ਸੌ ਵਰ੍ਹਿਆਂ ਤੀਕ
ਉਤਰੇ ਨਾਨਕ-ਰੂਪ ਸੀ, ਵਾਂਗ ਉਸ਼ਾ ਦੀ ਲੀਕ
ਵਾਰੇ ਪੰਜ ਗੁਰ-ਦਿਲਾਂ 'ਤੇ, ਬੁੱਢੇ ਰੰਗ ਅਮੀਕ
ਵੇਖੋ! ਪਹਿਲਾਂ ਗੁਰੂ ਤੋਂ, ਉਸਦੀ ਰਮਜ਼ ਬਾਰੀਕ।

ਬੁੱਢੇ ਵਾਰੇ ਗੁਰੂ ਤੋਂ, ਸਗਲੇ ਦੂਨੀ ਦੇ ਮੋਹ
ਗੁਰੂ ਉਨ੍ਹੂੰ ਵਿਚ ਕਾਲ-ਨੈਂ, ਜਿੰਦਾ ਦਿਵੇ ਸਮੋ
ਫਿਰ ਨਾਨਕ ਉਹ ਢੂੰਡਦਾ, ਨਾਨਕ ਦੇ ਵਿਚ ਖੋ
ਪਰ ਗੁਰ-ਤੇਜ ਦੇ ਰੂਬਰੂ, ਇਕ ਪਲ ਸਕੇ ਖਲੋ।

ਇਸ ਛਿਣ ਬੁੱਢਾ ਸੁਣ ਰਿਹਾ, ਅੰਤ ਕਾਲ ਦਾ ਨਾਦ
ਇਸ ਪਲ ਅੰਦਰ ਤੜਪਦੀ, ਧਰਮਸਾਲ ਬਰਬਾਦ
ਮੀਰੀ ਪੀਰੀ ਖੜ੍ਹੀ ਲੈ, ਸਿਦਕ ਅਜੈ ਦੀ ਯਾਦ
ਚੁੱਕ ਤੇਗ਼ ਗੁਰ ਪੁੱਛਦਾ: "ਕਿਸ ਪਾਸੇ ਫ਼ਰਿਆਦ?"

ਅਸਗਾਹਾਂ ਤਕ ਲਹਿਰਦੀ, ਨਦੀ ਜਿਹੀ ਆਵਾਜ਼
ਬਾਬਾ ਬੁੱਢਾ ਵੇਖਦਾ, ਦੂਰ ਉੱਡੇ ਸ਼ਾਹਬਾਜ਼
ਪਹਿਰੇਦਾਰ ਜਿਉਂ ਸਮੇ ਦਾ, ਤੱਕੇ ਗੁਰ-ਪਰਵਾਜ਼
ਵਿਚ ਪੋਟਿਆਂ ਥਰਕਦਾ, ਆਦਿ ਗ੍ਰੰਥ ਦਾ ਰਾਜ਼।

ਬਾਬਾ ਬੁੱਢਾ ਜਾਣਦਾ, "ਇਕ ਦਿਨ ਰੁਲਸਾਂ ਖ਼ਾਕ
ਗਿਆਨ ਖੰਡ ਵਿਚ ਸੁਣੇਗੀ, ਪਰ ਨਾਨਕ ਦੀ ਹਾਕ
ਗੁਰ ਵਲ ਸਾਬਤ ਹੋਇਕੇ, ਪਲ ਕੁ ਸਕਾਂ ਜੇ ਝਾਕ
ਮੁੜ ਮਾਹੀ ਦਾ ਬਣਾਂਗਾ, ਮੁੱਢ ਕਦੀਮੀ ਚਾਕ।" -1-

ਪਾਨੀਪਤ, ਮਰਦਾਨਾ ਤੇ ਗੁਰੂ ਨਾਨਕ

ਇੰਞ ਵਿਚ ਕਰਤਾਰਪੁਰ, ਸਮੇ ਸ਼ਾਂਤ ਰਹੇ ਬੀਤ
ਜਦ ਮਰਦਾਨਾ ਆਇਆ, ਗੁਰਾਂ ਕੋਲ ਭੈਅ ਭੀਤ
ਦੱਸੇ: "ਰਾਹ ਲਹੌਰ ਦੇ, ਮੈਂ ਸੁਣੀ ਇਕ ਸੋਅ
ਪਾਨੀਪਤ 'ਤੇ ਗਰਜਿਆ, ਚੜ੍ਹ ਬਾਬਰ ਦਾ ਰੋਹ।
ਰਾਹੀ ਦੱਸਣ: ਉੱਠਦੀ, ਸਭ ਮੋਇਆਂ ਚੋਂ ਹੂਕ
ਨਾਲ ਪ੍ਰੇਤਾਂ ਚਰਖ ਵੀ, ਰਾਤੀਂ ਰਹੇ ਨੇ ਕੂਕ।
ਮੁੜਿਆ ਮੈਂ ਤਲਵੰਡੀਉਂ, ਤਕ ਨਾਰ ਘਰ ਬਾਰ
ਪੁੱਜੀ ਬਾਰਾਂ ਤੀਕ ਵੀ, ਰਣ ਦੀ ਹਾਹਾਕਾਰ।
ਸਚੁ ਤਪਾਵਸੁ ਦਿਸੇ ਨਾਂਹ? ਕੀ ਤੇਰਾ ਫ਼ਰਮਾਨ?
ਵਿਨ੍ਹਣ ਜਿੰਦ ਮਾਸੂਮ ਦੀ, ਰੱਤ ਪੀਣੇ ਘਮਸਾਨ!"

ਸੁਣਿ ਨਾਨਕ ਬ੍ਰਹਿਮੰਡ 'ਤੇ, ਸੁੱਟੀ ਨਜ਼ਰ ਅਮੀਕ
ਮਹਾਂ ਹੁਕਮ ਦੀ ਪਰਸਕੇ, ਪਾਵਨ ਤਰਜ਼ ਬਾਰੀਕ
ਕੇਟਾਂ ਪਰਦੇ ਕਾਲ ਦੇ, ਚੁੱਕਣ ਹੱਥ ਅਰੂਪ
ਮੱਲੀ ਪਹਿਰੇਦਾਰ ਨੇ, ਕਿਹੜੀ ਕੁੰਟ ਅਨੂਪ ?
ਨਾਨਕ ਕਿਹਾ: "ਮੈਂ ਦਸਦਾਂ, ਮਹਾਂ ਹੁਕਮ ਦੀ ਗੱਲ
ਜਿਸ ਵਿਚ ਮਾਨਸ-ਕਰਮ ਦੀ, ਲਹਿਰ ਰਹੀ ਹਰ ਛੱਲ।
ਜਿਵੇਂ ਅਕਾਸ਼ ਅਸੀਮ 'ਤੇ, ਚੜ੍ਹਣ ਛਿਪਣ ਲਖ ਦੌਰ
ਜਿਨਾਂ 'ਚ ਨਾਜ਼ਕ ਤਬਾ ਦੇ, ਦਿਸਣ ਹਜ਼ਾਰਾਂ ਤੌਰ।
ਤੀਰ ਤੁਪਕ ਦੀ ਕਾਂਗ ਨੇ, ਲਹੂ ਅਗਨ ਦੇ ਸੰਗ
ਪਾਨੀਪਤ 'ਚ ਡੋਬਿਆ, ਰਾਉ ਰੰਕ ਨੂੰ ਡੰਗ।
ਉੱਡਣ ਹਾਥੀ ਬੋਟੀਆਂ, ਮੋਏ ਘੋੜ ਸਵਾਰ
ਬੋ ਲੋਥਾਂ ਚੋਂ ਉੱਡ ਕੇ, ਘੁੰਮੇ ਨਾਲ ਗ਼ੁਬਾਰ।
ਭਾਵੇਂ ਮਰੇ ਮਾਸੂਮ ਵੀ, ਪਾਨੀਪਤ ਦੇ ਵਿੱਚ
ਸੱਚੇ ਹੁਕਮ ਤੋਂ ਪਰੇ ਨਾ, ਬਾਬਰ ਮੀਰ ਦੀ ਜਿੱਤ।
ਕਹਿਰ ਉਛਾਲਣ ਦਹਿਰ 'ਤੇ, ਹੈਂਸਿਆਰੇ ਭੂਪ
ਢਾਹ ਕੇ ਮੰਡਪ ਮਹਲ ਨੂੰ, ਜਾਲਣ ਹੂਰ ਮਲੂਕ।
ਹਾਮੀ ਭਰਦੇ ਚੋਰ ਦੀ, ਲੱਖਾਂ ਨੈਣ ਮਾਸੂਮ
ਉਹਲੇ ਖ਼ੂਨੀ ਹੱਥ ਦੇ, ਉਹ ਨ ਹੋਣ ਮਾਲੂਮ।
ਵੱਡੇ ਦੌਰ 'ਚ ਭਲੇ ਮੂੰਹ, ਮੁਜਰਮ ਬਣਦੇ ਖ਼ਾਸ
ਲੰਮੇ ਕੇਸਾਂ ਵਾਲੀਆਂ, ਕਰਨ ਮਸਾਣੀਂ ਵਾਸ।
ਪਾਪੀ ਨਾਲ ਮਾਸੂਮ ਨਾ, ਕਦੇ ਸ਼ਹੀਦ ਕਹਾਣ
ਲੋਥਾਂ ਹੇਠਾਂ ਸ਼ਹਿਨਸ਼ਾਹ, ਮਸਾਂ ਹੀ ਹੋਣ ਪਛਾਣ।
ਹਾਂ! ਲੱਖਾਂ ਬੇਦੋਸ਼ ਵੀ, ਖ਼ੂਨੀ ਦੌਰ ਦੇ ਯਾਰ
ਚੋਲੇ ਜਿਨ੍ਹਾਂ ਦੇ ਉੱਜਲੇ, ਵਸਣ ਮਹੱਲਾਂ ਦੁਆਰ।
ਪਾਕ ਮਾਸੂਮ ਨੂੰ ਕੋਂਹਦਾ, ਜਦ ਸ਼ਾਹਾਂ ਦਾ ਜ਼ੋਰ
ਉਹਲੇ ਖ਼ੂਨੀ ਦੌਰ ਰਹੇ, ਦੌਰ ਸ਼ਹੀਦਾਂ ਹੋਰ।
ਹੋ ਅਜਿੱਤ ਜੋ ਮਰੇਗਾ, ਉਹੀ ਕਹਾਵੇ ਪਾਕ
ਅਸਲ ਸ਼ਹੀਦ ਮਾਸੂਮ ਉਹ, ਉਹੀ ਸਮੇ ਦਾ ਜਾਪ।"

ਸੁਣਿ ਮਰਦਾਨਾ ਚਿਤਵਦਾ, ਵਰ੍ਹੇ ਜੋ ਬੀਤੇ ਪੰਜ
ਸੈਦਪੁਰ ਮੰਝ ਕਰੇ ਉਹ, ਦੂਤਾਂ ਨੇ ਜਦ ਬੰਦ।
ਯਾਦ ਉਹਨੂੰ ਸੀ ਆਂਵਦੇ, ਸ਼ਾਹ ਦੇ ਨੈਣ ਮਾਸੂਮ
ਜਦ ਝੱਖੜ ਸਮ ਗਰਜਕੇ, ਹੋਏ ਸ਼ਾਂਤ ਜਨੂੰਨ।

ਤਦ ਮਰਦਾਨੇ ਪੁੱਛਿਆ: "ਸ਼ਾਹ ਦਰਵੇਸ਼ੀ ਮੰਗ
ਕਿਉਂ ਨਾਨਕ ਦਾ ਭੁੱਲਿਆ, ਪਾਨੀਪਤ 'ਚ ਰੰਗ।
ਜ਼ਮਜ਼ਮ ਦੀ ਇਕ ਬੂੰਦ ਨੂੰ, ਸ਼ਾਹ ਦੀ ਬੰਜਰ ਜਾਨ
ਤੜਪੀ ਹੋਸੀ ਸੈਦਪੁਰ, ਦਰ ਤੈਂਡੇ 'ਤੇ ਆਣ;
ਪਾਨੀਪਤ ਲਹੌਰ ਕਿਉਂ, ਬਦਲੀ ਉਦ੍ਹੀ ਜ਼ਬਾਨ
ਕਿਵੇਂ ਕਲੰਦਰ ਪਾਤਸ਼ਾਹ, ਬਣੇ ਜਿੰਨ ਸ਼ੈਤਾਨ?
ਕਿਵੇਂ ਤੈਂਡੜੇ ਰਾਸਤੇ, ਮਿਲੇ ਹਯਾਤ ਮਹਾਨ
ਜਦ ਬੇਪੱਤ ਆ ਕਰਨਗੇ, ਸ਼ਾਹ ਤੈਂਡਾ ਫ਼ਰਮਾਨ?"

ਸੁਣਿ ਨਾਨਕ ਦੇ ਮੁੱਖ 'ਤੇ, ਪਈ ਆ ਵੇਦਨ-ਛਾਂ
ਆਈ ਲੰਘਕੇ ਕਾਲ ਦੇ, ਗਗਨ ਪਤਾਲ ਅ-ਨਾਂ
ਜਿਵੇਂ ਅੱਥਰੂ ਗੁਰੂ ਦੇ, ਘੁੰਮਕੇ ਕੁਲ ਜਹਾਂ
ਢੂੰਡਣ ਵਿਚ ਰਹੱਸ ਦੇ, ਫ਼ਰਿਆਦਾਂ ਦੀ ਥਾਂ।
ਫੜਦੀ ਯੋਜਨ ਘੁੰਮਕੇ, ਕੁਈ ਅਰਦਾਸ ਮਹਾਂ
ਘਾਇਲ ਰਣਾਂ ਵਿਚ ਤੜਪਦੇ, ਬੇਦੋਸ਼ੇ ਦੀ ਬਾਂਹ।
ਫਿਰ ਮੁਦਰਾ ਗੰਭੀਰ ਚੋਂ, ਸੁਨਣ ਅਗੋਚਰ ਨਾਦ,
ਮਰਦਾਨੇ ਦੀ ਪੀੜਦੀ, ਡੰਗ ਅਸੰਖ ਦੀ ਯਾਦ।
ਬਾਬਰਵਾਣੀ ਪੈ ਰਹੀ, ਕੰਨ ਚੰਗੇਜ਼ 'ਚ ਦੂਰ
ਵੈਣ ਇਹ ਪਾਨੀਪਤ ਦੇ, ਸੁਣੇ ਗੋਰ ਤੈਮੂਰ।
ਹਾਂ! ਸੁਨਣੀ ਬਗ਼ਦਾਦ ਨੂੰ, ਸ਼ਬਦ ਗੁਰੂ ਦੀ ਹੂਕ
ਢਾਏ ਸਿਰ ਮਾਸੂਮ ਦੇ, ਰਹਿਣ ਕੁਰਾਨ ਨ ਮੂਕ।
ਪਾਨੀਪਤ ਲਾਹੌਰ ਦਾ, ਸੀਨਾ ਧੜਕ ਰਿਹਾ
ਬੋਲ ਹਲਾਕੂ ਸਾਮ੍ਹਣੇ, ਵਿਚ ਬਗ਼ਦਾਦ ਪਿਆ:
"ਕੌਮਾਂ ਸੱਚੇ ਸੁਖ਼ਨ ਨੂੰ, ਜਦੋਂ ਜਾਂਦੀਆਂ ਟਾਲ
ਰੂਹ ਦੇ ਪਹਿਲੇ ਕੌਲ ਨੂੰ, ਜਦੋਂ ਸਕਣ ਨ ਪਾਲ
ਰਾਜਿ ਰੰਗ ਤੇ ਮਾਲਿ ਰੰਗ, ਜਦ ਦਿਲ ਲੈਂਦੇ ਠੱਗ
ਬੇਪੱਤ ਬੰਦਾ ਜੀਂਵਦਾ, ਤਾਮ ਹਰਾਮ 'ਤੇ ਲੱਗ।
ਬੰਦਾ ਕਦੇ ਨ ਹਾਰਦਾ, ਹਾਰਨ ਉਸਦੇ ਕੌਲ
ਤਦੋਂ ਹਲਾਕੂ-ਤੇਗ਼ ਤੋਂ, ਜਾਣ ਗੁੰਬ ਵੀ ਹੌਲ।"
ਡੂੰਘੇ ਡੂੰਘੇ ਖ਼ਾਕ ਇਉਂ, ਦਰਦ ਰਹੀ ਸੀ ਕੱਤ
ਮਰਿਆਂ ਸਦੀਆਂ ਹੋਣ ਜੇ, ਫਿਰ ਵੀ ਦਸਦੀ ਸੱਚ
ਮਿਲੇ ਜਾਂ ਓਸੇ ਸਮੇ ਨੂੰ, ਗਲ ਵਿਚ ਬਾਹਾਂ ਘੱਤ
ਚੁੱਪ ਗੁਰੂ ਫਿਰ ਬੋਲਦੇ, ਨਾਲ ਅਮਰ ਅਪਣੱਤ

ਤ੍ਰੈ ਕਾਲਾਂ ਵਿਚ ਵੇਖਕੇ, ਧਰਮਸਾਲ ਦੀ ਗੱਤ :
"ਭਾਵੇਂ ਕੀਤੀ ਮੀਰ ਨੇ, ਦੀਨ ਦੁਨੀ 'ਤੇ ਅੱਤ
ਬਿਜ ਮੰਦਰ 'ਤੇ ਕਟਕਿਆ, ਲੁੱਟ ਹਰਮਾਂ ਦੀ ਪੱਤ
ਮੁਛਿ ਮੁਛਿ ਕੋਇਰ ਰੋਲਿਆ, ਘਣੀ ਵਿਗੁੱਤੀ ਮੱਤ
ਐਪਰ ਇਕ ਛਿਣ ਝਲਕਸੀ, ਰਹਿਮ ਉਦ੍ਹੀ ਵਿਚ ਰੱਤ
ਧੜਕੇ ਜਿਸ ਪਲ ਮੌਂਡਰੀ, ਰਮਜ਼ ਇਲਾਹੀ ਵੱਤ।
ਤੁਰੇ ਕਾਫ਼ਲਾ ਬਾਬਰੀ, ਔਣ ਉੱਚਾਣ ਨਿਵਾਣ
ਰਚਨੇ ਨਕਲੀ ਸ਼ਰ੍ਹਾ ਨੇ, ਜ਼ਾਹਰੀ ਗੁਪਤ ਮੁਕਾਮ।
ਦਸ ਪਾਤਸ਼ਾਹ ਦੀਨ ਦੇ, ਚੋਰ ਮੋਰੀਆਂ ਤੋੜ
ਝੱਲਾਂ ਵਿਚ ਵਿਖਾਉਣਗੇ, ਆਦਮ ਵਫ਼ਾ ਦੇ ਮੋੜ।
ਦੌਰ ਹੁਸੀਨ ਤਲਿਸਮੀ, ਇਸਦੇ ਪੰਧ ਅਨੇਕ
ਦੰਭ, ਹਿਰਸ ਵਿਚ ਸ਼ਾਜ਼ਿਸ਼ਾਂ, ਦਗਣ ਕੁਰਾਨੀ ਲੇਖ।
ਹਾਂ! ਸ਼ਾਹਾਂ ਨੂੰ ਆਵਸੀ, ਕਦੇ ਸੱਚ ਕੁਝ ਯਾਦ
ਮੁਗਲ ਸ਼ੋਰ ਵਿਚ ਸੁਣੇਗਾ, ਵਿਰਦ ਇਲਾਹੀ ਨਾਦ।
ਸ਼ਾਹ-ਰਮਜ਼ ਗੁਰ ਚੁੰਮ੍ਹਸਨ, ਜਿਸਦਾ ਖ਼ਾਲਸ ਵੇਸ
ਕੂੜ ਨਿਖੁਟਸੀ, ਰਹੇਗਾ, ਨਾਜ਼ਕ ਤਾਲ ਹਮੇਸ਼।
ਰਹਿਸਨ ਸਦ ਦਰਵੇਸ਼ੀਆਂ, ਹਰ ਨਾਨਕ ਦੇ ਨਾਲ
ਨਾਮਾ ਜ਼ਫ਼ਰ ਦਾ ਜਰੇਗਾ, ਤੈਮੂਰੀ ਰਣ-ਝਾਲ।"

ਸੁਣਿ ਮਰਦਾਨਾ ਜਾਗਦਾ, ਸਘਣ ਨੀਂਦਰਾਂ ਪਾਰ
ਦਿਲ-ਸ਼ੀਰੀਨੀ ਧੜਕਦੀ, ਐਸੀ ਚੁੱਪ ਦੇ ਬਾਰ
ਕਹਿਕਸ਼ਾਂ ਤਕ ਲਿਸ਼ਕਦੀ, ਰੂਹ ਦੀ ਬਿਜਲੁ ਅਪਾਰ
ਜਿਸਦੇ ਸਾਹਵੇਂ ਮੌਤ ਦੇ, ਸਜਦੇ ਜਗਣ ਹਜ਼ਾਰ।

ਬਾਬਾ ਅਮਰਦਾਸ ਦੀ ਵੇਦਨਾ

ਇੰਞ ਕਰਤਾਰਪੁਰ ਵਿਚ ਨਾਨਕ
ਦਿਲ ਗੁਰਮੁਖਿ ਰੁਸ਼ਨਾਵੇ,
ਏਕ ਕਵਾਉ ਤੀਕ ਰੂਹ ਜਾਕੇ
ਨਾਦ ਅਸੰਖ ਬੁਲਾਵੇ।

ਦੂਰ ਅਦਿੱਖ ਮਰਕਜ਼ਾਂ ਉੱਤੇ
ਦਿਲ ਨਾਨਕ ਰੁਣਝੁਣਦਾ,
ਬਾਸਰਕੇ ਵਿਚ ਅਮਰਦਾਸ ਵੀ
ਨਾਦ ਹੁਕਮ ਦਾ ਸੁਣਦਾ।

ਉਂਜ ਅਗੋਚਰ ਛੋਹਿ ਨ ਹੋਵੇ
ਨਾਦ ਅਕਹਿ, ਬਹੁ ਦੂਰੀ।
ਕਦੇ ਕਦੇ ਵਡ ਸਿਦਕਵਾਨ ਵੀ
ਝੂਰਣ ਵਿਚ ਮਜਬੂਰੀ।

ਹੇਠ ਤਾਰਿਆਂ ਅਮਰਦਾਸ ਨੂੰ
ਪੈਰ-ਚਾਪ ਕੋ ਸੁਣਦੀ,
ਇਕ ਕਵਾਉ ਦੀ ਨੈਂ ਚੋਂ ਆਵੇ
ਕਦੇ ਵਾਜ ਕੋ ਹੁਣ ਦੀ।

ਫੇਰ ਅਚਾਨਕ ਦਿਲ 'ਤੇ ਪੈਂਦਾ
ਭਾਰ ਅਨੋਖਾ ਜਾਪੇ,
ਜਿਸ ਵਲ ਦੂਰ ਦਿਆਂ ਤਬਕਾਂ ਨੇ
ਪੰਧ ਆਪਣੇ ਥਾਪੇ।

ਬਹੁਤ ਦੂਰ! ਪਰ ਨੇੜੇ ਵੀ ਸੀ
ਪੈਰ ਨ ਸਨ ਇਕਲਾਪੇ,
ਭਾਰ ਨ ਜਰਿਆ ਜਾਵੇ ਦਿਲ ਤੋਂ
ਪਰ ਦੋਸਤ ਵੀ ਜਾਪੇ।

ਜਲ ਭਰ ਅਮਰਦਾਸ ਇਉਂ ਉਚਰੇ:
"ਭਾਰ ਅਸਹਿ ਨ ਬੋਲੇ।
ਕਵਨ ਤਰਾਜ਼ੂ ਏਸ ਨੀਂਦ ਨੂੰ
ਦਰ ਦੇਵੀ 'ਤੇ ਤੋਲੇ?

"ਅੰਨ੍ਹੇ ਖੂਹ 'ਚ ਦਿਲ ਨੂੰ ਡੋਬੇ
ਭਾਰ ਅਹਿੱਲ ਕਰੂਰੀ,
ਫਿਰ ਲਹਿਰਾਂਦਾ ਸੂਖਮ ਤੰਦਾਂ
ਪਾ ਗਗਨਾਂ ਦੀ ਦੂਰੀ।

"ਇਕ ਖਿਣ ਇਸਤੋਂ ਸਦਕੇ ਜਾਵਾਂ
ਇਕ ਖਿਣ ਰੋਵਾਂ ਬਾਰੀ,
ਪੀੜ ਅਜਰ ਦੇ, ਪਿਆ ਦਿਖਾਵੇ
ਦਰ-ਰੌਸ਼ਨ ਦੀ ਯਾਰੀ।

"ਭਾਰ ਅਸਹਿ ਤੋਂ ਤੰਦਾਂ ਜਾਵਣ
ਲੋਆਂ ਵੱਲ ਉਤਾਹਾਂ।
ਦੂਰ ਕਿਤੇ ਇਸ ਕੋਟ ਨੂੰ ਸੱਦਣ
ਲਹਰਿ ਅਗੰਮੀ ਬਾਹਾਂ।

"ਮੌਤ ਤੇ ਜੀਵਨ ਦੋਵੇਂ ਦਿੰਦੀ
ਇਸ ਖਿਣ ਦੀ ਦਿਲਦਾਰੀ,
ਜੋ ਅਣਵੇਖੇ ਦਰ ਤੋਂ ਸੱਦੇ
ਮੈਂ ਉਸ ਤੋਂ ਬਲਿਹਾਰੀ।

"ਭਾਵੇਂ ਪਰਖ ਅਜਰ ਹੈ ਉਹਦੀ,
ਮਗ ਨ ਉਹਦਾ ਸਰਾਪੇ;
ਸੁੱਖ ਹਨੇਰ 'ਚ ਉਸਦੀ ਮੈਨੂੰ
ਹੈ ਅਸੀਸ ਜਿਉਂ ਮਾਪੇ।

"ਲੋਕ ਚਤਰਦਸ ਤਿੰਨ ਕਾਲ ਵਿਚ
ਮੈਂ ਤਾਂ ਅਜੇ ਨਿਥਾਵਾਂ,
ਅਜੇ ਤ ਭਾਰ ਜਾਪਦਾ ਮੈਨੂੰ
ਬਖ਼ਸ਼ਸ਼ ਦਾ ਪਰਛਾਵਾਂ।

"ਕਵਨ ਕਾਲ, ਸੰਗਤ, ਕਿਸ ਥਾਂ 'ਤੇ
ਹੋਸਾਂ ਧੁਰੋਂ ਸੁਤੰਤਰ?
ਕਿਵੇਂ ਹੁਕਮ ਦੇ ਮਰਮ ਨੂੰ ਬੁੱਝਾਂ?
ਡਉ 'ਚ ਘਿਰਿਆ ਅੰਤਰ!

"ਮੈਂ ਦਰਵੇਸ਼ ਨ ਰਾਹ ਦਾ ਭੇਤੀ
ਘੇਰਣ ਮੁੜ ਮੁੜ ਛੱਲਾਂ,
ਲਖ ਸੰਕੇਤ, ਅਬੁੱਝ ਮਾਮਲੇ,
ਕਿਵੇਂ ਬੁੱਝ ਮੈਂ ਚੱਲਾਂ।"

ਸਿੱਖਾਂ ਦੀ ਖਿੱਚ

ਰੁੱਤ ਚੇਤ ਦੀ, ਪੁਰ ਕਰਤਾਰ 'ਤੇ,
ਸੈਂਵਾਂ ਦਾ ਪਰਛਾਵਾਂ
ਥਰਕ ਰਿਹਾ ਸੀ ਰਾਵੀ ਉੱਤੇ
ਹੁਸਨ ਕੁਈ ਬੇਨਾਵਾਂ।

ਸਾਢੇ ਛੇ ਬਰਸ ਸਨ ਬਾਕੀ
ਨਾਨਕ ਦੇ ਧਰੁ ਉੱਤੇ,
ਧਰੁਵ ਤੋਂ ਉੱਚਾ ਤਾਜ ਸਾਜਿਆ
ਸਭ ਰੁੱਤਾਂ ਦੇ ਚਾਵਾਂ।

ਬਾਬਰ-ਤੇਗ਼ ਦੀ ਅਜੇ ਵੀਰਾਨੀ
ਵਰ੍ਹਿਆਂ ਪਿੱਛੋਂ ਦਿਲ 'ਤੇ,
ਰਾਜੇ, ਪੀਰ, ਕਾਲ ਸ਼ਰਮਿੰਦੇ
ਰੁਸ ਜਾਣ ਜਦ ਮਾਵਾਂ।

ਤੜਪ ਹਮਾਯੂੰ ਦੀ ਵਿਚ ਦਹਿਲਣ
ਚੜ੍ਹ ਵਾਵਰੋਲੇ ਸੁੰਨੇ,
ਜੁਗਨੂੰ ਵਾਂਗੂੰ ਬੋਲ ਗੁਰੂ ਦਾ
ਉੱਡਦਾ ਵਿਚ ਹਵਾਵਾਂ।

ਰੂਪ ਅਰੂਪ 'ਚ ਮਰਕਜ਼ ਸੈਆਂ
ਸੀ ਨਾਨਕ ਨੇ ਸਿਰਜੇ,
ਕਾਲ-ਬਿਬੇਕ ਦੇ ਖੰਭ ਬਣੇ ਸੀ
ਜਿਹਨਾਂ ਦੀਆਂ ਸ਼ੁਆਵਾਂ।

ਅਮਰਦਾਸ ਸਾਹਵੇਂ ਨ ਹਾਲੇ
ਪੌਣਾਂ ਮੁੱਠੀ ਖੋਲ੍ਹੀ,
ਗੁਰੂ-ਮਹਿਕ ਦਾ ਪੱਲੂ ਫੜਿਆ
ਲਹਿਣੇ ਦੀਆਂ ਦੁਆਵਾਂ।

ਕਦੇ ਕਦੇ ਤਲਵੰਡੀ ਤੋਂ ਆ
ਸਿਦਕ 'ਚ ਬਾਲਾ ਬੋਲੇ:
"ਮੈਂ ਨਾਨਕ ਦੇ ਚਰਨਾਂ ਹੇਠਾਂ
ਦਿਲ ਦੇ ਮਰੂਮ ਵਿਛਾਵਾਂ।

"ਜੇਕਰ ਦੂਤੀ ਜਗਤ ਛੁਪਾਵੇ
ਗੁਰ-ਸਿਮਰਣਿ ਪਲ ਮੇਰੇ,
ਜਮ-ਪੈਰਾਂ ਨੂੰ ਕੱਟ ਮੈਂ ਹੇਠੋਂ
ਕੂਲ ਅਛੂਹ ਲਿਆਵਾਂ।"

ਅਜੇ ਪਠਾਨ ਦੇਸ ਦੀ ਮਿੱਟੀ
ਧੂਹ ਨਾਨਕ ਨੂੰ ਪਾਵੇ,
ਪੀਰਾਂ ਦੇ ਮੁਲਤਾਨੋਂ ਉੱਡਣ
ਸਜਦੇ ਵਿਚ ਹਵਾਵਾਂ।

ਬੀਕਾਨੇਰ ਤੀਕ ਥਲ ਗਾਹੇ
ਸਿਦਕ-ਜਨੂੰਨ ਨੇ ਮੁੜਕੇ,
ਜਿਨਾ ਸ਼ੌਕ ਸਿੱਖ ਦਾ ਓਨਾ
ਤੁਰਣਾ ਨਾਨਕ-ਰਾਹਾਂ।

ਸਿਖ ਤਜੇ ਗੁਰੂ ਨੂੰ ਜੇਕਰ
ਵਿਚ ਹੰਝੂਆਂ ਖੁਰਦਾ,
ਛੁਪਿ ਸਿਆਲਕੋਟ ਦਾ ਮੂਲਾ
ਨਾਨਕ ਬਿਨਾਂ ਨਿਥਾਵਾਂ।

ਗੁਰ ਤੋਂ ਸਿਖ ਛੁਪੇ ਤਾਂ ਮਾਰਣ
ਬ੍ਰਿਹਾ-ਨਾਗ ਫੁੰਕਾਰੇ,
ਜਿੰਦ ਵਿਹਾਜ ਅੰਤ ਨੂੰ ਸੌਂਦਾ
ਹੇਠ ਸਦਾ ਗੁਰ-ਛਾਵਾਂ।

ਮਾਂ ਪੁੱਤਰਾਂ ਦੇ ਸੰਸੇ

ਰਾਵੀ ਵਗਦੀ, ਰੁੱਤਾਂ ਘੁੰਮਣ,
ਅਉਧ ਬੀਤਦੀ ਜਾਂਦੀ;
ਨਿੱਕੀ ਜਹੀ ਇਹ ਵਾਟ ਮੁਣਸ ਦੀ
ਦਾਅਵੇ ਕੋਟ ਜਤਾਂਦੀ।

ਪੁਰ ਕਰਤਾਰ 'ਚ ਸਿਰੀ ਚੰਦ ਦਾ
ਮਨ ਉਪਰਾਮ ਬਹੁ ਹੋਂਦਾ,
ਯੋਗੀ ਵੱਡ ਸਮੇ ਦਾ ਹੋ ਕੇ
ਬੈਠ ਇਕੱਲ 'ਚ ਰੋਂਦਾ।

ਤੇਜ ਅਜਿੱਤ ਪਿਤਾ ਦੇ ਸਾਹਵੇਂ
ਭਾਵੇਂ ਸੀਸ ਝੁਕਾਂਦਾ,
ਝਲਕ ਵੇਖ ਲਹਿਣੇ ਦੇ ਨੈਣੀਂ
ਦਿਲ ਖ਼ਾਲੀ ਦਰਮਾਂਦਾ।

ਜਦੋਂ ਬਿਬੇਕ ਯੋਗ ਦਾ ਪਰਬਲ
ਜਿੰਦ ਵਿਚ ਲਹਿਰਾਂਦਾ
ਤਕ ਰਹੱਸ ਕੁਈ ਵਿਚ ਲਹਿਣੇ
ਤਦ ਸੁੰਨਾ ਹੋ ਜਾਂਦਾ।

ਤਕ ਲਹਿਣੇ ਦਾ, ਮਸਤਕ ਗ਼ੈਬੀ
ਚਿਤਵੇ ਨਿਤ ਉਦਾਸੀ:
"ਔਹ ਹਲੀਮੀ, ਓਸ ਮਰਮ ਨੇ
ਹੋ ਜਾਣਾ ਅਬਿਨਾਸੀ।

"ਝਾਕਾਂ ਸੁਰਤਿ 'ਚ, ਜਿਸ ਚੋਂ ਉੱਗਣ,
ਤੀਖਣ ਖੰਭ ਅਗੰਮੀ
ਕਦੇ ਪਿਤਾ ਦੇ ਧਾਮ ਅਛੂਹ ਵਲ
ਭਰਣ ਉਡਾਣ ਇਹ ਲੰਮੀ।

"ਮਾਹ ਥੋੜ੍ਹੇ ਬੀਤੇ। ਇਹ ਡਾਢਾ
ਲੰਮੇ ਹੱਕ ਜਤਾਏ।
ਅਣਵਿਧ ਕਿਲਾ! ਕਵਨ ਲੈ ਸਿੱਧੀ
ਪਾੜ ਇਹਨੇ ਜਾ ਲਾਏ ?

"ਮੇਰੀ ਹਰ ਸਿੱਧੀ ਦੇ ਆਸਨ
ਉੱਚੇ ਬਹੁਤ ਉਚੇਰੇ।
ਘਾਹ ਰੇਸ਼ਮੀ ਅਜ਼ਮਤ ਉਸਦੀ
ਪਾਉਂਦੀ ਛੇਕ ਘਨੇਰੇ!

"ਵਾਣ ਸਿੱਧੀਆਂ ਦੇ ਲੈ ਬੈਠੇ
ਬਲ ਪਰਬਤ ਜਹੇ ਮੇਰੇ
ਕੂਲੇ ਕਮਲ ਜਿਹਾ ਪਰ ਲਹਿਣਾ
ਵਿੰਨ੍ਹ ਰਿਹਾ ਮੈਂ ਜੇਰੇ।"

ਸੁਣਿ ਅਤੀਤ ਨੂੰ ਸੈ ਕਰੁੰਬਲਾਂ
ਟਾਹਲੀ 'ਤੇ ਮੁਸਕਾਵਣ,
ਸਿਰ ਚੁੱਕੇ ਤਾਂ ਬ੍ਰਿਛ ਵਲ ਦੋ
ਮਾਂ ਪੁੱਤ ਪਏ ਆਵਣ।

"ਸਿਰੀ ਚੰਦ, ਸੁਣ!" ਕਹੇ ਸੁਲੱਖਣੀ
"ਕਾਹਤੋਂ ਨੈਣ ਉਦਾਸੇ ?
ਔਡ ਪਿਤਾ ਹੁੰਦਿਆਂ ਤੇਰੇ
ਵਿਚ ਇਕੱਲ ਕਿਉਂ ਵਾਸੇ ?"

"ਕੱਲਾ ਤਿਆਗ ਮਿਰਾ ਧ੍ਰੂਵ ਤਾਰਾ"
ਸੁਤ ਇਉਂ ਸੁਖ਼ਨ ਅਲਾਏ:
"ਲਹਿਣਾ ਘਾਹ ਰੇਸ਼ਮੀ ਸੁੱਚਾ
ਪਿਤਾ ਦੇ ਮਨ ਨੂੰ ਭਾਏ।

"ਉਚ ਆਸਨ ਮੇਰਾ ਵੀ, ਐਪਰ
ਦੂਰ ਪਿਤਾ ਤੋਂ ਵਾਸੇ।
ਮੈਂ ਅਤੀਤ ਚਿਰਾਂ ਦਾ ਮਾਏ
ਫਿਰ ਵੀ ਦਿਵਾਂ ਦਿਲਾਸੇ।"

ਸੁਣਕੇ ਲਖਮੀ ਰੋਹ 'ਚ ਗਰਜੇ :
"ਘਾਹ ਰੇਸ਼ਮੀ ਲਹਿਣਾ
ਤੂੰ ਧ੍ਰੂਵ ਤਾਰਾ, ਤਾਂ ਉਸ ਨੇੜੇ
ਸਰਕ ਸਰਕ ਜਾ ਰਹਿਣਾ।"

ਸੁਣਿ ਗੰਭੀਰ ਸ਼ਾਂਤ ਹੋ ਯੋਗੀ
ਹੋ ਸ਼ਬਦ ਦਾ ਹਾਣੀ
ਮਨ ਪਰਦੇਸੀ ਛੁਹਕੇ ਬੋਲੇ
"ਸੁਣੋ ਵੀਰ ਮੈਂ-ਬਾਣੀ।

"ਦੈਵੀ ਹੱਥ ਦਾਤ ਜਦ ਵੰਡਣ
ਪੁੱਤ ਪਿਤਾ ਨਾ ਕੋਈ।
ਇਹ ਜੋ ਦਿਲ ਦੇ ਤਲਖ਼ ਉਲਾਂਭੇ
ਹਿਰਸ ਜਗਤ ਦੀ ਹੋਈ।

"ਅਨਹੱਦ ਨਾਦ ਜੁ ਦਸਮ ਦੁਆਰੇ
ਵਣਜ ਨ ਜਗ ਦਾ ਕਰਦਾ
ਲਾਟ ਈਰਖਾ ਦੀ ਜੇ ਚਮਕੇ
ਹੋ ਨਿਰਲੇਪ ਉਹ ਜਰਦਾ।

" 'ਕੱਲਾ ਪਰਬਲ ਵੇਗ ਯੋਗ ਦਾ
ਜਦ ਜਗ-ਸਾਂਝ ਗੁਆਏ
ਖ਼ੁਸ਼ਕ ਜੀਭ ਦੇ ਨਾਲ ਭਕਸ਼ਦਾ
ਮਿਥਿਆ-ਜਗਤ ਦੇ ਸਾਏ।"

ਸੁਣਕੇ ਲਖਮੀ ਦੇ ਮਨ ਧੀਰਜ
ਘੜੀਆਂ ਇਕ ਦੋ ਆਈ,
ਨੀਰਸ ਸ਼ੋਰ ਸੁਰੰਗ ਦੇ ਅੰਦਰ
ਫਿਰ ਉਸ ਦੌੜ ਲਗਾਈ।

ਦਿਸੇ ਤਿਆਗ ਪੁੱਤ ਦਾ ਸੁੱਚਾ
ਦਿਲ ਪਰ ਮਾਂ ਦਾ ਭਰਿਆ;
ਮਾਂ ਨੂੰ ਮੋਹੇ ਜਗ ਦੀ ਆਭਾ
ਜਿਸਨੂੰ ਪੁੱਤਰ ਤਰਿਆ।

ਹੋਈ ਅਸੀਸ ਮਾਂ ਦੀ ਉੱਚੀ
ਦਸਮ ਦੁਆਰਾ ਨੀਵਾਂ।
ਮਾਂ ਕਹੇ: ਮੈਂ ਯੋਗ ਪੁੱਤ ਦਾ
ਨਾਲ ਦਰਦ ਦੇ ਸੀਵਾਂ।"

ਸੰਝ ਦਾ ਦੀਵਾ ਚੇਤ ਮਹੀਨੇ
ਧਰੰਮਸਾਲ ਵਿਚ ਜਗਿਆ।
ਮਾਂ-ਨੈਣਾਂ ਵਿਚ ਹੰਝੂ ਕੋਈ
ਪੁੱਤਰ-ਮੋਹ ਦਾ ਵਗਿਆ।

ਅਚਲ ਵਟਾਲਾ:
ਦੈਵੀ ਦਾਤ ਤੇ ਸਿੱਧੀਆਂ

ਵਾਹ! ਕਰਤਾਰਪੁਰ ਵਿਚ ਨਾਨਕ
ਲੱਖਾਂ ਸੁਖ਼ਨ ਉਚਾਰੇ,
ਸਭ ਸੰਕੇਤ ਗਵਾਹੀ ਵਾਂਗੂੰ
ਬਾਣੀ ਮੰਝ ਉਤਾਰੇ।

ਨਾਨਕ ਸੱਚ-ਵਜਦ ਪੀ ਦਿੰਦੇ
ਪੁਰ ਕਰਤਾਰ 'ਚ ਹੋਕਾ:
"ਨਿਰਛਲ ਦਾਤੋਂ ਲੈਕੇ ਬਰਕਤ
ਸੰਤੋ ਕਰੋ ਨ ਧੋਖਾ।

"ਦਾਤ ਹੈ ਨਿਹਕਲੰਕ ਵਡ ਸੂਰਜ;
ਕਰਾਮਾਤ ਨਾ ਲੋਕੋ!
ਸ਼ਕਤੀ ਬਿਫਰ ਭੁੱਲਦੀ ਆਖ਼ਿਰ;
ਅਮਰ ਦਾਤ ਨਾ ਲੋਕੋ!"

ਇਕ ਦਿਨ ਲਹਿਣਾ ਪੁੱਛੇ: "ਸਤਿਗੁਰ!
ਇਹ ਕੀ ਖੇਡ ਨਿਰਾਲੀ!
ਪਹਿਲਾਂ ਮੰਗ ਹੁਕਮ ਤੋਂ ਯੋਗੀ,
ਬਣਨ ਹੁਕਮ ਦੇ ਵਾਲੀ।

"ਸ਼ਿਵਰਾਤ ਨੂੰ ਅਚਲ 'ਚ ਯੋਗੀ
ਕਿੰਜ ਦਾਤ ਵਿਚ ਫਾਥੇ ?
ਜਿਸ ਦਾਤ ਲਈ ਸੀਸ ਝੁਕਾਏ
ਦਾਤ ਉਹੀ ਲੈ ਮਾਤੇ।"

ਲਹਿਣਾ ਬੋਲੇ, ਗੁਰੂ ਨ ਬੋਲਣ,
ਵਿਚ ਦਿਲਦਾਰੀ ਗੁੰਮਣ,
ਸਿੱਖ-ਬੋਲ ਕਿਰ ਸ਼ਬਨਮ ਵਾਂਗੂੰ
ਅਨਹੱਦ ਰੁਖ ਨੂੰ ਚੁੰਮਣ।

ਬਾਲਾ, ਬੁੱਢਾ ਤੇ ਮਰਦਾਨਾ
ਗੁਰ-ਬੋਲਾਂ ਨੂੰ ਤਾਂਘਣ,
ਦੂਰ ਕਿਤੇ ਸਾਗਰ ਵਿਚ ਤਰਦੇ
ਪਿਰ-ਜਹਾਜ਼ ਦੇ ਵਾਂਗਣ।

ਗੁਰੂ ਕੋਲ ਬੈਠਾ ਮਰਦਾਨਾ
ਯਾਦ ਦੀ ਵਿਚ ਖ਼ੁਮਾਰੀ,
ਚਿਤਵੇ ਦੇਸ ਬਿਦੇਸ ਦੀ ਵਾਟੇ
ਗੁਰ-ਜਿੱਤਾਂ ਦੀਦਾਰੀ।

ਲੰਮੀ ਚੁੱਪ ਤੋੜ ਮਰਦਾਨੇ
ਕਿਹਾ ਵਾਂਗ ਵੈਰਾਗੀ
ਅੰਤਮ ਵਾਰ ਜਿੱਤ ਇਕ ਤੇਰੀ
ਵੇਖ ਲਵਾਂ, ਸਿਕ ਜਾਗੀ।

"ਜਦ ਜਵਾਰਭਾਟੇ ਦੇ ਵਾਂਗੂੰ
ਜੋਗ-ਸਿੱਧੀਆਂ ਉੱਠਣ,
ਕਿਵੇਂ ਜਹਾਜ਼ ਤਰੇ ਗਾ ਤੇਰਾ
ਹਉਂ-ਖਰੂਦ ਦਿਲ ਕੁੱਠਣ ?

"ਸੰਗਤ ਨਾਲ ਮਿਰਾ ਦਿਲ ਲੋਚੇ
ਅਚਲ ਵਟਾਲੇ ਚੱਲੋ।
ਹਉਂ 'ਚ ਬੰਦੀ ਦਾਤ ਇਲਾਹੀ
ਲਉ ਛੁਡਾ, ਘਰ ਘੱਲੋ।"

ਤਾਂ ਜਪੁ-ਰੰਗ 'ਚ ਸੁਬਹ ਨੂੰ ਨਾਨਕ
ਚੱਲੇ ਸੰਗਤ ਨਾਲੇ;
ਰਾਵੀ ਪਾਰ ਕਰਨ, ਜਾ ਲਾਏ
ਆਸਣ ਅਚਲ ਵਟਾਲੇ।

ਸ਼ਾਂਤ ਫਹਿਕਦੀ ਬੇਰੀ ਹੇਠਾਂ
ਸੀ ਅਡੋਲ ਗੁਰ-ਸੁਰਤੀ।
ਪਰੇ ਅਸ਼ਾਂਤ ਸਿੱਧ ਬਹਿ ਕੋਈ,
ਪਏ ਕੁਰੇਦਨ ਜੁਗਤੀ।

ਬੋਚ ਬੋਚ ਮਾਇਆ ਦਾ ਲੋਟਾ
ਸੀ ਤੁਰਦਾ ਇਕ ਜੋਗੀ;
ਨਿਗ੍ਹਾ ਚੋਰ, ਬੁੱਲ੍ਹ ਖਿਸਿਆਣੇ,
ਸਿੱਧ ਨਹੀਂ, ਉਹ ਭੋਗੀ।

ਤੇਜ-ਤਪ ਭਗਤੀਆਂ ਦੇ ਤੋਂ
ਭੰਗਰ ਨਾਥ ਬਹੁ ਰੁੱਠੇ,
ਰੂਪ ਅਗੰਮ ਮਘੇ ਵਿਚ ਲੋਟੇ
ਲੈ ਸਿੱਧੀ-ਬਲ ਲੁੱਟੇ।

ਰੋਇ ਭਗਤੀਆਂ ਆਖਿ ਮਨਾਈ
ਗਿਆਨ ਦਿਸੇ ਹਰ ਖੋਟਾ।
ਸੀ ਸਿਮਰਣ ਤੋਂ ਉੱਚਾ ਹੋਇਆ
ਗੁੰਮ ਹੋਇ ਕੇ ਲੋਟਾ।

ਤਦੋਂ ਭਗਤੀਏ ਆ ਗੁਰ ਅੱਗੇ
ਰੁਦਨ ਕਰਨ, ਕੁਰਲਾਵਣ;
ਗਿਆਨ ਧਿਆਨ ਦੀਨ ਦੇ ਓਹਲੇ
ਲਬੁ ਜੋ ਸਦਾ ਛੁਪਾਵਣ।

ਬੇਰੀ ਅੱਗੇ ਹਾਇ ਹੂ ਉੱਠੀ:
"ਪ੍ਰੀਤ ਰੁਲੇ ਜਗ ਵਾਲੀ।
ਭੰਗਰਨਾਥ ਨੇ ਵਰਤ ਸਿੱਧੀਆਂ
ਪਤ ਲੁੱਟੀ, ਕਰ ਖ਼ਾਲੀ।

"ਸੀ ਲੋਟੇ ਵਿਚ ਜਪ ਤਪ ਸਾਡੇ
ਕਰਾਮਾਤ ਸੀ ਸਾਡੀ,
ਕਲਜੁਗ ਅੰਦਰ ਰਾਜ ਲੈਣ ਦੀ
ਸਿੱਧ-ਚਾਲ ਇਹ ਡਾਢੀ।"

ਤਾਂ ਮੁਸਕਾ ਗੁਰ ਭੇਦ 'ਚ ਕੀਤਾ
ਪਾਵਨ ਤਰਸ ਉਜਾਗਰ,
ਸਾਹਵੇਂ ਰੂਪ ਅਰੂਪ 'ਚ ਛਲਕੇ
ਪ੍ਰੇਤ-ਛਲਾਂ ਦਾ ਸਾਗਰ!

ਪਿੱਪਲ ਬੋਹੜ ਵਿਚ ਸੀ ਲੋਟਾ
ਗੁਰ ਦੱਸਣ ਇਕ ਮੋਰੀ,
ਕਰਾਮਾਤ ਤਪਾਂ ਦੇ ਸੁਆਮੀ
ਗ਼ਜ਼ਬ! ਕਰਨ ਕਿਉਂ ਚੋਰੀ?

ਤਦ ਸਿੱਧਾਂ ਸ਼ਰਮਿੰਦੇ ਹੋ ਕੇ
ਮਾਰ ਮਾਰ ਕਿਲਕਾਰੀ,
ਤੰਤ ਮੰਤ ਸਿੱਧੀਆਂ ਦੀ ਉਨਿ
ਘਟਾ ਵਿਸ਼ੈਲੀ ਚਾੜ੍ਹੀ।

ਸਿੰਘ ਬਾਘ ਨਾਗ ਹੋ ਉੱਡਣ
ਫੜਣ ਅਗਨ ਦੇ ਤਾਰੇ,
ਦ੍ਵੈਖ-ਮੱਛ ਦੇ ਭੋਜਨ ਖ਼ਾਤਰ
ਸੁਰਤੀ-ਲਸ਼ਕਰ ਮਾਰੇ।

"ਦਾਤ ਅੱਲਾ ਦੀ ਇੰਜ ਨ ਵਰਤੋ,"
ਤੜਪਿ ਕਹੇ ਮਰਦਾਨਾ:
"ਕੂੜ ਵਣਜ ਕਰੋ ਜੇ ਹਉਂ ਦਾ
ਕੋਲ ਤੁਸਾਂ ਜੋ ਸ਼ਾਨਾਂ?"

ਸਿੱਧ ਫੇਰ ਬੁੱਢਾ ਵੰਗਾਰੇ:
"ਤੰਤ ਮੰਤ ਬੁਝ ਜਾਵਣ
ਪਾਵਨ ਹਿਮ ਧੁਵਾਂ ਦੀ ਜਦ ਇਹ
ਚੜ੍ਹ ਅੰਗਾਰ ਵਰ੍ਹਾਵਣ।"

ਨਾਨਕ ਚੁੱਪ ਰਹੇ, ਨਾ ਬੋਲੇ
ਰਿੱਧਾਂ ਸਿੱਧਾਂ ਠਰੀਆਂ,
ਖ਼ਾਤਰ ਥਲਾਂ ਲੜਣ ਤਾਂ ਥਲ ਨੇ।
ਦੈਵੀ ਰੁੱਤਾਂ ਹਰੀਆਂ।

ਮਹਿਕੰਦੀ ਬੇਰੀ ਦੇ ਥੱਲੇ
ਸ਼ਾਂਤ ਤੇਜ ਇਕ ਝੁੱਲੇ,
ਜਿਸਤੋ ਰੀਣ ਰੰਗ ਨ ਚਾੜ੍ਹਣ
ਦੁਨੀ-ਹਿਰਸ ਦੇ ਬੁੱਲੇ।

ਮਰਦਾਨੇ ਦੀ ਅੰਤਮ ਉਦਾਸੀ

ਨੈਣੀਂ ਨੀਰ ਵਿਦਾ ਗੁਰ ਕੀਤੇ,
ਜੋਗੀ, ਸੰਤ, ਫ਼ਕੀਰਾਂ।
ਚਾਅ ਪੁਰਾਤਨ ਰਾਹਾਂ ਦੇ ਬਹੁ
ਦਿਲ ਵਲ ਪਾਉਣ ਵਹੀਰਾਂ।

ਕੁਲ ਸੰਗਤ ਕਰਤਾਰਪੁਰ ਨੂੰ
ਗੁਰੂ ਨਿਮਰ ਹੋ ਭੇਜਣ,
ਨਾਲ ਲਿਆ 'ਕੱਲਾ ਮਰਦਾਨਾ
ਵਿਚ ਇਹ ਸਫ਼ਰ ਅਖ਼ੀਰਾਂ।

ਰਾਹ ਕਸੂਰ ਤੋਂ ਪਾਕਪਟਨ ਦੇ
ਗੁਰ ਮੁਲਤਾਨ ਨੂੰ ਜਾਂਦੇ,
ਕਣ ਕਣ ਪਲ ਪਲ ਬਣੇ ਜ਼ਿਆਰਤ
ਜਾਪਣ ਪਾਕ ਨਜ਼ੀਰਾਂ।

ਮਿਟਦੀ ਧਰਤ ਨਾਲ ਨਭ ਕਰਸੀ
ਫੇਰ ਮਿਲਣ ਦੇ ਵਾਅਦੇ,
ਮਰਦਾਨੇ ਦੇ ਹੰਝੂ ਤੱਕੇ
ਦੂਰੋਂ ਰਾਵੀ ਨੀਰਾਂ।

ਵਿਚ ਰਾਹਾਂ ਪੁੱਛੇ ਮਰਦਾਨਾ
"ਮੈਂ ਗਾਈ ਜੋ ਬਾਣੀ,
ਕਿਉਂ ਨ ਮੈਨੂੰ ਸੁਣੀਆਂ ਉਸ ਤੋਂ
ਬੁੱਧ ਯਸੂਹ-ਦਿਲ ਪੀੜਾਂ ?"

"ਬੁੱਧ ਦਾ ਤਰਸ, ਦਲੀਲ ਨਿੱਕੜੀ,
ਤਜਣ ਹੁਕਮ," ਗੁਰ ਬੋਲੇ:
"ਧੁਰ ਦੇ ਮੁਖ ਤੋਂ ਮੁਨਕਰ ਜੋ ਵੀ,
ਨੂਰ ਨ ਉਦ੍ਹਾ ਲਕੀਰਾਂ।

"ਹਾਂ! ਯਸੂਹ ਦੇ ਨਿਮਰ ਨੈਣ ਸਨ,
ਪਾਕ ਸ਼ਹੀਦੀ ਬਾਣਾ;
ਰੱਬ-ਪੁੱਤ ਦੇ ਨਾਅਰੇ ਵਿਚ ਸੀ
ਐਪਰ ਹਉਂ-ਤਸਵੀਰਾਂ।

"ਮੈਂ ਨ ਰੱਬ ਦੇ ਬੰਦੇ ਤਜਦਾ
ਪਾਕ ਜਿਨ੍ਹਾਂ ਦੇ ਸੀਨੇ,
ਮੈਂ ਬਾਣੀ ਪਰ ਥਾਂ ਨ ਪਾਈ
ਤਜ ਅਨੰਤ ਇਹ ਵੀਰਾਂ।

"ਉਸ ਛਿਣ ਹੋਣ ਨਾਸਤਕ ਜਿੰਦਾਂ
ਸੈਭੰ ਪਿਰ ਜਦ ਭੁੱਲਣ,
ਲਾਂਭੇ ਗੈਣ ਕੁ ਦਿਲ ਜੇ ਹੋਵੇ
ਹੋਣ ਬਿਤਾਲ ਜ਼ਮੀਰਾਂ।"....

ਹਾਂ! ਮੁੜ ਫੇਰ ਤੁਲੰਭੇ ਦੇ ਵਿਚ
ਗੁਰ ਸੱਜਣ ਗਲ ਲਾਵਣ,
ਜਿਦ੍ਹੇ ਜ਼ਿਕਰ ਨੂੰ ਕਬਰ ਸਰ੍ਹਾਣੇ
ਕਰਨਾ ਯਾਦ ਨਕੀਰਾਂ।

ਨੰਨ੍ਹੇ ਜਹੇ ਖੰਭ 'ਤੇ ਖਿੜਦੇ
ਪੈੜ ਨਿਮਾਣੀ ਹੇਠਾਂ,
ਲਖ ਅਹਿਸਾਨ ਗੁਰੂ ਦੀ ਛੁਹ ਦੇ
ਚੜ੍ਹਦੇ ਵਾਂਗ ਮੁਨੀਰਾਂ।

ਛਡ ਤੁਲੰਭਾ ਦਰ ਮੁਲਤਾਨੇ
ਪੀਰ ਮੁਰੀਦ ਜਾਂ ਆਏ,
ਜਿਉਂ ਸ਼ਬਨਮ-ਮਨ ਸਾਗਰ ਚਿਤਵੇ
ਇਉਂ ਦਿਲ ਤਾਂਘੀ ਭੀੜਾਂ।

ਜਿਵੇਂ ਉਡਾਣ ਅਦੁੱਤੀ ਤੱਕਣ
ਖੋਲ੍ਹ ਬਾਰੀਆਂ ਤਾਰੇ,
ਇੰਞ ਖੋਲ੍ਹ ਮੁਲਤਾਨ ਦੇ ਬੂਹੇ
ਮੁੜ ਮੁੜ ਤਕਿਆ ਪੀਰਾਂ।.....

ਤੁਰੇ ਪਠਾਨ-ਦੇਸ ਗੁਰ ਆਖ਼ਰ
ਰਾਹ ਬੰਨੂ ਦੇ ਛਾਣੇ,
ਦਿਲ ਨੇ ਜਿੱਥੇ ਰਾਜ਼ ਛੁਪਾਏ
ਵਿਚ ਖਾਕੂ ਤਸਵੀਰਾਂ।

ਨੇੜ ਪਠਾਨ-ਦੇਸ ਵਿਚ ਸੋਂਹਦੇ
ਨਕਸ਼ ਮੀਰ ਦੇ ਉੱਜਲ,
ਹਿੰਦ ਪੰਜਾਬ 'ਚ ਰੋਲੀ ਜਿਸਨੇ
ਪਤ-ਨਾਰਾਂ ਸਮ ਲੀਰਾਂ।

ਵਿਚ ਪਹਾੜ, ਦੱਰਿਆਂ, ਖੁੱਡਾਂ,
ਗੁਰ ਪੁੱਛਣ : "ਦਸ ਬੇਲੀ,
ਸਾਦੇ ਘਰਾਂ 'ਚ ਨਾਮ ਨੂੰ ਸੁਣਕੇ
ਕਿੱਧਰ ਜਗਣ ਜ਼ਮੀਰਾਂ ?"

ਚੁੱਪ ਉਦਾਸ ਵੇਖ ਮਰਦਾਨਾ
ਗੁਰੂ ਆਪ ਹੀ ਬੋਲੇ :
"ਕਰਮ-ਖੰਡ ਵਿਚ ਲੋਇਣ ਜਿਨ੍ਹਾਂ ਦੇ
ਸੋ ਪੜ੍ਹਸਣ ਤਕਦੀਰਾਂ।

"ਸਾਦੇ ਬੰਦੇ ਮੌਤ-ਦਰਾਂ 'ਤੇ
ਦਿਲ ਦੀ ਧਰਣ ਅਮਾਨਤ
ਇਕ ਦਿਨ ਮੰਗਣ ਗੇ ਮੁੜ ਖੜ੍ਹ ਕੇ
ਪਾਰ ਸ਼ਹਾਦਤ-ਤੀਰਾਂ।"

ਕੋਹਕਨ ਵਾਂਗ ਮੌਤ ਦਾ ਤੇਸਾ
ਮਰਦਾਨੇ ਨੇ ਚਾਇਆ,
ਜੇ ਪਹਾੜ ਟੁੱਟਣ, ਅਸਗਾਹ ਨੂੰ
ਤਰਨਾ ਹੈ ਮਨ-ਬੀਰਾਂ!

ਸਿੰਧ ਪਾਰ ਕਰਿ, ਝਾਕ ਕੁਰਮ ਵਲ
ਅੰਤ ਕਿਹਾ ਮਰਦਾਨੇ,
"ਤਕ ਧਰਤੀਏ! ਇਕ ਦਿਨ ਤੈਨੂੰ
ਛਡ ਜਾਣਾ ਰਾਹਗੀਰਾਂ।"

ਮਰਦਾਨੇ ਦੀ ਅੰਤਮ ਘੜੀ

ਅੰਤਮ ਵਾਰ ਕੁਰਮ ਦੇ ਪੱਤਣ
ਗੁਰ ਤੋਂ ਹੋ ਬਲਿਹਾਰੀ
ਨਵੇਂ ਅਗੋਚਰ ਦੇਸ ਜਾਣ ਦੀ
ਦਾਨੇ ਕਰੀ ਤਿਆਰੀ।

ਇਕ ਪਲ ਕੁਲ ਧਰਤ ਦਾ ਜੋਬਨ
ਸਿਰ ਉਹਦੇ 'ਤੇ ਝਲਕੇ,
ਲਾਉਣ ਉਮਰ ਭਰ ਸ਼ਬਦ ਜੁ ਗਾਏ
ਦੂਰ ਗਗਨ ਵਿਚ ਤਾਰੀ।

ਗੁਰ-ਨੈਣਾਂ ਵਿਚ ਆਣ ਅਚਾਨਕ
ਦੂਰ ਕਾਲ ਤਕ ਲਿਸ਼ਕੇ,
ਕੋਟ ਇਕੱਲਾਂ ਉੱਤੇ ਕਰਦਾ
ਇਕ ਹੰਝੂ ਸਰਦਾਰੀ।

ਦਾਨਾ ਵਿਚ ਵੇਦਨ ਮੁਸਕਾਵੇ
ਦਿਸਣ ਸਿਦਕ ਦੇ ਅੰਬਰ,
ਪਾ ਰਬਾਬ 'ਤੇ ਨਜ਼ਰ-ਅਲਵਿਦਾ
ਧੀਮੀ ਧੁਨੀ ਉਚਾਰੀ:

"ਮਿਰੀ ਪਤ ਨਾਨਕ ਦੀ ਬੁੱਕਲ
ਧੁਰ ਤੋਂ ਦਰਗਾਹ ਤੀਕਣ
ਰੈਣ ਉਸ਼ਾ ਦੀ ਗੋਦ 'ਚ ਖਿੜਦਾ
ਕਮਲ ਜਿਵੇਂ ਦੀਦਾਰੀ।"

ਸਿੱਖ ਦੇ ਤਪਦੇ ਮਸਤਕ ਉੱਤੇ
ਹੱਥ ਗੁਰਾਂ ਜਦ ਧਰਿਆ
ਪ੍ਰੇਮ ਦੀ ਭੂਰ ਅਗਮ ਤਕ ਝੂੰਮੀ
ਜਿਸ ਇਹ ਰਮਜ਼ ਉਤਾਰੀ:

"ਤੇਰੇ ਖ਼ਾਸ ਰੂਪ ਨੇ ਦਾਨੇ
ਮੁੜ ਮੁੜ ਮਿਲਣਾ ਮੈਨੂੰ;
ਭਾਵੇਂ ਜੋਤ 'ਚ ਜੋਤ ਮਿਲੇ ਪਰ,
ਰਹੇ ਜੋਤ ਵੀ ਨਿਆਰੀ।"

ਸੁਣ ਇਹ ਦੂਰ ਮੁਸਾਫ਼ਰ ਤੁਰਿਆ
ਤੋਸ਼ਾ ਕੋਲ ਜ਼ਿਮੀਂ ਦਾ,
ਸਭ ਵਿਛੜੇ ਰਾਹਾਂ ਨੇ ਚੁੱਕੀ
ਗੁਰੂ-ਦੀਦ ਦੀ ਖਾਰੀ।

ਲਹਿਰ ਲਹਿਰ 'ਤੇ ਸ਼ਬਦ ਸੌਂ ਰਿਹਾ
ਵਹਿਣ ਰਬਾਬ 'ਚ ਬਦਲੇ,
ਗੁਰਾਂ ਸਪੁਰਦ ਕੁਰਮ ਨੂੰ ਕੀਤੀ
ਦੇਹ ਦਾਨੇ ਦੀ ਪਿਆਰੀ।

ਪੈਂਡੇ ਇਕੱਲ ਦੇ

ਮਰਦਾਨੇ ਦੇ ਜਾਵਣ ਪਿੱਛੋਂ
ਘੁੱਟਣ ਜਿੰਦ ਇਕੱਲਾਂ,
ਕੁਲ ਧਰਤ ਤੋਂ ਦਿਸਣ ਵੱਡੀਆਂ
ਲਖ ਉਹਦੀਆਂ ਗੱਲਾਂ।

ਮਾਨਵ-ਪੱਤ ਦਾਂ ਰਾਗ ਅਨੂਠਾ
ਤਿੰਨ ਲੋਕ ਵਿਚ ਥਰਕੇ,
ਪੁਸ਼ਤਾਂ ਦੇ ਵਜਦ ਦੇ ਧੌਂਸੇ
ਸੁਣ ਲਏ ਕਾਲ-ਮਹੱਲਾਂ।

"ਸੀ ਰਬਾਬ ਦੀ ਤਾਰ 'ਚ ਉਸਨੇ
ਕੁਦਰਤ-ਕੰਠ ਵਸਾਇਆ,"
ਪਾਰਾਚਿਨਾਰ ਕੁਰਮ ਚੋਂ ਬੋਲਣ
ਦਰਦ ਨਾਲ ਸਭ ਛੱਲਾਂ।

ਸੀ ਨਾਨਕ ਦਾ ਸੀਸ ਇਲਾਹੀ
ਦਰਗਾਹਾਂ ਨੂੰ ਛੋਂਹਦਾ
ਤੀਰ ਧਰਤ ਦਾ ਵੀ ਪਰ ਆਕੇ
ਪਾਇ ਕਲੇਜੇ ਸੱਲ੍ਹਾਂ।

ਜਦੋਂ ਗਗਨ ਚੀਸਾਂ ਖਾ ਟੁੱਟੇ
ਤਾਰੇ ਜਦੋਂ ਪਲੋਏ,
ਇਕ ਧਰਵਾਸ ਸੰਤ ਦਾ ਬਾਕੀ
ਰਹੇ ਵਿਚ ਤਰਥੱਲਾਂ।

ਮਹਾਂ ਮੂਰਛਿਤ ਸੁੱਧ 'ਚ ਸੁਨਣੇ
ਕ਼ਦਮ ਮੁਰਸ਼ਦਾਂ ਸੰਦੇ,
ਨਾਨਕ ਕਹੇ: "ਛਾਰ ਮੈਂ ਜਗ ਦੀ
ਵੱਡ ਅਪਣੱਤ 'ਚ ਵੱਲਾਂ।

ਨਜ਼ਰ ਸਿੱਖ ਦੀ ਸਾਬਤ ਕਰਸਨ
ਆਖ਼ਰ ਦਰਸ ਸੁਹੇਲੇ;
ਤੁਰਨ ਮੀਤ ਪਰ ਜਦੋਂ ਧਰਤ ਤੋਂ,
ਦਰਦ ਖਿੰਡਣ ਵਿਚ ਝੱਲਾਂ।

ਚਾ ਰਬਾਬ 'ਕੱਲੀ ਨੂੰ ਨਾਨਕ
ਆਖਣ ਵਿਚ ਪਰਦੇਸਾਂ:
"ਵਾਂਗ ਅਲਾਹੁਣੀ ਚੁਕ ਇਨ੍ਹੂੰ ਮੈਂ
ਪੁਰ ਕਰਤਾਰ ਨੂੰ ਚੱਲਾਂ।".....

ਘੜੀ ਪਹਿਰ ਰਾਤ ਦਿਨ ਜਰ ਲਏ
ਗੁਰ ਬਲਦੇ ਇਕਲਾਪੇ,
ਸਮੇ ਦੀ ਨਿੱਕੀ ਨਰਮ ਸ਼ਾਖ਼ 'ਤੇ
ਭਾਰੇ ਦਰਦ ਅਲਾਪੇ।

ਛੱਡ ਕੁਰਮ ਦੀ ਵਾਦੀ ਸੁੰਞੀ
ਗੁਰ ਪੰਜਾਬ ਨੂੰ ਚੱਲੇ,
ਡੰਗ ਮੌਤ ਦੇ ਵੇਖ ਜਾਗਦੇ
ਅਮਰ ਰਾਸਤੇ ਆਪੇ।

ਬਾਲ ਗਦਾਈ ਦੇ ਜੋਗੀ ਦੇ
ਪੁੰਨ ਤੇ ਸ਼ੁਹਰਤ ਸਿੱਕੇ,
ਗੁਰਾਂ ਸੱਚ-ਟਕਸਾਲ ਵਿਖਾ ਕੇ
ਦੱਸੇ ਹਉਂ-ਸਰਾਪੇ।
ਜਿਉਂ ਰਸ-ਭੁੱਲੀ ਟਾਹਣੀ ਉੱਤੇ
ਲਖ ਬਸੰਤਾਂ ਹੁੱਲਣ,
ਬੁੱਢੇ ਮਨ ਜੋਗੀ ਦੇ ਵਿੱਚੋਂ
ਉਮੁਲੇ ਸੈ ਤਰਨਾਪੇ।

ਫਿਰ ਰਹੁਤਾਸ 'ਚ ਧਰੁ-ਆਵੇਸ਼ ਦੇ
ਵਹਿਣ ਛਲਕਦੇ ਤੱਕੇ,
ਤਾਂਘਦੇ ਏਸੇ ਮਾਂ-ਦੁੱਧ ਨੂੰ
ਦਿਲ ਲੂਹੇ ਸੰਤਾਪੇ।

ਬਹੁਤ ਸੁਤੰਤਰ ਰੂਹ ਚਸ਼ਮੇ ਦੀ
ਦਿਲ ਰਹੁਤਾਸ ਦਾ ਮੋਹੇ,
ਚਾਅ ਜੀਹਦੇ ਸ਼ਾਹਾਂ ਦੇ ਕੋਟਾਂ
ਨਾ ਥੰਮੇ, ਨਾ ਨਾਪੇ।.....

ਤਕਦੇ ਸੈਦਪੁਰ ਮੁੜ ਨਾਨਕ
ਰੌਅ ਉੱਜੜੇ ਝੱਲੇ,
ਦਰ ਘਰ ਜਿਵੇਂ ਹੁਸਨ 'ਤੇ ਬਾਬਰ,
ਕਰੇ ਸੀ ਕਹਿਰ ਅਵੱਲੇ।

ਬਾਬਰ ਰਿਹਾ ਨ ਰਿਹਾ ਹਮਾਯੂੰ
ਜ਼ੋਰਾਵਰ ਵੀ ਤੁਰਣੇ!
ਤਲਖ਼ ਯਾਦ ਹਰ ਪੁਸ਼ਤ ਸਰ੍ਹਾਣੇ
ਵਾਂਗ ਪ੍ਰੇਤ ਦੇ ਖੱਲ੍ਹੇ।

ਹਾਂ! ਲਾਲੋ ਦੀ ਯਾਦ ਸੁਹਾਣੀ
ਰੁਲੀ ਨਸਲ ਨੂੰ ਆਵੇ,
ਆ ਸੰਜੀਵਨੀ ਜਿਵੇਂ ਚਿਰਾਂ ਦੇ
ਸੁੱਕੇ ਪਰਬਤ ਮੱਲੇ।

ਵਲ ਲਾਹੌਰ ਤੁਰਣ ਗੁਰ 'ਕੱਲੇ
ਨਾਲ ਅਸੰਖਾਂ ਤਾਰੇ,
ਫ਼ਜਰਾਂ ਪੁੱਛਣ ਕੌਣ ਜਨਮਿਆਂ
ਕਰੀਏ ਦਰਸ ਸੁਵੱਲੇ।

ਪੰਧ ਲਾਹੌਰ ਦੇ ਸਭ ਹੀ ਜ਼ੱਰੇ
ਇਸ ਪਲ ਅੰਤਰਯਾਮੀ!
ਰਾਮਦਾਸ-ਪ੍ਰਕਾਸ਼ ਦੇ ਗੁਰ ਨੂੰ
ਫ਼ਜਰ ਸੁਨੇਹੇ ਘੱਲੇ।

"ਸੱਚ! ਲਹੌਰ ਦੇ ਇਸ ਬਾਲਕ ਦੇ"
ਉਸ ਪਲ ਨਾਨਕ ਬੋਲੇ:
"ਚੌਥੇ ਰੂਪ 'ਚ ਮਿਲਸਨ ਆਕੇ
ਵਹਿਣ ਜੋ ਵਗਣ ਇਕੱਲੇ।".....

ਪੁਰ ਕਰਤਾਰ ਦੇ ਮਸਤਕ ਉੱਤੇ
ਸੀ ਉਡੀਕ ਇਕ ਲੰਮੀ
ਜਿਵੇਂ ਤਾਰਿਆਂ ਦੀ ਮੰਜ਼ਿਲ ਨੂੰ
ਰੋਜ਼ ਢੂੰਡਦੀ ਧੰਮੀ।

ਕਦੋਂ ਇਹ ਬ੍ਰਹਿਮੰਡ ਸੀ ਬਣਿਆਂ?
ਕਦ ਸਨ ਟੁੱਟੇ ਤਾਰੇ?
ਪਤਾ ਨਾ! ਮੰਝ ਕਥਾ ਪਰ ਦਿਲ ਦੀ
ਸਿਦਕ ਨਾਲ ਨਰ ਥੰਮ੍ਹੀ।

ਬੋਟ ਧੁਵੀ ਪੰਛੀਆਂ ਦੇ ਕਈ
ਬਰਫ਼ਾਂ ਵਿਚ ਇਕੱਲੇ
ਮਾਤ ਪਿਤਾ ਜਿਉਂ ਪਏ ਉਡੀਕਣ
ਕਿਸੇ ਰਜ਼ਾ ਨੂੰ ਮੰਨੀਂ।

ਜਿਵੇਂ ਨਬੀ ਨੂੰ ਵਿਚ ਮਦੀਨੇ
ਕੰਧ ਕੋਠਿਆਂ ਉੱਤੇ,
ਖੜ੍ਹ ਖੜ੍ਹ ਮੁਨਸ ਉਡੀਕਦੇ ਹੈਸਨ
ਦਿਲ ਯਾਦਾਂ ਵਿਚ ਬੰਨ੍ਹੀ
ਇੰਞ ਕਰਤਾਰਪੁਰ ਦੇ ਬੰਦੇ
ਦੂਰ ਗਏ ਗੁਰ ਤਾਈਂ
ਲੋਚ ਰਹੇ ਸੀ ਰੋਜ਼ ਦਿਹਾੜੀ
ਪਕੜ ਸਬਰ ਦੀ ਕੰਨੀ।

ਗੁਰ ਕਰਤਾਰਪੁਰ ਮੰਝ ਆਖ਼ਰ
ਇਉਂ ਸਿੱਖਾਂ ਨੇ ਤੱਕੇ,
ਜਿਵੇਂ ਇਲਾਹੀ ਹੁਸਨ ਲੋਚਦੀ
ਹੇਠ ਚਾਨਣੀ ਕੰਮੀ।

ਵੇਖ ਰਬਾਬ ਬਾਝ ਮਰਦਾਨੇ
ਕੋਲ ਗੁਰੂ ਜੋ ਸੱਚੇ
ਰੋਣ ਸਿੱਖ ਰਾਵੀ ਦੇ ਪੱਤਣ
ਕਾਲ ਦੇ ਬੰਨੇ ਬੰਨੀ।

ਭਾਈ ਲਹਿਣਾ ਤੋਂ ਅੰਗਦ ਤਕ

ਇੰਞ ਹੀ ਦਿਨ ਤੇ ਰਾਤ, ਰਾਵੀ ਕੰਢੜੇ
ਸੱਚ ਖੰਡ ਤੋਂ ਦਾਤ, ਲਿਵ 'ਤੇ ਬਰਸਦੀ,
ਵੇਖ ਰਹੇ ਯੁਗ ਚਾਰ, ਪੁਰ ਕਰਤਾਰ ਨੂੰ
ਜਿਸ ਵਲ ਖੁੱਲ੍ਹਣ ਬਾਰ, ਮਾਨਵ-ਕਰਮ ਦੇ।
ਵਾਹ! ਰਾਵੀ ਦੀ ਕੁਲ ਕੁਲ, ਜਿੰਦ ਪਲੋਸਦੀ
ਅੰਬਰ ਜਿਦ੍ਹੇ 'ਚ ਘੁਲ ਘੁਲ, ਦੱਸੇ ਦਾਸਤਾਂ।

ਇਹਨਾਂ ਵਰ੍ਹਿਆਂ ਵਿਚ, ਲਹਿਣੇ ਨਾਲ ਜੀ
ਤੁਰੇ ਦਿਲਾਂ ਦੇ ਮਿੱਤ, ਕਥੇ ਨ ਜਾਣ ਜੋ।
ਬਣੀ ਉਡਾਣ ਚੋਂ ਨਿੱਤ, ਨਵੀਂ ਉਡਾਣ ਸੀ
ਗਿਆਨ ਖੰਡ ਦੇ ਭਿੱਤ, ਜਾਵੇ ਖੋਲ੍ਹਦੀ।
ਗਗਨੋ ਗਗਨ ਅਮਿੱਤ, ਗਿਣੇ ਨ ਜਾਣ ਜੋ
ਸੱਦਣ ਸਿਦਕ ਅਜਿੱਤ, ਗੁਰਮੁਖ-ਨਜ਼ਰ ਦਾ।

ਇਉਂ ਲਹਿਣੇ ਦੀ ਗੱਲ, ਥਾਂ ਥਾਂ ਘੁੰਮਦੀ
ਜਿਉਂ ਕੋ ਨਾਜ਼ਕ ਛੱਲ, ਪਸਰੇ ਸਮੇ 'ਤੇ।
ਕੂੰਬਲ ਖੁੱਲ੍ਹਣ ਵਾਂਗ, ਗੱਲਾਂ ਮਿੱਠੀਆਂ
ਨਾਲ ਮਹਿਕ ਦੀ ਤਾਂਘ, ਮੁੜ ਮੁੜ ਉੱਠੀਆਂ।
ਗਹਿਰੀ ਵਾਂਗੂੰ ਰਾਜ਼, ਚਲਦੀ ਗੱਲ ਸੀ
ਜਿਵੇਂ ਵਿਲੱਖਣ ਨਾਜ਼, ਟੀਸੀ ਸਮੇ ਦੀ।

ਗੱਲ ਲਹਿਣੇ ਦੀ ਫੇਰ, ਪਾਸਾ ਪਰਤਿਆ
ਰਾਜ਼ ਮਹੀਨ ਦੀ ਭੇਰ, ਦਹਦਿਸਿ ਗਰਜਦੀ।
ਸਭ ਗੱਲਾਂ ਬਣ ਕਾਂਗ, ਭੁੰਚਣ ਕੁਦਰਤਾਂ
ਸੋਚਾਂ ਰਚਨ ਸਵਾਂਗ, ਲਹਿਣਾ ਵੇਖਕੇ।
ਹੈਰਾਨੇ ਹੈਰਾਨ, ਸੱਭੇ ਲੋਕ ਸੀ:
"ਕਿਹੜਾ ਛਤਰ ਮਹਾਨ, ਇਸਤੇ ਝੁੱਲਦਾ?
ਮਹਾਂ ਹੁਕਮ ਦੀ ਮੱਤ, ਜਾਂ ਇਹ ਆਦਮੀ?
ਕਿਹੜਾ ਅਮਰ ਗਰੰਥ, ਇਸਨੇ ਸਿਮਰਿਆ?"

ਬਰਸਾਂ ਕੀਤੀ ਘਾਲ, ਲਹਿਣੇ ਸੁੱਚੜੀ
ਅੰਮ੍ਰਿਤ ਵੇਲੇ ਤਾਲ, ਸੁਣੇ ਅਰੂਪ ਚੋਂ।
ਦਰਿਆਵਾਂ ਨਾ' ਪਾਲ, ਲੰਮੀ ਦੋਸਤੀ
ਸੰਤ ਜੁ ਸਕਣ ਨ ਟਾਲ, ਵੜੇ ਰਹੱਸ ਉਹ।
ਗੁਰੂ ਦੇ ਚਰਨ ਜਮਾਲ, ਪਰਸੇ ਰੱਜਕੇ
ਤੋੜ ਮੀਸਣੇ ਜਾਲ, ਸਿੰਧ 'ਚ ਹੁੱਲਿਆ।
ਸੂਖਮ ਅਤੇ ਕਮਾਲ, ਜਪੁ ਦਾ ਰੂਪ ਹੋ
ਬਣਿਆਂ ਕੁਈ ਸੁਆਲ, ਲੋਕਾਂ ਸਾਮ੍ਹਣੇ।

ਸਿਖਰ ਦੁਪਹਿਰ ਅਨੂਪ, ਰਾਵੀ ਕੰਢੜੇ
ਲਹਿਣਾ ਦੂਰ ਅਰੂਪ, ਅੰਦਰ ਝਾਕਦਾ।

ਅੱਖਾਂ ਬਾਝ ਦਿਦਾਰ, ਕਰਦਾ ਨੂਰ ਦੇ
ਪੈਰਾਂ ਬਾਝ ਅਪਾਰ, ਥਲਾਂ 'ਚ ਤੁਰ ਰਿਹਾ।
ਬਿਨ ਕੰਨਾਂ ਗੁਰ-ਬੋਲ, ਸੁਣਦਾ ਆਦਿ ਤੋਂ
ਬਿਨ ਹੱਥਾਂ ਰਿਹਾ ਤੋਲ, ਇਸ਼ਕ ਮੁਰੀਦ ਦਾ।
ਵਣ-ਪੰਛੀਆਂ ਕੰਠ, ਧੁਰ ਦੇ ਨਾਦ ਨੂੰ
ਰਿਹਾ ਛੁਹ ਬਿਨ ਮੰਤ, ਬਾਝੋਂ ਜੀਭ ਦੇ।

ਲਹਿਣੇ ਦਾ ਆਵੇਸ਼

ਰਾਵੀ ਪੱਤਣ ਆ, ਲਹਿਣਾ ਕੰਬਿਆ
ਦੂਰੋਂ ਸੁੰਨ ਅਥਾਹ, ਲੱਥੀ ਸਾਮ੍ਹਣੇ
ਮੂਰਛਾ ਜਿਉਂਕਰ ਛਾ, ਰਹੀ ਸੀ ਜਿੰਦ 'ਤੇ,
ਮਿਟੀ ਧੁੱਪ! ਸਭ ਰਾਹ, ਭੁੱਲੀ ਚੇਤਨਾ!
ਤਦੋਂ ਅਚਾਨਕ ਸਾਹ, ਨਾਦ ਅਨੀਲ ਦਾ
ਨਾਭ ਅਦ੍ਰਿਸ਼ਟ ਘੁਮਾ, ਦਹਿਦਿਸ ਲਰਜ਼ਿਆ।
ਪਲ ਵਿਚ ਮਹਾਂ ਉਮਾਹ, ਏਕ ਕਵਾਉ ਚੋਂ
ਲੈ ਲੱਖਾਂ ਦਰਿਆ, ਵਿਛਿਆ ਜਿਮੀਂ 'ਤੇ।
ਲੱਖ ਚੁਰਾਸੀ ਜੀਵ, ਸੁਪਨੇ ਕਾਲ ਦੇ
ਧੁਰ ਦੇ ਬਣੇ ਨਸੀਬ, ਚੱਲਣ ਕਾਰਵਾਂ।

ਤੱਕਿਆ ਮਹਿਲ ਵਿਰਾਟ, ਲਹਿਣੇ ਤੁਰਦਿਆਂ
ਜਿਸ ਵਿਚ ਲਿਸ਼ਕੇ ਵਾਟ, ਕੋਟਾਂ ਸਾਲ ਦੀ।
ਏਸੇ ਵਾਟ ਸਵੇਰ, ਉਸਦੇ ਸੀਸ 'ਤੇ
ਉਤਰੀ ਪਾ ਕੇ ਸਿਹਰ, ਗਾਉਂਦੇ ਹੁਸਨ ਦੇ।
ਗੈਬੀ ਸਫ਼ੇ ਵਿਛਾ, ਪੁਸ਼ਤਾਂ ਚੱਲੀਆਂ
ਪੜ੍ਹ ਪੜ੍ਹ ਰਹੀਆਂ ਗਾ, ਨਾਦ ਸੁਣਾਂਦੀਆਂ।
ਸੁਨਣ!..... ਤਦੋਂ ਆਵੇਸ਼, ਪੁਸ਼ਤਾਂ ਵੇਂਹਦੀਆਂ
ਰਾਜੇ ਤਪੀ ਅਨੇਕ, ਪਲ ਪਲ ਉਪਜਦੇ।

ਲਹਿਣਾ ਮੰਨੇ ਜ਼ੋਰ, ਅੰਤਿਮ ਸੱਚ ਦਾ
ਮਾਰ ਰਿਹਾ ਲਿਸ਼ਕੋਰ, ਜਿਹੜਾ ਵਿਸ਼ਵ 'ਤੇ।
ਖਿੱਚ ਰਹੀ ਇਕ ਕੂਟ, ਰੂਪ ਅਮਿੱਤ ਦੀ
ਜਿਸਤੇ ਮਿਹਰ ਅਨੂਪ, ਅੰਤਿਮ ਜਿੱਤ ਦੀ

ਜਿਸਦੇ ਨਾਦ ਮਲੂਕ, ਮੋਹਦੇ ਮੋਹਣੀਆਂ
ਉੱਚ ਦਰਵਾਜ਼ੇ ਭੂਪ, ਝੁਕ ਝੁਕ ਖੜ੍ਹੇ ਸੀ।
ਸੋਦਰੁ ਦਾ ਨ ਅੰਤ, ਪਾਵਣ ਦੇਵਤੇ
ਸਭ ਨੂੰ ਕਾਲ ਦੀ ਤੰਭ, ਖਿੱਚੇ ਤਿਮਰ ਚੋਂ।

ਇੰਝ ਲਹਿਣਾ ਕੁਝ ਅੰਤ, ਤਕ ਬ੍ਰਹਿਮੰਡ ਦਾ
ਧਰਮਸਾਲ ਦਾ ਸੰਤ, ਬਣਕੇ ਪਰਤਿਆ।
ਬੈਠ ਉਸ਼ਾਵਾਂ ਕੇਸ, ਗਗਨ 'ਚ ਵਹਿੰਦੀਆਂ
ਖੋਰਣ ਰੰਗ ਹਮੇਸ਼, ਅੰਦਰ ਕਾਲ-ਨੈਂ
ਸਹਿਜ ਨੂੰ ਸ਼ਬਨਮ-ਭੇਸ, ਵਿਚ ਬਿਠਾਂਦੀਆਂ
ਜੁਗ ਜੁਗ ਏਕੋ ਵੇਸ, ਲਹਿਣੇ ਤੱਕਿਆ।
ਧਰਮ ਖੰਡ ਫਿਰ ਘੋੜ, ਉਸਦਾ ਦੌੜਦਾ
ਗਿਆਨ ਖੰਡ ਘਨਘੋਰ, ਉਸਦੇ ਬਾਜ਼ ਦੀ
ਸਰਮ ਖੰਡ ਲਿਸ਼ਕੋਰ, ਉਸਦੇ ਹੱਥ ਦੀ
ਸਿਰਜਣ ਸੂਖਮ ਜ਼ੋਰ, ਸੁਰਤੀ-ਤਾਜ ਬਹੁ।

ਗੁਰੂ ਅੰਗਦ

ਫਿਰ ਨਾਨਕ ਦਾ ਹੱਥ, ਕੂਟ ਅਗੰਮ ਤੋਂ
ਵਲ ਵਾਟਾਂ ਸਮਰੱਥ, ਕਰਦਾ ਸੈਨਤਾਂ।
ਪਿਆ ਵਿਖਾਵੇ ਵੱਥ, ਜਿਨ੍ਹ ਸੰਭਾਲਣਾ
ਜਿਦ੍ਹੇ ਰਹੱਸ ਅਕਥ, ਜਾਨਣ ਆਮ ਨਾ।
ਉਸ ਪਲ ਲਹਿਣਾ ਸੱਦ, ਨਾਨਕ ਨਦੀ ਤੋਂ
ਕਿਹਾ: "ਤੂੰ ਹੋਇਉਂ ਅੱਜ, ਜਪੁ ਦਾ ਰੂਪ ਹੀ।
ਅੰਤਮ ਇਦਾ ਸਲੋਕ, ਤੈਂਡਾ ਸਦਾ ਤੋਂ
ਪੜ੍ਹਣ ਗੇ ਲੱਖਾਂ ਲੋਕ, ਮੈਂਡਾ ਜਾਣਕੇ।
ਉਸ ਵਿਚ ਰੱਖੇ ਆਪ, ਅਪਣੇ ਨਕਸ਼ ਮੈਂ
ਮੈਂਡੀ ਸੁਰਤ ਦਾ ਜਾਪ, ਤੈਂ ਵਿਚ ਹੋਵਣਾ।

"ਦਾਨਾ ਪਰਮ ਮੁਰੀਦ, ਮੇਰਾ ਸਦਾ ਤੋਂ
ਹੋਰ ਵੀ ਅਨਕ ਸ਼ਹੀਦ, ਮੇਰੇ ਇਸ਼ਕ ਦੇ
ਤਿਨ੍ਹਾਂ ਦੇ ਓਪਰ ਗੀਤ, ਏਥੇ ਮੁਕਦੇ
ਬਾਝ ਇਸ਼ਕ ਨ ਜੀਤ, ਤਾਂਘਣ ਹੋਰ ਉਹ

ਵਿਚ ਜਿੰਦ ਗੁਰ-ਗੀਤ, ਰਹਿਣਾ ਲੋਚਦੇ,
ਬਣ ਗੁਰ-ਨਜ਼ਰ ਦੇ ਮੀਤ, ਇਸ ਤਕ ਉੱਡਦੇ,
ਪਰ ਤੇਰੇ ਇਹ ਖੰਭ, ਪਲ ਪਲ ਪੰਘਰਕੇ
ਨਵੀਂ ਉਡਾਣ-ਤਰੰਗ, ਮੁੜ ਮੁੜ ਸਿਰਜਦੇ
ਛੱਡਣ ਇਸ਼ਕ ਦੀ ਮੰਗ, ਭੁੱਲਣ ਆਪ ਨੂੰ
ਆ ਮੇਰੇ ਹਰ ਅੰਗ, ਵਿਚ ਸਮਾਂਵਦੇ।"

ਜਦੋਂ ਹਾੜ ਦਾ ਤਾਪ, ਚੜ੍ਹਦਾ ਧਰਤ ਨੂੰ
ਅਮਰ ਤ੍ਰੇਲ ਦਾ ਜਾਪ, ਸੁਣਿਆ ਪੱਤਿਆਂ
ਆਦਿ ਜੁਗਾਦਿ ਨੂੰ ਮਾਪ, ਹੁਕਮ ਜਗਾਂਵਦਾ
ਮਾਨਵ-ਸੁਰਤੀ ਚਾਪ, ਸੁਣਦੀ ਸੱਚ ਦੀ
ਨਾਨਕ ਨੇ ਗੁਰ ਆਪ, ਲਹਿਣਾ ਥਾਪਿਆ
ਆਪ ਹੀ ਅੰਗਦ ਜਾਪ, ਨਾਨਕ ਵਾਲੜਾ। -12-

ਜੋਤੀ ਜੋਤ

ਧਰਤੀ ਨੂੰ ਨਾਨਕ ਦੀ ਅੰਤਮ ਅਸੀਸ

ਜਦੋਂ ਹੋਇ ਦੇਹ ਵਿਚ ਪੂਰਨ
ਨਿਹਚਲ ਹੁਕਮ ਦੇ ਲੇਖੇ
ਨਾਨਕ ਬਹਿ ਦਹਿਲੀਜ਼ ਧਰਤ ਦੀ
ਹੁਸਨ ਧਰਤ ਦਾ ਵੇਖੇ।

ਦਾਤ ਅਰੂਪ ਦਾ ਰੂਪ ਹੋਇਕੇ
ਗੁਰ ਬੈਠੇ ਧਰੁ ਉੱਤੇ
ਦਹਦਿਸ ਅੰਮ੍ਰਿਤ ਧਾਰ ਬਰਸਦੀ
ਵੇਖ! ਧਰਤ ਦੀ ਰੁੱਤੇ।

ਬੋਲ ਬਬੀਹੇ ਕੋਇਲ ਦੇ ਸੁਣਦਾ
ਇਹ ਸੁੱਚਾ ਵਣਜਾਰਾ,
ਨੈਨੀ ਤ੍ਰੇਲ ਵੇਖ ਜਿਉਂ ਵਿਗਸੇ
ਕਾਲ ਵਿਚ ਧ੍ਰਵ ਤਾਰਾ।

ਪਹਿਲਾਂ ਸੁੰਨ ਵਿਰਾਟ ਉਹ ਵੇਖੇ
ਜਿੱਥੇ ਕੋਇ ਨ ਬੇਲੀ
ਕੰਠ ਨਾਲ ਲਹਿਰ ਫਿਰ ਲਾਵੇ
ਜੋ ਹਰ ਤਬਕ 'ਚ ਖੇਲੀ।

ਗੂੰਜ ਭੰਵਰ ਦੀ ਕੰਨੀ ਪੈਂਦੀ
ਵਿਚ ਘਾਇਲ ਦਿਲ-ਗਾਰਾਂ,
ਗੁਰੂ ਸਹਿਜ ਦੀ ਗੰਧ ਮਉਲਦੀ
ਨਾਲ ਸਹਸ ਰੰਗ-ਡਾਰਾਂ।

ਪਿਰ ਦੀ ਚਾਪ ਸੁਣੇ ਵਿਚ ਧਰਤੀ
ਵਿਗਸਣ ਬ੍ਰਿਹਣ ਬਾਰਾਂ,
ਮਹਾਂ ਦਾਤ ਦੇ ਨੈਣ ਦੇਂਵਦੇ
ਕੋਇਲ ਕੂਕ ਨੂੰ ਸਾਰਾਂ।

ਸਹਿਜ ਇਕਾਂਤ 'ਚ ਨਾਨਕ ਬੋਲੇ:
"ਸੁਣ! ਧਰਤੀਏ ਭੈਣੇ;
ਤੈਂ ਵੈਰਾਗ, ਬਿਨੈਂ ਤੇ ਹਾਵੇ
ਦਿਲ ਬਖ਼ਸ਼ਿਸ਼ ਦੇ ਰਹਿਣੇ।

"ਡੰਗ ਨਾਗ, ਕੱਕਰ, ਤ੍ਰਿਣ ਸੁੱਕੇ,
ਭੱਠ ਥਲਾਂ ਦਾ ਜੀਣਾ,
ਤੈਂ ਘਰ ਦੀਪ ਸਹਿਜ ਦਾ ਬਾਲਾਂ
ਜੇ ਬ੍ਰਿਹਾ ਤੂੰ ਪੀਣਾ।

"ਗਗਨ-ਹਾਕ ਤੁਲ ਮੰਨਾਂ, ਜਦ ਵੀ
'ਟੀਡੂ ਲਵੇ ਮੈਂਝਿ ਬਾਰੇ'
ਸੰਤ ਆਉਣਗੇ ਉਸ ਦਰ ਜੋ ਤੂੰ
ਨਾਲ ਉਡੀਕ ਸ਼ਿੰਗਾਰੇ।

"ਤੈਂ ਅਵਗੁਣ, ਹਰ ਪੀੜ ਦੁਹੇਲੀ,
ਮੈਂ ਸੀਸ 'ਤੇ ਚੁੱਕਾਂ;
ਪਿਰ ਬਾਝੋਂ ਜੋ ਵੇਸ ਕਰੇਂ ਤੂੰ
ਜਰਾਂ ਵਾਂਗ ਮੈਂ ਰੁੱਖਾਂ।

"ਜੇ ਤੂੰ ਸਰਸੋਂ ਤੋਂ ਵਲ ਆਵਾਂ,
ਹੋ ਪੁਨੀਤ ਮੈਂ ਜੀਵਾਂ।
ਮੈਂ ਸਦਕੇ! ਵਲ ਗਗਨ ਉਠਾਵਾ
ਰੂਪ ਤੇਰਾ ਹਰ ਨੀਵਾਂ।

"ਮੈਂ ਮੁਲਤਾਨੋਂ ਕੁਝ ਦਿਨ ਹੋਏ
ਹੌਕਾ ਪੀਰ ਦਾ ਸੁਣਿਆਂ,
ਮੈਂ ਸੰਗ ਵਿਚ ਦਰਗਾਹ ਜਾਣ ਲਈ
ਸੀ ਦਾਮਨ ਉਸ ਉਣਿਆਂ।

"ਮੈਂ ਉਸ ਲੋਕ ਬਹਾਉਦੀਨ ਲਈ
ਕੋ ਸ਼ਬਨਮ ਥਰਕਾਵਾਂ,
ਮੌਤ ਦੇ ਬਾਂਝ ਜਬਲ 'ਤੇ ਚੜ੍ਹਕੇ
ਵੀਰਾਨੀ ਰੁਸ਼ਨਾਵਾਂ।

"ਮੈਂ ਅਦਿੱਖ ਗਰੰਥ ਧਰਤੀਏ!
ਤੈਂ ਪਾਵਨ ਦਿੱਖ ਉਹਲੇ।
ਬਹਿ ਖਡੂਰ ਵਿਚ ਜ਼ਾਹਰਾ ਅੰਗਦ
ਨਾਲ ਤਿਰੇ ਹੁਣ ਬੋਲੇ।

"ਹਾਂ! ਅਦ੍ਰਿਸ਼ਟ ਗਰੰਥ ਇਲਾਹੀ
ਅੰਗਦ-ਸੀਸ ਟਿਕਾਵਾਂ
ਤਿਰੇ ਰਹੱਸ 'ਚ ਉਤਰੇ ਲੈ ਜੋ
ਆਦਿ ਅਨੀਲ ਰੇਖਾਵਾਂ।

"ਸੀਸ ਮਿਰਾ ਵਿਚ ਦਾਤ-ਮੰਡਲਾਂ
ਤੈਂ ਦਲੀਜ ਇਹ ਜ਼ਾਹਰਾ।
ਨਾਲ ਤਿਰੇ ਅੰਗਦ 'ਤੇ ਸੁੱਟੇ
ਮਿਹਰਬਾਨ ਲਿਸ਼ਕਾਰਾ।"

ਅੰਤਮ ਦਿਵਸ

ਪੰਨੀ, ਕਾਹੀ ਤੇ ਸਲਵਾੜਾਂ
ਮੱਲੇ ਰਾਵੀ-ਬੇਲੇ
ਨੰਨ੍ਹੀ ਸੁਬਕ ਪੌਣ ਦਰਿਆ ਦੀ
ਨਾਲ ਬੁੰਬਲਾਂ ਖੇਲ੍ਹੇ।

ਪੌਣ ਅਸੀਸ ਨਾਲ ਮਹਿਕਾਵੇ
ਧਰਤੀ ਦੇ ਹਰ ਸਾਹ ਨੂੰ,
ਵਗ ਮਨਮੋਹਨੇ ਭੈਅ 'ਚ ਵੇਖੇ
ਦੂਰ ਦੁਰਾਡੇ ਰਾਹ ਨੂੰ।

ਹੋਏ ਦੁਪਹਿਰ, ਸੰਝ, ਫਿਰ ਨੇਰ੍ਹਾ
ਨਾਦ ਸੁਣੇ ਦਰਿਆ ਦਾ।
ਕੌਣ ਮੁਸਾਫ਼ਰ! ਮਨ ਪਰਦੇਸੀ
ਤਕਦਾ ਅੱਸੂ ਮਾਹ ਦਾ।

ਗ਼ੈਬੀ ਦਾਤ ਦੀ ਜੋਤ ਚਮਕਦੀ
ਦੂਰ ਅੰਬਰਾਂ ਉੱਤੇ।
ਜਿਤ ਵਲ ਸੈਨਤ ਕਰੇ, ਜਾਗਦੇ
ਧਰਤ-ਜੁਗਾਂ ਵਿਚ ਸੁੱਤੇ।

ਵਿਚ ਖਡੂਰ ਜਾਗਕੇ ਅੰਗਦ
ਜਦ ਤੱਕਣ ਅਧਰੈਣੀ
ਨਾਨਕ-ਲਿਵ ਦੇ ਨਕਸ਼ ਝਲਕਦੇ
ਕੋਟ ਤਾਰਿਆਂ ਨੈਣੀਂ।

ਹੇਠ ਸ਼ਰੀਂਹ ਦੇ ਨਾਨਕ ਸੁੱਤੇ
ਤਲੇ ਗਗਨ-ਫੁਲਕਾਰੀ
ਸੱਜੇ ਖੱਬੇ ਫੁੱਲ ਵਾਰਦੀ
ਹੈ ਸੰਗਤ ਬਲਿਹਾਰੀ।

ਹਿੰਦੂ, ਮੁਸਲਮਾਨ ਸਭ ਕੌਮਾਂ
ਫੁੱਲ ਚੋਣ ਵਿਚ ਆਸਾਂ :
"ਛੋਹ ਬਨਵਾਰੀ ਦੀ ਲੈ ਕਿਸਦੇ
ਖਿੜਸਨ ਨਾਲ ਹੁਲਾਸਾਂ ?"

ਅੱਸੂ ਵਦੀ ਦਸਮ ਨੂੰ ਨਾਨਕ
ਬੱਸ ਵਰਦਾਨ ਹੋ ਥੀਵੇ।
ਸੱਤਰ ਵਰ੍ਹੇ ਮਾਹ ਕੁਝ ਲੰਘੇ
ਦਿਲ ਪਰਦੇਸ 'ਚ ਜੀਵੇ।

ਨਾਨਕ ਦਾ ਹਰ ਨਕਸ਼ ਮਨੋਹਰ
ਮਹਾਂ ਦਾਤ ਵਿਚ ਗਮਕੇ,
ਧਰਤ ਗਗਨ ਨੂੰ ਵਲ ਕੇ ਆਖਿਰ
ਸਿਰ ਅਰੂਪ ਦੇ ਚਮਕੇ।

ਸੁਰਤ ਮਹੀਨ ਪ੍ਰੋਵੇ ਉਸਦੀ
ਰਵੀ ਚੰਨ ਦੇ ਮਣਕੇ।
ਚਾਪ ਉਹਦੀ ਪਰਲੋਕ ਦੇ ਖੇੜੇ
ਰਮ ਰਮ ਕੇ ਫਿਰ ਛਣਕੇ।


ਹੁਕਮ ਦੀ ਦੂਰ ਨਦੀ ਵਿਚ ਤਰਦੇ
ਨਕਸ਼ ਧਰਤ ਦੇ ਨੂਰੀ
ਬਹਿ ਮੂਕ ਅਰਦਾਸ ਦੀ ਬੇੜੀ
ਪਾਰ ਕਰੀ ਹਰ ਦੂਰੀ।

ਮਾਤਾ, ਸਿਰੀ ਚੰਦ ਤੇ ਬੁੱਢਾ
ਚਾਦਰ ਚੁੱਕ ਨ ਸੱਕਣ।
ਕਿੱਥ ਇਲਾਹੀ ਨਦਰ ਦੇ ਪੈਂਡੇ
ਇਕ ਛਿਣ ਵਿਚ ਉਹ ਤੱਕਣ।

ਹੋਠ ਸ਼ਰੀਂਹ ਦੇ ਅੰਮ੍ਰਿਤ ਵੇਲੇ
ਫੁੱਲ ਨਿਹਾਲੇ ਸੰਗਤ।
ਚਾਦਰ ਉੱਤੇ ਸੀਸ ਨਿਵਾਏ
ਆ ਖਡੂਰ ਤੋਂ ਅੰਗਦ।

ਫੁੱਲ ਖਿੜਣ, ਪਰ ਚਾਦਰ ਥੱਲੇ
ਦਿਸੇ ਨ ਜਮ-ਬਰਬਾਦੀ।
ਕਿਸਦਾ ਨਾਨਕ ? ਕਿਸਦਾ ਨਹੀਉਂ ?
ਹਰ ਸੁਆਲ ਵਿਸਮਾਦੀ!

(ਇਤਿ ਮਹਾਂ ਕਾਵਿ)



ISBN 81-7205-233-2
9 788172 052331